*ਸਾਹਿਤ, ਕਲਾ ਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ*

*SHABAD is an International Quarterly of Literature, Art and Culture*

# ਸ਼ਬਦ

**ਸਾਲ : 24** **ਅੰਕ ਨੰ. : 94-95** **ਅਪ੍ਰੈਲ-ਸਤੰਬਰ, 2021**

Website : www.shabaduk.co.uk



***ਮੁੱਖ ਸੰਪਾਦਕ***

**ਹਰਜੀਤ ਅਟਵਾਲ**

67, Hillside Road, Southall, Middlesex , England. UB1 2PE

Ph. : 020-85780393 Mobile : 07782-265726

e mail: harjeetatwal@yahoo.co.uk, harjeetatwal@hotmail.co.uk

***ਸੰਪਾਦਕ***

**ਜਿੰਦਰ**

984, Rajput Nagar, Near Surinder Welding Works,

Model House, Jalandhar-144003

Mobile : 98148 03254

Email : jinder340@gmail.com

***ਉਪ ਸੰਪਾਦਕ***

**ਹਰਮਹਿੰਦਰ ਚਹਿਲ**

7305, Sterling Grove Dr., Springfield VA 22150 U.S.A.

Ph. 001-703-362-3239

Email : Chahals57@Yahoo.com

**ਰਵੀ ਸ਼ੇਰਗਿੱਲ**

9024 Wharton Way Eik Grove CA 95624 U.S.A.

Ph. 001-916-753-2868

Email : drgilldvm@Yahoo.com



ਇੰਡੀਆ ਵਿੱਚ 'ਸ਼ਬਦ' ਲਈ ਸਹਿਯੋਗ ਰਾਸ਼ੀ ਬੈਂਕ ਵਿੱਚ Saiffi ਦੇ ਨਾਂ ਭੇਜੀ ਜਾਵੇ।

Saiffi, Bank Of India, Account No 640410100003680, IFSC No BKID0006404. Branch Satluj Markeet , Jalandhar

**ਵਿਸ਼ੇਸ਼ ਨੋਟ :** ਚੈੱਕ, ਬੈਂਕ ਡਰਾਫਟ 'ਤੇ ਕੇਵਲ Saiffi ਲਿਖਿਆ ਹੋਣਾ ਚਾਹੀਦਾ ਹੈ।

***ਚੰਦਾ :*** 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,

***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ



ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕੋਈ ਵੀ ਕਾਨੂੰਨੀ ਕਾਰਵਾਈ ਲੰਦਨ ਦੀ ਅਦਾਲਤ 'ਚ ਹੋਵੇਗੀ।


## ਮੇਰਾ ਪੰਨਾ

'ਸ਼ਬਦ' ਦੇ ਵਿਸ਼ੇਸ਼ ਅੰਕ ਕੱਢਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਕਈ ਵਾਰ ਪੂਰੇ ਸਾਲ ਦੇ 'ਸ਼ਬਦ' ਦੇ ਨਿਯਮਬੱਧ ਅੰਕਾਂ ਦੀ ਰੂਪ-ਰੇਖਾ ਤੈਅ ਹੋ ਚੁੱਕੀ ਹੁੰਦੀ ਹੈ, ਅਜਿਹੀ ਸਥਿਤੀ ਵੇਲੇ ਸ਼ਬਦ ਦਾ ਸਪਲੀਮੈਂਟ ਵੀ ਛਾਪ ਲਿਆ ਜਾਂਦਾ ਹੈ। ਇਹੀ ਕਾਰਨ ਰਿਹਾ ਹੈ ਕਿ ਪਿਛਲੇ ਸਾਲ ਵਿੱਚ ਸ਼ਬਦ ਦੇ ਕਈ ਸਪਲੀਮੈਂਟ ਆਏ ਹਨ। ਇਵੇਂ ਹੀ ਵਿਸ਼ੇਸ਼ ਅੰਕਾਂ ਦੀ ਲੜੀ ਵਿੱਚ ਅਸੀਂ ਕਾਫੀ ਦੇਰ ਤੋਂ ਸ਼ਬਦ ਦਾ ਵੱਡ-ਅਕਾਰੀ ਕਹਾਣੀ ਵਿਸ਼ੇਸ਼ ਅੰਕ ਉਲੀਕਿਆ ਹੋਇਆ ਸੀ ਜਿਸ ਵਿੱਚ ਪਿਛਲੇ ਵੀਹ ਸਾਲ ਦੀਆਂ ਪ੍ਰਤੀਨਿੱਧ ਕਹਾਣੀਆਂ ਤੇ ਉਹਨਾਂ ਕਹਾਣੀਆਂ ਉਪਰ ਵਿਸਤ੍ਰਿਤ ਆਲੋਚਨਾਤਮਕ ਪਰਚੇ ਹੋਣੇ ਸਨ। ਇਸ ਅੰਕ ਨੂੰ ਤਿਆਰ ਕਰਨ ਦੀ ਜ਼ਿੰਮੇਵਾਰੀ ਨੌਜਵਾਨ ਆਲੋਚਕ ਜੇ.ਬੀ. ਸੇਖੋਂ ਨੂੰ ਸੌਂਪੀ ਗਈ ਸੀ ਪਰ ਜੇ.ਬੀ. ਸੇਖੋਂ ਦੇ ਰੁਝੇਵੇਂ ਅਜਿਹੇ ਸਨ ਕਿ ਇਹ ਵਿਸ਼ੇਸ਼ ਅੰਕ ਮਿਥੇ ਸਮੇਂ ਤੋਂ ਖੁੰਝ ਰਿਹਾ ਸੀ। ਸਾਡੇ ਕੋਲ ਸਿਰਫ ਪੰਜ ਕਹਾਣੀਆਂ 'ਤੇ ਪਰਚੇ ਹੀ ਪੁੱਜ ਸਕੇ ਸਨ। ਇਸ ਲਈ ਅਸੀਂ ਇਸ ਵਿਸ਼ੇਸ਼ ਅੰਕ ਦਾ ਖਾਕਾ ਕੁਝ ਬਦਲ ਕੇ ਇਸ ਨੂੰ ਕਹਾਣੀ ਵਿਸ਼ੇਸ਼ ਅੰਕ ਬਣਾ ਲਿਆ ਹੈ। ਇਸ ਵਿੱਚ ਅਸੀਂ ਸਾਨੂੰ ਪ੍ਰਾਪਤ ਹੋ ਸਕੇ ਪੇਪਰ ਛਾਪ ਰਹੇ ਹਾਂ। ਹੋਰ ਪਰਚੇ ਹਾਸਲ ਹੋਣ 'ਤੇ ਕੋਈ ਹੋਰ ਅੰਕ ਉਲੀਕ ਲਵਾਂਗੇ।

ਜਸਪਾਲ ਮਾਨਖੇੜਾ ਤੇ ਉਸ ਦੇ ਸਾਥੀ ਹਰ ਸਾਲ ਕੇਸਰ ਸਿੰਘ ਵਾਲਾ ਵਿਖੇ ਕਹਾਣੀ ਗੋਸ਼ਟੀ ਕਰਵਾਉਂਦੇ ਹਨ ਜੋ ਕਿ ਬਹੁਤ ਸਿਹਤਵੰਦ ਰੁਝਾਨ ਹੈ। ਅੱਜ ਦੀ ਕਹਾਣੀ ਦੀ ਤਰੱਕੀ ਲਈ ਇਹ ਬਹੁਤ ਸਹਾਈ ਸਾਬਤ ਹੁੰਦਾ ਹੈ। ਇਸ ਸਾਲ ਵੀ ਉਹਨਾਂ ਵਲੋਂ ਕਹਾਣੀ ਗੋਸ਼ਟੀ ਕਰਵਾਈ ਗਈ ਹੈ ਜਿਸ ਵਿੱਚ ਪੰਜ ਕਹਾਣੀਆਂ ਪੜ੍ਹੀਆਂ ਗਈਆਂ ਅਤੇ ਉਹਨਾਂ ਉਪਰ ਭਰਪੂਰ ਬਹਿਸ ਹੋਈ। ਇਸ ਗੋਸ਼ਟੀ ਵਿੱਚ ਸ਼ਾਮਲ ਪੰਜ ਕਹਾਣੀਆਂ ਨੂੰ ਅਸੀਂ ਇਸ ਅੰਕ ਵਿੱਚ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਉਮੀਦ ਹੈ ਪਾਠਕਾਂ ਨੂੰ ਵੀ ਇਹ ਕਹਾਣੀਆਂ ਪਸੰਦ ਆਉਣਗੀਆਂ।

ਸਾਡਾ ਫਿਕਰ ਪਹਿਲਾਂ ਵਾਂਗ ਹੀ ਬੇਕਰਾਰ ਹੈ ਕਿ ਪੰਜਾਬੀ ਸਾਹਿਤ ਵਿੱਚ ਆਲੋਚਨਾ ਦੀ ਬਹੁਤ ਘਾਟ ਹੈ। ਜੋਗਿੰਦਰ ਸਿੰਘ ਰਾਹੀ ਵਰਗੇ ਆਲੋਚਕ ਰਹੇ ਨਹੀਂ ਤੇ ਨਵੇਂ ਨਾਲ ਜੁੜ ਨਹੀਂ ਰਹੇ। ਜਿਹੜੇ ਆਲੋਚਕ ਥੋੜ੍ਹੀ ਬਹੁਤ ਆਲੋਚਨਾ ਕਰ ਵੀ ਰਹੇ ਹਨ ਉਹ ਬਹੁਤ ਹੀ ਚਲਾਵੀਂ ਜਿਹੀ ਹੈ। ਉਹ ਮਿਹਨਤ ਤੋਂ ਭੱਜਦੇ ਹਨ। ਕੁਝ ਕੁ ਆਲੋਚਨਾ ਗਰੁੱਪਬਾਜ਼ੀ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ। ਇਸ ਖੇਤਰ ਵਿੱਚ ਅੱਜ ਇਕ ਵੀ ਅਜਿਹਾ ਨਾਂ ਨਹੀਂ ਹੈ ਜਿਸ ਦੀ ਸਿਫਾਰਸ਼ 'ਤੇ ਕੋਈ ਕਿਤਾਬ ਪੜ੍ਹੀ ਜਾ ਸਕੇ, ਜਾਂ ਉਸ ਦੀ ਰਾਏ 'ਤੇ ਨਿਰਭਰ ਹੋਇਆ ਜਾ ਸਕੇ। ਆਲੋਚਨਾ ਬੀਤੇ ਦੀ ਗੱਲ ਹੋ ਗਈ ਹੈ। ਇਹ ਬਹੁਤ ਫਿਕਰ ਵਾਲੀ ਗੱਲ ਹੈ।

**-ਹਰਜੀਤ ਅਟਵਾਲ**

# ਚੌਥੇ ਪੜਾਅ ਦੀ ਪੰਜਾਬੀ ਕਹਾਣੀ ਦੇ ਵਿਸ਼ੇਸ਼ ਰਚਨਾ-ਪਾਸਾਰ (ਪਿੱਛਲੇ 20 ਸਾਲਾਂ ਦੀਆਂ ਚੋਣਵੀਆਂ ਕਹਾਣੀਆਂ ਦੇ ਪ੍ਰਸੰਗ ਵਿੱਚ)

-ਜੇ.ਬੀ. ਸੇਖੋਂ

ਬਿਰਤਾਂਤ ਮਨੁੱਖੀ ਸੁਭਾਅ ਦੀ ਆਦਿ ਫਿਤਰਤ ਹੈ। ਇਹ ਮਨੁੱਖੀ ਵਿਕਾਸ ਦੇ ਭਿੰਨ-ਭਿੰਨ ਪੜਾਵਾਂ 'ਤੇ ਆਪਣੀ ਕੱਥ ਅਤੇ ਵੱਥ ਤਬਦੀਲ ਕਰਦਾ ਰਿਹਾ ਹੈ। ਮਨੁੱਖ ਸਮਾਜਕ ਜੀਵ ਹੋਣ ਦੇ ਨਾਲ ਨਾਲ ਬਿਰਤਾਂਤਕ ਜੀਵ ਵੀ ਹੈ ਜਿਸਦਾ ਅਨੁਭਵ ਬਿਰਤਾਂਤ ਦੇ ਮਾਧਿਅਮ ਦੁਆਰਾ ਹੀ ਪੀੜ੍ਹੀ ਦਰ ਪੀੜ੍ਹੀ ਪੇਸ਼ ਹੁੰਦਾ ਰਿਹਾ ਹੈ। ਪੰਜਾਬ ਆਦਿ ਮਾਨਵ ਦਾ ਘਰ ਰਿਹਾ ਹੈ ਜਿੱਥੋਂ ਦੇ ਸਮੂਹਿਕ ਅਵਚੇਤਨ ਦਾ ਬਿਰਤਾਂਤ ਅਟੁੱਟ ਹਿੱਸਾ ਹੈ। ਪੁਰਾਤਨ, ਮੱਧਕਾਲ ਅਤੇ ਆਧੁਨਿਕ ਦੌਰ ਦੇ ਵੱਖੋ ਵੱਖਰੇ ਸਮਾਜਿਕ ਪਰਿਵੇਸ਼ ਵਿੱਚ ਬਿਰਤਾਂਤ ਦੀ ਵਸਤ ਤੇ ਵੰਨਗੀ ਬਦਲਦੀ ਰਹੀ ਹੈ।

ਆਧੁਨਿਕ ਦੌਰ ਉਦਯੋਗਿਕ ਵਿਕਾਸ ਅਤੇ ਲੋਕਤੰਤਰਿਕ ਚੇਤਨਾ ਦਾ ਦੌਰ ਰਿਹਾ ਹੈ ਜਿੱਥੇ ਸ਼ੁੱਧ ਸਾਹਿਤ ਭੇਦਾਂ ਵਿੱਚ ਕਹਾਣੀ ਦਾ ਆਪਣਾ ਸੁਤੰਤਰ ਵਿਧਾਗਤ ਪਰਿਪੇਖ ਰਿਹਾ ਹੈ। ਕਹਾਣੀ ਆਧੁਨਿਕ ਜੀਵਨ ਪ੍ਰਸੰਗਾਂ ਨੂੰ ਪ੍ਰਗਟਾਉਣ ਵਾਲੀ ਸਟੀਕ ਬਿਰਤਾਂਤਕ ਵਿਧਾ ਹੈ। ਪੰਜਾਬ ਦੇ ਪ੍ਰਸੰਗ ਵਿੱਚ ਕਹਾਣੀ ਦਾ ਰੂਪਕ ਭੇਦ ਬੇਸ਼ੱਕ ਬਸਤੀਵਾਦੀ ਸੰਸਕ੍ਰਿਤੀ ਦੇ ਪ੍ਰਭਾਵ ਹੇਠਾਂ ਉਤਪੰਨ ਹੋਇਆ ਹੈ ਪਰ ਕਹਾਣੀ ਦਾ ਬਿਰਤਾਂਤਕ ਰੰਗ ਤੇ ਰਸ ਪੰਜਾਬ ਦੇ ਚੇਤਨ ਅਵਚੇਤਨ ਵਿੱਚ ਵਿਦਯਮਾਨ ਰਿਹਾ ਹੈ। ਆਧੁਨਿਕ ਪੰਜਾਬੀ ਕਹਾਣੀ ਵਰਤਮਾਨ ਤੱਕ ਚਾਰ ਮੁੱਖ ਪੜਾਵਾਂ ਵਿੱਚੋਂ ਲੰਘ ਚੁੱਕੀ ਹੈ। ਇਹ ਪੜਾਅ ਮਹਿਜ਼ ਪ੍ਰਵਿਰਤੀ ਮੂਲਕ ਕਥਾ ਵਿਸ਼ੇਸ਼ਤਾਵਾਂ ਦੇ ਲਖਾਇਕ ਨਹੀਂ ਸਗੋਂ ਇਨ੍ਹਾਂ ਵਿੱਚੋਂ ਪੰਜਾਬੀ ਸਮਾਜ ਦੀ ਬਦਲਦੀ ਤੋਰ ਰੂਪਮਾਨ ਹੁੰਦੀ ਹੈ। ਇੰਝ ਪੰਜਾਬੀ ਕਹਾਣੀ ਇਕ ਸਦੀ ਦੀ ਸਮਾਜਿਕ-ਸਭਿਆਚਾਰਕ ਤਵਾਰੀਖ ਦਾ ਦਸਤਾਵੇਜ਼ ਬਣਨ ਦੇ ਸਮਰੱਥ ਰੂਪਾਕਾਰ ਹੈ। ਇਸ ਤੋਂ ਇਲਾਵਾ ਕਹਾਣੀ ਦੀ ਵਸਤ ਤੇ ਰੂਪ-ਵਿਧਾ ਦਾ ਤਣਾਅ ਵੀ ਇਸਦੀ ਗਤੀਸ਼ੀਲਤਾ ਦਾ ਪ੍ਰਮਾਣ ਬਣਿਆ ਹੈ।

" ਪੰਜਾਬੀ ਕਹਾਣੀ ਦਾ ਸਫ਼ਰ, ਜਿਵੇਂ ਕਿ ਅਸੀਂ ਪਹਿਲਾਂ ਵੀ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ, ਇਕ ਤਰ੍ਹਾਂ ਪੰਜਾਬੀ ਕਹਾਣੀ ਦੇ ਇਤਿਹਾਸ ਨਾਲ ਸੰਬੰਧਿਤ ਹੈ। ਇਤਿਹਾਸ ਵਿਚ ਇਹ ਵੇਖਣਾ ਹੈ ਕਿ ਕੋਈ ਵੀ ਰਚਨਾ ਜੋ ਰਚੀ ਗਈ, ਉਹ ਕੀ ਸੀ ਜਾਂ ਕੀ ਸੀ ਤੋਂ ਭਾਵ ਉਸ ਦੇ ਨਾਂ ਤੋਂ ਵੀ ਹੈ, ਰੂਪ ਵਿਧਾ ਅਤੇ ਵਿਚਾਰ-ਵਸਤੂ ਤੋਂ ਵੀ।"[1]

ਬਸਤੀਵਾਦੀ ਗੁਲਾਮੀ ਦੇ ਦੌਰ ਵਿੱਚ ਮੁੱਢਲੀ ਪੰਜਾਬੀ ਕਹਾਣੀ ਮੰਤਵ ਪ੍ਰਧਾਨ ਬਿਰਤਾਂਤ ਉਸਾਰਦੀ ਹੈ ਜਿਸ ਵਿੱਚ ਜਗੀਰਦਾਰੀ ਜੀਵਨ ਮੁੱਲਾਂ ਦਾ ਨਿਖੇਧ ਜਾਣੀਆਂ ਪਛਾਣੀਆਂ ਸਮੱਸਿਆਵਾਂ ਦੇ ਪ੍ਰਸੰਗ ਵਿੱਚ ਪੇਸ਼ ਹੋਇਆ। ਇਸ ਕਹਾਣੀ ਵਿੱਚ ਤੇਜ਼ ਘਟਨਾਵੀਂ ਗਤੀ, ਪਾਤਰਾਂ ਦੀ ਸਪਾਟ ਵੰਡ, ਸੰਬੋਧਨੀ ਸੁਰ ਅਤੇ ਉਦੇਸ਼ ਭਾਵੀ ਅੰਤ ਪ੍ਰਧਾਨ ਰਹੇ। ਅਗਲੇ ਪੜਾਅ ਦੀ ਪੰਜਾਬੀ ਕਹਾਣੀ ਨੇ ਸਮਾਜਿਕ ਪ੍ਰਬੰਧ ਨੂੰ ਬਿਰਤਾਂਤ ਦੇ ਕੇਂਦਰ ਵਿੱਚ ਰੱਖਿਆ। ਇਸ ਨਾਲ ਮਨੁੱਖ ਦੀ ਹੋਣੀ ਦੇ ਸੰਕਟ ਸਮਾਜਿਕ ਆਰਥਿਕ ਵਿਤਕਰੇ ਦੇ ਪ੍ਰਸੰਗ ਵਿੱਚ ਉਭਾਰੇ ਗਏ। ਪ੍ਰਗਤੀਵਾਦੀ ਰੁਝਾਨਾਂ ਨੂੰ ਸਪਲੀਮੈਂਟ ਕਰਨ ਵਾਲੀ ਇਸ ਕਹਾਣੀ ਨੇ ਪੰਜਾਬੀ ਕਹਾਣੀ ਦਾ ਸਟੀਕ ਵਿਧਾਗਤ ਸਰੂਪ ਸੈੱਟ ਕੀਤਾ। ਕਹਾਣੀ ਦਾ ਤੀਜਾ ਪੜਾਅ ਤਰਦੀ ਤਰਦੀ ਵਿਚਾਰਧਾਰਾ ਦੀ ਥਾਂ



ਕਹਾਣੀ ਦੀ ਡੂੰਘ ਸਤ੍ਹਾ ਵਿੱਚ ਪਈ ਕਥਾ ਦ੍ਰਿਸ਼ਟੀ ਵਾਲਾ ਰਿਹਾ। ਸ਼ਹਿਰੀ ਜੀਵਨ, ਪਰਵਾਸ, ਕਿਸਾਨੀ ਸੰਕਟ, ਨਾਰੀ ਜੀਵਨ ਸਮੇਤ ਹੋਰ ਅਨੁਭਵੀ ਪਾਸਾਰ ਮਨੋਵਿਗਿਆਨਕ ਜੁਗਤਾਂ ਨਾਲ ਪ੍ਰਕਾਸ਼ਮਾਨ ਹੋਏ। ਕਹਾਣੀ ਦਾ ਚੌਥਾ ਦੌਰ ਵਿਸ਼ਵੀਕਰਨ ਦਾ ਕਾਊਂਟਰ ਪ੍ਰਵਚਨ ਉਸਾਰਨ ਵਾਲਾ ਰਿਹਾ ਹੈ। ਚੌਥੇ ਪੜਾਅ ਦੀ ਇਸ ਕਹਾਣੀ ਦੀਆਂ ਕਈ ਸ਼ੇਡਜ਼ ਹਨ। ਇਹ ਦੌਰ ਸਮਾਜਵਾਦੀ ਬਲਾਕ ਦੇ ਢਹਿ ਢੇਰੀ ਹੋਣ, ਸੂਚਨਾ ਸੰਚਾਰ ਸਾਧਨਾਂ ਦੇ ਪ੍ਰਭਾਵ, ਵਿਸ਼ਵੀਕਰਨ-ਉਦਾਰੀਕਰਨ-ਨਿੱਜੀਕਰਨ ਦੀਆਂ ਨੀਤੀਆਂ ਦੇ ਯੋਜਨਾਬੰਦ ਵਹਿਣ ਵਿੱਚੋਂ ਪਨਪਦਾ ਹੈ। ਇਸ ਨਾਲ ਪੰਜਾਬੀ ਸਮਾਜ-ਸਭਿਆਚਾਰ ਵਿੱਚ ਅਨੇਕਾਂ ਤਬਦੀਲੀਆਂ ਵਾਪਰਦੀਆਂ ਹਨ ਜਿਹੜੀਆਂ ਕਹਾਣੀ ਵਿੱਚ ਜਟਿਲ ਕਥਾ ਜੁਗਤਾਂ ਨਾਲ ਪ੍ਰਤੀਬਿੰਬਤ ਹੁੰਦੀਆਂ ਹਨ। ਇਸ ਪੜਾਅ ਦੀ ਕਹਾਣੀ ਦੀਆਂ ਕਈ ਮੌਲਿਕ ਵਿਸ਼ੇਸ਼ਤਾਵਾਂ ਹਨ। ਇਸ ਦੌਰ ਵਿੱਚ ਅਨੇਕਾਂ ਨੌਜਵਾਨ ਕਥਾਕਾਰ ਇਕਿਹਰੇ ਤੇ ਜਾਣੇ ਪਛਾਣੇ ਅਨੁਭਵ ਵਾਲੀ ਬਿਰਤਾਂਤ ਸਿਰਜਣਾ ਤੋਂ ਵਿੱਥ ਥਾਪਦੇ ਹਨ। ਇਸਦੀ ਥਾਂ ਬਹੁਪਾਸਾਰੀ ਰਚਨਾ ਅਨੁਭਵ ਅਤੇ ਸਮਾਜ ਦੇ ਵਿਭਿੰਨ ਵਰਗਾਂ ਦੇ ਮੌਲਿਕ ਪ੍ਰਵਚਨ ਕਹਾਣੀ ਦਾ ਕੇਂਦਰ ਬਣਦੇ ਹਨ। ਇਹ ਕਹਾਣੀ ਅਨੁਭਵੀ ਵਿਭਿੰਨਤਾ ਦੇ ਨਾਲ ਨਾਲ ਆਪਣੇ ਸਮੇਂ ਦੇ ਸਾਪੇਖਕ ਸੱਚ ਨੂੰ ਰੂਪਮਾਨ ਕਰਦੀ ਹੈ। ਇਸ ਪੜਾਅ ਦੀ ਕਹਾਣੀ ਹਰ ਤਰ੍ਹਾਂ ਦੇ ਕੇਂਦਰਵਾਦ ਤੋਂ ਨਾਬਰ ਰਹਿੰਦੀ ਹੈ। ਇਹ ਕੇਂਦਰਵਾਦ ਚਾਹੇ ਪ੍ਰਗਤੀਵਾਦ ਵਾਲੀ ਭਾਰੂ ਸੁਰ ਦਾ ਹੋਵੇ ਜਾਂ ਕਹਾਣੀ ਦੇ ਮੁੱਖ ਪਾਤਰ ਦੀ ਸ਼ਖ਼ਸੀ ਪੂਜਾ ਦਾ ਜਾਂ ਕਹਾਣੀ ਦੀ ਗੋਲਾਈਦਾਰ ਬਣਤਰ ਦਾ ਜਾਂ ਆਦਿ-ਮੱਧ-ਅੰਤ ਦੇ ਨਿਸ਼ਚਿਤ ਤੇ ਪੱਕੇ ਪੀਡੇ ਸ਼ਿਲਪਗਤ ਢਾਂਚੇ ਦਾ। ਇਹ ਸਾਰੇ ਸਿਧਾਂਤਕ ਮਸੌਦੇ ਚੌਥੇ ਪੜਾਅ ਦੀ ਕਹਾਣੀ ਚਲਾ ਕੇ ਮਾਰਦੀ ਹੈ। ਇਸਦੀ ਥਾਂ ਅਨੇਕਾਂ ਵਿਚਾਰ ਪੱਧਤੀਆਂ ਕਹਾਣੀ ਦੀਆਂ ਬਹੁ-ਧੁਨੀਆਂ ਦੇ ਰੂਪ ਵਿੱਚ ਉੱਠਦੀਆਂ ਹਨ। ਦਲਿਤ, ਨਿਮਨ ਕਿਸਾਨੀ, ਨਵ-ਪਰਵਾਸ, ਨਾਰੀ ਚੇਤਨਾ ਸਮੇਤ ਸਮਾਜ ਦੀ ਮੁੱਖ ਧਾਰਾ ਤੋਂ ਜ਼ਬਰੀ ਖਾਰਜ ਕੀਤੀਆਂ ਧਿਰਾਂ/ਵਿਚਾਰਾਂ/ਖਿਆਲਾਂ ਨੂੰ ਇਸ ਪੜਾਅ ਦੀ ਕਹਾਣੀ ਗੁੰਝਲਦਾਰ ਜੁਗਤਾਂ ਦੁਆਰਾ ਪੇਸ਼ ਕਰਦੀ ਹੈ।

ਚੌਥੇ ਪੜਾਅ ਵਜੋਂ ਪਛਾਣੀ ਜਾਂਦੀ ਇਹ ਕਹਾਣੀ 20ਵੀਂ ਸਦੀ ਦੇ ਆਖਰੀ ਦਹਾਕੇ ਤੋਂ ਸ਼ੁਰੂ ਹੁੰਦੀ ਹੈ। ਇਸ ਦੌਰ ਦੇ ਚਕਾਚੌਂਧ ਕਿਸਮ ਦੇ ਬਾਜ਼ਾਰ ਕੇਂਦਰਿਤ ਵਿਕਾਸ ਤੋਂ ਪੈਦਾ ਹੁੰਦੇ ਸੰਤਾਪ ਇਸ ਕਹਾਣੀ ਵਿੱਚ ਰਜਿਸਟਰ ਹੁੰਦੇ ਹਨ। ਪਿਛਲੇ ਕਰੀਬ 25 ਸਾਲਾਂ ਤੋਂ ਕਹਾਣੀ ਦਾ ਇਹ ਚੌਥਾ ਪੜਾਅ ਪਾਠਕਾਂ ਅਤੇ ਆਲੋਚਕਾਂ ਦੀ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਪਰ ਅੱਜ ਦੇ ਸਮੇਂ ਉਕਤ ਪਰੰਪਰਾ ਵਾਲੀ ਕਹਾਣੀ ਇਕ ਖੜੋਤ ਤੇ ਚੁੱਪ ਵਾਲੇ ਦੌਰ ਵਿੱਚੋਂ ਲੰਘ ਰਹੀ ਹੈ। ਇਸ ਕਹਾਣੀ ਨੇ ਮੱਧਵਰਗੀ ਮਨੁੱਖ ਦੇ ਖਪਤਵਾਦੀ ਅਤੇ ਨਾਂਹਮੂਲਕ ਰੁਝਾਨਾਂ ਨੂੰ ਕਈ ਕੋਣਾਂ ਤੋਂ ਪੇਸ਼ ਕੀਤਾ ਸੀ ਪਰ ਪਿਛਲੇ ਕੁਝ ਸਾਲਾਂ ਤੋਂ ਰਚੀ ਜਾ ਰਹੀ ਕਹਾਣੀ ਮੱਧਵਰਗ ਦੇ ਮਾਨਵੀ ਖਾਸੇ ਨੂੰ ਜ਼ਿਆਦਾ ਪ੍ਰਮੁੱਖਤਾ ਦੇ ਰਹੀ ਹੈ। ਇਸ ਤੋਂ ਇਲਾਵਾ ਚੌਥੇ ਪੜਾਅ ਦੇ ਨਾਰੀਵਾਦ, ਦਲਿਤਵਾਦ ਅਤੇ ਕਿਸਾਨੀ ਸਰੋਕਾਰਾਂ ਵਾਲੇ ਨੈਗਟਿਵਟੀ ਪ੍ਰਧਾਨ ਪ੍ਰਵਚਨ ਹੁਣ ਉਸਾਰੂ ਅਤੇ ਸੁਹਜਵੰਤੇ ਜੀਵਨ ਪ੍ਰਸੰਗਾਂ ਵਿੱਚ ਪੇਸ਼ ਹੋ ਰਹੇ ਹਨ। ਜਟਿਲ ਬਿਰਤਾਂਤ, ਉੱਤਮ ਪੁਰਖੀ ਬਿਰਤਾਂਤ ਸ਼ੈਲੀ ਅਤੇ ਟਾਕਰਵੇਂ ਕਥਾ ਪ੍ਰਸੰਗਾਂ ਦੀ ਥਾਂ ਪਾਤਰਾਂ ਦੇ ਵਿਹਾਰਕ ਕਾਰਜ, ਸਹਿਜ ਬਿਰਤਾਂਤਕ ਚਾਲ ਅਤੇ ਸਰਲ ਬਿਰਤਾਂਤਕ ਜੁਗਤਾਂ ਮੌਜੂਦਾ ਕਹਾਣੀ ਦੇ ਪਛਾਣ ਚਿੰਨ੍ਹ ਬਣ ਰਹੇ ਹਨ। ਇਹ ਹਲਕੇ ਹਲਕੇ ਪਛਾਣ ਚਿੰਨ੍ਹ ਕੁਝ ਚੌਥੇ ਪੜਾਅ ਵਾਲੇ ਕਹਾਣੀਕਾਰਾਂ ਅਤੇ ਕੁੱਝ ਬਿਲਕੁੱਲ ਨਵੇਂ ਕਹਾਣੀਕਾਰਾਂ ਦੀਆਂ ਰਚਨਾਵਾਂ ਵਿੱਚ ਰੂਪਮਾਨ ਹੋ ਰਹੇ ਹਨ। ਇਹ ਭਵਿੱਖ ਦੇ ਪੰਜਵੇਂ ਪੜਾਅ ਦੀ ਕਹਾਣੀ ਦੀ

ਬਿੜਕ ਹੋ ਸਕਦੀ ਹੈ। ਇਹ ਦੌਰ ਨਵੀਆਂ ਕਰਵਟਾਂ ਵਾਲਾ ਹੈ ਜਿਸ ਵਿੱਚ ਆਰਥਿਕ ਵਿਸ਼ਵੀਕਰਨ ਅਤੇ ਕਾਰਪੋਰੇਟ ਪੂੰਜੀਵਾਦ ਦਾ ਘਿਣਾਉਣਾ ਰੂਪ ਧਾਰਮਿਕ ਮੂਲਵਾਦ ਵਾਲੀ ਅਖੌਤੀ ਰਾਸ਼ਟਰਵਾਦੀ ਸੱਤਾ ਵਿੱਚ ਤਬਦੀਲ ਹੋ ਰਿਹਾ ਹੈ। ਡਾ. ਬਲਦੇਵ ਸਿੰਘ ਧਾਲੀਵਾਲ ਇਸ ਦੌਰ ਦੇ ਰਚਨਾਵੀਂ ਵਰਤਾਰੇ ਨੂੰ ਕੇਂਦਰਮੁੱਖ ਨਵ-ਰਾਸ਼ਟਰਵਾਦ ਦੇ ਸਮਾਂਨਅੰਤਰ ਧਰਤਮੁੱਖ ਸਭਿਆਚਾਰਕ ਵਿਕਾਸ ਮਾਡਲ ਦੇ ਪ੍ਰਸੰਗ ਵਿੱਚ ਸਮਝਦੇ ਲਿਖਦੇ ਹਨ-

"ਵਿਸ਼ਵੀਕਰਨ ਦਾ ਮਾਨਵੀ ਰੂਪ ਵਾਲਾ ਚਿਹਰਾ, ਕਿ ਇਸ ਨਾਲ ਸੰਸਾਰ ਵਿੱਚ ਸਹਿਭਾਵੀ ਆਦਾਨ-ਪ੍ਰਦਾਨ ਵਧੇਰੇ ਨੰਗਾ ਹੋ ਚੁੱਕਾ ਹੈ। ਅਸਲ ਰੂਪ ਵਿੱਚ ਵਿਸ਼ਵੀਕਰਨ ਸਰਮਾਏਦਾਰ ਪੱਛਮੀ ਮੁਲਕਾਂ ਲਈ ਇਕਪਾਸੜ ਵਿਕਾਸ ਦਾ ਧਾਰਨੀ, ਨਵ-ਬਸਤੀਵਾਦ ਹੀ ਸੀ ਜਿਸਨੇ ਅੰਤ ਨੂੰ ਕੇਂਦਰਮੁੱਖ ਨਵ ਰਾਸ਼ਟਰਵਾਦ ਦੀ ਵਿਸ਼ਵ-ਦ੍ਰਿਸ਼ਟੀ ਨੂੰ ਹੀ ਉਭਾਰਨਾ ਸੀ। ਉਹੀ ਵਾਪਰਿਆ ਜਿਸ ਦਾ ਡਰ ਸੀ, ਪਰ ਹੁਣ ਇਸ ਸੱਜੇ ਪੱਖੀ ਵਿੰਗ ਦੇ ਪਾਪੂਲਿਸਟ ਅਤੇ ਉਤਸ਼ਾਹੀ ਆਰਥਕ ਰਾਸ਼ਟਰਵਾਦ ਦੇ ਵਿਰੁੱਧ ਉੱਤਰ-ਬਸਤੀਵਾਦੀ ਜਾਂ ਧਰਤਮੁੱਖ ਤੇ ਬਹੁਵੰਨੇ ਸਭਿਆਚਾਰਕ ਵਿਕਾਸ ਦਾ ਲੋਕ-ਪੱਖੀ ਮਾਡਲ ਵੀ ਤੇਜ਼ੀ ਨਾਲ ਉੱਭਰ ਰਿਹਾ ਪ੍ਰਤੱਖ ਨਜ਼ਰ ਆਉਂਦਾ ਹੈ। ਇਨ੍ਹਾਂ ਦੋਹਾਂ ਵਿਸ਼ਵ ਦ੍ਰਿਸ਼ਟੀਆਂ ਦੀ ਤਿੱਖੀ ਕਸ਼ਮਕਸ ਵਿੱਚੋਂ ਹੀ ਅਜੋਕਾ ਸਾਹਿਤਕ ਪ੍ਰਵਚਨ, ਜਿਸ ਵਿੱਚੋਂ ਪੰਜਵੇਂ ਪੜਾਅ ਦੀ ਪੰਜਾਬੀ ਕਹਾਣੀ ਵੀ ਇਕ ਅਹਿਮ ਵੰਨਗੀ ਵਜੋਂ ਸ਼ਾਮਿਲ ਹੈ, ਪੈਦਾ ਹੋ ਰਿਹਾ ਹੈ।"[2]

ਕਹਾਣੀਆਂ ਦੀ ਪੜਾਅਦਾਰ ਵੰਡ ਦੇ ਅਨੇਕਾਂ ਸਿਧਾਂਤਕ ਦੋਸ਼ ਹਨ ਪਰ ਇਕ ਪੜਾਅ ਦੀ ਕਹਾਣੀ ਨੂੰ ਦੂਜੇ ਪੜਾਅ ਤੋਂ ਵੱਖਰੀ ਸਿੱਧ ਕਰਦਿਆਂ ਸਾਹਿਤ ਸਿਰਜਣਾ ਦੀ ਲਗਾਤਾਰਤਾ (Continuity) ਨੂੰ ਪਛਾਨਣਾ ਲਾਜ਼ਮੀ ਹੁੰਦਾ ਹੈ ਅਤੇ ਕੋਈ ਵੀ ਸਾਹਿਤ ਪ੍ਰਵਿਰਤੀ ਆਪਣੇ ਤੋਂ ਪੂਰਵਲੇ ਪੜਾਅ ਤੋਂ ਮੁਕਤ ਨਹੀਂ ਹੁੰਦੀ, ਉਸੇ ਦਾ ਅਗਲਾ ਵਿਸਤਾਰ ਹੀ ਹੁੰਦੀ ਹੈ। ਉਕਤ ਵਿਚਾਰ ਚਰਚਾ ਦੇ ਪ੍ਰਸੰਗ ਵਿੱਚ ਕਿਸੇ ਦੌਰ ਦੀਆਂ ਵਿਸ਼ੇਸ਼ ਕਹਾਣੀਆਂ ਦੀ ਚੋਣ ਦਾ ਮਸਲਾ ਹੋਰ ਗੰਭੀਰ ਹੋ ਜਾਂਦਾ ਹੈ। ਚੌਥੇ ਪੜਾਅ ਦੀ ਪ੍ਰਤੀਨਿੱਧ ਕਹਾਣੀ ਦੀ ਚੋਣ ਕਈ ਸਾਲਾਂ ਤੋਂ ਵੱਖਰੇ ਵੱਖਰੇ ਤੌਰ ਤਰੀਕਿਆਂ ਨਾਲ ਹੁੰਦੀ ਆ ਰਹੀ ਹੈ। ਅਨੇਕਾਂ ਪੁਸਤਕਾਂ ਇਸ ਸਬੰਧੀ ਛਪ ਚੁੱਕੀਆਂ ਹਨ। ਪ੍ਰਤੀਨਿਧ ਕਹਾਣੀਆਂ ਦੀ ਚੋਣ ਦੇ ਅਨੇਕਾਂ ਮਾਪਦੰਡ ਹੁੰਦੇ ਹਨ। ਇਹ ਮਾਪਦੰਡ ਇਕੋ ਵੇਲੇ ਐਬਾਂ ਤੇ ਖੂਬੀਆਂ ਨਾਲ ਭਰੇ ਹੁੰਦੇ ਹਨ। ਚੁਣਨ ਦੀ ਪ੍ਰਕਿਰਿਆ ਜਦੋਂ ਇਕ ਨੂੰ ਸਵੀਕਾਰਦੀ ਹੈ ਤਾਂ ਬਹੁਮਤ ਆਪਣੇ ਆਪ ਨੂੰ ਨਕਾਰਿਆ ਮਹਿਸੂਸ ਕਰਦਾ ਹੈ। ਅਜਿਹੀ ਹੀ ਸਵੀਕ੍ਰਿਤੀ ਅਤੇ ਅਸਵੀਕ੍ਰਿਤੀ ਦੇ ਰਲਵੇਂ ਮਿਲਵੇਂ ਪ੍ਰਭਾਵ ਵਾਲੀ ਚੋਣ ਪ੍ਰਕਿਰਿਆ ਵਿੱਚੋਂ ਗੁਜ਼ਰਦਿਆਂ ਇਨ੍ਹਾਂ ਸਾਲਾਂ ਦੀਆਂ ਗਿਆਰਾਂ ਚੋਣਵੀਆਂ ਕਹਾਣੀਆਂ ਦੀ ਸੂਚੀ ਤਿਆਰ ਕੀਤੀ ਗਈ ਹੈ। ਇਸ ਚੋਣ ਦਾ ਆਧਾਰ ਸਿਰਫ ਟੈਕਸਟ ਹੈ, ਟੈਕਸਟ ਦਾ ਵਿਸ਼ੇਸ਼ ਵਿਚਾਰਧਾਰਕ ਪ੍ਰਵਚਨ ਜਾਂ ਟੈਕਸਟ ਦਾ ਸਿਰਜਕ ਨਹੀਂ।

ਇਸ ਚੋਣ ਵਿੱਚ ਜਿੰਦਰ ਦੀ **'ਮੀਤੂ ਜ਼ਿੰਦਾਬਾਦ'**, ਹਰਮਹਿੰਦਰ ਚਹਿਲ ਦੀ **'ਖੋਜ'**, ਬਲਵਿੰਦਰ ਗਰੇਵਾਲ ਦੀ **'ਡਬੋਲੀਆ'**, ਮਨਿੰਦਰ ਕਾਂਗ ਦੀ **'ਦੋ ਤਲਵਾਰਾਂ ਬੱਧੀਆਂ'**, ਜਤਿੰਦਰ ਹਾਂਸ ਦੀ **'ਅੱਗ ਬੰਨਣ ਵਾਲਾ'**, ਤ੍ਰਿਪਤਾ ਕੇ. ਸਿੰਘ ਦੀ **'ਇਕ ਦਿਨ'**, ਕੁਲਵੰਤ ਗਿੱਲ ਦੀ **'ਗੋਲ ਗੋਲ ਘੁੰਮਦਿਆਂ'**, ਭਗਵੰਤ ਰਸੂਲਪੁਰੀ ਦੀ **'ਰੰਗਾਂ ਦੀ ਸਾਂਝ@ਸਮਾਜ ਵਿਗਿਆਨ'** ਸਾਂਵਲ ਧਾਮੀ



ਦੀ **'ਪੈਂਜੀ ਦੇ ਫੁੱਲ'**, ਸੁਖਜੀਤ ਦੀ **'ਪਾਤਸ਼ਾਹ'** ਅਤੇ ਅਜਮੇਰ ਸਿੱਧੂ ਦੀ ਕਹਾਣੀ **'ਜਹਾਜ਼ ਵਾਲੀ ਟੈਂਕੀ'** ਸ਼ਾਮਿਲ ਕੀਤੀ ਗਈ ਹੈ।

ਇਹ ਕਹਾਣੀਆਂ ਇਕ ôìçÆ ਵਿਸ਼ੇਸ਼ਣ ਵਿੱਚ ਵਿਸ਼ਵੀਕਰਨ ਵਾਲੇ ਪੰਜਾਬੀ ਸਮਾਜ ਦੇ ਕਿਸਾਨੀ ਸੰਕਟ, ਦਲਿਤ ਚੇਤਨਾ, ਨਾਰੀਵਾਦ, ਵਿਅਕਤੀਵਾਦ, ਪਰਵਾਸ, ਮੱਧਵਰਗੀ ਦੰਭ, ਡੇਰਾਵਾਦ ਆਦਿ ਸਰੋਕਾਰਾਂ ਦਾ ਪ੍ਰਗਟਾਵਾ ਕਰਦੀਆਂ ਹਨ। ਪਰ ਉਕਤ ਲਕਬ ਇਨ੍ਹਾਂ ਰਚਨਾਵਾਂ ਦੇ ਵਿਸ਼ੇ ਹੋ ਸਕਦੇ ਹਨ, ਥੀਮ ਨਹੀਂ। ਉਕਤ ਕਹਾਣੀਆਂ ਬਹੁਪਾਸਾਰੀ ਥੀਮਿਕ ਧੁਨੀਆਂ ਨੂੰ ਪ੍ਰਤੀਬਿੰਬਤ ਕਰਦੀਆਂ ਹਨ। ਇਹ ਥੀਮਿਕ ਧੁਨੀਆਂ ਪਿਛਲੇ ਕਰੀਬ ਪੰਝੀ ਤੀਹ ਵਰ੍ਹੇ ਦੇ ਪੰਜਾਬ ਦਾ ਮਹਾਂਦ੍ਰਿਸ਼ ਪੇਸ਼ ਕਰਦੀਆਂ ਹਨ। ਇਸ ਮਹਾਂਦ੍ਰਿਸ਼ ਨੂੰ ਇਹ ਕਥਾ ਲਿਖਤਾਂ ਕਿਸੇ ਨਿਸ਼ਚਿਤ ਵਿਚਾਰ ਪੱਧਤੀ ਦੁਆਰਾ ਪੇਸ਼ ਕਰਨ ਦੀ ਥਾਂ ਪਾਤਰਾਂ ਦੇ ਵਿਹਾਰਕੀ ਕਾਰਜ ਵਿੱਚੋਂ ਉਭਾਰਦੀਆਂ ਹਨ। ਇਹ ਕਹਾਣੀਆਂ ਆਪਣੇ ਰਚਨਾ-ਸੰਦਰਭ ਵਿੱਚ ਹੀ ਨਹੀਂ ਸਗੋਂ ਰਚਨਾ ਦ੍ਰਿਸ਼ਟੀ ਪੱਖੋਂ ਵੀ ਚੌਥੇ ਪੜਾਅ ਦੀ ਕਥਾ-ਪਰੰਪਰਾ ਦਾ ਅਟੁੱਟ ਹਿੱਸਾ ਹਨ। ਰਚਨਾ ਸੰਦਰਭ ਤਹਿਤ ਇਹ ਦੌਰ ਵਿਸ਼ਵੀਕਰਨ ਅਤੇ ਕਾਰਪੋਰੇਟ ਸੱਤਾ ਤੋਂ ਉਤਪੰਨ ਸਮਾਜਿਕ ਸਭਿਆਚਾਰਕ ਸੰਕਟਾਂ ਦਾ ਦੌਰ ਹੈ ਅਤੇ ਇਸ ਕਹਾਣੀ ਨੇ ਕਾਰਪੋਰੇਟ ਪੱਖੀ ਨੀਤੀਆਂ ਦੇ ਮੂੰਹ ਜ਼ੋਰ ਪ੍ਰਭਾਵ ਹੇਠਾਂ ਆਈ ਪੰਜਾਬੀ ਸੰਵੇਦਨਾ ਨੂੰ ਜਟਿਲ ਕਥਾ ਮਾਡਲ ਵਿੱਚ ਪੇਸ਼ ਕੀਤਾ ਹੈ। ਚੌਥੇ ਪੜਾਅ ਦੀ ਕਹਾਣੀ ਬਾਰੇ ਡਾ. ਜਸਵਿੰਦਰ ਸਿੰਘ ਲਿਖਦੇ ਹਨ-

" ਪੰਜਾਬੀ ਕਹਾਣੀ ਦੀ ਇਤਿਹਾਸਕਾਰੀ ਦਾ ਅਗਲਾ (ਚੌਥਾ ਪੜਾਅ) 1985-90 ਦੇ ਆਸ-ਪਾਸ ਬਦਲਦੇ ਅੰਤਰਰਾਸ਼ਟਰੀ, ਰਾਸ਼ਟਰੀ ਅਤੇ ਸਥਾਨਕ ਪ੍ਰਸੰਗਾਂ ਦੀ ਪੈਦਾਵਾਰ ਹੈ। ਇਸ ਦੌਰ ਵਿੱਚ ਪਹੁੰਚਦਿਆਂ ਇਕ ਪਾਸੇ ਵਿਸ਼ਵ ਵਿਆਪੀਕਰਨ (ਗਲੋਬਲਾਈਜੇਸ਼ਨ) ਦਾ ਅਹਿਮ ਵਰਤਾਰਾ ਆਪਣੇ ਵਿਸ਼ਾਲ ਹਾਂ-ਮੁਖੀ ਅਤੇ ਨਾਂਹ ਮੁਖੀ ਪ੍ਰਭਾਵਾਂ ਸਮੇਤ ਉਭਰ ਰਿਹਾ ਹੈ, ਜਿਸ ਨੇ ਸੰਸਾਰ ਆਰਥਿਕਤਾ ਦੇ ਹੀ ਨਹੀਂ , ਰਾਜਨੀਤੀ, ਸਭਿਆਚਾਰ ਤੇ ਸਿਰਜਣਾਤਮਕ ਖੇਤਰਾਂ ਨੂੰ ਇਕ ਨਵੀਂ ਸਥਿਤੀ ਦੇ ਸਨਮੁੱਖ ਲੈ ਆਂਦਾ ਹੈ। ਰੂਸੀ ਸਮਾਜਵਾਦੀ ਬਲਾਕ ਦਾ ਟੁੱਟਣਾ ਵੀ ਇਕ ਅਜਿਹਾ ਵਰਤਾਰਾ ਹੈ ਜਿਸ ਨੇ ਸਮੂਹਿਕ ਮਨੁੱਖੀ ਸੰਘਰਸ਼, ਮੁਕਤੀ, ਇਨਕਲਾਬ ਅਤੇ ਲੋਕ ਕਲਿਆਣ ਦੇ ਪ੍ਰਵਾਨਤ ਸਿਧਾਂਤ ਸਬੰਧੀ ਬੁਨਿਆਦੀ ਪ੍ਰਸ਼ਨ ਉਭਾਰੇ ਹਨ। ਨਵੀਨ ਸਥਿਤੀ ਨੇ ਮਨੁੱਖੀ ਚੇਤਨਾ ਅਤੇ ਚਿੰਤਨ ਦੇ ਜਾਣੇ-ਪਛਾਣੇ ਮਾਡਲਾਂ ਅੱਗੇ, ਮਨੁੱਖੀ ਹੋਂਦ, ਮਨੋਰਥ ਅਤੇ ਉਦੇਸ਼ਾਂ ਬਾਰੇ, ਵਿਭਿੰਨ ਸਭਿਆਚਾਰਾਂ ਦੀ ਵਿਲੱਖਣਤਾ ਅਤੇ ਭਵਿੱਖ ਬਾਰੇ, ਮਰਦ ਅਤੇ ਔਰਤ ਦੇ ਸਮੁੱਚੇ ਚਰਿੱਤਰ ਬਾਰੇ ਅਜਿਹੇ ਨਵੇਂ ਪ੍ਰਸ਼ਨ ਤੇ ਤਰਕ ਸਿਰਜੇ ਹਨ ਜਿਨ੍ਹਾਂ ਨੇ ਹੋਰਨਾਂ ਖੇਤਰਾਂ ਤੋਂ ਇਲਾਵਾ ਕਲਾਤਮਕ ਸਿਰਜਨਾਵਾਂ ਸਨਮੁੱਖ ਨਵੀਂਆਂ ਚੁਣੌਤੀਆਂ ਉਭਾਰੀਆਂ ਹਨ। "[3]

ਉਕਤ ਹਲਚਲਾਂ ਵਿੱਚ ਇਸ ਦੌਰ ਦੀਆਂ ਇਹ ਕਹਾਣੀਆਂ ਕਿਸ ਤਰ੍ਹਾਂ ਦਾ ਕਾਉਂਟਰ ਪ੍ਰਵਚਨ ਖੜ੍ਹਾ ਕਰਦੀਆਂ ਹਨ, ਇਹ ਇਨ੍ਹਾਂ ਕਹਾਣੀਆਂ ਦੀ ਚੋਣ ਦਾ ਇਕ ਆਧਾਰ ਹੈ। ਇਸ ਤੋਂ ਇਲਾਵਾ ਇਨ੍ਹਾਂ ਕਹਾਣੀਆਂ ਦੇ ਮਹੱਤਵਪੂਰਨ ਰਚਨਾ ਸੰਦਰਭ, ਰੂਪ-ਜੁਗਤਾਂ, ਪਾਤਰ ਪ੍ਰਬੰਧ, ਬਿਰਤਾਂਤ-ਯੋਜਨਾ ਸਮੇਤ ਕਹਾਣੀ ਦੀ ਹੋਂਦ ਵਿਧੀ ਦੇ ਮਸਲੇ ਚੋਣ ਦਾ ਵੱਡਾ ਧਰਾਤਲ ਬਣੇ ਹਨ। ਇਨ੍ਹਾਂ ਰਚਨਾਵਾਂ ਦੇ ਮਾਧਿਅਮ ਨਾਲ ਪਿਛਲੇ ਕਰੀਬ ਪੰਝੀ ਤੀਹ ਵਰ੍ਹੇ ਦੇ ਪੰਜਾਬ ਦਾ ਵਸਤੂ-ਯਥਾਰਥ ਸੰਯੁਕਤ ਰੂਪ ਵਿੱਚ ਪਾਠਕਾਂ ਦੀ ਨਜ਼ਰ ਚੜ੍ਹਦਾ ਹੈ। ਪਰ ਇਸ ਦਾਅਵੇ ਨਾਲ ਵੀ ਇਹ ਕਹਾਣੀਆਂ ਪੰਜਾਬੀ ਸਮਾਜ ਦੇ ਉਕਤ ਦ੍ਰਿਸ਼ ਦਾ ਦਰਪਣੀ ਪ੍ਰਗਟਾਵਾ ਨਹੀਂ। ਉਂਝ ਵੀ ਸਾਹਿਤ ਦੇ

ਸਮਾਜ ਦਾ ਦਰਪਣ ਸਿੱਧ ਹੋਣ ਵਾਲੀਆਂ ਸਿਧਾਂਤਕੀ ਧਾਰਨਾਵਾਂ ਵੇਲਾ ਗੁਆ ਚੁੱਕੀਆਂ ਹਨ। ਸਾਹਿਤ ਨੇ ਸਮਾਜ ਦੀ ਸਤ੍ਹਾ 'ਤੇ ਨਹੀਂ ਸਗੋਂ ਇਸਦੀ ਹੇਠਲੀ ਤਹਿ ਵਿੱਚ ਸੁਲਘਦੇ ਮੁੱਦਿਆਂ ਨੂੰ ਸ਼ਿੱਦਤ ਨਾਲ ਰੂਪਮਾਨ ਕਰਨਾ ਹੁੰਦਾ ਹੈ ਅਤੇ ਉਕਤ ਕਹਾਣੀਆਂ ਇਸ ਪੱਧਰ 'ਤੇ ਆਪਣੀ ਕਲਾਤਮਿਕ ਯੋਗਤਾ ਜ਼ਿਆਦਾ ਸਿੱਧ ਕਰਦੀਆਂ ਹਨ।

ਕੁੱਲ ਮਿਲਾ ਕੇ ਇਹ ਕਹਾਣੀਆਂ ਆਪਣੀ ਵਸਤੂ-ਚੋਣ, ਬਿਰਤਾਂਤਕ ਬਣਤਰ ਅਤੇ ਰਚਨਾ-ਦ੍ਰਿਸ਼ਟੀ ਦੇ ਵਿਲੱਖਣ ਸੁਭਾਅ ਕਰਕੇ ਚੋਣ ਦਾ ਆਧਾਰ ਬਣੀਆਂ ਹਨ। ਪੰਜਾਬੀ ਬਿਰਤਾਂਤ ਦੇ ਮੂਲ ਵਰਤਾਰੇ ਕਥਾ ਰਸ ਦੀ ਪੱਧਰ 'ਤੇ ਅਤੇ ਕਹਾਣੀ ਦੇ ਪ੍ਰਮਾਣਿਕ ਵਿਧਾਗਤ ਸਰੂਪ ਦੇ ਪੱਖ ਤੋਂ ਇਨ੍ਹਾਂ ਕਹਾਣੀਆਂ ਦੇ ਪਾਠ ਸੰਵਾਦੀ ਤੇ ਸਟੀਕ ਹਨ। ਇਨ੍ਹਾਂ ਚੁਣਿੰਦਾ ਕਹਾਣੀਆਂ ਦੀ ਆਪੋ ਆਪਣੀ ਕੋਈ ਪ੍ਰਤੀਨਿੱਧ ਹੁਨਰੀ ਵਿਸ਼ੇਸ਼ਤਾ ਵੱਖ-ਵੱਖ ਦਿਸ਼ਾਵਾਂ ਵੱਲ ਜਾਂਦੇ ਹੁਨਰਮੰਦ ਮਿੱਤਰਾਂ ਵਾਲੀ ਲੋਕ ਕਹਾਣੀ ਜਿਹੀ ਹੈ ਜੋ ਔਕੜ ਵੇਲੇ ਆਪੋ ਆਪਣੀ ਕਸਬੀ ਮੁਹਾਰਤ ਨਾਲ ਮੁਸੀਬਤਾਂ 'ਤੇ ਵਿਜੇ ਪਾਉਂਦੇ ਹਨ। ਇਹ ਸ਼ਿਲਪੀ ਵਿਭਿੰਨਤਾ ਇਨ੍ਹਾਂ ਕਥਾਵਾਂ ਦੇ ਬਿਰਤਾਂਤਕ ਵਰਤਾਰੇ ਵਿੱਚ ਵਿਦਯਮਾਨ ਹੈ।

ਇਸ ਸਬੰਧੀ ਸਭ ਤੋਂ ਪਹਿਲਾਂ ਮਰਹੂਮ ਕਹਾਣੀਕਾਰ ਅਤੇ ਆਲੋਚਕ ਮਨਿੰਦਰ ਕਾਂਗ ਦੀ ਕਹਾਣੀ 'ਦੋ ਤਲਵਾਰਾਂ ਬੱਧੀਆਂ' ਧਿਆਨ ਗੋਚਰੇ ਹੈ। ਇਹ ਕਹਾਣੀ ਪੰਜਾਬ ਸੰਕਟ ਦੇ ਕਾਲੇ ਦੌਰ ਦੀ ਪਿੱਠ ਭੂਮੀ 'ਤੇ ਉਸਰੀ ਹੈ। ਪੰਜਾਬ ਸੰਕਟ ਵੇਲੇ ਸਰਕਾਰੀ ਜ਼ਬਰ ਅਤੇ ਅੱਤਵਾਦੀਆਂ ਦੇ ਕਹਿਰ ਵਿੱਚ ਪਿਸਦੀ ਲੋਕਾਈ ਦੀ ਭੈਅਸ਼ੀਲ ਮਾਨਸਿਕਤਾ ਇਸ ਕਹਾਣੀ ਦਾ ਕੇਂਦਰ ਹੈ। ਕਹਾਣੀ ਦਾ ਬਿਰਤਾਂਤਕ ਪ੍ਰਵਚਨ ਪੰਜਾਬ ਦੇ ਉਸ ਪ੍ਰਤਿਰੋਧੀ ਸੁਭਾਅ ਦਾ ਜ਼ਾਮਨ ਹੈ ਜਿਹੜਾ ਜ਼ੁਲਮ ਦੀ ਤੇਜ਼ ਧਾਰ ਵਿੱਚ ਹੋਰ ਕਾਟਵਾਂ ਅਤੇ ਨੁਕੀਲਾ ਬਣ ਕੇ ਉਭਰਦਾ ਹੈ। ਕਹਾਣੀ ਵਿੱਚ ਸਿੱਖ ਪੰਥ ਦਾ ਸਨਮਾਨਿਤ ਢਾਡੀ ਪੂਰਨ ਸਿੰਘ ਜੋਸ਼ ਬਿਰਤਾਂਤ ਦਾ ਕੇਂਦਰ ਹੈ ਜਿਸਦਾ ਬਾਪ ਤੇ ਦਾਦਾ ਪੰਜਾਬ ਦੇ ਮਿੱਸੇ ਸਭਿਆਚਾਰ ਵਿਚੋਂ ਢਾਡੀ ਪਰੰਪਰਾ ਦੇ ਗੁਰ ਸਿੱਖਦੇ ਤੇ ਸੰਚਾਰਦੇ ਰਹੇ। ਹੁਣ ਅੱਤਵਾਦ ਦੇ ਝੰਬੇ ਪੰਜਾਬ ਦੇ ਲੋਕਾਂ ਨੂੰ ਸਭਿਆਚਾਰਕ ਮੇਲਿਆਂ ਦੀ ਗੁੜਤੀ ਦੇ ਕੇ ਸਰਕਾਰ ਲਹੂ ਲੂਹਾਣ ਸਿਮਰਤਿਆਂ ਮਿਟਾ ਦੇਣਾ ਚਾਹੁੰਦੀ ਸੀ। ਇਸ ਤਹਿਤ ਨਿਰਦੋਸ਼ ਮੁੰਡਿਆਂ ਦੀਆਂ ਲੋਥਾਂ 'ਤੇ ਮੈਡਲ ਚਮਕਾ ਕੇ ਐਸਐਸਪੀ ਬਣਿਆ ਜੀਤ ਬਿੱਲਾ ਜਦੋਂ ਕਿਸੇ ਸਭਿਆਚਾਰਕ ਮੇਲੇ ਦੀ ਪ੍ਰਧਾਨਗੀ ਕਰਦਾ ਹੈ ਤਾਂ ਢਾਡੀ ਪੂਰਨ ਸਿੰਘ ਦਾ ਆਪਾ ਬਰਦਾਸ਼ਤ ਤੋਂ ਬਾਹਰ ਹੋ ਜਾਂਦਾ ਹੈ। ਕਹਾਣੀ ਪ੍ਰਤੀਰੋਧ ਜਾਂ ਬਦਲੇ ਦੀ ਸੁਰ ਨੂੰ ਹਵਾ ਦੇ ਕੇ ਪੰਜਾਬ ਦੀ ਨਾਬਰ ਵਿਰਾਸਤ ਨੂੰ ਸਪਲੀਮੈਂਟ ਕਰਕੇ ਸ਼ਾਂਤ ਨਹੀਂ ਹੁੰਦੀ ਸਗੋਂ ਸਿੱਖ ਧਰਮ ਦੀ ਪ੍ਰੈਕਟਿਸ ਵਿੱਚ ਮਜ਼ਬੀ ਸਿੱਖਾਂ ਦੇ ਲਕਬ ਨਾਲ ਜਾਣੇ ਜਾਂਦੇ ਲਤਾੜੇ ਸਿੱਖਾਂ ਦੇ ਲੜ ਜੂਝਣ ਦੀ ਬਿਰਤੀ ਨੂੰ ਰਜਿਸਟਰ ਕਰਦੀ ਹੈ। ਪੂਰਨ ਸਿੰਘ ਨੂੰ ਜੀਤ ਬਿੱਲੇ ਦੀ ਪ੍ਰਧਾਨਗੀ ਦੌਰਾਨ ਉਹੀ ਜੋਸ਼ੀਲੀ ਵਾਰ ਗਾਉਣ ਲਈ ਕੋਈ 'ਸਿੰਘ' ਹਾਮੀ ਨਹੀਂ ਭਰਦਾ ਪਰ ਇਹ ਬੀੜਾ ਅਖੌਤੀ ਦਲਿਤ ਸਿੱਖ ਕਿਰਪਾਲ ਸਿੰਘ ਚੁੱਕਦਾ ਹੈ। ਕਿਰਪਾਲ ਦੇ ਉਗਰ ਬੋਲ ਮੇਲੇ ਦਾ ਸ਼ਿੰਗਾਰ ਬਣਦੇ ਹਨ-

" ਤਿੰਨ ਮੋਟਰ-ਸੈਕਲ ਵਾਲਿਆਂ ਨੇ
ਬਈ ਡਿਪਟੀ ਦਾ ਟਿਕਟ ਕਟਾ ਤਾ ਜੀ"

ਇਸ ਕਹਾਣੀ ਦੀਆਂ ਬਹੁਪਾਸਾਰੀ ਥੀਮਕ ਧੁਨੀਆਂ ਕਹਾਣੀ ਦੀ ਜਾਨ ਹਨ। ਸਿੱਖ ਧਰਮ ਵਿੱਚ ਢਾਡੀ ਪਰੰਪਰਾ ਕਿਸੇ ਤਰ੍ਹਾਂ ਦੇ ਦਰਬਾਰੀ ਸੁਹਜ ਵਿਧਾਨ ਵਾਲੀ ਨਹੀਂ ਸਗੋਂ ਨਾਬਰ ਧਿਰਾਂ ਦਾ



ਹਰ ਕਿਸਮ ਦੀ ਸੱਤਾ ਵਿਰੁੱਧ ਇਕ ਬਿਗਲ ਹੈ। ਸਿੱਖ ਦਰਸ਼ਨ ਜਿਸ ਮੀਰੀ ਪੀਰੀ ਦੇ ਸਿਧਾਂਤ ਦੁਆਰਾ ਭਗਤੀ ਤੇ ਸ਼ਕਤੀ ਦਾ ਸੁਮੇਲ ਰੱਖ ਕੇ ਹਲਤ ਪਲਤ ਸੁਆਰਨ ਵਾਲੇ ਜੀਵਨ ਮਾਡਲ 'ਤੇ ਉਸਰਦਾ ਹੈ। ਇਹ ਕਹਾਣੀ ਪੂਰਨ ਸਿੰਘ ਅਤੇ ਕਿਰਪਾਲ ਸਿੰਘ ਪਾਤਰਾਂ ਦੁਆਰਾ ਇਸ ਦਰਸ਼ਨ ਨੂੰ ਜ਼ਿੰਦਗੀ ਦਾ ਆਦਰਸ਼ ਸਿੱਧ ਕਰਦੀ ਹੈ। ਸਿੱਖ ਪ੍ਰੈਕਟਿਸ ਵਿੱਚੋਂ ਖਾਰਜ ਹੋਏ ਹਾਸ਼ੀਅਤ ਧਿਰਾਂ ਦੇ ਸੰਤਾਪ ਦੇ ਵਸਤੂ ਵੇਰਵੇ ਰੂਪਮਾਨ ਕਰਦੀ ਇਹ ਕਹਾਣੀ ਕਿਸੇ ਤਰ੍ਹਾਂ ਦੀ ਮਾਨਸਿਕ ਕੁੰਠਾ ਵੱਲ ਨਹੀਂ ਤੁਰਦੀ ਸਗੋਂ ਸਿੱਖ ਦਰਸ਼ਨ ਵਿੱਚੋਂ ਊਰਜਾ ਲੈ ਕੇ ਸਿੱਖ ਸਿਧਾਤਾਂ 'ਤੇ ਕਾਠੀ ਪਾ ਕੇ ਬੈਠੇ ਬ੍ਰਾਹਮਣਵਾਦੀ ਪ੍ਰਬੰਧ ਨੂੰ ਵੀ ਵੰਗਾਰਦੀ ਹੈ। ਇਸ ਕਹਾਣੀ ਨੇ ਪੰਜਾਬੀ ਬੰਦੇ ਦੇ ਸੁਹਜਵੰਤੇ ਅਤੇ ਜੁਝਾਰੂ ਬਿੰਬ ਨੂੰ ਪ੍ਰਤੀਕੂਲ ਸਥਿਤੀਆਂ ਵਿੱਚ ਹੋਰ ਵੀ ਤੇਜਸਵੀ ਹੋਣ ਦੀ ਧਾਰਨਾ ਨੂੰ ਦ੍ਰਿੜ ਕੀਤਾ ਹੈ। ਵਿਭਿੰਨ ਥੀਮਕ ਧੁਨੀਆਂ ਵਾਲੀ ਇਹ ਕਹਾਣੀ ਪੰਜਾਬ ਸੰਕਟ ਦੇ ਵਸਤੂ ਵੇਰਵਿਆਂ ਦੀ ਤਹਿ ਹੇਠਾਂ ਲੁਕੇ ਜਾਤ ਪਾਤ, ਧਾਰਮਿਕ ਵਿਤਕਰੇ, ਨਸਲੀ ਭੇਦ ਭਾਵ ਜਿਹੇ ਸਦੀਵੀ ਸੰਕਟਾਂ ਨੂੰ ਕਲਾਤਮਿਕਤਾ ਨਾਲ ਪੇਸ਼ ਕਰਦੀ ਇਸਦਾ ਕਾਟਵਾਂ ਪ੍ਰਤਿਉੱਤਰ ਵੀ ਖੜ੍ਹਾ ਕਰਦੀ ਹੈ। ਇਹ ਕਹਾਣੀ ਇਕੋ ਵੇਲੇ ਪੰਜਾਬ ਸੰਕਟ, ਸਿੱਖ ਪ੍ਰੈਕਟਿਸ, ਦਲਿਤ ਸੰਵੇਦਨਾ ਅਤੇ ਪੰਜਾਬ ਦੀ ਨਾਬਰ ਵਿਰਾਸਤ ਨਾਲ ਜੁੜੇ ਸਰੋਕਾਰ ਪੇਸ਼ ਕਰਦੀ ਬਹੁਪਰਤੀ ਰਚਨਾ ਹੈ। ਪ੍ਰਤੀਕੂਲ ਹਾਲਾਤ ਵਿੱਚ ਜੂਝਦੇ ਪੰਜਾਬੀ ਬੰਦਿਆਂ ਦੇ ਬਿਰਤਾਂਤ ਆਰੰਭ ਤੋਂ ਹੀ ਪੰਜਾਬੀ ਕਹਾਣੀ ਦਾ ਅਟੁੱਟ ਹਿੱਸਾ ਰਹੇ ਹਨ। ਹਰੇ ਇਨਕਲਾਬ ਤੋਂ ਬਾਅਦ ਪੰਜਾਬੀ ਸਮਾਜ ਵਿੱਚ ਆਈ ਵਕਤੀ ਖੁਸ਼ਹਾਲੀ ਨੂੰ ਪੰਜਾਬ ਸੰਕਟ ਨਿਗਲ ਲੈਂਦਾ ਹੈ ਪਰ ਇਸ ਹਰੀ ਕ੍ਰਾਂਤੀ ਦੀ ਭ੍ਰਾਂਤੀ ਸਹਿਜੇ ਸਹਿਜੇ ਖੇਤੀ ਸੈਕਟਰ ਨੂੰ ਸੰਕਟਸ਼ੀਲ ਬਣਾ ਦਿੰਦੀ ਹੈ। ਮਨਿੰਦਰ ਕਾਂਗ ਦੀ ਕਹਾਣੀ ਖੇਤੀ ਅਰਥਚਾਰੇ ਦੇ ਸਮਾਂਨਅੰਤਰ ਚੱਲਦੇ ਰਹੇ ਪੰਜਾਬ ਸੰਕਟ ਦੀਆਂ ਜੜ੍ਹਾਂ ਨੂੰ ਕੁਰੇਦਦੀ ਹੈ। ਕਾਂਗ ਦੀ ਕਹਾਣੀ ਪੰਜਾਬ ਦੇ ਸ਼ਾਨਦਾਰ ਅਤੀਤ ਨੂੰ ਸਿਮਰਤੀਆਂ ਦੁਆਰਾ ਨਤਮਸਤਕ ਹੁੰਦੀ ਹੈ ਪਰ ਪੰਜਾਬ ਸੰਕਟ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਦਿਆਂ ਪੂਰਨ ਸਿੰਘ ਢਾਡੀ ਦੇ ਮਨੋ ਬਚਨੀ ਵਿੱਚ ਬੋਲਦੀ ਹੈ-

" ਅਤੀਤ ਬੜਾ ਸ਼ਾਨਦਾਰ ਸੀ. . . ਪਰ ਦੁੱਧ ਵਿੱਚ ਕਾਂਜੀ ਕਦੋਂ ਪਈ ? "

ਦੁੱਧ ਵਿੱਚ ਕਾਂਜੀ ਦਾ ਚਿਹਨ ਪੰਜਾਬ ਸੰਕਟਾਂ ਲਈ ਜ਼ਿੰਮੇਵਾਰ ਕੇਂਦਰੀ ਸੱਤਾ ਸਮੇਤ ਤਮਾਮ ਰਾਜਸੀ, ਸਮਾਜਿਕ ਅਤੇ ਸੰਸਕ੍ਰਿਤਕ ਕਾਰਨਾਂ ਵੱਲ ਇਸ਼ਾਰਾ ਹੈ ਜਿਹੜਾ ਪੰਜਾਬੀ ਦੀ ਹਸਤੀ ਤੇ ਹੋਣੀ ਨੂੰ 'ਖੂਹ ਵਿੱਚ ਪੁੱਠੇ ਲਟਕਣ' ਦੇ ਬਿੰਬ ਨਾਲ ਬਿਆਨਦਾ ਹੈ। ਦੁੱਧ ਵਿੱਚ ਕਾਂਜੀ ਪੈਣ ਦਾ ਵਰਤਾਰਾ ਜਤਿੰਦਰ ਹਾਂਸ ਦੀ ਕਹਾਣੀ 'ਅੱਗ ਬੰਨ੍ਹਣ ਵਾਲਾ' ਵਿੱਚ ਵੱਖਰੇ ਰਹੱਸ ਨਾਲ ਉਦਘਾਟਿਤ ਹੁੰਦਾ ਹੈ। ਹਰੇ ਇਨਕਲਾਬ ਦਾ ਸੇਕ, ਪੰਜਾਬ ਸੰਕਟ ਅਤੇ ਇਸ ਤੋਂ ਬਾਅਦ ਕਾਰਪੋਰੇਟ ਪੱਖੀ ਪੂੰਜੀਵਾਦੀ ਪ੍ਰਬੰਧ ਪੰਜਾਬ ਦੇ ਖੇਤੀ ਅਰਥਚਾਰੇ 'ਤੇ ਅਧਾਰਿਤ ਮਿਹਨਤਕਸ਼ ਧਿਰਾਂ ਨੂੰ ਸਖ਼ਤ ਚੁਣੌਤੀਆਂ ਵਿੱਚ ਪਾ ਦਿੰਦਾ ਹੈ। ਕਹਾਣੀ ਵਿੱਚ ਗੈਰ ਕਾਨੂੰਨੀ ਪਰਵਾਸ ਦੀਆਂ ਦੁਸ਼ਵਾਰੀਆਂ ਦੇ ਨਾਲ ਨਾਲ ਨਿਮਨ ਕਿਸਾਨੀ ਦੇ ਖੇਤੀ ਸੈਕਟਰ ਵਿੱਚੋਂ ਖਾਰਜ ਹੋਣ ਦੇ ਦੁਖਾਂਤ ਨੂੰ ਪੇਸ਼ ਕੀਤਾ ਗਿਆ ਹੈ। ਕਹਾਣੀ ਵਿੱਚ ਅੱਗ ਦਾ ਮੈਟਾਫਰ ਇੰਨਾ ਸ਼ਕਤੀਸ਼ਾਲੀ ਹੈ ਕਿ ਸਭ ਕੁੱਝ ਇਸ ਅੱਗ ਦੀ ਤਪਸ਼ ਵਿੱਚ ਸੜਿਆ ਜਾਪਦਾ ਹੈ। 'ਅੱਗ ਬੰਨ੍ਹਣ' ਦੇ ਮੋਟਿਫ ਨਾਲ ਘਰ ਦੀ ਆਰਥਿਕਤਾ ਨੂੰ ਠੁੰਮਣਾ ਦੇਣ ਦੀ ਅਰਜ਼ੋਈ ਹੈ ਪਰ ਨਿਮਨ ਕਿਸਾਨੀ ਦੇ ਬਹੁਪਰਤੀ ਸੰਕਟ ਵੱਧਦੇ ਕਰਜ਼, ਵੱਧਦੀਆਂ ਖੇਤੀ ਲਾਗਤਾਂ ਤੇ ਹੋਰ ਮੁਸਕਿਲਾਂ ਵਿੱਚ 'ਘਰ' ਦੀ ਪੇਸ਼ ਨਹੀਂ ਜਾਣ ਦਿੰਦੇ। ਕਹਾਣੀ ਦਾ ਉੱਤਮਪੁਰਖੀ ਪਾਤਰ ਪਰਵਾਸ ਦਾ ਝੰਬਿਆ ਹੋਇਆ ਆਪਣੇ ਪਿਤਾ, ਭਰਾ ਅਤੇ ਭਰਜਾਈ ਪ੍ਰਤੀ

ਬੇਯਕੀਨੇ ਅਹਿਸਾਸਾਂ ਵਿੱਚ ਹੈ। ਉਸਨੂੰ ਆਪਣਾ ਪਿਤਾ ਘਰ ਦੀ ਅੱਗ ਬੰਨ੍ਹਣ ਵਿੱਚ ਅਸਫਲ ਜਾਪਦਾ ਹੈ-

"ਜਦੋਂ ਅੱਗ ਬੰਨ੍ਹਣ ਦਾ ਮੌਕਾ ਸੀ ਉਦੋਂ ਤਾਂ ਉਹਤੋਂ ਬੰਨ੍ਹ ਨਾ ਹੋਈ, ਘਰ ਦਾ ਦਰਵਾਜ਼ਾ ਦੂਜੇ ਪਾਸੇ ਲੱਗ ਗਿਆ।"

ਜਦੋਂ ਮੈਂ ਪਾਤਰ ਆਪਣੀ ਪਰਵਾਸੀ ਕਮਾਈ ਘਰ ਵਿੱਚ ਰੁੜ ਜਾਣ ਅਤੇ ਜ਼ਮੀਨ ਦੀ ਵੰਡ ਵਿੱਚ ਪਿਤਾ ਵੱਲੋਂ ਵਿਤਕਰੇ ਕਰਨ ਦੇ ਗੁਸੈਲੇ ਅਹਿਸਾਸ ਲੈ ਕੇ ਬਦਲੇਖੋਰੀ ਦੀ ਭਾਵਨਾ ਵਿੱਚ ਘਰ ਪਰਤਦਾ ਹੈ ਤਾਂ ਬੁੱਢੇ ਪਿਤਾ ਦੇ ਕੰਬਦੇ ਬੋਲ ਪਲਟੇ ਦੀ ਕਥਾ ਤਕਨੀਕ ਨਾਲ ਬਿਰਤਾਂਤ ਨੂੰ ਜ਼ਰਬ ਦਿੰਦੇ ਹਨ-

"ਉਏ ਮਾਰਦੇ ਸਾਰਿਆਂ ਨੂੰ ਇਸ ਨਰਕ 'ਚੋਂ ਛੁੱਟੀਏ। ਅਸੀਂ ਤਾਂ ਸਹੁਰੀ ਦਿਓ ਇਸੇ ਆਸ 'ਤੇ ਜਿਉਂਦੇ ਆ ਬਈ ਮੁੰਡਾ ਬਾਹਰ ਗਿਆ ਹੋਇਆ। ਜੋ ਕੁੱਝ ਆ ਉਹ ਤੇਰਾ ਈ ਆ . . . ਅਸੀਂ ਤਾਂ ਗੁਰਦੁਆਰੇ ਜਾ ਬੈਠਾਂਗੇ। ਪਰ ਮਾਂ ਤੇਰੀ ਤਾਂ ਹੁਣ ਗੁਰਦੁਆਰੇ ਬੈਠਣ ਜੋਗੀ ਵੀ ਨਹੀਂ। ਇਹਦਾ ਪਾਸਾ ਮਾਰਿਆ ਗਿਆ, ਦੌਰਾ ਪੈ ਕੇ . . .। ਉਹ ਭਾਈ ਜਿਹੜੇ ਅਸੀਂ ਚੁਬਾਰੇ ਪਾ ਲਏ, ਤੇਰੀਆਂ ਕਮਾਈਆਂ ਨਾਲ ਉਹ ਤੂੰ ਲੈ ਜਾ।"

ਕਹਾਣੀ ਦੀ ਰਮਜ਼ ਉਸ ਪੂੰਜੀਵਾਦ ਪ੍ਰਬੰਧ ਨੂੰ ਬੇਪਰਦ ਕਰਨ ਵਿੱਚ ਹੈ ਜਿਸਨੇ ਪੰਜਾਬ ਦੇ ਖੇਤੀ ਅਰਥਚਾਰੇ ਦੀ ਅੱਗ ਬੰਨ੍ਹ ਦਿੱਤੀ ਹੈ। ਮਨਿੰਦਰ ਕਾਂਗ ਪੰਜਾਬ ਸੰਕਟ ਨੂੰ ਦੁੱਧ ਵਿੱਚ ਕਾਂਜੀ ਪੈਣ ਨਾਲ, ਜਤਿੰਦਰ ਹਾਂਸ ਖੇਤੀ ਸੰਕਟ ਨੂੰ ਅੱਗ ਬੰਨ੍ਹਣ ਦੇ ਚਿਹਨ ਦੁਆਰਾ ਪ੍ਰਤੀਬਿੰਬਤ ਕਰਦੇ ਹਨ। ਇਸੇ ਨਾਲ ਮਿਲਦੇ ਜੁਲਦੇ ਕਥਾ ਅਹਿਸਾਸ ਬਲਵਿੰਦਰ ਗਰੇਵਾਲ ਦੀ ਕਹਾਣੀ 'ਡਬੋਲੀਆ' ਵਿੱਚ ਹਨ। ਕਾਰਪੋਰੇਟ ਸੈਕਟਰ ਦੀ ਬੁਲੰਦੀ ਨਾਲ ਖੇਤੀ ਅਰਥਚਾਰਾ ਹੀ ਨਹੀਂ ਸਗੋਂ ਇਸ ਪ੍ਰਬੰਧ 'ਤੇ ਖੜ੍ਹਾ ਸਮਾਜਿਕ ਪ੍ਰਬੰਧ ਨਵੇਂ ਸੰਕਟਾਂ ਦੇ ਰਾਹ ਪੈ ਜਾਂਦਾ ਹੈ। ਵੱਧਦੀਆਂ ਕਿਸਾਨ ਖੁਦਕੁਸ਼ੀਆਂ, ਕਰਜ਼ਾ, ਬੇਰੁਜ਼ਗਾਰੀ, ਆਈਲੈਟਸ ਉਦਯੋਗ, ਖੇਤੀ ਸੁਧਾਰ ਦੀ ਥਾਂ ਕਾਰਪੋਰੇਟ ਪੱਖੀ ਨੀਤੀਆਂ ਆਦਿ ਨਾਲ ਨਿਮਨ ਕਿਸਾਨੀ ਦੀ ਫਸਲ ਅਤੇ ਨਸਲ ਬਹੁਪਰਤੀ ਸੰਕਟਾਂ ਵਿੱਚ ਘਿਰਦੀ ਹੈ। ਮੀਤਾ ਤੇ ਸਾਧੂ ਵਰਗੇ ਛੋਟੇ ਕਿਸਾਨ ਖੇਤੀ ਦੇ 'ਘਾਟੇ' ਤੋਂ ਭੈਅ ਖਾ ਕੇ ਨਹਿਰਾਂ ਵਿੱਚੋਂ ਲਾਸ਼ਾਂ ਕੱਢਣ ਦੇ ਕਸਬ ਨਾਲ ਜੁੜ ਜਾਂਦੇ ਹਨ। ਇਸ ਕਸਬ ਪਿੱਛੇ ਕਾਰਜਸ਼ੀਲ ਮਾਨਸਿਕਤਾ ਦਾ ਪ੍ਰਗਟਾਵਾ ਕਰਦਿਆਂ ਲੇਖਕ ਡੁੱਬਦੇ ਜਾ ਰਹੇ ਪੰਜਾਬ ਦੇ ਸੰਤਾਪ ਨੂੰ ਫੜਨ ਦਾ ਯਤਨ ਕਰਦਾ ਹੈ। ਲੰਮੇਂ ਬਿਰਤਾਂਤ ਵਾਲੀ ਇਹ ਕਹਾਣੀ ਖੇਤੀ ਅਰਥਚਾਰੇ ਦੇ ਵਰਤਮਾਨ ਸੰਕਟਾਂ ਵਾਲੇ ਕੇਂਦਰੀ ਥੀਮ ਦੁਆਲੇ ਅਨੇਕਾਂ ਸਹਿ ਥੀਮ ਉਸਾਰਦੀ ਹੈ ਜਿਵੇਂ ਨਹਿਰ ਵਿੱਚ ਰੁੜ੍ਹਦੀਆਂ ਲਾਸ਼ਾਂ ਵਿੱਚ ਔਰਤ ਮਰਦ ਦੀ ਲਾਸ਼, ਆਈਲੈਟਸ ਵਿੱਚੋਂ ਘੱਟ ਨੰਬਰ ਆਉਣ ਵਾਲੀ ਕੁੜੀ ਦੀ ਲਾਸ਼, ਅਣਦਾਹੜੀਏ ਮੁੰਡੇ ਅਤੇ ਚਾਚੇ ਭਤੀਜੀ ਦੀ ਲਾਸ਼ ਪੰਜਾਬੀ ਸਮਾਜ ਦੇ ਬਹੁਵੰਨੇ ਸੰਕਟਾਂ ਨੂੰ ਪ੍ਰਤੀਬਿੰਬਤ ਕਰਦੇ ਕਥਾ ਵਰਤਾਰੇ ਹਨ। ਲੇਖਕ ਦੀ ਬਿਰਤਾਂਤਕ ਕਲਾਕਾਰੀ ਉਕਤ ਘਟਨਾਵਾਂ ਦੇ ਦਿਸਦੇ ਸੰਸਾਰ ਪਿੱਛੇ ਖੜ੍ਹੇ ਅਦ੍ਰਿਸ਼ ਤੇ ਭਿਆਨਕ ਵਿਵਸਥਾ ਵੱਲ ਸੰਕੇਤ ਕਰਨ ਨਾਲ ਜੁੜੀ ਹੈ। ਇਸ ਤਰ੍ਹਾਂ ਦੀ ਸੰਘਣੀ ਬਿਰਤਾਂਤਕ ਬੁਣਤੀ ਵਾਲੀ ਚੌਥੇ ਪੜਾਅ ਦੀ ਕਹਾਣੀ ਨੇ ਰਵਾਇਤੀ ਹੁਨਰੀ ਕਹਾਣੀ ਦੇ ਜਾਣ ਪਛਾਣੇ ਪ੍ਰਤਿਮਾਨਾਂ ਦੀ ਥਾਂ ਨਵੀਨ ਕਥਾ ਸਿਧਾਂਤਾਂ ਦੀ ਰੌਸ਼ਨੀ ਵਿੱਚ ਆਪਣੇ ਬਿਰਤਾਂਤ ਸਿਰਜੇ ਹਨ। ਲੰਮੇਂ ਆਕਾਰ ਵਾਲੀ ਇਹ ਕਹਾਣੀ ਮੁੱਖ ਧਾਰਾ ਬਿਰਤਾਂਤ ਦੇ ਸਮਾਂਨਅੰਤਰ ਉੱਪ ਬਿਰਤਾਂਤਾਂ ਦੀ ਲੜੀਬੱਧ ਸਿਰਜਣਾ ਕਰਦੀ ਹੈ। ਕਹਾਣੀ ਦੀ ਵਸਤੂ ਦੁਆਰਾ ਆਪਣਾ ਆਕਾਰ ਅਤੇ ਸ਼ਿਲਪਗਤ ਢਾਂਚਾ ਉਸਾਰਨ ਵਾਲੀ ਸਿਧਾਂਤਕੀ ਨੂੰ ਇਹ ਕਹਾਣੀ ਸੱਚ ਕਰਦੀ ਹੈ। ਖੇਤੀ



ਸੰਕਟ ਅਤੇ ਕਿਸਾਨੀ ਸਰੋਕਾਰਾਂ ਦੇ ਕੁੱਝ ਅਣਗੋਲ੍ਹੇ ਰੁਝਾਨ ਪੇਸ਼ ਕਰਨ ਪੱਖੋਂ ਅਜਮੇਰ ਸਿੱਧੂ ਦੀ ਕਹਾਣੀ 'ਜਹਾਜ਼ ਵਾਲੀ ਟੈਂਕੀ' ਵੱਖਰੀ ਕੱਥ ਤੇ ਵੱਥ ਵਾਲੀ ਹੈ। ਸਿੱਧੂ ਦੀ ਕਹਾਣੀ ਵੀ ਬੇਸ਼ੱਕ ਲੰਮੇ ਕਥਾ ਰੂਪਾਕਾਰ ਦੀ ਪੈਰਵਾਈ ਵਾਲੀ ਹੈ ਪਰ ਉਹ ਮੁੱਖ ਧਾਰਾ ਬਿਰਤਾਂਤ ਦੇ ਨਾਲ ਉੱਪ ਬਿਰਤਾਂਤ ਲੜੀਆਂ ਦੀ ਸਿਰਜਣਾ ਦੀ ਥਾਂ ਵਿਸ਼ਾ ਵਸਤੂ ਦੀ ਪਰਤ-ਦਰ-ਪਰਤ ਪੇਸ਼ਕਾਰੀ ਕਰਨ ਵਾਲਾ ਲੇਖਕ ਹੈ। ਉਹ ਡੂੰਘੇ ਅਤੇ ਸਿੱਧੇ ਰੁੱਖ ਦੋਵੇਂ ਰੁਖ ਚੱਲਦੇ ਬਿਰਤਾਂਤ ਦਾ ਰਚੇਤਾ ਹੈ ਅਤੇ ਉਸਦੀ ਕਹਾਣੀ ਨੇ ਉੱਤਰ ਪ੍ਰਗਤੀਵਾਦੀ ਕਹਾਣੀ ਦਾ ਮੌਲਿਕ ਮੁਹਾਂਦਰਾ ਸਿਰਜਿਆ ਹੈ।

'ਜਹਾਜ਼ ਵਾਲੀ ਟੈਂਕੀ' ਪਰਵਾਸ ਦੀ ਦੌੜ ਤੋਂ ਬਾਹਰ ਹੋਈਆਂ ਧਿਰਾਂ ਦਾ ਰੁਦਨ ਪੇਸ਼ ਕਰਦੀ ਹੈ। ਅਜਿਹਾ ਸੰਤਾਪ ਸਮੁੱਚੀ ਕਹਾਣੀ ਵਿੱਚੋਂ ਗੈਰ ਹਾਜ਼ਰ ਰਿਹਾ ਹੈ। ਕਾਨੂੰਨੀ ਤੇ ਗੈਰ ਕਾਨੂੰਨੀ ਪਰਵਾਸ ਅਤੇ ਖੇਤੀ ਸੰਕਟ ਦੀਆਂ ਵਿਸੰਗਤੀਆਂ ਪੰਜਾਬੀ ਸਾਹਿਤ ਦੀ ਪ੍ਰਧਾਨ ਸੁਰ ਰਹੀਆਂ ਹਨ ਪਰ ਪਰਵਾਸ ਦੀ ਦੌੜ ਵਿੱਚੋਂ ਖਾਰਜ ਹੋਣ ਵਾਲੀਆਂ ਮਿਹਨਤਕਸ਼ ਜਮਾਤਾਂ ਦੇ ਕਿਰਤੀ ਹੱਥਾਂ ਦਾ ਸਲਫਾਸ ਦੀਆਂ ਗੋਲੀਆਂ ਵੱਲ ਵੱਧਦੇ ਜਾਣ ਦਾ ਦੁਖਾਂਤ ਸਿੱਧੂ ਦੀ ਕਹਾਣੀ ਦਾ ਕੇਂਦਰ ਬਣਿਆ ਹੈ। ਜਹਾਜ਼ ਵਾਲੀ ਟੈਂਕੀ ਪੰਜਾਬੀਆਂ ਦੇ ਪਰਵਾਸ ਦੀ ਪੂੰਜੀ ਨਾਲ ਉਸਰਦੇ ਮਹਿਲਨੁਮਾ ਘਰਾਂ ਦਾ ਪ੍ਰਤੀਕ ਹੈ। ਕਹਾਣੀਕਾਰ ਨੇ ਇਸ ਪ੍ਰਤੀਕ ਦੁਆਰਾ ਪਰਵਾਸ ਦੀ ਪੂੰਜੀ ਦੇ ਗਲੈਮਰ ਲਈ ਗੈਰ ਕਾਨੂੰਨੀ ਢੰਗ ਨਾਲ ਪਰਵਾਸ ਧਾਰਨ ਕਰਨ ਦੀ ਪੰਜਾਬੀ ਦੌੜ ਨੂੰ ਰਜਿਸਟਰ ਕੀਤਾ ਹੈ। ਘਾਟੇ ਦੀ ਨਿਮਨ ਕਿਸਾਨੀ, ਬੇਰੁਜ਼ਗਾਰ ਨੌਜਵਾਨਾਂ ਦੀ ਦਿਸ਼ਾਹੀਣਤਾ, ਗੈਰ ਕਾਨੂੰਨੀ ਏਜੰਟਾਂ ਦੇ ਮੱਕੜਜਾਲ, ਡੇਰਾ ਕਲਚਰ, ਕਿਸਾਨੀ ਖੁਦਕੁਸ਼ੀਆਂ ਅਤੇ ਮਾਨਸਿਕ ਟੁੱਟ ਭੱਜ ਆਦਿ ਸਰੋਕਾਰਾਂ ਦੀ ਪੇਸ਼ਕਾਰੀ ਤਹਿਤ ਲੇਖਕ ਨੇ ਲੁੱਟ ਦਾ ਇਕ ਵਿਸ਼ਾਲ ਤੰਤਰ ਉਜਾਗਰ ਕਰਕੇ ਕਹਾਣੀ ਨੂੰ ਚਿੰਤਨ ਪ੍ਰਧਾਨ ਬਣਾਇਆ ਹੈ। ਸਬਰ, ਸੰਤੋਖ ਅਤੇ ਭਾਣਾ ਮੰਨਣ ਵਾਲੀ ਕੁਦਰਤਮੁਖੀ ਜੀਵਨ ਸ਼ੈਲੀ 'ਤੇ ਉਪਭੋਗਤਾਵਾਦ, ਨਿੱਜਵਾਦ ਅਤੇ ਪਦਾਰਥਕ ਚਕਾਚੌਂਧ ਦਾ ਤਿੱਖਾ ਪ੍ਰਭਾਵ ਫੜਨਾ ਇਸ ਕਹਾਣੀ ਦੀ ਪ੍ਰਾਪਤੀ ਹੈ। ਦੁਖਾਂਤਕ ਭਾਵ ਬੋਧ ਵਾਲੀ ਇਹ ਰਚਨਾ ਆਪਣੇ ਬਹੁਪਾਸਾਰੀ ਸੁਭਾਅ ਕਰਕੇ ਖੇਤੀ ਅਰਥਚਾਰੇ ਦੇ ਸੰਕਟਾਂ ਤੋਂ ਨਿਜਾਤ ਪਾਉਣ ਦੇ ਯਤਨ ਵਿੱਚ ਨਜਾਇਜ਼ ਪਰਵਾਸ ਧਾਰਨ ਕਰਨ ਦੇ ਸੰਤਾਪ ਨਾਲ ਜੁੜੀ ਹੈ। ਪੰਜਾਬੀਆਂ ਦੀ ਇਸ ਦੋਹਰੀ ਹੋਣੀ ਨੂੰ ਅਜਮੇਰ ਸਿੱਧੂ ਨੇ ਕਲਾਤਮਿਕ ਢੰਗ ਨਾਲ ਰੂਪਮਾਨ ਕੀਤੀ ਹੈ। ਪਰਵਾਸ ਦੇ ਟਰੈਕ ਤੋਂ ਥਿੜਕੀ ਪੰਜਾਬੀ ਸੰਵੇਦਨਾ ਦੀ ਕੁਸ਼ਲ ਪੇਸ਼ਕਾਰੀ ਕਹਾਣੀ ਨੂੰ ਨਿਵੇਕਲੀ ਬਣਾਉਂਦੀ

ਚੌਥੇ ਪੜਾਅ ਦੀ ਪੰਜਾਬੀ ਕਹਾਣੀ ਨੇ ਜਿੱਥੇ ਵਿਕਲੋਤਰੇ ਕਥਾ ਅਨੁਭਵਾਂ ਨਾਲ ਪੰਜਾਬੀ ਕਹਾਣੀ ਪਰੰਪਰਾ ਨੂੰ ਸਮਰਿੱਧ ਕੀਤਾ ਹੈ ਉੱਥੇ ਹੀ ਇਹ ਕਹਾਣੀ ਸੰਚਾਰ ਦੇ ਕਈ ਸੰਕਟਾਂ ਨਾਲ ਵੀ ਜੂਝਦੀ ਰਹੀ ਹੈ। ਪੰਜਾਬੀ ਬਿਰਤਾਂਤ ਦਾ ਮੀਰੀ ਗੁਣ ਕਥਾ ਰਸ ਰਿਹਾ ਹੈ ਜਿਹੜਾ ਕਿ ਇਸ ਪੜਾਅ ਦੀ ਕਹਾਣੀ ਵਿੱਚੋਂ ਖਾਰਿਜ ਹੁੰਦਾ ਰਿਹਾ ਹੈ ਪਰ ਕੁਝ ਕਹਾਣੀਕਾਰਾਂ ਨੇ ਕਥਾ ਰਸ, ਸਹਿਜ ਬਿਰਤਾਂਤ ਅਤੇ ਨਿੱਕੇ ਨਿੱਕੇ ਦਿਸਦੇ ਜੀਵਨ ਵੇਰਵਿਆਂ ਵਿੱਚੋਂ ਵੱਡੇ ਅਰਥ ਤਲਾਸ਼ਦੇ ਅਨੁਭਵ ਪੇਸ਼ ਕੀਤੇ ਹਨ। ਜਿੰਦਰ ਇਨ੍ਹਾਂ ਕਹਾਣੀਕਾਰਾਂ ਵਿੱਚੋਂ ਇਕ ਹੈ। ਨਾ ਉਹ ਰਵਾਇਤੀ ਬਿਰਤਾਂਤਕ ਗੋਲਾਈ ਵਾਲੀ ਕਹਾਣੀ ਦਾ ਵਾਰਿਸ ਹੈ ਅਤੇ ਨਾ ਹੀ ਚੌਥੇ ਪੜਾਅ ਦੀ ਖੁੱਲ੍ਹੇ ਅੰਤ ਵਾਲੀ ਕਹਾਣੀ ਦਾ। ਉਹ ਅਨਿਸ਼ਚਿਤ ਅੰਤ ਵਾਲੇ ਕਥਾ ਸ਼ਿਲਪ ਨਾਲ ਪਾਠਕਾਂ ਦੀ ਟੈਕਸਟ ਵਿੱਚਲੀ ਅਨੁਕ੍ਰਿਯਾ ਨੂੰ ਤੇਜ਼ ਕਰਦਾ ਹੈ। ਉਸਦੀ ਕਹਾਣੀ 'ਮੀਤੂ ਜ਼ਿੰਦਾਬਾਦ' ਦੋਫਾੜ ਸ਼ਖ਼ਸੀਅਤ ਵਾਲੇ ਪਾਤਰ ਮਲਕੀਤ ਉਰਫ ਮੀਤੂ ਦੀ ਡੋਲਦੀ ਅਤੇ ਜਰਕਦੀ ਵੇਦਨਾ ਹੈ। ਇਹ ਆਧੁਨਿਕ ਬੰਦੇ ਦਾ ਦਵੰਦ ਹੈ ਜਿਸ

ਦੌਰਾਨ ਉਹ ਬਿਨ੍ਹਾ ਕਿਸੇ ਦੇ ਦਖਲ ਵਾਲੇ ਪੂਰਨ ਸੁਤੰਤਰ ਜੀਵਨ ਦਾ ਅਭਿਲਾਸ਼ੀ ਹੈ ਦੂਜੇ ਪਾਸੇ ਉਸਦੀ ਮਨੋ ਸੁਰਤ ਆਪਣੇ ਪੁੱਤਰ, ਧੀ ਅਤੇ ਪੋਤਰੇ ਨਾਲ ਭਾਵੁਕ ਸਾਂਝ ਵਿੱਚ ਹੈ ਜਿਸ ਸਾਂਝ ਨੂੰ ਉਹ ਪਿਆਰ ਤੇ ਤਕਰਾਰ ਦੇ ਨਿੱਕੇ ਨਿੱਕੇ ਨਿਹੋਰਿਆਂ ਵਿੱਚ ਮਾਨਣਾ ਵੀ ਚਾਹੁੰਦਾ ਹੈ। ਮਨੋਵਿਗਿਆਨਕ ਗੁੰਝਲਾ ਵਾਲੀ ਇਹ ਕਹਾਣੀ ਇੰਗਲੈਂਡ ਵਿੱਚ ਰਹਿੰਦੇ ਮਲਕੀਤ ਮੀਤੂ ਦੀ ਸ਼ਖ਼ਸੀਅਤ ਦੇ ਦੋਫਾੜ ਹੋਣ ਦੇ ਕਈ ਕਾਰਨ ਪ੍ਰਸਤੁਤ ਕਰਦੀ ਹੈ। ਉਸਦਾ ਪਿਤਾ ਦੀ ਸੰਸਥਾ ਨਾਲ ਟਕਰਾਅ, ਇੰਗਲੈਂਡ ਪੁੱਜਣ ਲਈ ਸਮਝੌਤੇ, ਦੋਸਤਾਂ ਨਾਲ ਕਾਰੋਬਾਰੀ ਘਾਟੇ, ਪਤਨੀ ਦੀ ਮੌਤ, ਵਤਨ ਲਈ ਹੇਰਵਾ, ਪੀੜ੍ਹੀ ਪਾੜਾ, ਨਸਲਪ੍ਰਸਤੀ ਆਦਿ ਵੇਰਵੇ ਕਥਾ ਬਿਰਤਾਂਤ ਵਿੱਚ ਸ਼ਾਮਿਲ ਹਨ। ਇਨ੍ਹਾਂ ਵੇਰਵਿਆਂ ਦੀ ਤਹਿ ਵਿੱਚ ਜਿਸ ਜੀਵਨ ਦ੍ਰਿਸ਼ਟੀ ਨੂੰ ਲੇਖਕ ਪੇਸ਼ ਕਰਦਾ ਹੈ ਉਸ ਵਿੱਚ ਬੰਦੇ ਦੀ ਸੁਤੰਤਰ ਜੀਵਨ ਜੀਉਣ ਦੀ ਇੱਛਾ ਦਾ ਪ੍ਰਤੀਕੂਲ ਸਥਿਤੀਆਂ ਨਾਲ ਤਣਾਅ ਸ਼ਾਮਿਲ ਹੈ। ਮਨੁੱਖ ਨੂੰ ਉਸਦਾ ਬਚਪਨ, ਆਲਾ ਦੁਆਲਾ, ਰਿਸ਼ਤਾ ਪ੍ਰਬੰਧ ਅਤੇ ਸਮਾਜਿਕ ਸੰਸਥਾਵਾਂ ਜਿਸ ਤਰ੍ਹਾਂ ਤਰਾਸ਼ਦੀਆਂ ਹਨ ਉਸਦਾ ਸ਼ਖ਼ਸੀ ਬਿੰਬ ਉਸੇ ਤਰ੍ਹਾਂ ਦਾ ਹੋ ਜਾਂਦਾ ਹੈ। ਇਸ ਬਿੰਬ ਨੂੰ ਗੁਣਾਂ ਜਾਂ ਐਬਾਂ ਵਿੱਚ ਪਛਾਨਣ ਦੀ ਥਾਂ ਮਨੁੱਖ ਦੀਆਂ ਸਮਾਂ ਸਾਪੇਖਕ ਸਥਿਤੀਆਂ ਵਿੱਚ ਪਛਾਨਣ ਦੀ ਲੋੜ ਹੁੰਦੀ ਹੈ। ਜਿੰਦਰ, ਮਲਕੀਤ ਅਤੇ ਮੀਤੂ ਦੀਆਂ ਦੋ ਧੁਨੀਆਂ ਦੁਆਰਾ ਇਕ ਮਨੁੱਖ ਦੀਆਂ ਦੋ ਸੁਰਤਾਂ ਦਾ ਪ੍ਰਗਟਾਵਾ ਕਰਦਾ ਹੈ। ਇਨ੍ਹਾਂ ਸੁਰਤਾਂ ਵਿੱਚ ਤਣਾਅ ਦਰ ਤਣਾਅ ਹੀ ਕਹਾਣੀ ਦੀ ਜਾਨ ਹੈ। ਇਸ ਤਰ੍ਹਾਂ ਦੇ ਲਰਜ਼ਦੇ, ਡੋਲਦੇ ਅਤੇ ਜਰਕਦੇ ਮਨੋ ਵਿਗਿਆਨ ਦੀ ਪੇਸ਼ਕਾਰੀ ਵਿੱਚ ਜਿੰਦਰ ਦੀ ਕਲਾ ਸਿਰਜਣਾ ਦਾ ਆਪਣਾ ਮੁਕਾਮ ਹੈ। ਮੀਤੂ ਦੇ ਜ਼ਿੰਦਾਬਾਦ ਹੋਣ ਦਾ ਚਿਹਨਕੀ ਵਰਤਾਰਾ ਮਨੁੱਖ ਦੇ ਨਿੱਜਤਾ ਭਰਪੂਰ ਅਤੇ ਆਜ਼ਾਦਾਨਾ ਢੰਗ ਨਾਲ ਜੀਉਣ ਦੀ ਇੱਛਾ ਪ੍ਰਤੀਬਿੰਬ ਹੈ। ਇਕ ਬੰਦੇ ਦੇ ਮਨ ਅੰਦਰ ਖੜ੍ਹੇ ਸੰਸਾਰ ਨੂੰ ਸ਼ਕਤੀਸ਼ਾਲੀ ਕਥਾ ਵੇਰਵਿਆਂ ਅਤੇ ਭਿੜਦੀਆਂ ਜੀਵਨ ਪੱਧਤੀਆਂ ਨਾਲ ਪੇਸ਼ ਕਰਨ ਦਾ ਵਰਤਾਰਾ ਇਸ ਕਹਾਣੀ ਨੂੰ ਵੇਗ ਭਰਪੂਰ ਰੱਖਦਾ ਹੈ।

ਪਿਛਲੇ ਸਾਲਾਂ ਦੀ ਪੰਜਾਬੀ ਕਹਾਣੀ ਵਿੱਚ ਔਰਤ ਮਨ ਦੀਆਂ ਅਣਗਾਹੀਆਂ ਕੁੰਦਰਾਂ ਬਿਰਤਾਂਤ ਦਾ ਕੇਂਦਰ ਬਣੀਆਂ ਹਨ। ਤੀਜੇ ਪੜਾਅ ਵਿੱਚ ਔਰਤ ਮਰਦ ਸਬੰਧਾਂ ਦੇ ਕਾਮ ਦਾਇਰਿਆਂ ਦੀ ਕਹਾਣੀ ਵਿੱਚ ਔਰਤ ਦੇ ਮਨੋ ਉਚਾਰ ਜ਼ਿਆਦਾ ਉਗਰ ਤੇ ਤਿੱਖੇ ਰੂਪ ਵਿੱਚ ਸਪਲੀਮੈਂਟ ਹੋਏ ਪਰ ਇਸ ਫਾਰਮੂਲੇਸ਼ਨ ਦੇ ਆਧਾਰ 'ਤੇ ਅਗਲੇ ਦੌਰ ਵਿੱਚ ਸਿਰਜੀ ਬਹੁਤਾਂਤ ਕਹਾਣੀ ਦੁਹਰਾਅ ਮੂਲਕ ਰਹੀ। ਇਸਦੇ ਬਦਲ ਵਿੱਚ ਮਰਦ ਕਹਾਣੀਕਾਰਾਂ ਵੱਲੋਂ ਔਰਤ ਦੇ ਸਾਲਮ ਬਿੰਬ ਨੂੰ ਉਭਾਰ ਕੇ ਮਰਦ ਦੀ ਥਾਂ ਮਰਦਾਵੇਂ ਪਿੱਤਰ ਪ੍ਰਬੰਧ ਨੂੰ ਚੁਣੌਤੀ ਦੇਣ ਵਾਲੇ ਕਥਾ ਬਿੰਬ ਸੰਵਾਦ ਦਾ ਬਾਇਸ ਬਣੇ। ਇਸਦੇ ਉਲਟ ਬਹੁਤ ਘੱਟ ਔਰਤ ਕਹਾਣੀਕਾਰਾਂ ਹਨ ਜਿਨ੍ਹਾਂ ਨੇ ਮਰਦਾਵੇਂ ਭੇਸ ਦੀ ਥਾਂ ਉਸ ਸੱਤਾ ਨੂੰ ਬੇਪਰਦ ਕੀਤਾ ਜਿਹੜੀ ਲਿੰਗ ਵਿਤਕਰੇ ਦਾ ਮੂਲ ਆਧਾਰ ਸੀ ਜਦਕਿ ਔਰਤ ਮਰਦ ਦੇ ਰਵਾਇਤੀ ਭੇਦਭਾਵੀ ਵਰਤਾਰਿਆਂ ਨੂੰ ਘਟਨਾਵਾਂ ਦੀ ਪੁੱਠ ਦੇਣ ਦੇ ਬਿਰਤਾਂਤ ਹਾਵੀ ਰਹੇ। ਇਸ ਮਕੈਨਿਜ਼ਮ ਨੂੰ ਜਿਹੜੀਆਂ ਚੁਣਿੰਦਾ ਨਾਰੀ ਕਥਾਕਾਰਾਂ ਨੇ ਤੋੜਿਆ ਉਨ੍ਹਾਂ ਵਿੱਚ ਤ੍ਰਿਪਤਾ ਕੇ. ਸਿੰਘ ਦਾ ਨਾਮ ਵਿਸ਼ੇਸ਼ ਹੈ। ਤ੍ਰਿਪਤਾ ਕੇ. ਸਿੰਘ ਦੀ ਕਹਾਣੀ ਚੌਥੇ ਪੜਾਅ ਦੀ ਗੁੰਝਲਦਾਰ ਕਥਾ ਬਣਤਰ ਦੀ ਥਾਂ ਸਹਿਜਭਾਵੀ ਬਿਰਤਾਂਤ ਵਿੱਚ ਹਾਜ਼ਰ ਹੈ। ਉਸਦੀ ਕਥਾ ਦ੍ਰਿਸ਼ਟੀ ਮਰਦ ਔਰਤ ਦੇ ਸੰਤੋਖ ਭਰੇ ਜੀਵਨ ਦੇ ਪਿੱਛੇ ਖੜ੍ਹੀ ਪਿੱਤਰ ਸੱਤਾ ਦੀਆਂ ਧੁਨੀਆਂ ਫੜਨ ਦੇ ਸਮਰੱਥ ਹੈ। ਇਸ ਕਾਰਜ ਲਈ ਉਹ ਭਾਸ਼ਾ ਦੀ ਸਾਵੀਂ ਪੱਧਰੀ ਵਰਤੋਂ ਵਿੱਚ ਵੀ ਵਿਅੰਜਨਾ ਮੂਲਕ ਅਰਥ ਧੁਨੀਆਂ ਉਜਾਗਰ ਕਰਨ ਦੀ ਸਮਰੱਥਾ ਰੱਖਦੀ ਹੈ। 'ਇਕ ਦਿਨ' ਕਹਾਣੀ ਦਾ ਬਿਰਤਾਂਤਕ ਸੰਗਠਨ ਇਸਦਾ



ਗਵਾਹ ਹੈ ਜਿਸ ਵਿੱਚ ਲੇਖਿਕਾ ਨੇ ਨਾਰੀਤਵ ਦੇ ਸਵਾਲ ਨੂੰ ਸਾਵੀਂ ਪੱਧਰੀ ਭਾਸ਼ਾ ਦੁਆਰਾ ਰੂਪਮਾਨ ਕਰਕੇ ਸਹਿਜ਼ ਦਿਸਦੀ ਜ਼ਿੰਦਗੀ ਪਿੱਛੇ ਲੁਕੀ ਅਸਹਿਜਤਾ ਅਤੇ ਮਰਦਾਵੇਂ ਪ੍ਰਬੰਧ ਦੇ ਚਿਹਰੇ ਨੂੰ ਇਕੋ ਵੇਲੇ ਬੇਨਕਾਬ ਪੇਸ਼ ਕੀਤਾ ਹੈ। ਕਹਾਣੀ ਵਿੱਚ ਪਤੀ ਪਤਨੀ ਦਾ ਸੁਖੀ ਜੀਵਨ ਫੋਕਸੀਕ੍ਰਿਤ ਕੀਤਾ ਗਿਆ ਹੈ ਜਿਸ ਵਿੱਚ ਉਦੋਂ ਖਲਲ ਪੈਂਦਾ ਹੈ ਜਦੋਂ ਪਤਨੀ ਆਸ਼ੂ ਦਫਤਰ ਜਾਂਦੇ ਆਪਣੇ ਪਤੀ ਨੂੰ ਇਕ ਚਿੱਠੀ ਫੜਾਉਂਦੀ ਹੈ ਜਿਸ ਵਿੱਚ ਜਨਮ ਦਿਨ ਦੇ ਤੋਹਫੇ ਦੀ ਮੰਗ ਕੀਤੀ ਹੁੰਦੀ ਹੈ। ਇਸ ਮੰਗ ਅਨੁਸਾਰ ਪਤਨੀ ਪਤੀ ਤੋਂ ਇਕ ਅਜਿਹੇ ਦਿਨ ਦੀ ਉਮੀਦ ਕਰਦੀ ਹੈ ਜਿਸ ਵਿੱਚ ਉਸਦੀ ਪਛਾਣ ਕਿਸੇ ਰਿਸ਼ਤੇ 'ਤੇ ਆਸ਼ਰਿਤ ਨਾ ਹੋਵੇ ਤੇ ਇਸ ਦਿਨ ਉਸ ਵੱਲੋਂ ਮਰਜ਼ੀ ਨਾਲ ਗੁਜ਼ਾਰੇ ਸਮੇਂ ਬਾਰੇ ਜ਼ਿੰਦਗੀ ਭਰ ਕੋਈ ਪੁੱਛ ਪ੍ਰਤੀਤ ਨਾ ਹੋਵੇ। ਇਸ ਪਿੱਛੋ ਪਤੀ ਦੇ ਮਨ ਦੀ ਖਿੱਝ, ਬੇਚੈਨੀ ਅਤੇ ਉਥਲ ਪੁਥਲ ਹੀ ਕਹਾਣੀ ਦਾ ਕੇਂਦਰ ਹੈ। ਪਤੀ ਜੋ ਕੁਝ ਸੋਚਦਾ, ਵਿਉਂਤਦਾ ਅਤੇ ਸਮਝਦਾ ਹੈ ਉਸ ਬਿਰਤਾਂਤ ਦਾ ਰੋਮ ਰੋਮ ਔਰਤ ਪ੍ਰਤੀ ਬੰਦੇ ਦੇ ਮਨ ਵਿੱਚ ਬਣੀਆਂ ਧਾਰਨਾਵਾਂ ਨੂੰ ਪਰਤ ਦਰ ਪਰਤ ਉਘਾੜਦਾ ਚਲਾ ਜਾਂਦਾ ਹੈ। 'ਇਕ ਦਿਨ' ਦੀ ਮੰਗ ਦੱਸਦੀ ਹੈ ਕਿ ਔਰਤ ਇਕ ਦਿਨ ਵੀ ਮਰਦਾਵੇਂ ਘੇਰੇ ਤੋਂ ਬਾਹਰ ਨਹੀਂ। ਇਸ ਕਹਾਣੀ ਵਿੱਚ ਔਰਤ ਦੀ ਪਛਾਣ ਨਾਲ ਜੁੜੀ ਸਮਾਜਿਕ ਵਿਆਕਰਨ ਨੂੰ ਤਿਲਾਂਜ਼ਲੀ ਦੇਣ ਅਤੇ ਔਰਤ ਦੀ ਸਾਲਮ ਸਬੂਤੀ ਪਛਾਣ ਨੂੰ ਉਭਾਰਨ ਲਈ ਕਿਸੇ ਤਰ੍ਹਾਂ ਦੀ ਮਰਦ ਵਿਰੋਧੀ ਭਾਸ਼ਾ ਦਾ ਪ੍ਰਯੋਗ ਨਹੀਂ ਹੋਇਆ ਨਾ ਹੀ ਔਰਤ ਦੀ ਸੁਤੰਤਰ ਭਾਸ਼ਾਈ ਮੌਲਿਕਤਾ ਪੇਸ਼ ਹੋਈ। ਕਹਾਣੀ ਦੀ ਵੱਡੀ ਖ਼ੂਬੀ ਸਹਿਜ ਜ਼ਿੰਦਗੀ ਵਿੱਚ ਔਰਤ ਮਰਦ ਦੇ ਵੱਖਰੇਵੇਂ ਵਾਲੀ ਪ੍ਰੈਕਟਿਸ ਨੂੰ ਤਲਾਸ਼ ਕੇ ਤ੍ਰਿਪਤਾ ਕੇ. ਸਿੰਘ ਨੇ ਨਾਰੀ ਨੂੰ ਵੱਖਰਾ ਵਿਦਰੋਹੀ ਨਜ਼ਰੀਆ ਦਿੱਤਾ ਹੈ। ਅਜਿਹੀ ਕਹਾਣੀ ਚੌਥੇ ਪੜਾਅ ਦੀ ਨਾਰੀ ਸਰੋਕਾਰਾਂ ਵਾਲੀ ਕਥਾ ਯਾਤਰਾ ਦਾ ਅਹਿਮ ਤੇ ਵਿਲੱਖਣ ਵਰਤਾਰਾ ਹੈ ਜਿਸਦੇ ਹੋਰ ਵਿਸਥਾਰ ਅਗਲੇ ਦੌਰ ਦੀ ਨਾਰੀ ਕਥਾਕਾਰੀ ਵਿੱਚ ਦ੍ਰਿਸ਼ਟਮਾਨ ਹੋਣੇ ਬਣਦੇ ਹਨ। ਇਹ ਰਚਨਾ ਪੰਜਾਬੀ ਬਿਰਤਾਂਤ ਦੇ ਆਦਿ ਜੁਗਾਦਿ ਪਹਿਲੂ ਕਥਾ ਰਸ ਪੱਖੋਂ, ਸਹਿਜ ਬਿਰਤਾਂਤਕ ਬਣਤਰ ਅਤੇ ਨਾਰੀ ਦ੍ਰਿਸ਼ਟੀ ਦੇ ਮੌਲਿਕ ਜਾਵੀਏ ਪੱਖੋਂ ਇਸ ਪੜਾਅ ਦੀ ਸਸ਼ਕਤ ਰਚਨਾ ਹੈ।

ਚੌਥੇ ਪੜਾਅ ਦੀ ਪੰਜਾਬੀ ਕਹਾਣੀ ਨੇ ਅਨੁਕੂਲ ਅਤੇ ਪ੍ਰਤੀਕੂਲ ਜੀਵਨ ਸਥਿਤੀਆਂ ਵਿੱਚ ਕਾਰਜਸ਼ੀਲ ਔਰਤ ਮਨ ਦੀਆਂ ਅਸੰਖ ਤਹਿਆਂ ਨੂੰ ਪੇਸ਼ ਕੀਤਾ ਹੈ। ਇਨ੍ਹਾਂ ਵਿੱਚ ਔਰਤ ਦਾ ਭਾਵੁਕ, ਚਿੰਤਨੀ, ਬੋਲਡ , ਅਡਵੈਂਚਰਿਸਟ ਹਰ ਕਿਸਮ ਦਾ ਬਿੰਬ ਪੇਸ਼ ਹੋਇਆ ਹੈ। ਪਾਰ ਜੈਂਡਰ ਦ੍ਰਿਸ਼ਟੀਕੋਣ ਤਹਿਤ ਮਰਦ ਕਹਾਣੀਕਾਰ ਵੱਲੋਂ ਨਾਰੀ ਮਨ ਦੇ ਅਬੁੱਝ ਪ੍ਰਗਟਾਵੇ ਇਸੇ ਦੌਰ ਵਿੱਚ ਪਨਪੇ ਹਨ। ਇਸ ਤਹਿਤ ਸਾਂਵਲ ਧਾਮੀ ਦੀ ਕਹਾਣੀ 'ਪੈਂਜੀ ਦੇ ਫੁੱਲ' ਜਿੱਥੇ ਅਕਾਦਮਿਕ ਖੇਤਰ ਵਿੱਚ ਪਸਰੇ ਭ੍ਰਿਸ਼ਟਾਚਾਰ ਅਤੇ ਅਨੈਤਿਕ ਵਿਹਾਰ 'ਤੇ ਚੋਟ ਕਰਦੀ ਹੈ ਉੱਥੇ ਹੀ ਇਸ ਪ੍ਰਬੰਧ ਵਿੱਚ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਨਾਰੀ ਦੇ ਵੱਖਰੇ ਪ੍ਰਤੀਕਰਮ ਰਜਿਸਟਕਰ ਕਰਦੀ ਹੈ। ਕਹਾਣੀ ਵਿੱਚ ਉੱਤਮਪੁਰਖੀ ਨਾਰੀ ਪਾਤਰ ਕਾਲਜ ਲੈਕਚਰਾਰ ਦੀ ਨੌਕਰੀ ਲਈ ਪ੍ਰੋਫੈਸਰ ਬਾਜਵਾ ਦੇ ਸੰਪਰਕ ਵਿੱਚ ਆਉਂਦੀ ਹੈ। ਪ੍ਰੋ. ਬਾਜਵਾ ਉਸ ਅਕਾਦਮਿਕ ਮਾਫੀਏ ਦਾ ਪ੍ਰਤੀਨਿਧ ਹੈ ਜਿਹੜਾ ਖੋਜ, ਅਧਿਆਪਨ ਅਤੇ ਸੰਸਥਾਵਾਂ ਦੀ ਰਗ ਰਗ ਵਿੱਚ ਫੈਲਿਆ ਹੋਇਆ ਹੈ। ਲੇਖਕ ਦੋਹਾਂ ਪਾਤਰਾਂ ਦੀ ਵਾਰਤਾਲਾਪ, ਕਾਰਜੀ ਵਿਹਾਰ ਅਤੇ ਮਾਨਸਿਕ ਉੱਥਲ ਪੁੱਥਲ ਦੁਆਰਾ ਅਕਾਦਮਿਕ ਵਿਵਸਥਾ ਵਿੱਚ ਫੈਲੀ ਇਖਲਾਕੀ ਗਿਰਾਵਟ ਦਰਜ ਕਰਦਾ ਹੈ। ਕਹਾਣੀ ਦੀ ਔਰਤ ਪਾਤਰ ਸ਼ੋਸ਼ਿਤ ਹੁੰਦਿਆਂ ਵੀ ਦੱਬੂ ਜਾਂ ਪੀੜਤ ਨਹੀਂ ਸਗੋਂ ਕਿਸੇ ਸੂਤਰਧਾਰ ਵਾਂਗ ਸਮੁੱਚੇ ਨਾਟਕੀ ਪਰਪੰਚ ਨੂੰ ਵਾਚਦੀ ਹੈ।

ਉਹ ਇਕ ਪਾਸੇ ਆਪਣੇ ਆਦਰਸ਼ਕ ਪ੍ਰੇਮੀ ਪ੍ਰਤੀ ਉਦਰੇਵੇਂ ਵਿੱਚ ਰਹਿੰਦੀ ਹੈ ਦੂਜੇ ਪਾਸੇ ਰੁਜ਼ਗਾਰ ਦੀ ਖਾਤਿਰ ਪ੍ਰੋਫੈਸਰ ਬਾਜਵਾ ਦੇ ਜਾਲ ਵਿੱਚ ਫਸਦੀ ਜਾਂਦੀ ਹੈ। ਕਹਾਣੀ ਦਾ ਸਹਿਜ ਬਿਰਤਾਂਤ ਅਤੇ ਉਤਸੁਕਤਾ ਭਰੇ ਵਸਤੂ ਵੇਰਵੇ ਪਾਠਕਾਂ ਨੂੰ ਲੰਮੀ ਹੁਨਰੀ ਕਹਾਣੀ ਦਾ ਨਵਾਂ ਮੁਹਾਵਰਾ ਪ੍ਰਦਾਨ ਕਰਦੇ ਹਨ। ਜਟਿਲ ਬਿਰਤਾਂਤਕ ਬਣਤਰ ਵਾਲੀ ਅਤੇ ਪਾਤਰਾਂ ਦੇ ਤੂਫਾਨੀ ਵੇਰਵਿਆਂ ਨੂੰ ਰੂਪਮਾਨ ਕਰਨ ਵਾਲੀ ਕਹਾਣੀ ਦੇ ਸਮਾਂਨਅੰਤਰ ਧਾਮੀ ਦੀ ਇਹ ਰਚਨਾ ਸਹਿਜ, ਸੁਭਾਵਕ ਚੱਲਦੀ ਜ਼ਿੰਦਗੀ ਦੇ ਵਰਤ ਵਰਤਾਰਿਆਂ ਵਿੱਚੋਂ 'ਕਹਾਣੀ' ਕਸ਼ੀਦਣ ਵਾਲੀ ਹੈ।

ਚੌਥੇ ਪੜਾਅ ਦੀ ਪੰਜਾਬੀ ਕਹਾਣੀ ਨੂੰ ਕਿਸਾਨੀ, ਨਾਰੀ, ਪਰਵਾਸ ਅਤੇ ਦਲਿਤ ਚਿੰਤਨ ਦੇ ਚੌਖਟਿਆਂ ਵਿੱਚ ਵੰਡਣ ਦੀ ਪਰੰਪਰਾ ਜਾਰੀ ਹੈ ਜਦਕਿ ਆਵਾਸ ਅਤੇ ਪਰਵਾਸ ਦੀ ਕਹਾਣੀ ਵਿੱਚ ਅੰਤਰ ਰਾਸ਼ਟਰੀ ਸਰੋਕਾਰ ਵੀ ਕਹਾਣੀ ਦੀ ਵਸਤੂ ਬਣੇ ਹਨ। ਇਸ ਤੋਂ ਇਲਾਵਾ ਵਿਗਿਆਨਕ ਗਲਪ, ਮੂਲੋਂ ਹਾਸ਼ੀਅਤ ਧਿਰਾਂ/ਪਾਤਰਾਂ ਦੇ ਸੰਤਾਪ, ਲੈਜਬੀਅਨ, ਸਮਲਿੰਗੀ ਮੁੱਦੇ ਵੀ ਇਸ ਪਰੰਪਰਾ ਦੀ ਕਹਾਣੀ ਦੇ ਰਚਨਾਤਮਿਕ ਪਹਿਲੂ ਬਣੇ ਹਨ। ਹਰਮਹਿੰਦਰ ਚਹਿਲ ਦੀ ਕਹਾਣੀ 'ਖੋਜ' ਦੀ ਬਿਰਤਾਂਤਕ ਲੋਕੇਲ ਅਮਰੀਕੀ ਸਮਾਜ ਹੈ ਜਿੱਥੇ ਡੋਨਰ ਸਪੱਰਮ ਦੁਆਰਾ ਮਾਂ ਕੈਟਰੀਨਾ ਦੇ ਘਰ ਪੈਦਾ ਹੁੰਦੀ ਧੀ ਸੈਫੀ ਆਪਣੀ ਪਛਾਣ ਦੇ ਸੰਕਟ ਨਾਲ ਜੂਝਦੀ ਹੈ। ਕੈਟਰੀਨਾ ਲੈਜ਼ਬੀਅਨ ਪਾਤਰ ਹੈ ਜੋ ਕਿ ਕਿਸੇ ਸਪੱਰਮ ਬੈਂਕ ਦੀ ਮਦਦ ਨਾਲ ਧੀ ਸੈਫੀ ਨੂੰ ਜਨਮ ਦਿੰਦੀ ਹੈ। ਸੈਫੀ ਜਦੋਂ ਆਪਣੀ ਅਜਿਹੀ ਹੋਂਦ ਬਾਰੇ ਚੇਤੰਨ ਹੋ ਜਾਂਦੀ ਹੈ ਤਾਂ ਆਪਣੇ ਡੋਨਰ ਪਿਤਾ ਦੀ ਤਲਾਸ਼ ਵਿੱਚ ਜੁੱਟ ਜਾਂਦੀ ਹੈ। ਇਹ ਤਲਾਸ਼ ਆਪਣੇ ਮੂਲ ਪਛਾਣ ਦੀ ਜੁਸਤਜੂ ਨਾਲ ਜੁੜੀ ਹੈ। ਕਿਰਾਏ ਦੀ ਕੁੱਖ ਅਤੇ ਸਪੱਰਮ ਡੋਨਰ ਦੁਆਰਾ ਬੱਚੇ ਦੇ ਜਨਮ ਵਾਲੇ ਅਖਤਿਆਰ ਮਨੁੱਖ ਨੇ ਆਪਣੇ ਹੱਥ ਵਿੱਚ ਕਰਕੇ ਨਵੀਆਂ ਚੁਣੌਤੀਆਂ ਪੈਦਾ ਕਰ ਲਈਆਂ ਹਨ। ਸੈਫੀ ਸਪੱਰਮ ਡੋਨਰ ਵਾਲੀ ਔਲਾਦ ਦਾ ਸੰਤਾਪ ਭੁਗਤਦੀ ਹੋਈ ਮਾਨਸਿਕ ਟੁੱਟ ਭੱਜ, ਬੇਗਾਨਗੀ ਅਤੇ ਪੇਪਛਾਣ ਹੋਣ ਦੇ ਅਹਿਸਾਸਾਂ ਵਿੱਚੋਂ ਲੰਘਦੀ ਹੈ। ਉਹ ਸਪੱਰਮ ਦਾਨ ਕਰਨ ਵਾਲੇ ਆਪਣੇ ਪਿਤਾ ਦੀ ਖੋਜ ਕਰਕੇ ਸਕੂਨ ਮਹਿਸੂਸ ਕਰਦੀ ਹੈ। ਸਮੁੱਚੀ ਕਹਾਣੀ ਪੱਛਮ ਦੀ ਪੂੰਜੀ ਪ੍ਰਧਾਨ ਜੀਵਨ ਸ਼ੈਲੀ ਵਿੱਚ ਰਵਾਇਤੀ ਸੰਸਥਾਵਾਂ ਦੀ ਟੁੱਟ ਭੱਜ, ਵਿਅਕਤੀਵਾਦ, ਨਿੱਜੀ ਆਜ਼ਾਦੀ, ਵਿਗਿਆਨ ਦੀਆਂ ਨਵੀਂਆਂ ਲੱਭਤਾਂ ਆਦਿ ਦੇ ਪ੍ਰਸੰਗ ਵਿੱਚ ਮਨੁੱਖ ਨੂੰ ਦਰਪੇਸ਼ ਪਛਾਣ ਦੇ ਨਵੇਂ ਸੰਕਟਾਂ ਦੀ ਦਾਸਤਾਨ ਹੈ। ਵਿਗਿਆਨਕ ਗਲਪ ਦੇ ਅਜਿਹੇ ਵਿਸ਼ੇ, ਪਰਵਾਸੀ ਲੋਕੇਲ ਅਤੇ ਗੈਰ ਪੰਜਾਬੀ ਪਾਤਰਾਂ ਕਹਾਣੀ ਦਾ ਹਾਸਲ ਹਨ। ਕਹਾਣੀ ਦਾ ਨਿਭਾਅ ਲਕੀਰੀ ਕਿਸਮ ਦਾ ਹੈ ਅਤੇ ਸਮੁੱਚਾ ਕਥਾ ਵਿਧਾਨ ਪਰੰਪਰਕ ਪੰਜਾਬੀ ਕਹਾਣੀ ਵਾਲੀ ਸ਼ਿਲਪੀ ਉਤਸੁਕਤਾ, ਗੋਲਾਈਦਾਰ ਬਣਤਰ, ਸੁਖਾਂਤਕ ਅੰਤ ਅਤੇ ਮੌਕਾ ਮੇਲ ਦੀਆਂ ਕਥਾ ਜੁਗਤਾਂ ਵਾਲਾ ਹੈ। ਕਹਾਣੀ ਦੇ ਸ਼ਿਲਪ-ਵਿਧਾਨ ਦੇ ਇਹ ਨੁਕਤੇ ਕਿਸੇ ਨਾ ਕਿਸੇ ਰੂਪ ਵਿੱਚ ਪੰਜਾਬੀ ਕਥਾ ਯਾਤਰਾ ਵਿੱਚ ਅਜੇ ਵੀ ਗਤੀਸ਼ੀਲ ਹਨ।

ਮੱਧਵਰਗੀ ਜੀਵ ਦਾ ਵਿਸੰਗਤੀ ਭਰਿਆ ਜੀਵਨ ਪੰਜਾਬੀ ਕਹਾਣੀ ਦੀ ਵਸਤੂ ਰਿਹਾ ਹੈ। ਚੌਥੇ ਪੜਾਅ ਦੀ ਕਹਾਣੀ ਮੱਧਵਰਗੀ ਮਨੁੱਖ ਦੀਆਂ ਚੇਸ਼ਟਾਵਾਂ ਦਾ ਵਿਸ਼ਾਲ ਸੰਸਾਰ ਸਿਰਜਦੀ ਹੈ। ਵਿਸ਼ਵੀਕਰਨ ਦੌਰਾਨ ਨਵੇਂ ਸਮਾਜਿਕ-ਸਭਿਆਚਾਰਕ ਪਰਿਵੇਸ਼ ਵਿੱਚ ਮੱਧਵਰਗ ਦਾ ਉਪਭੋਗੀ ਕਿਸਮ ਦਾ ਉਤਸ਼ਾਹੀ ਵਤੀਰਾ, ਦੰਭੀ ਜੀਵਨ ਅਤੇ ਯਥਾਰਥ ਤੋਂ ਪਲਾਇਨ ਹੋਣ ਦੇ ਸੰਤਾਪ ਅਨੇਕਾਂ ਕੋਣਾਂ ਤੋ ਪੇਸ਼ ਹੋਏ ਹਨ। ਡੇਰਾ ਕਲਚਰ ਇਸ ਵਿਵਸਥਾ ਨੂੰ ਹੋਰ ਹਵਾ ਦਿੰਦਾ ਹੈ। ਕੁਲਵੰਤ ਗਿੱਲ ਦੀ ਕਹਾਣੀ 'ਗੋਲ ਗੋਲ ਘੁੰਮਦਿਆਂ' ਮੱਧਵਰਗੀ ਸੰਸਕ੍ਰਿਤੀ ਦੇ ਪਿਛਾਂਹਖਿਚੂ ਸੰਸਕਾਰਾਂ ਦੀ ਜਕੜ ਵਿੱਚੋਂ



ਨਿਜਾਤ ਭਾਲਦਿਆਂ ਡੇਰਾ ਕਲਚਰ ਵਿੱਚ 'ਵਿਚਾਰ ਰਹਿਤ' ਜੀਵਨ ਜੀਉਣ ਦੀ ਪ੍ਰੈਕਟਿਸ ਦਾ ਬਿਰਤਾਂਤ ਹੈ। ਮਰਦ ਪ੍ਰਧਾਨ ਪਿਤਰੀ ਸੱਤਾ ਤੋਂ ਨਿਕਲ ਕੇ ਮਾਂ ਅਮ੍ਰਿਤਾ ਸਾਗਰ ਸਾਧਨ ਸੰਪੰਨ ਡੇਰੇ ਦੀ ਸੰਚਾਲਕਾ ਬਣਦੀ ਹੈ ਜਿੱਥੇ ਧਰਮ ਦੀ ਆੜ ਹੇਠਾਂ ਸ਼ਰਧਾਲੂਆਂ ਨੂੰ ਚਿੰਤਨ, ਵਿਵੇਕ ਤੇ ਵਿਚਾਰ ਰਹਿਤ ਹੋਣ ਦੇ ਪ੍ਰਵਚਨ ਸੁਣਾਏ ਜਾਂਦੇ ਹਨ। ਗੋਲ ਗੋਲ ਘੁੰਮਣ ਦਾ ਇਹ ਵਰਤਾਰਾ ਸ਼ਰਧਾਲੂਆਂ ਦੇ ਕੋਹਲੂ ਦੇ ਬੈਲ ਵਰਗੀ ਸਥਿਤੀ ਦਾ ਜਨਮਦਾਤਾ ਹੈ। ਮਾਂ ਅਮ੍ਰਿਤਾ ਸਾਗਰ ਦਿਸਦੇ ਤੌਰ 'ਤੇ ਸ਼ਾਂਤ, ਸਕੂਨ ਅਤੇ ਪਰ ਮਾਨਸਿਕ ਤੌਰ 'ਤੇ ਅਸਹਿਜ ਅਤੇ ਅਸ਼ਾਂਤ ਹੈ। ਇਕ ਪਾਸੇ ਮੱਧਵਰਗੀ ਜੀਵਨ ਸੰਸਕ੍ਰਿਤੀ ਦਾ ਦਾਬੂ ਵਿਹਾਰ ਦੂਜੇ ਪਾਸੇ ਮਰਦ ਪ੍ਰਧਾਨ ਸਮਾਜਿਕ ਵਿਵਸਥਾ ਵਿੱਚ ਔਰਤ ਦੀ ਸਥਿਤੀ ਜਿਸ ਤਰ੍ਹਾਂ ਕੌੜੇ ਸਮਾਜਿਕ ਯਥਾਰਥ ਤੋਂ ਪਲਾਇਨ ਹੋ ਕੇ ਮੁਕਤੀ ਦੇ ਗੇੜ ਚੱਕਰ ਵਿਚ ਫਸਦੀ ਹੈ ਇਸਦਾ ਬਿਰਤਾਂਤ ਕੁਲਵੰਤ ਗਿੱਲ ਨੇ ਭਾਸ਼ਾ ਦੀ ਸੰਵਾਦ ਮੁੱਖੀ ਤੇ ਬਹੁਪਾਸਾਰੀ ਵਰਤੋਂ ਦੁਆਰਾ ਕੀਤਾ ਹੈ। ਚੌਥੇ ਪੜਾਅ ਦੀ ਕਹਾਣੀ ਨੇ ਜਿਸ ਤਰ੍ਹਾਂ ਟਾਕਰਵੀਆਂ ਜੀਵਨ ਪੱਧਤੀਆਂ ਦੇ ਪ੍ਰਗਟਾਵੇ ਲਈ ਨਸ਼ਤਰੀ ਵੇਗ ਵਾਲੀ ਅਤੇ ਚਿੰਤਨ ਪ੍ਰਧਾਨ ਭਾਸ਼ਾ ਦੀ ਵਰਤੋਂ ਕੀਤੀ ਹੈ, ਇਹ ਕਹਾਣੀ ਇਸਦਾ ਪ੍ਰਮਾਣ ਹੈ। ਗਿੱਲ ਦਾ ਕਥਾ ਸੰਸਾਰ ਲਕੀਰੇ, ਇਕਹਿਰੇ ਅਤੇ ਤਰਦੇ ਤਰਦੇ ਭਾਸ਼ਾਈ ਪ੍ਰਵਚਨਾਂ ਤੋਂ ਅੱਗੇ ਜਾ ਕੇ ਗੁੱਝੇ, ਗਹਿਰੇ ਅਤੇ ਰਮਜ਼ੀ ਬਿਰਤਾਂਤ ਤੱਕ ਜਾਣ ਦਾ ਉੱਦਮ ਕਰਦਾ ਹੈ। ਇਸ ਨਾਲ ਕਹਾਣੀ ਦੇ ਅਨੇਕਾਂ ਪੂਰਵਲੇ ਪ੍ਰਤਿਮਾਨ ਢਹਿ ਢੇਰੀ ਹੁੰਦੇ ਹਨ। ਕੁਲਵੰਤ ਗਿੱਲ ਸ਼ਹਿਰੀ ਮੱਧਵਰਗੀ ਦਾਬੇ ਅਤੇ ਡੇਰਾ ਸੰਸਕ੍ਰਿਤੀ ਦੀ ਸੰਯੁਕਤੀ ਵਿਚ ਗੋਲ ਗੋਲ ਘੁੰਮ ਕੇ 'ਮੁਕਤੀ' ਭਾਲਦੇ ਪਾਤਰਾਂ ਦੇ ਤ੍ਰਾਸਦਿਕ ਜੀਵਨ ਬਿਰਤਾਂਤ ਨੂੰ ਪੇਸ਼ ਕਰਦੀ ਹੈ। ਇਸੇ ਪ੍ਰਸੰਗ ਵਿੱਚ ਸੁਖਜੀਤ ਦੀ ਕਹਾਣੀ 'ਪਾਤਸ਼ਾਹ' ਪੇਂਡੂ ਸਮਾਜਿਕ ਯਥਾਰਥ ਅੰਦਰ ਡੇਰਾ ਸੰਸਕ੍ਰਿਤੀ ਦੇ ਅਮਾਨਵੀ ਖਾਸੇ ਨੂੰ ਸੰਬੋਧਿਤ ਹੈ। ਕਹਾਣੀ ਵਿੱਚ ਡੇਰਾ ਮਾਫੀਆ ਦੇ ਸੰਚਾਲਕ ਅਖੌਤੀ ਅਧਿਆਤਮਕ ਪਰਪੰਚ ਦੀ ਆੜ ਵਿੱਚ ਪਦਾਰਥਕ ਸੁੱਖਾਂ ਅਤੇ ਨਿੱਜੀ ਲਾਲਸਾਵਾਂ ਭੋਗਦੇ ਮਿਹਨਤਕਸ਼ ਲੋਕਾਂ ਦਾ ਆਰਥਿਕ ਤੇ ਮਾਨਸਿਕ ਸ਼ੋਸ਼ਣ ਕਰਦੇ ਹਨ। ਕਹਾਣੀ ਵਿੱਚ ਮਾਸਟਰ ਅਜੈਬ ਸਿੰਘ ਦਾ ਪਿਤਾ ਅਮਰ ਸਿੰਘ ਦੁਨਿਆਵੀ 'ਮੋਹ ਮਾਇਆ' ਤੋਂ ਨਿਰਲੇਪ ਹੋ ਕੇ ਆਪਣੀ ਜ਼ਮੀਨ ਡੇਰੇ ਨੂੰ ਸਮਰਪਿਤ ਕਰ ਦਿੰਦਾ ਹੈ। ਡੇਰੇ ਦੇ ਸੰਚਾਲਕ ਅਧਿਆਤਮਿਕਤਾ ਦੇ ਓਹਲੇ ਵਿੱਚ ਜ਼ਮੀਨ ਦੇ ਵਾਰਿਸ ਬਣ ਕੇ ਅਜੈਬ ਸਿੰਘ ਨੂੰ ਨਿੱਜੀ ਤੇ ਪਰਿਵਾਰਕ ਯਾਤਨਾਵਾਂ ਦਿੰਦੇ ਹਨ। ਕਹਾਣੀ ਦੇ ਅੰਤ ਵਿੱਚ ਅਜੈਬ ਸਿੰਘ ਇਸ ਵਰਤਾਰੇ ਵਿਰੁੱਧ ਵਿਦਰੋਹੀ ਸੁਰ ਅਖਤਿਆਰ ਕਰਦਾ ਡੇਰੇਦਾਰਾਂ ਦੀ ਅਖੌਤੀ ਰੂਹਾਨੀਅਤ ਨੂੰ ਚੁਣੌਤੀ ਦਿੰਦਾ ਹੈ। ਸੁਖਜੀਤ ਦੀ ਕਹਾਣੀ ਡੇਰੇਧਾਰੀ ਲੋਕਾਂ ਵੱਲੋਂ ਹਿਪਟੋਨਾਈਜ਼ ਕੀਤੇ ਭੋਲੇ ਭਾਲੇ ਲੋਕਾਂ ਦੀ ਵੇਦਨਾ ਦਾ ਪ੍ਰਗਟਾਵਾ ਕਰਦੀ ਧਾਰਮਿਕ ਸੰਸਥਾਵਾਂ ਵਿੱਚ ਹੁੰਦੇ ਅਧਰਮੀ ਵੇਰਵਿਆਂ ਦੀ ਪ੍ਰਸਤੁਤੀ ਕਰਦੀ ਹੈ। ਆਧੁਨਿਕ ਪੂੰਜੀਵਾਦੀ ਸਮਾਜਿਕ ਵਿਵਸਥਾ ਦੇ ਮਾਰੂ ਪ੍ਰਬੰਧ ਵਿੱਚ ਘਿਰੇ ਮਨੁੱਖ ਦਾ ਵਰਤਮਾਨ ਤੋਂ ਪਲਾਇਨ ਹੋ ਕੇ ਮੁਕਤੀ ਦੀ ਕੁੱਖ ਵਿੱਚ ਭਟਕਣਾ ਹੀ ਡੇਰੇਦਾਰਾਂ ਨੂੰ 'ਪਾਤਸ਼ਾਹ' ਬਣਾ ਦਿੰਦਾ ਹੈ। ਇੰਝ ਉਕਤ ਦੋਵੇਂ ਕਹਾਣੀਆਂ ਸ਼ਹਿਰੀ ਅਤੇ ਪੇਂਡੂ ਸਮਾਜਿਕ ਪੁੱਠ ਵਿੱਚ ਪਨਪਦੀ ਡੇਰਾ ਸੰਸਕ੍ਰਿਤੀ ਦੇ ਵੱਖਰੇ ਅਮਾਨਵੀ ਪਾਸਾਰ ਪੇਸ਼ ਕਰਦੀਆਂ ਹਨ।

ਬੇਸ਼ੱਕ ਪੰਜਾਬੀ ਕਹਾਣੀ ਦਾ ਵੱਡਾ ਰਚਨਾਤਮਿਕ ਸਰੋਤ ਪਿੰਡ ਰਿਹਾ ਹੈ ਪਰ ਮੱਧਵਰਗੀ ਸ਼ਹਿਰੀ ਜੀਵਨ ਵੀ ਇਸਦੀ ਜੱਦ ਵਿੱਚ ਰਿਹਾ ਹੈ। ਕਈ ਰਚਨਾਵਾਂ ਸ਼ਹਿਰ ਅਤੇ ਪਿੰਡ ਦੇ ਮਨੋ ਵਿਗਿਆਨ ਦਾ ਦਵੰਦ ਪੇਸ਼ ਕਰਨ ਦੇ ਨਾਲ ਨਾਲ ਦੋ ਵਿਰੋਧੀ ਸੰਸਕ੍ਰਿਤਕ ਵਿਹਾਰ ਦਾ ਦਵੰਦ ਪੇਸ਼ ਕਰਨ ਵਾਲੀਆਂ ਹਨ। ਮੱਧਵਰਗੀ ਜੀਵਨ ਵਿੱਚ ਦੋ ਵੱਖਰੀਆਂ ਸੰਸਕ੍ਰਿਤੀਆਂ ਵਾਲੇ ਦੰਪਤੀ ਜੋੜੇ ਦੇ

ਮਨੋ ਸੰਤਾਪ ਪੇਸ਼ ਕਰਨ ਵਿੱਚ ਭਗਵੰਤ ਰਸੂਲਪੁਰੀ ਦੀ ਕਹਾਣੀ 'ਰੰਗਾਂ ਦੀ ਸਾਂਝਸਮਾਜ ਵਿਗਿਆਨ' ਨਿਵੇਕਲੀ ਬਿਰਤਾਂਤਕ ਬਣਤਰ ਵਾਲੀ ਹੈ। ਲੇਖਕ ਨੇ ਦੋ ਸੰਸਕ੍ਰਿਤੀਆਂ ਦੇ ਸੰਚਾਰ ਪ੍ਰਬੰਧ ਵਿੱਚ ਵੱਖ ਵੱਖ ਰੰਗਾਂ ਪ੍ਰਤੀ ਮਨੁੱਖ ਦੀ ਮਨੋ ਵਿਗਿਆਨਕ ਸਮਝ ਨੂੰ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਪਿਆਰ ਵਿਆਹ ਕਰਵਾਉਣ ਵਾਲੇ ਦਲਿਤ ਪ੍ਰਫੈਸਰ ਨਰਿੰਦਰ ਨਾਗ ਅਤੇ ਅਖੌਤੀ ਉੱਚ ਜਾਤੀ ਵਰਗ ਤੋਂ ਉਨ੍ਹਾਂ ਦੀ ਵਿਦਿਆਰਥਣ ਪੂਜਾ ਵੱਲੋਂ ਆਪੋ ਆਪਣੀ ਕਲਾਕਾਰੀ ਵਿੱਚ ਉਲਟ ਵਸਤੂ ਚੋਣ ਅਤੇ ਰੰਗਾਂ ਦੀ ਵਿਰੋਧੀ ਵਰਤੋਂ ਉਨ੍ਹਾਂ ਦੇ ਪਿਆਰ ਭਾਵ ਵਾਲੇ ਜੀਵਨ ਸਮੀਕਰਣ ਵਿਗਾੜ ਦਿੰਦੀ ਹੈ। ਇਸ ਦੌਰਾਨ ਕਬੀਲਿਆਂ ਦੀ ਕਲਾਕਾਰੀ ਕਰਨ ਵਾਲੀ ਕਿਰਨ ਪ੍ਰਫੈਸਰ ਨਾਲ ਹਮਖਿਆਲ ਹੋ ਜਾਂਦੀ ਹੈ ਅਤੇ ਦੋਵੇਂ ਹਾਸ਼ੀਅਤ ਜੀਵਨ ਯਥਾਰਥ ਨੂੰ ਆਪਣੀ ਕਲਾ ਵਿੱਚ ਪ੍ਰਗਟਾਉਂਦੇ ਹਨ। ਇਹ ਵਰਤਾਰਾ ਪੂਜਾ ਅੰਦਰ ਬੇਗਾਨਗੀ ਭਰ ਦਿੰਦਾ ਹੈ ਅਤੇ ਉਹ ਮਾਨਸਿਕ ਤੌਰ 'ਤੇ ਖੰਡਿਤ ਹੋ ਜਾਂਦੀ ਹੈ। ਦੰਪਤੀ ਜੀਵਨ ਵਿੱਚ ਦੋ ਸੰਸਕ੍ਰਿਤੀਆਂ ਦਾ ਤਣਾਅ, ਟਕਰਾਅ ਅਤੇ ਦਵੰਦ ਰੰਗਾਂ ਦੇ ਮਾਧਿਅਮ ਨਾਲ ਰੂਪਮਾਨ ਕਰਕੇ ਲੇਖਕ ਮਨੁੱਖ ਦੇ ਭਾਰੂ ਜਾਤੀ/ਜਮਾਤੀ ਅਵਚੇਤਨ 'ਤੇ ਪਹਿਰਾ ਦਿੰਦਾ ਹੈ। ਦਲਿਤ ਕਹਾਣੀ ਦੇ ਰਵਾਇਤੀ ਪੈਟਰਨ ਵਿੱਚ ਦਲਿਤ ਪਾਤਰ ਦੀ ਮਾਨਸਿਕ ਟੁੱਟ ਭੱਜ, ਭੇਦਭਾਵ ਵਾਲੀ ਵਿਵਸਥਾ ਵਿੱਚ ਅਜਨਬੀ ਜਾਂ ਸਮਾਜ ਦੀ ਮੁਖ ਧਾਰਾ ਤੋਂ ਲਤਾੜੀ ਸਥਿਤੀ ਭਾਰੂ ਰਹੀ ਹੈ। ਇਸ ਨਾਲ ਕਹਾਣੀ ਵਿੱਚ ਗੋਲ ਤੇ ਚਪਟੇ ਪਾਤਰ ਅਤੇ ਨਿਸ਼ਚਿਤ ਕਿਸਮ ਦੀ ਕਥਾ ਦ੍ਰਿਸ਼ਟੀ ਨਮੂਦਾਰ ਰਹੀ ਹੈ ਪਰ ਇਹ ਕਹਾਣੀ ਦਲਿਤ ਪਾਤਰ ਦੇ ਅਵਚੇਤਨ ਨੂੰ ਫੜਨ ਦੇ ਨਾਲ ਨਾਲ ਗੈਰ ਦਲਿਤ ਪਾਤਰਾਂ ਲਈ ਬਰਾਬਰ ਸਪੇਸ ਰੱਖ ਕੇ ਤੁਰਦੀ ਹੈ। ਸੰਵਾਦ ਦੀ ਜੁਗਤ ਨਾਲ ਲੇਖਕ 'ਰੰਗਾਂ ਦੀ ਸਾਂਝ' ਲਈ ਇਕ ਮੰਚ ਮੁਹੱਇਆ ਕਰਦਾ ਹੈ ਪਰ 'ਰੰਗਾਂ' ਦੇ ਡੁੱਲਣ ਪਿੱਛੇ ਮਨੁੱਖ ਦਾ ਵਿਅਕਤੀਵਾਦ ਨਹੀਂ ਸਗੋਂ ਮਨੁੱਖੀ ਜਾਤਾਂ/ਜਮਾਤਾਂ ਪਿੱਛੇ ਖੜ੍ਹੇ ਅਵਚੇਤਨੀ ਪਾਸਾਰਾਂ ਵੱਲ ਧਿਆਨ ਦਿਵਾਇਆ ਹੈ।

ਕੁੱਲ ਮਿਲਾ ਕੇ ਉਕਤ ਕਹਾਣੀਆਂ ਵਿੱਚ ਥੀਮ ਦੇ ਗੁੱਛੇਦਾਰ ਪ੍ਰਵਚਨ ਕਹਾਣੀ ਦੀਆਂ ਚਿੰਤਨੀ ਤੰਦਾਂ ਨੂੰ ਡੂੰਘੇ ਤੇ ਸਮਤਲ ਰੁੱਖ ਫੈਲਾਉਂਦੇ ਹਨ। ਪਾਤਰ ਗੋਲ ਚਪਟੇ ਜਾਂ ਨੱਕ ਦੀ ਸੇਧ ਚੱਲਣ ਵਾਲੇ ਨਹੀ, ਸਗੋਂ ਇਕ ਬੰਦੇ ਅੰਦਰ ਬੈਠੇ ਅਨੇਕਾਂ ਬੰਦਿਆਂ ਨੂੰ ਰੇਖਾਂਕਿਤ ਕਰਦੇ ਹਨ। ਮਰਦ ਅਤੇ ਨਾਰੀ ਪਾਤਰਾਂ ਦੀ ਵਿਸ਼ੇਸ਼ ਹੋਂਦ ਤੇ ਹਸਤੀ ਇਨ੍ਹਾਂ ਕਹਾਣੀਆਂ ਵਿੱਚ ਝਲਕਦੀ ਹੈ ਜੋ ਕਿ ਸਮੁੱਚੇ ਕਹਾਣੀ ਪ੍ਰਵਾਹ ਦਾ ਮਹੱਤਪੂਰਨ ਅੰਗ ਬਣਨ ਦੇ ਸਮਰੱਥ ਹੈ। ਪੰਜਾਬੀ ਸਮਾਜ ਦੇ ਬਹੁਵੰਨੇ ਅਨੁਭਵਾਂ ਦੇ ਨਾਲ ਨਾਲ ਮਾਨਵੀ ਸੁਰਤ ਦੀਆਂ ਭਿੜਦੀਆਂ ਪਰਿਸਥਤਿਆਂ, ਪਾਤਰਾਂ ਦੇ ਮੌਲਿਕ ਕਥਾ ਉਚਾਰ, ਭਾਸ਼ਾਈ ਰਮਜ਼ਾਂ ਵਾਲੇ ਬਿਰਤਾਂਤ ਅਤੇ ਕਥਾ ਰਸ ਇਨ੍ਹਾਂ ਕਹਾਣੀ ਦਾ ਕੇਂਦਰੀ ਲੱਛਣ ਹਨ। ਇਨ੍ਹਾਂ ਰਚਨਾਵਾਂ ਵਿੱਚ ਨਵੇਂਪਣ ਦੇ ਨਾਲ ਨਾਲ ਪੂਰਵਲੀ ਕਹਾਣੀ ਦੇ ਅਨੇਕਾਂ ਅੰਸ਼ ਮੌਜੂਦ ਹਨ। ਆਧੁਨਿਕ ਪੰਜਾਬੀ ਕਹਾਣੀ ਦੇ ਮੁੱਢਲੇ ਆਦਰਸ਼ਵਾਦ ਸੁਧਾਰਵਾਦ ਅਤੇ ਪ੍ਰਗਤੀਵਾਦੀ ਕਹਾਣੀ ਦੇ ਰਚਨਾ ਪ੍ਰਤਿਮਾਨ ਕਿਸੇ ਨਾ ਕਿਸੇ ਰੂਪ ਵਿੱਚ ਇਨ੍ਹਾਂ ਕਹਾਣੀਆਂ ਦਾ ਹਿੱਸਾ ਹਨ। ਇਸਦੇ ਨਾਲ ਪ੍ਰਤਿਮਾਨ ਮੂਲਕ ਕਹਾਣੀ, ਹੁਨਰੀ ਕਹਾਣੀ, ਲੰਮੇਂ ਆਕਾਰ ਦੀ ਕਹਾਣੀ ਵਾਲੇ ਰੂਪਕੀ ਲੱਛਣਾਂ ਸਮੇਤ ਕਿਸਾਨੀ ਸੰਕਟ, ਨਾਰੀ ਸਰੋਕਾਰ, ਡੇਰਾ ਸੰਸਕ੍ਰਿਤੀ, ਮੱਧਵਰਗੀ ਜੀਵਨ ਬੋਧ, ਪਰਵਾਸੀ ਚੇਤਨਾ, ਹਾਸ਼ੀਅਤ ਜੀਵਨ ਯਥਾਰਥ ਆਦਿ ਵਿਸ਼ੇ ਇਨ੍ਹਾਂ ਰਚਨਾਵਾਂ ਦਾ ਕੇਂਦਰ ਬਣੇ ਹਨ।

**ਹਵਾਲੇ ਅਤੇ ਟਿੱਪਣੀਆਂ**


1. ਜੋਗਿੰਦਰ ਸਿੰਘ ਰਾਹੀ, ਰਮਿੰਦਰ ਕੌਰ, ਪੰਜਾਬੀ ਕਹਾਣੀ ਦਾ ਸਫ਼ਰ ਤੇ ਸ਼ਾਸਤ੍ਰ, ਪੰਨਾ, 163
2. ਡਾ. ਬਲਦੇਵ ਸਿੰਘ ਧਾਲੀਵਾਲ, ਪੰਜਵੇਂ ਪੜਾਅ ਦੇ ਨਕਸ਼ਾਂ ਦੀ ਸਪੱਸ਼ਟ ਨਿਸ਼ਾਨਦੇਹੀ ਕਰਦੀ ਪੰਜਾਬੀ ਕਹਾਣੀ, ਨਵਾਂ ਜ਼ਮਾਨਾ 27 ਦਸੰਬਰ, 2020
3. "ਪੰਜਾਬੀ ਕਹਾਣੀ ਦੀ ਇਤਿਹਾਸਕਾਰੀ", ਸੰਪਾਦਕ, ਸੁਖਵਿੰਦਰ ਸਿੰਘ ਰੰਧਾਵਾ, ਗਲਪ ਚਿੰਤਨ, ਪੰਨਾ 24.




# ਜਿੰਦਰ ਦੀ ਕਹਾਣੀ 'ਮੀਤੂ ਜ਼ਿੰਦਾਬਾਦ' : ਇਕ ਪੜ੍ਹਤ


–ਸਤਿੰਦਰ ਔਲਖ


ਜਿੰਦਰ ਦੀ ਕਹਾਣੀ 'ਮੀਤੂ ਜਿੰਦਾਬਾਦ' ਅਜਿਹੇ ਆਧੁਨਿਕ ਮਨੁੱਖ ਦੇ ਮਨ ਦੇ ਦਵੰਦ ਦੀ ਅਕਾਸੀ ਕਰਦੀ ਹੈ ਜਿਸਨੂੰ ਇਕ ਪਾਸੇ ਆਪਣੀ ਨਿੱਜੀ ਸੁਤੰਤਰਤਾ ਏਨੀ ਪਿਆਰੀ ਹੈ ਕਿ ਉਹ ਕਿਸੇ ਦੇ ਅਧੀਨ ਰਹਿਣਾ ਪਸੰਦ ਨਹੀਂ ਕਰਦਾ। ਉਸਦੇ ਮਨ ਦਾ ਦੂਜਾ ਹਿੱਸਾ ਆਪਣੇ ਪੁੱਤ, ਨੂੰਹ, ਪੋਤੇ ਨਾਲ ਰਹਿਣਾ ਚਾਹੁੰਦਾ ਹੈ ਕਿਉਂਕਿ ਉਹ ਇੱਕਲੇ ਰਹਿ ਦੇ ਅੱਕ ਥੱਕ ਗਿਆ ਹੈ। ਕਿਹਾ ਜਾਂਦਾ ਹੈ ਕਿ ਮਿਥ ਪੁਰਾਤਨ ਸਮੇਂ ਵਿਚ ਉਦੋਂ ਹੋਂਦ ਵਿਚ ਆਈ ਜਦੋਂ ਸਾਹਿਤ ਮੌਖਿਕ ਤੌਰ ਤੇ ਰਚਿਆ ਜਾ ਕੇ ਇਸੇ ਤਰ੍ਹਾਂ ਪ੍ਰਚਲਿਤ ਰਹਿੰਦਾ ਸੀ। ਮਿਥ ਕਥਾਵਾਂ ਗ੍ਰੰਥਾਂ ਦਾ ਹਿੱਸਾ ਬਣਕੇ ਵੀ ਮੌਖਿਕ ਤਰੀਕੇ ਨਾਲ ਪ੍ਰਚਲਿਤ ਰਹਿੰਦੀਆਂ ਸਨ। ਮਿਥ ਅੱਜ ਵੀ ਬਣਦੀ ਹੈ। ਸਾਡੇ ਸਮਕਾਲੀ ਸਮੇਂ ਨੇ ਬਹੁਤ ਸਾਰੀਆਂ ਮਿੱਥਾਂ ਨੂੰ ਜਨਮ ਦਿੱਤਾ ਹੈ ਜਿਵੇਂ ਲੋਕਤੰਤਰ ਸਭ ਤੋਂ ਚੰਗੀ ਰਾਜ-ਪ੍ਰਣਾਲੀ ਹੈ ਤੇ ਤਾਨਾਸ਼ਾਹੀ ਸਭ ਤੋਂ ਭੈੜਾ ਰਾਜਤੰਤਰ। ਆਧੁਨਿਕ ਮਨੁੱਖ ਦੀ ਨਿੱਜੀ ਸੁਤੰਤਰਤਾ ਬਹੁਤ ਵੱਡੀ ਤੇ ਕੀਮਤੀ ਵਸਤੂ ਹੈ, ਇਸ ਲਈ ਹਰ ਮਨੁੱਖ ਨੂੰ ਸੁਤੰਤਰ ਰਹਿਣ ਦੀ ਲੋੜ ਤੇ ਹੱਕ ਹੈ। ਮਨੁੱਖ ਨੇ ਕਦੋਂ ਪਹਿਲਾਂ ਝੁੰਡਾਂ, ਫਿਰ ਕਬੀਲਿਆਂ ਤੇ ਉਸਤੋਂ ਬਾਅਦ ਪਰਿਵਾਰਾਂ ਵਿਚ ਰਹਿਣਾ ਆਰੰਭ ਕੀਤਾ ਇਸ ਬਾਰੇ ਪੱਕਾ ਸਮਾਂ ਤਾਂ ਚਾਹੇ ਨਿਰਧਾਰਿਤ ਨਹੀਂ ਕੀਤਾ ਜਾ ਸਕਦਾ ਪਰ ਇਹ ਜ਼ਰੂਰ ਹੈ ਕਿ ਮਨੁੱਖ ਇਕੱਲੇ ਰਹਿਣ ਨਾਲੋਂ ਦੂਜਿਆਂ ਨਾਲ ਰਹਿਣ ਵਕਤ ਵੱਧ ਸੁਰੱਖਿਅਤ ਅਨੁਭਵ ਕਰਦਾ ਰਿਹਾ ਹੈ। ਦੂਜਿਆਂ ਨਾਲ ਰਹਿਣ ਸਮੇਂ ਵਿਅਕਤੀ ਨੂੰ ਆਪਣੀ ਕੁਝ ਸੁਤੰਤਰਤਾ ਦਾ ਤਿਆਗ ਕਰਨਾ ਪੈਂਦਾ ਹੈ। ਪਰ ਜੇ ਨਿਜੀ ਸੁਤੰਤਰਤਾ ਵੱਧ ਪਿਆਰੀ ਹੋ ਜਾਵੇ ਤਾਂ ਦੂਜਿਆਂ ਨਾਲ ਰਹਿਣਾ ਮੁਸ਼ਕਿਲ ਹੀ ਨਹੀਂ ਅਸੰਭਵ ਹੋ ਜਾਂਦਾ ਹੈ। ਇਸ ਗੱਲ ਵਿਚੋਂ ਸਾਂਝੇ ਪਰਿਵਾਰ ਹੌਲੀ ਹੌਲੀ ਖ਼ਤਮ ਹੋ ਰਹੇ ਹਨ। ਬੱਚੇ ਥੋੜ੍ਹੇ ਜਿਹੇ ਵੱਡੇ ਹੋ ਕੇ ਮਾਂ ਬਾਪ ਤੋਂ ਵੱਖ ਰਹਿਣਾ ਪਸੰਦ ਕਰਦੇ ਹਨ ਤੇ ਵੱਡੀ ਉਮਰ ਦੇ ਬਜ਼ੁਰਗ ਵੀ ਇਕੱਲੇ ਰਹਿੰਦੇ ਹਨ। ਆਰਥਿਕ ਤੌਰ ਤੇ ਇਕ ਦੂਜੇ ਤੇ ਨਿਰਭਰ ਨਾ ਹੋਣ ਕਰਕੇ ਆਪਣੇ ਵਸੀਲਿਆਂ ਦੇ ਆਧਾਰ ਤੇ ਵਿਅਕਤੀ ਇਕੱਲਾ ਰਹਿ ਸਕਦਾ ਹੈ। ਇੰਗਲੈਂਡ ਵਰਗੇ ਬਹੁਤੇ ਪੱਛਮੀ ਦੇਸ਼ਾਂ ਵਿਚ ਰਹਿੰਦੇ ਵਿਅਕਤੀਆਂ ਲਈ ਇਹ ਹੋਰ ਵੀ ਆਸਾਨ ਹੈ ਜਿਥੇ ਬੁਢਾਪਾ ਪੈਨਸ਼ਨ ਤੇ ਸਿਹਤ ਸੇਵਾਵਾਂ ਦੀ ਸਹੂਲੀਅਤ ਕਰਕੇ ਵੱਡੀ ਉਮਰ ਦੇ ਵਿਅਕਤੀ ਨੂੰ ਵੀ ਆਰਥਕ ਸੁਤੰਤਰਤਾ ਕਰਕੇ ਇੱਕਲੇ ਰਹਿਣ ਵਿਚ ਕੋਈ ਮੁਸ਼ਕਿਲ ਪੇਸ਼ ਨਹੀਂ ਆਉਂਦੀ ਤੇ ਉਸਨੂੰ ਆਪਣੇ ਪੁੱਤ ਪੋਤਿਆਂ ਨਾਲ ਰਹਿਣ ਦੀ ਜ਼ਰੂਰਤ ਮਹਿਸੂਸ ਨਹੀਂ ਹੁੰਦੀ। 'ਮੀਤੂ ਜ਼ਿੰਦਾਬਾਦ' ਕਹਾਣੀ ਇਸੇ ਪਿਛੋਕੜ ਵਿਚ ਅਰਥ ਗ੍ਰਹਿਣ ਕਰਦੀ ਹੈ। ਇਹ ਯਥਾਰਥ ਇਹਨਾਂ ਸਾਧਾਰਣ ਹੈ ਕਿ ਕਹਾਣੀ ਦੇ ਪੂਰੇ ਅਰਥਾਂ ਨੂੰ ਉਜਾਗਰ ਨਹੀਂ ਕਰਦਾ। ਜਿਵੇਂ ਮਿਥ ਵਿਚ ਯਥਾਰਥ ਤੇ ਕਲਪਨਾ ਦਾ ਸੁਮੇਲ ਹੁੰਦਾ ਹੈ ਤੇ ਯਥਾਰਥ ਕਈ ਪ੍ਰਤੀਕਾਂ ਦੇ ਪਿਛੇ ਛੁਪਿਆ ਹੁੰਦਾ ਹੈ ਇਸੇ ਤਰ੍ਹਾਂ ਜ਼ਿੰਦਰ ਦੀ ਕਹਾਣੀ ਵਿਚ ਵੀ ਯਥਾਰਥ ਤੇ ਕਲਪਨਾ ਦੇ ਸੁਮੇਲ ਵਿਚੋਂ ਹੀ ਇਸ ਦੇ ਅਰਥ ਉਜਾਗਰ ਹੁੰਦੇ ਹਨ। ਇਸੇ ਵਿਚੋਂ ਹੀ ਮੀਤੂ/ਮਲਕੀਤ ਇਕੋ ਵਿਅਕਤੀ ਵਿਚ ਕਿਉਂ ਰਹਿੰਦੇ ਹਨ, ਕਿਵੇਂ ਰਹਿੰਦੇ ਹਨ, ਇਹ ਪਤਾ ਚਲਦਾ ਹੈ।

ਮੀਤੂ/ਮਲਕੀਤ ਇਕੋ ਵਿਅਕਤੀ ਦੇ ਦੋ ਨਾਂ ਹਨ ਜੋ ਉਸਦੇ ਵਿਅਕਤੀਤਵ ਦੇ ਦੋ ਪੱਖਾਂ ਤੇ ਰੌਸ਼ਨੀ ਪਾਉਂਦੇ ਹਨ। ਉਹ ਇਕ ਪਲ ਮੀਤੂ ਹੁੰਦਾ ਹੈ ਤੇ ਦੂਜੇ ਪਲ ਮਲਕੀਤ, ਉਸਦੇ ਇਹ ਦੋਹੇਂ ਨਾਂ ਉਸਦੇ ਵਿਅਕਤੀਤਵ ਤੇ ਮਨ ਵਿਚ ਪਏ ਦੋਫਾੜ ਦੇ ਚਿਹਨ ਹਨ। ਮਲਕੀਤ ਜ਼ਿੰਦਗੀ ਵਿਚ ਸਮਝੌਤਾ ਕਰਕੇ ਜਿਉਣ ਵਾਲਾ ਹੈ ਤੇ ਮੀਤੂ ਕਿਸੇ ਦੀ ਧੌਂਸ ਮੰਨਣ ਨੂੰ ਕਦੇ ਤਿਆਰ ਨਹੀਂ ਹੁੰਦਾ। ਉਹ ਆਪਣੇ ਬਾਪ, ਪੁੱਤਰ, ਨੂੰਹ, ਧੀ ਜਾਂ ਪੋਤਾ ਕਿਸੇ ਨਾਲ ਨਹੀਂ ਰਹਿ ਸਕਦਾ ਕਿਉਂਕਿ ਉਸਨੂੰ ਡਰ ਲੱਗਿਆ ਰਹਿੰਦਾ ਹੈ ਕਿ ਉਹ ਉਸਤੇ ਰੋਹਬ ਪਾਉਣ ਦਾ ਯਤਨ ਕਰਨਗੇ। ਇਸੇ ਸੁਭਾ ਕਾਰਣ ਉਹ ਆਪਣੇ ਦੋਸਤਾਂ ਤੇ ਵਿਉਪਾਰ ਵਿਚ ਆਪਣੇ ਸਾਥੀਆਂ ਦਾ ਸਾਥ ਗੁਆ ਲੈਂਦਾ ਹੈ। ਜ਼ਿੰਦਗੀ ਵਿਚ ਬਾਰ ਬਾਰ ਗਲਤੀਆਂ ਕਰਦਾ ਹੈ ਕਿਉਂਕਿ ਉਹਨੂੰ ਉਥੋਂ ਵੀ ਡਰ ਲਗਦਾ ਹੈ ਜਿਥੇ ਅਜਿਹਾ ਡਰ ਨਹੀਂ ਵੀ ਹੁੰਦਾ। ਉਸਦੇ ਮਨ ਦਾ ਇਕ ਹਿੱਸਾ ਆਪਣੇ ਪੁੱਤ ਨੂੰਹ ਨਾਲ ਰਹਿਣਾ ਤੇ ਪੋਤੇ ਨਾਲ ਖੇਡਣਾ ਚਾਹੁੰਦਾ ਹੈ। ਉਸਦੀ ਢਲਦੀ ਉਮਰ ਉਸਨੂੰ ਇਹ ਫੈਸਲਾ ਕਰਨ ਨੂੰ ਕਹਿ ਰਹੀ ਹੈ ਕਿ ਹੁਣ ਉਸਨੂੰ ਆਪਣੇ ਪਰਿਵਾਰ ਨਾਲ ਰਹਿਣਾ ਚਾਹੀਦਾ ਹੈ ਪਰ ਉਸਦੇ ਅੰਦਰ ਦਾ ਮੀਤੂ ਉਸਨੂੰ ਇਹ ਕਰਨ ਨਹੀਂ ਦਿੰਦਾ।

ਮਲਕੀਤ ਦੇ ਮਨ ਅੰਦਰ ਮੀਤੂ ਦਾ ਜਨਮ ਕਿਵੇਂ ਹੋਇਆ ਇਹਨੂੰ ਸਮਝਣ ਲਈ ਮਨੋਵਿਗਿਆਨ ਦੀ ਸਹਾਇਤਾ ਲੈਣੀ ਪਵੇਗੀ। ਮਨੋਵਿਗਿਆਨ ਅਨੁਸਾਰ ਵਿਅਕਤੀ ਦੇ ਮਨ ਵਿਚ ਕੁੱਝ ਹਾਲਾਤਾਂ ਕਾਰਣ ਬਚਪਨ ਵਿਚ ਹੀ ਕੁੱਝ ਮਨੋਗਾਢਾਂ ਪੈ ਜਾਂਦੀਆਂ ਹਨ। ਬਚਪਨ ਵਿਚ ਕਈ ਵਾਰ ਬੱਚੇ ਦੀ ਕਿਸੇ ਵੱਡੀ ਇੱਛਾ ਨੂੰ ਜਬਰਦਸਤੀ ਠੁਕਰਾਇਆ ਜਾਂਦਾ ਹੈ ਜਾਂ ਉਸ ਨਾਲ ਕੋਈ ਅਜਿਹੀ ਸਖ਼ਤੀ ਕੀਤੀ ਜਾਂਦੀ ਹੈ ਜੋ ਕਰਨ ਦੀ ਲੋੜ ਨਹੀਂ ਹੁੰਦੀ ਜਾਂ ਉਸਨੂੰ ਬੁਰੀ ਤਰ੍ਹਾਂ ਝਿੜਕਿਆ ਜਾਂਦਾ ਹੈ ਕਿ ਇਹ ਉਸਨੂੰ ਆਪਣੇ ਪੂਰੇ ਵਜੂਦ ਤੇ ਵਿਅਕਤੀਤਵ ਦਾ ਅਪਮਾਨ ਲੱਗਦਾ ਹੈ ਜਾਂ ਉਸਤੇ ਉਹ ਝੂਠ ਬੋਲਣ ਦਾ ਇਲਜ਼ਾਮ ਲਾਇਆ ਜਾਂਦਾ ਹੈ ਜੋ ਉਸਨੇ ਬੋਲਿਆ ਨਹੀਂ ਹੁੰਦਾ ਜਾਂ ਉਸਨੇ ਆਪਣੇ ਆਪ ਨੂੰ ਬਚਾਉਣ ਲਈ ਬੋਲਿਆ ਹੁੰਦਾ ਹੈ। ਉਸਨੂੰ ਕਈ ਵਾਰ ਉਸ ਗਲਤੀ ਦੀ ਸਜਾ ਦਿੱਤੀ ਜਾਂਦੀ ਹੈ ਜੋ ਉਸਨੇ ਕੀਤੀ ਹੀ ਨਹੀਂ ਹੁੰਦੀ। ਬਹੁਤ ਵਾਰ ਘਰ ਦੇ ਵੱਡੇ ਉਸਦੀ ਕਹੀ ਗੱਲ ਤੇ ਵਿਸ਼ਵਾਸ ਨਹੀਂ ਕਰਦੇ ਕਿਉਂਕਿ ਉਹਨਾਂ ਨੂੰ ਲੱਗਦਾ ਹੈ ਕਿ ਉਹ ਸਜ਼ਾ ਤੋਂ ਬਚਣ ਲਈ ਝੂਠ ਦਾ ਸਹਾਰਾ ਲੈ ਰਿਹਾ ਹੈ। ਬਹੁਤ ਸਾਰੇ ਘਰਾਂ ਵਿਚ ਬੱਚੇ ਨੂੰ ਝਿੜਕਣਾ, ਛੋਟੀ ਜਿਹੀ ਗਲਤੀ ਤੇ ਥੱਪੜ ਮਾਰਨਾ ਜਾਂ ਉਸ ਨਾਲ ਸਖ਼ਤੀ ਕਰਨਾ ਉਸਨੂੰ ਅਨੁਸ਼ਾਸਨ ਵਿਚ ਰੱਖਣ ਲਈ ਜ਼ਰੂਰੀ ਮੰਨਿਆ ਜਾਂਦਾ ਹੈ। ਇਹਨਾਂ ਸਾਰੀਆਂ ਗੱਲਾਂ ਦਾ ਅਰਥ ਹੈ ਕਿ ਵੱਡੇ ਕਦੇ ਨਹੀਂ ਸੋਚਦੇ ਕਿ ਬੱਚੇ ਦਾ ਵੀ ਆਤਮ ਸਨਮਾਨ ਹੁੰਦਾ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਉਸਦੇ ਮਨ ਤੇ ਕਦੇ ਨਾ ਮਿਟਣ ਵਾਲੇ ਦਾਗ ਛੱਡ ਜਾਂਦੀਆਂ ਹਨ ਜੋ ਮਨੋਗੰਢ ਦਾ ਰੂਪ ਧਾਰ ਲੈਂਦੀਆਂ ਹਨ। ਬਚਪਨ ਵਿਚ ਹੀ ਬੱਚੇ ਦੇ ਸੰਸਕਾਰ ਬਣਦੇ ਹਨ, ਉਸਦੀ ਸੋਚ ਤੇ ਸੁਭਾ ਦਾ ਵਿਕਾਸ ਹੁੰਦਾ ਹੈ। ਕਹਾਣੀ ਵਿਚਲਾ ਮਲਕੀਤ ਵੀ ਦੱਸਦਾ ਹੈ ਕਿ ਉਸਦੇ ਮਨ ਅੰਦਰ ਮੀਤੂ ਉਦੋਂ ਪੈਦਾ ਹੋਇਆ ਜਦੋਂ ਬਚਪਨ ਵਿਚ ਉਸਦੇ ਪਿਤਾ ਵਲੋਂ ਲਾਇਆ ਗਿਆ ਚੋਰੀ ਦਾ ਇਲਜ਼ਾਮ ਸਹੀ ਨਹੀਂ ਸੀ। ਉਸਦੇ ਕਹੇ ਤੇ ਵਿਸ਼ਵਾਸ ਨਹੀਂ ਕੀਤਾ ਗਿਆ ਤੇ ਪਿਤਾ ਵਲੋਂ ਉਸਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਉਸਨੂੰ ਆਪਣੇ ਪਿਤਾ ਸਾਹਮਣੇ ਆਪਣੀ ਕਮਜ਼ੋਰ ਸਥਿਤੀ ਦਾ ਆਭਾਸ ਹੋਇਆ, ਉਸਦੇ ਆਤਮ ਸਨਮਾਨ ਨੂੰ ਠੇਸ ਲੱਗੀ, ਇਸ ਸਥਿਤੀ ਵਿਚੋਂ ਹੀ ਉਸਦੇ ਮਨ ਵਿਚ ਮੀਤੂ ਪੈਦਾ ਹੋਇਆ। ਮਨ ਵਿਚ ਮੀਤੂ ਦਾ



ਜਾਗਣਾ ਉਸਦੀ ਸਵੈ-ਰੱਖਿਆ ਦਾ ਉਹ ਹਥਿਆਰ ਹੈ ਜੋ ਉਹ ਉਸ ਵੇਲੇ ਵਰਤਦਾ ਹੈ ਜਦੋਂ ਉਸਨੂੰ ਆਪਣੀ ਨਿੱਜ ਦੀ ਸੁਤੰਤਰਤਾ ਖ਼ਤਮ ਹੋਣ, ਦੂਜੇ ਵਲੋਂ ਹੀਣਾ ਸਮਝੇ ਜਾਣ ਜਾਂ ਉਸਦਾ ਰੋਹਬ ਝੱਲਣ ਦੇ ਡਰ ਦਾ ਖਤਰਾ ਮਹਿਸੂਸ ਹੁੰਦਾ ਹੈ। ਇਹੀ ਭਾਵ ਉਸਦੇ ਮਨ ਵਿਚ ਉਸਤੇ ਧੋਂਸ ਜਮਾਉਣ ਵਾਲੇ ਪ੍ਰਤੀ ਗੁੱਸਾ, ਨਫਰਤ ਤੇ ਬੇਗਾਨਗੀ ਦੀ ਭਾਵਨਾ ਪੈਦਾ ਕਰਦਾ ਹੈ। ਮਲਕੀਤ ਸਾਰੀ ਉਮਰ ਆਪਣੇ ਪਿਤਾ ਨੂੰ ਸਨਮਾਨ ਨਹੀਂ ਦੇ ਸਕਿਆ ਤੇ ਨਾ ਹੀ ਇਸ ਮਨੋਗੰਢ ਤੋਂ ਕਦੀ ਬਾਹਰ ਆ ਸਕਿਆ। ਹੁਣ ਜਦੋਂ ਵੀ ਉਸਨੂੰ ਇਹ ਲੱਗਦਾ ਹੈ ਕਿ ਉਸਨੂੰ ਕਿਸੇ ਦੀ ਈਨ ਮੰਨਣੀ ਪੈ ਸਕਦੀ ਹੈ ਤਾਂ ਉਸਦੇ ਅੰਦਰ ਦਾ ਮੀਤੂ ਜਾਗ ਉਠਦਾ ਹੈ।

ਮੀਤੂ ਯਾਨੀ ਮਲਕੀਤ ਦੇ ਵਿਅਕਤੀਤਵ ਦਾ ਦੂਜਾ ਪੱਖ ਸਮਝੌਤਾ ਕਰਨ ਵਾਲਾ ਹੈ ਪਰ ਕਈ ਵਾਰ ਉਸ ਦੇ ਉਸ ਸਮਝੌਤੇ ਦੇ ਪਿਛੇ ਉਸਦਾ ਕੋਈ ਲਾਭ ਜਾ ਸਵਾਰਥ ਛੁਪਿਆ ਹੁੰਦਾ ਹੈ। ਉਹ ਬਹੁਤ ਸਾਲ ਪਹਿਲਾਂ ਵਿਆਹ ਦੇ ਆਧਾਰ ਤੇ ਇੰਗਲੈਂਡ ਆਇਆ ਸੀ। ਰਿਸ਼ਤਾ ਉਸਦੇ ਪਿਤਾ ਵਲੋਂ ਤਹਿ ਕੀਤਾ ਗਿਆ ਸੀ। ਉਹ ਉਸ ਵਕਤ ਕਿਸੇ ਹੋਰ ਨੂੰ ਪਿਆਰ ਕਰਦਾ ਸੀ ਤੇ ਉਸ ਨਾਲ ਵਿਆਹ ਕਰਵਾ ਕੇ ਆਪਣੀ ਜ਼ਿੰਦਗੀ ਜਿਊਣਾ ਚਾਹੁੰਦਾ ਸੀ। ਉਸ ਵਕਤ ਉਸਦੇ ਮਨ ਅੰਦਰ ਬੈਠਾ ਮੀਤੂ ਚੁੱਪ ਕਰ ਗਿਆ ਕਿਉਂਕਿ ਉਸਦੇ ਮਨ ਵਿਚ ਇੰਗਲੈਂਡ ਜਾਣ ਦਾ ਲਾਲਚ ਆ ਗਿਆ ਸੀ। ਜਿਸ ਪਿਤਾ ਨੂੰ ਉਹ ਆਪਣੇ ਮਨ ਵਿਚ ਟਿੱਚ ਕਰਕੇ ਜਾਣਦਾ ਸੀ ਉਸਦੇ ਸਾਹਮਣੇ ਉਸ ਵਕਤ ਉਸਨੂੰ ਬੋਲਣ ਦੀ ਲੋੜ ਨਹੀਂ ਲੱਗੀ। ਪੰਜਾਬੀ ਲੋਕਾਂ ਦੇ ਮਨ ਵਿਚ ਇੰਗਲੈਂਡ ਵਰਗੇ ਪੱਛਮੀ ਦੇਸ਼ ਸੁਪਨੇ ਸਾਕਾਰ ਕਰਨ ਵਾਲੇ ਦੇਸ਼ ਹਨ। ਇਥੇ ਮਿਹਨਤ ਕਰਕੇ ਹੀ ਸਹੀ ਵੱਧ ਪੈਸੇ ਕਮਾਏ ਜਾ ਸਕਦੇ ਹਨ ਤੇ ਹਰ ਉਹ ਸੁਪਨਾ ਪੂਰਾ ਕੀਤਾ ਜਾ ਸਕਦਾ ਹੈ ਜਿਸਦਾ ਸੰਬੰਧ ਪੈਸੇ ਨਾਲ ਹੈ। ਇਥੋਂ ਦਾ ਖੁੱਲ੍ਹਾ ਮਾਹੌਲ ਪਰੰਪਰਾਗਤ ਸਮਾਜ ਵਿਚ ਵਸਦੇ ਮਨੁੱਖ ਲਈ ਇਕ ਖਾਸ ਕਿਸਮ ਦੀ ਸੁਤੰਤਰਤਾ ਦਾ ਅਹਿਸਾਸ ਕਰਵਾਉਂਦਾ ਹੈ ਖਾਸ ਤੌਰ ਤੇ ਲਿੰਗਕ ਸੰਬਧਾਂ ਵਿਚ ਖੁੱਲ੍ਹ ਔਰਤਾਂ ਦਾ ਖੁੱਲੇ ਆਮ ਤੁਰਨਾ ਫਿਰਨਾ, ਉਹਨਾਂ ਦਾ ਪਹਿਰਾਵਾ ਆਦਿ ਭਾਰਤੀ ਲੋਕਾ ਦੇ ਮਨ ਵਿਚ ਆਕਰਸ਼ਣ ਦਾ ਕਾਰਣ ਬਣਦਾ ਹੈ। ਜੀਵਨ ਦੀਆਂ ਸੁੱਖ ਸਹੂਲਤਾਂ, ਪੈਸੇ ਦੀ ਕਮੀ ਨਾ ਹੋਣਾ, ਬੁਢਾਪਾ ਪੈਨਸ਼ਨ, ਸਿਹਤ ਸੰਭਾਲ ਸੰਬੰਧੀ ਪ੍ਰਬੰਧ ਇੱਕਲੇ ਵਿਅਕਤੀ ਦੇ ਮਨ ਵਿਚ ਵੀ ਸੁਰੱਖਿਆ ਦੀ ਭਾਵਨਾ ਪੈਦਾ ਕਰਦੇ ਹਨ ਕਿਉਂਕਿ ਇਹਨਾਂ ਕਰਕੇ ਉਸਨੂੰ ਕਿਸੇ ਤੇ ਨਿਰਭਰ ਹੋਣ ਦੀ ਲੋੜ ਨਹੀਂ ਰਹਿੰਦੀ। ਉਹ ਸੁਤੰਤਰ ਰਹਿ ਕੇ ਆਪਣੀ ਜ਼ਿੰਦਗੀ ਆਪਣੀ ਇੱਛਾ ਅਨੁਸਾਰ ਜਿਊਂ ਸਕਦੇ ਹਨ।

ਪੈਸੇ ਬਹੁਤ ਹੋਣ ਦੀ ਗੱਲ ਉਸਦੇ ਮਨ ਤੇ ਇਹਨੀ ਭਾਰੂ ਹੈ ਕਿ ਉਹ ਆਪਣੇ ਪੁਰਾਣੇ ਸ਼ਹਿਰ ਲੁਧਿਆਣੇ ਜਾ ਕੇ ਆਪਣੇ ਇਲਾਕੇ ਵਿਚ ਛਾ ਜਾਣਾ ਚਾਹੁੰਦਾ ਹੈ। ਆਪਣੀ ਪਤਨੀ ਬਲਬੀਰੋ ਦੀ ਕਿਸੇ ਹਾਦਸੇ ਵਿਚ ਮੌਤ ਤੋਂ ਕੁੱਝ ਸਮੇਂ ਬਾਅਦ ਉਹ ਲੁਧਿਆਣੇ ਜਾਣ ਦਾ ਫੈਸਲਾ ਕਰਦਾ ਹੈ। ਇੰਗਲੈਂਡ ਰਹਿੰਦੇ ਹੋਏ ਉਹਦੇ ਵੱਲੋਂ ਲੁਧਿਆਣੇ ਤੋਂ ਇੰਗਲੈਂਡ ਆਉਣ ਵਾਲੇ ਦੋਸਤਾਂ ਮਿੱਤਰਾਂ ਦਾ ਖਿਆਲ ਰੱਖਣਾ, ਉਹਨਾਂ ਨੂੰ ਛੁੱਟੀ ਲੈ ਕੇ ਘੁਮਾਉਣਾ, ਉਹਨਾਂ ਦੀ ਸ਼ਾਪਿੰਗ ਕਰਵਾਉਣਾ ਆਦਿ ਕਈ ਤਰੀਕਿਆਂ ਨਾਲ ਉਹਨਾਂ ਨੂੰ ਖੁਸ਼ ਰੱਖਣ ਦਾ ਯਤਨ ਬੇਮਕਸਦ ਨਹੀ ਸੀ। ਉਹਨੂੰ ਲਗਦਾ ਸੀ ਕਿ ਉਸਦੇ ਬਹੁਤ ਸਾਰੇ ਦੋਸਤ ਮਿੱਤਰ ਹਨ ਜੋ ਉਸਦੀ ਉਥੇ ਰਹਿਣ ਤੇ ਉਥੇ ਕੋਈ ਕੰਮ ਕਰਨ ਵਿਚ ਉਸਦੇ ਸਹਾਇਕ ਹੋਣਗੇ। ਉਸ ਕੋਲ ਪੈਸੇ ਦੀ ਕਮੀ ਨਹੀਂ ਸੀ। ਉਹ ਲੁਧਿਆਣੇ ਜਾ ਕੇ 3000 ਗਜ਼ ਜ਼ਮੀਨ ਇੰਡਸਟਰੀਅਲ ਏਰੀਏ ਵਿਚ

ਖਰੀਦਦਾ ਹੈ। ਫਲੈਕਸ ਦੀਆਂ ਪੰਜ ਮਸ਼ੀਨਾਂ ਕੋਰੀਆ ਤੋਂ ਮੰਗਵਾਉਂਦਾ ਹੈ। ਉਸਦੇ ਦੋਸਤ ਕੰਮ ਕਰਨ ਵਾਲੇ ਬੰਦੇ ਉਸਨੂੰ ਦਿੰਦੇ ਹਨ ਤੇ ਮਹੀਨਿਆਂ ਵਿਚ ਉਹ ਆਪਣੇ ਪੈਰਾਂ ਤੇ ਖੜੋ ਜਾਂਦਾ ਹੈ। ਉਸਨੂੰ ਕੰਮ ਦਾ ਘਾਟਾ ਨਹੀਂ ਰਹਿੰਦਾ। ਉਸਦੇ ਘਰ ਰੋਜ਼ ਸ਼ਾਮ ਨੂੰ ਮਹਿਫ਼ਲ ਜੁੜਨ ਲਗਦੀ ਹੈ, ਦੇਰ ਰਾਤ ਤੱਕ ਦੌਰ ਚਲਦੇ ਰਹਿੰਦੇ ਹਨ। ਉਹਦੇ ਵੀਹ ਕੁ ਦੋਸਤ ਸਨ ਤੇ ਇਕ ਉਸਦੀ ਤਰ੍ਹਾਂ ਫਲੈਕਸ ਦਾ ਹੀ ਕੰਮ ਕਰਦਾ ਸੀ। ਇਸਨੇ ਘੱਟ ਰੇਟ ਤੇ ਇਕ ਵਾਰ ਇਕ ਵੱਡਾ ਆਰਡਰ ਬੁੱਕ ਕਰ ਲਿਆ। ਉਸ ਦੋਸਤ ਨੇ ਇਸਤੇ ਇਤਰਾਜ਼ ਕੀਤਾ ਪਰ ਉਸਦੇ ਅੰਦਰ ਦਾ ਮੀਤੂ ਜਾਗ ਉਠਿਆ ਤੇ ਉਸਨੇ ਉਸ ਦੋਸਤ ਨੂੰ ਆਪਣਾ ਵਿਰੋਧੀ ਬਣਾ ਲਿਆ। ਉਸ ਦੋਸਤ ਨੇ ਇਕ ਇਕ ਕਰਕੇ ਉਸ ਦੇ ਉਹ ਸਾਰੇ ਦੋਸਤ ਪੁੱਟ ਲਏ ਜਿਹਨਾਂ ਦੀ ਦੋਸਤੀ ਤੇ ਉਹਨੂੰ ਮਾਣ ਸੀ। ਉਸਦੇ ਘਰ ਮਹਿਫ਼ਲ ਜੰਮਣ ਦੀ ਬਜਾਇ ਕਿਸੇ ਹੋਰ ਘਰ ਮਹਿਫ਼ਲ ਜੰਮਣ ਲੱਗੀ। ਉਹ ਸਾਰੇ ਦੋਸਤ ਉਸਦੇ ਦੁਸ਼ਮਣ ਬਣ ਗਏ, ਉਸਦੀ ਫੈਕਟਰੀ ਤੇ ਗੈਰ-ਕਾਨੂੰਨੀ ਛਾਪੇ ਮਰਵਾਏ ਗਏ। ਉਸਦੀ ਮਾਂ ਮਰਨ ਤੇ ਉਸਦੇ ਵੀਹ ਦੋਸਤਾਂ ਵਿਚੋਂ ਸਿਰਫ ਤਿੰਨ ਹੀ ਅਫਸੋਸ ਕਰਨ ਆਏ। ਉਸਦੇ ਮਨ ਵਿਚ ਮੀਤੂ ਸ਼ੇਰ ਬਣਿਆ ਹੋਇਆ ਸੀ ਜਿਸ ਕਰਕੇ ਉਹ ਕੁੱਝ ਦੇਰ ਡਟਿਆ ਰਿਹਾ ਪਰ ਫਿਰ ਉਹਦਾ ਮਨ ਉਚਾਟ ਹੋ ਗਿਆ ਤੇ ਉਹ ਵਾਪਿਸ ਇੰਗਲੈਂਡ ਆ ਗਿਆ। ਇਸ ਸਾਰੀ ਘਟਨਾ ਦਾ ਅਰਥ ਹੈ ਕਿ ਅੱਜ ਕੱਲ੍ਹ ਰਿਸ਼ਤੇ ਹਿੱਤਾਂ ਨਾਲ ਜੁੜੇ ਹੋਏ ਹਨ। ਪੂੰਜੀਵਾਦੀ ਸਮਾਜ ਵਿਚ ਵੱਧ ਪੈਸਾ ਕਮਾਉਣ ਦੀ ਇੱਛਾ ਮੁਕਾਬਲੇਬਾਜ਼ੀ ਵਿਚ ਬਦਲ ਗਈ ਹੈ ਇਸ ਲਈ ਦੋਸਤੀ, ਪਿਆਰ, ਰਿਸ਼ਤੇ ਸਭ ਆਪਣੇ ਆਪਣੇ ਹਿੱਤਾਂ ਨਾਲ ਜੁੜੇ ਹੋਏ ਹਨ ਪਰ ਮਲਕੀਤ ਦੇ ਮਨ ਵਿਚ ਰਿਸ਼ਤਿਆਂ ਦਾ ਉਹ ਸੰਕਲਪ ਤੇ ਮੋਹ ਜਿੰਦਾ ਸੀ ਜੋ ਕੁਝ ਸਾਲ ਪਹਿਲਾਂ ਦੇ ਸਭਿਆਚਾਰ ਲਈ ਠੀਕ ਮੰਨਿਆ ਜਾ ਸਕਦਾ ਹੈ। ਉਹ ਆਪ ਵੀ ਪੈਸੇ ਦੇ ਜੋਰ ਤੇ ਹੀ ਛਾ ਜਾਣਾ ਚਾਹੁੰਦਾ ਸੀ, ਉਹ ਆਪ ਵੀ ਤਾਂ ਬਦਲ ਗਿਆ ਸੀ। ਇਹਨੇ ਸਾਲਾਂ ਵਿਚ ਇਥੇ ਪੰਜਾਬ ਵਿਚ ਵੀ ਇਕ ਹੋਰ ਪੀੜੀ ਜਵਾਨ ਹੋ ਗਈ ਸੀ। ਜਿਸ ਦਾ ਜ਼ਿੰਦਗੀ ਬਾਰੇ ਨਜ਼ਰੀਆ ਤੇ ਮੁੱਲ ਵੱਖਰੇ ਸਨ। ਮਨੁੱਖੀ ਕਦਰਾਂ ਕੀਮਤਾਂ ਵਿਚ ਤਬਦੀਲੀ ਆ ਚੁੱਕੀ ਸੀ। ਹੁਣ ਇਸ ਪੀੜ੍ਹੀ ਲਈ ਵੱਧ ਤੋਂ ਵੱਧ ਪੈਸਾ ਕਮਾਉਣਾ ਤੇ ਕਿਸੇ ਤਰ੍ਹਾਂ ਵੀ ਕਮਾਉਣਾ ਉਸੇ ਤਰ੍ਹਾਂ ਦਾ ਮੁੱਲ ਬਣ ਚੁੱਕਿਆ ਸੀ ਜਿਸ ਤਰ੍ਹਾਂ ਦਾ ਪੱਛਮ ਦੇ ਪੂੰਜੀਵਾਦੀ ਸਮਾਜ ਵਿਚ। ਇਸ ਤਰ੍ਹਾਂ ਦੇ ਮਾਹੌਲ ਵਿਚ ਸਭ ਤੋਂ ਵੱਧ ਘਾਣ ਹੁੰਦਾ ਹੈ ਰਿਸ਼ਤਿਆਂ ਵਿਚਲੇ ਪਿਆਰ ਦਾ, ਮਨੁੱਖਾਂ ਵਿਚੋਂ ਮਨੁੱਖਤਾ ਦਾ। ਮਾਨਵਵਾਦੀ ਕੀਮਤਾਂ, ਪਿਆਰ, ਹਮਦਰਦੀ, ਅਪੱਣਤ ਦਾ ਦਿਖਾਵਾ ਤਾਂ ਕੀਤਾ ਜਾਂਦਾ ਹੈ ਪਰ ਰਿਸ਼ਤਿਆਂ ਦਾ ਮਸ਼ੀਨੀਕਰਣ ਹੋ ਜਾਂਦਾ ਹੈ।

ਇਸ ਕਹਾਣੀ ਵਿਚ ਇਕ ਹੋਰ ਸਮੱਸਿਆਕਾਰ ਦਾ ਜੋ ਨਿਰੂਪਣ ਹੋਇਆ ਹੈ ਉਹ ਵੀ ਬਹੁਤ ਮਹੱਤਵਪੂਰਨ ਹੈ। ਵਿਸ਼ਵ ਦੇ ਗਲੋਬਲ ਪਿੰਡ ਬਣਨ ਤੋਂ ਬਾਅਦ ਇਕ ਤੋਂ ਦੂਜੇ ਦੇਸ਼ ਵਿਚ ਜਾਣਾ ਤੇ ਉਥੇ ਵੱਸਣਾ ਚਾਹੇ ਆਮ ਤੇ ਸਾਧਾਰਣ ਵਰਤਾਰਾ ਹੋ ਗਿਆ ਹੈ। ਬਹੁਤ ਸਾਰੇ ਪੰਜਾਬੀ ਤੇ ਭਾਰਤੀ ਲੋਕ ਬਹੁਤ ਸਮੇਂ ਤੋਂ ਪਰਵਾਸ ਕਰ ਰਹੇ ਹਨ। ਉਹ ਪੱਛਮੀ ਦੇਸ਼ਾਂ ਦੀ ਚਮਕ ਦਮਕ, ਸੁਖਾਲੀ ਜ਼ਿੰਦਗੀ, ਕਾਨੂੰਨ ਵਿਵਸਥਾ, ਸੁੱਖ ਸਹੂਲਤਾਂ ਤੇ ਖੁੱਲ੍ਹੇ ਡੁੱਲੇ ਮਾਹੋਲ ਤੋਂ ਪ੍ਰਭਾਵਿਤ ਵੀ ਹੁੰਦੇ ਹਨ ਪਰ ਇਸ ਦੇ ਬਾਵਜੂਦ ਉਹ ਆਪਣੇ ਪਿੰਡ, ਆਪਣੇ ਇਲਾਕੇ, ਆਪਣੇ ਸਭਿਆਚਾਰ ਨਾਲ ਮਾਨਸਿਕ ਤੌਰ ਤੇ ਜੁੜੇ ਰਹਿੰਦੇ ਹਨ। ਉਹ ਸਮਝਦੇ ਹਨ ਕਿ ਉਹ ਸਿਰਫ ਪੈਸੇ ਕਮਾਉਣ ਲਈ ਉਥੇ ਆਏ ਹਨ। ਨਸਲਵਾਦ ਕਰਕੇ ਉਹ ਘਟੀਆਪਣ ਦੇ



ਅਹਿਸਾਸ ਨਾਲ ਘਿਰੇ ਹੁੰਦੇ ਹਨ। ਪੈਸੇ ਕਮਾ ਕੇ ਕੁੱਝ ਸਾਲਾਂ ਵਿਚ ਜਦੋਂ ਉਹ ਅਮੀਰ ਹੋ ਜਾਂਦੇ ਹਨ ਤਾਂ ਆਪਣੇ ਪਿੰਡ ਜਾਂ ਇਲਾਕੇ ਵਿਚ ਆਪਣੀ ਖੁਸ਼ਹਾਲੀ ਦਿਖਾਉਣ ਲਈ ਇਕ ਸ਼ਾਨਦਾਰ ਕੋਠੀ ਖੜੀ ਜਰੂਰ ਕਰਦੇ ਹਨ ਚਾਹੇ ਉਥੇ ਆ ਕੇ ਵੱਸਣ ਜਾਂ ਨਾਂ। ਮਲਕੀਤ ਦਾ ਆਪਣੀ ਮਾਂ ਕੋਲ ਆ ਕੇ ਰਹਿਣਾ ਤੇ ਇਥੇ ਤਿੰਨ ਹਜ਼ਾਰ ਗੱਜ ਜ਼ਮੀਨ ਲੈ ਕੇ ਕੰਮ ਸ਼ੁਰੂ ਕਰਨਾ ਉਸੇ ਭੂ-ਹੇਰਵੇ ਵਿਚੋਂ ਨਿਕਲਿਆ ਵਰਤਾਰਾ ਹੈ। ਚਾਲ੍ਹੀ ਪੰਜਾਹ ਸਾਲ ਪਹਿਲਾਂ ਭਾਰਤ ਛੱਡ ਕੇ ਗਏ ਇਹਨਾਂ ਲੋਕਾਂ ਦੇ ਮਨ ਵਿਚ ਵਸਿਆ ਭੂ-ਹੇਰਵਾ ਇਹ ਸੋਚਣ ਹੀ ਨਹੀਂ ਦਿੰਦਾ ਕਿ ਹੁਣ ਹਾਲਾਤ ਇਥੇ ਵੀ ਬਦਲ ਗਏ ਹਨ। ਤੁਸੀਂ ਆਪਣੇ ਪੈਸੇ ਖਰਚ ਕੇ ਕਿਸੇ ਨਾਲ ਵੀ ਦੋਸਤੀ ਬਣਾ ਸਕਦੇ ਹੋ ਪਰ ਇਹ ਦੋਸਤੀ ਮਨ ਦੀ ਸਾਂਝ ਨਾਲ ਜੁੜੀ ਨਹੀਂ ਹੁੰਦੀ। ਮਲਕੀਤ ਨਾਲ ਵੀ ਇਹੀ ਵਾਪਰਦਾ ਹੈ। ਉਸਦੇ ਮਨ ਵਿਚ ਸਾਂਝੇ ਪਰਿਵਾਰਾਂ ਵਿਚ ਇੱਕਠੇ ਰਹਿਣ ਦਾ ਮੋਹ ਅਜੇ ਵੀ ਜਿਉਂਦਾ ਹੈ। ਉਸਦਾ ਮਨ ਕਰਦਾ ਹੈ ਕਿ ਉਹ ਆਪਣੇ ਪੁੱਤਰ, ਨੂੰਹ ਤੇ ਪੋਤਿਆਂ ਨਾਲ ਰਹੇ ਪਰ ਇਸਦੇ ਲਈ ਉਸਨੂੰ ਆਪਣੀ ਹਉਮੈ ਅਰਥਾਤ ਮਨ ਵਿਚਲੇ ਮੀਤੂ ਤੇ ਉਸਦੇ ਨਾਲ ਜੁੜੀ ਅਸੁਰੱਖਿਆ ਦੀ ਭਾਵਨਾ ਦਾ ਤਿਆਗ ਕਰਨਾ ਜਰੂਰੀ ਹੈ।

ਮੀਤੂ ਉਸਦੇ ਮਨ ਦਾ ਉਹ ਹਿੱਸਾ ਹੈ ਜੋ ਆਪਣੀਆਂ ਸ਼ਰਤਾਂ ਦੇ ਨਾਲ ਜਿਉਣਾ ਆਪਣਾ ਹੱਕ ਸਮਝਦਾ ਹੈ। ਉਹ ਕਿਸੇ ਦੀ ਈਨ ਨਹੀਂ ਮਨ ਸਕਦਾ, ਕਿਸੇ ਦੇ ਰੋਹਬ ਥੱਲੇ ਨਹੀਂ ਜਿਉਂ ਸਕਦਾ, ਜਿਸਦੇ ਲਈ ਉਸਦੀ ਜਿੱਦ, ਇੱਛਾ, ਸੁਤੰਤਰਤਾ ਸਭ ਤੋਂ ਉਪਰ ਹੈ ਤੇ ਇਸੇ ਵਿਚ ਉਸਨੂੰ ਆਪਣੀ ਸ਼ਾਨ ਨਜ਼ਰ ਆਉਂਦੀ ਹੈ। ਮੀਤੂ ਉਸ ਤੋਂ ਕਈ ਗਲਤੀਆਂ ਕਰਵਾਉਂਦਾ ਹੈ। ਆਪਣੇ ਪੁੱਤਰ ਨਾਲ ਹੋਏ ਝਗੜੇ ਵਿਚ ਵੀ ਉਹ ਆਪਣੇ ਪੁੱਤਰ ਨੂੰ ਹੀ ਗਲਤ ਸਮਝਦਾ ਰਿਹਾ ਹੈ ਜਦੋਂ ਕਿ ਗਲਤੀ ਉਸ ਦੀ ਵੀ ਸੀ। ਉਸਨੇ ਪੜ੍ਹਾਈ ਲਈ ਗ੍ਰੀਨਫੋਰਡ ਗਏ ਆਪਣੇ ਪੁੱਤਰ ਨੂੰ ਘਰ ਖ਼ਰੀਦ ਕੇ ਉਸਤੇ ਘਰ ਦੀਆਂ ਕਿਸ਼ਤਾਂ ਉਤਾਰਨ ਦਾ ਬੋਝ ਪਾਇਆ ਜਿਸ ਕਾਰਣ ਉਸਦੇ ਪੁੱਤਰ ਵਿਕਾਸ ਨੂੰ ਡਿਗਰੀ ਲੈਣ ਵਿਚ ਦੋ ਦੀ ਥਾਂ ਚਾਰ ਸਾਲ ਲੱਗੇ। ਬੇਟੇ ਨੇ ਜਦੋਂ ਗੁੱਸਾ ਦਿਖਾਇਆ ਤਾਂ ਉਸਦੇ ਅੰਦਰ ਮੀਤੂ ਜਾਗ ਪਿਆ। ਬੇਟੇ ਨਾਲ ਗੱਲਬਾਤ ਤਕ ਬੰਦ ਹੋ ਗਈ। ਉਹ ਇਕ ਦੂਜੇ ਨੂੰ ਕਈ ਸਾਲ ਨਾ ਮਿਲੇ। ਉਸਨੇ ਵਿਆਹ ਵੀ ਆਪਣੀ ਮਰਜ਼ੀ ਨਾਲ ਬਿਨਾਂ ਬਾਪ ਨੂੰ ਦਸੇ ਕਰਵਾ ਲਿਆ। ਮਲਕੀਤ ਦੇ ਮਨ ਵਿਚ ਜਦੋਂ ਮੀਤੂ ਭਾਰੂ ਹੁੰਦਾ ਹੈ ਤਾਂ ਉਹ ਕਿਸੇ ਦੀ ਨਹੀਂ ਸੁਣਦਾ, ਕਿਸੇ ਤੇ ਵਿਸ਼ਵਾਸ ਨਹੀਂ ਕਰਦਾ। ਉਸ ਦੇ ਮਨ ਵਿਚ ਜਦੋਂ ਦੂਜੇ ਤੋਂ ਘੱਟ ਤਾਕਤਵਰ ਹੋਣ ਦਾ ਅਹਿਸਾਸ ਪੈਦਾ ਹੁੰਦਾ ਹੈ ਤਾਂ ਉਸਦੀ ਕਮੀ ਉਹ ਆਪਣੇ ਅੰਦਰ ਦਾ ਮੀਤੂ ਜਗਾ ਕੇ ਪੂਰੀ ਕਰਦਾ ਹੈ ਤੇ ਆਪਣੀ ਜਿੱਦ ਵਿਚ ਕਿਸੇ ਦੀ ਪਰਵਾਹ ਨਹੀਂ ਕਰਦਾ ਕਿਉਂਕਿ ਉਸਦੇ ਅੰਦਰ ਦਾ ਮੀਤੂ ਆਪਣੀਆਂ ਸ਼ਰਤਾਂ ਤੇ ਜਿਉਣ ਵਾਲਾ ਬੰਦਾ ਹੈ, ਉਹ ਸਮਝੌਤਾ ਨਹੀਂ ਕਰਦਾ, ਕਰ ਹੀ ਨਹੀਂ ਸਕਦਾ।

ਮਲਕੀਤ ਜਿਸ ਐਵੀਨਿਊ ਵਿਚ ਰਹਿੰਦਾ ਹੈ ਉਥੇ ਹੋਰ ਵੀ ਕਈ ਲੋਕ ਰਹਿੰਦੇ ਹਨ ਜੋ ਉਸ ਦੇ ਮੁਕਾਬਲੇ ਵਿਚ ਅਨਪੜ੍ਹ ਕਿਸਮ ਦੇ ਹਨ ਤੇ ਪਿਛਲੀ ਉਮਰ ਵਿਚ ਇੰਗਲੈਂਡ ਆਏ ਹਨ। ਉਹਨਾਂ ਵਿਚੋਂ ਕਈ ਉਸਨੂੰ ਪਾਰਕ ਵਿਚ ਸੈਰ ਕਰਦੇ ਮਿਲ ਜਾਂਦੇ, ਉਸ ਨੂੰ ਜੀ ਕਰਕੇ ਬੁਲਾਉਂਦੇ। ਉਹ ਇਥੇ ਨੂੰਹ-ਪੁੱਤ ਦੇ ਸਤਾਏ ਹੋਏ ਸਨ ਜੋ ਪੈਨਸ਼ਨ ਦੇ ਲਾਲਚੀ ਹਨ। ਉਹ ਵਾਰ ਵਾਰ ਆਪਣੇ ਪਿੱਛੇ ਨੂੰ ਯਾਦ ਕਰਦੇ ਤੇ ਸੋਚਦੇ ਕਿ ਵਾਪਸ ਚਲੇ ਜਾਣ ਜਾਂ ਇਥੇ ਰਹਿਣ-ਇਸ ਦੁਚਿੱਤੀ ਵਿਚ ਹੀ ਉਹ ਫਸੇ ਰਹਿੰਦੇ। ਇਹਨਾਂ ਦੀਆਂ ਬਹੁਤੀਆਂ ਸਮੱਸਿਆਵਾਂ ਦਾ ਹੱਲ

ਮਲਕੀਤ ਕਰ ਦਿੰਦਾ ਅਰਥਾਤ ਉਹਨਾਂ ਵਿਚੋਂ ਇਹ ਸਿਆਣਾ ਵਿਅਕਤੀ ਸੀ। ਉਹ ਉਸਦਾ ਆਦਰ ਮਾਣ ਕਰਦੇ ਸਨ ਤੇ ਕਦੇ ਕਦੇ ਉਸਦੇ ਘਰ ਆ ਕੇ ਮਹਿਫ਼ਲ ਵੀ ਲਗਾਉਂਦੇ, ਉਸਦਾ ਜੀਅ ਲੱਗਿਆ ਰਹਿੰਦਾ। ਨੂੰਹ-ਪੁੱਤ ਕੋਲ ਜਾਣ ਦੇ ਫੈਸਲੇ ਕਰਨ ਨਾਲ ਉਹਨੂੰ ਇਹ ਸਭ ਯਾਦ ਆ ਰਿਹਾ ਸੀ। ਉਸਦਾ ਇਕ ਪੱਕਾ ਦੋਸਤ ਹੈ ਕਲਸੀ। ਉਸਨੂੰ ਮਲਕੀਤ ਦਾ ਅਚੇਤਨ-ਸਵੈ ਕਿਹਾ ਜਾ ਸਕਦਾ ਹੈ। ਕਲਸੀ ਉਸ ਦੀ ਤਰ੍ਹਾਂ ਇਕੱਲਾ ਰਹਿੰਦਾ ਹੈ। ਉਹ ਆਪਣੀ ਜ਼ਿੰਦਗੀ ਆਪਣੇ ਹਿਸਾਬ ਨਾਲ ਜਿਉਂਦਾ ਹੈ ਤੇ ਉਹੀ ਕੁੱਝ ਕਰਦਾ ਹੈ ਜਿਸਦੀ ਉਸਦੇ ਮਨ ਵਿਚ ਚਾਹ ਹੁੰਦੀ ਹੈ। ਉਸਦਾ ਜਿਊਣ ਢੰਗ ਮਲਕੀਤ ਦੇ ਅਚੇਤਨ ਵਿਚ ਪਈਆਂ ਉਹਨਾਂ ਇਛਾਵਾਂ ਵੱਲ ਇਸ਼ਾਰਾ ਕਰਦਾ ਹੈ ਜੋ ਉਹ ਸੰਸਕਾਰਾਂ ਵਸ ਪੂਰੀਆਂ ਨਹੀਂ ਕਰ ਸਕਦਾ ਪਰ ਉਹਨਾਂ ਲਈ ਉਸਦੇ ਮਨ ਵਿਚ ਆਕਰਸ਼ਣ ਹੈ। ਪੰਜਾਬ ਵਿਚ ਰਹਿੰਦੇ ਹੋਏ ਵਿਅਕਤੀ ਆਪਣੇ ਵੱਡਿਆਂ ਸਾਹਮਣੇ ਜਾਂ ਆਪਣੇ ਛੋਟੇ ਭੈਣ ਭਰਾਵਾਂ ਸਾਹਮਣੇ ਆਪਣੀ ਪਤਨੀ ਦਾ ਹੱਥ ਵੀ ਨਹੀਂ ਫੜ ਸਕਦੇ। ਪਤੀ ਪਤਨੀ ਸਭ ਦੇ ਸਾਹਮਣੇ ਇਕ ਦੂਜੇ ਤੋਂ ਬੇਲਾਗ ਹੋਣ ਦਾ ਨਾਟਕ ਕਰਦੇ ਹਨ ਤਾਕਿ ਕਿਸੇ ਨੂੰ ਉਹਨਾਂ ਦਾ ਵਰਤਾਰਾ, ਇਥੋਂ ਤਕ ਪਿਆਰ ਤੱਕਣੀ ਵੀ ਬੁਰੀ ਨਾ ਲੱਗੇ। ਅਜਿਹੇ ਸਭਿਅਚਾਰ ਵਿਚੋਂ ਗਏ ਪੰਜਾਬੀ ਮਨੁੱਖ ਨੂੰ ਇੰਗਲੈਂਡ ਤੇ ਹੋਰ ਪੱਛਮੀ ਦੇਸ਼ਾ ਦਾ ਸਭਿਆਚਾਰ ਖੁੱਲ੍ਹਾ ਡੁੱਲਾ ਲੱਗਦਾ ਹੈ ਜਿਸ ਵੱਲ ਉਹ ਆਕਰਸ਼ਿਤ ਹੁੰਦੇ ਹਨ। ਹੁਣ ਦੇ ਉਪਭੋਗਤਾਵਾਦੀ ਯੁਗ ਵਿਚ ਹਰ ਸੁਖ ਪੈਸੇ ਨਾਲ ਖਰੀਦਿਆਂ ਜਾ ਸਕਦਾ ਹੈ। ਪੈਸੇ ਦੇ ਕੇ ਕਿਸੇ ਔਰਤ ਨੂੰ ਘਰ ਬੁਲਾਇਆ ਜਾ ਸਕਦਾ ਹੈ, ਹੋਟਲਾਂ ਵਿਚ ਜਾ ਕੇ ਬੀਅਰ ਪੀਂਦੇ ਹੋਏ 'ਸਟ੍ਰੈਸਪਟੀਜ਼' ਦੇ ਨਜ਼ਾਰੇ ਲਏ ਜਾ ਸਕਦੇ ਹਨ। ਕਲਸੀ ਆਪ ਇਹ ਸਭ ਕੁੱਝ ਕਰਦਾ ਹੈ। ਮਲਕੀਤ ਨੂੰ ਵੀ ਸਲਾਹ ਦਿੰਦਾ ਹੈ ਕਿ ਉਹ ਉਸਦੇ ਲਈ ਵੀ ਇਹ ਪ੍ਰਬੰਧ ਕਰ ਸਕਦਾ ਹੈ। ਉਸਦੇ ਮਨ ਵਿਚ ਲਾਲਚ ਹੋਣ ਦੇ ਬਾਵਜੂਦ ਇਹ ਹੌਂਸਲਾ ਨਹੀਂ ਕਿ ਉਹ ਆਪਣੇ ਮਨ ਦੀ ਝਿੱਜਕ ਦਾ ਤਿਆਗ ਕਰ ਸਕੇ। ਉਸ ਕੋਲ ਪੈਸੇ ਦੀ ਕਮੀ ਨਹੀਂ ਪਰ ਉਹ ਆਪਣੇ ਸੰਸਕਾਰਾਂ ਤੋਂ ਮੁਕਤ ਨਹੀਂ ਹੈ। ਸ਼ਰਾਬ ਦੇ ਤਿੰਨ ਪੈਗ ਪੀ ਕੇ ਵੀ ਉਸ ਦੇ ਮਨ ਤੇ ਸੰਸਕਾਰਾਂ ਦੀ ਪੱਕੜ ਉਸੇ ਤਰ੍ਹਾਂ ਬਣੀ ਰਹਿੰਦੀ ਹੈ ਪਰ ਉਸਨੂੰ ਕਲਸੀ ਦੀਆਂ ਔਰਤਾਂ ਬਾਰੇ ਕੀਤੀਆਂ ਗੱਲਾਂ ਚੰਗੀਆਂ ਲੱਗਦੀਆਂ ਹਨ। ਅਸਲ ਵਿਚ ਕਲਸੀ ਉਸਦਾ ਉਹ ਅਚੇਤਨ ਹੈ ਜਿਸ ਨੂੰ ਸੰਸਕਾਰਾਂ ਦੀ ਚਾਦਰ ਨਾਲ ਉਸਨੇ ਢਕਿਆ ਹੋਇਆ ਹੈ। ਇਹੀ ਸਭਿਅਚਾਰਕ ਅਵਚੇਤਨ ਉਸਨੂੰ ਆਪਣੇ ਪਰਿਵਾਰ ਦੀ ਯਾਦ ਕਰਵਾਉਂਦਾ ਹੈ ਜਿਹਨਾਂ ਨਾਲ ਉਹ ਰਹਿਣ ਦਾ ਫੈਸਲਾ ਕਰ ਚੁਕਿਆ ਹੈ। ਜਾਣ ਦੀ ਤਿਆਰੀ ਕਰਦੇ ਹੋਏ ਇਹ ਲਿਖ ਕੇ ਰੱਖਦਾ ਹੈ ਕਿ ਉਸਨੇ ਮੀਤੂ ਨੂੰ ਮਾਰ ਦਿੱਤਾ ਹੈ ਪਰ ਦਸਤਖਤ ਅਗਲੇ ਸਵੇਰੇ ਕਰਨ ਦਾ ਫੈਸਲਾ ਕਰਦਾ ਹੈ।

ਪਰਿਵਾਰ ਨਾਲ ਰਹਿਣ ਦੀ ਇੱਛਾ ਤੇ ਲੋੜ ਕਰਕੇ ਉਹ ਜਾਣ ਦਾ ਮਨ ਬਣਾਉਂਦਾ ਹੈ ਪਰ ਉਸਨੂੰ ਹਮੇਸ਼ਾ ਯਾਦ ਰਹਿੰਦਾ ਹੈ ਕਿ ਉਸ ਕੋਲ ਬਹੁਤ ਪੈਸੇ ਹਨ। ਪੁੱਤ-ਨੂੰਹ ਦੇ ਘਰ ਜਾਣ ਵਕਤ ਵੀ ਉਹ ਕੋਈ ਮਹਿੰਗਾ ਜਿਹਾ ਤੋਅਫਾ ਆਪਣੇ ਪੋਤੇ ਲਈ ਲੈਣਾ ਚਾਹੁੰਦਾ ਹੈ ਜਦੋਂ ਕਿ ਬੱਚੇ ਨੂੰ ਸਕੋਰਫੀਊ ਦਾ ਫੁਟਬਾਲ ਸ਼ਾਇਦ ਮਹਿੰਗੇ ਤੋਅਫੇ ਤੋਂ ਵੀ ਚੰਗਾ ਲੱਗਦਾ। ਉਹ ਆਪਣਾ ਘਰ ਵੇਚ ਕੇ ਉਹ ਪੈਸਾ ਆਪਣੇ ਪੋਤੇ ਦੇ ਨਾਂ ਤੇ ਬੈਂਕ ਵਿਚ ਜਮ੍ਹਾ ਕਰਵਾਉਣਾ ਚਾਹੁੰਦਾ ਹੈ ਤਾਕਿ ਪੋਤੇ ਨੂੰ ਲੱਗੇ ਕਿ ਦਾਦਾ ਉਸਦੇ ਬਾਰੇ ਕਿੰਨ੍ਹਾ ਸੋਚਦਾ ਹੈ। ਉਹ ਪੈਸੇ ਦੀ ਕਮੀ ਨਾਂ ਹੋਣ ਦੀ ਗੱਲ ਬਹੁਤ ਵਾਰ ਕਰਦਾ ਹੈ ਅਰਥਾਤ ਉਸਨੂੰ ਆਪਣੇ ਪੈਸੇ ਤੇ ਮਾਣ ਹੈ। ਨੂੰਹ-



ਪੁੱਤਰ ਨੂੰ ਉਸਦੇ ਪੈਸੇ ਦਾ ਲਾਲਚ ਨਹੀਂ। ਉਹਨਾਂ ਵਲੋਂ ਉਹ ਇਸ ਗੱਲ ਵਿਚ ਸੁਤੰਤਰ ਹੈ ਕਿ ਆਪਣੇ ਪੈਸੇ ਨਾਲ ਕੁੱਝ ਵੀ ਕਰੇ, ਉਹ ਇਹ ਚਾਹੁੰਦੇ ਹਨ ਕਿ ਸਿਰਫ ਉਸਦਾ ਮਿਹਰ ਭਰਿਆ ਹੱਥ ਉਹਨਾਂ ਦੇ ਸਿਰ ਤੇ ਰਹੇ। ਉਹ ਸਨਮਾਨ ਨਾਲ ਆਪ ਆਕੇ ਉਹਨੂੰ ਲੈ ਕੇ ਜਾਣਾ ਚਾਹੁੰਦੇ ਹਨ ਤੇ ਸ਼ਾਮ ਨੂੰ ਉਸਦੇ ਸਨਮਾਨ ਵਿਚ ਛੋਟੀ ਜਿਹੀ ਪਾਰਟੀ ਕਰਨਾ ਚਾਹੁੰਦੇ ਹਨ। ਪਰ ਉਹਨਾਂ ਦੀ ਇਹ ਇੱਛਾ ਵੀ ਉਹਨੂੰ ਉਸਤੇ ਰੋਹਬ ਪਾਉਣਾ ਲੱਗਣ ਲੱਗ ਪੈਂਦਾ ਹੈ ਜਿਵੇਂ ਉਹ ਉਸਨੂੰ ਡਰਾ ਰਹੇ ਹੋਣ। ਜਿਥੇ ਕੋਈ ਡਰਨ ਦਾ ਕਾਰਣ ਨਹੀਂ ਉਥੇ ਵੀ ਉਸਨੂੰ ਆਪਣੀ ਸੁਤਤੰਰਤਾ ਗੁਆਚਣ ਦਾ ਡਰ ਪੈਦਾ ਹੋ ਜਾਂਦਾ ਹੈ। ਬਾਕੀ ਕਸਰ ਉਸ ਵਲੋਂ ਪੀਤੀ ਗਈ ਸ਼ਰਾਬ ਦੇ ਤਿੰਨ ਪੈਗ ਤੇ ਕਲਸੀ ਦੀਆਂ ਗੱਲਾਂ ਪੂਰੀ ਕਰ ਦਿੰਦੇ ਹਨ। ਗੁਰਮੀਤ ਕਲਸੀ ਉਹੀ ਗੱਲਾਂ ਪਹਿਲਾਂ ਵੀ ਕਰਦਾ ਰਿਹਾ ਹੈ ਕਿ ਇੰਗਲੈਂਡ ਵਿਚ ਪੁੱਤ ਪਿਤਾ ਨੂੰ ਟਿੱਚ ਕਰਕੇ ਜਾਣਦੇ ਹਨ ਤੇ ਪੋਤੇ ਬਾਰੇ ਕਿਵੇਂ ਕੁੱਝ ਕਿਹਾ ਜਾ ਸਕਦਾ ਹੈ। ਉਹ ਫਿਰ ਸਮਝਾਉਂਦਾ ਹੈ ਕਿ ਉਹ ਆਪਣੇ ਘਰ ਵਿਚ ਆਪਣੀ ਮਰਜ਼ੀ ਦਾ ਮਾਲਕ ਹੈ, ਕੁੱਝ ਵੀ ਕਰਨ ਲਈ ਸੁਤੰਤਰ ਹੈ। ਉਥੇ ਜਾ ਕੇ ਉਹ ਆਪਣੇ ਪੁੱਤ-ਨੂੰਹ ਦੇ ਅਧੀਨ ਹੋ ਜਾਵੇਗਾ। ਮਲਕੀਤ ਨੂੰ ਪੁੱਤ ਦੀਆਂ ਕਹੀਆਂ ਪੁਰਾਣੀਆਂ ਗੱਲਾਂ ਯਾਦ ਆ ਜਾਂਦੀਆਂ ਹਨ ਤੇ ਉਸ ਦੇ ਅਚੇਤਨ ਵਿਚ ਵਸਦਾ ਮੀਤੂ ਫਿਰ ਸਿਰ ਚੁੱਕ ਲੈਂਦਾ ਹੈ। ਉਹਦੇ ਆਪਣੇ ਮਨ ਅੰਦਰ ਵਸੇ ਡਰ, ਤੋਖਲੇ, ਸਵੈ-ਰੱਖਿਆ ਲਈ ਬਣਾਈ ਜਿੱਦ ਤੇ ਮਨੋਗੰਢ ਫਿਰ ਉਤੇ ਆ ਜਾਂਦੇ ਹਨ ਇਸ ਲਈ ਮੀਤੂ ਦੀ ਫਿਰ ਜ਼ਿੰਦਾਬਾਦ ਹੋ ਜਾਂਦੀ ਹੈ। ਉਸਦੇ ਮਨ ਵਿਚ ਆਪਣੀ ਇੱਛਾ ਨਾਲ ਸੁਤੰਤਰ ਹੋ ਕੇ ਇਕੱਲੇ ਰਹਿਣ ਦੀ ਮਿਥ ਫਿਰ ਸਾਕਾਰ ਹੋ ਉਠਦੀ ਹੈ। ਕਹਾਣੀ ਦੇ ਆਰੰਭ ਵਿਚ ਬਿਨ੍ਹਾਂ ਆਪਣੇ ਦਸਤਖਤ ਕੀਤੇ ਲਿਖਿਆ ਕਿ ਉਸਨੇ 'ਮੀਤੂ ਨੂੰ ਮਾਰ ਦਿੱਤਾ' ਹੈ ਆਪਣੇ ਅਰਥ ਗੁਆ ਦਿੰਦਾ ਹੈ। ਉਸਦਾ ਅਚੇਤਨ, ਕਲਸੀ ਦੀ ਦਿੱਤੀ ਸਲਾਹ ਕਿ ਉਹ ਦੁਬਾਰਾ ਆਪਣੇ ਫੈਸਲੇ ਤੇ ਵਿਚਾਰ ਕਰੇ ਅਨੁਸਾਰ ਉਸਦੇ ਚੇਤਨ ਫੈਸਲੇ ਤੇ ਭਾਰੂ ਹੋ ਜਾਂਦਾ ਹੈ।

ਇਸ ਕਹਾਣੀ ਵਿਚ ਪਰਵਾਸ ਵਿਚ ਵਸਦੇ ਮਨੁੱਖਾਂ ਦੀ ਜ਼ਿੰਦਗੀ, ਸੋਚ, ਪੈਸੇ ਦਾ ਰੋਹਬ ਦਿਖਾਉਣ ਦੀ ਲਾਲਸਾ, ਨਵੀਂ ਪੁਰਾਣੀ ਪੀੜ੍ਹੀ ਵਿਚਾਲੇ ਆਪਸੀ ਰਿਸ਼ਤੇ ਦੀਆਂ ਸਮੱਸਿਆਵਾਂ, ਆਪਣੀਆਂ ਜੜ੍ਹਾਂ ਤੇ ਇਥੋਂ ਦੇ ਸਭਿਆਚਾਰ ਨਾਲ ਮੋਹ ਅਰਥਾਤ ਭੂ-ਹੇਰਵਾ, ਸੁਤੰਤਰ ਰਹਿਣ ਦੀ ਚਾਹ ਆਦਿ ਬਹੁਤ ਸਾਰੇ ਮਸਲਿਆਂ ਦਾ ਨਿਰੂਪਣ ਬਹੁਤ ਕਲਾਮਈ ਤਰੀਕੇ ਨਾਲ ਕੀਤਾ ਗਿਆ ਹੈ। ਪਰ ਕਹਾਣੀ ਦੀ ਅਸਲੀ ਪ੍ਰਾਪਤੀ ਹੈ ਇਸ ਦੀ ਸ਼ੈਲੀ ਤੇ ਵਰਤੇ ਗਏ ਪ੍ਰਤੀਕ ਜੋ ਯਥਾਰਥਮਈ ਲਗਦੇ ਹੋਏ ਵੀ ਅਜਿਹਾ ਬਿੰਬ ਉਸਾਰਦੇ ਹਨ ਜਿਸ ਵਿਚੋਂ ਮਨੁੱਖ ਦੀਆਂ ਉਹਨਾਂ ਦੁਵਿਧਾਵਾਂ, ਮਨੋਗੰਢਾਂ, ਡਰਾਂ, ਚੇਤਨ/ਅਚੇਤਨ ਲਾਲਸਾਵਾਂ ਦੀ ਝਲਕ ਮਿਲਦੀ ਹੈ ਜੋ ਪੂੰਜੀਵਾਦੀ ਤੇ ਉਪਭੋਗਤਾਵਾਦੀ ਸਭਿਆਚਾਰ ਮਨੁੱਖ ਦੇ ਮਨ ਵਿਚ ਪੈਦਾ ਕਰਦਾ ਹੈ।

---

**ਸਿਮਰਨ ਧਾਲੀਵਾਲ ਦਾ**
**ਨਵਾਂ ਕਹਾਣੀ ਸੰਗ੍ਰਹਿ**
**ਆ....ਆਪਾਂ ਘਰ ਬਣਾਈਏ**

## ਆਪਣੀਆਂ ਜੜ੍ਹਾਂ ਦੀ ਤਾਲਾਸ਼ ਦਾ ਬਿਰਤਾਂਤ

### ਹਰਮਹਿੰਦਰ ਚਹਿਲ ਦੀ ਕਹਾਣੀ : ਖੋਜ

**–ਡਾ. ਹਰਚੰਦ ਸਿੰਘ ਬੇਦੀ**

ਪਰਵਾਸ ਦੇ ਸਮੱਸਿਆਕਾਰ ਤੇ ਪਰਵਾਸੀ ਸੰਵੇਦਨਾ ਨੇ ਜਿਸ ਸਾਹਿਤ ਸਿਰਜਣਧਾਰਾ ਨੂੰ ਜਨਮ ਦਿੱਤਾ, ਉਹ ਹੁਣ ਪੁਰਾਣੇ ਵਿਚਾਰਾਂ, ਵਿਹਾਰਾਂ, ਸਰੋਕਾਰਾਂ ਤੇ ਪ੍ਰਹਾਰਾਂ ਦੇ ਦਾਇਰਿਆਂ 'ਚੋਂ ਨਿਕਲ ਕੇ, ਅਜੋਕੇ ਅੰਤਰਰਾਸ਼ਟਰੀ ਚਿੰਤਨ ਤੇ ਚੇਤਨਾ ਨਾਲ ਜੁੜ ਕੇ, ਵਿਸ਼ਵ ਪੱਧਰ ਦੀਆਂ ਮਾਨਵੀ ਅਹੁਰਾਂ ਨੂੰ ਆਤਮਸਾਤ ਕਰਨ ਵੱਲ ਯਤਨਸ਼ੀਲ ਹੈ। ਏਹੋ ਕਾਰਨ ਹੈ ਕਿ ਪਰਵਾਸ ਤੇ ਘਰਵਾਸ ਨਾਲ ਜੁੜੀਆਂ ਸਮੀਕਰਣਾਂ, ਹੁਣ ਆਪਣੀ ਦਿਸ਼ਾ ਵਧੇਰੇ ਬਦੇਸ਼ਾਂ ਵਿਚ ਦਰਪੇਸ਼ ਮਾਨਵੀ ਸੰਕਟ ਦੀ ਚਿੰਤਨਧਾਰਾ ਨਾਲ, ਜੁੜਨ ਜਾਂ ਜੋੜਨ ਦੀ ਪ੍ਰਕਿਰਿਆ ਵਿਚ ਹਨ। ਸੰਚਾਰ ਤੇ ਤਕਨੀਕ ਨੇ ਭਾਵੇਂ ਮਨੁੱਖ ਨੂੰ ਇਕ ਦੂਜੇ ਦੇ ਨੇੜੇ ਲੈ ਆਂਦਾ ਹੈ ਪਰ ਵਿਸ਼ਵ ਦੇ ਪੂੰਜੀ ਸਭਿਆਚਾਰ ਤੇ ਪੂੰਜੀਪਤੀ ਦੀ ਸਿਆਸਤ ਨੇ, ਸਾਰੇ ਗਲੋਬ ਨੂੰ ਆਪਣੇ ਪੰਜੇ ਹੇਠ ਰੱਖਿਆ ਹੋਇਆ ਹੈ। ਏਹੋ ਕਾਰਨ ਹੈ ਕਿ ਵਿਸ਼ਵ ਦੀਆਂ ਸਾਰੀਆਂ ਵਿਸੰਗਤੀਆਂ, ਵਿਰੋਧਾਂ ਤੇ ਭਸਮ-ਸਭਿਆਚਾਰੀ ਭੂਮਿਕਾਵਾਂ ਨੇ, ਮਨੁੱਖ ਨੂੰ ਨਿਰੰਤਰ ਇਕ ਅਣਦਿਸਦੇ ਭੈਅ ਤੇ ਤਕਨੀਕੀ ਬੇਚੈਨੀ ਦੇ ਚੱਕਰ-ਵਿਊਹ ਵਿਚ ਅਤੇ ਇਕ ਨਵੇਂ ਹੋਂਦ ਮੂਲਕ ਸੰਕਟ ਦੀ ਚੱਕਰਧਾਰੀ ਮੁਦਰਾ ਵਿਚ ਪਾਇਆ ਹੋਇਆ ਹੈ। ਸਮਾਜ ਸ਼ਾਸਤਰੀਆਂ ਦਾ ਮੱਤ ਹੈ ਕਿ ਵਿਸ਼ਵ ਦੀਆਂ ਸਾਰੀਆਂ ਕਲਾਵਾਂ ਏਸੇ ਤਕਨੀਕ ( Technology) ਦੇ ਨਿਸ਼ਠੁਰ ਪ੍ਰਭਾਵਾਂ ਕਰਕੇ ਖ਼ਤਰੇ ਵਿਚ ਹਨ ਤੇ ਜੋ ਕਲਾਤਮਕ ਰੂਪ ਵਿਚ ਪੈਦਾ ਹੋ ਰਿਹਾ ਹੈ ਉਹ, ਮਨ ਵਿਚ ਪੈਦਾ ਹੋਏ ਇੰਤਸ਼ਾਰ ਕਰਕੇ, ਖੰਡਿਤ ਤੇ ਵਿਚਲਿਤ ਹੀ ਪੈਦਾ ਹੋ ਰਿਹਾ ਹੈ।

ਅਜਿਹੇ ਦੌਰ ਵਿਚ ਸਾਹਿਤ, ਮਨੁੱਖ ਦੇ ਇਸ ਲਾ-ਮਹਿਦੂਦ ਸੰਕਟ ਨੂੰ ਚਿਤਰ ਕੇ, ਇਸ ਦੀ ਅੰਦਰੂਨੀ ਵਿਆਕਰਣ ਨੂੰ, ਇਸ ਦੇ ਸੰਕਟ ਮੂਲਕ ਮਕਾਨਕੀ ਚਰਿਤਰ ਨੂੰ, ਸਮਝਣ ਲਈ ਡੀ-ਕੋਡਿੰਗ ਤੇ ਡੀ-ਕੰਨਸਟਰੱਕਸ਼ਨ ਦੇ ਵਿਧੀ ਵਿਧਾਨ ਨੂੰ ਅੰਗੀਕਾਰ ਕਰ ਰਿਹਾ ਹੈ। ਵਰਤਮਾਨ ਮਨੁੱਖੀ ਮਨ ਦੀਆਂ ਮਨੋ-ਸਮਾਜਕ ਅਹੁਰਾਂ ਨੂੰ ਸਮਝਣ ਲਈ, ਬੰਦੇ ਦੀ ਪਰਵਰਿਸ਼ ਅਤੇ ਪ੍ਰਸਥਿਤੀਆਂ ਦਾ ਵਿਧੀ ਵਿਧਾਨ, ਪਿੱਠਭੂਮੀ ਵਜੋਂ ਬੜੀ ਸਾਰਥਿਕ ਤੇ ਫ਼ੈਸਲਾਕੁੰਨ ਭੂਮਿਕਾ ਨਿਭਾਉਂਦਾ ਹੈ। ਉਸ ਦੀ ਵਿਅਕਤੀਗਤ ਹੋਂਦ ਦਾ ਇਕ ਪ੍ਰਭਾਵੀ ਪਾਸਾਰ, ਉਸ ਦੀ Genetics ਤੇ Geneology ਨਾਲ ਵੀ ਅਕੱਟ ਰਿਸ਼ਤੇ ਵਿਚ ਬੱਝਾ ਹੋਇਆ ਹੈ। ਇਸ ਵਿਚ ਜੇ ਉਸ ਦਾ ਸਵੈ-ਸੰਚਿਤ ਇਤਿਹਾਸ ਹੈ ਤਾਂ ਏਸੇ ਇਤਿਹਾਸ ਨਾਲ ਉਸ ਦੀ ਸੋਚ, ਵਿਹਾਰ ਤੇ ਕਰਮਲੀਲ੍ਹਾ ਦੇ ਸੂਤਰ ਵੀ, ਅਣਡਿੱਠੀ ਪੱਧਰ 'ਤੇ, ਅਖੰਡ ਤੇ ਅਵੰਡ ਭੂਮਿਕਾ ਵਿਚ, ਸਾਂਝੇ ਰੂਪ ਵਿਚ ਕ੍ਰਿਆਸ਼ੀਲ ਹੁੰਦੇ ਹਨ।

ਹਰਮਹਿੰਦਰ ਚਹਿਲ ਦੀ ਵਿਚਾਰ ਅਧੀਨ ਕਹਾਣੀ ਖੋਜ ਵੀ ਆਦਿ ਮਨੁੱਖ ਦੇ ਖੋਜੀ ਚਰਿਤਰ ਦੀ ਮੂਲ ਪੈੜ ਨੂੰ ਰੂਪਮਾਨ ਕਰਦੀ ਹੈ। ਇੱਕੀਵੀਂ ਸਦੀ ਵਿਚ ਵੀ ਪਿਤਾ ਦੇ ਰਿਸ਼ਤੇ ਦੀ ਸਮਾਜ ਸਭਿਆਚਾਰਕ, ਜੀਵ-ਇਤਿਹਾਸਕ ਅਤੇ ਮਨੋ ਵਿਗਿਆਨਕ ਉਚਿੱਤਤਾ 'ਤੇ ਵੀ ਦ੍ਰਿਸ਼ਟੀ ਕੇਂਦ੍ਰਿਤ ਕਰਦੀ ਹੈ। ਪੂੰਜੀਵਾਦੀ ਜੀਵਨਧਾਰਾ ਦੀ ਪ੍ਰਭਾਵ ਲੀਲ੍ਹਾ ਦੇ ਅੰਤਰਗਤ, ਮਨੋਵਿਗਿਆਨਕ ਦਬਾਵਾਂ, ਪ੍ਰਭਾਵਾਂ, ਪ੍ਰਹਾਰਾਂ ਤੇ ਵਿਹਾਰਾਂ ਦੇ ਅਨੁਚਿਤ, ਗ਼ਲਤ ਤੇ ਡਰਾਉਣੇ



ਅਨੁਭਵਾਂ ਤੇ ਅਹਿਸਾਸਾਂ ਕਾਰਨ, ਮਨੁੱਖ ਨੇ ਖ਼ੁਦ ਹੀ ਆਪਣੇ ਪੂਰਵ ਪ੍ਰੀਚਿਤ ਤੇ ਪੂਰਵ ਪ੍ਰਚਲਤ ਦਾਇਰਿਆਂ ਨੂੰ ਤੋੜ ਕੇ, ਸਵੈ ਸੁੱਖ ਕੇਂਦ੍ਰਿਤ, ਨਵੇਂ ਤੇ ਨਿੱਜੀ ਦਾਇਰਿਆਂ ਦੀ ਸਿਰਜਣਾ ਦੀ ਪ੍ਰਕਿਰਿਆ ਆਰੰਭੀ ਹੋਈ ਹੈ।

ਹਰਮਹਿੰਦਰ ਚਹਿਲ ਦੀ ਕਹਾਣੀ ਖੋਜ ਵੀ, ਮਨੁੱਖ ਨੂੰ ਸਵੈ ਕੇਂਦ੍ਰਿਤ, ਖੋਜ ਨਾਲ ਜੁੜਨ ਤੇ ਜੋੜਨ ਦੇ ਅਮਲੀ ਪ੍ਰਸੰਗ 'ਤੇ ਬਲ ਦੇਂਦੀ ਹੈ। ਇਸ ਕਹਾਣੀ ਦੀਆਂ ਜੜ੍ਹਾਂ ਭਾਰਤੀ ਚਿੰਤਨ ਪਰੰਪਰਾ ਤੇ ਗੁਰੂ ਨਾਨਕ ਦੇ ਦਰਸ਼ਨ-ਸ਼ਾਸਤਰੀ ਪਰਿਪੇਖ ਨਾਲ ਜੁੜੀਆਂ ਹੋਈਆਂ ਹਨ ਜੋ ਸਵੈ-ਪਛਾਣ ਦੇ ਅਮਲ 'ਤੇ ਬਲ ਦੇਂਦਾ ਹੈ। ਮਹਾਤਮਾ ਬੁੱਧ ਤੇ ਮਹਾਵੀਰ ਵੀ ਏਸੇ ਦਿਸ਼ਾ ਵਿਚ ਮਾਰਗ ਦਰਸ਼ਨ ਕਰਦੇ ਹਨ। ਇਹ ਖੋਜ *ਆਪਣਾ ਮੂਲ ਪਛਾਣ*ਨ ਦੀ ਜੁਗਤ ਦਾ ਹੀ ਵਿਸਤਾਰ ਪ੍ਰਸਤੁਤ ਕਰਦੀ ਹੈ। ਅਧਿਆਤਮਕ ਚਿੰਤਨਧਾਰਾ ਦੇ ਵਿਸਤਾਰ ਮਨੁੱਖ ਨੂੰ ਆਪਣੇ ਅਸਲੇ ਨਾਲ ਜੁੜਨ, ਆਪਣੇ ਮੂਲ ਨੂੰ ਢੂੰਡਣ ਭਾਲਣ ਤੇ ਉਸ ਨਾਲ ਜੁੜਨ ਲਈ ਪ੍ਰੇਰਿਤ ਕਰਦੇ ਹਨ ਪਰ ਸੰਸਾਰਕ ਪੱਧਰ 'ਤੇ ਸਾਡੀ ਹੋਂਦ ਪਿੱਛੇ ਇਕ ਸਾਧਨ, ਸਾਡਾ ਇਕ ਬਾਇਆਲੋਜੀਕਲ ਸਿਰਜਣਹਾਰ ਵੀ ਹੈ ਜੋ ਕੁਦਰਤ ਦੀ ਸਹਾਇਤਾ ਤੇ ਪ੍ਰਕਿਰਿਆ ਨਾਲ, ਸਾਡੀ ਹੋਂਦ ਮੂਲਕ ਸਿਰਜਣਾ ਲਈ ਜ਼ਮੀਨ ਤਿਆਰ ਕਰਦਾ ਹੈ ਤੇ ਫਿਰ ਦਸਾਧਨ ਵੀ ਬਣਦਾ ਹੈ। ਇਉਂ ਮਨੁੱਖ ਦੇ ਦੋ ਮੂਲ ਨਜ਼ਰ ਆਉਂਦੇ ਹਨ, ਇਕ ਰੂਹਾਨੀ ਤੇ ਦੂਜਾ ਦੁਨਿਆਵੀ। ਪਰ ਇਹ ਦੋਵੇਂ, ਬੁਨਿਆਦੀ ਤੌਰ 'ਤੇ ਇਕ ਦੂਜੇ ਦੇ ਹੀ ਪੂਰਕ ਹਨ। ਇਹ ਕਹਾਣੀ ਅਰਧਨਾਰੀਸ਼ਵਰ (Androgenous) ਦੇ ਸੰਕਲਪ ਦੇ ਲੁਪਤ ਪ੍ਰਸੰਗ ਨੂੰ ਹੀ ਰੂਪਾਂਤ੍ਰਿਤ ਰੂਪ ਵਿਚ ਅੰਗੀਕਾਰ ਕਰਦੀ ਹੈ।

ਹਰਮਹਿੰਦਰ ਚਹਿਲ ਦੀ ਇਸ ਕਹਾਣੀ ਵਿਚ ਕਈ ਮੂਲ ਸੂਤਰ ਹਨ। ਜਿਵੇਂ (ੳ) ਹਮਜਿਨਸੀ ਦੇ ਵਿਸਤਾਰ (ਅ) ਵਿਆਹ ਦੀ ਸੰਸਥਾ ਦੇ ਸਰੋਕਾਰ (ੲ) ਪਰਿਵਾਰ ਦੀ ਸੰਸਥਾ ਦੇ ਵਿਹਾਰਕ ਪੈਟਰਨ (ਸ) ਜੈਨੇਟਿਕਸ ਦੀ ਆਪਣੀ ਕਰਮਲੀਲ੍ਹਾ ਦੀ ਦਿਸ਼ਾ ਤੇ ਸੰਭਾਵਨਾ ਦੇ ਕਈ ਵਿਸਤਾਰ ਲੁਪਤ ਹਨ। ਗਿਆਨ ਤੇ ਵਿਗਿਆਨ ਨੇ, ਮਨੁੱਖ ਨੂੰ ਬਹੁਤ ਸਾਰੇ ਕਹੇ-ਅਣਕਹੇ ਭਾਰਾਂ, ਸੰਸਕਾਰਾਂ, ਰਵਾਇਤਾਂ, ਵਿਸ਼ਵਾਸਧਾਰਾਵਾਂ, ਪ੍ਰਭਾਵਾਂ ਤੇ ਦਬਾਵਾਂ ਤੋਂ ਤਾਂ ਮੁਕਤ ਕੀਤਾ ਹੈ ਪਰ ਇਸ ਭਰਮਮੁਕਤੀ ਦੇ ਸਮਾਨੰਤਰ ਇਕ ਹੋਰ ਨਵੀਂ ਭਰਮਧਾਰਾ ਵੀ ਸਿਰਜ ਦਿੱਤੀ ਹੈ ਜੋ ਮਨੁੱਖ ਦੀ ਅਸੀਮਤ ਸ਼ਕਤੀ ਦਾ ਪ੍ਰਦਰਸ਼ਨ ਤਾਂ ਕਰਦੀ ਹੈ ਪਰ ਇਸ ਧਾਰਾ ਨੇ ਹੀ ਮਨੁੱਖ ਨੂੰ ਸਵੈ-ਕੇਂਦ੍ਰਿਤ ਧੁੰਦੂਕਾਰੇ ਵਿਚ ਵੀ ਧਕੇਲ ਦਿੱਤਾ ਹੈ। ਖ਼ੁਦਾ ਤੇ ਮਨੁੱਖ, ਹੁਣ ਆਹਮੋ-ਸਾਹਮਣੇ ਆ ਗਏ ਹਨ। ਨੀਤਸ਼ੇ ਅਨੁਸਾਰ ਮਨੁੱਖ ਨੇ ਖ਼ੁਦਾ ਦੇ ਤਸੱਵਰ ਨੂੰ ਨੇਸਤੋਨਾਬੂਦ ਕਰ ਦਿੱਤਾ ਪਰ ਮਨੁੱਖ ਨੇ ਰੱਬ ਦੀ ਹੋਂਦ ਨੂੰ ਅਸਲੋਂ ਹੀ ਪ੍ਰਸੰਗਹੀਣ ਨਹੀਂ ਹੋਣ ਦਿੱਤਾ ਕਿਉਂਕਿ ਉਸਨੇ ਰੱਬ, *ਕੁਦਰਤ* ਤੇ ਸਮੇਂ ਦੇ ਦਾਰਸ਼ਨਿਕ ਚਰਿਤਰ ਨੂੰ, ਸਮਰੂਪ ਸਿੱਧ ਕਰਕੇ, ਸਰਲੀਕਰਨ ਦੀ ਇਕ ਜੁਗਤ ਤਾਲਾਸ਼ ਲਈ ਹੈ।

ਇਹ ਕਹਾਣੀ ਖੋਜ, ਤਾਲਾਸ਼ ਦੀ ਮੂਲ ਜੁਗਤ ਦਾ ਹੀ ਇਕ ਲਘੂ ਵਿਸਤਾਰ ਕਹੀ ਜਾ ਸਕਦੀ ਹੈ। ਅਮਰੀਕਾ ਵਿਚ ਮੁਕੀਮ, ਹਰਮਹਿੰਦਰ *ਚਹਿਲ* ਇਕ ਪ੍ਰੀਚਿਤ ਤੇ ਚਰਚਿਤ ਗਲਪਕਾਰ ਹੈ। ਪੰਜਾਬ ਦੀ ਖਾੜਕੂ ਲਹਿਰ ਬਾਰੇ ਲਿਖੇ ਉਸ ਦੇ ਪਹਿਲੇ ਨਾਵਲ, ਬਲੀ ਨੇ, ਆਪਣੀ ਬਿਰਤਾਂਤ ਯੋਗਤਾ ਰਾਹੀਂ, ਇਸ ਲਹਿਰ ਦੀ ਅਮਲੀ ਵਿਆਕਰਣ ਨੂੰ ਸਮਝਣ ਲਈ, ਜ਼ਮੀਨ ਹੀ ਮੁਹੱਈਆ ਨਹੀਂ ਕੀਤੀ ਸਗੋਂ ਸਿਆਸੀ ਮਸਹਲਤਾਂ ਤੇ ਤਰਜੀਹਾਂ 'ਤੇ ਵੀ ਦ੍ਰਿਸ਼ਟੀ ਕੇਂਦ੍ਰਿਤ ਕੀਤੀ ਹੈ। ਉਸ ਦੇ ਹੁਣ ਤਕ ਪੰਜ ਨਾਵਲ ਬਲੀ (2008), ਹੋਣੀ (2012), ਆਫੀਆ *ਸਦੀਕੀ*

*ਦਾ ਜੇਹਾਦ* (2013), ਭੰਵਰ (2016) ਅਤੇ ਕਿਆਮਤ (2018) ਛਪ ਚੁੱਕੇ ਹਨ ਅਤੇ ਛੇ ਕਹਾਣੀ ਸੰਗ੍ਰਹਿ ਅੰਨ੍ਹੀ *ਗਲੀ ਦੇ ਬਾਸ਼ਿੰਦੇ* (2006), ਪਲਪਲ *ਪਰਵਾਸ (2006),* ਆਪਣੀ *ਮਿੱਟੀ ਦਾ ਮੋਹ (2007),* ਰਿਸ਼ਤਿਆਂ *ਦੀ ਜਗ ਬੁਝ* (2007), *ਜ਼ਿੰਦਗੀ ਦੇ ਰੰਗ ਤਰੰਗ (2007)* ਅਤੇ ਖੋਜ (2014) ਵੀ ਪ੍ਰਕਾਸ਼ਿਤ ਹੋਏ ਹਨ। ਵਿਚਾਰ ਅਧੀਨ ਕਹਾਣੀ ਖੋਜ, ਉਸ ਦੇ ਨਵੀਨਤਮ ਕਥਾ ਸੰਗ੍ਰਹਿ ਦੇ ਨਾਮਕਰਣ ਵਾਲੀ ਮਹੱਤਵਪੂਰਨ ਕਹਾਣੀ ਹੈ।

ਕਥਾਕਾਰ ਅਕਸਰ, ਆਪਣੀ ਰਚਨਾ ਨੂੰ ਭੂਤ, ਭਵਿੱਖ 'ਤੇ ਵਰਤਮਾਨ ਤੇ ਵਿਛਾ ਕੇ, ਉਸ ਨੂੰ ਤ੍ਰੈਕਾਲੀ ਚਰਿਤਰ ਤੇ ਚਿੰਤਨ ਨਾਲ ਜੋੜਨ ਦੀ ਕੋਸ਼ਿਸ਼ ਕਰਦੇ ਹਨ। ਵਾਸਤਵ ਵਿਚ ਕਾਲ ਦੋ ਹੀ ਹੁੰਦੇ ਹਨ, ਭੂਤ ਤੇ ਭਵਿੱਖ। ਵਰਤਮਾਨ ਤਾਂ ਨਿਰੰਤਰ ਛਿਣ-ਛਿਣ ਕਰਕੇ ਭੂਤ ਕਾਲ ਵਿਚ ਰੂਪਾਂਤ੍ਰਿਤ ਹੁੰਦਾ ਰਹਿੰਦਾ ਹੈ। ਕਥਾ ਰਚਨਾ ਵਿਚ ਵੀ, ਇਕ ਬਿਰਤਾਂਤਕ ਕਾਲ ਤੇ ਦੂਜਾ ਕਥਾ ਪਾਠ ਕਾਲ ਹੈ। *ਬਿਰਤਾਂਤਕ ਕਾਲ* ਵਿਚ ਕਥਾਕਾਰ, ਆਪਣੀ ਇੱਛਾ ਅਨੁਕੂਲ ਕਥਾ ਨੂੰ, ਬਿਰਤਾਂਤਕ ਦ੍ਰਿਸ਼ਟੀ ਤੋਂ ਕਿਤੋਂ ਵੀ ਸ਼ੁਰੂ ਕਰਕੇ, ਕਿਤੋਂ ਵੀ ਮੋੜ ਕੇ ਤੇ ਕਿਤੇ ਵੀ ਜੋੜ ਕੇ, ਕਿਤੇ ਵੀ ਖ਼ਤਮ ਕਰਨ ਦਾ ਅਧਿਕਾਰੀ ਹੈ। ਇਹ ਉਸ ਦੀ ਬਿਰਤਾਂਤ-ਯੋਗਤਾ ਦਾ ਹੀ ਸਵੈ-ਇੱਛਿਤ, ਜੁਗਤ ਕੇਂਦ੍ਰਿਤ, ਅਧਿਕਾਰੀ ਤੇ ਕਲਾਤਮਕ ਪ੍ਰਦਰਸ਼ਨ ਹੈ। ਕਥਾ *ਪਾਠ-ਕਾਲ ਵਿਚ,* ਪਾਠਕ, ਕਹਾਣੀ ਦੇ ਪਾਠ ਨੂੰ, ਕਾਲਕ੍ਰਮ ਅਨੁਸਾਰ ਸਿੱਧਿਆ ਕਰਕੇ, ਸਮਝਣ ਦੀ ਕੋਸ਼ਿਸ਼ ਕਰਦਾ ਹੈ। ਉਹ, ਕਾਲਕ੍ਰਮ, ਘਟਨਾਕ੍ਰਮ, ਪਾਤਰਕ੍ਰਮ, ਬਿਰਤਾਂਤ ਜੁਗਤਾਂ ਤੇ ਕਲਾਤਮਕ ਸੰਰਚਨਾ ਕਾਰਨ ਬਣੇ ਤੇ ਉਸਰੇ ਸਾਂਝੇ ਬਿਰਤਾਂਤ ਨੂੰ, ਇਤਿਹਾਸਕ ਕ੍ਰਮ ਵਿਚ ਰੱਖ ਕੇ; ਕਥਾ ਵਿਕਾਸ ਤੇ ਚਰਿਤਰ ਵਿਕਾਸ ਨੂੰ ਸਮਝਣ ਦੀ ਚੇਸ਼ਟਾ ਕਰਦਾ ਹੈ। ਇਉਂ ਰਚਨਾ ਦੀ ਰਚਨਾਤਮਕ ਟੇਢ, ਸਿੱਧੀ ਲਕੀਰ ਵਿਚ ਰੂਪਾਂਤ੍ਰਿਤ ਹੋ ਜਾਂਦੀ ਹੈ। ਇਹ ਪ੍ਰਕਿਰਿਆ ਪਾਠਕ ਅੰਦਰ ਮੂਕ ਪੱਧਰ 'ਤੇ ਵਾਪਰਦੀ ਹੈ ਤੇ ਜਿਹੜੀ ਕਹਾਣੀ ਆਪਣੀ ਰਚਨਾਤਮਕ, ਕਲਾਤਮਕ ਤੇ ਸ਼ਿਲਪਕਲਾ ਕਰਕੇ ਸੱਪ ਦੀ ਤੋਰ ਤੁਰਦੀ ਹੈ ਉਹ ਚੀਲ ਦੇ ਰੁੱਖ ਵਾਂਗ ਸਿੱਧੇ ਉਸਾਰ ਨੂੰ ਗ੍ਰਹਿਣ ਕਰਦੀ ਰੂਪਮਾਨ ਹੋ ਜਾਂਦੀ ਹੈ। ਇਹ ਕਹਾਣੀ ਖੋਜ ਵੀ ਬਿਰਤਾਂਤ ਕਾਲ ਦੀ ਦ੍ਰਿਸ਼ਟੀ ਤੋਂ, ਸੈਫੀ ਦੀ ਬਿਮਾਰੀ ਤੇ ਹਸਪਤਾਲ ਜਾਣ ਦੀ ਘਟਨਾ ਨਾਲ ਹੀ ਆਰੰਭ ਹੁੰਦੀ ਹੈ ਪਰ ਜੇ ਕਹਾਣੀ ਦਾ ਸਮੁੱਚਾ ਪਾਠ ਦੇਖੀਏ ਤਾਂ ਇਸ ਦੇ ਕਥਾ ਪਾਠ ਕਾਲ ਦਾ ਆਰੰਭ, ਕੈਟਰੀਨਾ ਦੀਆਂ ਸਮਲਿੰਗਕ ਰੁਚੀਆਂ ਦੀ ਵਿਹਾਰਧਾਰਾ ਤੇ ਇਸ ਦੇ ਅਮਲੀ ਪ੍ਰਸੰਗ ਨਾਲ ਹੁੰਦਾ ਹੈ। ਆਰੰਭ ਵਿਚ ਇਹ ਸਮਲਿੰਗੀ ਰਿਸ਼ਤੇ, ਸਮਾਜ-ਸਭਿਆਚਾਰਕ ਜ਼ਿੰਦਗੀ ਵਿਚ, ਓਹਲੇ ਤੇ ਪਰਦੇ ਹੇਠ ਰਹੇ ਹਨ। ਦਮਨ ਤੇ ਸਭਿਆਚਾਰਕ ਨਿਖੇਧ, ਨਿਸ਼ੇਧ, ਨਫ਼ਰਤ ਤੇ ਮੂਕ-ਸਜ਼ਾ ਦਾ ਪਾਤਰ ਸਮਝੇ ਜਾਣ ਕਾਰਨ, ਪ੍ਰਦਰਸ਼ਨ ਦੀ ਥਾਂ ਪਰਦੇ ਤੇ ਲੁਕਾ-ਛੁਪੀ ਦਾ ਹਿੱਸਾ ਬਣਦੇ ਰਹੇ ਹਨ। ਏਸ਼ੀਆ ਵਿਚ ਇਸ ਦੇ ਪੁਰਾਣੇ ਹਵਾਲੇ ਵੀ ਹੋ ਸਕਦੇ ਹਨ ਪਰ ਲੌਂਡੇਬਾਜ਼ੀ ਵਰਗੇ ਸ਼ਬਦ, ਇਸ ਵਰਤਾਰੇ ਵੱਲ ਹੀ ਸੰਕੇਤ ਕਰਦੇ ਹਨ। ਹਮਜਿਨਸੀ ਸੰਬੰਧਾਂ ਤੇ ਹਮਜਿਨਸੀ ਵਰਤਾਰੇ ਬਾਰੇ, ਪੰਜਾਬੀ ਤੇ ਵਿਸ਼ੇਸ਼ ਕਰਕੇ ਪਰਵਾਸੀ ਪੰਜਾਬੀ ਸਾਹਿਤ ਵਿਚ ਵੀ, ਸਿਰਣਾਤਮਕ ਪ੍ਰਯੋਗ ਹੋਏ ਹਨ ਪਰ ਮੂਲ ਰੂਪ ਵਿਚ ਸਮਾਜ ਵਿਗਿਆਨੀਆਂ ਤੇ ਸਮਾਜ ਸ਼ਾਸਤਰੀਆਂ ਨੇ ਹੀ ਇਸ ਦਿਸ਼ਾ ਵਿਚ ਵਧੇਰੇ ਕੰਮ ਕੀਤਾ ਹੈ। ਇਹ ਕੇਵਲ ਯੋਰਪ ਜਾਂ ਪੱਛਮ ਦਾ ਹੀ ਮਸਲਾ ਨਹੀਂ ਹੈ ਸਗੋਂ ਫ਼ਾਰਸੀ ਦੇ ਪ੍ਰਸਿੱਧ ਵਿਦਵਾਨ ਸ਼ੇਖ਼ *ਸਾਅਦੀ* (1210-1291) ਦੀ ਪੁਸਤਕ ਬੋਸਤਾਂ ਦੇ ਪੰਨੇ 95-96 ਉਤੇ ਰਾਜਕੁਮਾਰ *ਤੇ ਫ਼ਕੀਰ* ਦੀ ਕਹਾਣੀ ਵਿਚ ਵੀ ਸਪੱਸ਼ਟ ਜ਼ਿਕਰ ਪ੍ਰਾਪਤ ਹੈ। ਇਸ ਵਰਤਾਰੇ ਦੇ



ਵਿਸਤਾਰ ਵਿਚ ਨਾ ਜਾਂਦੇ ਹੋਏ, ਇਹ ਦੱਸਣਾ ਜ਼ਰੂਰੀ ਹੈ ਕਿ ਇਹ ਸਮਲਿੰਗੀ ਰਿਸ਼ਤਿਆਂ ਦੀ ਪੁਸ਼ਟੀ ਦੀ ਹੀ ਇਕ ਉਦਾਹਰਣ ਹੈ।

ਖੋਜ ਕਹਾਣੀ ਦੇ ਕਥਾ ਕਾਲ 'ਤੇ ਦ੍ਰਿਸ਼ਟੀ ਕੇਂਦ੍ਰਿਤ ਕਰੀਏ ਤਾਂ ਇਸ ਦੀ ਕੇਂਦਰੀ ਪਾਤਰ ਕੈਟਰੀਨਾ ਨੇ ਛੋਟੀ ਉਮਰ ਤੋਂ ਹੀ ਨਾਰੀ ਦੇ ਸਵੈ ਚਿੰਤਨ ਤੇ ਸਵੈ-ਵਿਹਾਰ ਦੀ ਪ੍ਰਾਥਮਿਕਤਾ ਨਾਲ ਆਪਣਾ ਰਿਸ਼ਤਾ ਜੋੜਨਾ ਆਰੰਭ ਕਰ ਲਿਆ ਸੀ। (ਅਜਿਹਾ ਕਿਉਂ ਸੀ, ਇਸ ਵਿਹਾਰ ਦੇ ਮੂਲ ਕਾਰਨਾਂ ਤੇ ਪ੍ਰਭਾਵਾਂ ਬਾਰੇ, ਕਹਾਣੀ ਨੇ ਚੁੱਪ ਧਾਰਨ ਕੀਤੀ ਹੋਈ ਹੈ।) ਕਾਲਜ ਦੀ ਪੜ੍ਹਾਈ ਉਪਰੰਤ ਕੈਟਰੀਨਾ ਤੇ ਉਸਦੀ ਸਹੇਲੀ ਆਪਸੀ ਸਮਲਿੰਗੀ-ਰਿਸ਼ਤੇ (Lisbian) ਦੀ ਕਸ਼ਿਸ਼ ਕਰਕੇ ਇਕੱਠੀਆਂ ਰਹਿਣ ਲਗ ਪਈਆਂ ਸਨ। ਕੈਟਰੀਨਾ ਨੇ ਮਰਦਾਂ ਵੱਲ ਪਿੱਠ ਕਿਉਂ ਕੀਤੀ ਹੋਈ ਸੀ ? ਉਹ ਸਮਲਿੰਗੀ ਸੰਬੰਧਾਂ ਵੱਲ ਕਿਵੇਂ ਆਈ ? ਇਸ ਬਾਰੇ ਕਹਾਣੀ ਅਸਲੋਂ ਹੀ ਖਾਮੋਸ਼ ਹੈ। ਇਕ ਔਰਤ ਦੀ, ਜਵਾਨ ਮਰਦ ਪ੍ਰਤੀ ਕੋਈ ਖਿੱਚ ਜਾਂ ਦਿਲਚਸਪੀ ਹੀ ਨਹੀਂ ਹੈ ਪਰ ਇਸ ਦੇ ਸਮਾਨੰਤਰ ਉਹ ਦੇਹ ਸੁੱਖ, ਲਿੰਗ ਭੁੱਖ ਤੇ ਆਤਮ ਤ੍ਰਿਪਤੀ ਲਈ, ਕੇਵਲ ਇਕ ਹਮਉਮਰ ਇਸਤਰੀ ਦੇ ਸੰਗ-ਸਾਥ ਵਿਚ ਹੈ। ਆਖਰ ਇਹ ਸਮਲਿੰਗਤਾ ਦੇ ਵਰਤਾਰੇ ਦਾ ਸਰੀਰਕ ਤੇ ਮਾਨਸਿਕ ਪ੍ਰਸੰਗ ਕੀ ਹੈ ?

ਕੈਟਰੀਨਾ, ਖੋਜ ਕਹਾਣੀ ਦੀ ਨਾਇਕਾ, ਮੁਖ ਪਾਤਰ ਤੇ ਸੂਤਰਧਾਰ ਵੀ ਹੈ। ਉਹ ਹੀ, ਇਸ ਕਹਾਣੀ ਦਾ ਸਿਰਜਣਾਤਮਕ ਕੇਂਦਰ, ਆਦਿ, ਮੱਧ ਤੇ ਅੰਤ ਹੈ। ਉਹ ਸਾਰੀ ਉਮਰ ਹੀਰੇ ਹਿਰਨ ਵਾਂਗ ਬਉਰਾਈ ਹੋਈ, ਸਵੈ-ਇੱਛਾ ਦੇ ਤਲਿਸਮ ਦੀ ਹੀ ਪ੍ਰਕਰਮਾ ਕਰਦੀ ਰਹੀ ਹੈ। ਇਹ ਭਟਕਣ ਹੀ, ਉਸ ਦੀ ਖੋਜ ਵਿਚ ਰੂਪਾਂਤ੍ਰਿਤ ਹੋ ਜਾਂਦੀ ਹੈ। ਉਹ ਆਪਣੀ ਇੱਛਾ ਪੂਰਤੀ ਤੇ ਸਕੂਨ ਦੀ ਤਾਲਾਸ਼ ਲਈ, ਆਪਣੀ ਮਾਨਸਿਕਤਾ ਦੇ ਪਾਣੀਆਂ ਵਿਚ ਸਵੈ-ਸਪੰਦਨ (Self-Ripples) ਪੈਦਾ ਕਰਦੀ ਹੈ। ਉੱਨੀਵੀਂ ਸਦੀ ਦੇ ਮੱਧ ਤੇ ਵੀਹਵੀਂ ਸਦੀ ਦੌਰਾਨ ਵਿਸ਼ਵ ਭਰ ਵਿਚ ਸਮਲਿੰਗੀਆਂ ਬਾਰੇ ਵਿਚਾਰ ਹੁੰਦੀ ਰਹੀ ਹੈ। ਸਮਾਜ-ਵਿਗਿਆਨਕ ਦ੍ਰਿਸ਼ਟੀ ਤੋਂ *ਖੋਜ* ਤੇ ਅਧਿਐਨ-ਵਿਸ਼ਲੇਸ਼ਣ ਵੀ ਹੋਏ ਅਤੇ ਇਸ ਨੂੰ ਪੂੰਜੀਵਾਦੀ ਵਰਤਾਰੇ ਦੀ ਨਿਸ਼ਠੁਰ, ਖ਼ੁਦਗਰਜ਼ ਤੇ ਮਾਰੂ ਭੂਮਿਕਾ ਦਾ ਹੀ ਉਤਰਫ਼ਲ ਮੰਨਿਆ ਗਿਆ। ਸਮਲਿੰਗੀਆਂ ਦੀਆਂ ਸਮਾਜਕ ਸੰਸਥਾਵਾਂ, ਕੇਵਲ ਸਨਅਤੀ ਮੁਲਕਾਂ ਵਿਚ ਹੀ ਪੈਦਾ ਹੋਈਆਂ। ਸਮਲਿੰਗੀਆਂ ਬਾਰੇ ਹੋਏ ਅਧਿਐਨ ਵਿਸ਼ਲੇਸ਼ਣ, ਇਹ ਸਿੱਧ ਕਰਦੇ ਹਨ ਕਿ ਸੰਬੰਧਿਤ ਸਮਾਜ, ਇਹਨਾਂ ਸਮਲਿੰਗੀਆਂ ਨਾਲ ਵਿਤਕਰੇ ਕਰਦੇ ਰਹੇ ਹਨ, ਇਸ ਲਈ ਉਹਨਾਂ ਨੂੰ ਜਿਉਂਦੇ ਰਹਿਣ ਲਈ, ਉਪਜੀਵਕਾ ਕਮਾਉਣ ਲਈ ਅਤੇ ਮਨੋਰੰਜਨ ਲਈ ਅਜਿਹੀ ਜਗ੍ਹਾ ਚਾਹੀਦੀ ਹੈ ਜਿਥੇ ਸਮਲਿੰਗੀ ਨਿਰਭੈਅ ਤੇ ਸਹਿਜ ਹੋ ਕੇ, ਕੰਮ ਕਰ ਸਕਣ ਤੇ ਵੱਸ ਸਕਣ। ਬਹੁਤ ਸਾਰੇ ਸਮਲਿੰਗੀ, ਹੋਰਨਾਂ ਦੇਸ਼ਾਂ ਤੋਂ ਪਰਵਾਸ ਕਰਕੇ ਮੌਂਟਰੀਆਲ ਦੇ ਆਲੇ-ਦੁਆਲੇ ਅਤੇ ਉੱਤਰੀ ਅਮਰੀਕਾ ਵਿਚ ਜਮ੍ਹਾਂ ਹੋਣ ਲੱਗੇ। ਇਹ ਸਮਲਿੰਗੀ, ਸ਼ਰਾਬ ਦੀਆਂ ਬਾਰਾਂ ਵਿਚ, ਰੈਸਟੋਰੈਂਟਾਂ, ਅਖ਼ਬਾਰਾਂ ਦੇ ਦਫ਼ਤਰਾਂ, ਸਮਾਜਕ ਸੰਸਥਾਵਾਂ ਅਤੇ ਰਾਜਨੀਤਕ ਨੇਤਾਗਿਰੀ ਵਿਚ, ਆਪਣੀ ਥਾਂ ਬਣਾਉਂਦੇ ਰਹੇ। ਏਥੋਂ ਤਕ ਕੇ ਇਨ੍ਹਾਂ ਸਮਲਿੰਗੀਆਂ ਨੇ ਗੇਅ ਚਰਚ ਦੀ ਵੀ ਸਿਰਜਣਾ ਕਰ ਲਈ। ਸਮਲਿੰਗੀਆਂ ਨੂੰ ਇਸ ਗੇਅ ਚਰਚ ਦੀ ਲੋੜ ਇਸ ਕਰਕੇ ਪਈ ਕਿਉਂਕਿ ਸਮਾਜ ਦੀ ਮੂਲਧਾਰਾ ਦੇ ਚਰਚ, ਇਹਨਾਂ ਦਾ ਸਖ਼ਤ ਵਿਰੋਧ ਕਰਦੇ ਸਨ ਤੇ ਇਹਨਾਂ ਦੀ ਭਰਵੀਂ ਨਿੰਦਾ ਹੋਣ ਕਾਰਨ, ਇਹ ਸਮਲਿੰਗੀ, ਚਰਚ ਵਿਚ ਪ੍ਰਵੇਸ਼ ਨਹੀਂ ਸਨ ਕਰ ਸਕਦੇ। ਸਮੁੱਚੇ ਯੋਰਪੀ ਤੇ ਪੱਛਮੀ ਸਮਾਜ, ਈਸਾਈਅਤ ਦੇ

ਪ੍ਰਭਾਵ ਅਧੀਨ, ਇਨ੍ਹਾਂ ਸਮਲਿੰਗੀਆਂ ਨੂੰ, ਇਕ ਵਿਸ਼ੇਸ਼ ਤਰ੍ਹਾਂ ਦੀ ਹਿਕਾਰਤ ਤੇ ਘ੍ਰਿਣਾ ਨਾਲ, ਅਛੂਤ ਜੇਹਾ ਹੀ ਸਮਝਦੇ ਸਨ। ਸਮਾਜਵਾਦੀ ਸੰਸਾਰ ਤੋਂ ਪਰ੍ਹਾਂ-ਪਰ੍ਹਾਂ ਅਜਿਹੀਆਂ 'ਮੈਟਰੋ-ਪੌਲੀਟਨ ਕਮਿਊਨਿਟੀ ਚਰਚ' ਬਣੀਆਂ, ਜਿਥੇ ਇਹ ਲੋਕ ਲੁਕੇ-ਛਿਪੇ ਤਰੀਕੇ ਨਾਲ ਰਹਿਣ ਲਈ ਮਜਬੂਰ ਸਨ। ਮੂਲ ਧਾਰਾ ਦੇ ਗਿਰਜਿਆਂ ਵਿਚ ਵੀ 'ਗੇਅ ਚਰਚ' ਵੀ ਗੁਪਤ ਰੂਪ ਵਿਚ ਕਾਰਜਸ਼ੀਲ ਰਹੇ ਕਿਉਂਕਿ ਏਥੇ ਵੀ ਉਨ੍ਹਾਂ ਨੇ ਇਕ ਅਜਿਹਾ 'ਕੌਕੱਸ' ਬਣਾ ਲਿਆ ਹੋਇਆ ਸੀ, ਜਿਹੜਾ ਉਨ੍ਹਾਂ ਦਾ ਹਿੱਤਪਾਲ ਸੀ। ਸਮਾਜਵਾਦੀ ਦੇਸ਼ਾਂ ਵਿਚ ਜਿਥੇ ਕਿਤੇ ਵੀ ਇਹ ਸਮਲਿੰਗੀ ਲੋਕ ਰਹਿੰਦੇ ਸਨ, ਉਥੇ ਉਨ੍ਹਾਂ ਨੇ ਆਪਣੀ ਸਨਾਖ਼ਤ ਜ਼ਾਹਰ ਨਹੀਂ ਹੋਣ ਦਿੱਤੀ। ਸੋਵੀਅਤ ਯੂਨੀਅਨ ਵਿਚ ਵੀ ਸਮਲਿੰਗੀਆਂ ਦਾ ਇਕ ਤੰਤਰ, ਆਪਣਾ ਵਜੂਦ ਤਾਂ ਰੱਖਦਾ ਸੀ ਪਰ ਜ਼ਾਹਰਾ ਤੌਰ 'ਤੇ ਸਮਲਿੰਗੀਆਂ ਦੀ ਕੋਈ ਸੰਸਥਾ ਜਾਂ ਕਿਸੇ ਸੰਸਥਾ ਦਾ ਕੋਈ ਪ੍ਰਕਾਸ਼ਿਤ ਮਸੌਦਾ ਜਾਂ ਚਰਚ ਨਹੀਂ ਸੀ, ਜਿੱਥੋਂ ਉਨ੍ਹਾਂ ਦੀ ਹੋਂਦ ਦਾ ਗਿਆਨ ਹੁੰਦਾ ਹੋਵੇ। ਸਮਲਿੰਗੀਆਂ ਦੀ ਮਜਬੂਰੀ ਇਹ ਸੀ ਕਿ ਉਨ੍ਹਾਂ ਨੂੰ ਦੋ-ਲਿੰਗੀਆਂ ਵਾਂਗ ਸਹਿਜ ਤੇ ਪ੍ਰਵਾਨਿਤ ਵਿਹਾਰ ਕਰਨਾ ਪੈਂਦਾ ਸੀ ਤਾਂ ਜੋ ਉਹ, ਉਨ੍ਹਾਂ ਸੰਸਥਾਵਾਂ ਵਿਚ ਕੰਮ ਕਰ ਸਕਣ, ਉਸ ਖਿੱਤੇ ਵਿਚ ਸਫ਼ਰ ਕਰ ਸਕਣ ਅਤੇ ਜ਼ਿੰਦਗੀ ਵਿਚਲੀ ਵਿਹਲ ਦਾ ਸਹਿਜ ਹੋ ਕੇ ਆਨੰਦ ਮਾਣ ਸਕਣ। ਸਮਲਿੰਗੀਆਂ ਦੀ ਇਕ ਸਮੱਸਿਆ ਇਹ ਵੀ ਸੀ ਕਿ ਉਹ ਕੇਵਲ ਆਪਣੇ ਸਮਲਿੰਗੀ ਜੋੜਿਆਂ ਵਿਚ ਹੀ ਤਨਾਉਮੁਕਤ ਹੋਕੇ ਰਹਿ ਸਕਦੇ ਸਨ, ਇਸ ਲਈ 'ਗੇਅ *ਗੈਟੋ'* (Gay-Ghetto) ਦੀ ਰਚਨਾ ਉਹਨਾਂ ਦੀ ਮਜਬੂਰੀ ਵੀ ਸੀ ਤੇ ਲੋੜ ਵੀ ਬਣ ਗਈ ਸੀ।

ਨਿੱਜੀ ਆਜ਼ਾਦੀ ਨੂੰ ਮਨੁੱਖ ਦਾ ਸਭ ਤੋਂ ਮਹੱਤਵਪੂਰਨ ਹੱਕ ਸਮਝਣ ਵਾਲੇ ਦੇਸ਼ਾਂ ਨੇ ਵੀ, ਇਸ ਵਰਤਾਰੇ ਨੂੰ ਆਤਮਸਾਤ ਨਹੀਂ ਸੀ ਕੀਤਾ। ਸਮਲਿੰਗੀਆਂ ਨੂੰ ਰੁਜ਼ਗਾਰ ਦੇਣ ਵੇਲੇ ਵੀ ਭੇਦ-ਭਾਵ ਕੀਤਾ ਜਾਂਦਾ ਰਿਹਾ। ਯੂ.ਐੱਸ.ਏ. ਵਿਚ ਸਰਕਾਰੀ ਤੇ ਗ਼ੈਰ-ਸਰਕਾਰੀ ਖੇਤਰਾਂ ਵਿਚ ਵੀ ਇਹ ਵਰਤਾਰਾ ਕਾਇਮ ਰਿਹਾ। ਇਸ ਦੇ ਕਈ ਨੈਤਿਕ, ਕੁਦਰਤੀ ਅਤੇ ਸੁਰੱਖਿਆ ਨਾਲ ਜੁੜੇ ਹੋਏ ਕਾਰਨ ਵੀ ਸਨ। ਸ਼ਾਇਦ ਪਾਠਕ ਹੈਰਾਨ ਹੋਣ ਕਿ ਸਮਲਿੰਗੀਆਂ ਨੂੰ ਨੈਤਿਕਤਾ ਨਾਲ ਜੁੜੀਆਂ ਸੰਸਥਾਵਾਂ, ਅਧਿਆਪਨ ਨਾਲ ਜੁੜੀਆਂ ਸੰਸਥਾਵਾਂ, ਈਸਾਈਆਂ ਦੀਆਂ ਧਾਰਮਿਕ ਸੰਸਥਾਵਾਂ, ਦਵਾਈਆਂ ਦੇ ਖੇਤਰ, ਪੁਲੀਸ ਅਤੇ ਫ਼ੌਜ ਵਿਚ ਵੀ ਨੌਕਰੀ ਦੇਣਾ ਸ਼ੱਕੀ ਤੇ ਅਯੋਗ ਸਮਝਿਆ ਗਿਆ ਸੀ। ਮਰਦ ਵੇਸਵਾਵਾਂ ਦਾ ਵੀ ਪੱਛਮੀ ਜਰਮਨੀ ਵਿਚ ਕਾਫ਼ੀ ਜ਼ਿਕਰ ਮਿਲਦਾ ਹੈ। ਇਕ ਖੋਜ ਅਨੁਸਾਰ ਮਰਦ ਵੇਸਵਾਵਾਂ ਸਮਲਿੰਗੀਆਂ ਦੀ ਹੀ ਦੇਣ ਸਨ ਕਿਉਂਕਿ ਸਮਲਿੰਗੀ, ਸਮਾਜਕ, ਆਰਥਿਕ ਜਾਂ ਨਿੱਜੀ ਸਰੋਤਾਂ ਅਤੇ ਨਿੱਜੀ ਯੋਗਤਾਵਾਂ ਦੇ ਬਾਵਜੂਦ ਵੀ ਸਮਾਜਕ ਪ੍ਰਵਾਨਗੀ ਪ੍ਰਾਪਤ ਨਾ ਹੋਣ ਕਰਕੇ, ਉਹ ਇਸ ਦਿਸ਼ਾ ਵੱਲ ਮੋੜ ਕੱਟ ਗਏ। ਵੀਹਵੀਂ ਸਦੀ ਦੇ ਅੱਧ ਵਿਚ ਸਮਲਿੰਗੀ ਔਰਤਾਂ ਦੀ ਭੂਮਿਕਾ ਵੀ ਉਜਾਗਰ ਹੋਣ ਲੱਗੀ ਤੇ ਉਹ ਵੀ ਨਿਰੰਕੁਸ਼ ਰੂਪ ਵਿਚ, ਆਪਣੀ ਹੋਂਦ-ਹਸਤੀ ਤੇ ਵਿਉਹਾਰ ਦਾ ਪ੍ਰਦਰਸ਼ਨ ਕਰਨ ਲੱਗੀਆਂ। ਜਲੂਸ ਨਿਕਲਣ ਲੱਗੇ, ਇੰਟਰਵਿਊ ਛਪਣ ਲੱਗੇ ਤੇ ਖੁਲ੍ਹੀ-ਬਹਿਸ ਸ਼ੁਰੂ ਹੋ ਗਈ।

ਵੀਹਵੀਂ ਸਦੀ ਦੀ ਅੰਤਲੀ ਤਿਹਾਈ ਵਿਚ ਇਹ ਲੋਕ ਹੌਲੀ-ਹੌਲੀ ਇਕੱਤ੍ਰਿਤ ਹੋ ਕੇ ਆਪਣੇ ਹੱਕਾਂ ਲਈ ਮੀਡੀਆ ਰਾਹੀਂ, ਸਾਹਮਣੇ ਆਉਣ ਲੱਗੇ। ਵਿਚਾਰਧਾਰਾਈ ਪੱਧਰ 'ਤੇ, ਨਿੱਜੀ ਆਜ਼ਾਦੀ ਦੇ ਅੰਤਰਗਤ, ਇਨ੍ਹਾਂ ਦੇ ਦੇਹ ਸੁੱਖ ਦੇ ਮਾਨਵੀ ਅਧਿਕਾਰ ਨੂੰ ਪ੍ਰਵਾਨ ਕਰ ਲਿਆ ਗਿਆ ਤੇ ਕੁਝ ਸਮਾਜਾਂ ਨੇ ਇਨ੍ਹਾਂ ਪ੍ਰਤੀ ਸਹਾਨੁਭੂਤੀ ਦਾ ਵੀ ਪ੍ਰਗਟਾਵਾ ਕੀਤਾ। ਕੁਝ



ਦੇਸ਼ਾਂ ਨੇ ਇਨ੍ਹਾਂ ਨੂੰ ਕਾਨੂੰਨੀ ਪ੍ਰਵਾਨਗੀ ਵੀ ਦਿੱਤੀ ਪਰ ਇਹ ਲੋਕ ਅੱਜ ਵੀ ਖੁੱਲ੍ਹੇ ਮਨ ਨਾਲ, ਸਮਾਜਕ ਪ੍ਰਵਾਨਗੀ ਦੇ ਅਧਿਕਾਰੀ ਨਹੀਂ ਬਣ ਸਕੇ। ਹਾਂ, ਇਹ ਜ਼ਰੂਰ ਹੋਇਆ ਕਿ ਬਹੁਤ ਸਾਰੇ ਲੋਕ, ਇਨ੍ਹਾਂ ਬਾਰੇ ਜਾਣਦੇ ਹੋਏ ਵੀ, ਇਨ੍ਹਾਂ ਵੱਲੋਂ ਅਭਿੱਜ ਦੇ ਉਦਾਸੀਨ ਹੀ ਰਹਿੰਦੇ ਹਨ। ਮਨੋਵਿਗਿਆਨੀਆਂ ਅਨੁਸਾਰ ਇਹ ਕੇਵਲ ਆਨੰਦ ਜਾਂ ਦੇਹ ਸੁੱਖ ਦਾ ਮਸਲਾ ਨਹੀਂ। ਇਹ ਲੋਕ ਅਸਲ ਵਿਚ ਮਾਂ ਦੇ, ਪਿਉ ਦੇ ਜਾਂ ਬਚਪਨ ਵਿਚ ਕਿਸੇ ਜਾਬਰ ਵਿਹਾਰ, ਅਣਚਾਹਤ ਜਬਰੀ ਲਿੰਗ ਵਿਹਾਰ ਜਾਂ ਕਿਸੇ ਡਰ ਦੇ ਪਾਤਰ ਬਣਾਏ ਜਾਣ ਕਾਰਨ, ਉਕਤਾਏ, ਝੰਬੇ, ਡੰਗੇ ਤੇ ਡਰੇ ਹੋਏ ਹੋਣ ਕਾਰਨ, ਮਾਨਸਿਕ ਗ੍ਰੰਥੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਸਿੱਟੇ ਵਜੋਂ ਇਹ ਔਰਤਾਂ ਤੇ ਮਰਦ, ਸਾਵੀਂ ਪੱਧਰੀ, ਵਿਰੋਧੀ ਲਿੰਗ-ਕੇਂਦ੍ਰਿਤ, ਸਹਿਜ ਤੇ 'ਕੁਦਰਤੀ ਸਮਝੀ ਜਾਂਦੀ' ਜ਼ਿੰਦਗੀ ਨੂੰ ਜਿਊਣ ਤੋਂ ਕਾਸਰ ਰਹਿੰਦੇ ਹਨ। ਸਮਾਜ-ਵਿਗਿਆਨੀ ਇਸ ਵਰਤਾਰੇ ਦੀ ਸਮਾਜਕ ਵਿਆਖਿਆ ਦੇਂਦੇ ਹੋਏ, ਇਨ੍ਹਾਂ ਨੂੰ ਬੀਮਾਰ ਸਮਾਜਕ ਪ੍ਰਾਣੀ ਮੰਨਦੇ ਰਹੇ ਹਨ। ਸੱਚ ਤਾਂ ਇਹ ਹੈ ਕਿ ਇਹ ਡਰੇ ਹੋਏ ਤੇ ਮਾਨਸਿਕ ਤੌਰ 'ਤੇ ਟੁੱਟੇ ਤੇ ਬਿਖਰੇ ਹੋਏ ਹੋਏ ਲੋਕ ਹਨ ਜੋ ਕੇਵਲ ਸਮਲਿੰਗਕਤਾ ਵਿਚ ਹੀ ਪਨਾਹ ਭਾਲਦੇ ਹਨ। ਇਹ ਲੋਕ, ਵਿਆਹ, ਔਲਾਦ ਤੇ ਗ੍ਰਹਿਸਤੀ ਦਾ ਭਾਰ ਝੱਲਣ ਤੋਂ ਨਾਬਰ ਹੀ ਨਹੀਂ, ਕਾਸਰ ਹਨ। ਇਕ ਸਮਾਜਕ ਸਰਵੇ ਅਨੁਸਾਰ, ਇਸ ਦਮਨ ਕੇਂਦ੍ਰਿਤ ਲਿੰਗ ਵਿਹਾਰ ਵਿਚ ਔਰਤਾਂ ਦੀ ਸ਼ਮੂਲੀਅਤ ਵੱਧ ਰਹੀ ਹੈ। ਪੁਰਾਤਨ ਭਾਰਤੀ ਸਮਾਜ-ਸਭਿਆਚਾਰਕ ਤੇ ਚਿੰਤਨ ਪਰੰਪਰਾ ਵਿਚ ਅੱਠ ਤਰ੍ਹਾਂ ਦੇ ਵਿਆਹਾਂ ਦਾ ਜ਼ਿਕਰ ਹੈ ਤੇ ਹਰ ਤਰ੍ਹਾਂ ਦੇ ਵਿਆਹ ਦਾ ਕੇਂਦਰੀ ਸਰੋਕਾਰ, ਨਸਲੀ-ਵਿਕਾਸ ਹੀ ਮਿਥਿਆ ਗਿਆ ਹੈ। ਅਸੀਂ ਸਾਰੇ ਏਸੇ ਪ੍ਰਕਿਤਕ ਲਿੰਗ ਵਿਹਾਰ ਦੇ ਆਦੀ ਹਾਂ ਤੇ ਸਾਨੂੰ ਇਸ ਰਾਹੀਂ ਮਨੁੱਖੀ ਵਿਕਾਸਲੀਲ੍ਹਾ, ਦੇਹ ਸੁੱਖ ਅਤੇ ਮਾਤ੍ਰਤਵ ਦੇ ਮਸਲਿਆਂ ਦਾ ਹੀ ਨਿਵਾਰਨ ਕਰਨਾ ਆਉਂਦਾ ਹੈ ਪਰ ਮਸਲਾ ਇਹ ਹੈ ਕਿ ਅਮਲੀ ਪੱਧਰ 'ਤੇ, ਪੂੰਜੀ ਦੇ ਵਿਹਾਰ ਤੇ ਪ੍ਰਹਾਰ-ਤੰਤਰ ਨੇ, ਮਨੁੱਖ ਨੂੰ ਸਰੀਰਕ, ਮਾਨਸਿਕ ਤੇ ਸਮਾਜ-ਸਭਿਆਚਾਰਕ ਪੱਧਰ 'ਤੇ, ਐਸਾ ਝੰਜੋੜਿਆ ਹੈ ਕਿ ਉਹ ਦਮਨ-ਤੰਤਰ ਦਾ ਪਾਤਰ ਬਣਨ ਕਰਕੇ, ਬੇਲੋੜੇ ਮਾਨਸਿਕ ਦਬਾਵਾਂ ਵਿਚ ਘਿਰਨ ਕਰਕੇ ; ਉਹ ਅੰਤਰਮੁਖੀ ਹੋਣ ਕਰਕੇ, ਸਵੈ-ਕੇਂਦਰੀਕਰਨ ਦੇ ਖ਼ੁਦਗਰਜ਼ ਦਾਇਰਿਆਂ ਵਿਚ ਪ੍ਰਵੇਸ਼ ਕਰ ਗਿਆ ਹੈ। ਸਿੱਟੇ ਵਜੋਂ ਨਾਂਹਵਾਚੀ, ਅਪ੍ਰਵਾਨਿਤ, ਪ੍ਰਭਾਵੀ ਤੇ ਘ੍ਰਿਣਤ ਵਿਉਹਾਰ ਕਰਕੇ, ਉਹ ਸਮਾਜਕ ਤਾਣੇ-ਬਾਣੇ ਵੱਲ ਪਿੱਠ ਕਰਕੇ, ਵਿਆਹ, ਔਲਾਦ, ਪਾਲਣ-ਪੋਸਣ ਤੋਂ ਇਲਾਵਾ ਸਮਾਜਕ ਰਿਸ਼ਤਿਆਂ ਦੇ ਭਾਵੁਕ ਤਰਜ਼ੇ ਅਮਲ (emotional-Pattern) ਤੋਂ ਵੀ ਕਿਨਾਰਾਕਸ਼ੀ ਕਰ ਗਿਆ ਹੈ। ਸੋ ਇਸ ਘੇਰੇ ਵਿਚ ਆਉਣ ਵਾਲੇ ਇਸਤਰੀ ਪੁਰਸ਼ਾਂ ਨੇ, ਸਮਲਿੰਗੀ ਰਿਸ਼ਤਿਆਂ ਦੇ ਦਾਇਰਿਆਂ ਵਿਚ, ਸਥਾਈ ਪਨਾਹ ਭਾਲ ਲਈ ਤੇ ਉਹ ਸਦਾ ਲਈ ਪਰਿਵਾਰਕ ਤੇ ਸਮਾਜਕ ਜ਼ਿੰਮੇਂਵਾਰੀਆਂ ਤੋਂ ਮੁਕਤ ਹੋ ਗਏ। ਉਹ ਕੇਵਲ ਸਮਲਿੰਗੀ ਆਨੰਦ ਵਿਚੋਂ, ਜ਼ਿੰਦਗੀ ਦੀ ਨਵੀਂ ਵਿਹਾਰਕ ਦਿਸ਼ਾ ਗ੍ਰਹਿਣ ਕਰਨ ਲੱਗੇ। ਇਹ ਪਰੰਪਰਕ ਤੇ 'ਕੁਦਰਤੀ ਸਮਝੇ ਜਾਂਦੇ' ਵਿਆਹ ਦੇ ਸਿਸਟਮ ਨੂੰ ਨਕਾਰਨ ਕਰਕੇ, ਅਜਿਹੀਆਂ ਔਰਤਾਂ, ਮਰਦਾਂ ਦੀ ਸਪੇਸ ਖ਼ਤਮ ਕਰ ਰਹੀਆਂ ਹਨ ਤੇ ਮਰਦ, ਅਜਿਹੀਆਂ ਔਰਤਾਂ ਦੀ ਸਪੇਸ ਨੂੰ ਖਾਜਾ ਬਣਾ ਰਹੇ ਹਨ। ਨਸਲੀ ਵਿਕਾਸ, ਵਿਆਹ ਦੀ ਸੰਸਥਾ, ਔਲਾਦ ਤੇ ਮਾਤ੍ਰਤਵ, ਸਮਾਜਕ-ਆਰਥਿਕ ਪ੍ਰਗਤੀ ਦੇ ਸਾਰੇ ਵਰਤਾਰੇ, ਉਨ੍ਹਾਂ ਲਈ ਇਕ ਵਿਸ਼ੇਸ਼ ਤਰ੍ਹਾਂ ਦੀ ਅਣਕਹੀ ਅਪ੍ਰਸੰਗਿਕਤਾ ਗ੍ਰਹਿਣ ਕਰ ਜਾਂਦੇ ਹਨ।

ਏਸੇ ਪਿੱਠ ਭੂਮੀ ਵਿਚੋਂ, ਇੱਕੀਵੀਂ ਸਦੀ ਦੇ ਦੂਜੇ ਦਹਾਕੇ ਵਿਚ ਚਹਿਲ ਦੀ, ਖੋਜ ਕਹਾਣੀ ਦਾ ਜਨਮ ਹੁੰਦਾ ਹੈ। ਦੋ ਸਮਲਿੰਗੀ ਸਹੇਲੀਆਂ (Lesbians) ਇਕੱਠੀਆਂ ਰਹਿ ਰਹੀਆਂ ਹਨ ਪਰ ਇਸ ਪੂਰਵ-ਪ੍ਰਚਲਤ ਸਮਲਿੰਗੀ ਰਿਸ਼ਤਿਆਂ ਦੀ ਵਿਹਾਰਧਾਰਾ, ਕੈਟਰੀਨਾ ਇਕ ਦਿਨ ਖੰਡਿਤ ਕਰ ਦੇਂਦੀ ਹੈ। ਕੈਟਰੀਨਾ ਅੰਦਰ ਆਏ ਇਸ ਅਚਣਚੇਤੀ ਪਰਿਵਰਤਨ ਨੇ, ਉਸ ਨੂੰ ਮਾਂ ਬਣਨ ਵੱਲ ਪ੍ਰੇਰਿਆ ਤੇ ਉਕਸਾਇਆ ਹੈ। ਉਹ ਹੁਣ ਪ੍ਰੇਰਿਤ ਹੋਈ ਮਾਂ ਬਣਨਾ ਲੋੜਦੀ ਹੈ। ਦੂਸਰੀ ਸਹੇਲੀ ਨਾਰਾਜ਼ ਹੋ ਕੇ ਉਸ ਦਾ ਸਾਥ ਛੱਡ ਜਾਂਦੀ ਹੈ ਕਿਉਂਕਿ ਕੈਟਰੀਨਾ, ਉਸ ਦੇ ਸੰਗ ਸਾਥ ਤੇ ਦੇਹੀ-ਆਨੰਦ ਦੀ ਪ੍ਰਕਿਰਤੀ ਦੀਆਂ ਸੀਮਾਵਾਂ ਤੋਂ ਬਾਹਰ ਜਾ ਰਹੀ ਹੈ ਜਿਸ ਨਾਲ ਉਸ ਦੇ ਜੀਵਨ-ਪੈਟਰਨ ਵਿਚ ਖ਼ਲਲ ਪੈਣ ਦੀਆਂ ਸੰਭਾਵਨਾਵਾਂ ਹਨ। ਸਾਡਾ ਮੱਤ ਹੈ ਕਿ

> *"ਕੈਟਰੀਨਾ ਆਪਣੀ ਜਵਾਨੀ ਦੇ ਆਰੰਭਲੇ ਦੌਰ ਵਿਚ ਜਦੋਂ ਉਹ ਕੁੜੀ ਤੋਂ ਔਰਤ ਵਿਚ ਤਬਦੀਲ ਹੋਣ ਦੇ ਸੰਕ੍ਰਾਂਤੀ ਕਾਲ ਵਿਚ ਸੀ, ਉਦੋਂ ਵੀ, ਉਸਦੀ ਪਹਿਲੀ ਪਸੰਦ, ਪਹਿਲ ਤੇ ਲੋੜ ਵੀ ਔਰਤ ਹੀ ਸੀ, ਕੋਈ ਮਰਦ ਨਹੀਂ ਸੀ।*
>
> *ਕਾਲਜ ਛੱਡਣ ਤੋਂ ਬਾਅਦ ਵੀ, ਉਸ ਦੀ ਪਹਿਲੀ ਤਰਜੀਹ, ਹਮਉਮਰ ਔਰਤ ਨਾਲ ਸਹਿਵਾਸ ਹੈ। ਉਸ ਨੇ ਮਾਂ ਬਣਨ ਦਾ ਫ਼ੈਸਲਾ ਕਰ ਲਿਆ ਹੈ। ਬਰਤਾਨੀਆ ਦੇ ਹਸਪਤਾਲਾਂ ਦੇ ਸਪਰਮ ਬੈਂਕ ਦੀ ਸਹਾਇਤਾ ਨਾਲ ਜਿਹੜਾ ਬੱਚਾ ਪੈਦਾ ਕਰਨ ਦੀ ਇੱਛੁਕ ਹੈ ਉਹ ਵੀ ਲੜਕੀ ਹੀ ਹੈ।"*

ਉਸ ਦੀ ਜ਼ਿੰਦਗੀ ਵਿਚੋਂ ਮਰਦ ਨਿਰੰਤਰ ਗ਼ਾਇਬ ਹੈ ਤੇ ਮਰਦ ਦੀ ਸਪੇਸ ਵੀ ਔਰਤ ਕੋਲ ਹੈ। ਬਰਤਾਨੀਆ ਦਾ ਕਾਨੂੰਨ ਤੇ ਡਾਕਟਰੀ ਸੁਵਿਧਾ-ਤੰਤਰ, ਉਸ ਨੂੰ (Genetic-Engineering) ਰਾਹੀਂ ਬੱਚਾ ਪੈਦਾ ਕਰਨ ਦੀਆਂ ਸਾਰੀਆਂ ਸੁਵਿਧਾਵਾਂ ਸਹਿਤ, ਤਕਨੀਕੀ ਤੇ ਮੈਡੀਕਲ ਸਹਾਇਤਾ ਤਾਂ ਦੇ ਸਕਦਾ ਹੈ ਪਰ ਉਸ ਨੂੰ ਲਿੰਗ-ਚੋਣ ਦੀ ਸਹੂਲਤ ਦੀ ਆਗਿਆ ਨਹੀਂ ਦੇਂਦਾ। ਜਦੋਂ ਉਸ ਨੂੰ ਅਮਰੀਕਾ ਵਿਚ ਅਜਿਹੀ ਸੁਵਿਧਾ, ਪ੍ਰਾਪਤ ਹੋਣ ਦੇ ਸੰਕੇਤ ਮਿਲਦੇ ਹਨ ਤਾਂ ਉਹ ਬਰਤਾਨੀਆ ਤੋਂ ਅਮਰੀਕਾ (ਵਰਜੀਨੀਆ) ਆ ਜਾਂਦੀ ਹੈ। ਉਹ ਕੰਮ ਕਰਕੇ ਪੈਸੇ ਇਕੱਠੇ ਕਰਦੀ ਹੈ ਤੇ ਫਿਰ ਹਸਪਤਾਲ ਦੇ ਸਪਰਮ ਬੈਂਕ ਨਾਲ ਸੰਪਰਕ ਕਰਕੇ, ਇਕ ਅਹਿਦਨਾਮੇ 'ਤੇ ਦਸਤਖ਼ਤ ਕਰਦੀ ਹੈ ਜਿਸ ਵਿਚ, ਇਸ ਸਾਰੀ ਪ੍ਰਕਿਰਿਆ ਤੇ ਤਜਰਬੇ ਨਾਲ ਸੰਬੰਧਿਤ ਕਾਨੂੰਨੀ, ਪਰਿਵਾਰਕ, ਜਿਨਸੀ ਤੇ ਮਨੁੱਖੀ ਅਧਿਕਾਰਾਂ ਸੰਬੰਧੀ ਲੋੜੀਂਦੀ ਜਾਣਕਾਰੀ, ਸਹੂਲਤਾਂ ਤੇ ਸੀਮਤ ਅਧਿਕਾਰਾਂ ਦਾ ਵਿਧੀਵਤ ਜ਼ਿਕਰ ਹੈ। ਅਮਰੀਕਾ ਦਾ ਇਹ ਹਸਪਤਾਲ ਪੂਰਵ-ਪਰਿਭਾਸ਼ਤ ਸ਼ਰਤਾਂ ਸਹਿਤ ਉਸ ਨੂੰ ਲਿੰਗ-ਚੋਣ ਦੇ ਅਧਿਕਾਰ ਦੀ ਸੁਵਿਧਾ ਵੀ ਪ੍ਰਦਾਨ ਕਰਦਾ ਹੈ। ਕਿਸ਼ੋਰ ਉਮਰ ਵਿਚ, ਕਾਲਜ ਵਿਚ, ਜਵਾਨੀ ਵਿਚ, ਪਿਆਰ ਤੇ ਚਾਹਤ ਦੀ ਭੁੱਖ ਅਤੇ ਲਿੰਗ ਆਨੰਦ ਲਈ ਸਾਥੀ ਦੀ ਖਿੱਚ ਤੇ ਲੋੜ ਵੇਲੇ ਵੀ, ਉਸ ਦੀ ਪਹਿਲੀ ਚੋਣ ਤੇ ਪਸੰਦ, ਸਦਾ ਔਰਤ ਹੀ ਰਹੀ ਹੈ। ਕੈਟਰੀਨਾ ਆਪਣੇ ਮਨ-ਇੱਛਿਤ ਵਿਹਾਰ ਦੇ ਨਿਰੰਕੁਸ਼ ਪ੍ਰਦਰਸ਼ਨ ਨਾਲ ਜੁੜੀ ਹੋਈ ਹੈ। ਹੁਣ ਜਦੋਂ ਉਹ ਮਾਂ ਬਣਨ ਦੇ ਕੁਦਰਤੀ ਅਮਲ ਨਾਲ ਜੁੜਨ ਜਾ ਰਹੀ ਹੈ ਤਾਂ ਨਿਰਸੰਦੇਹ ਉਸ ਦੀ ਪਹਿਲੀ ਪਸੰਦ (ਸ਼ੀ-ਬੇਬੀ) ਲੜਕੀ ਹੀ ਹੈ। ਆਪਣੀ ਇਸ ਇੱਛਾ ਦੀ ਪੂਰਤੀ ਲਈ, ਉਹ ਆਪਣਾ ਦੇਸ਼ ਵੀ ਛੱਡ ਆਈ ਹੈ।

ਨਿੱਜੀ ਆਜ਼ਾਦੀ ਦੇ ਸੰਕਲਪ ਦੇ ਵਿਸਤਾਰ ਵਿਚ, ਸਿੰਗਲ *ਮਦਰ,* ਸਿੰਗਲ ਪੇਰੈਂਟ, ਸਿੰਗਲ ਫ਼ਾਦਰ ਦੇ ਨਵੇਂ ਦ੍ਰਿਸ਼ਟੀਕੋਣ ਤੇ ਨਵੀਂ ਜੀਵਨ ਜਾਚ ਵੀ, ਮਨੁੱਖੀ ਜੀਵਨ ਤੇ ਸਮਾਜ



ਵਿਚ ਪ੍ਰਵੇਸ਼ ਕਰ ਚੁੱਕੀ ਹੈ। ਇਕ ਜ਼ਾਵੀਏ ਤੋਂ ਇਹ ਵਿਧੀ ਵੀ ਔਲਾਦ, ਮਾਤ੍ਰਤਵ ਤੇ ਪਰਿਵਾਰ ਦਾ ਹੀ ਵਿਸਤਾਰ ਪ੍ਰਸਤੁਤ ਕਰਦੀ ਪ੍ਰਤੀਤ ਹੁੰਦੀ ਹੈ। ਇਸ ਵਿਚੋਂ ਸਿਰਫ਼ ਮਰਦ ਮਨਫ਼ੀ ਹੈ। ਉਹ ਵੀ ਕੇਵਲ ਭੌਤਿਕ ਰੂਪ ਵਿਚ।

ਇਸ ਜੀਵਨ ਸ਼ੈਲੀ ਦੇ ਅਨੁਕਰਣ ਕਰਤਾ, ਮਨਇੱਛਿਤ ਜੀਵਨ ਨੂੰ ਵਿਉਂਤਣ, ਜਿਊਣ ਤੇ ਬਿਤਾਉਣ ਲਈ ਆਪਣੀਆਂ ਸ਼ਰਤਾਂ 'ਤੇ, ਆਪਣੇ ਜੀਵਨ ਦੀ ਤੌਰ ਤੇ ਸਮੀਕਰਣਾਂ ਨੂੰ, ਆਪਣੀ ਪਸੰਦ ਤੇ ਸੋਚ ਅਨੁਸਾਰ, ਵਿਉਂਤ ਵਿਕਾਸ ਦਾ ਪਾਤਰ ਬਣਾਉਂਦੇ ਹਨ। ਜਿਵੇਂ ਅਸੀਂ ਪਹਿਲਾਂ ਜ਼ਿਕਰ ਕਰ ਆਏ ਹਾਂ ਕਿ ਅਜਿਹੇ ਵਿਅਕਤੀਆਂ ਦੇ ਜੀਵਨ ਤੇ ਸਮਾਜਕ ਵਿਹਾਰ ਵਿਚ, ਅਜਿਹੇ ਉਲਾਰ ਪੈਦਾ ਹੋਣ ਪਿੱਛੇ, ਪਰਿਵਾਰਕ, ਸਮਾਜਕ, ਮਨੋਵਿਗਿਆਨਕ ਅਤੇ ਅਣਇੱਛਿਤ ਲਿੰਗਕ ਵਿਹਾਰ ਤੇ ਪ੍ਰਹਾਰ ਦੇ ਦਬਾਵਾਂ ਤੋਂ ਇਲਾਵਾ, ਕਈ ਪ੍ਰਸਥਿਤੀਆਂ ਵੀ, ਮਾਨਵੀ ਵਿਹਾਰ ਨੂੰ ਪ੍ਰਭਾਵਿਤ ਤੇ ਕੁੰਠਿਤ ਕਰਦੀਆਂ ਹਨ। ਪੂੰਜੀ ਪ੍ਰਣਾਲੀ, ਪੂੰਜੀਪਤੀ ਅਤੇ ਪੂੰਜੀ-ਰਾਜਨੀਤੀ ਦੇ ਦਬਾਵੀ ਵਿਹਾਰ ਤੇ ਪ੍ਰਹਾਰ ਨੇ ਵੀ, ਮਨੁੱਖ ਨੂੰ ਕਈ ਤਰ੍ਹਾਂ ਦੇ ਵਿਉਹਾਰਕ, ਆਤਮਕ, ਮਾਨਸਿਕ ਤੇ ਸਮਾਜਕ ਸੰਕਟਾਂ ਅਤੇ ਦਬਾਵਾਂ ਨਾਲ ਲਾਚਾਰ ਕੀਤਾ ਹੋਇਆ ਹੈ। ਵਿਗਿਆਨ, ਮਸ਼ੀਨ, ਤਕਨੀਕ ਅਤੇ ਸੰਚਾਰ ਨੇ ਵੀ ਮਨੁੱਖੀ ਸੋਚ ਵਿਚ ਇੰਤਸ਼ਾਰ ਪੈਦਾ ਕੀਤਾ ਹੈ। ਸਿੱਟੇ ਵਜੋਂ ਬੇਚੈਨੀ, ਮਾਨਸਿਕ ਖਿੱਚੋਤਾਣ, ਅਸਤ-ਵਿਅਸਤਤਾ, ਤੇਜ਼ੀ, ਕਾਹਲ ਤੇ ਪੈਸੇ ਨੇ, ਮਨੁੱਖ ਨੂੰ ਭੁੱਚਲਾਅ ਕੇ ਰੱਖ ਦਿੱਤਾ ਹੈ। ਫ਼ਲਸਰੂਪ ਉਹ ਸਮਾਜਕ ਜੀਵਨ ਦੀਆਂ, ਵਿਆਹ ਤੇ ਔਲਾਦ ਨਾਲ ਜੁੜੀਆਂ ਸੰਸਥਾਵਾਂ ਦੇ, ਅਮਲੀ ਪ੍ਰਭਾਵਾਂ ਤੇ ਦਬਾਵਾਂ ਦੇ ਵਿਸਤਾਰਾਂ ਨਾਲ ਮੇਚ ਨਾ ਆ ਸਕਣ ਕਾਰਨ; ਉਸ ਨੇ ਆਪਣੇ ਆਪ ਨੂੰ ਵੱਖ ਕਰਨ ਦੀ, ਨਿਰਲੇਪ ਰੱਖਣ ਦੀ, ਜ਼ਿੰਦਗੀ ਦੇ ਦਬਾਵਾਂ ਤੇ ਤਣਾਵਾਂ ਤੋਂ ਮੁਕਤ ਹੋ ਕੇ ਜਿਊਣ ਦੀ ਸੌਖ ਨੂੰ, ਆਪਣੀ ਜੀਵਨ ਜੁਗਤ ਦਾ ਮੂਲਸੂਤਰ ਹੀ ਬਣਾ ਲਿਆ ਹੈ।

ਕੈਟਰੀਨਾ, ਆਪਣੇ ਸਾਰੇ ਦਬਾਵਾਂ, ਸੰਕਟਾਂ ਤੇ ਪ੍ਰਭਾਵਾਂ ਕਾਰਨ, ਸਿੰਗਲ ਮਦਰ ਦੇ ਤਜਰਬੇ ਰਾਹੀਂ, ਮਾਂ ਬਣਨ ਤੇ ਔਲਾਦ ਦੇ ਸੁੱਖ ਨਾਲ ਪ੍ਰੀਚਿਤ ਹੋਣ ਲਈ, ਮਰਦ ਰਹਿਤ, ਜ਼ਿੰਦਗੀ ਦੀ ਵਿਉਂਤਬੰਦੀ ਕਰਦੀ ਹੈ। ਉਹ, ਸਮਲਿੰਗੀ ਜੀਵਨ ਤੋਂ ਵਿੱਥ ਥਾਪ ਕੇ, ਮਾਂ ਬਣਨ ਦੇ ਅਮਲ ਵਿਚ ਰੂਪਾਂਤ੍ਰਿਤ ਹੋਣਾ ਚਾਹੁੰਦੀ ਹੈ। ਇਹ ਰੂਪਾਂਤ੍ਰਣ ਨਹੀਂ ਪਰਿਵਰਤਨ ਹੈ। ਬੱਚੇ ਦੇ ਪੈਦਾ ਹੋਣ ਦੇ ਸਮਰੂਪ ਤੇ ਸਮਾਨੰਤਰ, ਉਸ ਅੰਦਰ ਇਕ ਹੋਰ ਔਰਤ, ਮਾਂ ਬਣ ਕੇ ਵੀ ਪੈਦਾ ਹੋ ਜਾਵੇਗੀ। ਉਸ ਦੀ ਜੀਵਨ-ਸ਼ੈਲੀ, ਚਿੰਤਨ ਸ਼ੈਲੀ, ਵਿਹਾਰਕ ਸ਼ੈਲੀ ਹੀ ਨਹੀਂ ਬਦਲੇਗੀ ਸਗੋਂ ਇਕ ਜ਼ਿੰਮੇਂਵਾਰ ਔਰਤ ਦੀ ਭੂਮਿਕਾ ਨਿਭਾਉਣ ਦਾ ਸ਼ਿੱਦਤ ਨਾਲ, ਮਾਤਰੀ ਅਹਿਸਾਸ ਵੀ ਪੈਦਾ ਹੋਵੇਗਾ ਜੋ ਕੈਟਰੀਨਾ ਨੂੰ ਸਮੁੱਚੇ ਰੂਪ ਵਿਚ ਇਕ ਮਾਂ ਵਿਚ ਤਬਦੀਲ ਕਰ ਦੇਵੇਗਾ। ਉਸ ਕੋਲ ਜਿਊਣ ਦਾ ਲਕਸ਼, ਮਾਤ੍ਰਤਵ ਲਈ ਸਾਧਨ ਤੇ ਦੇਹੀ ਲੋੜਾਂ ਦੀਆਂ ਤਰੰਗਾਂ ਨੂੰ ਰੂਪਾਂਤ੍ਰਿਤ ਕਰਨ ਲਈ, ਇਕ ਹੋਰ ਸਮਰੱਥਾ ਭਰਪੂਰ ਵਿਕਲਪ ਵੀ ਪੈਦਾ ਹੋ ਜਾਵੇਗਾ। ਇਉਂ ਕੁਆਰੀ ਤੇ ਸਮਲਿੰਗੀ ਕੈਟਰੀਨਾ ਭੂਤਕਾਲ ਦਾ ਹਿੱਸਾ ਬਣ ਜਾਵੇਗੀ ਤੇ ਮਾਂ ਕੈਟਰੀਨਾ ਦਾ, ਵਿਕਲਪਕ ਰੂਪ ਵਿਚ, ਇਕ ਨਵਾਂ ਜਨਮ ਹੋਵੇਗਾ।

ਉਹ ਕੇਵਲ ਲੜਕੀ ਨੂੰ ਜਨਮ ਦੇਣਾ ਚਾਹੁੰਦੀ ਹੈ। ਪੰਜਾਬੀ ਪਾਠਕ ਲਈ ਇਹ ਨੁਕਤਾ ਹੈਰਾਨਕੁੰਨ ਹੋ ਸਕਦਾ ਹੈ ਕਿ ਪੁੱਤਰ (ਮਰਦ) ਕਿਉਂ ਨਹੀਂ ? ਇਹ ਹੀ ਇਸ ਪ੍ਰਸੰਗ ਦਾ ਕੇਂਦਰੀ ਨੁਕਤਾ ਹੈ। ਜੇ ਉਸ ਨੇ ਸਿਰਫ਼ ਬੱਚਾ ਹੀ ਪੈਦਾ ਕਰਨਾ ਹੁੰਦਾ ਤਾਂ ਉਹ ਬਰਤਾਨੀਆ ਵਿਚ

ਪ੍ਰਾਪਤ ਸਹੂਲਤਾਂ ਨਾਲ ਵੀ ਕਰ ਸਕਦੀ ਸੀ ਪਰ ਉਸ ਨੇ ਤਾਂ ਕੇਵਲ ਤੇ ਕੇਵਲ ਕੁੜੀ ਨੂੰ ਜਨਮ ਦੇਣ ਦਾ ਹੀ ਨਿਰਣਾ ਲਿਆ ਹੋਇਆ ਹੈ। ਏਸੇ ਲਈ ਹੀ ਉਹ ਬਰਤਾਨੀਆ ਤੋਂ ਅਮਰੀਕਾ ਆਈ ਹੈ। ਆਪਣੀ ਇਸ ਇਕ ਨੁਕਾਤੀ ਯੋਜਨਾਬੰਦੀ ਦੇ ਅੰਤਰਗਤ, ਜਦੋਂ ਉਹ ਹਸਪਤਾਲ ਦੇ ਸਪਰਮ ਬੈਂਕ ਨਾਲ ਅਹਿਦਨਾਮੇ 'ਤੇ ਦਸਤਖ਼ਤ ਕਰ ਰਹੀ ਹੈ ਤਾਂ ਉਸ ਦੀ ਕੇਂਦਰੀ ਪਹੁੰਚ, ਇੱਛਾ, ਸੁਪਨਾ ਤੇ ਵਿਹਾਰ ਕੇਵਲ '*ਇਕ ਲੜਕੀ*' ਉਤੇ ਕੇਂਦ੍ਰਿਤ ਹੈ ਜਿਸ ਨੂੰ ਉਸ ਨੇ ਜਨਮ ਦੇਣਾ ਹੈ। ਇਸ ਲਈ ਹਸਪਤਾਲ ਵਿਚਲੀ ਡਾਕਟਰ ਨਾਲ ਹੋਈ; ਇਹ ਗੁਫ਼ਤਗੂ ਉਚੇਚੇ ਧਿਆਨ ਦੀ ਮੰਗ ਕਰਦੀ ਹੈ:

- *"ਪਰ ਕੁਝ ਸੁਆਲ ਮੈਂ ਪੁੱਛਣਾ ਚਾਹੂੰਗਾ। ਕੀ ਤੂੰ ਕਿਸੇ ਖਾਸ ਖਿੱਤੇ ਨਾਲ ਸੰਬੰਧਤ ਧੀ ਜੰਮਣਾ ਪਸੰਦ ਕਰੇਂਗੀ? ਮੇਰਾ ਮਤਲਬ ਹੈ ਜਪਾਨੀ, ਚੀਨੀ, ਅਰਬੀ ਜਾਂ ਇੰਡੀਅਨ ਬਗੈਰਾ ?"*
- *"ਜੀ ਨ੍ਹੀਂ। ਮੈਨੂੰ ਕੋਈ ਪ੍ਰਵਾਹ ਨ੍ਹੀਂ ਐ। ਮੈ ? ਤਾਂ ਬਸ ਧੀ ਚਾਹੀਦੀ ਐ। ਸਗੋਂ ਇਹ ਗੱਲ ਮੇਰੇ ਲਈ ਬੜੀ ਰੁਮਾਂਚਿਤ ਹੋਵੇਗੀ ਕਿ ਜਦੋਂ ਧੀ ਜੰਮੇ ਮੈਨੂੰ ਉਦੋਂ ਈ ਪਤਾ ਲੱਗੇ ਕਿ ਇਹ ਕਿਸ ਖਿੱਤੇ ਦੀ ਐ।" ਕੈਟਰੀਨਾ ਨੇ ਬਿਨਾਂ ਸੋਚਿਆ ਤੁਰੰਤ ਉੱਤਰ ਦਿੱਤਾ।*
- *"ਸਪੱਰਮ ਡੋਨਰ ਦਾ ਸਰੀਰਕ ਬਾਇਉਡੈਟਾ ਵੀ ਸਾਡੇ ਕੋਲ ਹੁੰਦਾ ਐ। ਜਿਵੇਂ ਲੰਬਾ, ਮਧਰਾ ਜਾਂ ਦਰਮਿਆਨਾ ਕੱਦ। ਗੋਰਾ, ਕਾਲਾ ਜਾਂ ਕਣਕਵੰਨਾ ਰੰਗ। ਭਰਵਾਂ ਜਾਂ ਇਕਹਿਰਾ ਸਰੀਰ। ਮੇਰਾ ਮਤਲਬ ਤੂੰ ਇਹ ਗੱਲਾਂ 'ਤੇ ਵੀ ਵਿਚਾਰ ਕਰ ਲੈ।"*
- *"ਨਹੀਂ ਜੀ, ਇਹ ਸਭ ਕੁਦਰਤ 'ਤੇ ਰਹਿਣ ਦਿਉ।"*
- *ਉਸਦਾ ਤੇਰੀ ਧੀ 'ਤੇ ਕੋਈ ਅਧਿਕਾਰ ਨ੍ਹੀਂ ਹੋਵੇਗਾ, ਨਾ ਹੀ ਤੇਰੀ ਧੀ ਪ੍ਰਤੀ ਉਸਦੀ ਕੋਈ ਜ਼ਿੰਮੇਂਵਾਰੀ ਹੋਵੇਗੀ। ਧੀ ਸਿਰਫ ਉਹ ਤੇਰੀ ਈ ਹੋਵੇਗੀ। ਹਾਂ, ਇੰਨਾ ਜ਼ਰੂਰ ਐ ਕਿ ਉਸਦਾ ਬਾਇਲੋਜੀਕਲ ਫਾਦਰ ਉਹੀ ਹੋਵੇਗਾ। ਪਰ ਕਾਨੂੰਨਣ ਅਸੀਂ ਤੈਨੂੰ ਉਸਦਾ ਫੋਨ ਜਾਂ ਪਤਾ ਬਗੈਰਾ ਨ੍ਹੀਂ ਦੇ ਸਕਾਂਗਾ।"*
- *"ਜੀ ਮੈਨੂੰ ਸਭ ਮਨਜ਼ੂਰ ਐ।"*

ਇਸ ਗੁਫ਼ਤਗੂ ਵਿਚ ਜਿੱਥੇ ਸੂਚਨਾ, ਲਿੰਗ ਚੋਣ ਦੀ ਸਹੂਲਤ, ਮਾਨਵੀ ਅਧਿਕਾਰਾਂ ਤੇ ਪਿਤਾ ਦੀ ਪੋਜ਼ੀਸ਼ਨ ਦੇ ਤਕਨੀਕੀ ਵੇਰਵੇ ਅੰਕਿਤ ਹਨ, ਉਥੇ ਕੈਟਰੀਨਾ ਦੀ ਮਾਨਸਿਕਤਾ, ਜੋ ਇਸ ਵੇਲੇ ਇਕ ਧੀ ਦੀ ਮਾਂ ਬਣਨ ਦੀ ਇੱਛਾ ਤੇ ਸੁਪਨੇ ਨਾਲ ਸੰਮੋਹਿਤ (ਹਿਪਨੋਟਾਈਜ਼ਡ) ਤੇ ਬਉਰਾਈ ਹੋਈ ਹੈ। ਉਹ, ਇਕ ਕਾਲਪਨਿਕ ਜਾਦੂਈ ਸੰਸਾਰ ਦੀ ਗ੍ਰਿਫ਼ਤ ਵਿਚ ਹੈ। ਇਸ ਵੇਲੇ ਉਹ ਆਪਣੇ ਇਸ ਸੁਪਨੇ ਨੂੰ, ਕੇਵਲ ਸੱਚ ਹੋਇਆ ਵੇਖਣ ਦੇ ਅਮਲ ਵਿਚ ਹੈ ਤੇ ਇਹ ਕਲਪਨਾ ਉਸ ਨੂੰ ਗਹਿਰੇ ਸਤਰੰਗੇ ਅੰਬਰਾਂ ਵਿਚ ਉਡਾਈ ਫਿਰਦੀ ਹੈ। ਉਸ ਨੂੰ ਕਿਸੇ ਸੂਚਨਾ, ਵਿਸਤਾਰ, ਵੇਰਵੇ ਜਾਂ ਸ਼ਰਤ ਵਿਚ ਕੋਈ ਦਿਲਚਸਪੀ ਹੀ ਨਹੀਂ; ਉਹ ਤਾਂ ਮਾਂ ਬਣਨ ਦੀ ਪ੍ਰਕਿਰਿਆ ਤੇ ਧੀ ਨੂੰ ਜਨਮ ਦੇਣ ਦੀ ਕਾਹਲ ਤੇ ਆਪਣੀ ਧੁਨ ਵਿਚ, ਕਿਸੇ ਵੀ ਹੋਰ ਸੂਚਨਾ, ਮਸਲੇ ਤੇ ਲੋੜ ਵੱਲ ਸੰਜੀਦਗੀ ਨਾਲ ਧਿਆਨ ਹੀ ਨਹੀਂ ਦੇ ਪਾ ਰਹੀ। ਉਹ ਕੇਵਲ ਆਪਣੇ ਸੁਪਨੇ ਦੀ ਪੂਰਤੀ ਨਾਲ, ਅਖੰਡ ਰੂਪ ਵਿਚ ਜੁੜੀ ਹੋਈ, ਕਲਪਿਤ ਦੁਨੀਆ ਦੇ ਅਨੰਤ ਆਨੰਦ ਨਾਲ ਸਰਾਬੋਰ ਹੋਈ, ਇਕ ਅਣਕਹੇ ਪਰ ਅਸੀਮ ਤਲਿਸਮ ਦਾ ਪਾਤਰ ਬਣੀ ਹੋਈ ਹੈ। ਉਹ



ਇਕ ਉਤਾਵਲ, ਉਤੇਜਨਾ, ਉਤਸੁਕਤਾ ਅਤੇ ਇਕ ਅਣਡਿੱਠੇ ਆਕ੍ਰਸ਼ਣ ਵਿਚ ਘਿਰੀ ਹੋਈ, ਦਿਨ ਦੇ ਸੁਪਨੇ ਦੀ ਪਰਿਧੀ ਵਿਚ, ਚੱਕਰਧਾਰੀ ਮੁਦਰਾ ਵਿਚ ਘੁੰਮ ਰਹੀ ਹੈ। ਇਸ ਘੜੀ ਉਹ ਬੱਚਿਆਂ ਵਾਲੀ ਜਗਿਆਸਾ ਤੇ ਅਚੰਭੇ ਨਾਲ ਮਖ਼ਮੂਰ ਹੈ।

ਡਾਕਟਰ ਆਪਣੇ ਪੇਸ਼ੇ ਦੀਆਂ ਲੋੜਾਂ ਦੇ ਅੰਤਰਗਤ ਤੇ ਇਸ ਕੇਸ ਵਿਚ ਪ੍ਰਾਪਤ ਸਹੂਲਤਾਂ, ਪਹਿਲ ਤੇ ਪਸੰਦ ਬਾਰੇ ਸਪੱਸ਼ਟ ਕਰ ਰਿਹਾ ਹੈ ਕਿ ਕੈਟਰੀਨਾ, ਕਿਸੇ ਵੀ ਭੂਗੋਲਿਕ ਖੇਤਰ ਦੇ ਡੋਨਰ ਨੂੰ ਧਿਆਨ ਵਿਚ ਰੱਖ ਕੇ; ਆਪਣੀ ਧੀ ਦੀ ਦੇਹੀ ਤੇ ਜੇਨੈਟਿਕ ਵਿਉਂਤਬੰਦੀ ਕਰ ਸਕਦੀ ਹੈ ਪਰ ਕੈਟਰੀਨਾ ਦੀ ਇਸ ਸਾਰੇ ਪ੍ਰਸੰਗ ਵਿਚ, ਇਸ ਵੇਲੇ ਕੋਈ ਦਿਲਚਸਪੀ ਹੀ ਨਹੀਂ। ਉਹ ਸਹਿਜ ਹੀ ਨਿਰਲੇਪਤਾ ਦਾ ਪ੍ਰਦਰਸ਼ਨ ਕਰ ਰਹੀ ਹੈ। ਉਹ ਇਹ ਜਾਣਕਾਰੀ ਆਪਣਾ ਸੁਪਨਾ ਸੱਚ ਹੋਣ ਉਪਰੰਤ ਹੀ, ਪ੍ਰਾਪਤ ਕਰਨ ਦੀ ਇਛੁੱਕ ਹੈ ਤਾਂ ਜੋ ਇਸ ਭੇਤ ਨਾਲ; ਉਹ, ਉਸ ਸਮੇਂ ਰੋਮਾਂਚਿਤ ਹੋ ਸਕੇ, ਜਿਸ ਪਲ ਉਹ ਸਾਧਾਰਨ ਔਰਤ ਤੋਂ ਇਕ ਧੀ ਦੀ ਮਾਂ ਬਣਨ ਦੇ ਸੁਪਨਈ ਅਮਲ 'ਚੋਂ ਗੁਜ਼ਰ ਕੇ, ਹਕੀਕਤ ਦੀ ਧਰਤੀ 'ਤੇ ਖੜੀ ਹੋਵੇਗੀ। ਡਾਕਟਰ, ਉਸ ਨੂੰ ਉਦਾਹਰਣ ਵਜੋਂ ਚਾਰ ਏਸ਼ਿਆਈ ਦੇਸ਼ਾਂ ਦੇ ਵਿਅਕਤੀਆਂ ਦੀ ਸਹੂਲਤ ਪ੍ਰਦਾਨ ਕਰਦਾ ਹੈ। ਬਰਤਾਨੀਆ ਦੀ ਕੈਟਰੀਨਾ ਨੂੰ, ਅਮਰੀਕਾ ਦੇ ਹਸਪਤਾਲ ਰਾਹੀਂ ਕੇਵਲ ਏਸ਼ੀਆ ਦੇ ਮਰਦਾਂ ਦੇ ਸਪਰਮ ਦੀ ਹੀ ਇਹ ਸੁਵਿਧਾ ਪ੍ਰਦਾਨ ਕੀਤੀ ਜਾ ਰਹੀ ਹੈ। ਇਹ ਹੁਣ ਅੰਤਰਰਾਸ਼ਟਰੀ ਪ੍ਰਸੰਗ ਬਣ ਗਿਆ ਹੈ ਕਿਉਂਕਿ ਏਸ਼ਿਆਈ ਪਾਤਰ ਸਹਿਜੇ ਹੀ ਆਪਣੇ ਆਰਥਿਕ ਸੰਕਟ ਦੇ ਸਰਲੀਕਰਣ ਲਈ, ਕਈ ਵਾਰ 'ਸਪਰਮ ਡੋਨਰ' ਬਣ ਜਾਂਦੇ ਹਨ। ਇਉਂ ਏਸ਼ਿਆਈ ਮਰਦਾਂ ਦੇ ਸਪਰਮ ਪ੍ਰਾਪਤ ਹੋਣੇ ਵਧੇਰੇ ਸਹਿਜ ਤੇ ਸਰਲ ਹਨ। ਇਹ ਵੀ ਇਕ ਵਿਚਾਰਨ ਵਾਲਾ ਨੁਕਤਾ ਹੈ। (ਇਸ ਮਸਲੇ ਉਤੇ ਇਕ ਭਾਰਤੀ ਹਿੰਦੀ ਫ਼ਿਲਮ '*ਵਿੱਕੀ ਡੋਨਰ*' ਵੀ ਬਣ ਚੁੱਕੀ ਹੈ।) ਡਾਕਟਰ ਕੈਟਰੀਨਾ ਨੂੰ, ਡੋਨਰ ਦੇ ਕੱਦ-ਕਾਠ, ਰੰਗ ਤੇ ਸਰੀਰਕ ਬਣਤਰ ਦੀ ਸਹੂਲਤ ਦੇਣ ਦਾ ਵੀ ਜ਼ਿਕਰ ਕਰਦਾ ਹੈ ਪਰ ਕੈਟਰੀਨਾ ਤਰਲ ਭਾਵੁਕ ਆਵੇਸ਼ ਵਿਚ, ਇਨ੍ਹਾਂ ਸਾਰੇ ਵਰਤਾਰਿਆਂ ਤੇ ਵੇਰਵਿਆਂ ਨੂੰ, ਕੁਦਰਤ 'ਤੇ ਛੱਡ ਦੇਣ ਦਾ ਤਰਕ ਪੇਸ਼ ਕਰਦੀ ਹੈ ਪਰ ਵਿਡੰਬਣਾ ਇਹ ਹੈ ਕਿ ਉਹ ਖ਼ੁਦ ਧੀ ਪੈਦਾ ਕਰਨ ਲਈ ਸਿਰੜ ਤੇ ਸਿਦਕ ਨਾਲ, ਮਨੁੱਖ ਦੀ ਵਿਗਿਆਨਕ ਖੋਜ ਦੀਆਂ ਪੈਦਾ ਕੀਤੀਆਂ ਸੁਵਿਧਾਵਾਂ ਦੇ ਬਲ ਉੱਤੇ, ਆਪਣੀ ਇੱਛਾ ਪੂਰਤੀ ਦਾ ਯੁੱਧ ਲੜ ਰਹੀ ਹੈ। ਇਉਂ ਉਹ ਅਸਥਿਰ ਤੇ ਤਰਲ ਮਾਨਸਿਕਤਾ ਵਿਚ ਆਪਾ-ਵਿਰੋਧੀ ਵਿਚਾਰਾਂ ਨੂੰ ਅੰਗੀਕਾਰ ਕਰ ਰਹੀ ਹੈ। ਤਰਕਹੀਣ ਤਰਜੀਹਾਂ ਦੇ ਆਧਾਰ 'ਤੇ, ਆਵੇਗ ਵਿਚ ਹੀ, ਆਪਣੇ ਵਿਚਾਰਾਂ ਨੂੰ, ਸਹਿਜ ਤੇ ਭਾਵੁਕ ਵਹਿਣ ਦਾ ਪਾਤਰ ਬਣਾ ਰਹੀ ਹੈ। ਇਸ ਭਾਵੁਕ ਵੇਗ ਵਿਹਾਰ ਵਿਚ ਸੰਮੋਹਿਤ ਹੋਈ, ਇਕ ਖ਼ੁਸ਼ੀ ਦੀ ਲਹਿਰ ਦੇ ਵਿਸਮਾਦ ਵਿਚ, ਉਹ ਬਿਨਾਂ ਕਿਸੇ ਚਿੰਤਾ-ਚਿੰਤਨ ਦੇ, ਸਭ ਬਿੰਦੂਆਂ 'ਤੇ ਪ੍ਰਵਾਨਗੀ ਦੀ ਮੋਹਰ ਲਾ ਦਿੰਦੀ ਹੈ। ਇਉਂ ਕੈਟਰੀਨਾ ਦੇ ਇਸ ਕੇਸ ਵਿਚ ਕਾਗਜ਼ੀ, ਕਾਨੂੰਨੀ, ਲੋੜੀਂਦੀ ਤੇ ਲਾਜ਼ਮੀ ਕਾਰਵਾਈ 'ਤੇ ਉਦੋਂ ਹੀ ਮੁੰਦਾਵਣੀ ਸਿਰਜ ਦਿੱਤੀ ਜਾਂਦੀ ਹੈ। ਹੁਣ ਉਹ ਇਸ ਸਾਰੀ ਪ੍ਰਕਿਰਿਆ ਲਈ, ਆਪਣੀ ਰਜ਼ਾਮੰਦੀ ਦਾ ਅੰਤਿਮ ਪ੍ਰਗਟਾਵਾ ਕਰ ਦਿੰਦੀ ਹੈ।

ਅਸੀਂ ਸ਼ੁਰੂ ਵਿਚ ਅਰਧਨਾਰੀਸ਼ਵਰ ਦਾ ਜ਼ਿਕਰ ਕੀਤਾ ਸੀ ਜੋ ਭਾਰਤੀ ਮਿਥਹਾਸਕ ਪਰੰਪਰਾ ਵਿਚ ਇਕ ਅਜਿਹੀ ਮਿੱਥ ਹੈ ਜੋ ਸ਼ਿਵ ਤੇ ਪਾਰਬਤੀ ਦੁਆਲੇ ਘੁੰਮਦੀ ਹੈ ਜੋ ਇਹ ਸਿੱਧ ਕਰਦੀ ਹੈ ਕਿ ਮਰਦ ਅੰਦਰ, ਅੱਧਾ ਮਰਦ ਤੇ ਅੱਧੀ ਔਰਤ ਹੁੰਦੀ ਹੈ। ਏਵੇਂ ਹੀ ਹਰ ਔਰਤ ਅੰਦਰ,

ਅੱਧਾ ਮਰਦ ਤੇ ਅੱਧੀ ਔਰਤ ਹੁੰਦੀ ਹੈ। ਔਰਤ ਖੱਬੇ ਪਾਸੇ ਤੇ ਮਰਦ ਸੱਜੇ ਹੁੰਦਾ ਹੈ। ਏਸੇ ਲਈ ਦੇਹੀ ਪੱਧਰ 'ਤੇ ਅਤੇ ਲਿੰਗਕ ਪੱਧਰ 'ਤੇ, ਇਸਤਰੀ-ਪੁਰਸ਼ ਦੀ ਆਪਸੀ ਕਸ਼ਿਸ਼ ਜੀਵੰਤ ਮੁਦਰਾ ਵਿਚ ਕ੍ਰਿਆਵੰਤ ਰਹਿੰਦੀ ਹੈ। ਗਰੀਕ ਮਾਈਥਾਲੋਜੀ ਵਿਚ ਟਾਇਰਸੀਅਸ ਨਾਲ ਜੁੜੀਆਂ ਕੁਝ ਮਿੱਥ ਕਥਾਵਾਂ ਹਨ ਜਿਨ੍ਹਾਂ ਵਿਚ ਅਰਧਨਾਰੀਸ਼ਵਰ ਨਾਲ ਮਿਲਦੀਆਂ ਜੁਲਦੀਆਂ ਤੇ ਥੋੜ੍ਹੇ ਅੰਤਰ ਨਾਲ ਪ੍ਰਾਪਤ ਹਨ। ਇਸ ਪ੍ਰਭਾਵੀ ਮਨੋ-ਵਰਤਾਰੇ ਦੀ ਇਕ ਵਿਸ਼ੇਸ਼ ਭੂਮਿਕਾ ਹੈ ਪਰ ਕੈਟਰੀਨਾ, ਇਸ ਪ੍ਰਸੰਗ ਵਿਚ ਅਪਵਾਦ ਬਣ ਕੇ ਨਮੂਦਾਰ ਹੁੰਦੀ ਹੈ ਤੇ ਸਵਾਲ ਪੈਦਾ ਹੁੰਦਾ ਹੈ ਕਿ ਇਹ ਸਾਰਾ ਵਰਤਾਰਾ ਉਸ ਲਈ ਅਪ੍ਰਸੰਗਿਕ ਕਿਉਂ ਹੋ ਜਾਂਦਾ ਹੈ। ਅਸਲ ਵਿਚ ਅਸੀਂ ਸਦੀਆਂ ਤੋਂ ਜਿਸ ਵਿਉਹਾਰ ਦੇ ਆਦੀ ਹੋ ਜਾਂਦੇ ਹਾਂ, ਉਸ ਨੂੰ ਹੀ ਜੀਵਨ ਦਾ ਸੱਚ ਮੰਨ ਲੈਂਦੇ ਹਾਂ, ਇਸ ਪ੍ਰਸੰਗ ਵਿਚ ਵੀ ਅਸੀਂ ਏਸੇ ਪਹੁੰਚ ਦਾ ਸ਼ਿਕਾਰ ਹੋ ਰਹੇ ਹਾਂ।

ਕੈਟਰੀਨਾ ਜਿਸ ਧੀ ਨੂੰ ਸਿੰਗਲ ਮਦਰ ਵਜੋਂ ਜਨਮ ਦਿੰਦੀ ਹੈ ਉਸ ਦਾ ਨਾਂ ਸੈਫੀ ਰੱਖਦੀ ਹੈ। ਇਸ ਕਹਾਣੀ ਦੀ ਵਿਕਾਸ ਰੇਖਾ ਵਿਚ ਸੈਫੀ ਇਕ ਮਹੱਤਵਪੂਰਨ ਘਟਨਾ, ਪਾਤਰ ਤੇ ਵਰਤਾਰੇ ਵਰਗੇ ਵਿਹਾਰ ਦਾ ਪ੍ਰਦਰਸ਼ਨ ਕਰਦੀ ਪ੍ਰਤੀਤ ਹੁੰਦੀ ਹੈ। ਉਸ ਦਾ ਸਰੀਰ, ਸੁਭਾਅ ਤੇ ਵਿਹਾਰਕ ਲੱਛਣਾਂ ਵਿਚ, ਇਕ ਦਿਲਚਸਪ ਪਰਿਵਰਤਨ ਵਾਪਰਦਾ ਹੈ ਕਿ ਉਸ ਨੂੰ ਉੱਤੋੜਿੱਤੀ ਕਈ ਨਿੱਛਾਂ ਆਉਂਦੀਆਂ ਹਨ ਤੇ ਕੁਝ ਸਮੇਂ ਬਾਅਦ ਬਾਰਿਸ਼ ਦੀ ਆਮਦ ਹੋ ਜਾਂਦੀ ਹੈ। ਇਹ ਘਟਨਾ ਕਈ ਵਾਰ ਵਾਪਰਦੀ ਹੈ ਪਰ ਸਕੂਲ ਵਿਚ ਵਾਪਰਨ ਨਾਲ ਤੇ ਕੈਟਰੀਨਾ ਦੇ ਸਪੱਸ਼ਟੀਕਰਨ ਤੋਂ ਬਾਅਦ ਦੋ ਗੱਲਾਂ ਸਾਹਮਣੇ ਆਉਂਦੀਆਂ ਹਨ ਕਿ ਕੁਦਰਤ ਦੀ ਨੇਮ ਪ੍ਰਣਾਲੀ ਦੀ ਪਰਿਧੀ ਵਿਚ ਰਹਿੰਦਿਆਂ, ਮੌਸਮ ਵਿਚ ਸੰਭਾਵਿਤ ਤਬਦੀਲੀ ਦੇ ਸੰਕੇਤ, ਕੁਦਰਤ ਉਸ ਨੂੰ ਅਗਾਊਂ ਹੀ ਦੇ ਦੇਂਦੀ ਹੈ ਤੇ ਇਹ ਨਿੱਛਾਂ ਕੁਦਰਤ ਦਾ ਇਸ਼ਾਰਾ ਹਨ। ਇਉਂ ਇਹ ਕੁਦਰਤ ਦਾ ਸੂਚਨਾ-ਤੰਤਰ ਹੀ ਹੈ ਜੋ ਸੈਫੀ ਦੀਆਂ ਨਿੱਛਾਂ ਰਾਹੀਂ ਬਰਸਾਤ ਹੋਣ ਦਾ, ਅਗੇਤੀ ਸੂਚਨਾ ਦਾ ਯੰਤਰ ਬਣ ਜਾਂਦਾ ਹੈ। ਦੂਜਾ ਸੰਕੇਤ ਇਹ ਹੈ ਕਿ ਉਹ ਪੰਜਾਬੀ ਲੋਕਾਂ ਦੇ ਸੰਪਰਕ, ਸਾਥ, ਸੰਗਤ ਤੇ ਵਿਹਾਰ ਵਿਚ ਵਧੇਰੇ ਸਹਿਜ ਤੇ ਖ਼ੁਸ਼ ਰਹਿੰਦੀ ਹੈ। ਮਾਂ, ਸੈਫੀ ਦੇ ਇਸ ਵਿਉਹਾਰ ਤੇ ਪ੍ਰਤਿਕਰਮ ਤੋਂ ਚਿੰਤਤ ਹੋ ਕੇ ਇਲਾਜ ਲਈ ਜਦੋਂ ਡਾਕਟਰ ਨਾਲ ਸੰਪਰਕ ਕਰਦੀ ਹੈ ਤਾਂ ਉਹ ਮਾਂ ਤੇ ਧੀ ਨਾਲ ਵੱਖ-ਵੱਖ ਇੰਟਰਵਿਊ ਕਰਨ ਤੋਂ ਬਾਅਦ, ਆਪਣੀ ਰਾਏ ਦੇਣ ਤੋਂ ਪਹਿਲਾਂ, ਜਦੋਂ ਉਹ ਕੈਟਰੀਨਾ ਤੋਂ ਉਸ ਦੇ ਸਮਾਜਕ ਤੇ ਪਰਿਵਾਰਕ ਸਟੇਟੱਸ ਬਾਰੇ ਜਾਣਕਾਰੀ ਲੈਣ ਦੀ ਕੋਸ਼ਿਸ਼ ਵਿਚ ਪ੍ਰਸ਼ਨ ਕਰਦਾ ਹੈ:

"ਮਿਸ ਕੈਟਰੀਨਾ ਕੀ ਤੂੰ ਘਰਵਾਲੇ ਨਾਲੋਂ ਵੱਖ ਰਹਿੰਦੀ ਐਂ!" ਡਾਕਟਰ ਨੇ ਪੁੱਛਿਆ।

"ਜੀ, ਮੇਰੇ ਘਰ 'ਚ ਸਿਰਫ ਮੈਂ ਤੇ ਸੈਫੀ ਈ ਰਹਿੰਦੀਆਂ ਆਂ।"

"ਕੀ ਤੂੰ ਤਲਾਕਸ਼ੁਦਾ ਐਂ?"

"ਜੀ ਨ੍ਹੀਂ।"

"ਕੀ ਇਹ ਤੇਰੇ ਕਿਸੇ ਬੁਆਇਫਰੈਂਡ ਦੀ ਉਲਾਦ ਐ ?"

"ਨ੍ਹੀਂ ਜੀ।"

"ਕੀ ਤੂੰ ਮੈ? ਦੱਸ ਸਕਦੀ ਐਂ ਕਿ ਸੈਫੀ ਦਾ ਪਿਉ ਕੌਣ ਐ ?"

"ਜੀ, ਮੈਂ ਇਹ ਗੱਲ ਨ੍ਹੀਂ ਦੱਸ ਸਕਦੀ।"

"ਕਿਉਂ ? ਮੇਰਾ ਮਤਲਬ ਅਜਿਹਾ ਕੀ ਕਾਰਨ ਐ ?"

"ਕਿਉਂਕਿ ਮੈਂ ਖ਼ੁਦ ਨ੍ਹੀਂ ਜਾਣਦੀ ਕਿ ਇਸਦਾ ਪਿਉ ਕੌਣ ਐ।"



"ਉਹ ਆਈ ਐਮ ਸੌਰੀ।"

ਉਪਰੋਕਤ ਗੁਫ਼ਤਗੂ, ਹੈਰਾਨੀ, ਦਿਲਚਸਪੀ ਤੇ ਉਤਕੰਠਾ ਪੈਦਾ ਕਰਦੀ ਹੈ। ਡਾਕਟਰ ਨੇ ਕੈਟਰੀਨਾ ਪਾਸੋਂ ਬੜੇ ਸਾਧਾਰਨ ਤੇ ਸਭਿਅਕ ਤਰੀਕੇ ਨਾਲ ਕਿੱਤੇ ਦੀ ਮਰਿਆਦਾ ਵਿਚ ਰਹਿ ਕੇ, ਉਹ ਸਾਰੇ ਸਵਾਲ ਪੁੱਛੇ ਹਨ ਜੋ ਸੈਫੀ ਦੀ ਬਿਮਾਰੀ ਤੇ ਸੰਭਾਵਿਤ ਪਿਤਾ ਦੀ ਨਿਸ਼ਾਨਦੇਹੀ ਕਰਨ ਵਿਚ ਸਹਾਇਕ ਜਾਂ ਨਿਰਣਾਇਕ ਹੋ ਸਕਦੇ ਹਨ। ਕੈਟਰੀਨਾ, ਸਾਰੇ ਸਵਾਲਾਂ ਦਾ ਈਮਾਨਦਾਰੀ ਨਾਲ ਜਵਾਬ ਦੇ ਰਹੀ ਹੈ। ਸੈਫੀ ਦੇ ਪਿਤਾ ਬਾਰੇ ਜਦੋਂ ਉਹ ਖ਼ੁਦ ਹੀ ਨਹੀਂ ਜਾਣਦੀ ਤਾਂ ਫਿਰ ਉਹ ਡਾਕਟਰ ਨੂੰ ਕਿਵੇਂ ਦੱਸ ਸਕਦੀ ਹੈ। ਇਹ ਸਵਾਲਨਾਮਾ ਕੈਟਰੀਨਾ ਦੇ ਵਰਤਮਾਨ ਪਰਿਵਾਰਕ ਰਿਸ਼ਤਿਆਂ ਦਾ ਸ਼ੱਜਰਾ ਲੱਭ ਰਿਹਾ ਹੈ ਤਾਂ ਜੋ ਇਸ ਸੰਕਟ ਦੀ ਜਿਨਸੀ, ਮਨੋਵਿਗਿਆਨਕ ਤੇ ਜੈਨੇਟਿਕ ਵਿਆਕਰਣ ਨੂੰ ਸਮਝ ਕੇ, ਠੀਕ ਰਾਏ ਦੇ ਸਕੇ ਪਰ ਨਿੱਜੀ ਸਵਾਲਾਂ ਦੀ ਵੀ ਇਕ ਸੀਮਾ ਤੇ ਲਛਮਣ ਰੇਖਾ ਹੈ ਜਿਸ ਨੂੰ ਡਾਕਟਰ ਪਾਰ ਨਹੀਂ ਕਰਨਾ ਚਾਹੁੰਦਾ। ਜਿਹੜੇ ਸਵਾਲ ਪਾਠਕ ਦੇ ਮਨ ਵਿਚ ਪੈਦਾ ਹੋ ਰਹੇ ਹਨ ਜਾਂ ਹੋ ਸਕਦੇ ਹਨ, ਉਹ ਸੈਫੀ ਦੇ ਮਨ ਵਿਚ ਵੀ ਪੈਦਾ ਹੁੰਦੇ ਹਨ ਤੇ ਉਹ ਅਕਸਰ ਆਪਣੇ ਆਪ ਨਾਲ ਲੜਾਈ ਲੜਦੀ ਰਹਿੰਦੀ ਹੈ। ਪਾਠਕ ਇਹ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਤੇ ਹੈਰਾਨ ਵੀ ਹੁੰਦਾ ਹੈ ਕਿ ਮਾਂ ਨੂੰ ਕਿਵੇਂ ਤੇ ਕਿਉਂ ਨਹੀਂ ਪਤਾ ਕਿ ਬੱਚੇ ਦਾ ਬਾਪ ਕੌਣ ਹੈ?

ਇਸ ਅਸਪੱਸ਼ਟ ਤੇ ਅਧੂਰੀ ਜਾਣਕਾਰੀ ਕਾਰਨ, ਕੈਟਰੀਨਾ ਦਾ ਚਰਿਤਰ ਤੇ ਵਿਅਕਤਿਤਵ ਦੋਵੇਂ ਸ਼ੱਕ ਦੇ ਦਾਇਰੇ ਵਿਚ ਪ੍ਰਵੇਸ਼ ਕਰ ਜਾਂਦੇ ਹਨ।

- *ਅਸਲ ਸਰੋਤ ਤੇ ਪਹਿਲੀ ਗਵਾਹੀ ਤਾਂ ਬੱਚੇ ਬਾਰੇ ਹਮੇਸ਼ਾ ਮਾਂ ਦੀ ਹੀ ਹੁੰਦੀ ਹੈ ਪਰ ਮਾਂ ਅਸਮਰੱਥਾ ਪ੍ਰਗਟ ਕਰ ਰਹੀ ਹੈ।*
- *ਕੀ ਮਾਂ ਇਕ ਤੋਂ ਵਧੇਰੇ ਮਰਦਾਂ ਦੀ ਸੰਗਤ ਵਿਚ ਹੈ?*
- *ਕੀ ਉਹ ਬਹੁ-ਮਰਦੀ ਭੋਗ-ਵਿਲਾਸ ਨਾਲ ਜੁੜੀ ਹੋਈ ਹੈ?*
- *ਕੀ ਉਸ ਨੂੰ ਆਪਣੀ ਕੁੱਖੋਂ ਪੈਦਾ ਕੀਤੀ ਬੱਚੀ ਦੇ ਅਸਲੀ ਬਾਪ ਦਾ ਵਾਸਤਵ ਵਿਚ ਹੀ ਗਿਆਨ ਨਹੀਂ ? ਜੇ ਨਹੀਂ ਤਾਂ ਕਿਉਂ ਨਹੀਂ ?*

ਅਜਿਹੀ ਉਤਕੰਠਾ ਤੇ ਉਤਸੁਕਤਾ ਮੂਲਕ ਪ੍ਰਸਥਿਤੀਆਂ, ਕਥਾਕਾਰ ਨੇ ਕਈ ਥਾਈਂ ਪੈਦਾ ਕੀਤੀਆਂ ਹਨ ਜੋ ਇਸ ਲਘੂ-ਬਿਰਤਾਂਤ ਦੀ ਡਰਾਈਵਿੰਗ ਫ਼ੋਰਸ ਬਣ ਜਾਂਦੀਆਂ ਹਨ ਤੇ ਪਾਠਕ ਉਤਕੰਠਾ ਵੱਸ, ਕਥਾ ਨਾਲ ਜੁੜਿਆ ਰਹਿੰਦਾ ਹੈ। ਓੜਕ ਡਾਕਟਰ ਪ੍ਰਾਪਤ ਜਾਣਕਾਰੀ ਦੇ ਆਧਾਰ ਉਤੇ ਆਪਣੀ ਮਾਹਿਰਾਨਾ ਰਾਏ ਦਾ ਪ੍ਰਗਟਾਵਾ ਕਰਦਾ ਦੱਸਦਾ ਹੈ ਕਿ

- *"ਮਿਸ ਕੈਟਰੀਨਾ, ਸੈਫੀ ਦੀ ਬਾਡੀ 'ਚ ਇਹ ਗੱਲ ਜੈਨੇਟਿਕ ਐ।*
- *ਤੁਹਾਡੇ ਘਰ ਵਿਚ ਅਜਿਹਾ ਕੋਈ ਵੱਡਾ ਜ਼ਰੂਰ ਹੋਵੇਗਾ ਜੋ ਇਸੇ ਤਰ੍ਹਾਂ ਦੇ ਵਰਤਾਰੇ ਵਿਚੋਂ ਦੀ ਗੁਜ਼ਰਦਾ ਹੋਵੇਗਾ।*
- *ਮੇਰਾ ਮਤਲਬ ਤੇਰਾ ਪਤੀ ਜਾਂ ਤੇਰੇ ਮਾਪਿਆਂ 'ਚੋਂ ਕੋਈ।"*

ਡਾ. ਸੋਚਦਾ ਹੈ ਕਿ *ਸੈਫੀ* ਦਾ ਸਰੀਰ ਤੇ ਮਨ ਜਿਸ ਵਰਤਮਾਨ ਸੰਕਟ ਨੂੰ ਭੋਗ ਰਹੇ ਹਨ; ਉਸ ਦੀ ਕੁੰਜੀ ਸੈਫੀ ਦੇ ਜੀਨਜ਼ ਦੇ ਕੁਦਰਤੀ ਤੇ ਜੈਵਿਕ ਇਤਿਹਾਸ ਵਿਚ ਪਈ ਹੈ। ਨਿਰਸੰਦੇਹ ਇਨ੍ਹਾਂ ਜੀਨਜ਼ ਕੇਂਦ੍ਰਿਤ ਰੋਗ ਦਾ ਸੰਬੰਧ, ਨਾਨਕਿਆਂ ਜਾਂ ਦਾਦਕਿਆਂ ਨਾਲ ਹੋਣਾ ਲਾਜ਼ਮੀ ਹੈ। ਸੈਫੀ ਦੇ ਰੋਗ ਦੀਆਂ ਜੜ੍ਹਾਂ ਜੀਨ ਦੇ ਕੁਦਰਤੀ ਡੀਜ਼ਾਈਨ ਵਿਚ ਪਈਆਂ ਹਨ ਤੇ ਉਸ ਦੇ

ਵਿਕਲਪ ਜਾਂ ਹੱਲ ਨੂੰ ਖੋਜਿਆ ਜਾਣਾ ਲਾਜ਼ਮੀ ਹੈ ਤਾਂ ਜੋ ਸੈਫੀ ਦੀ ਇਸ ਬਿਮਾਰੀ ਦੇ ਸਰਲੀਕਰਨ ਦੀ ਜੁਗਤ *ਤਾਲਾਸ਼ ਕੀਤੀ* ਜਾ ਸਕੇ। ਕੈਟਰੀਨਾ, ਡਾਕਟਰ ਦੇ ਇਸ ਸਵਾਲ ਦੇ ਰਹੱਸ ਨੂੰ ਸਮਝਣ ਲਈ, ਆਪਣੀ ਬੇਟੀ ਦੇ ਰੋਗ ਦਾ ਹਲ ਤਾਲਾਸ਼ ਕਰਨ ਲਈ, ਡਾਕਟਰ ਵੱਲੋਂ ਕੀਤੇ ਗਏ ਸਵਾਲ ਨੂੰ, ਆਪਣੇ ਮੋੜਵੇਂ ਸਵਾਲ ਰਾਹੀਂ, ਸਮਝਣ ਦੀ ਜਗਿਆਸਾ ਦੇ ਅੰਤਰਗਤ ਪੁੱਛਦੀ ਹੈ:

*"ਡਾਕਟਰ, ਉਹ ਕਿਵੇਂ ?"*

*"ਵੇਖੋ ਸੈਫੀ ਦੀ ਸੋਚ ਤੇ ਇਸਦਾ ਸਰੀਰ ਇਸਦੇ ਪਿਉ 'ਤੇ ਐ। ਇਸਦੇ ਸਰੀਰ ਦੀਆਂ ਬਹੁਤ ਸਾਰੀਆਂ ਕਿਰਿਆਵਾਂ, ਪ੍ਰਤੀਕਿਰਿਆਵਾਂ, ਇਸਦੇ ਹਾਵ-ਭਾਵ ਤੇ ਸੋਚਣ ਦਾ ਢੰਗ ਬਗੈਰਾ ਜੈਨੇਟਿਕ ਨੇ। ਪਰ ਇਸ ਵੇਲੇ ਇਹ ਆਪਣੇ ਉਸ ਜੈਨੇਟਿਕ ਮੁੱਢ ਤੋਂ ਦੂਰ ਐ। ਇਹੀ ਇਸਦੀ ਬਿਮਾਰੀ ਦਾ ਕਾਰਨ ਐ। ਇਸਦਾ ਅਰਧ ਸੁਚੇਤ ਮਨ ਆਪਣੇ ਜੈਨੇਟਿਕ ਸੂਤਰ ਦੇ ਕੋਲ ਹੋਣਾ ਲੋਚਦਾ ਐ। ਮੈਂ ਤੇਰੇ ਨਾਲ ਵੀ ਇੰਟਰਵਿਊ ਕੀਤੀ ਐ। ਜਿਸਦੇ ਜੈਨੇਟਿਕ ਗੁਣ ਤੇਰੇ ਜਾਂ ਤੇਰੇ ਪਰਿਵਾਰ ਨਾਲ ਨ੍ਹੀਂ ਮਿਲਦੇ। ਮੈਂ ਨਤੀਜਾ ਕੱਢਿਆ ਐ ਕਿ ਇਸਦੇ ਇਹ ਗੁਣ ਆਪਣੇ ਪਿਉ ਨਾਲ ਮਿਲਦੇ ਨੇ। ਜੇਕਰ ਇਸ ? ਇਸਦੇ ਪਿਉ ਨਾਲ ਮਿਲਾ ਦਿੱਤਾ ਜਾਵੇ ਤਾਂ ਇਹ ਠੀਕ ਹੋ ਸਕਦੀ ਐ।"*

ਡਾਕਟਰ ਨੇ ਸੈਫੀ ਦੇ ਰੋਗ ਤੇ ਦੁੱਖ ਦੇ ਮੂਲ ਰਹੱਸ ਦਾ ਉਦਘਾਟਨ ਕਰ ਦਿੱਤਾ ਹੈ। ਇਨ੍ਹਾਂ ਹਾਲਾਤਾਂ ਵਿਚ ਸੈਫੀ ਦੇ ਬਾਪ ਦਾ ਮਿਲਣਾ ਅਨਿਵਾਰੀ ਸ਼ਰਤ ਬਣ ਗਿਆ ਹੈ ਕਿਉਂਕਿ ਇਹ ਸਾਧਾਰਨ ਰੋਗ ਨਹੀਂ ਹੈ ਜੀਨਜ਼ ਨਾਲ ਜੁੜੀ ਹੋਈ ਵਿਉਹਾਰ ਲੀਲ੍ਹਾ ਦਾ ਹੀ ਮਹੱਤਵਪੂਰਨ ਅੰਗ ਤੇ ਪ੍ਰਸੰਗ ਹੈ। ਇਹ ਵਿਉਹਾਰ ਲੀਲ੍ਹਾ ਭਾਰਤੀ ਚਿੰਤਨ ਪਰੰਪਰਾ ਤੇ ਮੱਧਕਾਲੀ ਅਧਿਆਤਮਕ ਪ੍ਰਸੰਗ ਨਾਲ ਜੁੜੀ ਹੋਈ ਹੈ। ਡਾਕਟਰ ਨੇ ਸਾਰੀ ਸਮੱਸਿਆ ਭਾਵੇਂ ਸ਼ੀਸ਼ੇ ਵਾਂਗ ਸਾਫ਼ ਕਰ ਦਿੱਤੀ ਹੈ ਪਰ ਸਮੱਸਿਆ ਅਜੇ ਵੀ ਉਥੇ ਦੀ ਉਥੇ ਹੈ ਕਿਉਂਕਿ ਮਾਂ ਤਾਂ ਧੀ ਦੇ ਬਾਪ ਨੂੰ ਜਾਣਦੀ ਹੀ ਨਹੀਂ ਤਾਂ ਮਸਲਾ ਕਿਵੇਂ ਸਰਲ ਹੋਵੇ।

ਧੀ ਸੈਫੀ, ਇਸ ਮਸਲੇ ਦੇ ਕੇਂਦਰੀ ਸੂਤਰ ਨੂੰ ਆਤਮਸਾਤ ਕਰਦੀ ਹੋਈ, ਇਸ ਅੰਨ੍ਹੀ ਪੱਸਰੀ ਹੋਈ ਧੁੰਦ ਤੋਂ ਅੱਕੀ ਹੋਈ, ਆਪਣੀ ਮਾਂ ਨੂੰ ਸਿੱਧਾ, ਬੇਬਾਕ ਤੇ ਫ਼ੈਸਲਾਕੁੰਨ ਰਉਂ ਤੇ ਰੁਖ਼ ਵਾਲਾ ਸਵਾਲ ਪੁੱਛਦੀ ਹੈ:

"ਮਾਮ ਤੈਨੂੰ ਇੱਕ ਗੱਲ ਪੁੱਛਣੀ ਐਂ ?"

"ਹਾਂ, ਪੁੱਛ ਮੇਰੀ ਬੱਚੀ।"

"ਕੀ ਤੈਨੂੰ ਬਿਲਕੁਲ ਈ ਪਤਾ ਨ੍ਹੀਂ ਐ ਕਿ ਮੇਰਾ ਬਾਪ ਕੌਣ ਐਂ ਜਾਂ ਫਿਰ ਤੂੰ ਜਾਣ ਬੁੱਝ ਕੇ ਦੱਸਣਾ ਨ੍ਹੀਂ ਚਾਹੁੰਦੀ ?"

ਇਹ ਸਵਾਲ ਉਸ ਨੇ ਅਣ-ਚਾਹੀ ਔਲਾਦ ਹੋਣ ਤੇ ਪਿਤਾਹੀਣਤਾ ਦੇ ਸੰਕਟ ਦੇ ਭਾਰ ਤੋਂ ਮੁਕਤ ਹੋਣ ਲਈ ਤੇ ਮਾਂ ਦੀ ਇਸ ਅਜੀਬ ਲਾਇਲਮੀ ਦੇ ਰਹੱਸ ਦੀ ਬਰਫ਼ ਨੂੰ ਤੋੜਨ ਲਈ ਪੁੱਛਿਆ ਹੈ। ਇਸ ਸਵਾਲ ਦੀ ਭਾਵਨਾ, ਸ਼ਿੱਦਤ, ਈਮਾਨਦਾਰੀ ਅਤੇ ਜਜ਼ਬਾਤੀ ਵੇਗ ਨੇ, ਇਕ ਵਾਰ ਮਾਂ ਨੂੰ ਕਟਹਿਰੇ ਵਿਚ ਖੜ੍ਹਿਆਂ ਕਰ ਦਿੱਤਾ ਹੈ। ਉਸ ਨੇ ਆਪਣੀ ਮਾਂ ਦੇ ਚਰਿਤਰ ਨੂੰ ਹੀ ਪ੍ਰਸ਼ਨ ਹੇਠ ਲੈ ਆਂਦਾ ਹੈ। ਮਾਂ ਹੁਣ ਰੱਖਿਆਤਮਕ ਪੈਂਤੜੇ 'ਤੇ ਖੜ੍ਹੀ ਹੈ ਤੇ ਉਸ ਨੂੰ ਸੱਚ



ਸੱਚ ਦੱਸਣ ਲਈ ਮਜਬੂਰ ਕਰ ਦਿੱਤਾ ਹੈ। ਮਾਂ ਲਈ ਹੁਣ ਉਸ ਨੇ ਕੋਈ ਰਾਹ ਜਾਂ ਵਿਕਲਪ ਹੀ ਨਹੀਂ ਰਹਿਣ ਦਿੱਤਾ। ਮਾਂ ਫੇਰ ਵੀ ਪਹਿਲਾਂ ਵਾਲੀ ਆਪਣੀ ਸਫ਼ਾਈ ਦੇਂਦੀ ਹੈ।

ਓੜਕ ਸੋਚਣ ਵਿਚਾਰਨ ਉਪਰੰਤ ਕੈਟਰੀਨਾ ਨੂੰ ਜਦੋਂ ਸਪਰਮ ਬੈਂਕ ਦਾ ਖਿਆਲ ਆਉਂਦਾ ਹੈ ਤਾਂ ਉਸ ਅੰਦਰ ਆਸ ਦੀ ਇਕ ਕਿਰਨ ਜਗਮਗਾਉਂਦੀ ਹੈ। ਇਹ ਫ਼ੁਰਨਾ, ਉਸ ਲਈ ਸੰਕਟਮੋਚਕ ਦੇ ਰੂਪ ਵਿਚ ਹਾਜ਼ਰ ਹੁੰਦਾ ਹੈ। ਸਪਰਮ ਬੈਂਕ ਦੀ ਕਾਰਵਾਈ ਨੇ, ਲੜਕੀ ਨੂੰ ਬਾਲਗ ਹੋਣ 'ਤੇ ਜਿਹੜੀ ਸੂਚਨਾ ਦਿੱਤੀ। ਉਹ ਮਾਂ ਤੇ ਧੀ ਲਈ ਬਹੁਤ ਮਹੱਤਵਪੂਰਨ ਹੈ। ਇਹ ਉਹ ਜਾਦੂ ਦੀ ਛੜੀ ਹੈ ਜੋ ਉਨ੍ਹਾਂ ਦੀ ਸਮੱਸਿਆ ਦੇ ਸਰਲੀਕਰਨ ਲਈ ਜਾਦੂਈ ਤੇ ਫ਼ੈਸਲਾਕੁੰਨ ਸਾਧਨ ਬਣ ਸਕਦੀ ਹੈ।

ਸੈਫੀ ਨੂੰ ਜਦੋਂ ਉਸ ਦੇ ਪਿਤਾ ਬਾਰੇ ਜਾਣਕਾਰੀ ਵਾਲਾ ਪੇਪਰ ਮਿਲਦਾ ਹੈ। ਕਥਾਕਾਰ ਨੇ ਉਸ ਸਮੇਂ ਨੂੰ, ਉਸ ਦੀ ਮਾਨਸਿਕ ਅਵੱਸਥਾ, ਵਿਉਹਾਰ ਲੀਲ੍ਹਾ ਤੇ ਅਣਬੁੱਝ ਜਿਗਿਆਸਾ ਨੂੰ ਜਿਵੇਂ ਪੇਸ਼ ਕੀਤਾ ਹੈ; ਉਹ ਵੀ ਉਚੇਚੇ ਧਿਆਨ ਦੀ ਮੰਗ ਕਰਦੀ ਹੈ। ਹਸਪਤਾਲ ਤੋਂ ਮਿਲਿਆ ਕਾਗਜ਼ ਭੇਤ ਖੋਲ੍ਹਦਾ ਹੈ ਕਿ

"ਸਪੱਰਮ ਡੋਨੇਟ ਕਰਨ ਵਾਲੇ ਦਾ ਨਾਂ ਮਲਕੀਤ *ਸਿੰਘ ਮੱਲਨ,* ਕੱਦ ਪੰਜ ਫੁੱਟ ਗਿਆਰਾਂ ਇੰਚ, ਸਰੀਰ ਦਰਮਿਆਨਾ, ਚਮੜੀ ਕੰਣਕਵੰਨੀ, ਨੈਣ ਨਕਸ਼ ਤਿੱਖੇ, ਅੱਖਾਂ ਤੇ ਵਾਲਾਂ ਦਾ ਰੰਗ ਕਾਲਾ, ਬਲੱਡ ਗਰੁੱਪ ਏ ਪਾਜੇਟਿਵ ਅਤੇ ਜਨਮ ਭੂਮੀ ਪੰਜਾਬ, ਇੰਡੀਆ। ਇਹ ਕੁਝ ਪੜ੍ਹ ਕੇ ਸੈਫੀ ਨੇ ਕਾਗ਼ਜ਼ ਛਾਤੀ ਨਾਲ ਲਾ ਲਿਆ ਤੇ ਉਸ ਨੂੰ ਲੱਗਿਆ ਜਿਵੇਂ ਉਹ ਪਿਉ ਦੀ ਬੁੱਕਲ 'ਚ ਚਲੀ ਗਈ ਹੋਵੇ। ਉਸਦੀਆਂ ਅੱਖਾਂ 'ਚ ਹੰਝੂ ਤੈਰਨ ਲੱਗੇ ਤੇ ਪਲਾਂ 'ਚ ਹੀ ਉਹ ਭੁੱਬਾਂ ਮਾਰਨ ਲੱਗੀ।"

ਇਸ ਸੂਚਨਾ ਵਿਚ ਪਿਤਾ ਦਾ ਨਾਂ ਹੈ ਜੋ ਉਸ ਦੀ ਪਛਾਣ ਤੇ ਪਹਿਚਾਣ ਦਾ ਕੇਂਦਰੀ ਸੂਤਰ ਬਣਕੇ ਉਜਾਗਰ ਹੋਇਆ ਹੈ। ਉਸ ਵਿਚ ਹੋਰ ਸਰੀਰਕ ਤੇ ਜੀਵ ਵਿਗਿਆਨਕ ਸੂਚਨਾਵਾਂ ਹਨ। ਧੀ, ਭਾਵੁਕ ਹੋ ਰਹੀ ਹੈ। ਸੈਫੀ ਦੇ ਜੀਵਨ ਦੇ ਬੜੇ ਮਹੱਤਵਪੂਰਨ, ਫ਼ੈਸਲਾਕੁੰਨ, ਉਤੇਜਨਾ ਮੂਲਕ, ਉਤਕੰਠਾ ਜਨਕ ਤੇ ਸੁਪਨਈ ਕਲਪਨਾ ਨਾਲ ਭਿੱਜੇ ਹੋਏ ਤਰਲ ਪਰ ਭਾਰੇ ਛਿਣ ਹਨ। ਹੁਣ ਪਿਤਾ ਦੀ ਤਾਲਾਸ਼ ਦੇ ਸਵਾਲ ਦੇ ਸਰਲੀਕਰਨ ਲਈ, ਟੈਲੀਫ਼ੋਨ ਦੀ ਡਾਇਰੈਕਟਰੀ 'ਚੋਂ ਮਲਕੀਤ ਸਿੰਘ ਮੱਲਨ ਨਾਂ ਦੇ ਜਿੰਨੇ ਵੀ ਮਨੁੱਖ ਅਮਰੀਕਾ 'ਚ ਉਪਲਬਧ ਹਨ; ਉਨ੍ਹਾਂ ਤਕ ਪਹੁੰਚ ਕਰਨ ਦੀ ਯੋਜਨਾਬੰਦੀ ਹੁੰਦੀ ਹੈ। ਦੋਵੇਂ ਮਾਂ-ਧੀ, ਪਹਿਲਾਂ ਸ਼ਿਕਾਗੋ, ਫਿਰ ਫਲੋਰਿਡਾ, ਅੱਪ ਸਟੇਟ ਨਿਊਯਾਰਕ, ਬਾਸਟਨ ਰਾਇਓਵਿਲ ਸ਼ਹਿਰ, ਕੈਲੇਫੋਰਨੀਆ, ਡਲਸ, ਸਨਹੋਜ਼ੇ ਤੇ ਓਥੋਂ ਕਰੱਦਰਜ਼ ਪਹੁੰਚ ਦੀਆਂ ਹਨ। ਇਉਂ ਢੂੰਡ ਭਾਲ ਕਰਦੀਆਂ ਕਰਦੀਆਂ ਓੜਕ ਕੈਲੇਫੋਰਨੀਆ ਵਾਲੇ ਸਰਦਾਰ ਦੇ ਸੁਝਾਉ 'ਤੇ ਕਿ ਕੁਝ ਲੋਕ ਕੈਨੇਡਾ ਵੀ ਪਰਵਾਸ ਕਰ ਗਏ ਹਨ ; ਉਥੇ ਵੀ ਪਤਾ ਕਰ ਲੈਣਾ ਚਾਹੀਦਾ ਹੈ। ਉਹ ਕੈਨੇਡਾ ਦੇ ਸ਼ਹਿਰ ਟੋਰਾਂਟੋ ਵੀ ਪਹੁੰਚ ਜਾਂਦੀਆਂ ਹਨ।

ਕੈਨੇਡਾ ਦੇ ਸ਼ਹਿਰ ਟੋਰਾਂਟੋ ਤੋਂ ਵੀ ਮਾਂ-ਧੀ ਨਿਰਾਸ਼ ਪਰਤ ਰਹੀਆਂ ਸਨ। ਸੈਫੀ ਨੇ ਵੀ ਅੱਕ ਕੇ ਹੋਰ ਤਾਲਾਸ਼ ਤੋਂ ਨਾਂਹ ਕਰ ਦਿੱਤੀ ਹੈ ਪਰ ਅਚਣਚੇਤ ਸੈਫੀ ਦੀਆਂ ਨਿੱਛਾਂ ਤੇ ਮਲਕੀਤ ਦੀਆਂ ਨਿੱਛਾਂ ਨੇ ਰਿਸ਼ਤੇ ਦੀ ਨਿਸ਼ਾਨਦੇਹੀ ਕਰਨ ਵਿਚ ਮਦਦ ਕਰ ਦਿੱਤੀ ਹੈ। ਸੈਫੀ ਦੀ

ਆਤਮਾ ਬੋਲੀ ਇਹ ਹੀ ਤੇਰਾ ਬਾਪ ਹੈ। ਉਸ ਨੇ ਮਲਕੀਤ ਦੁਆਲੇ ਆਪਣੀ ਬਾਹਾਂ ਵਲਦਿਆਂ ਕਿਹਾ,

- *"ਡੈਡ ! ਉਹ ਮਾਈ ਡੈਡ ! ਮੈਂ ਤੈਨੂੰ ਲੱਭਦੀ ਥਕ ਚੁੱਕੀ ਆਂ।" ਕੈਟਰੀਨਾ ਆਪਣੇ ਸਵਾਲ ਰਾਹੀਂ ਤਸੱਲੀ ਕਰਨਾ ਚਾਹੁੰਦੀ ਹੈ "ਕੀ ਤੂੰ ਮਿਸਟਰ ਮਲਕੀਤ ਸਿੰਘ ਮੱਲਨ ਐਂ ?" ਉਹ ਜਵਾਬ ਦੇਂਦਾ ਹੈ*
- *"ਹਾਂ ਇਹ ਮੇਰਾ ਈ ਨਾਂ ਐਂ। ਪਰ ਮੱਲਨ ਨ੍ਹੀਂ ਇਹ ਮੱਲਾਂ ਐ। ਮੱਲਾਂ ਮੇਰੇ ਪਿੰਡ ਦਾ ਨਾਂ ਐਂ। ਪਹਿਲਾਂ ਮੈਂ ਮੇਰੇ ਨਾਂ ਨਾਲ ਮੇਰੇ ਪਿੰਡ ਦਾ ਨਾਂ ਲਾਉਂਦਾ ਹੋਇਆ ਆਪਣਾ ਨਾਂ ਮਲਕੀਤ ਸਿੰਘ ਮੱਲਾਂ ਲਿਖਦਾ ਹੁੰਦਾ ਸੀ।"*
- *"ਪਰ ਕੈਨੇਡਾ ਦਾ ਸਿਟੀਜ਼ਨ ਬਣਨ ਪਿੱਛੋਂ ਮੈਂ ਆਪਣੇ ਨਾਂ ਨਾਲੋਂ ਪਿੰਡ ਦਾ ਨਾਂ ਲਾਹ ਕੇ ਆਪਣਾ ਗੋਤਰ ਲਾ ਲਿਆ ਸੀ। ਹੁਣ ਮੈਂ ਮਲਕੀਤ ਸਿੰਘ ਵਿਰਕ ਆਂ। ਪਰ ਤੁਸੀਂ ਕੌਣ...।"*
- *"ਮੇਰਾ ਨਾਂ ਕੈਟਰੀਨਾ ਐਂ। ਇਹ ਮੇਰੀ ਧੀ ਸੈਫੀ ਐ। ਇਸਦਾ ਜਨਮ ਵਿਰਜੀਨੀਆਂ ਦੇ ਫੇਅਰਫੈਕਸ ਸਿਟੀ ਹਸਪਤਾਲ ਦੇ ਸਪੱਰਮ ਬੈਂਕ ਰਾਹੀਂ ਹੋਇਆ ਸੀ। ਬੜੀ ਦੇਰ ਤੋਂ ਇਹ ਆਪਣੇ ਅਸਲੀ ਪਿਉ ਨੂੰ ਲੱਭਦੀ ਫਿਰਦੀ ਐ।"*

ਇਉਂ, ਸੈਫੀ ਦੀ ਤਾਲਾਸ਼ ਭਾਵੇਂ ਮੁੰਦਾਵਣੀ ਗ੍ਰਹਿਣ ਕਰਦੀ ਪ੍ਰਤੀਤ ਹੁੰਦੀ ਹੈ ਪਰ ਇਸ ਦੀ ਅਸਲ ਪੁਸ਼ਟੀ, ਕੈਟਰੀਨਾ ਵੱਲੋਂ ਹਸਪਤਾਲ ਦੇ ਹਵਾਲੇ ਨਾਲ ਪੁਸ਼ਟ ਕੀਤੀ ਗਈ ਪਛਾਣ ਨਾਲ ਹੀ ਪ੍ਰਮਾਣਿਕਤਾ ਗ੍ਰਹਿਣ ਕਰਦੀ ਹੈ। ਮਲਕੀਤ ਸਿੰਘ ਜਿੰਨਾ ਚਿਰ ਅਮਰੀਕਾ ਰਿਹਾ, ਉਹ ਆਪਣੇ ਨਾਂ ਨਾਲ, ਪਿੰਡ ਦਾ ਨਾਂ ਲਿਖਦਾ ਰਿਹਾ। ਪਿੰਡ ਦੀ ਪਛਾਣ ਜੋ ਵਾਸਤਵ ਵਿਚ ਪੰਜਾਬ ਰਾਹੀਂ ਇਕ ਭਾਰਤੀ ਦੀ ਪਛਾਣ ਬਣਦੀ ਹੈ ਪਰ ਹੁਣ ਜਦੋਂ ਉਹ ਕੈਨੇਡਾ ਦਾ ਨਾਗਰਿਕ ਬਣ ਗਿਆ ਹੈ ਤਾਂ ਉਸ ਨੇ ਆਪਣੀ ਪਿਛਲੀ ਪਛਾਣ ਛੱਡ ਕੇ, ਆਪਣੇ ਗੋਤਰ ਦੀ ਪਛਾਣ ਹੀ, ਨਿੱਜੀ ਪਛਾਣ ਬਣਾ ਲਈ ਹੈ। ਇਹ ਸੰਕੇਤ ਉਸ ਦੇ ਭਾਰਤੀ ਨਾਗਰਿਕ ਵਜੋਂ ਸਦੀਵੀ ਰਿਸ਼ਤੇ ਦੇ ਟੁੱਟਣ ਦੇ ਹੀ ਇਸ਼ਾਰੇ ਹਨ। ਉਸ ਦੀ ਨਵੀਂ ਪਛਾਣ, ਉਸ ਦੇ ਨਿੱਜ ਤਕ ਹੀ ਸੀਮਤ ਹੈ ਜੋ ਹੁਣ ਕੈਨੇਡਾ ਦਾ ਸ਼ਹਿਰੀ ਹੈ। ਕਥਾਕਾਰ ਇਸ ਸਾਰੇ ਪ੍ਰਸੰਗ ਨੂੰ ਇਉਂ ਚਿਤਰਦਾ ਲਿਖਦਾ ਹੈ ਜਿਉਂ ਉਸ ਨੂੰ ਆਪਣੀ ਸਿਮਰਤੀ ਦੇ ਦਾਇਰਿਆਂ ਵਿਚੋਂ ਸਿਮ ਸਿਮ ਕਰਕੇ ਸਾਰੇ ਦਰ ਖੁਲ੍ਹਦੇ ਪ੍ਰਤੀਤ ਹੁੰਦੇ ਹਨ :

> "ਉਹ ਦਿਨ ਯਾਦ ਆਇਆ ਜਦੋਂ ਉਹ ਤਕਰੀਬਨ ਬੀਹ ਸਾਲ ਪਹਿਲਾਂ ਵਿਰਜੀਨੀਆਂ 'ਚ ਰਹਿੰਦਾ ਹੁੰਦਾ ਸੀ ਤੇ ਇੱਕ ਦਿਨ ਸਪੱਰਮ ਬੈਂਕ ਜਾ ਕੇ ਸਪੱਰਮ ਡੋਨਰ ਬਣਿਆ ਸੀ। ਫਿਰ ਉਹ ਆਪੇ 'ਚ ਪਰਤਿਆ ਤੇ ਗਲ ਨਾਲ ਲੱਗੀ ਸੈਫੀ ਵੱਲ ਵੇਖਿਆ। ਉਸਦੇ ਵੀ ਹੰਝੂ ਨਿਕਲ ਆਏ। ਉਹ ਭਰੜਾਈ ਆਵਾਜ਼ 'ਚ ਬੋਲਿਆ, *"ਅੱਜ ਇਸਦੀ ਭਾਲ ਮੁੱਕ ਗਈ ਐ। ਮੈਂ ਈ ਆਂ ਇਸਦਾ ਅਸਲੀ ਪਿਉ।"* ਇਨ੍ਹਾਂ ਕਹਿੰਦਿਆਂ ਉਸਨੇ ਸੈਫੀ ਨੂੰ ਆਪਣੇ ਨਾਲ ਘੁੱਟ ਲਿਆ। ਸੈਫੀ ਦਾ ਰੋਣਾ ਹੋਰ ਉੱਚਾ ਹੋ ਗਿਆ। ਉਹ ਉਸਦੇ ਵਾਲਾ 'ਚ ਹੱਥ ਫੇਰਦਾ ਮੋਹ ਨਾਲ ਬੋਲਿਆ, "ਬੱਸ *ਕਰ ਮੇਰੀ ਕਮਲੀ ਧੀ। ਬਹੁਤ ਰੋ ਲਿਆ, ਚੁੱਪ ਕਰ। ਹੁਣ ਤੂੰ ਆਪਣੇ ਪਿਉ ਦੀ ਬੁੱਕਲ 'ਚ ਐਂ। ਆ ਘਰ ਨੂੰ ਚੱਲੀਏ ਤੇ ਤੈਨੂੰ ਤੇਰੇ ਦੂਸਰੇ ਭੈਣ ਭਰਾਵਾਂ ਨਾਲ ਮਿਲਾਵਾਂ।"* ਫਿਰ ਉਸਨੇ ਕੈਟਰੀਨਾ ਨੂੰ ਇਸ਼ਾਰਾ ਕੀਤਾ ਤੇ ਉਨ੍ਹਾਂ ਦਾ ਸਾਮਾਨ ਕਾਰ ਦੀ ਡਿੱਗੀ 'ਚ ਰੱਖਿਆ।"



ਇਸ ਹਵਾਲੇ ਨਾਲ ਕਹਾਣੀ ਆਪਣੇ ਅੰਤ ਨੂੰ ਪ੍ਰਾਪਤ ਹੁੰਦੀ ਪ੍ਰਤੀਤ ਹੁੰਦੀ ਹੈ।

ਭਾਰਤੀ ਚਿੰਤਨ ਤੇ ਦਾਰਸ਼ਨਿਕ ਪਰੰਪਰਾ ਵਿਚ ਇਹ ਸੂਤਰ ਵੀ ਬੜੀ ਪ੍ਰਭਾਵੀ ਭੂਮਿਕਾ ਨਿਭਾਉਂਦਾ ਹੈ ਕਿ ਪ੍ਰਮਾਤਮਾ ਇਸ ਸੰਸਾਰ ਦਾ ਸਿਰਜਣਹਾਰ ਹੈ। ਇਸ ਸੰਸਾਰ ਵਿਚ ਰਹਿਣ ਲਈ ਹੀ ਉਸ ਨੇ ਮਨੁੱਖ ਦੀ ਸਿਰਜਣਾ ਕੀਤੀ ਪਰ ਮਨੁੱਖ ਇਸ ਸੰਸਾਰ ਵਿਚ ਬੇਚੈਨ ਰਹਿੰਦਾ ਹੋਇਆ ਲਗਾਤਾਰ ਪ੍ਰਮਾਤਮਾ ਨੂੰ ਮਿਲਣ ਲਈ, ਵਾਪਿਸ ਉਸ ਕੋਲ ਜਾਣ ਲਈ, ਸਦਾ ਆਤੁਰ ਰਹਿੰਦਾ ਹੈ ਕਿਉਂਕਿ ਮਨੁੱਖ ਵੀ ਤਾਂ ਉਸ ਸਿਰਜਣਹਾਰ ਦਾ ਹੀ ਅੰਸ਼ ਹੈ। ਇਹ ਢੂੰਡ-ਭਾਲ ਤੇ ਵਿਛੋੜੇ ਦੀ ਯਾਤਰਾ ਉਸ ਦਾ ਅਸਲੀ ਚਰਿਤਰ ਹੈ। ਇਹ ਕਹਾਣੀ ਵੀ ਆਪਣੇ ਅਸਲੇ ਦੀ ਭਾਲ ਦੀ ਹੀ ਯਾਤਰਾ ਹੈ। ਇਸ ਕਹਾਣੀ ਵਿਚ ਤਾਂ ਸੈਫੀ ਆਪਣੇ ਸਿਰਜਣਹਾਰ ਪਿਤਾ ਨੂੰ ਮਿਲਣ ਵਿਚ ਕਾਮਯਾਬ ਹੋ ਜਾਂਦੀ ਹੈ ਪਰ ਮਨੁੱਖ ਇਸ ਸਰੀਰ ਨਾਲ ਤੇ ਜਿਉਂਦੇ ਜੀਅ, ਆਪਣੇ ਪ੍ਰਭੂ ਨੂੰ ਪ੍ਰਾਪਤ ਕਰਨ ਲਈ ਸਦਾ ਯਤਨਸ਼ੀਲ ਹੈ। ਉਸ ਲਈ ਇਹ ਅਮੁੱਕ ਸਫ਼ਰ ਨਿਰੰਤਰ ਜਾਰੀ ਰਹਿੰਦਾ ਹੈ। ਏਥੇ ਪਿਤਰੀ ਸੱਤਾ ਦੇ ਸਮਾਜ-ਸਭਿਆਚਾਰ ਦੇ ਵਿਹਾਰਕ-ਪੈਟਰਨ ਤੇ ਪਰੰਪਰਕ ਚਿੰਤਨਧਾਰਾ ਵਿਚ, ਪਿਤਰਤਾ ਦੀ ਮਹੱਤਵਪੂਰਨ, ਪ੍ਰਭਾਵੀ ਤੇ ਫ਼ੈਸਲਾਕੁੰਨ ਭੂਮਿਕਾ ਹਾਜ਼ਰ ਹੈ। ਨਾਰੀਵਾਦੀ ਚਿੰਤਨ ਦੇ ਅੰਤਰਗਤ, ਕੈਟਰੀਨਾ ਦੀ ਭੂਮਿਕਾ ਬੜੀ ਮਹੱਤਵ ਦੀ ਲਖਾਇਕ ਨਜ਼ਰ ਆਉਂਦੀ ਹੈ ਪਰ ਪਿਤਰਤਾ ਦੀ ਭੂਮਿਕਾ ਸਹਿਜੇ ਹੀ ਆ ਅਸਰ ਅੰਦਾਜ਼ ਹੁੰਦੀ ਹੈ ਤੇ ਆਪਣੀ ਹੋਂਦ ਨੂੰ ਵੀ ਮੰਨਵਾ ਰਹੀ ਹੈ। ਕੈਟਰੀਨਾ, ਅੰਦਰ ਹੋ ਰਹੀ ਭੰਨ-ਤੋੜ ਨੂੰ, ਕਹਾਣੀਕਾਰ ਮੋਨ ਵਿਚ ਰਖਦਾ ਹੈ ਜਦੋਂ ਉਹ ਸੈਫੀ ਦੇ ਪਿਉ ਨੂੰ ਪਹਿਲੀ ਵਾਰ ਮਿਲਦੀ ਹੈ।

ਇਸ ਕਹਾਣੀ ਦਾ ਪਾਠ ਕਰਦਿਆਂ ਮੈਨੂੰ Alex Hailey ਦੀ ਰਚਨਾ ਰੂਟਸ ਯਾਦ ਆਈ, ਜਿਸ ਨੂੰ ਕੈਵੀ ਸੇਵਰ ਨੇ ਸੀਰੀਅਲ ਵਿਚ ਢਾਲਿਆ ਸੀ। ਇਹ ਹਿਸਟਰੀ ਚੈਨਲ ਤੋਂ ਦਿਖਾਇਆ ਜਾਂਦਾ ਰਿਹਾ ਹੈ। ਇਸ ਦੀ 'ਮੂਲ ਧੁਨੀ' ਤਾਲਾਸ਼ ਹੈ। ਇਸ ਦਾ ਮੂਲ ਸਰੋਕਾਰ ਇਹ ਹੈ ਕਿ ਇਕ ਪਾਤਰ, ਇਕ ਜਗ੍ਹਾ 'ਤੇ, ਇਕ ਗੀਤ ਦੀ ਵਿਸ਼ੇਸ਼ ਧੁਨੀ ਸੁਣਦਾ ਹੈ। ਇਹ ਧੁਨੀ, ਉਸ ਨੂੰ ਏਨੀ ਖਿੱਚ ਤੇ ਖੋਹ ਪਾਉਂਦੀ ਹੈ ਕਿ ਉਹ ਇਸ ਧੁਨੀ ਦੀ ਪੈੜ ਨੱਪਦਾ, ਇਸ ਦੀ ਤਾਲਾਸ਼ ਵਿਚ ਜੁੱਟ ਜਾਂਦਾ ਹੈ ਤੇ ਇਹ ਧੁਨੀ ਦਾ ਮੂਲ ਲੱਭਦਾ-ਲੱਭਦਾ ਓੜਕ ਉਹ, ਕਈ ਵਰ੍ਹਿਆਂ ਦੀ ਮੁਸ਼ੱਕਤ ਤੋਂ ਬਾਅਦ ਆਪਣੇ ਅਫ਼ਰੀਕੀ ਮੂਲ ਦੇ ਵਡੇਰਿਆਂ ਤੇ ਪਿਤਰਾਂ ਦੀ ਜਨਮਭੂਮੀ 'ਤੇ ਪਹੁੰਚਦਾ ਹੈ ਜਿਥੋਂ ਦੀ ਇਹ ਇਕ ਬਹੁਤ ਮਹੱਤਵਪੂਰਨ ਲੋਕਧਾਰਾਈ ਧੁਨ ਹੈ। ਇਸ ਧੁਨ ਰਾਹੀਂ ਉਹ ਆਪਣੇ ਵਿਰਸੇ, ਵਿਰਾਸਤ, ਇਤਿਹਾਸ, ਸਭਿਆਚਾਰ, ਦਰਸ਼ਨ, ਲੋਕਧਾਰਾ, ਧਰਤੀ ਤੇ ਲੋਕਾਂ ਤਕ ਪਹੁੰਚ ਸਕਿਆ ਜੋ ਉਸ ਦੇ ਖ਼ਮੀਰ ਤੇ ਜ਼ਮੀਰ ਦਾ ਮੂਲ ਸਨ। ਅਸਲ ਵਿਚ, ਇਸ ਸੀਰੀਅਲ ਵਿਚ ਉਸ ਨੇ, ਅਮਰੀਕੀ ਤੇ ਅਫ਼ਰੀਕੀ ਧਰਤੀ ਉਤੇ ਗ਼ੁਲਾਮੀ (ਸਲੇਵਰੀ) ਦੀ ਕਹਾਣੀ ਦੇ ਇਤਿਹਾਸ ਦੇ ਵਿਸਤਾਰ ਨੂੰ ਵੀ ਪ੍ਰਸਤੁਤ ਕੀਤਾ ਹੈ ਕਿ ਚਿੱਟੇ ਲੋਕਾਂ ਵੱਲੋਂ ਕਾਲੇ ਗ਼ੁਲਾਮਾਂ ਨਾਲ ਕੀਤੀ ਗਈ, ਵਹਿਸ਼ੀ ਵਿਹਾਰਧਾਰਾ ਦੇ ਕਾਰਨ ਹੀ, ਚਿੱਟਿਆਂ ਦੀ ਵਿਕਾਸਲੀਲ੍ਹਾ ਰੂਪਮਾਨ ਹੋਈ ਸੀ। ਇਹ ਦਰਅਸਲ ਕਾਲੇ ਗ਼ੁਲਾਮਾਂ ਦੀ ਕੁਰਬਾਨੀ ਤੇ ਉਨ੍ਹਾਂ ਉਤੇ ਹੋਏ ਅਕਹਿ ਜ਼ੁਲਮਾਂ ਦਾ ਹੀ ਉਤਰਫ਼ਲ ਸੀ। ਇਉਂ ਉਸ ਦੀਆਂ ਆਪਣੀਆਂ ਜੜ੍ਹਾਂ ਲੱਭਣ ਦੀ ਤਾਲਾਸ਼, ਮਾਨਵੀ ਇਤਿਹਾਸ ਵਿਚਲੇ ਉਨ੍ਹਾਂ ਦੁਖਦਾਈ ਬਾਬਾਂ ਨੂੰ ਵੀ ਅੰਗੀਕਾਰ ਕਰਦੀ ਹੈ ਜਿਨ੍ਹਾਂ ਦੀ

ਭਾਸ਼ਾ, ਸਾਹਿਤ, ਇਤਿਹਾਸ, ਦਰਸ਼ਨ, ਸਭਿਆਚਾਰ ਤੇ ਲੋਕਧਾਰਾ ਨੂੰ ਖੋਹ ਕੇ; ਉਨ੍ਹਾਂ ਨੂੰ ਇਕ ਵਿਸ਼ੇਸ਼ੀਕ੍ਰਿਤ ਤੇ ਡੌਲੇ ਹੋਏ ਗ਼ੁਲਾਮਾਂ ਵਿਚ ਰੂਪਾਂਤ੍ਰਿਤ ਕੀਤਾ ਗਿਆ। ਬੀਜ ਰੂਪ ਵਿਚ, ਇਸ ਕਹਾਣੀ ਵਿਚ ਵੀ ਏਹੀ ਤਾਲਾਸ਼ ਦੇ ਸੂਤਰ, ਵਿਧੀ ਤੇ ਜੁਗਤ ਕ੍ਰਿਆਸ਼ੀਲ ਨਜ਼ਰ ਆਉਂਦੀ ਹੈ।

Alex Hailey ਦੀ ਰਚਨਾ ਰੂਟਸ, ਹਰਮਹਿੰਦਰ ਚਹਿਲ ਦੀ ਕਹਾਣੀ ਖੋਜ ਦੇ ਮਫ਼ਹੂਮ ਤੇ ਤਾਲਾਸ਼ ਦੀ ਪੱਧਰ ਉੱਤੇ, ਇਕ ਦੂਜੇ ਦੀ ਪੂਰਕ ਭੂਮਿਕਾ 'ਚ ਹਨ। ਚਹਿਲ ਦੀ ਕਹਾਣੀ ਬੀਜ ਰੂਪ ਵਿਚ ਅਨੁਕਰਣ ਤੇ ਅਨੁਸਰਣ ਨਾਲ ਜੁੜੀ ਹੋਈ ਪ੍ਰਤੀਤ ਹੁੰਦੀ ਹੈ। ਇਹ ਦੋਵੇਂ ਕਹਾਣੀਆਂ ਮਾਨਵੀ ਜਿਗਿਆਸਾ ਦੀ ਹੀ ਸਾਖੀ ਭਰਦੀਆਂ ਹਨ।

ਇਹ ਦੇਵਨੇਤ ਵੀ ਹੋ ਸਕਦੀ ਹੈ ਪਰ ਇਸ ਦੇ ਸਮਰੂਪ ਤੇ ਸਮਾਨੰਤਰ ਅੱਜ ਇੱਕੀਵੀਂ ਸਦੀ ਵਿਚ Genetic ਇੰਜੀਨੀਅਰੰਗ ਦੇ ਮਾਧਿਅਮ ਜੇਹੀ, ਵਿਗਿਆਨਕ ਤਕਨੀਕ ਰਾਹੀਂ, ਅਸੀਂ ਆਪਣੀਆਂ ਜੜ੍ਹਾਂ ਤਾਲਾਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਅਸਲ ਵਿਚ ਇਸ ਜੀਵ ਵਿਗਿਆਨਕ ਵਿਧੀ ਨੇ ਸਾਨੂੰ ਮਨੁੱਖ ਦੀ ਉਤਪਤੀ ਦੇ ਮੂਲ ਵਿਧੀ ਵਿਧਾਨ ਤੇ ਸੂਤਰਾਂ ਨਾਲ ਪ੍ਰੀਚਿਤ ਕਰਵਾਇਆ ਹੈ ਕਿ ਬੱਚਾ, ਕਿਹੜੇ ਜੁਜ਼ਾਂ ਦਾ ਜੋੜ ਫ਼ਲ ਹੈ। ਦੂਜੇ ਸ਼ਬਦਾਂ ਵਿਚ ਬੱਚੇ ਦੀ ਰਚਨਾ ਕਿਵੇਂ ਹੁੰਦੀ ਹੈ ਅਤੇ ਵਰਤਮਾਨ ਸਮੇਂ ਵਿਚ ਅਸੀਂ ਸਵੈ-ਇੱਛਤ, ਧੀ ਜਾਂ ਪੁੱਤਰ ਦੀ ਚੋਣ ਕਰਨ ਦੇ ਹੀ ਅਧਿਕਾਰੀ ਨਹੀਂ, ਸਗੋਂ ਵਿਸ਼ਵ ਦੇ ਕਿਸੇ ਮਨੁੱਖ ਨੂੰ ਵੀ, ਇਸ ਵਿਧੀ ਰਾਹੀਂ ਪਿਉ ਜਾਂ ਮਾਂ ਬਣਾਇਆ ਜਾ ਸਕਦਾ ਹੈ। ਇਸ ਸਭ ਕੁਝ ਮਨੁੱਖ ਦੇ ਅਧਿਕਾਰ ਵਿਚ ਹੈ। ਕਿਸੇ ਮਰਦ ਦੇ ਸਪੱਰਮ, ਕੁਦਰਤੀ ਹਾਲਾਤਾਂ ਤੇ ਤਾਪਮਾਨ ਵਿਚ, ਅੱਗੋਂ ਕਿਸੇ ਵੀ ਨਾਰੀ ਦੇ ਅੰਡਕੋਸ਼ ਦੇ ਅੰਸ਼ਕ, ਨਿਸ਼ਚਿਤ, ਚੋਣਵੇਂ ਅਤੇ ਅਨੁਪਾਤਕ ਮੇਲ ਕਰਵਾਉਣ ਦੀ ਵਿਧੀ ਹੈ। ਇਸਦੇ ਫ਼ਲਸਰੂਪ ਮਨਚਾਹਤ ਲਿੰਗ ਕੇਂਦ੍ਰਿਤ ਬੱਚੇ ਦੇ ਪੈਦਾ ਹੋਣ ਦੀ ਪ੍ਰਕਿਰਿਆ ਨੂੰ ਵੀ ਨਿਸ਼ਚਿਤ ਦਿਸ਼ਾ ਤੇ ਐਕਸ, ਵਾਈ ਕਰੋਮੋਸੋਮ ਦੀ ਅਨੁਪਾਤ ਵੱਲ ਸੇਧਿਆ ਜਾਂਦਾ ਹੈ। ਸਵੈ-ਇੱਛਤ ਨਤੀਜੇ ਪ੍ਰਾਪਤ ਕਰਨ ਦੇ ਇਸ ਸਾਰੇ ਅਮਲ ਨਾਲ, ਜੀਵ ਤੇ ਜੀਵਨ ਲਈ, ਇਹ ਵਿਗਿਆਨਕ ਵਿਧੀ ਦਾ ਅਮਲੀ ਵਿਧਾਨ ਹੈ। ਇਹ ਪ੍ਰਕਿਰਿਆ ਜਿਥੇ ਜਣਨ-ਪ੍ਰਕਿਰਿਆ ਲਈ ਗਰਭਧਾਰਨ ਦੇ ਅਮਲ ਨੂੰ ਅੰਗੀਕਾਰ ਕਰਦੀ ਹੈ ਉਥੇ ਜੀਨਜ਼ ਦੇ ਪ੍ਰਸੰਗ ਤੇ ਸੰਦਰਭ ਦੀ ਵੀ ਕੁਦਰਤੀ ਵਿਕਾਸ ਕਿਰਿਆ ਵਾਂਗ ਰਖਿਆ ਕਰਦੀ ਹੈ। ਇਉਂ ਅਸੀਂ ਇੱਛਿਤ ਲਿੰਗ ਤੇ ਇੱਛਿਤ ਜੈਨੇਟਿਕ ਵਿਰਸੇ ਵਾਲੇ ਜੀਵ ਨੂੰ, ਸੰਸਾਰ ਦਾ ਹਿੱਸਾ ਬਨਾਉਣ ਵਿਚ ਸਫ਼ਲ ਹੋ ਸਕਦੇ ਹਾਂ। *ਸਿੰਗਲ ਮਦਰ ਬਣਨ ਲਈ ਕੈਟਰੀਨਾ ਨੇ ਵੀ ਇਸ ਪ੍ਰਕਿਰਿਆ ਦਾ ਪ੍ਰਯੋਗ ਕੀਤਾ ਹੈ। ਪਹਿਲਾਂ ਰੱਬ ਦੇ ਅਧਿਕਾਰ ਵਾਲੇ ਅਮਲ ਨੂੰ, ਮਨੁੱਖ ਨੇ ਆਪਣੇ ਅਧਿਕਾਰ ਵਿਚ ਲੈ ਲਿਆ ਹੈ।* ਇਸ ਵਿਸ਼ੇ ਦੀ ਪਰਿਕਰਮਾ ਕਰਦੀ ਇਹ ਇਕ ਦਿਲਚਸਪ ਖੋਜਣ, ਸੋਚਣ ਤੇ ਸਮਝ ਸੂਝ ਨਾਲ ਜੁੜੀ ਕਹਾਣੀ ਹੈ ਜੋ ਸਾਨੂੰ ਐਜੂਕੇਟ ਹੀ ਨਹੀਂ ਕਰਦੀ ਸਗੋਂ ਇਸ ਪ੍ਰਸੰਗ ਨਾਲ ਜੁੜੇ ਸਹੰਸਰ ਸਵਾਲਾਂ ਨੂੰ ਵੀ ਜਨਮ ਦੇਂਦੀ ਹੈ ਜੋ ਨਿਰਸੰਦੇਹ ਪੰਜਾਬੀ ਪਾਠਕ ਲਈ ਮਹੱਤਵ ਦਾ ਸਬੱਬ ਬਣਦੇ ਹਨ। *ਸੈਫੀ ਦੀ ਲੜਾਈ ਵੀ ਆਪਣੀਆਂ ਜੜ੍ਹਾਂ ਦੀ ਤਾਲਾਸ਼ ਨਾਲ ਜੁੜੀ ਹੋਈ ਹੈ। ਮੱਧਕਾਲ ਦੀ ਅਧਿਆਤਮਕ ਤਾਲਾਸ਼ ਦੀ ਲੜਾਈ ਵੀ ਆਪਣੀਆਂ ਜੜ੍ਹਾਂ ਵੱਲ, ਪ੍ਰਮਾਤਮਾ ਵੱਲ ਜਾਂ ਆਪਣੀ ਮਾਂ ਦੀ ਗੋਦੀ (ਮਦਰਜ਼ ਵੌਂਬ) ਵਿਚ ਪਰਤਣ ਦੀ ਅਕਾਂਖਿਆ ਦੇ ਹੀ ਸਮਰੂਪ ਹੈ।*



ਕੈਟਰੀਨਾ ਦਾ ਬਚਪਨ ਤੋਂ ਹੀ ਝੁਕਾਅ ਮਰਦ ਦੀ ਥਾਂ ਇਸਤਰੀ ਪਾਤਰਾਂ ਦੇ ਵਿਹਾਰ, ਪ੍ਰਕਿਰਤੀ ਤੇ ਪ੍ਰਵਿਰਤੀ ਵੱਲ ਸੀ। ਇਕ *ਵੀ ਹਵਾਲਾ ਅਜਿਹਾ ਨਹੀਂ ਜੋ ਉਸ ਦੀ ਮਰਦ-ਕੇਂਦ੍ਰਿਤ ਦਿਲਚਸਪੀ ਦਾ ਪ੍ਰਗਟਾਵਾ ਕਰਦਾ ਹੋਵੇ। ਇਕ ਵੀ ਅਜਿਹਾ ਵਾਕ ਨਹੀਂ ਜੋ ਉਸ ਨੇ ਮਰਦ ਦੇ ਵਿਰੋਧ ਵਿਚ ਬੋਲਿਆ ਹੋਵੇ। ਸੈਫੀ* ਨਾਂ ਦੀ ਧੀ ਨਾਲ ਉਹ 'ਸਿੰਗਲ *ਮਦਰ'* ਬਣਦੀ ਹੈ। ਹੁਣ ਫੇਰ ਉਸ ਨੇ ਲੜਕੀ ਦੀ ਚੋਣ ਕਰਕੇ, ਮਰਦਾਂ ਵੱਲ ਆਪਣੀ ਉਪੇਖਿਆ ਨੂੰ ਖ਼ੁਦ ਤਸਦੀਕ ਕਰ ਦਿੱਤਾ ਹੈ। ਸੈਫੀ ਵੀਹ ਸਾਲ, ਪਿਤਾ ਦੇ ਪਿਆਰ ਤੇ ਪਰਿਵਾਰ ਦੀ ਸੰਗਤ ਤੇ ਸਰਪ੍ਰਸਤੀ ਤੋਂ ਵਿਰਵੀ ਰਹਿ ਕੇ ਪਲਦੀ ਹੈ। ਉਹ ਅਧੂਰੀ ਪਰਵਰਿਸ਼ ਤੇ ਅਨੁਭਵ ਦਾ ਪਾਤਰ ਬਣਦੀ ਹੈ। ਉਸ ਦੇ ਵਿਅਕਤੀਗਤ ਵਿਕਾਸ ਵਿਚ ਵੀ ਖੱਪੇ ਰਹਿ ਸਕਦੇ ਹਨ। ਇਸ ਸਾਰੀ ਵਿਹਾਰਧਾਰਾ ਵਿਚ ਕੈਟਰੀਨਾ ਮਰਦ ਪ੍ਰਤੀ ਉਦਾਸੀਨ ਤੇ ਨਿਰਲੇਪ ਹੀ ਹੈ ਪਰ, ਕਥਾਕਾਰ ਇਸ ਦਾ ਵੀ ਕੋਈ ਕਾਰਨ ਨਹੀਂ ਦੱਸਦਾ। ਕੈਟਰੀਨਾ ਇਕ ਆਜ਼ਾਦ ਦੇਸ਼ ਦੀ ਆਜ਼ਾਦ ਨਾਗਰਿਕ ਹੋਣ ਕਰਕੇ; ਮਨਇੱਛਤ ਤਜਰਬੇ ਕਰਨ ਦੀ ਅਧਿਕਾਰੀ ਹੈ ਤੇ ਉਹ ਓੜਕ ਮਰਦ ਰਹਿਤ ਜੀਵਨ ਦਾ ਤਜਰਬਾ ਕਰਦੀ ਹੈ। ਉਹ ਆਪਣੇ ਤਜਰਬਾਤੀ ਸੁਭਾਅ ਕਰਕੇ; ਨਿਰੰਤਰ ਤਜਰਬੇ ਹੀ ਕਰ ਰਹੀ ਹੈ। ਇਸ ਤਜਰਬੇ ਨਾਲ ਸੈਫੀ ਦੀ ਜ਼ਿੰਦਗੀ ਵਿਚ ਅਪਰਿਭਾਸ਼ਤ ਤੇ ਅਚੰਭਿਤ ਕਰਨ ਵਾਲੀਆਂ ਤਬਦੀਲੀਆਂ ਵਾਪਰਦੀਆਂ ਹਨ। ਕੈਟਰੀਨਾ ਦੀ ਭੂਮਿਕਾ ਹੁਣ ਲਗਭਗ ਕਿਰਾਏ ਦੀ ਕੁੱਖ (Surrogate ਮਦਰ) ਵਰਗੀ ਹੀ ਬਣਦੀ ਜਾ ਰਹੀ ਹੈ। ਸਿੰਗਲ ਮਦਰ ਵਾਲਾ ਤਜਰਬਾ ਤਲਵਾਰ ਦੀ ਧਾਰ 'ਤੇ ਤੁਰਨ ਵਾਲਾ ਹੈ। ਹੁਣ ਵੱਡਾ ਸੰਕਟ ਉਸ ਵੇਲੇ ਪੈਦਾ ਹੋਵੇਗਾ ਜਦੋਂ ਸੈਫੀ ਤਾਂ ਆਪਣੇ ਸੰਭਾਵਿਤ ਪਿਉ ਤੇ ਪਰਿਵਾਰ ਵਿਚ ਰੁਝ ਜਾਏਗੀ ਪਰ ਕੈਟਰੀਨਾ ਦੀ ਖੋਜ ਤਾਂ ਫਿਰ ਨਵੇਂ ਸਿਰਿਉਂ ਸ਼ੁਰੂ ਹੋ ਜਾਵੇਗੀ। ਹੁਣ ਉਹ ਆਪਣੀ ਧੀ ਨਾਲੋਂ ਟੁੱਟੇਗੀ, ਵੱਖਰੀ ਰਹੇਗੀ ਤੇ ਇਕੱਲ ਦਾ ਸੰਕਟ ਵੀ ਭੋਗੇਗੀ। *ਕਿਉਂਕਿ ਪਿਛਲੇ ਪੌਣੇ 21 ਸਾਲ ਤੋਂ ਉਹ ਆਪਣੀ ਧੀ ਨਾਲ ਰਹਿ ਰਹੀ ਸੀ। ਮਾਂ ਤੇ ਧੀ ਨੂੰ ਇਕ ਦੂਜੇ ਨਾਲ ਜਿਉਣ ਦੀ ਆਦਤ ਪੈ ਚੁੱਕੀ ਹੈ। ਹੁਣ ਇਕ ਵੱਖਰਾ ਭਾਵੁਕ ਸੰਕਟ ਖੜ੍ਹਾ ਹੋਣ ਦੀ ਸੰਭਾਵਨਾ ਪੈਦਾ ਹੋ ਗਈ ਹੈ। ਕੈਟਰੀਨਾ ਮਨੋਰਥ ਭ੍ਰਾਂਤੀ (Intentional ਫੈਲੈਸੀ) ਦਾ ਸ਼ਿਕਾਰ ਹੈ। ਲੈਸਬੀਅਨ ਤੋਂ ਮਾਂ ਬਣਨ ਤਕ ਦਾ ਸਫ਼ਰ ਕਰਕੇ, ਉਸ ਨੇ ਆਪਣਾ ਇਕ ਮਿੰਨੀ ਸੰਸਾਰ ਸਿਰਜ ਲਿਆ ਸੀ। ਪਰ ਹੁਣ ਇਸ ਸੰਸਾਰ ਦੇ ਭਰਮ ਦੇ ਟੁੱਟਣ ਨਾਲ ਕਈ ਕੁਝ ਕਹੇ ਤੇ ਅਣਕਹੇ ਦੀ ਪੱਧਰ 'ਤੇ, ਮਾਨਸਿਕ ਟੁੱਟ ਭੱਜ, ਉਦਾਸੀ, ਲਾਚਾਰੀ ਤੇ ਰਿਸ਼ਤੇ ਦੀ ਦੂਰੀ, ਉਸ ਨੂੰ ਕੁੰਠਿਤ ਕਰੇਗੀ। ਔਲਾਦ ਦੀ ਸੰਗਤ ਦੇ ਅਧਿਕਾਰ ਤੋਂ ਮੁਕਤੀ, ਲਹੂ ਦੀ ਖਿੱਚ, ਧੀ ਦਾ ਸਾਥ, ਰੁਝੇਵਾਂ, ਇੱਛਾਵਾਂ, ਸੁਪਨੇ, ਪਰਿਵਾਰ ਅਤੇ ਭਾਵਨਾਵਾਂ ਦੀ ਟੁੱਟ ਭੱਜ, ਉਸ ਲਈ ਨਵੇਂ ਸੰਕਟ ਪੈਦਾ ਕਰੇਗੀ। ਅੰਤਰ ਸਭਿਆਚਾਰਕ ਪੱਧਰ 'ਤੇ ਵੀ ਸੰਕਟ ਪੈਦਾ ਹੋਣਗੇ। ਬੀਮਾਰੀ ਦੀ ਮਜਬੂਰੀ ਕਾਰਨ ਢੂੰਡ ਲੱਭੇ ਸੈਫੀ ਦੇ ਬਾਪ ਦੇ ਨਵੇਂ ਰਿਸ਼ਤੇ ਨੇ ਕੈਟਰੀਨਾ ਦੀ ਜਜ਼ਬਾਤੀ ਪੱਧਰ 'ਤੇ, ਅਤੇ ਜਿਉਣ ਦੇ ਆਦਰਸ਼ ਤੇ ਉਦੇਸ਼ ਦੀ ਵੀ ਬਲੀ ਲੈ ਲੈਣ ਦੀ ਵੀ ਸੰਭਾਵਨਾ ਪੈਦਾ ਕਰ ਦਿੱਤੀ ਹੈ। ਸੈਫੀ ਦੇ ਬਾਪ ਦੀ ਤਾਲਾਸ਼ ਦੀ ਪੂਰਤੀ ਨੇ, ਉਸ ਨੂੰ ਹੁਣ ਫੇਰ ਨਵੀਂ ਤਾਲਾਸ਼ ਨਾਲ ਜੋੜ ਦੇਣਾ ਹੈ। ਪਹਿਲਾਂ ਸੈਫੀ ਦੇ ਕਲਪਿਤ ਜਨਮ ਤੇ ਸਾਥ ਦੀ ਆਸ 'ਤੇ, ਉਸ ਨੇ ਆਪਣੀ ਹਮਜਿਨਸੀ ਸਾਥਣ ਦਾ ਸਾਥ ਵੀ ਛੱਡ ਦਿੱਤਾ ਸੀ। ਮਰਦ, ਉਸ ਦੀ ਜ਼ਿੰਦਗੀ ਵਿਚ ਪਹਿਲਾਂ ਵੀ ਕੋਈ ਨਹੀਂ ਸੀ। ਉਸ ਨੇ ਧੀ ਪੈਦਾ ਕਰਨ ਲਈ ਜਿਥੇ ਆਪਣਾ ਸਮਲਿੰਗੀ ਰਿਸ਼ਤਾ ਛੱਡਿਆ, ਆਪਣਾ ਦੇਸ਼ ਵੀ ਛੱਡਿਆ, ਧੀ ਪੈਦਾ ਕਰਨ ਲਈ*

*ਬੇਗਾਨੇ ਦੇਸ ਵਿਚ ਜੈਨੇਟਿਕਸ ਰਾਹੀਂ, ਉਸ ਨੇ ਪਤੀ ਦੇ ਮਰਦ ਦਾ ਬਦਲ ਲੱਭਿਆ, ਉਥੇ ਸਿੰਗਲ ਮਦਰ ਵਾਂਗ ਜੀਵਨ ਜਿਊਣ ਦਾ ਫ਼ੈਸਲਾਕੁੰਨ ਰੂਪ ਵਿਚ ਆਪਣਾ ਸੁਪਨਾ ਸੱਚ ਕੀਤਾ। ਮਰਦ ਦਾ ਬਦਲ ਲੱਭਣ ਲਈ ਉਹ ਖ਼ੁਦ ਜਲਾਵਤਨ ਹੋਈ, ਮੁੱਲ ਦੇ ਸਪੱਰਮ ਖ਼ਰੀਦ ਕੇ, ਉਸ ਨੇ ਮਰਦ ਦੀ ਵਿਹਾਰਕ ਤੇ ਵਿਉਹਾਰਕ ਹੋਂਦ ਨੂੰ, ਜਜ਼ਬਾਤੀ ਤੇ ਦੇਹ-ਆਨੰਦ ਦੀ ਪੱਧਰ 'ਤੇ ਵੀ ਰਿਜੈਕਟ ਕਰ ਦਿੱਤਾ ਹੈ। ਇਹ ਨਿਰੰਤਰ ਰਿਜੈਕਸ਼ਨ ਜੋ ਉਹ ਜੀਵਨ ਭਰ ਕਰਦੀ ਰਹੀ ਹੈ ਇਸ ਪਿੱਛੇ ਕਾਰਜਸ਼ੀਲ, ਸਮਾਜ-ਸਭਿਆਚਾਰਕ, ਮਨੋ ਵਿਗਿਆਨਕ ਜਾਂ ਘਟਨਾਤਮਕ ਕਾਰਨਾਂ ਬਾਰੇ ਕਹਾਣੀ ਮੋਨਧਾਰੀ ਬੈਠੀ ਹੈ ਪਰ ਇਸਤਰੀ ਪ੍ਰਤੀ ਉਸ ਦਾ ਇਹ ਉਲਾਰ ਤੇ ਦਿਲਚਸਪੀ ਨਿਸ਼ਚੇ ਹੀ ਮਰਦ ਪ੍ਰਤੀ ਮੂਲ ਰੂਪ ਵਿਚ ਨਫ਼ਰਤ ਹੀ ਹੈ। ਉਹ ਕੁਝ ਅਜਿਹੇ ਤਜਰਬੇ ਤੇ ਪ੍ਰਭਾਵ ਜ਼ਰੂਰ ਗ੍ਰਹਿਣ ਕਰੀ ਬੈਠੀ ਹੈ ਜਿਨ੍ਹਾਂ ਦੀ ਪ੍ਰਭਾਵੀ ਲੀਲ੍ਹਾ ਤੇ ਮਨੋ-ਗ੍ਰੰਥੀ, ਉਸ ਨੂੰ ਮਰਦ ਵੱਲ ਪਿੱਠ ਕਰਨ ਲਈ ਸਹਿਜ ਹੀ ਮਜਬੂਰ ਕਰ ਦੇਂਦੀ ਹੈ। ਉਹ ਦੋ ਲਿੰਗੀ ਪਿਆਰ, ਵਿਆਹ ਤੇ ਪਰਿਵਾਰ ਦੀਆਂ, ਤਿੰਨਾਂ ਸੰਸਥਾਵਾਂ ਨੂੰ ਨਗੇਟ ਕਰਦੀ ਹੈ ਅਤੇ ਆਪਣੇ ਤਜਰਬਿਆਂ ਰਾਹੀਂ, ਆਪਣੇ ਫ਼ੈਸਲਿਆਂ ਰਾਹੀਂ, ਉਹ ਆਪਣੀ ਇੱਛਾ ਰਾਹੀਂ, ਆਪਣੀ ਹੋਂਦ ਤੇ ਹਸਤੀ ਨੂੰ, ਆਪਣੇ ਵਿਧੀ ਵਿਧਾਨ ਅਨੁਸਾਰ ਮਨਵਾਉਣ ਤੇ ਪ੍ਰਵਾਨ ਕਰਵਾਉਣ 'ਤੇ ਬਲ ਦੇ ਰਹੀ ਹੈ। ਇਹ ਲੜਾਈ ਅੱਜ ਵੀ ਜਾਰੀ ਹੈ। ਏਥੇ ਕੈਟਰੀਨਾ ਦਾ ਭਵਿੱਖ ਹੀ, ਉਸ ਦਾ ਨਵੀਂ ਖੋਜ ਨਾਲ ਜੁੜਨ ਦਾ ਸੰਕੇਤ ਦੇ ਰਿਹਾ ਹੈ।*

ਕੈਟਰੀਨਾ ਨੇ ਬੱਚੀ (ਸ਼ੀ ਚਾਈਲਡ) ਪੈਦਾ ਕਰਨ ਲਈ, ਆਪਣਾ ਦੇਸ਼, ਦੋਸਤ ਅਤੇ ਆਨੰਦ ਦਾ ਤਿਆਗ ਕੀਤਾ। ਮਰਦ, ਪੂੰਜੀ ਨਾਲ ਕਿਰਾਏ ਦੀ ਕੁੱਖ ਲੱਭਦੇ ਹਨ ਤੇ ਔਰਤਾਂ, ਮਰਦਾਂ ਦੇ ਸਪੱਰਮ ਖ਼ਰੀਦ ਰਹੀਆਂ ਹਨ। ਇਹ ਜਿਸਮਾਨੀ ਦੂਰੀ, ਲਿੰਗਕ ਉਦਾਸੀਨਤਾ ਤੇ ਸਮਾਜਕ ਵਿਤਰੇਕਤਾ, ਅਸਲ ਵਿਚ ਪੂੰਜੀ ਦਰਸ਼ਨ ਤੇ ਪੂੰਜੀਪਤੀ ਦੀ ਨਿਸ਼ਠੁਰ ਵਿਹਾਰ ਲੀਲ੍ਹਾ ਦਾ ਹੀ ਉਤਰਫਲ ਹਨ। ਨਾਰੀਵਾਦੀ ਚਿੰਤਨ ਦੀ ਦ੍ਰਿਸ਼ਟੀ ਤੋਂ ਵੀ ਇਹ ਕਹਾਣੀ ਕਈ ਅਮਲੀ ਪੇਸ਼ਕਦਮੀਆਂ ਨਾਲ, ਔਰਤ ਦੇ ਅਸਤਿਤਵ ਤੇ ਚਿੰਤਨਸ਼ੈਲੀ ਦੇ ਨਵੇਂ ਪਾਸਾਰਾਂ ਨੂੰ ਅੰਗੀਕਾਰ ਕਰਦੀ ਹੈ। ਉਹ ਸਿੰਗਲ ਮਦਰ ਦੀ ਭੂਮਿਕਾ ਵਿਚ ਹੈ। ਉਸ ਦਾ ਮਾਂ ਵਜੋਂ ਕਿਰਦਾਰ ਵੀ ਪ੍ਰਸ਼ੰਸਾਯੋਗ ਹੈ। ਉਹ ਆਪਣੀ ਧੀ ਸੈਫੀ ਲਈ, ਉਸ ਦੀ ਪਰਵਰਿਸ਼ ਲਈ, ਸਿਹਤ ਲਈ, ਇੱਛਾ ਪੂਰਤੀ ਲਈ ਬੜੇ ਸਿਦਕ ਨਾਲ ਲੜਾਈ ਲੜਦੀ ਹੈ ਪਰ ਕਿਸੇ ਵੀ ਮੋੜ 'ਤੇ ਦਿਲ ਛੱਡਣ ਜਾਂ ਹਾਰਨ ਦੀ ਪ੍ਰਵਿਰਤੀ ਦਾ ਸੰਕੇਤ ਨਹੀਂ ਦੇਂਦੀ। ਸੈਫੀ ਦੇ ਬਾਪ ਨੂੰ ਤਾਲਾਸ਼ ਕਰਨ ਲਈ, ਉਸ ਨੇ ਆਪਣੇ ਪੈਸੇ, ਆਪਣੇ ਸਮੇਂ, ਆਪਣੀ ਇੱਛਾ ਤੇ ਆਪਣੀ ਬੇਆਰਾਮੀ ਦੀ ਵੀ ਪਰਵਾਹ ਨਹੀਂ ਕਰਦੀ। ਧੀ ਸੈਫੀ ਤਾਂ ਅੱਕ ਜਾਂਦੀ ਹੈ ਪਰ ਮਾਂ ਨਹੀਂ। ਉਸ ਨੇ ਮਾਂ ਬਣਨ ਲਈ ਅਤੇ ਮਾਂ ਬਣ ਕੇ, ਸਵੈ-ਇੱਛਿਤ ਡੀਜ਼ਾਇਨ ਵਿਚ ਸੈਫੀ ਦੀ ਕਿਸਮਤ ਦੀ ਇਬਾਰਤ ਲਿਖਣ ਦੀ ਭਰਪੂਰ ਕੋਸ਼ਿਸ਼ ਕੀਤੀ ਪਰ ਪ੍ਰਸਥਿਤੀਆਂ ਨੇ ਹੁਣ ਇਸ ਇਬਾਰਤ ਨੂੰ ਹੀ ਬਦਲ ਦਿੱਤਾ ਹੈ। ਉਸ ਨੇ ਹੁਣ ਤਕ ਆਪਣੇ ਤੇ ਆਪਣੀ ਧੀ ਵਿਚਾਲੇ ਪਿਛਲੇ 21 ਸਾਲਾਂ ਵਿਚ ਕੋਈ ਹੋਰ ਧਿਰ ਨਹੀਂ ਆਉਣ ਦਿੱਤੀ ਪਰ ਹੁਣ ਪਹਿਲੀ ਵਾਰ ਕੋਈ ਮਰਦ ਜੋ ਉਸ ਦੀ ਧੀ ਦਾ ਬਾਇਆਲੋਜੀਕਲ ਬਾਪ ਹੈ; ਉਸ ਦੀ ਧੀ ਤੇ ਕੈਟਰੀਨਾ ਦੀ ਜ਼ਿੰਦਗੀ ਵਿਚ ਪ੍ਰਵੇਸ਼ ਕਰ ਗਿਆ ਹੈ। ਉਸ ਦੇ ਪ੍ਰਵੇਸ਼ ਨਾਲ ਕੈਟਰੀਨਾ ਦੇ ਆਲ੍ਹਣੇ ਦੇ ਤੀਲੋ ਤੀਲ ਹੋਣ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ। ਇਕ ਪਾਸੇ ਭਾਵੇਂ ਕੁੜੀ ਦੀ ਖੋਜ ਮੁੱਕ ਗਈ ਪ੍ਰਤੀਤ ਹੁੰਦੀ ਹੈ ਪਰ ਇਸ ਦੇ ਸਮਾਨੰਤਰ ਦੂਜੇ ਪਾਸੇ ਮਾਂ



ਦੀ ਖੋਜ ਫੇਰ ਸ਼ੁਰੂ ਹੋਣ ਦੇ ਸੰਕੇਤ ਹਨ। ਸੰਭਵ ਹੈ ਕੈਟਰੀਨਾ, ਆਪਣਾ ਘਰ, ਸੰਸਾਰ ਤੇ ਮਾਂ ਦਾ *ਰਿਸ਼ਤਾ ਟੁੱਟਣ ਨਾ ਦੇਵੇ ਕਿਉਂਕਿ ਕੀਤੇ ਗਏ ਇਕਰਾਰਨਾਮੇ ਅਨੁਸਾਰ ਇਹ ਧੀ ਕੈਟਰੀਨਾ ਦੀ ਹੈ ਅਤੇ ਇਸ ਦੇ ਬਾਇਆਲੋਜੀਕਲ ਫ਼ਾਦਰ ਦਾ ਇਸ ਬੱਚੀ ਉੱਤੇ ਕੋਈ ਅਧਿਕਾਰ ਨਹੀਂ ਹੈ। ਅਜਿਹੀ ਵਿਧੀ ਨਾਲ ਪੈਦਾ ਹੋਣ ਵਾਲੇ ਬੱਚੇ ਦਾ, ਪਿਉ 'ਤੇ ਕੀ ਅਧਿਕਾਰ ਹੈ? ਇਸ ਵੀ ਸਪੱਸ਼ਟ ਨਹੀਂ ਹੈ। ਪਿਉ, ਧੀ ਨੂੰ ਜਬਰਦਸਤੀ ਨਹੀਂ ਰਖ ਸਕਦਾ। ਮਾਂ, ਆਪਣਾ ਅਧਿਕਾਰ ਖ਼ੁਦ ਛੱਡ ਸਕਦੀ ਹੈ। ਧੀ ਦੀ ਬੀਮਾਰੀ ਕਾਰਨ ਕੁਝ ਸ਼ਰਤਾਂ 'ਤੇ ਸਮਝੌਤਾ ਕਰ ਸਕਦੀ ਹੈ। ਸੰਭਵ ਹੈ ਕੁੜੀ ਪਿਤਾ ਨਾਲ ਮਿਲ ਕੇ ਹੀ ਠੀਕ ਹੋ ਜਾਏ। ਇਹ ਵੀ ਸੰਭਵ ਹੈ ਕਿ ਕੁੜੀ ਦੀ, ਬਾਪ ਕੋਲ ਰਹਿਣ ਦੀ ਸੰਭਾਵਨਾ ਅਮਲੀ ਤੌਰ 'ਤੇ ਜ਼ਰੂਰੀ ਹੋ ਜਾਏ।* ਇਨ੍ਹਾਂ ਤੇ ਅਜਿਹੇ ਸਵਾਲਾਂ ਨੂੰ ਕਹਾਣੀ ਨੇ ਪਾਠਕ ਲਈ ਖੁਲ੍ਹਿਆਂ ਛੱਡ ਦਿੱਤਾ ਹੈ। ਇਹ ਖੁਲ੍ਹੇ ਅੰਤ ਵਾਲੀ ਕਹਾਣੀ ਹੈ ਸਹੰਸਰ ਸੰਕਟਾਂ ਤੇ ਸੰਭਾਵਨਾਵਾਂ ਨੂੰ ਜਨਮ ਦੇ ਰਹੀ ਹੈ। ਅਸੀਂ ਸਾਰੀ ਉਮਰ ਆਪਣੀਆਂ ਇੱਛਾਵਾਂ, ਦੁੱਖਾਂ, ਸੁੱਖਾਂ ਤੇ ਕੁੱਖਾਂ ਦੀ ਪੂਰਤੀ ਦੀ ਪੈੜ ਵਿਚ, ਨਿੱਤ ਨਵੀਂ ਖੋਜ ਨਾਲ ਜੂਝਦੇ ਰਹਿੰਦੇ ਹਾਂ ਪਰ ਖੋਜ ਛਲੇਡੇ ਵਾਂਗ ਨਿੱਤ ਸਰੂਪ ਬਦਲਦੀ ਰਹਿੰਦੀ ਹੈ ਤੇ ਇਹ ਅਮਲ ਨਿਰੰਤਰ ਜਾਰੀ ਰਹਿੰਦਾ ਹੈ ਜਿਵੇਂ ਪਾਕਿਸਤਾਨੀ *ਸ਼ਾਇਰ ਮੁਨੀਰ ਨਿਆਜ਼ੀ* ਲਿਖਦਾ ਹੈ:

*"ਏਕ ਦਰਯਾ ਕੇ ਪਾਰ ਉਤਰਾ ਤੋ ਮੈਂਨੇ ਦੇਖਾ*
*ਏਕ ਔਰ ਦਰਯਾ ਕਾ ਸਾਮਨਾ ਥਾ ਮੁਝ ਕੋ ਮੁਨੀਰ"*

ਖੋਜ, ਭਾਵੇਂ ਮਨੁੱਖ ਦੇ ਖ਼ਮੀਰ ਵਿਚ ਜੀਵੰਤ ਰਹਿੰਦੀ ਹੈ ਪਰ ਜੜ੍ਹਾਂ ਵੱਲ ਜਾਂਦੀ ਇਸ ਖੋਜ ਨੇ; Genetic ਇੰਜੀਨੀਅਰੰਗ ਰਾਹੀਂ ਭਾਵੇਂ ਨਵੇਂ ਤਜਰਬੇ ਕੀਤੇ ਹਨ ਪਰ ਕੁਦਰਤ ਦੀ ਕਸ਼ਿਸ਼ ਤੇ ਸਭਿਆਚਾਰਕ ਕਸ਼ਿਸ਼ ਵੀ, ਉਸ ਗੁਰੂਤਾ ਸ਼ਕਤੀ ਵਰਗੀ ਹੈ ਜਿਸ ਦੇ ਅੰਤਰਗਤ ਸਮੁੱਚੀ ਕਾਇਨਾਤ ਦਾ ਇਕ ਸੰਜਮੀ ਪ੍ਰਬੰਧ ਤੇ ਵਿਹਾਰ ਨਿਰੰਤਰ ਗਤੀਮਾਨ ਰਹਿੰਦਾ ਹੈ। ਸਾਡੇ ਸਮਿਆਂ ਵਿਚ ਸੁਤੰਤਰ ਔਰਤ, ਕੇਵਲ ਸਿੱਧਾਂਤਕ ਤੇ ਵਿਉਹਾਰਕ ਪੱਧਰ 'ਤੇ ਹੀ ਸੁਤੰਤਰਤਾ ਦਾ ਪ੍ਰਦਰਸ਼ਨ ਨਹੀਂ ਕਰ ਰਹੀ ਸਗੋਂ ਉਹ ਚਿੰਤਨ ਚੇਤਨਾ ਦੀ ਪੱਧਰ 'ਤੇ, ਮਰਦ ਰਹਿਤ ਜ਼ਿੰਦਗੀ-ਜਿਊਣ ਦੇ ਜਿਹੜੇ ਪ੍ਰਤੀਮਾਨ ਸਿਰਜ ਰਹੀ ਹੈ ਉਹ ਵੀ ਇਕ ਦ੍ਰਿਸ਼ਟੀ ਤੋਂ ਬੀਜ ਰੂਪ ਵਿਚ ਸਮਲਿੰਗੀ ਰਿਸ਼ਤਿਆਂ ਦੀ ਵਿਹਾਰਕਤਾ ਦਾ ਹੀ ਅੰਗ ਬਣਦੇ ਪ੍ਰਤੀਤ ਹੁੰਦੇ ਹਨ। ਇਹ ਲੋਕ, ਵਿਆਹ ਤੇ ਪਰਿਵਾਰ ਨੂੰ ਇਕ ਨਵੀਂ ਸਮਾਜ-ਸਭਿਆਚਾਰਕ ਪਰਿਭਾਸ਼ਾ ਦੇਣ ਜਾਂ ਸਿਰਜਣ ਵੱਲ ਰੁਚਿਤ ਹਨ ਪਰ ਕੁਦਰਤ ਦੇ ਆਪਣੇ ਨਿਜ਼ਾਮ ਦੀਆਂ ਮਸਹਲਤਾਂ ਹਨ ਤੇ ਇਹ ਸਭ ਮਾਨਵੀ ਜੀਵਨ ਦੀ ਵਿਕਾਸ ਰੇਖਾ ਦੇ ਹੀ, ਦੇਹੀ-ਪੜਾਅ ਹਨ। ਖੋਜ, ਮਨੁੱਖ ਦਾ ਸੁਭਾਅ ਹੈ ਇਹ ਪਰਵਰਤਿਤ ਰੂਪਾਂ ਵਿਚ ਨਿਰੰਤਰ ਜਾਰੀ ਰਹੇਗੀ। ਇਸ ਕਹਾਣੀ ਨੇ ਔਰਤ, ਪਰਿਵਾਰ, ਸਮਾਜ ਅਤੇ ਔਲਾਦ ਬਾਰੇ ਸੋਚਣ, ਸਮਝਣ ਤੇ ਖੋਜਣ *ਲਈ* ਨਵੇਂ ਆਧਾਰ, ਪ੍ਰਕਾਰ, ਦਿਸ਼ਾ ਤੇ ਜ਼ਾਵੀਏ, ਪ੍ਰਸਤੁਤ ਕੀਤੇ ਹਨ, ਜਿਨ੍ਹਾਂ ਬਾਰੇ ਖੁਲ੍ਹੇ ਮਨ ਨਾਲ ਸੋਚਣ ਦੀਆਂ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ। ਇਹ ਕਹਾਣੀ ਪੰਜਾਬੀ ਪਾਠਕ ਨੂੰ ਨਵੇਂ ਦਿਸਹੱਦਿਆਂ ਵੱਲ ਰੁਚਿਤ ਕਰਦੀ ਹੈ ਅਤੇ ਉਸ ਦੀ ਖੋਜ ਦੀਆਂ ਜੜ੍ਹਾਂ ਦੀ ਪ੍ਰਵਿਰਤੀ ਤੇ ਪ੍ਰਕਿਰਤੀ ਦੀ ਤ੍ਰੈਕਾਲੀ ਤੇ ਨਿਰੰਤਰ ਖੋਜ *ਦੀ,* ਜਿਗਿਆਸਾ ਦੀ, ਨਿਸ਼ਾਨਦੇਹੀ ਵੀ ਕਰਦੀ ਹੈ ਪਰ ਮਨੁੱਖ ਪ੍ਰਸਥਿਤੀਆਂ ਦੀ ਗ਼ੁਲਾਮੀ ਭੋਗਣ ਲਈ ਮਜਬੂਰ ਹੈ। ਜਾਂ ਪਾਲ ਸਾਰਤਰ ਵੀ ਇਸ ਕਹਾਣੀ ਦੀ ਸੁੱਤੀ ਹੋਈ ਇਬਾਰਤ ਵਿਚ ਸਾਹ ਲੈ ਰਿਹਾ ਹੈ। ਇਸ ਦੇ ਸਮਰੂਪ ਤੇ ਸਮਾਨੰਤਰ, ਨੀਤਸ਼ੇ ਦਾ ਮਨੁੱਖ ਰੱਬ ਦੀ ਹੋਂਦ ਨੂੰ ਚੁਣੌਤੀ

ਦੇ ਰਿਹਾ ਹੈ। ਆਪਣੇ ਅਸਲੇ ਦੀ ਤਾਲਾਸ਼ ਨੂੰ, ਆਪਣੇ ਅਸਤਿਤਵ ਦੇ ਹਵਾਲੇ ਨਾਲ, ਗ੍ਰਹਿਣ ਕਰਨ 'ਤੇ ਵੀ ਬਲ ਦੇ ਰਿਹਾ ਹੈ। ਮਹਾਤਮਾ ਬੁੱਧ ਅਨੁਸਾਰ ਇਹ ਆਪਣਾ ਦੀਵਾ ਆਪ ਬਣਨ ਦੀ ਹੀ ਕਹਾਣੀ ਹੈ। ਕੁਝ ਵੀ ਹੋਵੇ; ਆਪਣੀ ਸਲੀਬ ਆਪ ਹੀ ਚੁੱਕਣੀ ਪਵੇਗੀ। ਖੋਜ, ਤੇਰੀ, ਮੇਰੀ, ਉਸਦੀ ਜਾਂ ਕਿਸੇ ਦੀ ਵੀ ਹੋਵੇ, ਇਹ ਸਦਾ ਜਾਰੀ ਰਹੇਗੀ ਭਾਵੇਂ ਅਸੀਂ ਹੁਕਮ, ਹਾਕਮ ਜਾਂ ਮਹਿਕੂਮ ਦੀ ਭੂਮਿਕਾ ਵਿਚ ਹਾਂ, ਜਾਂ ਜ਼ਾਲਮ, ਜ਼ੁਲਮ ਜਾਂ ਮਜ਼ਲੂਮ ਦੀ ਭੂਮਿਕਾ ਵਿਚ ਹੋਈਏ। ਖੋਜ ਫਿਰ ਵੀ ਨਿਰੰਤਰ ਜਾਰੀ ਰਹਿੰਦੀ ਹੈ।

ਪਾਠਕ ਪ੍ਰੇਸ਼ਾਨ ਹੋ ਸਕਦਾ ਹੈ ਕਿਉਂਕਿ ਏਸ਼ੀਆ ਮਹਾਂਦੀਪ ਵਿਚ, ਭਾਰਤੀ ਉਪ ਮਹਾਂਦੀਪ ਵਿਚ ਤੇ ਵਿਸ਼ੇਸ਼ ਕਰਕੇ ਇਸਲਾਮੀ ਸਮਾਜ ਵਿਚ 'ਕੁਆਰੀ ਮਾਂ' ਅੱਜ ਵੀ ਸਮਾਜ-ਸਭਿਆਚਾਰਕ ਦ੍ਰਿਸ਼ਟੀ ਤੋਂ ਸਹਿਜ ਪ੍ਰਵਾਨਗੀ ਦੀ ਪਰਿਧੀ ਵਿਚ ਪ੍ਰਵੇਸ਼ ਨਹੀਂ ਕਰ ਪਾਈ। ਇੱਕੀਵੀਂ ਸਦੀ ਦੀ ਮਹਾਂ-ਨਗਰੀ ਜੀਵਨ ਜਾਚ ਵਿਚ, ਹੁਣ ਅਜਿਹੇ ਉਦਾਹਰਣ ਕਿਤੇ-ਕਿਤੇ ਮਿਲਣ ਲੱਗੇ ਹਨ ਪਰ ਯੋਰਪ ਜਾਂ ਪੱਛਮ ਵਿਚ ਇਹ ਪ੍ਰਯੋਗ ਏਸ਼ੀਆ ਨਾਲੋਂ ਕਿਤੇ ਵਧੇਰੇ ਹਨ। 'ਕੁਆਰੀ ਮਾਂ' ਦਾ ਹਵਾਲਾ ਤਾਂ ਮਹਾਂਭਾਰਤ ਵਿਚ ਵੀ ਪ੍ਰਾਪਤ ਹੈ। ਪਾਂਡਵਾਂ ਦੀ ਮਾਂ *ਕੁੰਤੀ* ਨੇ ਕੁਆਰੀ ਹੁੰਦਿਆਂ, ਸੂਰਜ ਦੇਵਤਾ ਦੇ ਤੇਜ ਪ੍ਰਤਾਪੀ ਵਿਰਾਟ ਰੂਪ ਨੂੰ ਵੇਖ ਕੇ, ਪੁੱਤਰ ਦੀ ਇੱਛਾ ਪ੍ਰਗਟ ਕੀਤੀ ਸੀ ਤੇ ਉਸ ਦੇ ਸਹਿਵਾਸ ਨਾਲ ਕਰਣ ਪੈਦਾ ਹੋਇਆ। ਮਾਂ ਕੁੰਤੀ, ਸਾਰੀ ਉਮਰ ਕਰਣ ਨੂੰ ਪੁੱਤਰ ਵਜੋਂ ਪ੍ਰਵਾਨ ਨਾ ਕਰ ਸਕੀ ਤੇ ਨਾ ਹੀ ਕਰਵਾ ਸਕੀ। ਭਾਵੇਂ ਮਹਾਂਭਾਰਤ ਦੀ ਰਚਨਾ ਈਸਾ ਪੂਰਬ 400 ਤੋਂ 200 ਈ. ਪੂਰਬ ਹੋਈ ਸੀ ਪਰ ਅਸੀਂ ਅੱਜ ਹਿੰਦੀ ਫ਼ਿਲਮ ਰਾਜਨੀਤੀ ਵੀ, ਏਸੇ ਬਿੰਦੂ 'ਤੇ ਉਸਾਰੀ ਹੋਈ, ਬਣਾਈ ਹੈ। ਮਹਾਭਾਰਤ ਦਾ ਚਰਿਤਰ ਅੱਜ ਵੀ ਭਾਰਤੀਆਂ ਲਈ ਆਦਰਸ਼ਕ ਤੇ ਅਨੁਕਰਣਯੋਗ ਮੰਨਿਆ ਜਾਂਦਾ ਹੈ ਕਿਉਂਕਿ ਇਹ ਸਾਡੀ ਆਦਰਸ਼ਕ ਧਰੋਹਰ ਦੀ ਨਿਆਈਂ ਹੈ। ਮਹਾਭਾਰਤ ਵਿਚ ਅਜਿਹੇ ਹੋਰ ਵੀ ਉਦਾਹਰਣ ਹਨ, ਜਿਹੜੇ ਮੈਨੇਜਨਡ ਔਲਾਦ ਹਨ ਜਿਵੇਂ ਧਰਿਤਰਾਸ਼ਟਰ, ਵਿਦੁਰ ਆਦਿ।

ਯੋਰਪ ਜਾਂ ਪੱਛਮ ਵਿਚ, ਇਹ ਵਿਹਾਰ ਕੇਵਲ ਪ੍ਰਵਾਨ ਕਰਨਯੋਗ ਹੀ ਨਹੀਂ ਸਗੋਂ ਇਸ ਨੂੰ ਕਾਨੂੰਨੀ ਮਾਨਤਾ ਵੀ ਪ੍ਰਾਪਤ ਹੈ। ਇਸ ਕਹਾਣੀ ਦੀ ਉਦਾਹਰਣ, ਕਾਲੰਤਰ ਨਾਲ ਰੂਪਾਂਤ੍ਰਣ ਗ੍ਰਹਿਣ ਕਰ ਰਹੀ ਹੈ ਪਰ ਕੈਟਰੀਨਾ ਨੂੰ ਕਿਸੇ ਸਮਾਜ-ਸਭਿਆਚਾਰ ਦੀ ਪ੍ਰਵਾਨਗੀ ਦੀ ਲੋੜ ਹੀ ਨਹੀਂ। ਇਸ ਪੂੰਜੀਵਾਦੀ ਸਿਸਟਮ ਵਿਚ ਸਭ ਤੋਂ ਮਹੱਤਵਪੂਰਨ ਚੀਜ਼, ਮਨੁੱਖ ਦੀ ਨਿੱਜੀ ਆਜ਼ਾਦੀ ਹੈ। ਏਸੇ ਦੇ ਅੰਤਰਗਤ ਹੀ ਉਹ ਸੈਫੀ ਨੂੰ 'ਕੁਆਰੀ ਮਾਂ' ਵਾਂਗ ਜਨਮ ਦੇ ਸਕੀ ਹੈ। ਇਉਂ ਉਹ, ਨਵੇਂ ਕੀਮਤ-ਪ੍ਰਬੰਧ ਵਾਲੇ ਸਮਾਜ-ਸਭਿਆਚਾਰ ਵਿਚ, ਉਹ ਨਵੇਂ ਤਜਰਬੇ ਕਰਨ ਦੀ ਅਧਿਕਾਰੀ ਹੈ ਤੇ ਉਹ ਕਰ ਰਹੀ ਹੈ। ਪ੍ਰਸਥਿਤੀਆਂ ਦਾ ਪ੍ਰਹਾਰ ਸਭ ਤੋਂ ਪ੍ਰਭਾਵੀ ਵਰਤਾਰਾ ਹੈ ਜੋ ਮਨੁੱਖ ਨੂੰ ਆਪਣੀ ਪ੍ਰਭਾਵ ਲੀਲ੍ਹਾ ਤੋਂ ਮੁਕਤ ਹੀ ਨਹੀਂ ਹੋਣ ਦੇਂਦਾ। ਇਹ ਕਹਾਣੀ ਸਾਡੇ ਵਿਸ਼ਵ-ਦ੍ਰਿਸ਼ਟੀਕੋਣ ਨੂੰ ਹੋਰ ਵਸੀਹ ਕਰਨ ਦਾ ਸਬੱਬ ਬਣਦੀ ਹੈ ਕਿਉਂਕਿ ਕੈਟਰੀਨਾ ਪ੍ਰਸਥਿਤੀਆਂ ਦੇ ਵਿਰੋਧ ਦੇ ਬਾਵਜੂਦ ਆਪਣੀ ਖੋਜ-ਦ੍ਰਿਸ਼ਟੀ ਤੇ ਕਰਮ ਦ੍ਰਿਸ਼ਟੀ ਨਾਲ ਨਿਰੰਤਰ ਅੱਗੇ ਵੱਧ ਰਹੀ ਹੈ। ਇੱਕੀਵੀਂ ਸਦੀ ਦੀ ਇਸ ਕਹਾਣੀ ਦੀਆਂ ਜੜ੍ਹਾਂ ਹਜ਼ਾਰਾਂ ਵਰ੍ਹੇ ਪੁਰਾਣੀ ਮਾਨਸਿਕਤਾ ਵਿਚ ਪਈਆਂ ਹਨ ਪਰ ਖੋਜ ਕਹਾਣੀ ਨੂੰ, ਮਹਾਭਾਰਤ ਵਿਚਲੀ ਕਹਾਣੀ ਦਾ ਆਧੁਨਿਕ ਰੂਪਾਂਤ੍ਰਿਤ ਜਾਂ ਪਰਿਵਰਤਿਤ ਰੂਪ ਵੀ ਕਹਿ ਸਕਦੇ ਹਾਂ।

***ਪ੍ਰੋਫੈਸਰ ਅਮੈਰੀਟਸ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।***



## ਤ੍ਰਿਪਤਾ ਕੇ. ਸਿੰਘ ਦੀ ਕਹਾਣੀ 'ਇਕ ਦਿਨ' ਦੀ ਨਾਰੀ ਪੜ੍ਹਤ

**-ਧਨਵੰਤ ਕੌਰ**

A Woman's writing is always feminine ; it cannot help being feminine, at its best it is most feminine, The only difficulty, lies in defining what we mean by feminine.

Virginia Woolf

ਨਾਰੀ ਲਿਖਤ ਨੂੰ ਪੜ੍ਹਨ ਵੇਲੇ ਪਾਠਕ/ਆਲੋਚਕ ਦੇ ਜ਼ਿਹਨ ਵਿਚ ਨਾਰੀ ਪਰਿਪੇਖ ਦਾ ਖ਼ੁਦ ਬਖ਼ੁਦ ਸਕ੍ਰਿਯ ਹੋ ਜਾਣਾ ਬੜਾ ਸੁਭਾਵਿਕ ਹੈ। ਹਾਂਲਾਂ ਕਿ ਇਸਦਾ ਇਹ ਭਾਵ ਕਦਾਚਿਤ ਨਹੀਂ ਕਿ ਨਾਰੀ ਲੇਖਨ ਮਰਦ ਲੇਖਨ ਪਰੰਪਰਾ ਤੋਂ ਵੱਖਰਾ ਹੁੰਦਾ ਹੈ ਜਾਂ ਨਾਰੀ-ਲਿਖਤ ਨੂੰ ਮੁੱਖਧਾਰਾ ਦੇ ਸਾਹਿਤਕ ਮਾਪਦੰਡਾਂ ਨਾਲ ਪੜ੍ਹਿਆ ਵਿਚਾਰਿਆ ਨਹੀਂ ਜਾ ਸਕਦਾ ਜਾਂ ਵਿਚਾਰਿਆ ਨਹੀਂ ਜਾਣਾ ਚਾਹੀਦਾ। ਮੇਰੀ ਜਾਚੇ ਇਹ ਸਕ੍ਰਿਯਤਾ ਉਸ ਨਾਰੀ ਪੱਖ ਕਰਕੇ ਹੈ, ਜਿਹੜੀ ਵਰਜੀਨੀਆ ਵੂਲਫ ਦੇ ਕਹਿਣ ਵਾਂਗ ਨਾਰੀ ਲਿਖਤ ਵਿੱਚ ਨਿਹਿਤ ਹੀ ਹੁੰਦੀ ਹੈ। ਵੂਲਫ ਅਨੁਸਾਰ ਤਾਂ ਨਾਰੀ ਲਿਖਤ ਉਤਕ੍ਰਿਸ਼ਟ ਹੀ ਉਦੋਂ ਹੁੰਦੀ ਹੈ ਜਦੋਂ ਉਹ ਸ਼ਿੱਦਤ ਨਾਰੀਤਵ ਨੂੰ ਸਿਰਜਦੀ ਹੈ ਹਾਂਲਾਂਕਿ ਉਸੇ ਦੇ ਕਹਿਣ ਮੁਜਬ ਨਾਰੀ ਲਿਖਤ ਵਿਚ ਨਾਰੀਤਵ ਨੂੰ ਪਰਿਭਾਸ਼ਿਤ ਕਰ ਸਕਣਾ ਹੀ ਸਭ ਤੋਂ ਵੱਡੀ ਮੁਸ਼ਕਿਲ ਹੈ। ਨਾਰੀ-ਚਿੰਤਨ ਇਸ ਬਾਰੇ ਇਕ ਮੱਤ ਹੈ ਕਿ ਨਾਰੀਤਵ ਨੂੰ ਸਿਰਜਨਾਤਮਕ ਕਿਰਤਾਂ ਵਿਚ ਸਾਂਵੇ-ਸੁਖਾਂਵੇਂ ਢੁਕਵੇਂ ਸ਼ਬਦਾਂ ਵਿਚ ਬੰਨ੍ਹਣਾ ਹੀ ਚੁਣੌਤੀ ਨਹੀਂ, ਇਸ ਨੂੰ ਆਲੋਚਨਾਤਮਕ ਪਿੜ ਵਿਚ ਪਰਿਭਾਸ਼ਿਤ ਤੇ ਸਿਧਾਂਤਬਧ ਕਰਨਾ ਵੀ ਇਕ ਚੁਣੌਤੀ ਹੈ। ਫਰਾਂਸੀਸੀ ਨਾਰੀ ਚਿੰਤਨ ਵਿਚ ਵੱਡੀ ਪਛਾਣ ਬਣਾਉਣ ਵਾਲੀ ਹੈਲੇਨ ਸਿਖੂ, ਜਿਸਨੇ ਔਰਤਾਂ ਨੂੰ ਇਤਿਹਾਸ ਵਿਚ ਦਾਖਲ ਹੋਣ ਲਈ ਆਪਣੇ ਆਪ ਨੂੰ, ਆਪਣੇ ਅਨੁਭਵਾਂ ਨੂੰ ਲਿਖਣ ਦਾ ਮਸ਼ਵਰਾ ਦਿੱਤਾ ਸੀ, ਨੇ ਇਹ ਵੀ ਲਿਖਿਆ ਹੈ ਕਿ ਨਾਰੀ ਲਿਖਤਾਂ ਵਿਚ ਨਾਰੀਤਵ ਦਾ ਹੋਂਦਵਾਨ ਹੋ ਸਕਣਾ ਹੀ ਨਹੀਂ , ਸਮਝਿਆ ਜਾ ਸਕਣਾ ਵੀ ਅਸੰਭਵਤਾ ਬਣਿਆ ਹੋਇਆ ਹੈ, ਭਾਵੇਂ ਇਸਦਾ ਇਹ ਮਤਲਬ ਬਿਲਕੁੱਲ ਨਹੀਂ ਕਿ ਉਨ੍ਹਾਂ ਵਿਚ ਨਾਰੀਤਵ ਹੁੰਦਾ ਹੀ ਨਹੀਂ। ਤ੍ਰਿਪਤਾ ਕੇ ਸਿੰਘ ਦੀ ਕਹਾਣੀ 'ਇਕ ਦਿਨ' ਬਾਰੇ ਗੱਲ ਕਰਨ ਤੋਂ ਪਹਿਲਾਂ ਮੈਂ ਨਾਰੀ-ਚਿੰਤਕਾਂ ਵਲੋਂ ਸਨਮੁੱਖ ਲਿਆਂਦੀਆਂ ਇਨ੍ਹਾਂ ਚੁਣੌਤੀਆਂ/ਅਸੰਭਵਤਾਵਾਂ ਦਾ ਜ਼ਿਕਰ ਇਸ ਲਈ ਕੀਤਾ ਹੈ ਕਿਉਂਕਿ ਇਹ ਕਹਾਣੀ ਅਜਿਹਾ ਕਹਿਣ ਦੀ ਆਗਿਆ ਦਿੰਦੀ ਹੈ। ਇਹੀ ਨਹੀਂ, ਇਹ ਕਹਾਣੀ ਪੜ੍ਹਦਿਆਂ/ਪੜਚੋਲਦਿਆਂ ਮੈਨੂੰ ਇਹ ਵੀ ਅਹਿਸਾਸ ਹੋਇਆ ਹੈ ਕਿ ਇਹ ਕਹਾਣੀ ਇਸ ਚੁਣੌਤੀ/ਅਸੰਭਵਤਾ ਨੂੰ ਸਮਝਣ ਦੀ ਗੁੰਜਾਇਸ਼ ਬਣਾਉਂਦੀ ਹੈ। ਇਸ ਕਹਾਣੀ ਕੋਲ ਨਾਰੀਤਵ ਦਾ ਪੱਖ ਹੀ ਨਹੀਂ, ਪ੍ਰਮਾਣ ਵੀ ਹੈ।

ਪੰਜਾਬੀ ਦੀ ਹੀ ਨਹੀਂ, ਦੁਨੀਆ ਦੀ ਅੱਧੀ ਤੋਂ ਵੀ ਵੱਧ ਕਹਾਣੀ ਵਾਂਗ ਇਸ ਕਹਾਣੀ ਦਾ ਵਿਸ਼ਾ ਮਰਦ ਔਰਤ ਸੰਬੰਧ ਹਨ। ਅਜਿਹੀਆਂ ਕਹਾਣੀਆਂ ਨਿਰਸੰਦੇਹ ਮਨੁੱਖੀ ਫਿਤਰਤ ਨੂੰ ਉਸਦੀ ਨਿਕਟੀ ਨਿੱਜੀ ਜ਼ਿੰਦਗੀ ਦੀ ਜਟਿਲਤਾ ਤੇ ਬਹੁਪਰਤਤਾ ਵਿਚ ਜਾਣਨ ਦਾ ਬੇਸ਼ਕੀਮਤੀ ਮੌਕਾ ਦਿੰਦੀਆਂ ਹਨ। ਅਜਿਹੀਆਂ ਕਹਾਣੀਆਂ ਦੇ ਪ੍ਰਸੰਗਾਂ/ਸੰਦਰਭਾਂ/ਬੋਲਾਂ ਨੂੰ ਰਚਦਿਆਂ ਲੇਖਕ ਦਾ ਅਤੇ ਪੜ੍ਹਦਿਆਂ ਪਾਠਕ ਦਾ ਮਨਸ਼ਾ ਇਹ ਰਾਜ਼/ਰਮਜ਼/ਸੂਹ ਕੱਢ ਲਿਆਉਣ ਦਾ ਹੁੰਦਾ ਹੈ ਕਿ ਪਾਤਰ ਜੀ ਕਿਵੇਂ ਰਹੇ ਹਨ ? ਅਤੇ ਜਿਉਣਾ ਕਿਵੇਂ ਚਾਹੁੰਦੇ ਹਨ ? ਬਿਹਤਰ ਮਾਨਵੀ ਜ਼ਿੰਦਗੀ ਲਈ ਪਾਤਰਾਂ ਰਾਹੀਂ ਪ੍ਰਗਟਾਈ ਇਸੇ ਚਾਹਤ/ਕਲਪਨਾ/ਅਭਿਲਾਸ਼ਾ/ ਕਾਮਨਾ/

ਪ੍ਰਤਿਬਦਲ ਵਿਚ ਹੀ ਬਹੁਤੀ ਵਾਰ ਕਹਾਣੀ ਦਾ ਥੀਮ/ਨਜ਼ਰੀਆ/ਕਲਾਤਮਕਤਾ/ਨਵੀਨਤਾ/ ਮਹਾਨਤਾ ਪਈ ਹੁੰਦੀ ਹੈ। ਤ੍ਰਿਪਤਾ ਕੇ ਸਿੰਘ ਦੀ ਇਸ ਕਹਾਣੀ ਦੇ ਫੋਕਸ ਵਿਚ ਪਤੀ ਪਤਨੀ ਸੰਬੰਧ ਹਨ। ਕਹਾਣੀ ਦੇ ਵਕਤਾ/ਮੁਖ ਪਾਤਰ/ਪਤੀ ਦੀ ਹੈਸੀਅਤ ਵਿਚ ਮੈਂ ਪਾਤਰ ਆਪਣੀ ਪਤਨੀ ਆਸ਼ੂ ਨਾਲ ਪਰਿਵਾਰਕ, ਸਮਾਜਕ, ਵਿਅਕਤੀਗਤ ਸੰਬੰਧਾਂ ਦੀ ਕਹਾਣੀ ਬਿਰਤਾਂਤ ਸ੍ਰੋਤੇ ਨਾਲ ਸਾਂਝੀ ਕਰ ਰਿਹਾ ਹੈ। ਕਹਾਣੀ ਆਪਣੇ ਕਾਲਿਕ ਵਰਤਮਾਨ ਨੂੰ ਜਿਸ ਸਮੇਂ ਵਿਚ ਸਥਿਤ ਕਰ ਰਹੀ ਹੈ, ਉਹ ਇਕ ਦਿਨ ਪਤਨੀ ਦਾ ਜਨਮ ਦਿਨ ਹੈ। ਪਤਨੀ ਨੇ ਘਰੋਂ ਦਫ਼ਤਰ ਜਾਣ ਲਈ ਨਿਕਲਦੇ ਪਤੀ ਦੇ ਹੱਥ ਵਿਚ 'ਕਾਗਜ਼ ਦੀ ਇਕ ਪੁਰਜ਼ਾਨੁਮਾ ਚਿੱਠੀ' ਥਮਾ ਦਿੱਤੀ ਹੈ, ਜਿਹੜੀ ਉਸ ਅਨੁਸਾਰ 'ਜਨਮ ਦਿਨ ਦੇ ਤੋਹਫੇ' ਬਾਰੇ ਹੈ। ਪਤਨੀ ਨੇ ਆਪਣੀ ਮਰਜ਼ੀ ਦਾ ਤੋਹਫਾ ਲੈਣ ਦੀ ਖਾਹਿਸ਼ ਬੋਲ ਕੇ ਨਹੀਂ, ਲਿਖ ਕੇ ਪ੍ਰਗਟਾਈ ਹੈ। ਤਿੰਨ ਵਾਕਾਂ ਵਿਚ ਬੜੇ ਸੋਚੇ ਸ਼ਬਦਾਂ ਵਿਚ ਸਮੇਟੀ ਇਸ ਸੰਖਿਪਤ ਚਿੱਠੀ ਦੀ ਇਬਾਰਤ ਹੈ :

" ਅੱਜ ਆਪਣੇ ਜਨਮ ਦਿਨ ਦੇ ਤੋਹਫੇ ਦੇ ਤੌਰ 'ਤੇ ਮੈਂ ਜੋ ਤੁਹਾਡੇ ਤੋਂ ਮੰਗਣ ਜਾ ਰਹੀ ਹਾਂ, ਮੇਰੀ ਇਸ ਮੰਗ ਨੂੰ ਪਤਾ ਨਹੀਂ ਤੁਸੀਂ ਕਿਵੇਂ ਸਮਝੋਗੇ। ਮੈਂ ਤੁਹਾਡੇ ਤੋਂ ਸਿਰਫ ਇਕ ਦਿਨ ਦੀ ਮੰਗ ਕਰਦੀ ਹਾਂ ਕਿ ਜਿਸ ਦਿਨ ਮੈਂ ਨਾ ਤੁਹਾਡੀ ਪਤਨੀ ਹੋਵਾਂ, ਨਾ ਕਿਸੇ ਦੀ ਮਾਂ ਹੋਵਾਂ, ਨਾ ਕਿਸੇ ਦੀ ਬੇਟੀ ਤੇ ਬਹੂ ਹੋਵਾਂ ਤੇ ਨਾ ਕੁਝ ਹੋਰ। ਉਸ ਇਕ ਦਿਨ ਮੈਂ ਸਿਰਫ ਮੈਂ ਹੋਵਾਂ, ਸਿਰਫ ਮੈਂ, ਆਸ਼ੂ। ਉਹ ਸਾਰਾ ਦਿਨ ਮੈਂ ਕਿਥੇ, ਕਿਸ ਨਾਲ ਤੇ ਕਿਵੇਂ ਗੁਜ਼ਾਰਿਆ, ਤੁਸੀਂ ਇਸ ਗੱਲ ਦੀ ਜਾਣਕਾਰੀ ਮੈਥੋਂ ਸਾਰੀ ਜ਼ਿੰਦਗੀ 'ਚ ਕਦੇ ਨਹੀਂ ਮੰਗੋਗੇ, ਕਦੇ ਵੀ ਨਹੀਂ।"

ਪਤਨੀ ਦੀ ਇਸ ਅਨੋਖੀ ਜਿਹੀ ਮੰਗ ਨੂੰ ਪੜ੍ਹ ਕੇ ਪਤੀ ਦਾ ਸਿਰ ਚਕਰਾ ਉਠਿਆ ਹੈ। ਕਹਾਣੀ ਦੇ ਸਮੁੱਚੇ ਉੱਤਮ ਪੁਰਖੀ ਬਿਰਤਾਂਤ ਵਿਚ ਪਤੀ ਹੀ ਆਪਣੀ ਪ੍ਰੇਸ਼ਾਨੀ,ਬੇਚੈਨੀ,ਖਿੱਝ, ਤਕਲੀਫ, ਮਾਨਸਿਕ ਖਲਲ ਨੂੰ ਹਰ ਪਾਸਿਓ ਉਲੱਦ-ਪੁਲਦ ਕੇ ਸਮਝਣ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਕਹਾਣੀ ਉਸਨੂੰ ਕੋਈ ਰਾਹ ਨਹੀਂ ਦੇ ਰਹੀ। ਸੁਚੇਤ ਪਾਠਕ ਦੇ ਮਨ ਵਿਚ ਇਹ ਸਵਾਲ ਪੈਦਾ ਹੋਣਾ ਕੁਦਰਤੀ ਹੈ ਕਿ ਆਖਰ ਪਤਨੀ ਦੇ ਮਨ ਵਿੱਚ ਆਈ ਖਾਹਿਸ਼ ਅਤੇ ਪਤੀ ਦੇ ਮਨ ਵਿਚ ਪਏ ਖਲਲ ਦਾ ਰੈਸ਼ਨੇਲ ਕੀ ਹੈ ? ਕਹਾਣੀ ਵਲੋਂ ਪਾਈ ਇਸ ਗੁੰਝਲ ਦੇ ਕੀ ਕੋਈ ਅਸਤਿਤਵਕ, ਸਮਾਜਕ, ਭਾਸ਼ਾਈ, ਦੇਹੀ ਪੱਖ ਪਾਸਾਰ ਵੀ ਹਨ ? ਅਤੇ ਜੇ ਹਨ ਤਾਂ ਕਹਾਣੀ ਇਨ੍ਹਾਂ ਨਾਲ ਕਿਵੇਂ ਨਜਿੱਠ ਰਹੀ ਹੈ ? ਕਹਾਣੀ ਦੇ ਇਸ ਮੁੱਦੇ/ਰਵੱਈਏ/ਨਜ਼ਰੀਏ ਜਾਂ ਪ੍ਰਤੀਤੀਆਂ ਨੂੰ ਜਾਣਨ ਲਈ ਜ਼ਰੂਰੀ ਹੈ ਕਿ ਕਹਾਣੀ ਦੇ ਅੰਦਰੂਨੀ ਹਵਾਲਿਆਂ ਨੂੰ ਡੀਕੋਡ ਕੀਤਾ ਜਾਵੇ।

ਕਹਾਣੀ ਰਚਣ/ਗੁੰਦਣ/ਘੜਨ ਦੇ ਬਿਰਤਾਂਤਕ ਪੈਟਰਨਾਂ ਦੇ ਲਿਹਾਜ਼ ਨਾਲ ਵੇਖੀਏ ਤਾਂ ਇਕ ਦਿਨ ਇਕਹਿਰੇ ਜੁੱਸੇ ਵਾਲੀ ਇਹ ਕਹਾਣੀ ਨਾ ਘਟਨਾ ਪ੍ਰਧਾਨ ਹੈ ਨਾ ਪਾਤਰ ਪ੍ਰਧਾਨ। ਕਹਾਣੀ ਦਾ ਕਥਾਨਕ ਕਿਸੇ ਇਤਿਹਾਸਕ, ਰਾਜਨੀਤਕ, ਆਰਥਿਕ, ਸਮਾਜਕ, ਸਭਿਆਚਾਰਕ ਜਾਂ ਪਰਿਵਾਰਕ ਸੰਕਟ ਦੀ ਤਾਂ ਕੀ ਦੋਹਾਂ ਪਾਤਰਾਂ ਦੇ ਆਪਸੀ ਸੰਬੰਧਾਂ ਵਿਚ ਵੀ ਕਿਸੇ ਵੱਡੇ ਸੰਕਟ ਦੀ ਕੰਨਸੋ ਨਹੀਂ ਦੇ ਰਿਹਾ। ਵਾਪਰਨ ਦੇ ਲਿਹਾਜ਼ ਨਾਲ ਵੇਖੀਏ ਤਾਂ ਕੁਝ ਵੀ ਨਹੀਂ ਵਾਪਰ ਰਿਹਾ , ਜੋ ਵਾਪਰ ਚੁੱਕਿਆ ਹੈ ਉਹ ਬੀਤੇ ਦੀ ਬਾਤ ਬਣ ਚੁੱਕਿਆ ਹੈ। ਸਾਰੀ ਕਹਾਣੀ ਵਿੱਚ ਦੋ ਹੀ ਪਾਤਰ ਹਨ। ਇਨ੍ਹਾਂ ਵਿਚੋਂ ਪਤਨੀ ਆਸ਼ੂ ਜਿਸਦੀ ਚਿੱਠੀ ਕਹਾਣੀ ਦੀ ਗੁੰਝਲ ਬਣੀ ਹੋਈ ਹੈ, ਆਪਣੇ ਬੇਹੱਦ ਸੀਮਿਤ ਜਿਹੇ ਬੋਲਾਂ ਨਾਲ ਹੀ ਕਹਾਣੀ ਵਿਚ ਮੌਜੂਦਗੀ ਪਾਉਂਦੀ ਹੈ, ਵਰਨਾ ਸਾਰੀ ਕਹਾਣੀ ਮੈਂ ਪਾਤਰ, ਵਕਤਾ ਅਤੇ ਪਤੀ ਦੋਹਾਂ ਦੀ ਹੈਸੀਅਤ ਵਿਚ, ਬਿਨਾਂ ਕਿਸੇ ਦਖ਼ਲ ਦੇ,



ਆਪਣੇ ਬੋਲਾਂ ਵਿਚ ਅਤੇ ਜ਼ਾਹਰਾ ਤੌਰ 'ਤੇ ਆਪਣੇ ਕੌਣ ਤੋਂ ਸੁਣਾ ਰਿਹਾ ਹੈ। ਦੋਹਾਂ ਵਿਚ ਕਿਸੇ ਦੇ ਨਾਇਕਤਵ ਨੂੰ ਉਭਾਰਨਾ, ਘੱਟੋ ਘੱਟ ਕਹਾਣੀਕਾਰ ਦਾ ਮੰਤਵ ਨਹੀਂ ਜਾਪਦਾ ਬਲਕਿ ਤ੍ਰਿਪਤਾ ਕੇ. ਸਿੰਘ ਤਾਂ ਕਹਾਣੀ ਦੇ ਵਕਤਾ ਨੂੰ ਮਰਦ ਮੈਂ ਪਾਤਰ/ਪਤੀ ਨਾਲ ਹੀ ਅਭੇਦ ਕਰਕੇ ਨਾਰੀ ਲਿਖਤਾਂ ਵਿਚ ਕਹਾਣੀਕਾਰ/ਵਕਤਾ/ਮੈਂ ਪਾਤਰ ਨੂੰ ਰਲਗੱਡ ਕਰਕੇ ਲਿਖਤ ਨੂੰ ਲੇਖਿਕਾ ਦੀ ਹੀ ਸਵੈ ਜੀਵਨੀ ਵਜੋਂ ਪੜ੍ਹਨ ਦੀ ਰੂੜ੍ਹੀ ਤੋਂ ਵੀ ਮੁਕਤ ਕਰ ਗਈ ਹੈ। ਖੈਰ, ਕਹਾਣੀ ਦੇ ਇਨ੍ਹਾਂ ਸੰਰਚਨਾਵੀਂ ਪਹਿਲੂਆਂ ਨੂੰ ਇੱਥੇ ਸਮੇਟ ਮੈਂ ਉਨ੍ਹਾਂ ਅਨੁਭਵਾਂ, ਮੁੱਦਿਆਂ, ਮੁਸ਼ਕਿਲਾਂ ਨੂੰ ਵਿਚਾਰਨਾ ਚਾਹਾਂਗੀ, ਜਿਨ੍ਹਾਂ ਨੂੰ ਇਸ ਕਹਾਣੀ ਦਾ ਪਾਠ ਜਾਂ ਉਸਦੀ ਵਿਆਖਿਆ ਉਭਾਰਦੀ ਹੈ।

ਤਿੱਖੀ ਤੋਰ ਅਤੇ ਸੰਜਮੀ ਬਿਆਨ ਵਾਲੇ ਇਸ ਬਿਰਤਾਂਤ ਵਿਚ ਵਕਤਾ ਨਾਰੀ ਪਾਤਰ ਆਸ਼ੂ ਦਾ, ਪਤੀ ਦੇ ਤਸਦੀਕੀ ਬੋਲਾਂ ਵਿਚ ਜਿਹੜਾ ਸ਼ਖ਼ਸੀ ਬਿੰਬ ਬਿਰਤਾਂਤ ਸ੍ਰੋਤੇ ਨਾਲ ਸਾਂਝਾ ਕਰ ਰਿਹਾ ਹੈ ਉਹ 'ਭੋਲੀ ਭਾਲੀ', 'ਪਿਆਰੀ', 'ਹਸਮੁੱਖ', 'ਕਹਿਣੇ ਵਿਚ' ਰਹਿਣ ਵਾਲੀ ਪਤਨੀ ਦਾ ਹੈ। ਏਨਾ ਹੀ ਨਹੀਂ ਆਸ਼ੂ ਸੱਸ ਸਹੁਰੇ ਦੀ ਸੇਵਾ ਵਿਚ ਸਮਰਪਿਤ, ਘਰੇਲੂ/ਰਸੋਈ ਦੇ ਕੰਮ ਕਾਜ ਵਿਚ ਪ੍ਰਬੀਨ ਅਤੇ ਬੱਚਿਆਂ ਦੀਆਂ ਜ਼ਿੰਮੇਵਾਰੀਆਂ ਵਿਚ ਰੁੱਝੀ/ਪਰਚੀ ਇਕ ਸਾਊ, ਸੁਸ਼ੀਲ, ਆਗਿਆਕਾਰ ਭਾਵ ਆਦਰਸ਼ ਪਤਨੀ ਦੇ ਸਮਾਜਕ ਮਾਪਦੰਡਾਂ 'ਤੇ ਪੂਰੀ ਉਤਰਦੀ ਦਰਸਾਈ ਗਈ ਹੈ।

ਬਿਨਾਂ ਕਿਸੇ ਟਕਰਾਅ ਦੇ, ਸਹਿਜ ਭਾਅ ਚਲਦੀ, ਟਿਕੀ ਸਾਂਭੀ ਗ੍ਰਹਿਸਥੀ ਦਾ ਬਿਉਰਾ ਸਿਰਜਦਿਆਂ ਵਕਤਾ/ਪਤੀ ਆਪਣੀ ਪਤਨੀ ਦੀਆਂ ਕੁਝ ਵੱਖਰੀਆਂ ਚਾਹਤਾਂ/ ਸ਼ੌਕਾਂ ਦਾ ਜਿਕਰ ਵੀ ਬਿਰਤਾਂਤ ਸ੍ਰੋਤੇ ਨਾਲ ਸਾਂਝਾ ਕਰ ਰਿਹਾ ਹੈ। ਮਿਸਾਲ ਵਜੋਂ ਵਿਆਹ ਤੋਂ ਪਹਿਲਾਂ ਉਸਦੀ ਪਤਨੀ ਸੰਗੀਤ ਸਿੱਖਣ ਦਾ ਸ਼ੌਕ ਰਖਦੀ ਸੀ। ਬੀ.ਏ. ਵਿਚ ਪੜ੍ਹਦਿਆਂ ਵਿਆਹ ਹੋ ਜਾਣ ਕਰਕੇ ਵਿਆਹ ਤੋਂ ਬਾਅਦ ਪੜ੍ਹਾਈ ਜਾਰੀ ਰੱਖਣਾ ਚਾਹੁੰਦੀ ਸੀ। ਫਿਲਮ ਉਹ ਸਿਨੇਮਾ ਘਰ ਵਿਚ ਵੇਖਣਾ ਪਸੰਦ ਕਰਦੀ ਸੀ ਜਾਂ ਫਿਰ ਹਨੀਮੂਨ ਲਈ ਉਸਦੀ ਤਮੰਨਾ ਨੈਨੀਤਾਲ ਜਾਣ ਦੀ ਸੀ। ਪਤਨੀ ਦੀਆਂ ਇਹ ਵੱਡੀਆਂ ਛੋਟੀਆਂ ਚਾਹਤਾਂ/ ਸ਼ੌਂਕ ਪੂਰੇ ਕਿਉਂ ਨਾ ਹੋਏ ਜਾਂ ਪੂਰੇ ਕਰਨੇ ਜ਼ਰੂਰੀ ਕਿਉਂ ਨਾ ਸਮਝੇ ਗਏ, ਪਤੀ ਇਨ੍ਹਾਂ ਸੰਬੰਧੀ ਆਪਣਾ ਪੱਖ/ਦਲੀਲਾਂ ਨਾਲੋ ਨਾਲ ਦਰਜ ਕਰ ਰਿਹਾ ਹੈ ਅਤੇ ਇਹ ਵੀ ਦੱਸ ਰਿਹਾ ਹੈ ਕਿ ਪਤਨੀ ਨੇ ਇਹ ਦਲੀਲਾਂ/ਹੁਕਮ ਬਿਨਾਂ ਕਿਸੇ ਉਜ਼ਰ ਦੇ ਮੰਨ ਲਏ ਹੋਏ ਹਨ। ਇਹ ਗੱਲਾਂ ਹੁਣ ਬਹੁਤ ਪਿੱਛੇ ਰਹਿ ਗਈਆਂ ਹਨ ਭਾਵ ਪਤਨੀ ਆਪਣੇ ਸ਼ੌਂਕ ਠੰਡੇ ਬਸਤੇ ਵਿਚ ਪਾ ਚੁੱਕੀ ਹੈ।

ਨਾਰੀ ਲਿਖਤਾਂ ਕੋਲ ਸਭ ਤੋਂ ਕਾਰਗਰ ਜੁਗਤ ਦੋਹਰੀਆਂ ਆਵਾਜ਼ਾਂ ਵਾਲੀ ਪ੍ਰਵਚਨਕਾਰੀ ਮੰਨੀ ਗਈ ਹੈ। ਇਹ ਉਹ ਢੰਗ ਹੈ ਜਿਸ ਰਾਹੀਂ ਸਤ੍ਹਾਵਾਨ ਧਿਰ ਅਤੇ ਦਮਿਤ ਧਿਰ ਦੀਆਂ ਸਮਾਜਕ ਸਭਿਆਚਾਰਕ ਵਿਰਾਸਤਾਂ ਨੂੰ ਹੀ ਨਹੀਂ, ਉਨ੍ਹਾਂ ਦੀਆਂ ਪੋਜੀਸ਼ਨਾਂ/ਪ੍ਰਤਿਕਰਮਾਂ ਨੂੰ ਵੀ ਵਿਸ਼ਲੇਸ਼ਿਤ ਕੀਤਾ ਜਾ ਸਕਦਾ ਹੈ। ਵਿਆਹ ਇਕ ਅਜਿਹਾ ਸੰਸਥਾ ਹੈ ਜਿਹੜੀ ਪਤੀ ਨੂੰ ਪਹਿਲੇ ਦਿਨ ਤੋਂ ਹੀ ਇਜਾਰੇਦਾਰੀ ਵਾਲੀ ਪੋਜੀਸ਼ਨ ਵਿਚ ਲੈ ਆਉਂਦੀ ਹੈ। ਮੰਗਣੀ ਹੁੰਦਿਆਂ ਹੀ ਪਤੀ ਵਲੋਂ ਆਸ਼ੂ ਦੇ ਘਰ ਸੁਨੇਹਾ ਪੁਚਾ ਦਿੱਤਾ ਜਾਂਦੀ ਹੈ ਕਿ 'ਮੈਨੂੰ ਗਾਣੇ ਵਜਾਣੇ ਪਸੰਦ ਨਹੀਂ' ਅਤੇ ਆਸ਼ੂ ਦਾ ਸਿਤਾਰ ਸਿੱਖਣਾ, ਆਸ਼ੂ ਦੇ ਮਾਪਿਆਂ ਵਲੋਂ ਬੰਦ ਕਰਵਾ ਦਿੱਤਾ ਜਾਂਦਾ ਹੈ। ਵਿਆਹ ਤੋਂ ਬਾਅਦ ਆਸ਼ੂ ਪਤੀ ਕੋਲੋਂ ਪੜ੍ਹਾਈ ਜਾਰੀ ਰੱਖਣ ਦੀ ਇਜਾਜ਼ਤ ਮੰਗਦੀ ਹੈ ਪਰ ਪਤੀ ਵਲੋਂ ਹੁਕਮ ਸੁਣਨ ਨੂੰ ਮਿਲਦਾ ਹੈ 'ਹੁਣ ਕੀ ਕਰਨਾ ਪੜ੍ਹ ਕੇ, ਵਿਆਹ ਹੋ ਗਿਆ, ਚੰਗਾ ਵਰ ਘਰ

ਮਿਲ ਗਿਆ, ਕਿਸੇ ਚੀਜ ਦੀ ਕਮੀ ਹੈ ਤੈਨੂੰ' । ਔਰਤ ਦੀ ਜ਼ਿੰਦਗੀ ਵਿਚ ਪੜ੍ਹਾਈ ਦੀ ਵੈਧਤਾ ਚੰਗਾ ਵਰ ਘਰ ਲੱਭਣ/ਮਿਲਣ ਤਕ ਹੀ ਸੰਕੁਚਿਤ ਹੈ। ਕਮਾਊ ਪਤੀ ਕੋਲ ਪਤਨੀ ਨੂੰ ਘਰ ਵਿਚ ਹੀ ਬੰਦੀ ਬਣਾਉਣ ਦਾ ਹੱਕੀ ਵਾਜਬ ਦਾਅਵਾ ਹੈ। ਹਨੀਮੂਨ ਜਾਣ ਵਾਲੇ ਪਤਨੀ ਦੀ ਮਰਜ਼ੀ ਸਿਰਫ ਪੁੱਛਣ ਲਈ ਪੁੱਛੀ ਗਈ ਹੈ, ਪੂਰੀ ਕਰਨ ਲਈ ਕਦਾਚਿਤ ਨਹੀਂ। ਪਤੀ ਨੂੰ ਸਿਨੇਮਾ ਘਰ ਵਿਚ ਫਿਲਮ ਵੇਖਣਾ ਬੋਰਿੰਗ ਲਗਦਾ ਹੈ ਤਾਂ ਪਤਨੀ ਕੋਲ ਆਪਣਾ ਸ਼ੌਂਕ ਤਿਆਗ ਦੇਣ ਤੋਂ ਬਿਨਾਂ ਕੋਈ ਚਾਰਾ ਨਹੀਂ। ਇਕੱਲੀ ਤਾਂ ਉਹ ਪੇਕਿਆਂ ਦੇ, ਸਹੇਲੀਆਂ ਕੋਲ ਜਾਂ ਰਿਸ਼ਤੇਦਾਰੀ ਵਿਚ ਵੀ ਨਹੀਂ ਜਾ ਸਕਦੀ, ਪਤੀ ਹੀ ਲੈ ਕੇ ਜਾਂਦਾ ਹੈ। ਹੋਰ ਤਾਂ ਹੋਰ ਉਸਨੂੰ ਆਪਣੀ ਪਸੰਦ ਦੇ ਕੱਪੜੇ, ਗਹਿਣੇ, ਮੇਕਅੱਪ ਦਾ ਸਮਾਨ ਖਰੀਦਣ ਦੀ ਖੁੱਲ੍ਹ ਵੀ ਨਹੀਂ। ਗਲੀ ਗੁਆਂਢ ਦੀਆਂ ਔਰਤਾਂ ਨਾਲ ਗੱਪਸ਼ੱਪ ਤੋਂ ਤਾਂ ਉਸਨੂੰ ਵਰਜ ਹੀ ਦਿੱਤਾ ਗਿਆ ਹੈ।

ਪਤੀ ਵਲੋਂ ਦਿੱਤੀਆਂ ਦਲੀਲਾਂ ਅਨੁਸਾਰ ਤਾਂ ਇਹ ਸਭ ਕੁੱਝ ਪਤਨੀ ਦੇ 'ਖਿਆਲ' 'ਹਿਤ' ਵਿਚ ਹੀ ਨਹੀਂ, ਇਹ ਉਸਨੂੰ ਉਸਦੀ ਸੋਚ ਨਾਲੋਂ ਬਿਹਤਰ ਸਮਾਜਕ ਆਰਥਕ ਹੈਸੀਅਤ ਪ੍ਰਦਾਨ ਕਰ ਰਿਹਾ ਹੈ। ਪਤਨੀ ਵਲੋਂ ਦੱਬੀ ਘੁੱਟੀ ਸੁਰ ਵਿੱਚ ਜਾਹਰ ਕੀਤੀ ਨਾਪਸੰਦਗੀ, 'ਲਟਕਿਆ ਮੂੰਹ' ਜਾਂ 'ਘੁਟਿਆ ਵੱਟਿਆ ਵਤੀਰਾ' ਪਤੀ ਲਈ ਕੋਈ ਮਾਇਨੇ ਨਹੀਂ ਰਖਦਾ। 'ਤੀਵੀਆਂ ਨੂੰ ਭੂਏ ਚੜਾਉਣ ਤੋਂ ਗੁਰੇਜ਼ ਕਰਨਾ' ਉਸਦੀ ਮਰਦਾਵੀਂ ਸਿਖਲਾਈ ਵਿਚ ਪਿਆ ਹੈ। ਆਪਣੇ ਆਪ ਨੂੰ ਹਾੜਨ ਅਤੇ ਆਸ਼ੂ ਨੂੰ ਦਬਾ ਕੇ ਰੱਖਣ ਦੇ ਸਾਰੇ ਢੰਗ ਤਰੀਕੇ ਉਸਦੀਆਂ ਮਨੋ ਬਣਤਰਾਂ ਵਿਚ ਅਛੋਪਲੇ ਹੀ ਹਾਜ਼ਰ ਹਨ। ਉਸਦੇ ਹੁਕਮਾਂ/ਫੈਸਲਿਆਂ/ਨਾਪਸੰਦਗੀਆਂ ਕੋਲ ਪੱਖ ਹੈ। ਆਪਣੇ ਮਰਦਾਵੇਂ ਹੱਕਾਂ ਨੂੰ ਉਹ ਸਿਰਫ ਪਤਨੀ ਤੇ ਪ੍ਰਤਿਬੰਧਾਂ ਜਾਂ ਕਾਮੁਕ ਲੋੜਾਂ ਲਈ ਹੀ ਨਹੀਂ ਵਰਤਦਾ, ਘਰੋਂ ਬਾਹਰ ਆਪਣੀ ਮਸਤੀ ਲਈ ਵੀ ਵਾਜਬ ਮੰਨ ਰਿਹਾ ਹੈ। ਪਹਿਲਾਂ ਤਾਂ ਉਸਨੂੰ ਆਪਣੀ ਚਲਾਕੀ 'ਤੇ ਹੀ ਐਨਾ ਯਕੀਨ ਹੈ ਕਿ ਉਹ ਆਸ਼ੂ ਨੂੰ ਸ਼ੱਕ ਹੀ ਨਹੀਂ ਹੋਣ ਦਿੰਦਾ' ਅਤੇ ਜੇ ਹੋ ਵੀ ਜਾਵੇ ਤਾਂ ਉਸਨੂੰ ਆਪਣੀ ਪੋਜੀਸ਼ਨ ਤੇ ਪਤਨੀ ਦੀ ਨਿਰਭਰਤਾ ਨਿਸ਼ਚਿੰਤ ਕਰ ਦਿੰਦੀ ਹੈ ਕਿ 'ਬਹੁਤਾ ਗੁੱਸਾ ਹੋ ਕੇ ਆਖਿਰ ਉਹਨੇ ਜਾਣਾ ਵੀ ਕਿੱਥੇ ਸੀ, ਮੇਰੇ ਵਰਗਾ ਸਰਕਾਰੀ ਅਫ਼ਸਰ ਰੋਜ਼ ਰੋਜ਼ ਤਾਂ ਨਹੀਂ ਥਿਆਉਂਦਾ।' ਮੈਂ ਪਾਤਰ ਦੇ ਬੋਲਾਂ ਵਿਚ ਗੁੰਨੀ ਇਸ ਪ੍ਰਵਚਨਕਾਰੀ ਵਿਚ ਪਤੀ ਦੀ ਸਤ੍ਹਾ ਪਿਤਰਕੀ ਦੀਆਂ ਸੰਸਥਾਵਾਂ/ਪ੍ਰੈਕਟਿਸਾਂ ਦੁਆਰਾ ਮੁਹੱਈਆ ਕਰਵਾਈ ਸਤ੍ਹਾ ਹੈ। ਪਤੀ ਦਾ ਪੈਂਤੜਾ ਪਿਤਰਕੀ ਦਾ ਪੈਂਤੜਾ ਹੈ। ਸਹਿੰਦੜ, ਅਸੀਲ, ਖਾਮੋਸ਼ ਧਿਰ ਵਜੋਂ ਸਾਧੀ ਪਤਨੀ ਪਿਤਰਕੀ ਦੇ ਇਸੇ ਪਰਪੰਚ ਨੇ ਘੜੀ ਤੇ ਪਰਿਭਾਸ਼ਿਤ ਕੀਤੀ ਹੋਈ ਹੈ। ਉਸਦੇ ਕਾਰ ਵਿਹਾਰ, ਆਚਰਣ, ਵਿਚਰਣ, ਕਰਮ ਪ੍ਰਤਿਕਰਮ ਸਭ ਫਰਜ਼ਾਂ/ਰੀਤਾਂ ਦੇ ਹਵਾਲੇ ਨਾਲ ਸੁਨਿਸ਼ਚਿਤ ਹਨ। 'ਬੀਜੀ ਬਾਊ ਜੀ ਦਾ ਖਿਆਲ ਰੱਖਦੀ', 'ਬੱਚਿਆਂ ਨੂੰ ਹੋਮ ਵਰਕ ਕਰਵਾਉਂਦੀ' ਹੋਰ ਆਏ ਗਏ ਦਾ ਮਾਣ ਤਾਣ ਰੱਖਦੀ-ਆਸ਼ੂ ਇਨ੍ਹਾਂ ਮਰਯਾਦਾਵਾਂ ਦਾ ਪਾਲਣ ਹੀ ਕਰ ਰਹੀ ਹੈ। ਜੇ ਉਹ ਝਾਂਜਰਾਂ ਲਾਹੁੰਦੀ ਹੈ ਜਾਂ ਵਰਤ ਰੱਖਣੇ ਛੱਡਦੀ ਹੈ ਤਾਂ ਵੀ ਇਤਰਾਜ਼ ਹੁੰਦਾ ਹੈ। ਪਿਤਰਕੀ ਦਾ ਕੰਟਰੋਲ ਉਸਦੇ ਮਰਯਾਦਾਵਾਂ ਦੀ ਪੈੜ ਵਿਚੋਂ ਪੈਰ ਜਰਾ ਜਿੰਨਾ ਬਾਹਰ ਰੱਖਣ 'ਤੇ ਹੀ ਹਰਕਤ ਵਿਚ ਆ ਜਾਂਦਾ ਹੈ ਪਰ ਘਰ ਵਿਚ ਇਕ ਜੀਉਂਦੀ ਜਾਗਦੀ ਹੋਂਦ ਵਜੋਂ ਵਿਚਰਦੀ ਹਰ ਥਾਂ ਮੌਜੂਦ ਆਸ਼ੂ ਦੀਆਂ ਨਿੱਜੀ ਚਾਹਤਾਂ ਜਾਂ ਨਾਪਸੰਦਗੀਆਂ ਵੱਲ ਤਾਂ ਦੂਰ ਉਸਦੀ ਦੇਹੀ ਵਜੋਂ ਤਸਲੀਮ ਕੀਤੀ ਜਾਂਦੀ ਹੋਂਦ ਵਲ ਵੀ ਕਿੰਨਾ ਕੁ ਧਿਆਨ ਦਿੱਤਾ ਜਾਂਦਾ ਹੈ। ਇਸ ਸਬੰਧੀ ਵੀ ਬੜਾ ਅਰਥਾਉਣਯੋਗ ਵੇਰਵਾ ਕਹਾਣੀ ਵਿਚ ਉਪਲਬਧ ਦਿੱਤਾ ਜਾਂਦਾ ਹੈ। ਪਤੀ ਨੇ ਪਤਨੀ ਦੇ ਜਨਮ ਦਿਨ ਦੇ ਤੋਹਫੇ ਵਜੋਂ ਸੋਨੇ ਦੀ ਮਹਿੰਗੀ



ਨੱਥ ਖਰੀਦੀ ਹੈ ਤੇ ਸਥਿਤੀ ਨੂੰ ਟਾਲਣ ਲਈ ਪਤਨੀ ਨੂੰ ਪਾ ਕੇ ਵਿਖਾਉਣ ਲਈ ਜ਼ਿਦ ਕਰ ਰਿਹਾ ਹੈ। ਇਸ ਮੌਕੇ ਪਤਨੀ ਦਾ ਇੰਕਸ਼ਾਫ ਹੈ-

> ਤੁਸੀਂ ਤਾਂ ਸ਼ਾਇਦ ਪਿਛਲੇ ਲੰਮੇਂ ਸਮੇਂ ਤੋਂ ਮੇਰੇ ਵਲ ਗੌਰ ਨਾਲ ਤੱਕਿਆ ਵੀ ਨਹੀਂ, ਮੈਂ ਤਾਂ ਆਪਣੇ ਨੱਕ ਵਿਚ ਪਾਇਆ ਕੋਕਾ ਵੀ ਬਹੁਤ ਪਹਿਲਾਂ ਦਾ ਉਤਾਰ ਦਿੱਤਾ ਹੋਇਆ ਹੈ, ਹੁਣ ਤਾਂ ਬੜੇ ਚਿਰ ਤੋਂ ਮੇਰੇ ਨੱਕ ਵਿਚਲਾ ਛੇਕ ਵੀ ਬੰਦ ਹੋ ਗਿਆ ਹੋਇਆ।

ਨਾਰੀ ਨੂੰ ਨਿਰਆਤਮ ਵਸਤ ਸਮਝ ਕੇ ਉਪੇਖਿਅਤ ਕਰਨ ਦੇ ਹੀ ਨਹੀਂ ਉਸਨੂੰ ਪਿੱਤਰਕੀ ਕੋਡਾਂ ਵਿਚ ਉਲਝਾਉਣ, ਭੁਚਲਾਉਣ, ਦਬਕਾਉਣ, ਦਬਾਉਣ ਦੇ ਇਹ ਨਿੱਕੇ ਵੱਡੇ ਵਰਤਾਰੇ ਸਦੀਆਂ ਤੋਂ ਨਿਰਵਿਘਨ ਚੱਲ ਹੀ ਨਹੀਂ ਰਹੇ, ਨਵੇਂ ਭੁਲਾਂਦਰਿਆਂ ਓਹਲਿਆਂ ਹੇਠ ਪ੍ਰਚਲਨ ਵਿਚ ਬਣੇ ਰਹਿਣ ਲਈ ਬਜ਼ਿਦ ਵੀ ਹਨ।

ਤ੍ਰਿਪਤਾ ਕੇ ਸਿੰਘ ਦੀ ਇਸ ਕਹਾਣੀ ਦੀ ਖ਼ੂਬੀ ਸਿਰਫ ਏਨੀ ਨਹੀਂ ਕਿ ਇਸਦੇ ਪਰਿਵਾਰ ਦੀ ਹਦੂਦ ਵਿਚ ਬਿਨਾਂ ਰੋਕ ਟੋਕ ਚਲਦੇ ਨਾਰੀ ਦੇ ਅਵਮੁੱਲਣ ਜਾਂ ਮਰਦ ਤੰਤਰ ਦੀਆਂ ਚਾਲਾਂ ਤੋਂ ਪਰਦਾ ਚੁੱਕਿਆ ਹੈ। ਮੇਰੀ ਜਾਚੇ, ਇਸ ਕਹਾਣੀ ਦੀ ਖੂਬਸੂਰਤੀ ਇਹ ਹੈ ਕਿ ਇਸਨੇ ਅਸਲੋਂ ਆਮ, ਸ਼ਾਂਤ ਟਿਕੀ ਜਾਪਦੀ ਗ੍ਰਹਿਸਥੀ/ਸਬੰਧਾਂ/ਵਰਤਾਰਿਆਂ ਵਿਚੋਂ ਨਾਰੀ ਮਨ ਦੀਆਂ ਪੁੱਛਾਂ ਲਈ ਗੁੰਜ਼ਾਇਸ਼ ਬਣਾਈ ਹੈ, ਵੱਖਰੇ ਸੁਆਲ ਉਠਾਉਣ ਦੀ ਜੁਰੱਅਤ ਨੂੰ ਬਾਖ਼ੂਬੀ ਵਰਤਿਆ ਹੈ। ਇਸ ਕਹਾਣੀ ਵਿਚ ਨਾਰੀ ਮਨ ਦੀਆਂ ਪੁੱਛਾਂ ਹੀ ਨਹੀਂ, ਪ੍ਰਤੀਤੀਆਂ ਵੀ ਉਸ ਪੁਰਜ਼ਾਨੁਮਾ ਚਿੱਠੀ ਵਿਚ ਪਈਆਂ ਹਨ, ਜਿਸ ਵਿਚ ਪਤਨੀ ਦੇ ਜਨਮ ਦਿਨ ਦੇ ਮੌਕੇ ਤੋਹਫੇ ਦੇ ਰੂਪ ਵਿਚ ਦਿੱਤੇ ਜਾਣ ਵਾਲੇ ਮਰਜ਼ੀ ਦੇ ਤੋਹਫੇ ( ਜਿਹੜਾ ਅਕਸਰ ਗਹਿਣਿਆਂ ਕੱਪੜਿਆਂ, ਵਸਤਾਂ ਦੇ ਰੂਪ ਵਿਚ ਇਕ ਵਾਰ ਫਿਰ ਮਰਦ ਹਉਂ ਦੀ ਆਰਥਿਕ ਸਮਾਜਕ ਹੈਸੀਅਤ ਦੀ ਤਲਾਫੀ ਹੀ ਨਹੀਂ ਕਰਵਾਉਂਦਾ, ਔਰਤ ਨੂੰ ਸ਼ਿੰਗਾਰ, ਬਜ਼ਾਰ ਵਾਲੀ ਔਕਾਤ ਵਿਚ ਹੀ ਘਟਾਉਂਦਾ ਹੈ) ਦੀ ਥਾਂ ਆਪਣੀ ਮਰਜ਼ੀ ਦੇ ਤੋਹਫੇ ਦੀ ਮੰਗ ਕੀਤੀ ਹੈ। ਤਿੰਨ ਵਾਕਾਂ ਵਾਲੀ ਇਸ ਚਿੱਠੀ ਦੇ ਪਹਿਲੇ ਵਾਕ ਵਿਚ ਮੰਗਣ ਦੀ ਹਿਚਕਿਚਾਹਟ, ਸਮਝਾ ਸਕਣ ਦੀ ਝੁੰਜਲਾਹਟ ਹੈ। ਦੂਜੇ ਵਾਕ ਵਿਚ ਹੋਂਦ ਸਥਿਤੀ ਤੋਂ ਹੋਂਦ ਚੇਤਨਾ ਵਲ ਤੈਅ ਕੀਤੇ ਸਫ਼ਰ ਦੀ ਪ੍ਰਤੱਖ ਪ੍ਰਤੀਤੀ ਹੈ। ਉਹ ਕਹਿ ਰਹੀ ਹੈ;

> ਮੈਂ ਤੁਹਾਡੇ ਤੋਂ ਸਿਰਫ ਇਕ ਅਜਿਹੇ ਦਿਨ ਦੀ ਮੰਗ ਕਰਦੀ ਹਾਂ ਜਿਸ ਦਿਨ ਮੈਂ ਨਾ ਤੁਹਾਡੀ ਪਤਨੀ ਹੋਵਾਂ, ਨਾ ਕਿਸੇ ਦੀ ਮਾਂ ਹੋਵਾਂ, ਨਾ ਕਿਸੇ ਦੀ ਬੇਟੀ ਤੇ ਬਹੂ ਹੋਵਾਂ ਤੇ ਨਾ ਕੁੱਝ ਹੋਰ। ਉਸ ਦਿਨ ਮੈਂ ਸਿਰਫ ਮੈਂ ਹੋਵਾਂ, ਸਿਰਫ ਮੈਂ, ਆਸ਼ੂ।

'ਪਤਨੀ', 'ਮਾਂ', 'ਬੇਟੀ','ਬਹੂ',' ਕੁੱਝ ਹੋਰ' ਵਾਲੀਆਂ ਪਛਾਣਾਂ ਉਹ ਪਛਾਣਾਂ ਹਨ ਜਿਹੜੀਆਂ ਮਨੁੱਖ ਦੀ ਜੈਂਡਰ ਘਾੜਤ ਘੜਦਿਆਂ ਸਭਿਆਚਾਰਾਂ ਨੇ ਔਰਤਾਂ ਨੂੰ ਦਿੱਤੀਆਂ ਹਨ, ਜਿਨ੍ਹਾਂ ਨੂੰ ਸਮਾਜਕ ਅਭਿਆਸਾਂ, ਧਾਰਮਿਕ ਪਾਠਾਂ, ਸਾਹਿਤਕ ਪ੍ਰਵਚਨਾਂ ਨੇ ਮਾਨਤਾ ਦਿੱਤੀ ਹੋਈ ਹੈ। ਮਰਦ ਔਰਤ ਸਬੰਧਾਂ ਦੀ ਸਮਾਜਕ ਵਿਆਕਰਣ ਔਰਤ ਨੂੰ ਇਨ੍ਹਾਂ ਪ੍ਰਵਰਗਾਂ ਵਿਚ ਵੰਡ ਕੇ ਹੀ ਪਛਾਣਦੀ ਹੈ। ਕਿਸੇ ਦੀ ਕੁਝ ਲੱਗਣ ਵਿਚ ਹੀ ਔਰਤ ਦੀ ਹੋਂਦ, ਔਰਤ ਦੀ ਪਛਾਣ ਪਰਿਭਾਸ਼ਿਤ ਹੁੰਦੀ ਹੈ। ਇਨ੍ਹਾਂ ਪ੍ਰਵਰਗਾਂ ਅਤੇ ਘਾੜਤਾਂ ਦੇ ਦਰਮਿਆਨ ਵਿਚਰਦੀ ਆਸ਼ੂ ਇਕ ਦਿਨ ਇਨ੍ਹਾਂ ਤੋਂ ਅਲੱਗ, ਇਨ੍ਹਾਂ ਤੋਂ ਨਿਰਲੇਪ ਮੈਂ/ਆਤਮ ਵਾਲੀ ਪਛਾਣ/ਹੋਂਦ ਚੇਤਨਾ ਨਾਲ ਰਹਿ ਸਕਣ ਦੀ ਆਗਿਆ ਮੰਗ ਰਹੀ ਹੈ। ਇਹ ਦਿਨ ਉਹ ਨਿਰੋਲ ਆਪਣੀ 'ਮੈਂ' ਸਿਰਫ ਮੈਂ ਵਾਲੀ, 'ਆਸ਼ੂ' ਦੇ ਨਾਮ

ਵਾਲੀ ਮੂਲ ਮਾਨਵੀ, ਅਸਲ, ਪ੍ਰਮਾਣਿਕ ਪਛਾਣ ਨਾਲ ਜੀਣਾ ਚਾਹੰਦੀ ਹੈ। ਫਿਲਾਸਫੀ ਦੀ ਦੁਨੀਆ ਵਿਚ ' ਮੈਂ" ਦੀ 'ਮੈਂ' ਵਲ ਮੁੜਨ ਵਾਲੀ ਸੋਝੀ ਚੇਤਨਾ ਦੀ ਸੋਝੀ ਹੈ। ਮੈਂ ਕੌਣ ਹਾਂ ? ਜਾਣਨ ਵਾਲੀ ਕਦੀਮੀ ਅਸਤਿਤਵਿਕ ਪੁੱਛ ਹੈ। ਮਨੁੱਖੀ ਚੇਤਨਾ ਦੀ ਇਹ ਉਹ ਹਰਕਤ ਹੈ ਜਿਸਦਾ ਸਬੰਧ ਦੇਹ ਨਾਲ ਨਹੀਂ, ਮਨ ਨਾਲ ਹੈ, ਵਿਵੇਕ ਨਾਲ ਹੈ।

ਨਾਰੀ ਚਿੰਤਨ ਦੀਆਂ ਅੰਤਰ ਦ੍ਰਿਸ਼ਟੀਆਂ ਦੇ ਹਵਾਲੇ ਨਾਲ ਵਿਚਾਰੀਏ ਤਾਂ ਆਸ਼ੂ ਦੀ ਇਹ ਮੰਗ/ਚਾਹਤ/ਹਰਕਤ ਨਾਰੀ ਚੇਤਨਾ ਦੀ ਉਹ ਸੰਭਾਵਨਾ ਹੈ ਜਿਹੜੀ ਨਾਰੀ ਪਛਾਣ ਦੀ ਸਮੱਸਿਆਕਾਰੀ ਦਾ ਫਿਕਰ ਵੀ ਰਹੀ ਹੈ ਅਤੇ ਲੱਭਤ ਵੀ। ਨਾਰੀ ਚਿੰਤਨ ਦਾ ਮੁੱਢ ਬੰਨਣ ਵਾਲੀ ਚਿੰਤਨ ਸਿਮੋਨ ਦੀ ਨਾਰੀ ਹੋਂਦ ਮੀਮਾਂਸਾ ਸਬੰਧੀ ਸਭ ਤੋਂ ਵੱਡੀ ਲੱਭਤ ਅਤੇ ਇੰਕਸ਼ਾਫ ਇਹ ਸੀ ਕਿ ਦਮਿਤ ਦੀ ਸਰਬਵਿਆਪੀ ਹੋਣੀ ਹੰਢਾਉਂਦੀ ਔਰਤ ਜਾਤੀ ਆਪਣੇ ਆਪ ਨੂੰ ਆਤਮ/ਸਬਜੈਕਟ ਵਜੋਂ ਸੰਕਲਪਿਤ ਕਰਨ ਦੀ ਸੰਭਾਵਨਾ ਵੀ ਗੁਆਈ ਬੈਠੀ ਹੈ। ਸਦੀਆਂ ਤੋਂ ਦੱਬੀ ਚੇਤਨਾ ਦੇ ਹਰਕਤ ਵਿਚ ਆਏ ਬਿਨਾਂ ਉਸਦੀ ਮੁਕਤੀ ਸੰਭਵ ਹੀ ਨਹੀਂ ਹੋ ਸਕੇਗੀ। ਆਸ਼ੂ ਦੀ ਇਹ ਚਾਹਤ/ਮੰਗ ਨਾਰੀ ਆਤਮ ਦੀ ਇਸ ਨਿਹਿਤ ਸੰਭਾਵਨਾ ਦਾ, ਨਾਰੀ ਚੇਤਨਾ ਦੀ ਹਰਕਤ ਦਾ ਠੋਸ ਪ੍ਰਮਾਣ ਬਣਦੀ ਹੈ। ਆਪਣੀ ਜਾਗੀ ਚੇਤਨਾ ਨੂੰ ਸ਼ਬਦ ਦੇ ਕੇ ਉਸਨੇ ਆਪਣੀ ਮੂਲ ਮਾਨਵੀ, ਚੇਤਨਾ ਯੁਕਤ ਪ੍ਰਾਣੀ ਵਾਲੀ ਪਛਾਣ ਨੂੰ ਹੁੰਗਾਰਾ ਭਰਿਆ ਹੈ ਭਾਵੇਂ ਸਥਿਤੀ ਦੀ ਵਿਡੰਬਨਾ ਇਹ ਹੈ ਕਿ ਉਹ ਇਹ ਮੰਗ ਫਿਰ ਉਸੇ ਧਿਰ ਸਾਹਵੇਂ ਰੱਖ ਰਹੀ ਹੈ, ਜਿਹੜੀ ਧਿਰ ਉਸਦੀ ਚੇਤਨਾ ਦਾ ਦਮਨ ਕਰਨ ਵਾਲੀ ਸਤਾ ਦੇ ਸਾਧਨਾਂ, ਸੰਦਾਂ, ਚਾਲਾਂ ਨਾਲ ਲੈਸ ਹੈ। ਉਸਦਾ ਪਤੀ ਉਸਦੀਆਂ ਕੋਈ ਪਦਾਰਥਕ ਮੰਗਾਂ ਪੂਰੀਆਂ ਕਰਕੇ ਤਾਂ ਸ਼ਾਇਦ ਦਾਤਾ ਹੋਣ ਦੀ ਵਡਿਆਈ ਦਾ ਲਾਲਚ ਕਰ ਸਕਦਾ ਹੈ ਪਰ ਪਤਨੀ ਦੀ ਇਕ ਸ਼ਖ਼ਸ ਵਜੋਂ ਆਜ਼ਾਦੀ, ਖੁਦਮੁਖਤਿਆਰੀ ਦਾ ਸਵਾਲ ਤਾਂ ਟੇਢਾ ਹੈ। ਜੋ ਨਹੀਂ ਹੋਇਆ ਜਾਂ ਨਹੀਂ ਹੋਣ ਦਿੱਤਾ ਗਿਆ ਉਸੇ ਨੂੰ ਸਹੀ, ਸੁਭਾਵਕ, ਪ੍ਰਕਿਰਤਿਕ, ਇਤਿਹਾਸਕ ਮੰਨਾਉਣ ਵਿਚ ਹੀ ਫਾਇਦਾ ਹੈ। ਇਸੇ ਕਰਕੇ ਉਹ 'ਲੈ ਹੈ ਕਮਲੀ ਨਾ ਹੋਵੇ ਤਾਂ ਇਹ ਕਿਹੋ ਜਿਹੀ ਮੰਗ ਸੀ ਤੇਰੀ ਇਵੇਂ ਵੀ ਹੁੰਦਾ ਕਦੀ।' ਕਹਿ ਕੇ ਟਾਲਣਾ/ਟਲਣ ਹੀ ਬਿਹਤਰ ਸਮਝ ਰਿਹਾ ਹੈ। ਹਾਲਾਂਕਿ ਉਸਨੂੰ ਅੰਦਰੋਂ ਇਸ ਗੱਲ ਦੀ ਭਿਣਕ ਪੈ ਚੁੱਕੀ ਹੈ ਕਿ ਦੂਜੇ (ਪਤਨੀ) ਦੀ ਜਾਗੀ ਹੋਈ ਚੇਤਨਾ ਆਪਣੀ ਆਜ਼ਾਦੀ ਲਈ ਖੈਰਾਤ ਤੇ ਆਸ਼੍ਰਿਤ ਨਹੀਂ ਹੁੰਦੀ। ਤਦੇ ਤਾਂ ਆਸ਼ੂ ਦੇ ਬਿਨਾਂ ਬੋਲਿਆਂ ਵੀ 'ਮੈ ਤਾਂ ਸੱਚੀ ਮੁੱਚੀ ਕਮਲੀ ਹੀ ਹਾਂ ਜੋ ਇਹੋ ਜਿਹੇ ਤੋਹਫੇ ਤੋਂ ਉਮੀਦ ਕਰ ਬੈਠੀ". ਵਰਗਾ ਸੁਨੇਹਾ ਉਸਨੂੰ ਆਸ਼ੂ ਦੇ ਚਿਹਰੇ ਤੋਂ ਉਕਰਿਆ ਸਾਫ ਨਜ਼ਰ ਆ ਰਿਹਾ ਹੈ।

ਆਸ਼ੂ ਦੀ ਚਿੱਠੀ ਦਾ ਤੀਜਾ ਵਾਕ ਜਿਸਦੀ ਗੂੰਜਾਰ ਸਾਰੀ ਕਹਾਣੀ ਵਿਚ ਸੁਣਦੀ ਹੈ ਅਤੇ ਜਿਸਨੇ ਦਰਅਸਲ ਪਤੀ ਨੂੰ ਮੁੱਢ ਤੋਂ ਹੀ ਪ੍ਰੇਸ਼ਾਨ ਕੀਤਾ ਹੋਇਆ ਹੈ, ਉਹ ਹੈ ;

> ਉਹ ਸਾਰਾ ਦਿਨ ਮੈਂ ਕਿੱਥੇ, ਕਿਸ ਨਾਲ ਤੇ ਕਿਵੇਂ ਗੁਜ਼ਾਰਿਆ, ਤੁਸੀਂ ਇਸ ਗੱਲ ਦੀ ਜਾਣਕਾਰੀ ਮੈਥੋਂ ਸਾਰੀ ਜ਼ਿੰਦਗੀ 'ਚ ਕਦੇ ਨਹੀਂ ਮੰਗੋਗੇ, ਕਦੀ ਵੀ ਨਹੀਂ।

ਇਸ ਵਾਕ ਵਿਚਲੇ ਕਿੱਥੇ ? ਕਿਸ ਨਾਲ ? ਕਿਵੇਂ ? ਤਿੰਨੋਂ ਸ਼ਬਦ ਪਤੀ ਦੇ ਜ਼ਿਹਨ ਵਿਚ ਤੇ ਫਿਰ ਸਹਿਜ ਭਾਅ ਹੀ ਪੜ੍ਹਨ ਵਾਲੇ ਦੇ ਮਨ ਵਿਚ ਜਿਹੜਾ ਦ੍ਰਿਸ਼ ਬਣਾਉਂਦੇ ਹਨ, ਜਿਨ੍ਹਾਂ ਮਾਇਨਿਆਂ ਵਿਚ ਇਹ ਸਥਿਤੀ-ਗ੍ਰਹਿਣ ਵਿਚ ਆਉਂਦੀ ਹੈ, ਉਹ ਮਾਇਨੇ ਹੀ ਸਥਿਤੀ ਦੇ ਸ਼ੱਕੀ, ਸੰਦੇਹੀ ਹੋਣ ਦਾ ਦਮ ਭਰ ਜਾਂਦੇ ਹਨ। ਇਕ ਔਰਤ ਵਲੋਂ ਸਾਰਾ ਦਿਨ ਕਿਸੇ ਨਾਲ



ਗੁਜ਼ਾਰਨ ਦੀ ਮੰਗ ਜਿਸ ਸਭਿਆਚਾਰਕ ਸਥਿਤੀ ਵਲ ਘੇਰ ਕੇ ਲਿਜਾਂਦੀ ਹੈ ਉਸ ਬਿੰਬਕਾਰੀ ਵਿਚ ਮਰਦਾਵੇਂ ਪ੍ਰਤੱਖਣ ਨੂੰ ਖਾਰਜ ਕਰਨਾ ਹੀ ਇਕ ਚੁਣੌਤੀ ਬਣਿਆ ਹੋਇਆ ਹੈ। ਪਹਿਲਾਂ ਤਾਂ ਮਰਦ ਤੱਕਣੀਆਂ ਲਈ ਔਰਤ ਨੂੰ ਉਸਦੀ ਦੇਹੀ ਤੋਂ ਇਲਾਵਾ ਕਿਸੇ ਹੋਰ ਰੂਪ ਵਿਚ ਚਿਤਰ ਸਕਣਾ ਹੀ ਅਸੰਭਵਤਾ ਜਾਪਦਾ ਹੈ। ਔਰਤ ਦੀ ਮੈਂ ਵਿਚ ਦੇਹੀ ਤੋਂ ਇਲਾਵਾ ਮਨ/ਚੇਤਨਾ/ ਵਿਵੇਕ ਦੀ ਵੀ ਕੋਈ ਹੋਂਦ ਹੈ, ਇਸਦਾ ਤਾਂ ਕਿਆਫਾ ਲਾਉਣਾ ਹੀ ਜ਼ਰੂਰੀ ਨਹੀਂ ਸਮਝਿਆ ਜਾਂਦਾ। ਤੇ ਫਿਰ ਜਦੋਂ ਔਰਤ ਦੀ ਕਿਸੇ ਨਾਲ ਹੋਂਣ ਦੀ ਸਥਿਤੀ ਕਿਆਸੀ ਜਾਂਦਾ ਹੈ ਤਾਂ ਇਹ ਕੋਈ ਮਰਦ ਦੇ ਰੂਪ ਵਿਚ ਪ੍ਰਗਟ ਹੀ ਨਹੀਂ ਹੁੰਦਾ, ਸਥਿਤੀ ਵੀ ਖੁਦਬਖੁਦ ਸ਼ੱਕੀ ਹੋ ਜਾਂਦੀ ਹੈ। ਕਹਾਣੀ ਵਿਚਲਾ ਪਤੀ ਵੀ ਭਾਸ਼ਾ ਦੀ ਇਸੇ ਮਰਦ ਪ੍ਰਧਾਨ ਪਰਤਦਾਰੀ ਵਿਚ ਚਿੱਠੀ ਦੇ ਮਾਇਨੇ ਤਲਾਸ਼ ਰਿਹਾ ਹੈ। ਪਤਨੀ ਦੀ ਜ਼ਿੰਦਗੀ ਵਿਚ ਕਿਸੇ ਹੋਰ ਮਰਦ ਦੀ ਮੌਜੂਦਗੀ ਤੋਂ ਲੈ ਕੇ ਪਤੀ ਦੇ ਆਪਣੇ ਮਰਦਉਪੁਣੇ ਦੀਆਂ ਪਰਤਾਂ ਫਰੋਲਦੀ ਕਹਾਣੀ ਦੀ ਸਮੁੱਚੀ ਭਾਸ਼ਾ ਹੀ ਸੰਸਾਰ ਦੀ ਮਰਦਾਵੀਂ ਤਸਵੀਰ ਪੇਸ਼ ਕਰ ਰਹੀ ਹੈ। ਔਰਤ ਨੂੰ ਹਾਸ਼ੀਅਤ ਕਰ ਰਹੀ ਹੈ। ਇਸ ਚਿੱਠੀ ਦਾ ਪਹਿਲਾ ਵਾਕ ਦਸ ਰਿਹਾ ਹੈ ਕਿ ਆਸ਼ੂ ਆਪਣੀ ਮੰਗ ਨੂੰ ਜਿਹੜੇ ਸ਼ਬਦ ਦੇ ਰਹੀ ਹੈ, ਉਨ੍ਹਾਂ ਦੇ ਸਹੀ ਸੰਦਰਭ ਵਿਚ ਸਮਝੇ ਜਾਣ ਤੇ ਉਸਨੂੰ ਖੁਦ ਵੀ ਯਕੀਨ ਨਹੀਂ। ਇਸ ਖਦਸ਼ੇ ਨੂੰ ਭਾਂਪਦਿਆਂ ਹੀ ਉਹ ਕਹਿ ਰਹੀ ਹੈ ਕਿ 'ਮੇਰੀ ਮੰਗ ਨੂੰ ਪਤਾ ਨਹੀਂ ਤੁਸੀਂ ਕਿਵੇਂ ਸਮਝੋਗੇ'। ਉਸਨੂੰ ਜਿਸ ਜ਼ੁਬਾਨ ਵਿਚ ਬੋਲਣਾ ਪੈ ਰਿਹਾ ਹੈ, ਉਸ ਨਾਲ ਉਹ ਆਪ ਵੀ ਸਹਿਜ ਨਹੀਂ, ਸ਼ਾਇਦ ਇਸੇ ਕਰਕੇ ਹੀ ਉਸਨੇ ਲਿਖਣਾ ਬਿਹਤਰ ਸਮਝਿਆ ਹੈ। ਪ੍ਰਾਪਤ ਭਾਸ਼ਾ ਵਿਚੋਂ ਬੇਹੱਦ ਸੰਜਮ ਨਾਲ ਪਰ ਸਪੱਸ਼ਟ ਸ਼ਬਦਾਂ ਨੂੰ ਚੁਣਕੇ ਉਸਨੇ ਆਪਣੀ ਚਾਹਤ/ਚੇਤਨਾ ਨੂੰ ਬੋਲ ਦਿੱਤੇ ਹਨ ਪਰ ਹੁਣ ਇਹੀ ਭਾਸ਼ਾ ਉਸਨੂੰ ਘੇਰੀ ਬੈਠੀ ਹੈ, ਉਸਨੂੰ ਮਨਚਾਹੇ ਪ੍ਰਸੰਗਾਂ ਸੰਦਰਭਾਂ ਵਿਚ ਉਲਝਾ ਰਹੀ ਹੈ, ਆਪਣੀ ਮਰਜ਼ੀ ਦੇ ਅਰਥ ਪ੍ਰਦਾਨ ਕਰ ਰਹੀ ਹੈ। ਨਾਰੀ ਚਿੰਤਕਾ Monique Wittig ਨੇ ਭਾਸ਼ਾ ਦੀ ਇਸ ਮਰਦਾਵੀਂ ਤਰਫ਼ਦਾਰੀ ਬਾਰੇ ਇਕ ਥਾਂ ਲਿਖਿਆ ਹੈ;

**The language you speak is made up of signs that rightly speaking designate what men have appropriated.**

ਇਕ ਸਬਾਲਟਰਨ ਗਰੁੱਪ ਵਜੋਂ ਨਾਰੀ ਦੇ ਬੋਲ ਸਕਣ ਦੀ ਗੁੰਜ਼ਾਇਸ਼ ਤੇ ਹੀ ਨਹੀਂ ਉਸਦੇ ਬੋਲ ਪਛਾਣੇ/ਸੁਣੇ ਜਾਣ ਦੀ ਸੰਭਾਵਨਾ ਤੇ ਸ਼ੱਕੀ ਸਨ। ਉੱਤਰ ਆਧੁਨਿਕ ਚਿੰਤਕਾ ਗਾਇਤਰੀ ਚਕਰੋਵਰਤੀ ਸਪੀਵਾਕ ਨੇ ਵੀ ਕੀਤਾ ਹੈ ਪਰ ਇਸੇ ਖਦਸ਼ੇ ਕਰਕੇ ਨਾਰੀ ਨੂੰ ਚੁੱਪ ਰਹਿਣ ਤੋਂ ਹਰ ਨਾਰੀ ਚਿੰਤਕ ਨੇ ਹੀ ਵਰਜਿਆ ਹੈ। ਬਲਕਿ ਸਮੁੱਚਾ ਨਾਰੀ ਚਿੰਤਨ ਇਸ ਬਾਰੇ ਇਕ ਮੱਤ ਹੈ ਕਿ ਜਦੋਂ ਤਕ ਉਹ ਚੁੱਪ ਰਹਿਣਗੀਆਂ ਉਦੋਂ ਤਕ ਉਹ ਹਰ ਕਿਸਮ ਦੀ ਇਤਿਹਾਸਕਤਾ ਤੋਂ ਬਾਹਰ ਰਹਿਣਗੀਆਂ। ਉਨ੍ਹਾਂ ਦੀਆਂ ਦ੍ਰਿੜ ਪੁੱਛਾਂ ਹੀ ਉਨ੍ਹਾਂ ਨੂੰ ਪਛਾਣ ਦੇਣਗੀਆਂ। ਆਸ਼ੂ ਦੀ ਚੁੱਪ ਜਾਂ ਆਸ਼ੂ ਦੇ ਹਾਵ ਭਾਵ ਨਹੀਂ ਆਸ਼ੂ ਦੇ ਬੋਲ ਹੀ ਪਤੀ ਲਈ ਚੁਣੌਤੀ ਬਣੇ ਹਨ। ਇਸ ਚਿੱਠੀ ਤੋਂ ਪਹਿਲਾਂ ਆਸ਼ੂ ਨੇ ਆਪਣੀ ਨਾਪਸੰਦੀ, ਅਸਹਿਮਤੀ ਨੂੰ ਬੋਲ ਨਹੀਂ ਸਨ ਦਿੱਤੇ। 'ਘੁੱਟੀ ਵੱਟੀ ਜਿਹੀ ਕਹਿ ਕੇ' ' ਮੂੰਹ ਜਿਹਾ ਬਣਾ ਕੇ' ਜਿਹੜਾ ਰੋਸ ਉਹ ਜਾਹਰ ਕਰ ਰਹੀ ਸੀ, ਉਹ ਉਸਦੀ ਜੜ੍ਹਤਾ ਦਾ ਪ੍ਰਮਾਣ ਹੀ ਮੰਨਿਆ ਜਾ ਰਿਹਾ ਸੀ। ਪਤੀ ਤਾਂ ਹੁਣ ਵੀ ਇਸੇ ਤਾਕ ਵਿੱਚ ਹੈ ਕਿ ਪਤਨੀ ਕੋਈ ਚੁੱਭਵੀਂ ਜਿਹੀ ਗੱਲ ਕਰੇ ਤੇ ਉਹ ਉੱਚੀ ਉੱਚੀ ਬੋਲ ਕੇ ਆਪਣਾ ਗੁੱਭ ਗਲਾਟ ਕੱਢੇ। ਪਰ ਹੁਣ ਪਤੀ ਦੇ ਚਿਹਰੇ ਦੀ ਦ੍ਰਿੜਤਾ ਤੇ ਮੁਸਕਰਾਹਟ ਨੇ ਉਸਦੀ ਚੁੱਪ ਨੂੰ ਭੇਦਭਰੀ ਬਣਾ ਧਰਿਆ ਹੈ।

ਉਂਜ ਵੀ ਇਸ ਕਹਾਣੀ ਬਿਰਤਾਂਤ ਵਿਚ ਜਿਹੜੀ ਗੱਲ ਪਤੀ ਨੂੰ ਸਭ ਤੋਂ ਵੱਧ ਪ੍ਰੇਸ਼ਾਨ ਕਰ ਰਹੀ ਹੈ ਉਹ ਹੈ ਆਸ਼ੂ ਦਾ ਇਹ ਕਹਿਣਾ ਕਿ 'ਤੁਸੀਂ ਇਸ ਗਲ ਦੀ ਜਾਣਕਾਰੀ ਮੈਥੋਂ ਸਾਰੀ ਜ਼ਿੰਦਗੀ 'ਚ ਕਦੇ ਨਹੀਂ ਮੰਗੋਗੇ, ਕਦੇ ਵੀ ਨਹੀਂ।' ਪਤੀ ਅਨੁਸਾਰ ਉਸ ਲਈ ਇਹ ਗੱਲ ਸਭ ਤੋਂ ਵਧੇਰੇ 'ਤਕਲੀਫਦੇਹ' ਹੈ, 'ਸਾਰੀ ਉਮਰ ਸੀਨੇ ਵਿਚ ਨਸ਼ਤਰ ਬਣਕੇ ਖੁਭੀ ਰਹਿਣ ਵਾਲੀ। ਮਿੱਥਾਂ ਦੇ ਅਧਿਐਨ ਕਰਨ ਵਾਲੇ ਚਿੰਤਕਾਂ ਦਾ ਮਤ ਹੈ ਕਿ ਮਰਦਾਵੀਂ ਫੈਂਟਸੀ ਨਾਰੀ ਦੇ ਗੁੱਝੇ ਭੇਦਾਂ ਤੋਂ ਹਮੇਸ਼ਾਂ ਭੈ ਭੀਤ ਰਹੀ ਹੈ। ਪਰੀਆਂ, ਚੁੜੇਲਾਂ, ਫਫਕੁੱਟਣੀਆਂ ਨੂੰ ਉਨ੍ਹਾਂ ਦੇ ਗੁੱਝੇ ਭੇਦਾਂ/ਬੋਲਾਂ ਦੀ ਰਹੱਸਮਈ ਸ਼ਕਤੀ ਕਰਕੇ ਹੀ ਸਭਿਆਚਾਰਕ ਜਗਤ ਦੀ ਗੁਰੁਤਾ ਤੋਂ ਬਾਹਰ ਧੱਕਿਆ ਜਾਂਦਾ ਹੈ। ਸਭਿਆਚਾਰਕ ਮਾਨਵ ਵਿਗਿਆਨ ਵਿਚ ਨਾਰੀ ਭੇਦਾਂ ਦੀ ਦੁਨੀਆਂ ਨਾਰੀ ਅੰਤਰ ਮੁਖਤਾਵਾਂ ਦੀ **Wild zone** ਵਜੋਂ ਸੰਕਲਪਿਤ ਹੁੰਦੀ ਹੈ। ਕਹਾਣੇ ਦੇ ਵੇਰਵਿਆਂ ਵਿਚ ਆਸ਼ੂ ਸਹਿਜ ਹੈ, ਸ਼ਾਂਤ ਹੈ, ਪਤੀ ਦੇ ਮੋਢੇ ਲੱਗ ਕੇ ਗੁਣਗੁਣਾ ਰਹੀ ਹੈ, ਆਮ ਵਾਂਗ ਚਾਹ ਬਣਾਉਣ ਜਾ ਰਹੀ ਹੈ ਪਰ ਪਤੀ ਉਸਦੇ ਚਿਹਰੇ ਦੀ ਦ੍ਰਿੜਤਾ ਨੂੰ ਦੇਖ ਕੇ ਹੀ ਛਟਪਟਾ ਰਿਹਾ ਹੈ, ਬੇਚੈਨ ਹੋ ਰਿਹਾ ਹੈ, ਬੋਲਣ ਲਈ ਤਾਕਤ ਜੁਟਾ ਰਿਹਾ ਹੈ, ਫੁੰਕਾਰੇ ਮਾਰ ਰਿਹਾ ਹੈ, ਚਿੱਠੀ ਨੂੰ ਮੁੱਠੀ ਵਿਚ ਘੁੱਟ ਮਸਲ ਰਿਹਾ ਹੈ। ਸਾਰੀ ਕਹਾਣੀ ਵਿਚ ਉਹ ਪਿਤਰਕੀ ਦੇ ਪੈਂਤੜੇ ਤੋਂ ਆਪਣੀ ਸਮਾਜਕ ਸਭਿਆਚਾਰਕ ਪੁਜੀਸ਼ਨ ਲਈ ਬੋਲਦਾ ਵਿਖਾਈ ਦਿੰਦਾ ਹੈ। ਆਪਣੇ ਅਨੁਭਵ ਵਿਸ਼ੇਸ਼ ਨੂੰ ਹੀ ਨਹੀਂ, ਆਪਣੀ ਪੁਜੀਸ਼ਨ ਦੀ ਵੀ ਸਰਬਵਿਆਪੀ ਮਰਦ ਮਾਨਸਿਕਤਾ ਨਾਲ ਤਾਲਮੇਲ ਬਿਠਾ ਕੇ ਪੁਸ਼ਟੀ ਕਰਦਾ ਨਜ਼ਰ ਆ ਰਿਹਾ ਹੈ। ਵਕਤਾ ਦੀ ਹੈਸੀਅਤ ਵਿਚ ਉਸ ਰਾਹੀਂ ਮਰਦ ਅੰਤਰ ਮੁਖਤਾਵਾਂ ਦੀ ਪ੍ਰਮਾਣਿਕ ਆਵਾਜ਼ ਪੇਸ਼ ਕੀਤੀ ਜਾ ਰਹੀ ਹੈ। ਪਤਨੀ ਨੂੰ ਦਾਬੇ ਹੇਠ ਲਿਆਉਣ, ਉਸਦੀ ਕੁਸਕ ਸਕਣ ਦੀ ਮਜ਼ਾਲ ਨੂੰ ਨੱਥ ਪਾਉਣ, ਉਸਨੂੰ ਘਰ ਵਿਚ ਹੀ ਬੰਦੀ ਬਣਾਉਣ ਲਈ ਪਤਿਆਉਣ ਡਰਾਉਣ ਦੇ ਸਾਰੇ ਅਭਿਆਸ ਕਹਾਣੀ ਵਿਚ ਐਨਕੋਡ ਹਨ ਪਰ ਕਹਾਣੀਕਾਰ ਦੇ ਨਜ਼ਰੀਏ ਦਾ ਤਕਾਜ਼ਾ ਹੈ ਕਿ ਕਹਾਣੀ ਦੇ ਅੰਦਰੂਨੀ ਹਵਾਲੇ ਨਾਰੀ ਚੇਤਨਾ ਦੀ ਕੰਨਸੋ ਦੇ ਨਾਲ ਨਾਲ ਮਰਦ ਪ੍ਰਭੁਤਾ ਦੇ ਥਿੜਕਣ ਦਾ ਪ੍ਰਮਾਣ ਵੀ ਦੇ ਰਹੇ ਹਨ। ਇਕ ਚੇਤਨਾ (ਪਤੀ) ਦੂਜੀ ਚੇਤਨਾ (ਪਤਨੀ) ਦੇ ਜਾਗਣ ਨੂੰ ਜਾਂ ਇੰਜ ਕਹੋ ਕਿ ਦੂਜੀ ਚੇਤਨਾ ਦੇ ਆਕ੍ਰਮਣ ਨੂੰ ਨਿਰਭੈ ਰੂਪ ਵਿੱਚ ਨਹੀਂ ਲੈ ਸਕਦੀ। ਸਦੀਆਂ ਤੋਂ ਨਾਰੀ ਦੀ ਸੁੱਤੀ ਸਹਿੰਦੜ ਹੋਈ ਚੇਤਨਾ ਨਾਲ ਰਹਿ ਰਿਹਾ ਮਰਦ ਉਸਨੂੰ ਟਾਲਣ ਜਾਂ ਉਲਟਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਸਦੀ ਹਉਂ ਫੁੰਕਾਰੇ ਵੀ ਮਾਰ ਰਹੀ ਹੈ ਪਰ ਆਪਣੀ ਠੁੱਸ ਜਿਹੀ ਹੁੰਅ 'ਤੇ ਅੰਦਰੋ ਅੰਦਰੀ ਸ਼ਰਮਿੰਦਗੀ ਵੀ ਮਹਿਸੂਸ ਕਰ ਰਹੀ ਹੈ। ਮਰਦ ਮਨੋ ਬਣਤਰਾਂ ਤੇ ਪਿਤਰਕੀ ਵੱਲੋਂ ਆਰੋਪਿਤ ਚੇਤਨਾ ਦੀਆਂ ਨਾਰੀ ਦੀ ਜਾਗੀ ਚੇਤਨਾ ਸਨਮੁਖ ਸੀਮਾਵਾਂ ਦਾ ਅਹਿਸਾਸ ਕਰਵਾਉਣ ਵਾਲੀ ਕਹਾਣੀ ਦਾ ਇਹ ਇਕ ਪ੍ਰਭਾਵਸ਼ਾਲੀ ਤੋੜਾ ਹੈ।

ਇਸ ਤਰ੍ਹਾਂ ਇਹ ਕਹਾਣੀ ਮਹਿਜ਼ ਪਤੀ ਪਤਨੀ ਦੇ ਅਸਾਂਵੇ ਸੰਬੰਧਾਂ ਦੇ ਯਥਾਰਥ ਦਾ ਪ੍ਰਗਟਾਵਾ ਨਹੀਂ, ਮਰਦ ਔਰਤ ਦਰਜਾਬੰਦੀਆਂ ਦੀ ਆਪਣੇ ਆਪ ਵਿਚ ਸਾਜਿਸ਼ਾਂ ਅਤੇ ਹੁੰਗਾਰਿਆਂ ਭਰੀ ਬਹੁਤਾਤ ਦੀ ਪ੍ਰਤੀਤੀ ਵੀ ਹੈ। ਇਸ ਕਹਾਣੀ ਵਿਚ ਅਸੀਂ ਨਾਰੀ ਪਾਤਰ ਦੇ ਨਾਰੀ ਪੱਖ ਰਾਹੀਂ ਨਾਰੀ ਚੇਤਨਾ ਨੂੰ ਭਾਸ਼ਾਈ ਵਿਹਾਰਕਤਾ ਨਾਲ ਸੰਘਰਸ਼ ਰੱਤ ਹੋਏ ਵੇਖਦੇ ਹਾਂ। ਔਰਤ ਮਨ ਨੂੰ ਦੇਹੀ ਨਾਲੋਂ ਅਲਗ ਕਰਕੇ ਪੜ੍ਹ ਸਕਣਾ, ਔਰਤ ਦੀਆਂ ਕਾਮਨਾਵਾਂ ਨੂੰ ਕਾਮ ਨਾਲੋਂ ਅੱਡ ਕਰਕੇ ਵੇਖ ਸਕਣਾ ਮਰਦ ਨੂੰ ਆ ਹੀ ਨਹੀਂ ਰਿਹਾ ਅਤੇ ਦੂਜੇ ਪਾਸੇ ਭਾਸ਼ਾ ਦੀ ਵਿਧੀ ਤੇ ਵਿਆਖਿਆ ਦੋਵੇਂ ਸੰਸਾਰ ਦੀ ਮਰਦਾਵੀਂ ਤਸਵੀਰ ਨੂੰ ਹੀ ਪੁਸ਼ਟ ਕਰ ਰਹੇ ਹਨ। ਅਜਿਹੀ ਸਥਿਤੀ ਵਿਚ ਨਾਰੀ ਪੱਖ



ਲਈ ਆਪਣੀ ਆਵਾਜ਼, ਆਪਣਾ ਢੰਗ ਲੱਭਣਾ ਵੱਡੀ ਚੁਣੌਤੀ ਹੈ। ਨਾਰੀ ਲੇਖਨ ਨੇ ਨਾਰੀ ਦੇ ਬੋਲਾਂ ਲਈ ਹੀ ਗੁੰਜਾਇੰਸ਼ ਨਹੀਂ ਬਣਾਉਣੀ, ਨਾਰੀ ਦੇ ਬੋਲ ਸਹੀ ਰੂਪ ਵਿਚ ਪਛਾਣੇ, ਸਮਝੇ ਜਾ ਸਕਣ ਵਾਲੀ ਭਾਸ਼ਾਈ ਸਪੇਸ ਦੀ ਰੇਂਜ ਨੂੰ ਵੀ ਵਧਾਉਣਾ ਹੈ, ਨਾਰੀ ਚੇਤਨਾ ਦੇ ਸੱਜਰੇ ਢੁਕਵੇਂ ਪ੍ਰਤੀਕ ਵਿਧਾਨ ਦੀ ਸਿਰਜਣਾ ਲਈ ਵੀ ਜੂਝਣਾ ਹੈ। ਮੇਰੀ ਜਾਚੇ, ਤ੍ਰਿਪਤਾ ਕੇ ਸਿੰਘ ਨੇ ਇਸ ਕਹਾਣੀ ਵਿਚ ਆਪਣਾ ਵਿਸ਼ਾ ਹੀ ਨਹੀਂ ਆਪਣੀ ਜੁਗਤ ਵੀ ਲੱਭੀ ਹੈ। ਉਸਨੇ ਰੋਜ਼ਮਰਾ ਦੀ ਸਹਿਜ ਤੇ ਟਿਕੀ ਜਾਪਦੀ ਜ਼ਿੰਦਗੀ ਵਿਚ ਜੈਂਡਰ ਦਰਜਾਬੰਦੀਆਂ ਨੂੰ ਘੜਨ ਤੇ ਚਲਾਉਣ ਵਾਲੀ ਪ੍ਰੈਕਟਿਸ ਨੂੰ ਹੀ ਨਹੀਂ ਫਰੋਲਿਆ, ਭਾਸ਼ਾ ਦੀ ਤਰਫਦਾਰੀ ਦੇ ਹਵਾਲੇ ਨਾਲ ਮਰਦ ਸੱਤਾ ਦੇ ਪ੍ਰਚਲਨ ਦੀ ਬੇਫਿਕਰ ਵਿਆਖਿਆ ਵੀ ਕੀਤੀ ਹੈ। ਬੇਹੱਦ ਪਛਾਤੇ ਪ੍ਰਸੰਗਾਂ ਵਿੱਚੋਂ ਨਾਰੀ ਅਸਤਿਤਵ ਦੀਆਂ ਪੁੱਛਾਂ ਲਈ ਸਪੇਸ ਬਣਾਉਣ ਵਾਲੀ ਬਿਰਤਾਂਤਕਾਰੀ ਕਰਕੇ ਹੀ ਨਹੀਂ, ਨਾਰੀਤਵ ਦੀਆਂ ਪ੍ਰਤੀਤੀਆਂ ਮੌਲਿਕ ਜੁਗਤ ਤੇ ਸਿਰਜਨਾਤਮਕ ਮੁਹਾਵਰਾ ਸਿਰਜਣ ਕਰਕੇ ਵੀ ਇਹ ਕਹਾਣੀ ਪੰਜਾਬੀ ਨਾਰੀ ਲੇਖਨ ਵਿੱਚ ਇਕ ਜ਼ਿਕਰਯੋਗ ਵਾਧਾ ਹੈ।

---

**ਪੰਨਾ ਨੰ. 65 ਦਾ ਬਾਕੀ**

ਉਨ੍ਹਾਂ ਦੇ ਅਸਤਿਤਵਿਕ ਸੰਕਟਾਂ ਅਤੇ ਸਮੱਸਿਆਵਾਂ ਨੂੰ ਸਮੇਂ-ਸਮੇਂ ਵੱਖ-ਵੱਖ ਵਿਦਵਾਨਾਂ ਨੇ ਮੁਖ਼ਾਤਿਬ ਹੁੰਦਿਆਂ ਮੁਕਤੀ ਦੇ ਮਾਡਲ ਪੇਸ਼ ਕੀਤੇ ਹਨ। ਹੁਣ ਜਦੋਂ ਸਾਡੇ ਸਮਕਾਲ ਤੱਕ ਜਾਤੀ ਪ੍ਰਬੰਧ ਆਪਣੇ ਸਰੂਪ ਨੂੰ ਲੈ ਆਇਆ ਹੈ ਉਦੋਂ ਇਕੱਲਿਆਂ ਜਾਤੀ ਵਿਵਸਥਾ ਨਾਲ ਹੀ ਨਹੀਂ ਸਿੱਝਿਆ ਜਾਣਾ। ਸਗੋਂ "ਜਦੋਂ ਅਸੀਂ ਸਾਮਰਾਜਵਾਦ ਅਤੇ ਭਾਰਤੀ ਜਾਤੀ-ਪ੍ਰਬੰਧ ਦੋਹਾਂ ਨੂੰ ਸਭ ਪੱਖੋਂ ਇਕੋ ਜਿਹਾ ਦੇਖਦੇ ਹਾਂ ਤਾਂ ਸਾਮਰਾਜਵਾਦ (ਅਮਰੀਕੀ) ਵਿਦੇਸ਼ੀ ਅਤੇ ਬਾਹਰੀ ਸਾਮਰਾਜਵਾਦ ਕਿਹਾ ਜਾ ਸਕਦਾ ਹੈ ਅਤੇ ਭਾਰਤੀ ਜਾਤੀ ਵਿਵਸਥਾ ਅੰਦਰੂਨੀ ਜਾਂ ਆਂਤਰਿਕ ਸਾਮਰਾਜਵਾਦ।ਇਹ ਦੋਵੇਂ ਹੀ ਸਾਮਰਾਜਵਾਦੀ ਵਿਵਸਥਾ ਆਪਸ ਵਿਚ ਬਹੁਤ ਨਜ਼ਦੀਕੀ ਨਾਲ ਜੁੜੀਆਂ ਹੋਈਆਂ ਹਨ।ਦੋਹਾਂ ਦਾ ਉਦੇਸ਼ ਇਕ ਹੀ ਹੈ ਪਰ ਕੰਮ ਕਰਨ ਦੇ ਤਰੀਕੇ ਉੱਪਰੀ ਪੱਧਰ 'ਤੇ ਥੋੜੇ ਭਿੰਨ ਲੱਗ ਸਕਦੇ ਹਨ।" (ਆਨੰਦ **ਤੇਲਤੁਮੜੇ, ਸਾਮਰਾਜਵਾਦ ਕਾ ਵਿਰੋਧ ਔਰ ਜਾਤੀਓਂ ਕਾ ਅਨਮੂਲਨ (ਅਨੁ. ਅਨਿਲ ਸਿਨਹਾ), ਪੰਨਾ 19 )** ਇਸ ਕਰਕੇ ਨਵ ਬਸਤੀਵਾਦੀ ਪ੍ਰਸੰਗ ਵਿਚ ਸੱਤਾ ਦੇ ਪ੍ਰਵਚਨਾਂ ਨੂੰ ਵੀ ਸਮਝਣਾ ਜ਼ਰੂਰੀ ਹੈ।ਜਾਤੀ ਆਧਾਰਿਤ ਰਾਜਨੀਤੀ ਜਾਤੀ ਵਿਵਸਥਾ ਨੂੰ ਵਰਤ ਕੇ ਜਾਤੀ ਪ੍ਰਬੰਧ ਨੂੰ ਹੋਰ ਠੋਸ ਕਰ ਦਿੰਦੀ ਹੈ। ਇਸ ਕਰਕੇ ਜ਼ਰੂਰੀ ਹੈ ਕਿ ਦਲਿਤ ਚੇਤਨਾ ਅਤੇ ਦ੍ਰਿਸ਼ਟੀ ਜਾਤੀ ਅਤੇ ਜਮਾਤੀ ਸੰਘਰਸ਼ ਨਾਲ ਲਬਰੇਜ਼ ਹੋਣ। ਜਾਤੀ/ਜਮਾਤੀ ਵੰਡੀਆਂ ਨੂੰ ਪੂਰ ਕੇ ਸਾਂਝੇ ਮੰਚ 'ਤੇ ਸੰਘਰਸ਼ ਕਰਨਾ ਪਵੇਗਾ।

**ਸਹਾਇਕ ਪ੍ਰੋਫ਼ੈਸਰ**
**ਐਸ.ਬੀ.ਬੀ.ਐਸ.**
**ਯੂਨੀਵਰਸਿਟੀ,ਜਲੰਧਰ**
**94643-15244**

## ਕਿਸਾਨੀ ਸੰਕਟ ਦੀਆਂ ਤਹਿਆਂ ਫਰੋਲਦਾ ਬਿਰਤਾਂਤ : ਡਬੋਲੀਆ

–ਹਰਜਿੰਦਰ ਅਟਵਾਲ (ਡਾ.)

ਮੌਜੂਦਾ ਦੌਰ ਵਿੱਚ ਕਿਸਾਨੀ ਇੱਕ ਘੋਰ ਸੰਕਟ ਦਾ ਸ਼ਿਕਾਰ ਹੈ। ਇਹ ਸੰਕਟ ਅਜਿਹਾ ਹੈ ਕਿ ਨਿਕਟ–ਭਵਿੱਖ ਵਿੱਚ ਇਸ ਦੇ ਹੱਲ ਹੋਣ ਦੀ ਕੋਈ ਉਮੀਦ ਨਜ਼ਰ ਵੀ ਨਹੀਂ ਆ ਰਹੀ। ਮੌਜੂਦਾ ਕਿਸਾਨੀ ਸੰਘਰਸ਼ ਹੋਰ ਵੀ ਅਸਮੰਜਸ ਦੀ ਸਥਿਤੀ ਵਿੱਚ ਘਿਰਿਆ ਹੋਇਆ ਜਾਪਦਾ ਹੈ ਜਿੱਥੇ ਕਿਸਾਨ ਆਪਣੇ ਸੰਕਟ ਦੇ ਹੱਲ ਦੀ ਜ਼ਮੀਨ ਤਲਾਸ਼ ਕਰਨ ਦੀ ਤਾਂਘ ਰੱਖਦਾ ਹੈ ਅਤੇ ਉਸ ਦੀ ਹਮਾਇਤ ਕਰਨ ਵਾਲੀਆਂ ਰਾਜਸੀ ਪਾਰਟੀਆਂ ਆਪਣੀ ਰਾਜਨੀਤਕ ਜ਼ਮੀਨ ਤਲਾਸ਼ ਕਰਨ ਵਿੱਚ ਰੁੱਝੀਆਂ ਹੋਈਆਂ ਹਨ। ਵਿਡੰਵਨਾ ਇਹ ਹੈ ਕਿ ਇਸ ਵਿੱਚ ਉਹ ਰਾਜਸੀ ਪਾਰਟੀਆਂ ਵੀ ਸ਼ਾਮਲ ਹਨ ਜੋ ਕੇਂਦਰ ਅਤੇ ਪੰਜਾਬ ਦੀ ਸੱਤਾ ਤੇ ਸਮੇਂ–ਸਮੇਂ ਸਿਰ ਕਾਬਜ਼ ਰਹੀਆਂ, ਪਰ ਸਥਿਤੀ ਨੇ ਉਹਨਾਂ ਨੂੰ ਕਿਸਾਨੀ ਪੱਖੀ ਹੋਣ ਲਈ ਮਜਬੂਰ ਕਰ ਦਿੱਤਾ। ਉਂਜ ਇਸ ਮੌਜੂਦਾ ਸੰਕਟ ਵਿੱਚ ਉਪਰੋਕਤ ਰਾਜਸੀ ਪਾਰਟੀਆਂ ਨੇ ਸਮੇਂ–ਸਮੇਂ ਆਪਣਾ ਨਾਂਹ–ਪੱਖੀ ਯੋਗਦਾਨ ਪਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਸੀ ਰਹਿਣ ਦਿੱਤੀ, ਪਰ ਇਸ ਸਾਰੇ 'ਚ ਕਿਸਾਨ ਨੂੰ ਸਭ ਪਾਸਿਉਂ ਮਾਰ ਪੈ ਰਹੀ ਹੈ ਤੇ ਉਹ ਘਰ ਘਾਟ/ਖੇਤ ਖਲਿਆਨ ਛੱਡ ਕੇ ਸੰਘਰਸ਼ ਦੇ ਰਾਹ ਤੁਰਨ ਲਈ ਮਜਬੂਰ ਹੋ ਗਿਆ ਹੈ। ਉਂਜ ਖੇਤੀ ਮਾਹਿਰਾਂ ਦੀ ਇਹ ਆਮ ਰਾਏ ਹੈ ਕਿ ਇਸ ਸੰਕਟ ਨੂੰ ਖੜਾ ਕਰਨ ਲਈ ਸਮੇਂ–ਸਮੇਂ ਸਿਰ ਰਾਜ ਕਰਦੀਆਂ ਸਰਕਾਰਾਂ ਦੀਆਂ ਗਲਤ ਅਤੇ ਕਿਸਾਨੀ ਵਿਰੋਧੀ ਨੀਤੀਆਂ ਹੀ ਹਨ, ਜਿਨ੍ਹਾਂ ਦਾ ਖਮਿਆਜਾ ਅੱਜ ਕਿਸਾਨ ਭੁਗਤ ਰਿਹਾ ਹੈ। ਨਿੱਜੀਕਰਨ ਦੀ ਨੀਤੀ 1991–92 ਵਿੱਚ ਕੇਂਦਰ ਦੀ ਸਰਕਾਰ ਨੇ ਐਸੀ ਆਰੰਭ ਕੀਤੀ ਕਿ ਭਾਵੇਂ ਉੱਥੇ ਰਾਜ ਕਰਨ ਵਾਲੀਆਂ ਪਾਰਟੀਆਂ ਦਾ ਰੰਗ ਤਾਂ ਬਦਲਦਾ ਰਿਹਾ ਪਰ ਉਹਨਾਂ ਦੇ ਉਸ ਢੰਗ ਵਿੱਚ ਕੋਈ ਫਰਕ ਨਹੀਂ ਪਿਆ ਜੋ ਉਸ ਸਮੇਂ ਦੇ ਵਿੱਤ ਮੰਤਰੀ ਅਤੇ ਬਾਅਦ ਵਿੱਚ ਬਣੇ ਪ੍ਰਧਾਨ ਮੰਤਰੀ ਨੇ ਆਰੰਭ ਕਰ ਦਿੱਤਾ ਸੀ। ਅੱਜ ਜੇ ਖੇਤੀ ਸੈਕਟਰ ਵਿੱਚ ਅੰਬਾਨੀ/ਅਡਾਨੀ ਦੇ ਆਉਣ ਦਾ ਖਤਰਾ ਮੰਡਰਾ ਰਿਹਾ ਹੈ ਤਾਂ ਇਸ ਦੀ ਸ਼ੁਰੂਆਤ ਅਸਲ ਵਿੱਚ ਉਹ ਨੀਤੀਆਂ ਹੀ ਹਨ ਜੋ ਉਸ ਸਮੇਂ ਅਪਨਾਈਆਂ ਗਈਆਂ ਸਨ। ਇਸ ਸਾਰੇ ਨੂੰ ਸਮਝੇ ਬਿਨਾਂ ਨਾ ਤਾਂ ਖੇਤੀ ਦੇ ਸੰਕਟ ਨੂੰ ਸਮਝਿਆ ਜਾ ਸਕਦਾ ਹੈ ਅਤੇ ਨਾ ਹੀ ਗਿਰਗਿਟ ਵਾਂਗ ਰੰਗ ਬਦਲਦੇ ਰਾਜਸੀ ਨੇਤਾਵਾਂ ਦੀਆਂ ਲੂੰਬੜ ਚਾਲਾਂ ਨੂੰ।

ਪੰਜਾਬੀ ਕਹਾਣੀ ਆਪਣੇ ਆਰੰਭਲੇ ਦੌਰ ਤੋਂ ਹੀ ਸਮਕਾਲੀ ਕਿਸਾਨੀ ਨਾਲ ਜੁੜੀ ਰਹੀ ਹੈ। ਸੰਤ ਸਿੰਘ ਸੇਖੋਂ, ਸੰਤੋਖ ਸਿੰਘ ਧੀਰ, ਕੁਲਵੰਤ ਸਿੰਘ ਵਿਰਕ, ਵਰਿਆਮ ਸੰਧੂ, ਗੁਰਬਚਨ ਭੁੱਲਰ ਅਤੇ ਅਨੇਕ ਨਾਂਅ ਹਨ ਜੋ ਇਸ ਪ੍ਰਸੰਗ ਵਿੱਚ ਕਾਰਜਸ਼ੀਲ ਰਹੇ। ਕਹਾਣੀ ਦੀ ਤਕਨੀਕ ਵਿੱਚ ਸਮੇਂ–ਸਮੇਂ ਹੋਈ ਤਬਦੀਲੀ ਨੇ ਇਸ ਦੇ ਸੀਮਤ ਆਕਾਰ ਨੂੰ ਥੋੜ੍ਹਾ ਮੋਕਲਾ ਕਰਨ ਦੀ ਦਿੱਤੀ ਖੁੱਲ ਨਾਲ ਇਹ ਕਹਾਣੀ ਵਿੱਚ ਪੇਸ਼ ਸੰਕਟ ਨੂੰ ਥੋੜ੍ਹਾ ਵਿਸਥਾਰ ਦੇਣ ਦਾ ਯਤਨ ਕਰਦੀ ਹੈ। ਭਾਵੇਂ ਇਹ ਮੰਨਿਆ ਜਾਂਦਾ ਹੈ ਕਿ ਇਸ ਸੰਦਰਭ ਵਿੱਚ ਵਰਿਆਮ ਸੰਧੂ ਨੇ ਆਰੰਭਲਾ ਕਾਰਜ ਨਿਭਾਇਆ ਪਰ ਬਾਅਦ ਵਿੱਚ ਇਸ ਕਾਰਜ ਨੂੰ ਅਪਣਾਉਣ ਅਤੇ ਅੱਗੇ ਤੋਰਨ ਵਿੱਚ ਜੋ ਮਹੱਤਵਪੂਰਨ ਨਾਂਅ ਅੱਗੇ ਆਉਂਦੇ ਹਨ। ਉਹਨਾਂ ਵਿੱਚ ਬਲਵਿੰਦਰ ਗਰੇਵਾਲ ਦਾ ਨਾਂਅ ਵੀ ਉਭਰਵਾਂ ਹੈ। ਗਰੇਵਾਲ ਅਤੇ ਹੋਰ ਕਹਾਣੀਕਾਰਾਂ ਨੇ ਕਿਸਾਨੀ ਮਸਲਿਆਂ ਦੀ ਕੇਵਲ ਝਲਕ ਹੀ ਪੇਸ਼ ਨਹੀਂ ਕੀਤੀ ਸਗੋਂ ਉਸ ਮਸਲੇ ਦੀ ਬਹੁ–ਪਾਸਾਰੀ ਅਤੇ ਬਹੁ–ਪਰਤੀ ਪੇਸ਼ਕਾਰ ਨੂੰ ਅਪਣਾਇਆ। ਇਸ



ਨਾਲ ਕਹਾਣੀ ਦਾ ਨਵਾਂ ਸਰੂਪ ਹੋਂਦ ਵਿੱਚ ਆਉਂਦਾ ਹੈ ਜੋ ਇਕਹਿਰੇ ਬਿਰਤਾਂਤ ਨੂੰ ਤਿਆਗ ਕੇ ਬਹੁ ਪਰਤੀ ਜਾਂ ਜਟਿਲ ਬਿਰਤਾਂਤ ਨੂੰ ਅਪਣਾਉਂਦਾ ਹੈ। ਬਲਵਿੰਦਰ ਗਰੇਵਾਲ ਦੀ ਕਹਾਣੀ 'ਡਬੋਲੀਆ' ਜੋ 2018 ਵਿੱਚ ਪ੍ਰਕਾਸ਼ਤ ਹੁੰਦੀ ਹੈ ਅਤੇ ਉਸ ਸਾਲ ਉਰਮਿਲਾ ਆਨੰਦ ਯਾਦਗਾਰੀ ਕਹਾਣੀ ਮੁਕਾਬਲੇ ਵਿੱਚ ਅੱਵਲ ਰਹਿੰਦੀ ਹੈ। ਭਾਵੇਂ ਸਾਡਾ ਇਹ ਮੰਨਣਾ ਹੈ ਕਿ ਇਨਾਮਾਂ ਨਾਲ ਕੋਈ ਮਾੜੀ ਕਹਾਣੀ/ਵੱਡੀ ਰਚਨਾ ਨਹੀਂ ਬਣ ਸਕਦੀ ਪਰ ਇਨਾਮ ਨਾਲ ਇਸ ਕਹਾਣੀ ਬਾਰੇ ਆਲੋਚਕਾਂ/ਚਿੰਤਕਾਂ ਵਿੱਚ ਚਰਚਾ ਛਿੜਦੀ ਹੈ ਜਿਸ ਨਾਲ ਸਮੁੱਚੀ ਪੰਜਾਬੀ ਕਹਾਣੀ ਦੇ ਸੰਦਰਭ ਵਿੱਚ ਇਸ ਕਹਾਣੀ ਦੀ ਭੂਮਿਕਾ ਨਿਸ਼ਚਿਤ ਕਰਨ ਦਾ ਯਤਨ ਹੁੰਦਾ ਹੈ।

ਪਹਿਲੀ ਨਜ਼ਰੇ ਇਸ ਕਹਾਣੀ ਦੇ ਬਿਰਤਾਂਤ ਦੀ ਇੱਕ ਤਹਿ ਇਹ ਹੀ ਨਜ਼ਰ ਆਉਂਦੀ ਹੈ ਕਿ ਵਾਰ–ਵਾਰ ਫਸਲਾਂ ਦੇ ਲਾਹੇਵੰਦ ਭਾਅ ਨਾ ਮਿਲਣ ਕਰਕੇ ਘੱਟ ਜ਼ਮੀਨ ਹੋਣ ਕਰਕੇ ਕਿਸਾਨ ਦਾ ਜ਼ਮੀਨ ਤੋਂ ਤੋੜ ਵਿਛੋੜਾ ਹੁੰਦਾ ਜਾ ਰਿਹਾ ਹੈ, ਜਾਂ ਇਉਂ ਕਹਿ ਲਈਏ ਕਿ ਕਿਸਾਨ ਕੋਲ ਆਪਣੀ ਜ਼ਮੀਨ ਵੇਚਣ/ਗਹਿਣੇ ਕਰਨ ਤੋਂ ਬਿਨਾਂ ਕੋਈ ਹੋਰ ਰਾਹ ਹੀ ਨਹੀਂ ਬਚਦਾ। ਉਂਜ ਪੰਜਾਬ ਦਾ ਉਹ ਵਰਗ ਜੋ ਕਿਸਾਨੀ ਕਿੱਤੇ ਨਾਲ ਜੁੜਿਆ ਹੋਇਆ ਹੈ, ਉਸ ਦਾ ਸੰਘਰਸ਼ ਕਰਨ ਦਾ ਇੱਕ ਮਾਣ–ਮੱਤਾ ਇਤਿਹਾਸ ਹੈ, ਪਰ ਇਹ ਸੰਘਰਸ਼, ਆਮ ਕਰਕੇ ਉਸ ਦਾ ਖੇਤਾਂ ਤੱਕ ਹੀ ਸੀਮਤ ਰਿਹਾ ਹੈ, ਖੇਤਾਂ ਤੋਂ ਬਾਹਰ ਆ ਕੇ ਉਸ ਦਾ ਸੰਘਰਸ਼ ਕੀ ਰੂਪ ਅਖਤਿਆਰ ਕਰਦਾ ਹੈ, ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਜੇ ਇਤਿਹਾਸ ਦੇ ਬਹੁਤ ਪਿੱਛੇ ਨਾ ਵੀ ਜਾਣਾ ਹੋਵੇ ਤਾਂ ਕਿਸਾਨੀ ਦਾ ਪਹਿਲਾ ਸੰਘਰਸ਼ ਦੇਸ਼ ਦੀ ਆਜ਼ਾਦੀ ਨਾਲ ਜੁੜਿਆ ਹੋਇਆ ਹੈ, ਜਦੋਂ ਦੀ ਵੱਸੋਂ ਦੀ ਇੱਕ ਬਹੁਤ ਵੱਡੀ ਗਿਣਤੀ ਪਾਕਿਸਤਾਨ ਵਾਲੇ ਪੰਜਾਬ 'ਚੋਂ ਉਜੜ ਕੇ ਆਉਂਦੀ ਹੈ ਤਾਂ ਉੱਥੇ ਇਹ ਖੁਸ਼ਹਾਲੀ ਵਾਲੀ ਜ਼ਿੰਦਗੀ ਸੀ, ਨਹਿਰੀ ਪਾਣੀ ਦੀ ਖੁੱਲ ਇੱਥੇ ਆ ਕੇ ਖੂਹਾਂ ਤੱਕ ਸੀਮਤ ਹੋ ਜਾਂਦੀ ਹੈ। ਜ਼ਮੀਨ ਮਾਰੂ ਹੋਣ ਕਰਕੇ ਉਹ ਬਹੁਤ ਮਿਹਨਤ ਜਾਂ ਸੰਘਰਸ਼ ਕਰਕੇ ਆਪਣੇ ਪੈਰੀਂ ਖੜਾ ਹੋਣ ਦਾ ਯਤਨ ਕਰਦਾ ਹੈ। ਹਰੇ ਇਨਕਲਾਬ ਨੇ ਕਿਸਾਨੀ ਨੂੰ ਥੋੜਾ ਪੈਰਾਂ ਸਿਰ ਕਰਨ ਦਾ ਯਤਨ ਜ਼ਰੂਰ ਕੀਤਾ ਪਰ ਅੱਜ ਦਾ ਕਿਸਾਨ ਜਾਂ ਪੰਜਾਬ ਝੱਲ ਰਿਹਾ ਹੈ, ਉਹ ਖੇਤੀ ਸੈਕਟਰ ਵਿੱਚ ਹੋਈ ਅੰਨ੍ਹੇਵਾਹ ਅਤੇ ਬੇਤਰਤੀਬੀ ਤਰੱਕੀ ਕਾਰਨ ਹੀ ਹੈ ਪਰ ਉਸ ਦੌਰ ਵਿੱਚ ਕਿਸਾਨ ਨੇ ਖੇਤਾਂ 'ਚ ਸੰਘਰਸ਼ ਕਰਕੇ ਜਿੱਥੇ ਇੱਕ ਪਾਸੇ ਭੁੱਖ ਨਾਲ ਜੂਝ ਰਹੇ ਲੋਕਾਂ ਦਾ ਢਿੱਡ ਭਰਿਆ ਉੱਥੇ ਭਾਰਤੀ ਹਾਕਮਾਂ ਨੂੰ ਬਦੇਸ਼ੀ ਤਾਕਤਾਂ ਅੱਗੇ ਹੱਥ ਅੱਡਣ ਦੀ ਮੁਸੀਬਤ ਤੋਂ ਬਚਾਇਆ, ਪਰ ਉਸ ਦੇ ਇਸ ਸੰਘਰਸ਼ ਦਾ ਉਸਨੂੰ ਫਾਇਦਾ ਤਾਂ ਕੀ ਹੋਣਾ ਸੀ, ਸਗੋਂ ਨੁਕਸਾਨ ਹੋਇਆ, ਉਹ ਅੱਜ ਮਜਬੂਰੀਵੱਸ ਆਪਣੇ ਚਾਵਾਂ ਨਾਲ ਪਾਲੇ ਬੱਚਿਆਂ (ਮੁੰਡਿਆਂ+ਕੁੜੀਆਂ) ਨੂੰ ਹਰ ਹਰਬਾ ਵਰਤ ਕੇ ਪਰਦੇਸੀ ਬਣਾਉਣ ਵਿੱਚ ਰੁੱਝਿਆ ਹੋਇਆ ਹੈ ਜਾਂ ਮਜਬੂਰੀਵੱਸ ਉਸ ਦੀ ਔਲਾਦ ਉਹ ਕੰਮ ਕਰਨ ਲਈ ਵੀ ਤਿਆਰ ਹੋ ਰਹੀ ਹੈ, ਜਿਸ ਨੂੰ ਉਹ ਕੰਮ ਹੀ ਨਹੀਂ ਸਮਝਦਾ ਰਿਹਾ। ਇਸ ਨਾਲ ਇਹ ਸੰਕਟ ਕਿਸਾਨ ਨੂੰ ਆਰਥਿਕ ਤੌਰ 'ਤੇ ਤਾਂ ਦੁਖੀ ਕਰ ਹੀ ਰਿਹਾ ਹੈ ਪਰ ਨਾਲ ਦੀ ਨਾਲ ਭਾਵਨਾਤਮਕ ਤੌਰ ਦੇ ਉਸ ਦੀ ਜੋ ਦੁਰਦਸ਼ਾ ਹੋ ਰਹੀ ਹੈ, ਉਸ ਨੂੰ ਉਹ ਮਹਿਸੂਸ ਤਾਂ ਕਰਦਾ ਹੈ ਪਰ ਹਾਲਾਤ ਦੀ ਅਜਿਹੀ ਬੇਬਸੀ ਅੱਗੇ ਉਸ ਦੀ ਪੇਸ਼ ਨਹੀਂ ਜਾਂਦੀ। ਡਬੋਲੀਆ ਕਹਾਣੀ ਦੇ ਬਿਰਤਾਂਤ ਵਿੱਚ ਇਹਨਾਂ ਦਾ ਕਿਤੇ ਤਾਂ ਵਿਸਥਾਰ ਹੈ ਕਿਤੇ ਕੇਵਲ ਸੰਕੇਤ ਮਾਤਰਾ ਜਦੋਂ ਗਰੇਵਾਲ ਨੇ 2018 ਵਿੱਚ ਇਹ ਕਹਾਣੀ ਲਿਖੀ ਸੀ ਉਦੋਂ ਅਜੇ ਇਸ ਗੱਲ ਦਾ ਅੰਦਾਜ਼ਾ ਨਹੀਂ ਸੀ ਕਿ ਭਵਿੱਖ ਵਿੱਚ

ਕੀ ਹੋਣ ਜਾ ਰਿਹਾ ਹੈ ਪਰ ਇਹ ਸੰਕਟ ਅਸਲ ਵਿੱਚ ਇੱਕ ਹੀ ਲੜੀ ਵਿੱਚ ਪਰੋਇਆ ਜਾਪਦਾ ਹੈ ਜੋ ਅੱਗੋਂ ਹੋਰ ਸੰਕਟਾਂ ਦਾ ਜਨਮਦਾਤਾ ਬਣਨ ਦੀ ਸੰਭਾਵਨਾ ਲਈ ਬੈਠਾ ਹੈ।

'ਡਬੋਲੀਆ' ਕਹਾਣੀ ਦੀਆਂ ਆਰੰਭਲੀਆਂ ਸਤਰਾਂ ਥੋੜ੍ਹੇ ਸ਼ਬਦਾਂ ਵਿੱਚ ਬਹੁਤ ਕੁਝ ਕਹਿ ਰਹੀਆਂ ਹਨ :

'ਮੀਤ ਡਬੋਲੀਏ ਦੇ ਭੋਗ 'ਤੇ ਬੈਠੇ ਬਲਕਾਰ ਦੀ ਨਜ਼ਰ ਖੁਦਕੁਸ਼ੀ ਕਰਨ ਵਾਲੇ ਨੌਜੁਆਨ ਦੀ ਅਖ਼ਬਾਰ 'ਚੋਂ ਛਪੀ ਫੋਟੋ ਦੋਬਾਰਾ ਗਈ ਹੀ ਸੀ ਕਿ ਗਲੀ 'ਚੋਂ ਦਿਲ ਹਿਲਾ ਦੇਣ ਵਾਲੀ ਲੰਮੀ ਚੀਕ ਉੱਠੀ –

'ਵੇ ਤੂੰ ਸੱਤ ਪੱਤਣਾਂ ਦਾ ਤਾਰੂ, ਕਿੱਥੇ ਡੁੱਬ ਗਿਆ ਵੇਂ ਵੀਰਨਾ'

ਇਹ ਸਤਰਾਂ ਪਾਠਕ ਨੂੰ ਇੱਕ ਦਮ ਏਨੀ ਸੂਚਨਾ ਦੇ ਦਿੰਦੀਆਂ ਹਨ ਕਿ ਉਹ ਇਕਦਮ ਸੁਚੇਤ ਹੋ ਕੇ ਪਹਿਲਾਂ ਇਸ ਸੂਚਨਾ ਨੂੰ ਹਜ਼ਮ ਕਰਨ ਦਾ ਯਤਨ ਕਰਨਾ, ਸਮਝਣ ਦਾ ਯਤਨ ਕਰਦਾ ਹੈ, ਪ੍ਰਸੰਗ ਬਾਰੇ ਅੰਦਾਜ਼ਾ ਲਾਉਂਦਾ ਹੈ, ਇਸ ਪ੍ਰਸੰਗ ਦੀ ਜਟਲਤਾ ਨੂੰ ਆਪਣੀ ਸੂਝ ਅਨੁਸਾਰ ਸਮਝਣ ਦਾ ਯਤਨ ਕਰਦਾ ਹੈ। ਮੀਤ ਦਾ ਭੋਗ, ਬਲਕਾਰ ਦੀ ਨਜ਼ਰ ਖੁਦਕੁਸ਼ੀ ਵਾਲੀ ਖ਼ਬਰ 'ਤੇ ਅਤੇ ਕਿਸ ਭੈਣ ਦਾ ਆਪਣੇ ਉਸ ਸੱਤ ਪੱਤਣਾਂ ਦੇ ਤਾਰੂ ਭਰਾ ਜੋ ਡੁੱਬ ਗਿਆ ਹੈ ਦੇ ਲਈ ਪਾਇਆ ਕੀਰਨਾ ਭਾਵੇਂ ਇੱਕ ਉਲਝਾ ਦੀ ਸਥਿਤੀ ਪੈਦਾ ਕਰਦਾ ਹੈ ਪਰ ਨਾਲ ਹੀ ਕਹਾਣੀ ਵਿਚਲੇ ਪੇਸ਼ ਹੋਣ ਜਾ ਰਹੇ ਬਿਰਤਾਂਤ ਦੀ ਸੁਰ ਨੂੰ ਵੀ ਸੂਚਿਤ ਕਰ ਦਿੰਦਾ ਹੈ। ਗਰੇਵਾਲ ਕਹਾਣੀ ਦੇ ਅਗਲੇ ਹਿੱਸੇ ਵਿੱਚ ਵੀ ਅਜਿਹੇ ਸੰਕੇਤਕ ਅਤੇ ਭਾਵਪੂਰਤ ਅਰਥਾਂ ਵਾਲੇ ਵਾਕ ਵਰਤਦਾ ਹੈ, ਜੋ ਸੂਚਨਾ ਦੇ ਨਾਲ-ਨਾਲ ਇੱਕ ਵੱਡੇ ਬਿਰਤਾਂਤ ਵੱਲ ਵੀ ਇਸ਼ਾਰਾ ਕਰਦੇ ਹਨ ਜਿਵੇਂ : 'ਇਹ ਨਹਿਰ ਕਿੰਨੇ ਕੁ ਢਿੱਡ ਭਰ ਸਕਦੀ ਐ ਭਾਈ ਬੰਦਾ ਵੀ ਕੀ ਕਰੇ'। ਮੀਤ ਅਤੇ ਬਲਕਾਰ ਦੋਨੋਂ ਘੱਟ ਜ਼ਮੀਨੇ ਕਿਸਾਨ ਹੋਣ ਕਰਕੇ ਜਦੋਂ ਕੋਈ ਵੀ ਹੋਰ ਚਾਰਾ ਨਹੀਂ ਚੱਲਦਾ ਤਾਂ ਨਹਿਰ 'ਚੋਂ ਲਾਸ਼ਾਂ ਬਾਹਰ ਕੱਢਣ ਨੂੰ ਹੀ ਆਪਣਾ ਰੁਜ਼ਗਾਰ ਬਣਾਉਣ ਲਈ ਮਜਬੂਰ ਹੁੰਦੇ ਹਨ। ਕਹਾਣੀ ਦਾ ਇਹ ਬਿਰਤਾਂਤ ਪੰਜਾਬ ਦੇ ਇੱਕ ਖਿੱਤੇ ਵਿਚਲੀ ਨਹਿਰ ਅਤੇ ਇੱਕ ਵਿਸ਼ੇਸ਼ ਨਾਂਅ ਵਾਲੇ ਪੁਲ ਨਾਲ ਜੁੜਿਆ ਹੋਇਆ ਹੈ। ਮੀਤ ਲੰਮੇ ਸਮੇਂ ਤੋਂ ਇਹ ਕੰਮ ਕਰਦਾ ਆ ਰਿਹਾ ਹੈ, ਉਸ ਦੇ ਸਾਹਮਣੇ ਜ਼ਿੰਦਗੀ ਦਾ ਇਹ ਬਹੁਤ ਹੀ ਜ਼ਰੂਰੀ ਮਕਸਦ ਹੈ ਜਿਸ ਅਨੁਸਾਰ ਉਹ ਪੈਸੇ ਕਮਾ ਕੇ ਤਾਰੋ (ਰਾਣੀ) ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ, ਉਂਜ ਇਸ ਕਿੱਤੇ ਨਾਲ ਜੁੜੇ ਮੁੰਡੇ ਨੂੰ ਰਿਸ਼ਤਾ ਹੋਣ ਦੀ ਸੰਭਾਵਨਾ ਨਹੀਂ ਪਰ ਤਾਰੋ ਦਾ ਬਾਪ ਨਾ ਹੋਣ ਕਰਕੇ ਇਸ ਰਿਸ਼ਤੇ ਦੇ ਸਿਰੇ ਚੜ੍ਹਨ ਦੀ ਉਮੀਦ ਬਣਦੀ ਹੈ ਪਰ ਸੰਕਟ ਉਦੋਂ ਉਪਜਦਾ ਹੈ ਜਦੋਂ ਤਾਰੋ (ਮੀਤ ਦੀ ਰਾਣੀ) ਇਹ ਕਹਿ ਕੇ ਰਿਸ਼ਤੇ ਨੂੰ ਜਵਾਬ ਦੇ ਦਿੰਦੀ ਹੈ :

'ਮੈਨੂੰ ਕਹਿੰਦੀ ਤੇਰੀ ਦੇਹ 'ਚੋਂ ਮੁਰਦਿਆਂ ਦੀ ਬਾਸ ਮਾਰਦੀ ਐ'।

ਇੱਥੋਂ ਆਰਥਿਕ ਸਥਿਤੀ ਕਿਸੇ ਵਿਅਕਤੀ ਨੂੰ ਭਾਵਨਾਤਮਕ ਤੌਰ 'ਤੇ ਅਜਿਹੀ ਮਾਰ ਮਾਰਦੀ ਹੈ ਕਿ ਜਿਸ ਦਾ ਅਹਿਸਾਸ ਆਮ ਜ਼ਿੰਦਗੀ ਜਿਉਂਦੇ ਵਿਅਕਤੀ ਨੂੰ ਨਹੀਂ ਹੋ ਸਕਦਾ। ਕਿਸਾਨੀ ਸੰਕਟ 'ਚ ਫਸਿਆ ਕਿਸਾਨ ਜਦੋਂ ਬਦਲਵਾਂ ਰੁਜ਼ਗਾਰ ਲੱਭਣ ਵਿੱਚ ਕਾਮਯਾਬ ਹੁੰਦਾ ਲੱਗਦਾ ਹੈ ਤਾਂ ਉਹ ਇੱਕ ਨਵੇਂ ਸੰਕਟ 'ਚ ਪੈ ਜਾਂਦਾ ਹੈ ਜਿਸ ਨਾਲ ਇਸ ਨਮੋਸ਼ੀ ਨੂੰ ਨਾ ਸਹਾਰਦਾ ਹੋਇਆ ਮੀਤ ਉਸੇ ਨਹਿਰ ਵਿੱਚ ਛਾਲ ਮਾਰ ਕੇ ਮਰ ਜਾਂਦਾ ਹੈ, ਜਿਸ ਨਹਿਰ ਦੇ ਮੁਰਦਾਰ ਉਸ ਦੀ ਰੋਜ਼ੀ-ਰੋਟੀ ਬਣਦੇ ਰਹੇ ਹਨ। ਇਸ ਵਿਡੰਬਨਾ ਭਰਪੂਰ ਸੰਕਟ ਦੀ ਪੇਸ਼ਕਾਰੀ ਗਰੇਵਾਲ ਵੱਲੋਂ ਬਾਕਮਾਲ ਢੰਗ ਨਾਲ ਹੋਈ ਹੈ।



ਦੂਜੇ ਪਾਸੇ ਬਲਕਾਰ ਅਜਿਹੇ ਬਾਪ ਦਾ ਪੁੱਤਰ ਜਿਸ ਦਾ ਨਾਂਅ ਤਾ ਸਾਧਾ ਸਿੰਘ ਹੈ ਪਰ ਲੋਕ ਉਸ ਨੂੰ ਉਸ ਦੇ ਸੁਭਾਅ ਕਰਕੇ ਸਾਧੂ ਹੀ ਕਹਿੰਦੇ ਹਨ। ਉਹ ਕਦੇ ਡੋਲ੍ਹਦਾ ਨਹੀਂ ਭਾਵੇਂ ਉਸ ਦੇ ਛੋਟੇ -ਵੱਡੇ ਭਰਾ ਉਸ ਨੂੰ 'ਤਿੰਨ ਕਿੱਲਿਆਂ ਦੀ ਢੇਰੀ' ਦੇ ਕੇ ਅੱਡ ਕਰ ਦਿੰਦੇ ਹਨ ਬਿਨਾਂ ਕਿਸੇ ਖੇਤੀ ਸੰਦ ਤੋਂ। ਪਰ ਉਸ ਨੂੰ ਆਪਣੇ ਪੁੱਤਰ ਬਲਕਾਰ ਤੋਂ ਆਸ ਹੈ ਕਿ ਉਸ ਨੂੰ ਪੜ੍ਹਾ ਕੇ ਉਹ ਆਪਣੀ ਚਿੱਕੜ 'ਚ ਫਸੀ ਗੱਡ ਨੂੰ ਬਾਹਰ ਕੱਢਣ ਵਿੱਚ ਸਫਲ ਹੋ ਜਾਏਗਾ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਉਹ ਮਿਹਨਤ ਤਾਂ ਰੱਜ ਕੇ ਕਰਦਾ ਹੈ, ਪਰ ਫਲ ਉਸ ਦੀ ਮਿਹਨਤ ਅਨੁਸਾਰ ਨਹੀਂ ਮਿਲਦਾ, ਠੇਕੇ 'ਤੇ ਜ਼ਮੀਨ ਲੈ ਕੇ ਜਾਂ ਹੋਰ ਹੀਲੇ-ਵਸੀਲੇ ਵਰਤ ਕੇ ਉਹ ਹੱਢ-ਭੰਨਵੀ ਮਿਹਨਤ ਕਰਕੇ ਵੀ ਇਸ ਸੰਕਟ 'ਚੋਂ ਬਾਹਰ ਨਹੀਂ ਨਿਕਲ ਸਕਦਾ, ਕਿਸਾਨ ਯੂਨੀਅਨ ਦੀ ਇੱਕ ਰੈਲੀ ਵਿੱਚ ਆਪਣੀ ਬਾਂਹ ਤੁੜਵਾ ਬੈਠਦਾ ਹੈ ਪਰ ਹਿੰਮਤ ਫਿਰ ਵੀ ਨਹੀਂ ਹਾਰਦਾ, ਇੱਕ ਬਾਂਹ ਦੇ ਨਾਲ ਵੀ ਦਰਿਆ ਪਾਰ ਕਰਨ ਦੀ ਇੱਕ ਸ਼ਰਤ ਜਿੱਤਦਾ ਹੈ ਪਰ ਅੰਤ ਉਦੋਂ ਹਾਰ/ਟੁੱਟ ਜਾਂਦਾ ਹੈ ਜਦੋਂ ਦੋਹਤੇ ਦੀ ਛਟੀ ਲਈ ਆੜ੍ਹਤੀਏ ਕੋਲ ਪੈਸੇ ਮੰਗਣ ਜਾਂਦਾ ਹੈ ਤੇ ਉਹ ਅੱਗੋਂ ਬਹੀ -ਖਾਤਾ ਖੋਲ੍ਹ ਕੇ 'ਅਠਾਰਾਂ ਲੱਖ ਸੱਤ ਹਜ਼ਾਰ ਸੱਤ ਸੌ ਛਿਆਸੀ ਦੀ ਰਕਮ ਸਾਧੂ ਦੇ ਨਾਂਅ ਬੋਲਣ ਦਾ ਬੰਬ ਉਸ ਦੇ ਸਿਰ ਮਾਰਦਾ ਹੈ, ਇੱਥੇ ਵੀ 'ਸਾਧੂ ਲੱਖ ਪੱਤਣਾ ਦਾ ਤਾਰੂ' ਹੈ ਪਰ ਉਸੇ ਨਹਿਰ ਦੀ ਭੇਟ ਚੜ੍ਹਦਾ ਹੈ ਜਿਹੜੀ ਉਹਦੇ ਪੁੱਤਰ ਦੇ ਰੁਜ਼ਗਾਰ ਦਾ ਸਾਧਨ ਬਣਦੀ ਹੈ। ਜਦੋਂ ਬਲਕਾਰ ਮੀਤ ਦੇ ਨਾਲ ਆਪਣਾ ਸਵੈ-ਰੁਜ਼ਗਾਰ ਸ਼ੁਰੂ ਕਰਨ ਦੀ ਗੱਲ ਕਰਦਾ ਹੈ ਤਾਂ ਮੀਤ ਕਿੱਤੇ ਵਿੱਚ ਉਸ ਨੂੰ ਆਪਣਾ ਨਵਾਂ ਸ਼ਰੀਕ ਸਮਝਦਾ ਹੈ ਅਤੇ ਲੋਕ ਮੀਤ ਦੀ ਖੁਦਕੁਸ਼ੀ ਨੂੰ ਬਲਕਾਰ ਦੇ ਉਸ ਦੇ ਕੰਮ ਵਿੱਚੋਂ ਹਿੱਸਾ ਵੰਡਾ ਲੈਣ ਦੀ ਹੀ ਮਾਰ ਸਮਝਦੇ ਹਨ, ਜੋ ਕਿ ਬਾਹਰੀ ਕਾਰਨ ਹੈ ਤਾਰੋ (ਰਾਣੀ) ਵਾਲਾ ਪ੍ਰਸੰਗ ਜੱਗ ਜਾਹਰ ਨਹੀਂ ਹੁੰਦਾ। ਬਲਕਾਰ ਵੀ ਡਿਪਲੋਮਾ ਕਰਦਾ-ਕਰਦਾ ਵਿੱਚੇ ਰਹਿ ਜਾਂਦਾ ਹੈ ਭਾਵੇਂ ਪਾਠਕ ਇਹ ਭਲੀ-ਭਾਂਤ ਮਹਿਸੂਸ ਕਰ ਸਕਦਾ ਹੈ ਕਿ ਜੇ ਬਲਕਾਰ ਡਿਪਲੋਮਾ ਸਿਰੇ ਵੀ ਲਾ ਲੈਂਦਾ ਤਾਂ ਉਹ ਵੀ ਰੁਜ਼ਗਾਰ ਪ੍ਰਾਪਤੀ ਲਈ ਕਰਨ ਵਾਲੇ ਸੰਘਰਸ਼ ਵਿੱਚ ਕਿਸੇ ਅੰਗੋਂ ਆਰੀ ਹੋ ਸਕਦਾ ਸੀ ਬਲਕਾਰ ਦੇ 'ਡਬੋਲੀਆ' ਹੋਣ ਸਮੇਂ ਅਜਿਹੇ ਅਹਿਸਾਸ ਪਨਪਦੇ ਹਨ ਕਿ ਉਹ ਇਸ ਕਿੱਤੇ ਅਤੇ ਦੁਨੀਆਦਾਰੀ ਤੋਂ ਹੀ ਅਕੇਵਾਂ ਮਹਿਸੂਸ ਕਰਦਾ ਹੈ। 'ਲਾਸ਼' ਦੀ ਇੱਕ ਵੰਨਗੀ ਅਜਿਹੀ ਹੈ ਜੋ ਇੱਕ ਲੜਕੀ ਦੀ ਹੈ ਉਹ ਇਸ ਕਰਕੇ ਨਹਿਰ 'ਚ ਛਾਲ ਮਾਰ ਦਿੰਦੀ ਹੈ ਕਿਉਂਜੋ ਤੀਜੀ ਵਾਰ ਆਇਲਟਸ ਦਾ ਨਤੀਜਾ ਚੰਗਾ ਨਾ ਆਉਣ ਦੇ ਡਰ ਦੇ ਅਹਿਸਾਸ ਨੂੰ ਹਜ਼ਮ ਹੀ ਨਹੀਂ ਕਰ ਸਕਦੀ। ਕਿਸਾਨੀ ਸੰਕਟ ਦੀ ਇਹ ਇੱਕ ਵੱਖਰੀ ਪਰਤ ਹੈ, ਜਿਸ ਅਨੁਸਾਰ ਮਾਪੇ 'ਧੀਆਂ' ਦੇ ਸਹਾਰੇ 'ਚਿੱਕੜ 'ਚ ਫਸੀ ਗੱਡ' ਬਾਹਰ ਕੱਢਣ ਲਈ ਧੀਆਂ ਨੂੰ ਬੀਡੀਂ ਜੋੜਨ ਦੀ ਸੋਚਦੇ ਹਨ :

'ਹੁਣ ਤਾਂ ਆੜ੍ਹਤੀਏ ਵੀ ਹੱਥ ਖੜੇ ਕਰਾਗੇ, ਟੱਬਰ ਤਰ ਜੂ ਤੇਰੀ ਹਿੰਮਤ ਨਾਲ ਮੁੰਡੇ ਦਾ ਫਿਕਰ ਨੀ ਰਹੂ, ਵਿਆਹ 'ਤੇ ਖਰਚਾ ਅਗਲੇ ਕਰਨਗੇ, ਤੈਨੂੰ ਤਾਂ ਸਗੋਂ ਮੁਫਤ ਦੀ ਕੈਨੇਡਾ ਮਿਲਦੀ ਐ ਕੀ ਹਰਜ਼ ਐ ਮੁੰਡਾ ਜੇ ਠੀਕ ਨਾ ਹੋਇਆ ਤਾਂ ਕਨੇਡਾ ਵੜਦਾ ਕਰਕੇ ਛੱਡ ਦੀਂ ਮੈਂ ਕਰੂੰ ਤੇਰਾ ਵਿਆਹ ਫੇਰ ਗੱਜ ਵੱਜ ਕੇ ਜਿੱਥੇ ਕਹੇਂਗੀ ਬੱਸ ਤੂੰ ਮੇਰੀ ਧੀ ਬਣ ਕੇ ਕੇਰਾਂ 'ਅਟਲਸ' ਚਾੜ੍ਹ ਦੇ ਸਿਰੇ, ਛੇ ਮਹੀਨੇ ਲੱਗ ਜਾਣ ਚਾਹੇ।'

ਪਰ ਕੁੜੀ ਦੇ ਬਾਪ ਦਾ ਸੁਪਨਾ ਕੁੜੀ ਦੀ ਸਮਰੱਥਾ ਤੋਂ ਕਿਤੇ ਵਡੇਰਾ ਸੀ ਜਿਸ ਕਰਕੇ ਉਹ ਨਤੀਜੇ ਤੋਂ ਪਹਿਲਾਂ ਹੀ ਸੰਸਾਰ ਤਿਆਗ ਦਿੰਦੀ ਹੈ।

'ਬੱਸ! ਤੀਜੀ ਵਾਰ ਆਇਟਲਸ ਦਾ ਨਤੀਜਾ ਆਉਣ ਤੋਂ ਪਹਿਲਾਂ ਹੀ ਕੁੜੀ ਨੇ ਨਹਿਰ 'ਚ ਛਾਲ ਮਾਰ'ਤੀ।'

ਪੰਜਾਬ ਆਮ ਕਰਕੇ ਅਤੇ ਕਿਸਾਨੀ ਵਿਸ਼ੇਸ਼ ਕਰਕੇ ਇੱਕ ਅਜਿਹੀ ਭਾਵਨਾਤਮਕ ਮਾਰ ਝੱਲ ਰਿਹਾ ਹੈ ਜਿਸ ਨਾਲ ਸਮਾਜਕ ਵਰਤਾਰੇ ਦੀਆਂ ਠੋਸ ਜੜ੍ਹਾਂ ਵੀ ਹਿਲਦੀਆਂ ਜਾਂ ਉਖੜਦੀਆਂ ਨਜ਼ਰ ਆ ਰਹੀਆਂ ਹਨ। ਇਸ ਸਾਰੇ ਵਰਤਾਰੇ ਦੇ ਪ੍ਰਤੀਕਰਮ ਵਜੋਂ ਬਲਕਾਰ ਦਾ ਇਹ ਕਹਿਣਾ ਕਿ 'ਕੁੜੀ ਨਾ ਮਰਦੀ, ਬਾਪ ਮਰਦਾ। ਅਜੇ ਵੀ ਕੀ ਪਤੈ,' ਇੱਕ ਅਜਿਹੀ ਸਥਿਤੀ ਵੱਲ ਸੰਕੇਤ ਕਰਦਾ ਹੈ ਕਿ ਜਿਸ ਨਾਲ ਇਹ 'ਰੰਗਲਾ ਪੰਜਾਬ' ਹਰ ਪਾਸਿਉਂ ਬੰਜਰ ਹੁੰਦਾ ਜਾ ਰਿਹਾ ਹੈ।

ਸਾਧੂ ਆਪਣੇ ਭਰਾ ਤੇ ਭਤੀਜੇ ਨੂੰ ਜੋ ਪ੍ਰਾਪਰਟੀ ਡੀਲਰ ਹਨ ਇਹ ਕਹਿਕੇ ਨਕਾਰ ਰਿਹਾ ਹੈ ਕਿ ਦਲਾਲੀ ਨੂੰ ਹੀ ਕੰਮ ਕਹੀ ਜਾਂਦੇ ਨੇ ਪਿਉ-ਪੁੱਤ ਆਪਣੀ ਵੇਚ ਲੀ ਲੋਕਾਂ ਦੀਆਂ ਵਿਕਾਉਣ ਨੂੰ ਤੁਰੇ ਰਹਿੰਦੇ ਨੇ, ਲੱਗਦੇ ਕੰਮ ਦੇ ਹੋਏ ਨੇ।'

ਆਪਣੇ ਬਾਪ ਦੇ ਸੁਭਾਅ ਅਨੁਸਾਰ ਬਲਕਾਰ ਨੂੰ ਵੀ ਲੱਗਦਾ ਹੈ ਕਿ ਜੇ ਉਹ ਜਿਉਂਦਾ ਹੁੰਦਾ ਤਾਂ ਉਸ ਨੇ ਮੇਰੇ ਡਬੋਲੀਆ ਹੋਣ ਦੇ ਕੰਮ ਨੂੰ ਵੀ ਇਸ ਤਰ੍ਹਾਂ ਹੀ ਸਮਝਣਾ ਤੇ ਕਹਿਣਾ ਸੀ।

'ਮੁਰਦਾਰ ਖਾਣੇ ਓਂ ਲੋਕਾਂ ਦੇ ਦੁੱਖ 'ਚੋਂ ਸੁੱਖ ਭਾਲਦੇ ਓਂ, ਹੋਰ ਕਰਦੇ ਓ ਕਮਾਈਆਂ ਤੁਸੀਂ।'

ਪਰ ਮੌਜੂਦਾ ਪੀੜ੍ਹੀ ਦੀ ਨੁਮਾਇੰਦਗੀ ਕਰ ਰਿਹਾ ਮੇਜਰ ਸਿੰਘ ਕੱਬਾ ਵਰਤਮਾਨ ਸਥਿਤੀ 'ਚੇ ਇਉਂ ਸੋਚ ਰਿਹਾ ਹੈ :

'ਨਾਲੇ ਸਰਕਾਰ ਏਸੇ ਤਰ੍ਹਾਂ 'ਸੇਵਾ' ਕਰਦੀ ਰਹੀ ਤਾਂ ਇਹ ਕੰਮ ਤਾਂ ਵਧਣਾ ਈ ਵਧਣਾ... ਆਹ ਪੜ੍ਹ ਲੈ ਅਖਬਾਰ 'ਚ ਚਾਰ ਮਰੇ ਨੇ ਅੱਜ,' ਮੀਤ ਤਾਂ ਊਂ ਐਵੇਂ ਡੋਲ ਗਿਆ ਕੋੜੀ ਸੁਹਰਿਆ। ਸੌ ਹੀਲਾ ਹੋ ਜਾਂਦਾ। ਦੁੱਖ-ਸੁੱਖ ਤਾਂ ਧੁੱਪ-ਛਾਂ ਵਾਂਗ ਆਉਣੀ ਜਾਣੀ ਚੀਜ ਐ।'

ਇਸ ਸਾਰੀ ਭੰਨ ਤੋੜ ਵਿੱਚ ਬਲਕਾਰ ਕਿਸੇ ਬਾਹਰਲੇ ਮੁਲਕ ਵਿੱਚ ਜਾ ਕੇ ਕੰਮ ਕਰਨ ਦੀ ਇੱਛਾ ਤਾਂ ਕਰਦਾ ਹੈ ਪਰ ਬਾਹਰ ਜਾਣ ਦਾ ਜੁਗਾੜ ਬਾਪੂ ਅਤੇ ਉਸ ਦੀਆਂ ਕਬੀਲਦਾਰੀਆਂ ਦੇ ਲੇਖੇ ਲੱਗ ਜਾਣ ਕਰਕੇ ਉਹ ਹੁਣ ਉਹਨਾਂ ਲਾਸ਼ਾਂ 'ਤੇ ਹੀ ਟੇਕ ਰੱਖਦਾ ਹੈ ਜਿਹੜੀਆਂ ਉਸ ਦੀ ਆਪਣੀ ਭਾਸ਼ਾ ਅਨੁਸਾਰ 'ਕਮਾਊ' ਹੁੰਦੀਆਂ ਹਨ। ਬਲਕਾਰ ਦੀ ਇਸ ਆਸ ਨੂੰ ਕਦੋਂ ਫਲ ਲਗਣਾ ਹੈ ਜਾਂ ਲੱਗਣਾ ਵੀ ਹੈ ਕਿ ਨਹੀਂ, ਇਹ ਸਾਰਾ ਕੁਝ ਪਾਠਕ ਦੀ ਸਮਝ 'ਤੇ ਛੱਡਦਾ ਹੋਇਆ ਕਹਾਣੀਕਾਰ ਕਹਾਣੀ ਮੁਕਾ ਦਿੰਦਾ ਹੈ, ਪਰ ਪੰਜਾਬ/ਕਿਸਾਨ ਦੇ ਵਰਤਮਾਨ ਤੇ ਭਵਿੱਖ ਨਾਲ ਜੁੜੇ ਕਈ ਅਜਿਹੇ ਸੁਆਲ ਖੜੇ ਕਰਨ 'ਚ ਸਫਲ ਹੁੰਦਾ ਹੈ ਜੋ ਹਸਾਸ ਮਨੁੱਖ ਨੂੰ ਇਸ ਸਥਿਤੀ ਨੂੰ ਸੋਚਣ, ਸਮਝਣ ਲਈ ਹਮੇਸ਼ਾ ਕੁਰੇਦਦੇ ਰਹਿੰਦੇ ਹਨ। ਡਬੋਲੀਆ ਆਪਣੇ ਦੌਰ ਦੀਆਂ ਬਿਹਤਰੀਨ ਕਹਾਣੀਆਂ ਵਿੱਚ ਸ਼ਾਮਲ ਰਹੇਗੀ।

---

**ਦਰਸ਼ਨ ਜੋਗਾ ਦਾ**
**ਨਵਾਂ ਕਹਾਣੀ ਸੰਗ੍ਰਹਿ**
**ਮੁੱਕਦੀ ਗੱਲ**



## 'ਦੋ ਤਲਵਾਰਾਂ ਬੱਧੀਆਂ' ਦੀ ਵਿਚਾਰਧਾਰਾਈ ਭੂਮਿਕਾ

**-ਡਾ.ਹਰਪ੍ਰੀਤ ਸਿੰਘ**

ਮਨਿੰਦਰ ਸਿੰਘ ਕਾਂਗ ਪੰਜਾਬੀ ਕਹਾਣੀ ਜਗਤ ਵਿਚ ਨਿਵੇਕਲਾ ਨਾਂ ਇਸ ਕਰਕੇ ਨਹੀਂ ਕਿ ਉਹ ਡਾ.ਕੁਲਬੀਰ ਸਿੰਘ ਕਾਂਗ ਦਾ ਬੇਟਾ ਅਤੇ ਡਾ. ਅਮਰਜੀਤ ਕਾਂਗ ਦਾ ਭਤੀਜਾ ਸੀ ਸਗੋਂ ਇਸ ਕਰਕੇ ਕਿ ਉਸਨੇ ਪੰਜਾਬੀ ਕਹਾਣੀ ਨੂੰ ਨਵੀਂ ਤਿੱਖੀ ਬਿਰਤਾਂਤਕ ਭਾਸ਼ਾ ਅਤੇ ਬੇਬਾਕ ਮੁਹਾਵਰਾ ਦਿੱਤਾ। ਬਹੁਤ ਥੋੜ੍ਹੇ ਸਮੇਂ ਵਿਚ ਉਸਨੇ ਪੰਜਾਬੀ ਕਥਾ ਜਗਤ ਵਿਚ ਆਪਣਾ ਨਾਂ ਬਣਾ ਲਿਆ। ਉਮਰ ਦੇ ਨਿੱਕੇ ਪੰਧ 'ਤੇ ਚਲਦਿਆਂ 3 ਫਰਵਰੀ 2013 ਵਿਚ ਇਸ ਦੁਨੀਆ ਨੂੰ ਅਲਵਿਦਾ ਆਖ ਗਿਆ। ਉਸਨੇ ਗਿਣਤੀ ਪੱਖੋਂ ਚਾਰ ਕਹਾਣੀ-ਸੰਗ੍ਰਿਹ ਲਿਖੇ । ਉਹ ਥੋੜ੍ਹਾ ਲਿਖ ਕੇ ਮਕਬੂਲ ਹੋਣ ਵਾਲੇ ਕਥਾਕਾਰਾਂ ਵਿਚੋਂ ਸੀ। ਉਸਨੇ 'ਉਦਾਸੀਆਂ' (1981), 'ਵਿਰਲਾਪ' (1986), 'ਜੂਨ' (1998) ਅਤੇ 'ਭੇਤ ਵਾਲੀ ਗੱਲ' (2008) ਕਹਾਣੀ ਸੰਗ੍ਰਿਹ ਲਿਖ ਕੇ ਪੰਜਾਬੀ ਪਾਠਕ ਅਤੇ ਆਲੋਚਨਾ ਅੰਦਰ ਹਲਚਲ ਪੈਦਾ ਕੀਤੀ। ਕਹਾਣੀ, ਬਿਰਤਾਂਤ ਅਤੇ ਬਿਰਤਾਂਤਕ ਜੁਗਤਾਂ ਬਾਰੇ ਸੂਖ਼ਮ ਸਮਝ ਰੱਖਣ ਵਾਲਾ ਕਾਂਗ ਕਹਾਣੀਕਾਰ ਦੇ ਨਾਲ-ਨਾਲ ਆਲੋਚਕ ਅਤੇ ਅਨੁਵਾਦਕ ਵੀ ਸੀ। ਉਸਨੇ 'ਦੇਸ਼ ਲਈ ਕੁਰਬਾਨ' ਅਤੇ 'ਮੌਤ ਦੇ ਇੰਤਜ਼ਾਰ ਵਿਚ' ਦੋ ਕਿਤਾਬਾਂ ਦਾ ਅਨੁਵਾਦ ਵੀ ਕੀਤਾ। ਇਸ ਤਰ੍ਹਾਂ ਉਹ ਬਹੁ-ਪੱਖੀ ਸ਼ਖ਼ਸ ਸੀ ਜਿਸ ਅੰਦਰ ਸੰਵੇਦਨਾ, ਸਿਰਜਣਾ ਅਤੇ ਚਿੰਤਨ ਲਗਾਤਾਰ ਵਹਿਣ ਵਿਚ ਰਹੇ। ਉਸ ਦੀ ਸਿਰਜਣਾਤਮਕਤਾ ਪੰਜਾਬ ਦੇ ਉਸ ਕਰੂਰ ਯਥਾਰਥ ਵਿਚੋਂ ਰੂਪਮਾਨ ਹੋਈ ਸੀ ਜਿਸਨੇ ਪੰਜਾਬ ਨੂੰ ਲਹੂ-ਲੁਹਾਨ ਕੀਤਾ ਅਤੇ ਦੁਬਾਰਾ ਸੰਪਰਦਾਇਕ ਲੀਹਾਂ 'ਤੇ ਵੰਡਣਾ ਸ਼ੁਰੂ ਕੀਤਾ ਸੀ। ਉਸ ਦੇ ਕਲਾਤਮਕ ਅਵਚੇਤਨ ਵਿਚ ਪੰਜਾਬ ਦੇ ਉਹ ਤਿੰਨ ਦਹਾਕੇ ਭਾਰੂ ਰਹੇ ਜਿਹਨਾਂ ਵਿਚ ਪੰਜਾਬ ਦੇ ਮੱਥੇ ਮੌਤ, ਸੋਗ ਤੇ ਖ਼ੌਫ਼ ਟੰਗੇ ਗਏ ਸਨ। ਨਕਸਲੀ ਲਹਿਰ ਅਤੇ ਖਾੜਕੂ ਲਹਿਰ ਦੌਰਾਨ ਪੰਜਾਬ ਦੀ ਮਨੋਵਿਗਿਆਨਕ ਸਥਿਤੀ ਅਤੇ ਸਮਝ ਨੂੰ ਕਾਂਗ ਨੇ ਬਿਰਤਾਂਤਕ ਰੂਪ ਵਿਚ ਢਾਲਿਆ। ਉਹ ਦਹਿਸ਼ਤ, ਦਮਨ ਅਤੇ ਦਵੰਦ ਦੀ ਤਿਕੋਣ ਰਾਹੀਂ ਪੰਜਾਬੀ ਮਨ ਦੇ ਵਲੂੰਧਰੇ ਅਕਸ ਸਿਰਜਣ ਦਾ ਯਤਨ ਕਰਦਾ ਹੈ। ਜਿਸ ਵਿਚੋਂ ਅਸੀਂ ਤਾਕਤ ਅਤੇ ਹੈਜਮਨੀ ਦੇ ਪ੍ਰੇਤ ਦਾ ਚਿਹਰਾ ਪਛਾਣ ਸਕਦੇ ਹਾਂ। ਉਸਦੀ ਬਿਰਤਾਂਤਕ ਵਿਧੀ ਬੇਲਿਹਾਜ਼ ਅਤੇ ਬੇਬਾਕ ਸੀ। ਇਕਦਮ ਉਸ ਜੀਵਨ ਯਥਾਰਥ ਵਰਗੀ ਜਿਸਨੂੰ ਪੰਜਾਬ ਸੰਕਟ ਦਾ ਸਮਾਂ ਕਿਹਾ ਗਿਆ। ਕਾਂਗ ਨੇ 'ਭਾਰ', 'ਦੋ ਤਲਵਾਰਾਂ ਬੱਧੀਆਂ', 'ਹਿੱਸਾ', 'ਕੁੱਤੀ ਵਿਹੜਾ' ਅਤੇ 'ਭੇਤ ਵਾਲੀ ਗੱਲ' ਕਹਾਣੀਆਂ ਜ਼ਰੀਏ ਪੰਜਾਬ ਸੰਕਟ ਦੇ ਕਰੂਰ ਯਥਾਰਥ ਨੂੰ, ਉਸਦੇ ਅੰਤਰ ਵਿਰੋਧਾਂ ਨੂੰ ਨੰਗੇ ਧੜ ਲਿਖਿਆ ਹੈ। ਇਸੇ ਕਰੂਰ ਜੀਵਨ ਯਥਾਰਥ ਦੀ ਸਿਰਜਣਾ ਕਰਕੇ ਹੀ ਮਨਿੰਦਰ ਕਾਂਗ ਦੀ ਤੁਲਨਾ ਮੰਟੋ ਨਾਲ ਕਰਦਾ ਹਰਵਿੰਦਰ ਭੰਡਾਲ ਲਿਖਦਾ ਹੈ ਕਿ 'ਅਜਿਹੀ ਕਰੂਰਤਾ ਹੀ ਮੰਟੋ ਦੀਆਂ ਕਹਾਣੀਆਂ ਵਿਚ ਵੀ ਨਜ਼ਰੀਂ ਪੈਂਦੀ ਸੀ। ਦਰਅਸਲ ਦੋਵੇਂ ਹੀ ਕਰੂਰ ਸਮਿਆਂ ਬਾਰੇ ਕਰੂਰ ਭਾਸ਼ਾ ਵਿਚ ਲਿਖ ਰਹੇ ਸਨ'। ਇਸ ਪਰਚੇ ਵਿਚ ਅਸੀਂ ਮਨਿੰਦਰ ਕਾਂਗ ਦੀ ਕਹਾਣੀ 'ਦੋ ਤਲਵਾਰਾਂ ਬੱਧੀਆਂ' ਉੱਪਰ ਧਿਆਨ ਕੇਂਦਰਿਤ ਕਰਾਂਗੇ।

ਇਸ ਕਹਾਣੀ ਦੀ ਪਿੱਠਭੂਮੀ ਵਿਚ ਪੰਜਾਬ ਸੰਕਟ ਦਾ ਸਮਾਂ ਹੈ। ਉਹ ਸਮਾਂ ਜਦੋਂ ਪੁਲਿਸ ਅਤੇ ਸਰਕਾਰ ਦਾ ਜ਼ਬਰ ਆਮ ਪੰਜਾਬੀ ਮਨ ਨੂੰ ਹੀਣਾ ਤੇ ਹੌਲਾ ਕਰ ਰਿਹਾ ਸੀ। ਇਹ

ਪੰਜਾਬ ਉੱਪਰ ਜ਼ੁਲਮ ਅਤੇ ਤਸ਼ਦਦ ਦੀ ਸਿਖ਼ਰ ਦਾ ਦੌਰ ਸੀ। ਪੰਜਾਬੀ ਨੌਜਵਾਨਾਂ ਦੀ ਜਾਨ ਦੀ ਕੀਮਤ ਪੁਲਿਸ ਦੇ ਮੈਡਲ, ਰੈਂਕ ਜਾਂ ਤਰੱਕੀ ਬਰਾਬਰ ਸੀ। ਪੰਜਾਬ ਦੀ ਸਿਆਸਤ ਦਾ ਸਭ ਤੋਂ ਗੰਧਲਾ ਦੌਰ ਸੀ, ਕੇਂਦਰ ਦੇ ਏਕਾਧਿਕਾਰ, ਗਵਰਨਰੀ ਰਾਜ ਅਤੇ ਪੁਲਿਸ ਨੂੰ ਦਿੱਤੀ ਬੇਇੰਤਹਾ ਖੁੱਲ੍ਹ ਨੇ ਪੰਜਾਬ ਦੇ ਸਿਰ ਕਾਲ਼ੇ ਬੱਦਲਾਂ ਦੀ ਛਾਂ ਕਰ ਦਿੱਤੀ। ਪਰ ਇਤਿਹਾਸਕ ਚੇਤਨਾ ਇਕਹਿਰੀ ਜਾਂ ਸਟੇਟਿਕ ਨਹੀਂ ਹੁੰਦੀ। ਪ੍ਰਤਿਰੋਧ ਅਤੇ ਚੇਤਨਾ ਦੀ ਪ੍ਰੰਪਰਾ ਵੀ ਜ਼ੁਲਮ ਦੇ ਦੌਰ ਵਿਚ ਪ੍ਰਚੰਡ ਹੁੰਦੀ ਰਹਿੰਦੀ ਹੈ। ਮਨਿੰਦਰ ਕਾਂਗ ਦੀ ਇਹ ਕਹਾਣੀ ਇਸ ਕਰਕੇ ਮਹੱਤਵਪੂਰਨ ਨਹੀਂ ਹੈ ਕਿ ਉਸਨੇ ਪੰਜਾਬੀ ਬੰਦੇ ਦੇ ਅਵਚੇਤਨ ਦੀ ਪ੍ਰਤਿਰੋਧੀ ਅਤੇ ਬਗਾਵਤੀ ਚੇਤਨਾ ਦੇ ਖ਼ਾਸੇ ਨੂੰ ਪ੍ਰਗਟ ਕੀਤਾ ਹੈ ਸਗੋਂ ਇਸ ਕਰਕੇ ਹੈ ਉਸਨੇ ਹਾਸ਼ੀਆਗਤ ਧਿਰਾਂ ਹੱਥ ਕਮਾਨ ਫੜ੍ਹਾਈ ਹੈ ਜੋ ਸਿੱਖ ਹੋ ਕੇ ਅਜੇ ਵੀ 'ਮਜ਼੍ਹਬੀ ਸਿੱਖ' ਹਨ। ਦਮਿਤ ਤੇ ਦਲਿਤ ਧਿਰਾਂ ਨੂੰ ਸ਼ਾਸਤਰ ਅਤੇ ਸ਼ਸਤਰ ਦੇਣ ਦੀ ਸਿਧਾਂਤਕੀ ਗੁਰਮਤਿ ਦਰਸ਼ਨ ਅਤੇ ਸਿੱਖ ਸੰਕਲਪਾਂ ਦਾ ਮੂਲ ਆਸ਼ਾ ਵੀ ਹੈ। ਜਿਸ ਦੇ ਦੋ ਪੱਖ ਹਨ:

ੳ. ਸਿੱਖ ਗੁਰੂ ਸਾਹਿਬਾਨਾਂ ਨੇ ਵਰਣ ਪ੍ਰਬੰਧ ਦੀ ਢਾਂਚਾਗਤ ਇਮਾਰਤ ਨੂੰ ਤੋੜਿਆ ਸੀ, ਉਸ ਜਾਤ ਪ੍ਰਬੰਧ ਹਾਇਆਰਕੀ ਨੂੰ ਰੱਦਿਆ ਸੀ ਜਿਸਨੇ ਇਕ ਮਨੁੱਖ ਨੂੰ ਨੀਚ ਮਨੁੱਖ ਅਤੇ ਦੂਸਰੇ ਨੂੰ ਸਵਰਣ ਮਨੁੱਖ ਬਣਾ ਧਰਿਆ ਸੀ।

ਅ. ਸਿੱਖ ਸਿਧਾਂਤਾਂ ਨੇ ਦੱਬੀਆਂ/ਦਮਿਤ/ਦਲਿਤ ਅਤੇ ਹਾਸ਼ੀਆਗਤ ਧਿਰਾਂ ਨੂੰ ਸਮਾਜਿਕ ਇਨਸਾਫ਼,ਪ੍ਰਤਿਨਿੱਧਤਾ ਅਤੇ ਪਛਾਣ ਦਿੱਤੀ। ਜਿਸ ਸਵੈ ਵਿਸ਼ਵਾਸ ਵਿਚੋਂ ਉਹਨਾਂ ਨੇ ਜੰਗ ਦੇ ਮੈਦਾਨ ਵਿਚ ਜੌਹਰ ਵੀ ਦਿਖਾਏ ਤੇ ਬ੍ਰਾਹਮਣਿਕ ਸੱਤਾ ਅਤੇ ਦਾਬੇ ਦੀ ਦਰਜਾਬੰਦੀ ਨੂੰ ਵੰਗਾਰ ਪੇਸ਼ ਕੀਤੀ।

ਇਸ ਕਰਕੇ ਮਨਿੰਦਰ ਕਾਂਗ ਨਾ ਕੇਵਲ ਪੰਜਾਬ ਸੰਕਟ ਦੇ ਬਾਹਰੀ-ਅੰਦਰੂਨੀ ਕਾਰਣਾਂ ਦੀ ਥਾਹ ਪਾਉਂਦਾ ਹੈ ਸਗੋਂ ਪੰਜਾਬ ਦੀ ਸਮਾਜਿਕ ਪ੍ਰੈਕਟਿਸ ਵਿਚ ਪਈ ਜਾਤੀ ਵਿਵਸਥਾ ਨੂੰ ਵੀ ਬਿਨਾਂ ਕਿਸੇ ਓਹਲੇ ਦੇ ਸਾਹਮਣੇ ਰੱਖਦਾ ਹੈ।ਇਸ ਤਰ੍ਹਾਂ ਉਹ ਸਿੱਖ ਸਿਧਾਂਤਾਂ ਅਤੇ ਵਿਹਾਰਕਤਾ ਵਿਚ ਪਏ ਅੰਤਰ ਦਵੰਦਾਂ ਨੂੰ ਉਭਾਰ ਕੇ ਪਾਠਕ ਨੂੰ ਰੁਮਾਂਸਮੁਕਤ ਵੀ ਕਰਦਾ ਹੈ ਅਤੇ ਯਥਾਰਥ ਸਨਮੁੱਖ ਨੰਗੇ ਚਿਹਰੇ ਸੰਗ ਖੜ੍ਹਾ ਕਰਦਾ ਹੈ।

ਇਸ ਕਹਾਣੀ ਦਾ ਵਸਤੂ-ਜਗਤ ਹਨ੍ਹੇਰਗਰਦੀ ਦਾ ਸ਼ਿਕਾਰ ਪੰਜਾਬ ਹੈ।ਇਸ ਵਿਚ ਪੰਜਾਬ ਦੀ ਸਰ ਜ਼ਮੀਨ ਆਪ ਇਕ ਪਾਤਰ ਹੈ ,ਇਕ ਦੁਖਦ ਪਾਤਰ ਹੈ ਜਿਸਦੇ ਕਈ ਜ਼ਖ਼ਮ ਰਿਸ ਰਹੇ ਹਨ। ਜਿਸਦਾ ਸਾਜ਼, ਸੰਗੀਤ, ਸੁਹਜ, ਸੋਜ਼ ਅਤੇ ਸ਼ਾਂਤੀ ਬੰਦੂਕ ਦੀ ਗ੍ਰਿਫ਼ਤ ਵਿਚ ਹੈ। ਭਾਈਚਾਰਕ ਸਾਂਝ ਅਤੇ ਸੁਹੱਪਣ ਗੁੰਮ ਰਹੇ ਹਨ। ਤਣਾਅ ਅਤੇ ਤਸ਼ਦੱਦ ਦਾ ਵਾਤਾਵਰਣ ਸਾਰੀ ਕਹਾਣੀ ਵਿਚ ਛਾਇਆ ਹੋਇਆ ਹੈ। ਜ਼ਿੰਦਗੀ ਮੌਤ ਤੋਂ ਭਾਰੀ ਲੱਗਦੀ ਹੈ। ਬਿਰਤਾਂਤ ਤਰਨਤਾਰਨ ਦੇ ਇਲਾਕੇ ਦਾ ਹੈ। ਕਾਲ਼ੇ ਦਿਨਾਂ ਦਾ ਦੌਰ ਹੈ। ਕਹਾਣੀ ਦਾ ਕਾਲ 1993-2000 ਵਿਕਾਰ ਫੈਲਦਾ ਦਿਖਾਈ ਦਿੰਦਾ ਹੈ।ਇਸ ਦੌਰ ਬਾਰੇ ਕਹਾਣੀ ਵਿਚ ਕਹਾਣੀਕਾਰ ਲਿਖਦਾ-

*'ਉਹਨੂੰ ਪੁਲਿਸ ਨੇ ਜਦੋਂ ਚੁੱਕਿਆ ਸੀ, ਉਦੋਂ ਪੰਜਾਬ ਵਿਚ ਨਵੀਂ ਬਣੀ ਸਰਕਾਰ ਦਾ ਪਹਿਲਾ ਸਾਲ ਸੀ। ਮੁੱਖ ਮੰਤਰੀ ਨੇ ਆਪਣੇ ਚਹੇਤੇ ਪੁਲਿਸ ਮੁਖੀ ਨੂੰ ਮੰਗ ਕੇ ਲਿਆ ਸੀ। ਉਧਰ ਦਿੱਲੀ ਸਰਕਾਰ ਨੇ ਫ਼ੈਸਲਾ ਕਰ ਲਿਆ ਸੀ ਕਿ ਹੁਣ ਸਮਾਂ ਆ ਗਿਐ, ਪੰਜਾਬ ਵਿਚ "ਅਤਿਵਾਦ" ਦਾ ਭੂਤਨਾ ਫੇਰਨਾ ਬੰਦ ਕਰ ਦਈਏ। ਕੇਂਦਰ ਦੀਆਂ, ਪੰਜਾਬ ਦੀਆਂ ਅਤੇ ਬਾਕੀ ਹੋਰ ਮੁਲਕਾਂ*



*ਦੀਆਂ ਏਜੰਸੀਆਂ ਦੇ ਏਜੰਟਾਂ ਨੂੰ ਤਾਰ ਫੇਰ ਦਿੱਤੀ ਗਈ ਕਿ ਆਪਣੇ ਬੰਦੇ ਵਾਪਸ ਬੁਲਾ ਲਵੋ ਤੇ ਜਿਹੜੇ ਨਾਮੀ ਖਾੜਕੂ ਬਚਦੇ ਹਨ, ਉਹਨਾਂ ਦਾ ਟਿਕਟ ਕੱਟੋ! ਏਜੰਸੀਆਂ ਲਈ ਪੰਜਾਬ ਦਾ ਅੱਤਵਾਦ ਬੜੀ ਸੌਖੀ ਪ੍ਰੈਕਟਿਸ ਸੀ ਸੱਤਰ ਪਰਸੈਂਟ ਦੀ ਖਾੜਕੂਆਂ ਦੀ ਭਰਤੀ ਏਜੰਸੀਆਂ ਦੀ ਆਪਣੀ ਸੀ। ਬਾਕੀ ਬਚਦੇ ਹਾਰਡ ਕੋਰ ਤੀਹ ਪਰਸੈਂਟ, ਜਿਹੜੇ ਪੰਥ ਦੇ ਨਾਂ ਤੇ ਹੀ ਟਿਕੇ ਹੋਏ ਸਨ, ਉਹਨਾਂ ਕਮਲਿਆਂ ਨੂੰ ਏਜੰਸੀਆਂ ਦਸ ਦਿਨ ਦੀ ਮਾਰ ਨਹੀਂ ਸਮਝਦੀਆਂ ਸਨ। ਹੋਇਆ ਵੀ ਏਦਾਂ ਹੀ, ਏਜੰਸੀਆਂ ਦੇ ਬੰਦੇ ਲਹਿਰ ਵਿਚੋਂ ਬਾਹਰ ਆ ਗਏ ਤੇ ਖਾੜਕੂ ਸਾਰੇ ਮੁੱਖ ਮੰਤਰੀ ਅਤੇ ਪੁਲਿਸ ਮੁਖੀ ਦੀ ਜੋੜੀ ਨੇ ਮਹੀਨੇ ਦੇ ਵਿਚ ਹੀ ਗੱਡੀ ਚਾੜ੍ਹ ਦਿੱਤੇ। ਉੱਤੋਂ ਸੈਂਟਰ ਦਾ ਇਹ ਵੀ ਹੁਕਮ ਸੀ ਪਿੰਡਾਂ ਵਿਚ ਛਿੱਤਰ-ਪੌਲਾ ਚੰਗਾ ਫੇਰ, ਤਾਂ ਕਿ ਸਰਕਾਰ ਪਾਪੂਲਰ ਹੋ ਸਕੇ। ਛਿੱਤਰ ਪੈਣ ਤੇ ਲੋਕ ਆਪਣੇ ਐਮ.ਐਲ.ਏ., ਮੰਤਰੀਆਂ ਵੱਲ ਭੱਜਣਗੇ! ਦੂਸਰਾ ਸੈਂਟਰ ਨੂੰ ਇਹ ਵੀ ਪਤਾ ਲੱਗ ਗਿਆ ਸੀ ਕਿ ਪੰਜਾਬੀ ਜੀਹਦੇ ਕੋਲੋਂ ਵੱਧ ਛਿੱਤਰ ਖਾਣ, ਉਸੇ ਨੂੰ ਹੀ ਜੀਜਾ ਆਂਹਦੇ ਨੇ। ਸੋ ਉਹਨਾਂ ਉਹੀ ਕੀਤਾ'*

ਸੋ ਇਸ ਕਹਾਣੀ ਦਾ ਕਾਲ ਅਪ੍ਰੇਸ਼ਨ ਬਲਿਊ ਸਟਾਰ ਤੋਂ ਬਾਅਦ ਵਾਲੇ ਸਮੇਂ ਦਾ ਹੈ। ਕਹਾਣੀ ਵਿਚ ਫਲੈਸ਼ਬੈਕ ਦੀ ਵਿਧੀ ਰਾਂਹੀ ਪੰਜਾਬ ਦੇ ਪਿਛੋਕੜ, ਮਿੱਸੇ ਸਭਿਆਚਾਰ, ਭਾਈਚਾਰਕ ਸਾਂਝ ਅਤੇ ਸੰਤਾਲੀ ਦੀ ਦਰਦਨਾਕ ਵੰਡ ਦੇ ਵੇਰਵੇ ਬਹੁਤ ਭਾਵਪੂਰਤ ਸ਼ੈਲੀ ਵਿਚ ਸਿਰਜੇ ਗਏ ਹਨ। ਇਸ ਕਹਾਣੀ ਦਾ ਵਸਤੂ-ਯਥਾਰਥ ਜਲਿਟ, ਗੁੰਝਲਦਾਰ ਅਤੇ ਬਹੁ-ਪਰਤੀ ਹੈ ਕਿਉਂਕਿ ਇਹ ਕਹਾਣੀ ਪੰਜਾਬ ਦੇ ਜਲਿਟ, ਗੁੰਝਲਦਾਰ ਅਤੇ ਬਹੁ-ਪਰਤੀ ਇਤਿਹਾਸ ਦਾ ਗਲਪੀਕਰਨ ਕਰਦੀ ਹੈ।

ਇਹ ਕਹਾਣੀ ਕਿਉਂਕਿ ਇਤਿਹਾਸਕ ਮਸਲੇ ਬਾਰੇ ਬੁਣੀ ਗਈ ਹੈ ਇਸ ਕਾਰਣ ਇਤਿਹਾਸ ਬਾਰੇ ਰਾਇ ਵੀ ਵਿਕਸਤ ਕਰਦੀ ਹੈ। ਕਿਉਂਕਿ 'ਅਤੀਤ ਦੀ ਚਿੰਤਾ ਵਰਤਮਾਨ ਅਤੇ ਭਵਿੱਖ ਦੀ ਚਿੰਤਾ ਨਾਲ ਜੁੜੀ ਹੁੰਦੀ ਹੈ। ਇਤਿਹਾਸ ਦੀ ਪ੍ਰਕਿਰਿਆ ਵਿੱਚ ਅਤੀਤ, ਵਰਤਮਾਨ ਅਤੇ ਭਵਿੱਖ ਪਰਸਪਰ ਸੰਬੰਧਤ ਹੁੰਦੇ ਹਨ, ਇਨ੍ਹਾਂ ਵਿਕਾਸਸ਼ੀਲ ਸੰਬੰਧਾਂ ਦਾ ਬੋਧ ਹੀ ਇਤਿਹਾਸ ਬੋਧ ਹੈ।' (ਮੈਨੇਜਰ **ਪਾਂਡੇ, ਸਾਹਿਤਯ ਔਰ ਇਤਿਹਾਸ ਦ੍ਰਿਸ਼ਟੀ,ਪੰਨਾ 38**) ਵਾਸਤਵਿਕਤਾ ਦੀ ਤਲਾਸ਼ ਸੌਖਾ ਕਾਰਜ ਨਹੀਂ ਹੁੰਦਾ।ਇਸ ਕੰਮ ਲਈ ਇਤਿਹਾਸ ਦੇ ਵਿਸ਼ੇਸ਼ ਯੁੱਗ ਦੀਆਂ ਪਦਾਰਥਕ ਤੇ ਭੌਤਿਕ ਪਰਿਸਥਿਤੀਆਂ ਦੇ ਵਿਭਿੰਨ ਅੰਤਰ-ਵਿਰੋਧਾਂ ਦੀ ਸਮਝ ਹੋਣੀ ਜ਼ਰੂਰੀ ਹੈ। ਵੈਸੇ ਵੀ 'ਸਾਹਿਤਕਾਰ ਦੀ ਗਹਿਰਾਈ ਇਸ ਗੱਲ ਵਿੱਚ ਹੈ ਕਿ ਉਹ ਸਤਿਹ ਨੂੰ ਤੋੜਦਾ ਹੈ ਅਤੇ ਇਸ ਤਰ੍ਹਾਂ ਉਹ ਭਰਮਾਂ ਨੂੰ ਹਟਾ ਕੇ ਵਾਸਤਵਿਕਤਾ ਦਾ ਸਹੀ ਰੂਪ ਪੇਸ਼ ਕਰਦਾ ਹੈ।' (ਨਾਮਵਰ **ਸਿੰਘ, ਇਤਿਹਾਸ ਔਰ ਆਲੋਚਨਾ,ਪੰਨਾ 15**)। **ਕਹਾਣੀਕਾਰ** ਨੇ ਇਤਿਹਾਸਕ ਬੋਧ ਰਾਹੀਂ ਪੂਰਨ ਸਿੰਘ ਢਾਡੀ ਦੇ ਬਹਾਨੇ ਨਾਲ ਪੰਜਾਬ ਸੰਕਟ ਨੂੰ ਅਤੀਤ 'ਚੋਂ ਵਰਤਮਾਨ ਅਤੇ ਭਵਿੱਖ ਦੀ ਕੜੀ ਨਾਲ ਵਿਚਾਰਧਾਰਕ ਰੂਪ ਵਿੱਚ ਜੋੜਿਆ ਹੈ। ਇਸ ਵਿਚ ਜਮਾਤੀ ਵਖਰੇਂਵੇ ਅਤੇ ਅੰਤਰ ਵਿਰੋਧ ਵਿਦਮਾਨ ਹਨ ਜਿਹਨਾਂ ਕਾਰਣ ਪੰਜਾਬ ਦੀ ਸਮਾਜਕ ਸਭਿਆਚਾਰਕ ਏਕਤਾ ਦਾ ਸੰਕਟ ਵੀ ਉਭਰਦਾ ਹੈ। ਆਪਣੇ ਸਮਕਾਲ ਦੇ ਗੰਭੀਰ ਚਿੰਤਨ ਤੋਂ ਬਾਅਦ ਹੀ ਇਤਿਹਾਸਕ ਚੇਤਨਾ ਨੂੰ ਆਪਣੇ ਅਸਤਿੱਤਵ ਦੇ ਸੰਕਟ ਤੋਂ ਮੁਕਤੀ ਲਈ ਸਾਹਿਤਕ ਰੂਪ ਵਿੱਚ ਪੇਸ਼ ਕੀਤਾ ਜਾ ਸਕਦਾ ਹੈ। ਇਸ ਕੰਮ ਲਈ ਇਤਿਹਾਸ ਦਾ ਪੁਨਰ-ਮੁਲਾਂਕਣ ਹੀ ਨਹੀਂ ਸਗੋਂ ਨਵ-ਸਿਰਜਣ ਵੀ ਕਰਨਾ

ਪੈਂਦੀ ਹੈ। ਇਸ ਕਹਾਣੀ ਨੇ ਇਤਿਹਾਸ ਦਾ ਪੁਨਰ-ਮੁਲਾਂਕਣ ਵੀ ਕੀਤਾ ਤੇ ਸੱਤਾਸ਼ੀਲ ਤਾਕਤਾਂ ਦੁਆਰਾ ਸਿਰਜੇ ਭਰਮਾਂ ਦਾ ਨਿਖੇੜਾ ਕਰਕੇ ਪਾਠ ਦੀ ਨਵ-ਸਿਰਜਣਾ ਵੀ ਕੀਤੀ।

ਇਸ ਕਹਾਣੀ ਦਾ ਪ੍ਰਮੁੱਖ ਪਾਤਰ ਢਾਡੀ ਪੂਰਨ ਸਿੰਘ ਜੋਸ਼ ਹੈ ਜੋ ਕਿ ਸਰੰਗੀ ਦਾ ਉਸਤਾਦ ਅਤੇ ਗੁਰਮਤਿ ਸਮਾਗਮਾਂ ਵਿਚ ਵਾਰਾਂ ਗਾਉਣ ਵਾਲਾ ਬਹੁਤ ਸੂਖ਼ਮ ਮਨੁੱਖ ਵੀ ਸੀ। ਉਸ ਉੱਪਰ ਹੋਏ ਪੁਲਿਸ ਦੇ ਗ਼ੈਰ-ਮਨੁੱਖੀ ਜ਼ੁਲਮ ਨੂੰ ਕਹਾਣੀ ਬਿਆਨ ਕਰਦੀ ਹੈ ਅਤੇ ਨਾਲ-ਨਾਲ ਉਸਦੇ ਅੰਦਰਲੇ ਸੂਖ਼ਮ ਮਨੁੱਖ ਦੀ ਵਲੂੰਧਰੀ ਹੋਈ ਸਵੈ-ਚੇਤਨਾ, ਆਸਥਾ ਅਤੇ ਅਸਤਿਤਵ ਨੂੰ ਮੁੱਖ ਥੀਮ ਵਜੋਂ ਸਿਰਜਿਆ ਗਿਆ ਹੈ। ਉਸਦੀ ਪਛਾਣ ਬਹੁਤ ਪ੍ਰਸਿੱਧ ਢਾਡੀ ਵਜੋਂ ਸੀ ਜਿਸਦਾ ਪੰਥ ਅੰਦਰ ਬਹੁਤ ਮਾਣ-ਸਨਮਾਨ ਹੈ। ਪਰ ਕਹਾਣੀ ਦੀ ਸ਼ੁਰੂਆਤ ਵਿਚ ਹੀ ਜਦੋਂ ਪੂਰਨ ਸਿੰਘ ਜੋਸ਼ ਘਰ ਦੇ ਬਾਹਰ ਕੰਧ ਤੇ ਆਪਣਾ ਲਿਖਿਆ ਨਾਮ ਪੜ੍ਹਦਾ ਹੈ ਤਾਂ ਉਹ ਮੂੰਹ ਵਿਚ 'ਬੁੜ ਬੁੜ' ਕਰਦਾ ਹੈ ਅਤੇ 'ਕਚੀਚੀ' ਵੱਟਦਾ ਹੈ। ਇਹ ਬੁੜ ਬੁੜ ਅਤੇ ਕਚੀਚੀ ਦੇ ਸਰੀਰਕ ਮਾਨਸਿਕ ਕਰਮ ਰਾਹੀਂ ਕਹਾਣੀਕਾਰ ਪ੍ਰਮੁੱਖ ਪਾਤਰ ਦੇ ਰੋਹ, ਗੁੱਸੇ ਅਤੇ ਹਤਾਸ਼ਾ ਨੂੰ ਪੇਸ਼ ਕਰਦਾ ਹੈ। ਇਹ ਬੁੜ ਬੁੜ ਉਸ ਦਵੰਦ ਨੂੰ ਪੇਸ਼ ਕਰਦੀ ਹੈ ਜੋ ਉਸਦੇ ਨਾਮ ਦੇ ਸੰਕਪਲ ਤੇ ਸਿਧਾਂਤ ਨੂੰ ਯਥਾਸਥਿਤੀ ਅਤੇ ਸੱਤਾ ਦੁਆਰਾ ਦਿੱਤੇ ਗਏ ਜ਼ੁਲਮ ਨਾਲ ਟਕਰਾਉਂਦੀ ਹੈ।ਆਪਣੇ ਨਾਮ ਨੂੰ ਦੇਖ ਪੜ੍ਹ ਕੇ ਕਚੀਚੀ ਲੈਣਾ ਸਧਾਰਣ ਦ੍ਰਿਸ਼ ਨਹੀਂ ਹੈ। ਕਹਾਣੀ ਦੇ ਇਸ ਪੈਰ੍ਹੇ ਵਿਚ ਪੂਰਨ ਸਿੰਘ ਜੋਸ਼ ਮਨੋ ਬਚਨੀ ਕਰਦਾ ਜਾ ਰਿਹਾ ਹੈ ਜਿਸ ਰਾਹੀਂ ਉਹ ਵਸਤੂ ਸਥਿਤੀ ਨੂੰ ਹੌਲੀ ਹੌਲੀ ਪਰਦੇ ਤੋਂ ਬਾਹਰ ਲਿਆਉਂਦਾ ਹੈ। ਉਹ ਮਨੋ ਮਨ ਕਹਿੰਦਾ ਹੈ-

*'ਅਤੀਤ ਬੜਾ ਸ਼ਾਨਦਾਰ ਸੀ, ਪਰ ਦੁੱਧ ਵਿਚ ਕਾਂਜੀ ਕਦੋਂ ਪਈ ?'*

ਦੁੱਧ ਵਿਚ ਕਾਂਜੀ ਦੇ ਚਿਹਨ ਰਾਹੀਂ ਕਾਂਗ ਪਾਠਕ ਦਾ ਧਿਆਨ ਇਤਿਹਾਸ ਵੱਲ ਲੈ ਜਾਂਦਾ ਹੈ ਅਤੇ ਸਵਾਲ ਉਭਾਰਦਾ ਹੈ ਕਿ ਇਸ ਪੰਜਾਬ ਸੰਕਟ ਕਾਲ ਲਈ ਜ਼ਿੰਮੇਵਾਰ ਕੌਣ ਹੈ ? ਇਹ ਕਾਂਜੀ ਰਾਜਨੀਤਿਕ, ਸਮਾਜਕ-ਸਭਿਆਚਾਰਕ, ਆਰਥਿਕਤਾ ਜਾਂ ਕੇਂਦਰੀ ਹਕੂਮਤ ਦੀ ਹੈਜਮਨੀ ਨੇ ਪਾਈ, ਇਹੀ ਕਾਰਣ-ਸਬੰਧ ਇਸ ਸੰਕਟ ਨੂੰ ਜਲਿਟ ਬਣਾਉਂਦਾ ਹੈ ।ਸ਼ਾਇਦ ਇਸ ਕਰਕੇ ਕਹਾਣੀਕਾਰ ਪੂਰਨ ਸਿੰਘ ਢਾਡੀ ਦੇ ਹਵਾਲੇ ਨਾਲ ਪੰਜਾਬ ਦੀ ਹੋਣੀ ਨੂੰ 'ਖੂਹ 'ਚ ਪੁੱਠੇ ਲਟਕਣ' ਦੀ ਤਸ਼ਬੀਹ ਨਾਲ ਬਿਆਨਦਾ ਹੈ। ਜਦੋਂ ਕਿਸੇ ਸੰਕਟ ਨੂੰ ਪਰਿਭਾਸ਼ਤ ਕਰਨਾ ਹੋਵੇ ਉਦੋਂ ਉਸ ਦੇ ਸਰਬ-ਪੱਖੀ ਪਹਿਲੂਆਂ ਬਾਰੇ ਸਮਝ ਵਿਕਸਤ ਕਰਨੀ ਲਾਜ਼ਮੀ ਹੋ ਜਾਂਦੀ ਹੈ। ਪੰਜਾਬ ਸੰਕਟ ਦੀ ਪਰਿਭਾਸ਼ਾ ਦਾ ਸਵਾਲ ਵੀ ਬਹੁਤ ਗੁੰਝਲਦਾਰ ਰਿਹਾ ਹੈ। ਜੇਕਰ ਸਮਾਜ ਵਿਗਿਆਨ ਝੋਲ ਖਾ ਰਹੇ ਹੋਣ ਤਾਂ ਸਾਹਿਤ ਉਸਦੀ ਭਰਪਾਈ ਕਰਦਾ ਹੈ। ਵਿਚਾਰਧਾਰਈ ਪ੍ਰਪੱਕਤਾ ਅਤੇ ਮਾਨਵੀ ਸੰਵੇਦਨਾ ਬਾਰੇ ਪ੍ਰਤਿਬੱਧਤਾ ਨਾਲ ਲਿਖੇ ਸਾਹਿਤ ਵਿਚੋਂ ਇਤਿਹਾਸਕ ਚੇਤਨਾ ਪ੍ਰਾਪਤ ਹੋ ਜਾਂਦੀ ਹੈ।ਜਿਸ ਤਰ੍ਹਾਂ ਕਿ ਇਸ ਕਹਾਣੀ ਨਾਲ ਹੁੰਦਾ ਹੈ।

ਪੂਰਨ ਸਿੰਘ ਜੋਸ਼ ਢਾਡੀ ਪ੍ਰੰਪਰਾ ਨੂੰ ਜਿਊਣ ਵਾਲਾ ਪੰਥ ਦਰਦੀ ਹੈ। ਲੇਖਕ ਫਲੈਸ਼ਬੈਕ ਦੀ ਵਿਧੀ ਰਾਹੀਂ ਉਸਦੇ ਬਾਪ, ਦਾਦਾ ਅਤੇ ਪਰਿਵਾਰਕ ਪਿਛੋਕੜ ਦੇ ਬਹੁਤ ਵਿਸਥਾਰਿਤ ਵੇਰਵੇ ਦਿੰਦਾ ਹੈ। ਉਹ ਉਸ ਵੇਲ਼ੇ ਦੀ ਗੱਲ ਦਸਦਾ ਹੈ ਜਦੋਂ 'ਲੋਕੀਂ ਗੁੜ ਦੀ ਭੇਲੀ ਨਾਲ ਰੋਟੀ ਖਾ ਛੱਡਦੇ ਸਨ ਜਾਂ ਲੱਸੀ ਨਾਲ ਲਾਲ ਮਿਰਚਾਂ ਤੇ ਲੂਣ ਘੋਲ ਕੇ ਰੋਟੀ ਲੰਘਾ ਛੱਡਦੇ ਸਨ'। ਜਿਸਨੂੰ ਉਹ 'ਭਲੇ ਵੇਲੇ' ਨਾਲ ਸੰਬੋਧਨ ਕਰਦਾ ਹੈ। ਸਾਂਝਾ ਪੰਜਾਬ ਅਤੇ ਮਿੱਸੇ



ਸਭਿਆਚਾਰ ਦਾ ਜ਼ਿਕਰ ਵਾਰ ਵਾਰ ਸਮ੍ਰਿਤੀ ਬਣ ਕੇ ਆਉਂਦਾ ਹੈ (ਜਿਵੇਂ ਉਸਤਾਦ ਨਜ਼ੀਰ ਮੀਆਂ ਕੋਲੋਂ ਸਾਰੰਗੀ ਸਿੱਖਣਾ)।

ਦਰਦਨਾਕ ਪੰਜਾਬ ਵੰਡ ਨੇ ਪੰਜਾਬ ਦੀ ਬਾਹਵਾਂ ਵੱਢ ਦਿੱਤੀਆਂ, ਨਹਿਰੂ ਦੇ 'ਸਮਾਜਵਾਦ' ਦਾ ਜਲਦੀ ਅੰਤ ਹੋ ਗਿਆ, ਹਰੀ ਕ੍ਰਾਂਤੀ ਨੇ ਸਮਾਜਿਕ ਆਰਥਿਕ ਅਤੇ ਜਮਾਤੀ ਪਾੜਾ ਵਧਾਇਆ, ਪੰਜਾਬ ਖੇਤੀਬਾੜੀ ਸੈਕਟਰ ਤਾਂ ਬਣ ਗਿਆ ਪਰ ਇਤਿਹਾਸਕ ਗਤੀ 'ਚ ਸਨਅਤੀ ਇਨਕਲਾਬ ਵੱਲ ਨਾ ਵੱਧ ਬੇਅੰਤ ਸਿੰਘ ਅਤੇ ਕੇ. ਪੀ.ਐਸ. ਗਿੱਲ ਦੀ ਜੋੜੀ ਦੁਆਰਾ 'ਅੱਤਵਾਦ' ਦਾ ਸਫਾਇਆ, ਸਰਕਾਰੀ ਤੰਤਰ ਦੁਆਰਾ ਅਨੰਤ ਜਬਰ-ਜ਼ੁਲਮ ਦੇ ਕਿੱਸੇ, ਖਾੜਕੂਆਂ ਨੂੰ ਮੁੱਖਧਾਰਾ 'ਚ ਲਿਆਉਣਾ, ਸੋਵਿਅਤ ਯੂਨੀਅਨ ਦਾ ਟੁੱਟਣਾ, ਭਾਰਤ ਦਾ ਨਵ-ਉਦਾਰਵਾਦੀ ਆਰਥਿਕਤਾ ਵੱਲ ਵੱਧਣਾ, ਵਿਸ਼ਵੀਕਰਨ ਜ਼ਰੀਏ ਨਵ-ਪੰਜੀਵਾਦ ਦਾ ਰਾਹ ਮੋਕਲ਼ਾ ਕਰਨਾ ਆਦਿ ਉਹ ਪ੍ਰਮੁੱਖ ਘਟਨਾਵਾਂ ਹਨ ਜੋ 1990-2000 ਦੌਰਾਨ ਵਾਪਰੀਆਂ, ਜਿਨ੍ਹਾਂ ਨੇ ਪੰਜਾਬ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। ਇਹਨਾਂ ਚੋਂ ਕੁਝ ਘਟਨਾਵਾਂ ਦੇ ਹਵਾਲੇ ਇਸ ਕਹਾਣੀ ਵਿਚ ਆਉਂਦੇ ਹਨ। ਜਿਵੇਂ ਸੰਤਾਲੀ ਦੀ ਵੰਡ ਦਾ ਦ੍ਰਿਸ਼,ਭਰਾ ਮਾਰੂ ਫ਼ਿਰਕੂ ਲੜਾਈ, ਪੁਲਿਸੀਆਂ ਤਸ਼ਦੱਦ, ਕਤਲ, ਭ੍ਰਿਸ਼ਟਾਚਾਰ, ਸਰਕਾਰ ਅਤੇ ਏਜੰਸੀਆਂ ਦੁਆਰਾ ਪੰਜਾਬ ਦਾ ਮਾਹੌਲ ਖਰਾਬ ਕਰਨਾ ਆਦਿ। ਇਸਦੇ ਕਾਲੇ ਦੌਰ ਦੇ ਪਾਤਰ ਪੁਲਿਸ ਮੁਲਾਜ਼ਮ ਜੀਤ ਬਿੱਲਾ ਜੋ ਕਿ ਐਸ.ਐਸ.ਪੀ ਬਣ ਜਾਂਦਾ ਹੈ, ਅਜੈਬਾ ਸ਼ੁਦਾਈ, ਘਿੱਲੀ ਤੇ ਤਾਰਾ ਦਿਖਾਏ ਹਨ। ਜਿਹਨਾਂ ਲਈ ਬੇਰਿਹਮੀ, ਬੇਸ਼ਰਮੀ ਅਤੇ ਤੜਫਾ ਤੜਫਾ ਕੇ ਕਤਲ ਕਰਨੇ 'ਪ੍ਰਮੋਸ਼ਨ' ਹੈ। ਪਰ ਦੂਜੇ ਪਾਸੇ ਪੁਲਿਸ ਵਿਚ ਨਿੰਦਰ ਹੌਲਦਾਰ ਵਰਗੇ ਸੁਹਿਰਦ ਤੇ ਸੰਵੇਦਨਸ਼ੀਲ ਪਾਤਰ ਵੀ ਹਨ ਜੋ ਮਨੁੱਖਤਾ ਦਾ ਧਰਮ ਨਿਭਾਉਂਦੇ ਹਨ। ਇਹੀ ਅਸਲ ਪੰਜਾਬ ਵੀ ਹੈ ਜੋ ਬਿਪਤਾ 'ਚ ਮਜ਼ਮੂਲ ਨਾਲ ਖੜ੍ਹਦਾ ਹੈ।

ਇਸ ਕਹਾਣੀ ਵਿਚ ਪੂਰਨ ਸਿੰਘ ਜੋਸ਼ ਪਾਤਰ ਰਾਹੀਂ ਪੰਜਾਬੀ ਬੰਦੇ ਦੇ ਜ਼ਹਿਨ, ਸਮ੍ਰਿਤੀ ਅਤੇ ਸੰਵੇਦਨਾ ਰਾਹੀਂ ਉਸ ਕੰਡੇ ਦੀ ਸ਼ਨਾਖਤ ਵੀ ਕੀਤੀ ਗਈ ਹੈ ਜੋ ਉਸਨੂੰ 'ਸੌਣ' ਨਹੀਂ ਦਿੰਦੀ। ਪੂਰਨ ਸਿੰਘ ਨੂੰ ਇਸਦੀ ਜੜ੍ਹ ਦਾ ਅਹਿਸਾਸ ਹੈ। ਉਹ ਇਸ ਲਈ ਵਿਲਕਦਾ ਹੈ ਤੇ ਬਦਲਾ ਲੈਣ ਦਾ ਇੱਛੁਕ ਹੈ। ਪਰ ਦੌਰ ਤਬਦੀਲ ਹੋ ਚੁੱਕਾ ਹੈ। ਪੰਜਾਬ ਬਦਲ ਰਿਹਾ ਸੀ। ਜੀਤ ਬਿੱਲਾ ਐਸ.ਐਸ.ਪੀ ਸਾਹਿਬ ਬਣ ਗਿਆ ਸੀ ਤੇ ਮੇਲਿਆਂ ਤੇ ਪ੍ਰਧਾਨਗੀ ਕਰਨ ਆਉਂਦਾ ਹੈ ਅਤੇ ਤਕਲੀਫ ਵਿਚ 'ਹੁਣ ਕੋਈ ਉਸਦੇ ਸਿਰ ਤੇ ਹੱਥ ਰੱਖ ਕੇ ਬਾਣੀ ਪੜ੍ਹਨ ਵਾਲਾ ਨਹੀਂ ਸੀ ਰਿਹਾ'। ਉਹ ਚਾਹੁੰਦਾ ਹੈ ਕਿ ਜੀਤ ਬਿੱਲੇ ਸਾਹਮਣੇ ਦੁਬਾਰਾ ਚੁਣੌਤੀ ਪੇਸ਼ ਕਰਕੇ ਆਪਣੇ-ਆਪ ਨੂੰ ਜਿਉਂਦਾ ਕੀਤਾ ਜਾਵੇ। ਇਹ ਉਸਦੀ ਹੋਂਦ, ਹੋਣੀ ਅਤੇ ਹਸਤੀ ਦਾ ਸਵਾਲ ਸੀ ਜਾਂ ਕਹਿ ਲਈਏ ਪੰਜਾਬ ਦੀ ਹੋਣੀ ਤੇ ਜਿਉਂਦੇ ਹੋਣ ਦਾ ਸਵਾਲ ਵੀ ਹੈ। ਪਰ ਕੋਈ ਵੀ ਕਵੀਸ਼ਰ ਤੇ ਢਾਡੀ ਉਸ ਨਾਲ ਨਹੀਂ ਸੀ ਨਾ ਉਸਦਾ ਪਰਿਵਾਰ ਨਾ ਚੇਲੇ। ਇਹ ਹਾਲਾਤ ਉਸ ਅੰਦਰ ਖਿੱਝ,ਗੁੱਸਾ ਅਤੇ ਰੋਹ ਭਰ ਰਹੇ ਸਨ। ਕਹਾਣੀ ਚ ਇਹ ਵਸਤੀ ਸਥਿਤੀ ਇਸ ਤਰ੍ਹਾਂ ਦਰਜ ਹੈ-

*"ਉਏ! ਭੈਣ ਦਾ ਯਾਰ, ਜੀਤ ਬਿੱਲਾ ਐਤਕੀਂ ਸੱਦ ਲਿਆ ਲੱਖਦਾਤੇ ਦੇ ਮੇਲੇ ਆਲਿਆਂ। ਬੰਦਾ ਪੁੱਛੇ , ਪਈ ਮਾਰ ਜਿਨ੍ਹੇ ਸਾਰਾ 'ਲਾਕਾ ਕੁੱਟ ਕੁੱਟ ਮਾਰ ਤਾ। ਕੁੱਤਿਓ, ਉਸੇ ਈ ਭਣੋਈਏ ਤੋਂ ਪ੍ਰਧਾਨਗੀ ਕਰਾਉਣੀ ਐ? ਮੈਂ ਸੁਖਦੇਵ ਦੇ ਜਾ ਆਇਆਂ। ਸਰਦੂਲ ਦੇ ਹੋ ਆਇਆਂ। ਗੁਰਮੀਤ ਹੋਰਾਂ ਕੋਲ ਵੀ ਹੋ ਆਇਆਂ, ਜਿਹੜੇ ਵੱਡੇ ਬੱਬਰ ਬਣਦੇ ਸੀ। ਮੈਂ ਕਿਹਾ*

*ਪਈ ਕੰਜਰੋ, ਕੋਈ ਜਣਾ ਤੇ ਸ਼ਹੀਦਾਂ ਦੀ ਵਾਰ ਗਾ ਦਿਉਂ। ਬਾਬੇ ਭਿੰਡਰਾਂਵਾਲੇ ਦੀ, ਬਾਬੇ ਰਾਮ ਸੁੰਹ ਭਿੱਖੀ ਪਿੰਡ ਦੀ, ਸੁਬੇਗ ਸਹੁੰ ਦੀ, ਆਪਣੇ ਇਲਾਕੇ ਆਲੇ ਗੁਰਮਿੰਦਰ ਦੀ ਵਾਰ ਹੀ ਗਾ ਦਿਉ। ਕਹਿੰਦੇ, ਅਖੇ, ਹਮਕੋ ਜੀਤ ਬਿੱਲੇ ਸੇ ਡਰ ਲਗਤੈ। ਹਮ ਨੇ ਪੰਗਾ ਨਹੀਂ ਲੈਣਾ। ਕੁੱਤੇ ਨਾਚੇ ਮਾਈਂ ਯਾਵ੍ਹੇ। ਲੱਗਦੇ ਐ ਢਾਡੀ ਬਣਨ ਦੇ....!"*

ਉਸ ਅੰਦਰ ਅਤੀਤ ਦੇ ਜ਼ਖ਼ਮ ਖਿੜ ਪੈਂਦੇ ਹਨ ਉਹ ਜੂਝਣਾ ਚਾਹੁੰਦਾ ਹੈ, ਲੜਨਾ ਚਾਹੁੰਦਾ ਹੈ। ਉਸ ਨੂੰ ਆਪਣੀ ਹਿੱਕ ਸੁਲਗਦੀ ਮਹਿਸੂਸ ਹੁੰਦੀ ਹੈ। ਉਸਦੀ ਪ੍ਰਤਿਰੋਧੀ ਚੇਤਨਾ ਨੂੰ ਵਿਚਾਰਧਾਰਾਈ ਪ੍ਰਵਾਹ ਨਹੀਂ ਮਿਲਦਾ। ਉਸ ਨਾਲ ਕੋਈ ਨਹੀਂ ਖੜ੍ਹਦਾ ਜਿਸ ਕਰਕੇ ਉਦਾ ਹਤਾਸ਼ਾ 'ਚ ਜਾਣਾ ਸੁਭਾਵਿਕ ਹੈ। ਪਰ ਫਿਰ ਵੀ ਮੇਲਾ ਦੇਖਣਾ ਦੀ ਚਾਹਤ ਉਸ ਅੰਦਰ ਹੈ। ਪਰ ਕਿਰਪਾਲ ਜੋ ਕਿ ਮਜ਼੍ਹਬੀ ਸਿੱਖ ਹੈ ਪੂਰਨ ਸਿੰਘ ਦੀ ਅਧੂਰੀ ਖਾਹਿਸ਼ ਪੂਰੀ ਕਰਦਾ ਹੈ। ਉਸਨੂੰ ਉਦੋਂ ਪਤਾ ਲੱਗਦਾ ਹੈ ਜਦੋਂ ਉਹ ਮੇਲੇ ਵੱਲ ਜਾਂਦਾ ਹੈ ਉਸਨੂੰ ਸਟੇਜ ਤੋਂ ਕਿਰਪਾਲ ਦੀ ਆਵਾਜ਼ ਸੁਣਦੀ ਹੈ ਜਿਵੇਂ ਉਹ ਕਿਸੇ ਮੰਤਰ ਨਾਲ ਕੀਲਿਆ ਗਿਆ ਹੋਵੇ-

*'ਤਿੰਨ ਮੋਟਰ-ਸੈਕਲ ਵਾਲਿਆਂ ਨ*
*ਬਈ ਡਿਪਟੀ ਦਾ ਟਿਕਟ ਕਟਾ ਤਾ ਜੀ!'*

ਮਨਿੰਦਰ ਕਾਂਗ ਕਹਾਣੀ ਦੇ ਅੰਤ ਨੂੰ ਖੁੱਲ੍ਹਾ ਛੱਡਦਾ ਹੈ, ਪਾਠਕ ਆਪਣੇ ਬੋਧ ਚੋਂ ਅਰਥ ਪ੍ਰਾਪਤ ਕਰ ਸਕਦਾ ਹੈ। ਪਰ ਕਿਰਪਾਲ ਦਾ ਇਹ ਵਾਰ ਗਾਉਣਾ ਵਸਤੂ ਸਥਿਤੀ ਨੂੰ ਸਪਸ਼ਟ ਕਰਦਾ ਹੈ ਕਿ ਪੰਜਾਬ ਸ਼ਹੀਦੀ ਵਾਰਾਂ ਗਾਉਣ ਲਈ ਉਸ ਧਿਰ ਨੂੰ ਪਛਾਣੇ ਜਿਸਨੂੰ ਸਿੱਖ ਦਰਸ਼ਨ ਨੇ ਗਲ ਨਾਲ ਲਗਾਇਆ ਤੇ ਸਿੱਖ ਪ੍ਰੈਕਟਿਸ ਨੇ ਉਸਨੂੰ ਹਾਸ਼ੀਏ ਤੇ ਸੁੱਟ ਦਿੱਤਾ।

ਮਨਿੰਦਰ ਕਾਂਗ 'ਦੋ ਤਲਵਾਰਾਂ ਬੱਧੀਆਂ' ਕਹਾਣੀ ਦੀ ਵਸਤੂ-ਰਚਨਾ ਵਿਚ ਪੰਜਾਬ ਸੰਕਟ ਦੇ ਨਾਲ ਨਾਲ ਢਾਡੀ ਪ੍ਰੰਪਰਾ ਅਤੇ ਵਾਰ ਕਾਵਿ ਗਾਇਣ ਦੇ ਬਿਰਤਾਂਤ ਵੀ ਸਿਰਜਦਾ ਹੈ। ਸਿੱਖ ਅਵਚੇਤਨ ਵਿਚ ਵੀਰ ਰਸ ਦੀ ਮਹਾਨਤਾ ਤੇ ਮਹੱਤਤਾ ਨੂੰ ਜ਼ਬਰ ਜ਼ੁਲਮ ਖਿਲਾਫ਼ ਜੂਝਣ ਲਈ ਵਿਚਾਰਧਾਰਾਈ ਚੇਤਨਾ ਵਜੋਂ ਪੇਸ਼ ਕਰਦਾ ਹੈ। ਪਰ ਇਸਦੇ ਨਾਲ ਉਹ ਇਸ ਕਹਾਣੀ ਵਿਚ ਕਿਰਪਾਲ ਨਾਂ ਦੇ ਪਾਤਰ ਰਾਹੀਂ ਸਿੱਖ ਸਮਾਜ ਦੀ ਵਿਹਾਰਕਤਾ ਵਿਚ ਰਮੀ ਹੋਈ ਜਾਤ ਪ੍ਰਣਾਲੀ ਨੂੰ ਵੀ ਉਘਾੜਦਾ ਹੈ। ਬੇਸ਼ੱਕ ਦਲਿਤ ਸਮਾਜ ਦੀਆਂ ਦੁਸ਼ਵਾਰੀਆਂ ਦਾ ਮੁੱਢ ਰਿਗਵੇਦ ਦੇ ਪੁਰਸ਼ ਸੁਕਤ (10.90) ਤੋਂ ਹੀ ਬੱਝਿਆ ਜਿਸ ਮੁਤਾਬਿਕ ? ਬ੍ਰਹਮਾ ਦਾ ਮੂੰਹ ਪੁਜਾਰੀ ਬਣਿਆ (ਬ੍ਰਾਹਮਣ ਜੋ ਪਵਿੱਤਰ ਬਾਣੀ ਦਾ ਕਰਤਾ ਧਰਤਾ ਸੀ); ਸਾਰੇ ਵੈਦਿਕ ਪੁਜਾਰੀ ਬ੍ਰਾਹਮਣ ਹੀ ਸਨ। ਉਸ ਦੀਆਂ ਬਾਹਾਂ ਰਾਜਾ ਸਨ (ਖੱਤਰੀ ਮਜ਼ਬੂਤ ਬਾਂਹ, ਲੜਾਕਿਆਂ ਦੀ ਜਮਾਤ, ਸਿਪਾਹੀ ਅਤੇ ਰਾਜੇ); ਉਸਦੇ ਪੱਟ, ਸਾਧਾਰਣ ਮਨੁੱਖ (ਵੈਸ਼ਿਆ, ਜਰਖ਼ੇਜ਼ ਉਤਪਾਦਕ, ਆਮ ਜਨਤਾ, ਤੀਜਾ ਹਿੱਸਾ ਜੋ ਉਪਰਲੇ ਦੋਹਾਂ ਵਰਣਾਂ ਅਤੇ ਆਪਣੇ ਲਈ ਭੋਜਨ ਦੀ ਉਤਪੱਤੀ ਕਰਦਾ ਸੀ) ; ਅਤੇ ਉਸਦੇ ਪੈਰ-ਸਰੀਰ ਦਾ ਸਭ ਤੋਂ ਹੇਠਲਾ ਤੇ ਗੰਦਾ ਹਿੱਸਾ - ਨੌਕਰ (ਸ਼ੂਦਰ) ਪੈਦਾ ਹੋਏ **(Wendy Doniger, The Hindus an Alternative History, page 118)। ਇਸ** ਦਰਜੇਬੰਦੀ ਨੂੰ ਬਾਅਦ ਵਿਚ ਜਨਮ ਨਾਲ ਜੋੜ ਕੇ 'ਮਨੁਸਿਮ੍ਰਤੀ' ਨੇ ਵਰਣ-ਵਿਵਸਥਾ ਨੂੰ ਹੋਰ ਪੱਕਾ ਕਰ ਦਿੱਤਾ ਜਿਸ ਨੇ ਸਮਕਾਲ ਤੱਕ ਆਪਣੇ ਰੂਪ ਨੂੰ ਕਾਇਮ ਰੱਖਿਆ ਹੋਇਆ ਹੈ।



ਇਸ ਵਿਵਸਥਾ ਖ਼ਿਲਾਫ਼ਚਾਰਵਾਕ ਦਰਸ਼ਨ ਤੇ ਬੁੱਧ ਫਲਸਫੇ ਤੋਂ ਲੈ ਕੇ ਭਗਤੀ ਲਹਿਰ ਦੇ ਸੰਤ ਕਵੀਆਂ, ਸਿੱਖ ਦਰਸ਼ਨ (ਨਾਮਦੇਵ, ਕਬੀਰ, ਰਵਿਦਾਸ, ਤ੍ਰਿਲੋਚਨ, ਸਧਨਾ, ਸੈਣ, ਪੀਪਾ, ਨਾਨਕ ਆਦਿ) ਨੇ ਅਛੂਤ, ਸ਼ੂਦਰ, ਬੇਜ਼ਮੀਨੇ, ਮਿਹਨਤਕਸ਼ ਕਾਰੀਗਰ ਸ਼੍ਰੇਣੀ ਨਾਲ ਇਕਸੁਰਤਾ ਪੈਦਾ ਕਰਕੇ ਉਨ੍ਹਾਂ ਅੰਦਰ ਚੇਤਨਾ ਦਾ ਪ੍ਰਵਾਹ ਪੈਦਾ ਕੀਤਾ। ਆਧੁਨਿਕ ਕਾਲ ਵਿਚ ਦਲਿਤ ਚੇਤਨਾ ਲਈ ਸੰਗਠਿਤ ਲਹਿਰਾਂ ਪੈਦਾ ਹੋਈਆਂ ਜਿਨ੍ਹਾਂ ਦੀ ਮੂਲ ਸੁਰ ਪ੍ਰਤਿਰੋਧ ਹੀ ਸੀ। ਸਮਾਜਿਕ, ਸਿਆਸੀ, ਸਭਿਆਚਾਰ, ਆਰਥਿਕ, ਧਾਰਮਿਕ ਪੱਧਰ ਉੱਪਰ ਇਹ ਪ੍ਰਤਿਰੋਧੀ ਲਹਿਰਾਂ ਕਾਰਜਸ਼ੀਲ ਰਹੀਆਂ। ਜੋਤੀਬਾ ਫੂਲੇ (1827-1890) ਨੇ 1873ਈ. ਵਿਚ 'ਸਤਿਆ ਸ਼ੋਧਕ ਸਮਾਜ' ਦੀ ਸਥਾਪਨਾ ਕੀਤੀ, ਦੱਖਣ ਭਾਰਤ ਵਿਚ ਆਦਿ ਦਰਾਵੜ ਮਹਾਜਨ ਸਭਾ 1927 ਈ, ਕੇਰਲ ਵਿਚ ਆਇਨਕਲੀ (1863-1941), ਤਾਮਿਲਨਾਡੂ ਵਿਚ ਐਮ.ਸੀ. ਰਾਜਾ, ਆਂਧਰਾ ਪ੍ਰਦੇਸ਼ ਵਿਚ ਭਾਗਯ ਰੈਡੀ ਵਰਮਾ (1888-1939), ਆਦਿ ਹਿੰਦੂ ਮਹਾਂਸਭਾ (1926), ਉੱਤਰ ਭਾਰਤ ਵਿਚ ਆਦਿ ਹਿੰਦੂ, ਸੰਸਥਾਪਕ ਸਵਾਮੀ ਅਛੂਤਾਨੰਦ (1839-1932), ਆਦਿ ਧਰਮ ਮੰਡਲ, ਪੰਜਾਬ (ਬਾਨੀ, ਗਦਰੀ ਬਾਬਾ ਮੰਗੂ ਰਾਮ, 1886-1980), ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ (1891-1956), ਕਾਂਸ਼ੀ ਰਾਮ (1931-2006) ਆਦਿ ਪ੍ਰਮੁੱਖ ਲਹਿਰਾਂ, ਚਿੰਤਕਾਂ ਤੇ ਸਮਾਜ ਸੁਧਾਰਕਾਂ ਨੇ ਦਲਿਤ ਮੁਕਤੀ ਲਈ ਜ਼ਬਰਦਸਤ ਸੰਘਰਸ਼ ਕੀਤਾ। ਇਨ੍ਹਾਂ ਪ੍ਰਤਿਰੋਧੀ ਲਹਿਰਾਂ ਨੇ ਦਲਿਤ ਸਾਹਿਤ ਅੰਦਰ ਕ੍ਰਾਂਤੀ ਅਤੇ ਪਰਿਵਰਤਨ ਦੀ ਰੂਹ ਫੂਕੀ। ਪਰ ਇਹਨਾਂ ਮਹਾਨ ਯਤਨਾਂ ਦੇ ਭਾਰਤੀ ਸਮਾਜ ਅਤੇ ਸੰਸਕ੍ਰਿਤੀ ਅੰਦਰ ਸਮਾਜਕ ਪਛਾਣ ਦਾ ਅਧਾਰ ਜਾਤ ਹੀ ਰਹੀ ਹੈ। ਜਦੋਂ ਇਨਕਲਾਬੀ ਸਪਰਿਟ ਵਾਲੀਆਂ ਵਿਚਾਰਧਾਰਾਵਾਂ ਅੰਦਰ ਇਸ ਮਨੂ ਦੇ ਬਣਾਏ ਜਾਤ-ਨੇਮ ਕਾਰਜ ਕਰਦੇ ਹਨ ਤਾਂ ਸਮਾਜਿਕ ਗਤੀ ਠਠੰਬਰ ਜਾਂਦੀ ਹੈ। ਇਤਿਹਾਸਕ ਪ੍ਰਵਾਹ ਠਹਿਰ ਜਾਂਦਾ ਹੈ।ਇਸ ਜਮੂਦ ਨੂੰ ਤੋੜਨ ਤੋਂ ਪਹਿਲਾਂ ਇਸਦੀ ਪਛਾਣ ਜ਼ਰੂਰੀ ਹੈ। ਇਸ ਕਹਾਣੀ ਵਿਚ ਸਿੱਖੀ ਅੰਦਰ ਪਣਪ ਰਹੇ ਜਾਤ-ਪਾਤ ਦੇ ਰੋਗ ਦੀ ਪਛਾਣ ਵੀ ਹੈ, ਨਿਸ਼ਾਨਦੇਹੀ ਵੀ ਅਤੇ ਮੁਕਤੀ ਦਾ ਮਾਡਲ ਵੀ। ਮਨਿੰਦਰ ਕਾਂਗ ਕਿਰਪਾਲ ਦੇ ਬਿਰਤਾਂਤ ਰਾਹੀਂ ਹਾਸ਼ੀਆਗਤ ਸਮਾਜ ਦੇ ਦੁਖਾਂਤ ਨੂੰ ਹੀ ਨਹੀਂ ਪੇਸ਼ ਕਰਦਾ ਸਗੋਂ ਉਹਨਾਂ ਦੇ ਹੌਂਸਲੇ ਤੇ ਜੂਝਣ ਦੀ ਬਿਰਤੀ ਨੂੰ ਵੀ ਚਿਰਾਗ਼ਵਾਨ ਕਰਦਾ ਹੈ। ਇਹ ਹਾਸ਼ੀਏ ਦਾ ਸਮਾਜ ਅਖੌਤੀ ਸਵਰਣ ਸਮਾਜ ਲਈ ਅਜੇ ਵੀ 'ਢੇਡਾਂ' ਹੀ ਹਨ ਜਿਹਨਾਂ ਦੀ ਬੋਅ ਤੋਂ ਉਹਨਾਂ ਨੂੰ ਡਰ ਲੱਗਦਾ ਹੈ-

*"ਇਕ ਉਹਨਾਂ ਨੂੰ ਹਰ ਵੇਲੇ ਇਹੀ ਜਾਪਦਾ ਰਹਿੰਦਾ ਕਿ ਜਿਹੜੀ ਇਕ ਸਦੀਵੀ ਬੋਅ ਮਜ਼੍ਹਬੀਆਂ ਦੇ ਪਿੰਡੇ ਵਿਚੋਂ ਉੱਠਦੀ ਏ,ਉਹ ਇਸ ਕਿਰਪਾਲ ਦੇ ਪਿੰਡੇ ਵਿਚ ਵੀ ਹੈ"*

ਸਿਧਾਂਤ ਤੇ ਵਿਹਾਰ ਵਿਚ ਪਾੜ੍ਹਾ, ਅਸੂਲ ਤੇ ਅਮਲ ਵਿਚ ਆਈ ਗਿਰਾਵਟ, ਸਿੱਖ ਸਮਾਜ ਅੰਦਰ ਭਿੱਟ, ਪੈਦਾਵਾਰੀ ਸਬੰਧ, ਜ਼ਮੀਨ 'ਤੇ ਮਾਲਕੀ, ਦਲਿਤਾਂ ਦਾ ਸਾਧਨਹੀਣ ਹੋਣਾ ਆਦਿ ਉਹ ਤੱਤ ਹਨ ਜੋ ਪੰਜਾਬ ਲਈ ਬੇਹੇ ਨਹੀਂ ਹਨ। ਇਸ ਕਹਾਣੀ ਵਿਚ ਸਿਧਾਂਤ ਤੇ ਵਿਹਾਰ ਦੀ ਚੌੜੀ ਖਾਈ ਦਾ ਜ਼ਿਕਰ ਮਿਲਦਾ ਹੈ-

*"ਅੰਦਰੋਂ ਉਹਨੂੰ ਪਤਾ ਸੀ, ਉਸਤਾਦ ਜੀ ਜਿੰਨਾ ਮਰਜ਼ੀ "ਮਾਨਸ ਕੀ ਜਾਤ ਸਭੈ ਏਕੇ ਪਹਿਚਾਨਬੋ" ਕਹਿਣ,ਉਹਦੇ ਮਜ਼੍ਹਬੀ ਹੋਣ ਦੀ ਭਿੱਟ ਮੰਨਦੇ ਸਨ।"*

ਇਸ ਕਹਾਣੀ ਵਿਚ ਕਿਰਪਾਲ ਪਾਤਰ ਏਕਲਵਿਆ ਦਾ ਪ੍ਰਤਿਬਿੰਬ ਲੱਗਦਾ ਹੈ ਜੋ ਗੁਰੂ ਲਈ ਨਿਸ਼ਠਾਵਾਨ ਹੈ ਪਰ ਗੁਰੂ 'ਧਰਮ' ਅਤੇ 'ਮਰਿਯਾਦਾ' ਪਾਲ਼ਦਾ ਹੈ। ਪਰ ਫਿਰ ਵੀ ਉਹ ਉੱਠ ਖੜ੍ਹਦਾ ਹੈ ਤੇ ਆਪਣੇ ਕਸਬ ਵਿਚ ਮੁਹਾਰਤ ਹਾਸਿਲ ਕਰਦਾ ਹੈ।ਉਸਦੇ ਜਜ਼ਬੇ ਲਈ ਮਨਿੰਦਰ ਕਾਂਗ 'ਜੰਗਲੀ ਫੁੱਲ' ਦਾ ਚਿਹਨ ਵਰਤਦਾ ਹੈ–

*"...ਸ਼ਾਇਦ ਇਹੀ ਕਾਰਨ ਸੀ ਕਿ ਉਹਨਾਂ ਕਿਰਪਾਲ ਨੂੰ ਕਦੇ ਕੋਈ ਗੁਣ ਨਹੀਂ ਸੀ ਦਿੱਤਾ। ਕਿਸੇ ਜੰਗਲੀ ਫੁੱਲ ਵਾਂਗ ਉਹ ਆਪ ਹੀ ਆਸ-ਪਾਸ ਤੋਂ ਸਿੱਖਦਾ ਢਾਡੀ ਬਣ ਗਿਆ ਸੀ। ਉਹਦਾ ਆਪਣਾ ਇਕ ਜੱਥਾ ਸੀ। ਸਾਥੀ ਗਾਉਣ ਵਿਚ ਸਾਧਾਰਨ ਸਨ ਪਰ ਕਿਰਪਾਲ ਵਾਹਵਾ ਗਾ ਲੈਂਦਾ ਸੀ। ਇਸ ਕਰਕੇ ਕੰਮ ਚੱਲੀ ਜਾਂਦਾ ਸੀ। ਉਂਜ ਕਿਰਪਾਲ ਨੇ ਮਨੋਂ ਉਸਨੂੰ ਉਸਤਾਦ ਮੰਨਿਆ ਹੋਇਆ ਸੀ"*

ਕਿਰਪਾਲ ਦਾ ਪ੍ਰਤਿਕੂਲ ਹਾਲਤਾਂ ਵਿਚ ਵੀ ਭਵਿੱਖ ਲਈ ਕਾਰਜਸ਼ੀਲ ਹੋਣਾ ਇਸ ਕਹਾਣੀ ਦੀ ਪ੍ਰਾਪਤੀ ਹੈ। ਜਦੋਂ ਸਾਰੇ ਪਾਤਰ ਹਾਰ-ਹੰਭ ਗਏ ਲੱਗਦੇ ਹਨ ਉਦੋਂ ਨਵੀਂ ਸਵੇਰ ਸਿਰਜਣ ਵਾਲਾ ਪਾਤਰ ਇਕ ਦਲਿਤ ਹੈ ਜਿਸਨੂੰ ਸਮਾਜਿਕ ਪੌੜੀ ਦੇ ਸਭ ਤੋਂ ਹੇਠਲੇ ਪਾਇਦਾਨ 'ਤੇ ਰੱਖੀ ਰੱਖਿਆ। ਉਸਦਾ ਆਪਣੇ ਉਸਤਾਦ/ਗੁਰੂ ਦੇ ਫ਼ਿਕਰ ਨੂੰ ਸਮਝਣਾ ਅਤੇ ਜੀਤ ਬਿੱਲੇ ਦੀ ਹਾਜ਼ਰੀ ਵਿਚ ਮੇਲੇ ਅੰਦਰ ਪ੍ਰਤਿਰੋਧ ਭਰੀ ਵਾਰ ਗਾਉਣੀਕਹਾਣੀ ਦਾ ਸਿਖ਼ਰ ਬਣਦਾ ਹੈ। ਡਰਾਕਲ/ਨਲਾਇਕ ਪੁੱਤਾਂ ਅਤੇ ਚੇਲੇ ਬਾਲਕਿਆਂ ਤੋਂ ਹਤਾਸ਼ ਪੂਰਨ ਸਿੰਘ ਜੋਸ਼ (ਪੰਜਾਬ) ਨੂੰ ਜਿਊਣ ਦੀ ਰਾਹ ਮਿਲ ਜਾਂਦੀ ਹੈ।ਕਹਾਣੀ ਹੈਜਮੋਨਿਕ ਸੰਸਥਾਵਾਂ ਤੇ ਵਿਚਾਰਧਾਰਾਵਾਂ ਨੂੰ ਵਿਚਾਰਧਾਰਕ ਚੇਤਨਾ ਨਾਲ ਕੱਟਦੀ ਜਾਪਦੀ ਹੈ।

ਇਸ ਪ੍ਰਸੰਗ ਵਿਚ ਇਹ ਸਮਝਣਾ ਜ਼ਰੂਰੀ ਹੈ ਕਿ ਹਾਸ਼ੀਆਗਤ ਧਿਰਾਂ ਦੀ ਸਾਂਝੀ ਚੇਤਨਾ ਨਾਲ ਹੀ ਜਾਤੀ ਪ੍ਰਬੰਧ ਅਤੇ ਵਰਣ ਵਿਵਸਥਾ ਨੂੰ ਨਸ਼ਟ ਕੀਤਾ ਜਾ ਸਕਦਾ ਹੈ। ਪਰ ਉੱਤਰ ਆਧੁਨਿਕ ਪ੍ਰਵਚਨ ਕਿਰਤੀ ਅਤੇ ਕਿਰਤੀ ਧਿਰਾਂ ਨੂੰ ਜਾਤਾਂ, ਧਰਮਾਂ, ਨਸਲਾਂ ਵਿਚ ਵੰਡ ਕੇ ਪੂੰਜੀਵਾਦ ਨੂੰ ਤਾਕਤ ਬਖ਼ਸ਼ ਰਿਹਾ ਹੈ। ਇਸ ਕਰਕੇ ਦਲਿਤ ਅਤੇ ਹਾਸ਼ੀਆਗਤ ਸ਼ਬਦਾਂ ਦੀ ਪਰਿਭਾਸ਼ਾ ਅਤੇ ਵਿਆਖਿਆ ਨੂੰ ਵਿਸਥਾਰ ਵੀ ਦੇਣਾ ਜ਼ਰੂਰੀ ਹੈ। ਇਸ ਲਈ "ਦਲਿਤ ਸ਼ਬਦ ਦੀ ਵਿਆਖਿਆ ਕੇਵਲ ਅਛੂਤ ਜਾਤੀ ਦਾ ਜ਼ਿਕਰ ਕਰਨ ਨਾਲ ਨਹੀਂ ਹੋਵੇਗੀ। ਇਸ ਵਿਚ ਆਰਥਿਕ ਦ੍ਰਿਸ਼ਟੀ ਤੋਂ ਪੱਛੜੇ ਲੋਕਾਂ ਦਾ ਸਮਾਵੇਸ਼ ਵੀ ਕਰਨਾ ਪਵੇਗਾ। ... ਦਲਿਤ ਕੇਵਲ ਹਰੀਜਨ ਅਤੇ ਨਵ ਬੋਧੀ ਨਹੀਂ। ਪਿੰਡ ਦੀ ਸੀਮਾ ਤੋਂ ਬਾਹਰ ਵਸਣ ਵਾਲੀਆਂ ਸਾਰੀਆਂ ਅਛੂਤ ਜਾਤੀਆਂ, ਆਦਿਵਾਦੀ, ਭੂਮੀਹੀਣ ਖੇਤ ਮਜ਼ਦੂਰ, ਕਿਰਤੀ, ਦੁਖ ਸਹਿੰਦੀ ਆਵਾਮ ਅਤੇ ਖ਼ਾਨਾਬਦੋਸ਼ ਜਾਤੀਆਂ ਸਾਰੀਆਂ ਦੀਆਂ ਸਾਰੀਆਂ ਹੀ ਦਲਿਤ ਸ਼ਬਦ ਤੋਂ ਵਿਆਖਿਅਤ ਹੁੰਦੀਆਂ ਹਨ। ਦਲਿਤ ਸ਼ਬਦ ਦੀ ਵਿਆਖਿਆ ਵਿਚ ਕੇਵਲ ਅਛੂਤ ਜਾਤੀ ਦਾ ਵਰਣਨ ਕਰਨ ਨਾਲ ਨਹੀਂ ਸਰੇਗਾ। ਇਸ ਵਿਚ ਆਰਥਿਕ ਦ੍ਰਿਸ਼ਟੀ ਤੋਂ ਪਛੜੇ ਹੋਏ ਲੋਕਾਂ ਨੂੰ ਵੀ ਸ਼ਾਮਿਲ ਕਰਨਾ ਹੋਵੇਗਾ।" (ਸ਼ਰਣ **ਕੁਮਾਰ ਲਿੰਬਾਲੇ, ਦਲਿਤ ਸਾਹਿਤਯ ਕਾ ਸੌਂਦਰਸ਼ ਸ਼ਾਸਤਰ, ਅਨੁ. ਰਮਣਿਕਾ ਗੁਪਤਾ, ਪੰਨਾ 38) ਭਾਰਤ** ਵਿਚ ਪ੍ਰਮੁੱਖ ਤੌਰ ਤੇ ਦਲਿਤ ਅਤੇ ਨਾਰੀ ਹਾਸ਼ੀਆਗਤ ਧਿਰਾਂ ਵਜੋਂ ਉਭਰਦੀ ਹੈ।

**ਦੇਖੋ ਪੰਨਾ ਨੰ. 52**



# ਚੌਥੀ ਕੇਸਰ ਸਿੰਘ ਵਾਲਾ ਕਹਾਣੀ ਗੋਸ਼ਟੀ

ਜੇਕਰ ਕਰੋਨਾ ਨਾ ਆਉਂਦਾ ਤਾਂ ਇਹ 2021 ਵਾਲੀ ਕਹਾਣੀ ਗੋਸ਼ਟੀ ਪੰਜਵੀਂ ਹੋਣੀ ਸੀ। ਮਾਰਚ 2020 'ਚ ਹੋਣ ਵਾਲੀ ਚੌਥੀ ਕਹਾਣੀ ਗੋਸ਼ਟੀ ਦੀ ਸਾਰੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਸਨ ਕਿ 22 ਮਾਰਚ ਨੂੰ ਲੋਕ ਡਾਊਨ ਹੋ ਗਿਆ। ਸਮਾਜਿਕ ਦੂਰੀ ਕਰਕੇ ਹਰ ਤਰ੍ਹਾਂ ਦੀਆਂ ਸਰਗਰਮੀਆਂ ਠੱਪ ਹੋ ਗਈਆਂ । ਇਕਾਂਤਵਾਸ ਦੇ ਨਾਮ ਤੇ ਲੋਕ ਘਰਾਂ ਵਿੱਚ ਕੈਦ ਹੋ ਗਏ। ਸਾਨੂੰ ਵੀ ਕਹਾਣੀ ਗੋਸ਼ਟੀ ਅੱਗੇ ਪਾਉਣੀ ਪਈ। ਸਾਲ ਵਿੱਚ ਇਕ ਦੋ ਵਾਰ ਕਹਾਣੀ ਗੋਸ਼ਟੀ ਕਰ ਲੈਣ ਦੇ ਯਤਨ ਕੀਤੇ। ਪਰ ਗੱਲ ਅੱਗੇ ਪੈਂਦੀ ਪੈਂਦੀ ਪੂਰਾ ਇਕ ਸਾਲ ਅੱਗੇ ਪੈ ਗਈ। ਇਸ ਤਰ੍ਹਾਂ 2017 ਤੋਂ ਸ਼ੁਰੂ ਕੀਤੀ ਗੋਸ਼ਟੀ ਵਿੱਚ ਇਕ ਸਾਲ ਦਾ ਗੈਪ ਪੈ ਗਿਆ। ਅਖੀਰ 13-14 ਮਾਰਚ ਨੂੰ ਜਾ ਕੇ ਕਹਾਣੀ ਗੋਸ਼ਟੀ ਹੋਈ ਹੈ। ਕੇਸਰ ਸਿੰਘ ਵਾਲਾ ਕਹਾਣੀ ਗੋਸ਼ਟੀ ਨੇ ਆਪਣੇ ਪੈਰ ਪੱਕੇ ਕਰ ਲਏ ਹਨ। ਸਹਿਤਕ ਹਲਕਿਆਂ ਖਾਸਕਰ ਕਹਾਣੀ ਲਿਖਣ ਵਾਲਿਆਂ ਤੇ ਕਹਾਣੀ ਆਲੋਚਕਾਂ ਵਿੱਚ ਸਾਡੀ ਇਸ ਕਹਾਣੀ ਗੋਸ਼ਟੀ ਦੀਆਂ ਗੱਲਾਂ ਹੋਣ ਲੱਗ ਪਈਆਂ ਹਨ। ਕਹਾਣੀਕਾਰ ਜੋ ਇਥੇ ਕਹਾਣੀਆਂ ਪੜ੍ਹ ਜਾਂਦੇ ਹਨ, ਬਹੁਤ ਉਤਸਾਹ ਤੇ ਸਿੱਦਤ ਨਾਲ ਇਸ ਕਹਾਣੀ ਗੋਸ਼ਟੀ ਨੂੰ ਯਾਦ ਕਰਦੇ ਹਨ। ਜਿਨ੍ਹਾਂ ਕਹਾਣੀਕਾਰਾਂ ਨੇ ਅਜੇ ਇਥੇ ਕਹਾਣੀ ਨਹੀਂ ਪੜ੍ਹੀ ਉਨ੍ਹਾਂ ਦੇ ਮਨਾਂ ਵਿੱਚ ਕੇਸਰ ਸਿੰਘ ਵਾਲੇ ਆਉਣ ਦੀ ਚਾਹਤ ਪਲਦੀ ਹੈ ਤੇ ਉਹ ਇਥੇ ਆ ਕੇ ਕਹਾਣੀ ਪੜ੍ਹਨਾ ਚਾਹੁੰਦੇ ਹਨ। ਇਸ ਤਰ੍ਹਾਂ ਦੀਆਂ ਕਨਸੋਆਂ ਸਾਨੂੰ ਸੁਣਨ ਨੂੰ ਮਿਲ ਜਾਂਦੀਆਂ ਹਨ।

ਸਾਡਾ ਕਹਾਣੀ ਗੋਸ਼ਟੀ ਕਰਨ ਦਾ ਮਨੋਰਥ ਹੈ ਕਿ ਪੰਜਾਬੀ ਕਹਾਣੀ ਦੀ ਬਿਹਤਰੀ ਲਈ ਯਤਨ ਕੀਤੇ ਜਾਣ। ਕਹਾਣੀ ਉਪਰ ਨਿੱਠ ਕੇ ਵਿਚਾਰ ਚਰਚਾ ਕਰਕੇ ਉਸਦੇ ਨੁਕਸ਼ ਫਰਕ ਵੀ ਲੱਭੇ ਜਾਣ। ਕਹਾਣੀ ਦੇ ਵਿਸ਼ਾ ਪੱਖ ਦੇ ਨਾਲ ਕਹਾਣੀ ਦੇ ਰੂਪਕ ਪੱਖ ਵੱਲ ਵੀ ਧਿਆਨ ਦੇ ਕੇ ਪੰਜਾਬੀ ਕਹਾਣੀ ਨੂੰ ਵਿਸ਼ਵ ਦੀ ਕਹਾਣੀ ਦੇ ਮੇਚ ਦੀ ਬਣਾਉਣ ਵਿੱਚ ਕੁਝ ਹਿੱਸਾ ਪਾਇਆ ਜਾਵੇ। ਪੰਜਾਬ ਵਿੱਚ ਚਲਦੀਆਂ ਕਹਾਣੀਆਂ ਗੋਸ਼ਟੀਆਂ ਦੀ ਲੜੀ ਨਾਲ ਸਾਡਾ ਇਹ ਨਿਮਾਣਾ ਯਤਨ ਸਾਰਥਿਕ ਸਿੱਟੇ ਕੱਢ ਰਿਹਾ ਹੈ।

ਹੁਣ ਤੱਕ ਹੋਈਆਂ ਤਿੰਨ ਕਹਾਣੀ ਗੋਸ਼ਟੀਆਂ ਵਿੱਚ ਕਹਾਣੀਆਂ ਪੜ੍ਹ ਗਏ ਕਹਾਣੀਕਾਰਾ ਚੋਂ ਦੋ ਕਹਾਣੀਆਂ ਜਤਿੰਦਰ ਹਾਂਸ ਤੇ ਕੇਸਰਾ ਰਾਮ ਨੂੰ ਢਾਹਾਂ ਪੁਰਸਕਾਰ ਮਿਲ ਚੁਕਿਆ ਹੈ। ਸਾਡੇ ਲਈ ਖੁਸ਼ੀ ਦੀ ਗੱਲ ਹੈ ਕਿ ਇਹ ਐਵਾਰਡ ਉਨ੍ਹਾਂ ਨੂੰ ਇਥੇ ਕਹਾਣੀ ਪੜ੍ਹਨ ਤੋਂ ਮਗਰੋਂ ਮਿਲੇ ਹਨ। ਪਹਿਲਾਂ ਨਹੀਂ । ਅਸੀਂ ਉਨ੍ਹਾਂ ਨੂੰ ਐਵਾਰਡ ਜਿੱਤਣ ਤੋਂ ਪਹਿਲਾਂ ਸੱਦਿਆ ਸੀ। ਆਨੰਦ ਸਿਮਰਤੀ ਪੁਰਸਕਾਰ ਲਈ ਚੁਣੀਆਂ ਗਈਆਂ ਸਾਲ ਦੀਆਂ ਬੇਹਤਰੀਨ ਕਹਾਣੀਆਂ ਚੋਂ ਕੁਝ ਇਥੇ ਪੜ੍ਹੀਆਂ ਜਾ ਚੁੱਕੀਆਂ ਹਨ। ਸਾਲ ਬਾਅਦ ਲਗਭਗ ਹਰ ਅਖਬਾਰ ਵਿੱਚ ਛੱਪਣ ਵਾਲੇ ਸਰਵੇਖਣਾਂ ਅਤੇ ਖੋਜ ਲੇਖਾਂ ਵਿੱਚ ਇਥੇ ਪੜ੍ਹੀਆਂ ਅਤੇ ਸ਼ਬਦ ਮੈਗਜੀਨ ਵਿੱਚ ਵਿਚਾਰ ਚਰਚਾ ਸਮੇਤ ਛਪੀਆਂ ਕਹਾਣੀਆਂ ਦਾ ਵੀ ਖਾਸ ਜ਼ਿਕਰ ਹੁੰਦਾ ਹੈ।

ਇਹ ਗੌਰਵਮਈ ਗੱਲਾਂ ਸਾਡੇ ਲਈ ਇਸ ਕਰਕੇ ਗੌਰਵਮਈ ਹਨ ਕਿ ਅਸੀਂ ਨਿਰਪੱਖ ਰਹਿ ਕੇ ਸ੍ਰੇਸ਼ਟ ਕਹਾਣੀਆਂ ਦੇ ਰੂਬਰੂ ਹੁੰਦੇ ਹਾਂ ਇਹੋ ਹੀ ਸਾਡਾ ਇਹ ਕਹਾਣੀ ਗੋਸ਼ਟੀ ਕਰਨ ਦਾ ਮਨਰੋਥ ਹੈ। ਮੇਰੇ ਸਾਥੀ ਤੇ ਇਸ ਗੋਸ਼ਟੀ ਦੇ ਹੋਸਟ ਹਰਬੰਸ ਸਿੰਘ ਬਰਾੜ ਦੀ ਦਿੱਲੀ ਇਛਾ ਹੈ ਕਿ ਇਹ ਕਹਾਣੀ ਗੋਸ਼ਟੀ ਲਗਾਤਾਰ ਚੱਲਦੀ ਰਹੇ 'ਤੇ ਆਪਣੇ ਮੰਤਵਾਂ ਵਿੱਚ ਕਾਮਯਾਬ ਹੋਵੇ।

**ਜਸਪਾਲ ਮਾਨਖੇੜਾ-97800-42156**

**ਕਹਾਣੀਆਂ**

# ਜਿੱਤ ਦੇ ਹੰਝੂ /ਪਰਮਜੀਤ ਮਾਨ

ਲੱਖਾ ਜਦੋਂ ਘਰ ਪਹੁੰਚਿਆ ਤਾਂ ਮੁੰਡਾ ਮੋਟਰਸਾਈਕਲ ਲੈ ਕੇ ਘਰੋਂ ਬਾਹਰ ਨਿੱਕਲ ਰਿਹਾ ਸੀ। ਸੁਰਜੀਤ ਕੌਰ ਦਰਵਾਜ਼ੇ ਕੋਲ ਖੜੀ ਉਸ ਨਾਲ ਕੋਈ ਗੱਲ ਕਰ ਰਹੀ ਸੀ। ਦੋਵਾਂ ਨੇ ਘਰ ਵੱਲ ਤੁਰੇ ਆਉਂਦੇ ਲੱਖੇ ਨੂੰ ਦੇਖ ਲਿਆ। ਬਾਪੂ ਨੂੰ ਸਾਮ੍ਹਣੇ ਦੇਖ ਮੁੰਡੇ ਦਾ ਚਿਹਰਾ ਇੱਕਦਮ ਹੀ ਉਤਰ ਗਿਆ। ਸੁਰਜੀਤ ਕੌਰ ਵੀ ਚੁੱਪ ਹੋ ਗਈ। ਲੱਖਾ ਮਾਂ-ਪੁੱਤ ਦੇ ਐਨ ਸਾਮ੍ਹਣੇ ਆ ਖੜਾ ਹੋਇਆ।

"ਬੜੀ ਕੈਨੇਡਾ ਆਲੀ ਟੀ-ਸ਼ਰਟ ਪਾਈ ਐ, ਕਿੱਧਰ ਚੱਲਿਐ ਉਏ ?" ਲੱਖੇ ਦੇ ਬੋਲ ਸਖਤ ਤੇ ਰੁੱਖੇ ਸਨ।

"ਸ਼ਹਿਰ ਚੱਲਿਐ ਆਬਦਾ ਕੋਈ ਪਤਾ ਕਰਨ, ਹੋਰ ਕੀ ਮੇਲੇ ਚੱਲਿਐ।" ਸੁਰਜੀਤ ਕੌਰ ਪਹਿਲਾਂ ਹੀ ਬੋਲ ਪਈ।

"ਸ਼ਹਿਰ ਕਿਤੇ ਮੇਲੇ ਨਾਲੋਂ ਘੱਟ ਐ, ਦੋ ਸਾਲ ਹੋਗੇ ਧੱਕੇ ਖਾਂਦੇ ਨੂੰ। ਗੱਲ ਨਹੀਂ ਸਿਰੇ ਲੱਗਦੀ ਘਰੇ ਕੋਈ ਕੰਮ ਕਰ ਲਵੇ। ਸਾਲਾ ਕੋਹਲੂ 'ਚ ਪਿੜ੍ਹਨ ਨੂੰ ਮੈਂ ਈ ਰਹਿ ਗਿਆ !" ਲੱਖੇ ਅੰਦਰ ਜਿਵੇਂ ਕੋਈ ਜ਼ਹਿਰ ਭਰੀ ਪਈ ਸੀ।

"ਕਦੇ ਤਾਂ ਜੀ ਮੁੰਡੇ ਨਾਲ ਸਿੱਧੇ ਮੂੰਹ ਬੋਲ ਪਿਆ ਕਰੋ। ਜੋ ਕਹਿਣੈ ਮੈਨੂੰ ਕਹਿ ਲਿਆ ਕਰੋ, ਇਹਨੂੰ ਵਿਚਾਰੇ ਨੂੰ ਕੁੱਝ ਨਾ ਕਿਹਾ ਕਰੋ। ਇਹਦਾ ਕਿਹੜਾ ਰੋਜ਼ ਗੇੜੇ ਮਾਰਨ ਨੂੰ ਜੀਅ ਕਰਦੈ। ਕਦੇ ਇਹਦੇ ਅੰਦਰ ਵੀ ਝਾਤ ਮਾਰ ਕੇ ਦੇਖੋ, ਪਤੈ ਅੰਦਰੋਂ ਇਹ ਕਿੰਨਾ ਦੁਖੀ ਐ ?" ਸੁਰਜੀਤ ਕੌਰ ਦੀ ਸੁਰ ਇੱਕਦਮ ਢਿੱਲੀ ਪੈ ਗਈ।

"ਵਿਚਾਰਾ ! ਤੂੰ ਤਾਂ ਐਂ ਗੱਲਾਂ ਕਰਦੀ ਐਂ ਜਿਵੇਂ ਤੁਸੀਂ ਸਾਰੇ ਦੁਖੀ, ਤੇ ਇਕੱਲਾ ਮੈਂ ਹੀ ਸੁਖੀ ਆਂ।" ਲੱਖਾ ਫਿਰ ਗੁੱਸੇ ਵਿੱਚ ਬੋਲਿਆ।

"ਮੈਂ ਇਹ ਤਾਂ ਨਹੀਂ ਕਿਹਾ ਜੀ। ਸੋਡਾ ਦੁੱਖ ਵੀ ਸਾਰੇ ਈ ਸਮਝਦੇ ਆਂ, ਹੁਣ ਜਾਣ ਦਿਓ ਜਵਾਕ ਨੂੰ।" ਸੁਰਜੀਤ ਕੌਰ ਨੇ ਤਰਲਾ ਕੀਤਾ ਤੇ ਅੱਗੇ ਹੋ ਕੇ ਲੱਖੇ ਦੀ ਬਾਂਹ ਫੜਕੇ ਅੱਖਾਂ ਭਰ ਆਈ। ਲੱਖਾ ਇੱਕਦਮ ਠੰਢਾ ਪੈ ਗਿਆ। ਮੁੰਡਾ ਸ਼ਹਿਰ ਨੂੰ ਤੁਰ ਗਿਆ ਤੇ ਓਹ ਦੋਵੇਂ ਚੁੱਪ-ਚੁਪੀਤੇ ਦਰਵਾਜ਼ੇ ਤੋਂ ਅੰਦਰ ਹੋ ਗਏ। ਦੋਵਾਂ ਨੂੰ ਕੋਈ ਗੱਲ ਨਹੀਂ ਸੀ ਔੜ ਰਹੀ ਕਿ ਅੱਗੇ ਕੀ ਗੱਲ ਕਰਨ। ਅੱਖਾਂ ਪੱਥਰ ਬਣੀਆਂ ਹੋਈਆਂ, ਚਿਹਰੇ ਮੁਰਝਾਏ ਹੋਏ, ਤੇ ਮਨਾਂ ਅੰਦਰ ਕੋਈ ਜਬਰਦਸਤ ਕਸ਼ਮਕਸ਼। ਹੱਸਦੇ ਵੱਸਦੇ ਘਰ ਨੂੰ ਪਿਛਲੇ ਡੇਢ ਸਾਲ ਤੋਂ ਕੋਈ ਗ੍ਰਹਿਣ ਲੱਗ ਚੁੱਕਾ ਸੀ। ਘਰ ਦਾ ਹਰ ਜੀਅ ਇੱਕ ਦੂਜੇ ਦੇ ਮੱਥੇ ਲੱਗਣ ਤੋਂ ਘਬਰਾਉਂਦਾ ਸੀ, ਡਰਦਾ ਸੀ। ਹੁਣ ਵੀ ਸੁਰਜੀਤ ਕੌਰ ਚੁੱਪ-ਚੁਪੀਤੇ ਰਸੋਈ ਵਿੱਚ ਚਲੀ ਗਈ, ਤੇ ਲੱਖਾ ਬੈਠਕ ਵਿੱਚ।

ਬੈਠਕ ਵਿੱਚ ਬੈਠੇ ਲੱਖੇ ਨੇ ਉਪਰ ਛੱਤ ਵੱਲ ਵੇਖਿਆ ਤੇ ਕਾਫੀ ਦੇਰ ਤੱਕ ਵੇਖਦਾ ਰਿਹਾ। ਲੱਖੇ ਨੂੰ ਲੱਗਿਆ ਕਿ ਛੱਤ ਵਿੱਚ ਜਿਵੇਂ ਕੋਈ ਮਘੋਰਾ ਹੋ ਗਿਆ ਹੋਵੇ। ਫੇਰ ਉਹ ਮਘੋਰਾ ਵੱਡਾ ਹੁੰਦਾ ਲੱਗਿਆ। ਫੇਰ ਸਾਰੀ ਛੱਤ ਹੀ ਗਾਇਬ ਹੋ ਗਈ। ਉੱਤੇ ਖੁੱਲਾ ਆਸਮਾਨ ਦਿਸਣ ਲੱਗਾ। ਫੇਰ ਉਸਨੂੰ ਲੱਗਿਆ ਜਿਵੇਂ ਉਹ ਉੱਡ ਪਿਆ ਹੈ ਤੇ ਆਸਮਾਨ ਵਿੱਚ ਪਹੁੰਚ



ਗਿਆ ਹੈ। ਉਹ ਹੋਰ ਉੱਪਰ ਹੀ ਉੱਪਰ ਉਡਦਾ ਜਾ ਰਿਹਾ ਹੈ। ਸੁਰਜੀਤੋ, ਘਰ, ਪਿੰਡ, ਸਭ ਬਹੁਤ ਪਿੱਛੇ ਕਿਤੇ ਦੂਰ ਰਹਿ ਗਏ ਹਨ।

ਰਸੋਈ ਵਿੱਚ ਬੈਠੀ ਸੁਰਜੀਤ ਕੌਰ ਵੀ ਪੂਰੀ ਬੇਚੈਨ ਸੀ। ਅੰਦਰ ਕੋਈ ਹੌਲ ਜਿਹਾ ਉਠਦਾ ਤੇ ਅੰਦਰ ਹੀ ਦਬ ਜਾਂਦਾ। ਕੀ ਕਰੇ, ਕੁਝ ਸਮਝ ਨਹੀਂ ਸੀ ਆ ਰਿਹਾ। ਅਚਾਨਕ ਉਸਨੂੰ ਸਰਪੰਚਣੀ ਜਸਵਿੰਦਰ ਕੌਰ ਦਾ ਖਿਆਲ ਆਇਆ। ਸਰਪੰਚਣੀ ਦਾ ਸਾਖਸ਼ਾਤ ਚਿਹਰਾ ਉਸਦੀਆਂ ਅੱਖਾਂ ਅੱਗੇ ਉਜਾਗਰ ਹੋ ਗਿਆ। ਸੁਰਜੀਤ ਕੌਰ ਨੂੰ ਕੋਈ ਸਕੂਨ ਜਿਹਾ ਮਹਿਸੂਸ ਹੋਇਆ।

"ਭੈਣ ਜੀ ਘਰੇ ਈ ਓਂਅ ?" ਅਗਲੇ ਹੀ ਦਿਨ ਸੁਰਜੀਤ ਕੌਰ ਨੇ ਸਰਪੰਚਾਂ ਦੇ ਘਰ ਜਾ ਆਵਾਜ਼ ਦਿੱਤੀ।

"ਆ-ਜਾ, ਆ-ਜਾ। ਕੌਣ ਸੁਰਜੀਤੋ ਐ ?" ਧੁੱਪ ਸੇਕ ਰਹੀ ਸਰਪੰਚਣੀ ਨੇ ਸੁਰਜੀਤੋ ਨੂੰ ਦੇਖ ਕੇ ਕਿਹਾ।

"ਹਾਂ ਭੈਣ ਜੀ, ਮੈਂ ਈ ਆਂ।"

"ਸ਼ੁਕਰ ਐ – ਸਾਡਾ ਘਰ ਤਾਂ ਯਾਦ ਐ ਅਜੇ ਤੱਕ, ਅੱਜ ਕਿਵੇਂ ਭੁੱਲ ਕੇ ਏਧਰ ਆਗੀ ਮੇਰੀ ਭੈਣ ?"

"ਯਾਦ ਵਾਲੀ ਕਿਹੜੀ ਗੱਲ ਐ ਭੈਣ ਜੀ, ਏਸ ਘਰ ਨੂੰ ਕਿਵੇਂ ਭੁੱਲ ਸਕਦੇ ਆਂ ?"

"ਮੈਨੂੰ ਤਾਂ ਭੁੱਲੇ ਬੈਠੇ ਈ ਲੱਗਦੇ ਓ। ਜਦ ਤੱਕ ਸਰਦਾਰ ਜੀ ਕੋਲ ਸਰਪੰਚੀ ਰਹੀ, ਗੇੜਾ ਮਾਰਦੇ ਰਹੇ। ਵੋਟਾਂ 'ਚ ਵੀ ਸੁਖ ਨਾਲ ਬਥੇਰੀ ਮੱਦਦ ਕੀਤੀ। ਲੱਖਾ ਤਾਂ ਰੋਜ਼ ਵਾਂਗੂ ਆਉਂਦਾ-ਜਾਂਦਾ ਸੀ। ਥਾਣੇ ਤਹਿਸੀਲ ਹਮੇਸ਼ਾਂ ਏਹਨਾਂ ਦੇ ਨਾਲ ਜਾਂਦਾ। ਸਰਪੰਚੀ ਕੀ ਚਲੀ ਗਈ, ਤੁਸੀਂ ਤਾਂ ਘਰ ਦਾ ਰਾਹ ਹੀ ਭੁੱਲ ਗਏ ?" ਸਰਪੰਚਣੀ ਨੇ ਗੱਲ ਹੱਸ ਕੇ ਵੀ ਕੀਤੀ ਤੇ ਹਿਰਖ ਵੀ ਦਿਖਾਇਆ।

"ਭੁੱਲ ਕਾਹਨੂੰ ਗਏ ਭੈਣ ਜੀ, ਉਦੋਂ ਦੀ ਗੱਲ ਈ ਹੋਰ ਸੀ। ਉਦੋਂ ਤਾਂ ਉਹ ਪੂਰੇ ਹੌਸਲੇ 'ਚ ਰਹਿੰਦਾ ਸੀ।"

"ਹੁਣ ਕੀ ਹੋ ਗਿਆ। ਅਸੀਂ ਤਾਂ ਅੱਜ ਵੀ ਸੋਡੇ ਨਾਲ ਆਂ, ਹੌਸਲੇ ਵਾਲੀ ਕਿਹੜੀ ਗੱਲ ਐ।" ਸਰਪੰਚਣੀ ਜਸਵਿੰਦਰ ਕੌਰ ਬੜੇ ਦਾਨੇ ਸੁਭਾਅ ਦੀ ਔਰਤ ਸੀ ਤੇ ਪਿੰਡ ਦੇ ਲੋਕ ਔਖ-ਸੌਖ 'ਚ ਉਸ ਕੋਲ ਆਉਂਦੇ ਰਹਿੰਦੇ ਸਨ।

"ਐਂ ਤਾਂ ਜੀ ਬਥੇਰਾ ਮਾਣ ਹੈ ਸੋਡੇ ਤੇ। ਸੋਡੇ ਪ੍ਰੀਵਾਰ ਦੀਆਂ ਤਾਂ ਲੋਕ ਅੱਜ ਵੀ ਗੱਲਾਂ ਕਰਦੇ ਨੇ।"

"ਸਰਦਾਰ ਜੀ ਬਾਰੇ ਕਰਦੇ ਹੋਣਗੇ ਬਈ ਜੁਬਾਨ ਦਾ ਬੜਾ ਰੁੱਖੈ।" ਕਹਿਕੇ ਜਸਵਿੰਦਰ ਕੌਰ ਮੁਸਕਰਾਈ।

"ਨਾ ਜੀ, ਏਹੋ ਜੀ ਕੋਈ ਗੱਲ ਨੀ। ਸਭ ਨੂੰ ਪਤੈ ਬਈ ਸਰਪੰਚ ਸਾਹਿਬ ਦਿਲ ਦੇ ਮਾੜੇ ਨੀ। ਸੱਚੇ-ਸੁੱਚੇ ਤੇ ਸਾਫ ਬੰਦੇ ਨੇ। ਸੱਚੀ ਗੱਲ ਮੂੰਹ ਤੇ ਕਹਿ ਦਿੰਦੇ ਨੇ, ਕੌੜੀ ਲੱਗੇ ਜਾਂ ਮਿੱਠੀ ਪ੍ਰਵਾਹ ਨੀ ਕਰਦੇ। ਏਸੇ ਲਈ ਲੋਕ ਇੱਜਤ ਕਰਦੇ ਨੇ। ਬਥੇਰੀਆਂ ਗੱਲਾਂ ਸੁਣਦੀ ਆਂ ਪਿੰਡ 'ਚ। ਹੁਣ ਵੀ ਤੁਹਾਡੇ ਪ੍ਰੀਵਾਰ ਦੀ ਪੂਰੀ ਇੱਜਤ ਐ।"

"ਅੱਛਾ!" ਜਸਵਿੰਦਰ ਕੌਰ ਮਨ ਹੀ ਮਨ ਖੁਸ਼ ਹੋਈ ਤੇ ਰਸੋਈ ਵੱਲ ਆਵਾਜ਼ ਦੇ ਕੇ ਚਾਹ ਬਣਾਉਣ ਨੂੰ ਕਿਹਾ। ਫਿਰ ਉਹ ਅੱਗੇ-ਪਿੱਛੇ ਦੀਆਂ ਗੱਲਾਂ ਕਰਨ ਲੱਗ ਪਈਆਂ। ਹਾਂ ਦੱਸ ਭੈਣ, ਕਿਵੇਂ ਆਈ ਅੱਜ ?"

"ਕੀ ਦੱਸਾਂ ਭੈਣ ਜੀ - ਲੱਖੇ ਨੂੰ ਤੁਸੀਂ ਚੰਗੀ ਤਰਾਂ ਜਾਣਦੇ ਓ। ਪੂਰਾ ਕੰਮ ਕਰਦਾ ਸੀ ਤੇ ਮੈਂ ਵੀ ਚਾਅ 'ਚ ਭੱਜੀ ਫਿਰਦੀ। ਹੁਣ ਉਹ ਪੂਰਾ ਈ ਉੱਖੜਿਆ ਫਿਰਦੈ। ਹੋਰ ਈ ਗੱਲਾਂ ਕਰਦੈ। ਕਦੇ ਅਵਾ-ਤਵਾ ਬੋਲਣ ਲੱਗਦੈ, ਕਦੇ ਜਮਾਂ ਈ ਚੁੱਪ ਤੇ ਘਊਂ-ਮਊਂ ਜਾ ਹੋ ਜਾਂਦੈ। ਮੈਨੂੰ ਡਰ ਲੱਗਦੇ ਕਿਤੇ ਕੋਈ... ?" ਤੇ ਉਸ ਅੱਖਾਂ ਨੀਵੀਆਂ ਕਰ ਲਈਆਂ।

"ਅੱਛਾ ! ਕਿਹੋ ਜਿਹੀਆ ਗੱਲਾਂ ਕਰਦੈ, ਬਾਹਰ ਕਿਸੇ ਨਾਲ ਕੋਈ ਵਾਧ ਘਾਟ ਤਾਂ... ?" ਗੱਲ ਅਧੂਰੀ ਛੱਡ ਜਸਵਿੰਦਰ ਕੌਰ ਸੁਰਜੀਤੋ ਦੇ ਚਿਹਰੇ ਵੱਲ ਦੇਖਣ ਲੱਗੀ।

"ਬਾਹਰ ਦਾ ਤਾਂ ਅਜੇ ਤੱਕ ਕੋਈ ਉਲਾਂਭਾ ਨੀ, ਬੱਸ ਘਰ ਆ ਕੇ ਈ ਬੋਲਦੈ, ਜਾਂ ਚੁੱਪ ਬੈਠਾ ਪਤਾ ਨੀ ਕੀ ਸੋਚੀ ਜਾਂਦੈ। ਕਦੇ ਬੇਜੁਬਾਨ ਪਸ਼ੂਆਂ ਨੂੰ ਕੁੱਟ-ਕੁੱਟ ਉਹਨਾਂ ਤੇ ਗੁੱਸਾ ਕੱਢਣ ਲੱਗ ਜਾਂਦੈ।"

"ਪਸ਼ੂਆਂ ਨੂੰ ਵੀ ਕੁੱਟਣ ਲੱਗ ਜਾਂਦੈ ! ਗੱਲ ਕੋਈ ਖਾਸੀ ਵਧੀ ਲੱਗਦੀ ਐ !" ਜਸਵਿੰਦਰ ਕੌਰ ਹੈਰਾਨ ਹੋਈ।

"ਹਾਂ ਭੈਣ ਜੀ। ਕਦੇ ਆਪ ਹੀ ਬੋਲਣ ਲੱਗ ਜਾਂਦੈ, 'ਜਿਉਂਦਾ ਜਵਾਈ ਹੁਣ ਯਾਦ ਨੀ ਕਿਸੇ ਦੇ। ਵੋਟਾਂ ਵੇਲੇ ਦੇ ਗੇੜੇ ਤੇ ਗੇੜ੍ਹਾ, ਅਖੇ ਕਰਜ਼ਾ/ਕੁਰਕੀ ਖਤਮ। ਹੁਣ ਤੂੰ ਕੌਣ - ਤੇ ਮੈਂ ਕੌਣ। ਮਰਨਾ ਈ ਪਊ ਹੁਣ। ਜਿੱਦੇਂ ਮਰ ਗਿਆ ਸਾਲੇ ਫੇਰ ਚੈੱਕ ਚੁੱਕੀ ਫਿਰਨਗੇ। ਫੇਰ ਤਾਂ ਐਸ.ਐਸ.ਪੀ., ਡੀ.ਸੀ., ਪਟਵਾਰੀ, ਸਭ ਗੇੜੇ ਮਾਰਨ ਆ ਜਾਣਗੇ। ਆਹ ਸਾਰੇ ਲੰਡੂ ਲੀਡਰ ਹਮਦਰਦੀਆਂ ਕਰਨਗੇ।' ਕੀ ਦੱਸਾਂ ਭੈਣ ਜੀ, ਇਹਦੀਆਂ ਏਹੋ ਜੀਆਂ ਗੱਲਾਂ ਸੁਣ-ਸੁਣ ਮੈਂਨੂੰ ਤਾਂ ਬਹੁਤ ਡਰ ਲੱਗਦਾ ਹੈ। ਨਾਲ ਜਵਾਕ ਵੀ ਡਰਨ ਲੱਗ ਪਏ ਨੇ।"

"ਸੋਡੇ ਸਿਰ ਵੀ ਕਰਜ਼ਾ ਚੜ੍ਹ ਗਿਆ, ਤੁਸੀਂ ਪਹਿਲਾਂ ਤਾਂ ਕਦੇ ਗੱਲ ਨੀ ਕੀਤੀ।"

"ਕੀ ਕਰਦੀ ਭੈਣ ਜੀ, ਮੇਰਾ ਤਾਂ ਡਿਮਾਗ ਈ ਬੰਦ ਹੋਇਆ ਪਿਐ। ਆਹ ਵੀ ਸ਼ੁਕਰ ਐ ਰਾਤ ਮੈਨੂੰ ਗੱਲ ਔੜੀ। ਅੜਿਆ ਭੈਣ ਜੀ ਨਾਲ ਗੱਲ ਤਾਂ ਸਾਂਝੀ ਕਰਾਂ। ਰੱਬ ਨਾ ਕਰੇ ਇਹ ਕੁਛ ਕਰ ਬੈਠਾ, ਫੇਰ ਵੀ ਤਾਂ ਜਾਊਂਗੀ। ਬੱਸ ਸ਼ਰਮ-ਸ਼ਰਮ 'ਚ ਮੂੰਹ ਬੰਦ ਕਰੀ ਬੈਠੇ ਸੀ। ਹੁਣ ਜਦ ਬੈਂਕ ਵਾਲੇ ਕੁਰਕੀ ਦੇ ਡਰਾਵੇ ਦੇਣ ਲੱਗ ਪਏ। ਆੜ੍ਹਤੀਏ ਨੇ ਵੀ ਟਾਲ-ਮਟੋਲ ਸ਼ੁਰੂ ਕਰਤੀ। ਓਦਣ ਦਾ ਬਾਹਲਾ ਕੱਪੜਿਆਂ ਤੋਂ ਬਾਹਰ ਹੋਇਆ ਫਿਰਦੈ।" ਤੇ ਉਹ ਅੱਖਾਂ ਭਰ ਆਈ।

"ਚਲੋ - ਅਸਲੀ ਗੱਲ ਦਾ ਪਤਾ ਤਾਂ ਲੱਗਿਆ। ਮੈਂ ਵੀ ਸੋਚਿਆਂ ਕਰਾਂ ਲੱਖੇ ਨੂੰ ਕੀ ਹੋ ਗਿਆ, ਜਮਾਂ ਈ ਮੂੰਹ ਮੋੜ ਗਿਆ। ਆਹ ਗੱਲ ਤਾਂ ਚਿੱਤ-ਚੇਤੇ ਈ ਨੀ ਸੀ, ਬਈ ਕਰਜ਼ਾ ਸਿਰ ਚਾੜ੍ਹੀ ਬੈਠਾ। ਸੁਰਜੀਤ ਕੁਰੇ ਕੱਲੇ ਫਿਕਰ ਕਰਨ ਨਾਲ ਕੁਝ ਨੀ ਬਣਨਾ। ਭੈਣ ਮੇਰੀਏ, ਹੱਲ ਕੱਢਣਾ ਪਊ ਕੋਈ। ਐਂਵੇ ਨਾ ਅੱਖਾਂ ਭਰ। ਆ ਜਾਣ ਦੇ ਸਰਦਾਰ ਜੀ ਨੂੰ, ਸੋਚਦੇ ਆਂ ਕੋਈ ਹੱਲ। ਜੇ ਤੂੰ ਵੀ ਡੋਲ ਗਈ ਜਵਾਕ ਕੀ ਕਰਨਗੇ।"

"ਜਵਾਕਾਂ ਬਾਰੇ ਸੋਚਕੇ ਈ ਤਾਂ ਡਰ ਲੱਗਦੈ ਭੈਣ ਜੀ। ਇਹਨੂੰ ਸੱਦ ਕੇ ਸਮਝਾਓ ਕੁਛ।"



"ਤੂੰ ਕੱਲ ਨੂੰ ਸਵੇਰੇ ਈ ਲੱਖੇ ਨੂੰ ਸਾਡੇ ਵੱਲ ਭੇਜ। ਕਹੀਂ ਸਰਪੰਚਣੀ ਨੇ ਸੱਦਿਐ। ਮੈਂ ਕਰਦੀ ਆਂ ਲੱਖੇ ਨਾਲ ਗੱਲ।" ਜਸਵਿੰਦਰ ਕੌਰ ਨੇ ਹੌਸਲਾ ਦਿੱਤਾ।

ਚਾਹ ਵਾਲਾ ਖਾਲੀ ਕੱਪ ਥੱਲੇ ਰੱਖਦਿਆਂ ਸੁਰਜੀਤ ਕੌਰ ਬੋਲੀ, ਚੰਗਾ ਭੈਣ ਜੀ ਮੈਂ ਹੁਣ ਚੱਲਦੀ ਆਂ, ਕੱਲ ਹੀ ਭੇਜਦੀ ਹਾਂ ਤੁਹਾਡੇ ਕੋਲ। ਕੁੜੀ ਵਿਆਹੁਣ ਵਾਲੀ ਹੋਈ ਬੈਠੀ ਹੈ। ਅਜੇ ਮੁੰਡੇ ਨੂੰ ਵੀ ਕਿਸੇ ਆਹਰੇ ਲਾਉਣਾ, ਫੇਰ ਈ ਉਹਨੂੰ ਕੋਈ ਸਾਕ ਚੜੂ। ਸਮਝਾਓ ਕਿਤੇ ਹੋਰ ਨਾ... ?" ਗੱਲ ਕਰਦੀ-ਕਰਦੀ ਉਹ ਫਿਰ ਅੱਖਾਂ ਭਰ ਆਈ।

"ਕੋਈ ਨੀ ਰੱਬ ਭਲ਼ੀ ਕਰੂ, ਕਮਲੀ ਨਾ ਹੋਵੇ। ਐਨਾ ਨੀ ਉਦਾਸ ਹੋਈਦਾ। ਮੈਂ ਆਪ ਸਮਝਾਊਂ ਉਹਨੂੰ।" ਜਸਵਿੰਦਰ ਕੌਰ ਨੇ ਸੁਰਜੀਤੋ ਨੂੰ ਘੁੱਟ ਕੇ ਬੁੱਕਲ 'ਚ ਲਿਆ ਤੇ ਉਹਦਾ ਮੋਢਾ ਥਾਪੜਿਆ।

ਸਰਜੀਤੋ ਜਾਣ ਲਈ ਤੁਰੀ ਹੀ ਸੀ ਕਿ ਜਰਨੈਲ਼ ਸਿੰਘ ਵੀ ਆ ਗਿਆ। ਸੁਰਜੀਤੋ ਨੂੰ ਦੇਖ ਉਹ ਬੋਲਿਆ, "ਵਾਹ ਬਈ ਵਾਹ! ਅੱਜ ਤਾਂ ਸੁਰਜੀਤੋ ਆਈ ਬੈਠੀ ਆ, ਕੀ ਮੀਟਿੰਗ ਹੋਈ ਜਾਂਦੀ ਆ, ਇਹ ਕਿਵੇਂ ਅੱਜ ਭੁੱਲਕੇ ਆਗੀ ? ਕਿਉਂ ਭਾਈ ਘਰੇ ਖ਼ੈਰ-ਸੁੱਖ ਐ ? ਲੱਖਾ ਤਾਂ ਹੁਣ ਜਵਾਂ ਈ ਮਿਲਣੋ ਰਹਿ ਗਿਆ!" ਸਰਪੰਚ ਨੇ ਕਈ ਗੱਲਾਂ ਇਕੱਠੀਆਂ ਹੀ ਕਹੀਆਂ।

ਸੁਰਜੀਤੋ ਤੋਂ ਪਹਿਲਾਂ ਹੀ ਜਸਵਿੰਵਰ ਕੌਰ ਬੋਲ ਪਈ, "ਅਸੀਂ ਕਾਹਦੀ ਮੀਟਿੰਗ ਕਰਨੀ ਆ! ਤੁਸੀਂ ਸਾਰਾ ਦਿਨ ਬਾਹਰ ਜੱਕੜ ਮਾਰਦੇ ਰਹਿੰਦੇ ਹੋ, ਅਸੀਂ ਨੀ ਦੋ ਭੈਣਾਂ ਬੈਠ ਕੇ ਦੁੱਖ-ਸੁੱਖ ਕਰ ਸਕਦੀਆਂ। ਸੁਰਜੀਤੋ ਨੂੰ ਘਰ ਕੰਮ ਐ, ਏਹਨੂੰ ਜਾਣ ਦਿਓ ਹੁਣ। ਤੁਸੀਂ ਵੀ ਥੱਕੇ ਆਏ ਓ, ਅਰਾਮ ਕਰ ਲੋ।" ਜਸਵਿੰਦਰ ਕੌਰ ਨੇ ਜਿਵੇਂ ਫੈਸਲਾ ਹੀ ਸੁਣਾ ਦਿੱਤਾ।

ਅਗਲੇ ਦਿਨ ਲੱਖਾ ਸਰਪੰਚ ਦੇ ਘਰ ਗਿਆ। ਮੂੰਹ ਲਮਕਾਈ ਵਿਹੜ੍ਹੇ 'ਚ ਤੁਰੇ ਆਉਂਦੇ ਲੱਖੇ ਨੂੰ ਜਸਵਿੰਦਰ ਕੌਰ ਨੇ ਵੇਖ ਲਿਆ। ਉਹ ਸੋਚੀ ਬੈਠੀ ਸੀ ਬਈ ਕਰਜ਼ੇ ਵਾਲੀ ਗੱਲ ਛੇਤੀ ਨੀ ਛੇੜਨੀ।

"ਵੇ ਲੱਖਿਆ, ਕੀ ਹੋ ਗਿਆ ਮੂੰਹ ਜਾ ਲਮਕਾਈ ਫਿਰਦੈਂ ?"

"ਕੁਛ ਨੀ ਭਾਬੀ, ਬੱਸ ਐਂਵੇ ਈ।"

"ਐਂਵੇ ਈ! ਗੱਲ ਤਾਂ ਕੋਈ ਜਰੂਰ ਐ, ਦੱਸ ਭਾਂਵੇ ਨਾ। ਬਾਕੀ ਜੇ ਸਾਡੀ ਸਰਪੰਚੀ ਚਲੀ ਗਈ, ਅਸੀਂ ਤਾਂ ਨੀ ਜੱਗ ਤੋਂ ਚਲੇ ਗਏ। ਅਸੀਂ ਤਾਂ ਜਿਉਂਦੇ ਬੈਠੇ ਹਾਂ। ਘਰ ਵੀ ਉਥੇ ਈ ਐ। ਤੂੰ ਕਦੇ ਗੇੜਾ ਈ ਨੀ ਮਾਰਿਆ ?"

"ਨਹੀਂ ਭਾਬੀ, ਸਰਪੰਚੀ ਜਾਣ ਵਾਲੀ ਤਾਂ ਕੋਈ ਗੱਲ ਨੀ।"

"ਗੱਲ ਤਾਂ ਉਹੀ ਲੱਗਦੀ ਐ, ਉਂਅ ਜੋ ਮਰਜ਼ੀ ਕਹਿ। ਸਰਪੰਚੀ ਦੀ ਤਾਂ ਮੋਹਰ ਸੀ। ਪਹਿਲਾਂ ਸਾਡੇ ਕੋਲ ਸੀ ਹੁਣ ਕਿਸੇ ਹੋਰ ਹੱਥ 'ਚ ਚਲੀ ਗਈ। ਸਾਡਾ ਕੀ ਇਹਦੇ ਤੇ ਨਾਂ ਲਿਖਿਆ ਸੀ ? ਪਹਿਲਾਂ ਅਸੀਂ ਸੀ, ਅੱਜ ਕੋਈ ਹੋਰ। ਕੱਲ ਨੂੰ ਤੂੰ ਵੀ ਸਰਪੰਚ ਬਣ ਸਕਦੈਂ। ਸਰਪੰਚੀ ਕੀ ਗਈ ਤੂੰ ਤਾਂ ਘਰ ਦਾ ਰਾਹ ਈ ਭੁੱਲ ਗਿਆ ?" ਲੱਖਾ ਦਿਉਰ ਦੇ ਥਾਂ ਲੱਗਦਾ ਸੀ ਤੇ ਮਾੜੀ-ਮੋਟੀ ਟਕੋਰ ਲਾਉਣੀ ਸਰਪੰਚਣੀ ਆਪਣਾ ਹੱਕ ਸਮਝਦੀ ਸੀ।

ਆਪਣੀਆਂ ਹੀ ਮੁਸ਼ਕਲਾਂ ਤੇ ਸੋਚਾਂ 'ਚ ਉਲਝਿਆ ਲੱਖਾ ਸਰਪੰਚਣੀ ਦੀਆਂ ਗੱਲਾਂ ਸੁਣ ਕੇ ਹੈਰਾਨ ਹੋ ਗਿਆ। 'ਹੈਂਅ ! ਮੇਰੇ ਤਾਂ ਸਾਲੇ ਕਰਜ਼ੇ ਨੇ ਸਾਹ ਸੂਤੇ ਪਏ ਆ, ਏਧਰ ਐਡਾ ਵੱਡਾ ਉਲਾਂਭਾ! ਹੋਰ ਸੁਣ ਲੋ - ਅਖੇ ਕੱਲ ਨੂੰ ਤੂੰ ਵੀ ਸਰਪੰਚ ਬਣ ਸਕਦੈਂ। ਕੀ ਦੱਸਾਂ ਬਈ

ਮੈਂ ਤਾਂ ਉਪਰ ਜਾਣ ਨੂੰ ਫਿਰਦਾਂ, ਹੁਣ ਉਪਰ ਜਾ ਕੇ ਤਾਂ ਭਾਵੇਂ ਸਰਪੰਚ ਬਣ ਜਾਵਾਂ!' ਸਰਪੰਚਣੀ ਦਾ ਉਲਾਂਭਾ ਸੁਣ ਉਹ ਹੋਰ ਉਦਾਸ ਹੋ ਗਿਆ ਤੇ ਹੈਰਾਨੀ ਭਰੀਆਂ ਨਜ਼ਰਾਂ ਨਾਲ ਸਰਪੰਚਣੀ ਵੱਲ ਵੇਖਣ ਲੱਗਾ।

"ਨਾ ਐਂ ਕੀ ਵੇਖਦੈਂ ? ਕੁੱਝ ਵੀ ਹੋ ਸਕਦੈ। ਤੂੰ ਸਾਡੀ ਬਥੇਰੀ ਮੱਦਦ ਕੀਤੀ ਸੀ। ਕੱਲ ਨੂੰ ਸਰਪੰਚੀ ਦਾ ਦਾਅਵੇਦਾਰ ਬਣ ਤੇ ਫੇਰ ਅਜ਼ਮਾ ਕੇ ਵੇਖ। ਘੱਟ ਅਸੀਂ ਵੀ ਨੀ ਰਹਿਣ ਦਿੰਦੇ।" ਸਰਪੰਚਣੀ ਨੇ ਲੱਖੇ ਨੂੰ ਚੁੱਪ ਦੇਖ ਹੋਰ ਟਕੋਰ ਮਾਰੀ।

ਲੱਖਾ ਕੀ ਬੋਲੇ, ਸੋਚਣ ਲੱਗਾ, 'ਮੈਂ ਕੀ ਸੋਚ ਕੇ ਆਇਆ ਸੀ, ਤੇ ਇਹ ਮੈਨੂੰ ਸਰਪੰਚ ਬਣਾਉਣ ਲੱਗ ਪਈ।'

"ਵੇ ਕੁਝ ਬੋਲ ਵੀ, ਕਿ ਮੂੰਹ ਲਟਕਾ ਕੇ ਹੀ ਖੜਾ ਰਹੇਂਗਾ ? ਕਿਤੇ ਇਹ ਤਾਂ ਨੀ ਸੋਚਦਾ, ਬਈ ਮੈਂ ਸਰਪੰਚੀ ਚਲਾਉਂ ਕਿਵੇਂ। ਫਿਕਰ ਨਾ ਕਰ, ਆਹ ਬੈਠੀ ਆ ਤੇਰੀ ਭਰਜਾਈ। ਸਰਦਾਰ ਜੀ ਬੈਠੇ ਆ। ਡਾਂਗ ਲੈ ਕੇ ਨਾਲ ਖੜਾਂਗੇ, ਜਿਵੇਂ ਤੂੰ ਸਰਦਾਰ ਹੁਰਾਂ ਨਾਲ ਥਾਨੇ ਕਚਿਹਰੀ ਜਾਂਦਾ ਹੁੰਦਾ ਸੀ। ਅਸੀਂ ਕਰਵਾਵਾਂਗੇ ਤੇਰੀ ਸਰਪੰਚੀ।" ਸਰਪੰਚਣੀ ਨੇ ਤਾਂ ਲੱਖੇ ਨੂੰ ਚਾਰ ਚੁਫੇਰਿਉਂ ਹੀ ਘੇਰਾ ਪਾ ਲਿਆ।

ਗੱਲਾਂ ਦਾ ਰੌਲਾ ਸੁਣ ਜਰਨੈਲ ਸਿੰਘ ਵੀ ਬਾਹਰ ਆ ਗਿਆ। ਬਾਹਰ ਲੱਖੇ ਨੂੰ ਦੇਖ ਉਹ ਬੋਲਿਆ, "ਬੱਲੇ, ਅੱਜ ਲੱਖਾ ਆਇਆ ਖੜ੍ਹਾ, ਕੱਲ ਸੁਰਜੀਤੋ ਆਈ ਬੈਠੀ ਸੀ, ਲੱਗਦੈ ਕੋਈ ਖੁਸ਼ਖਬਰੀ ਐ। ਕੀਹਦਾ ਵਿਆਹ ਧਰ ਲਿਆ ਬਈ, ਮੁੰਡੇ ਦਾ ਕੇ ਕੁੜੀ ਦਾ ?"

"ਵਿਆਹ ਨੀ ਸਿਆਪਾ ਧਰਨ ਨੂੰ ਫਿਰਦੇ ਨੇ!" ਇਸ ਤੋਂ ਪਹਿਲਾਂ ਕਿ ਲੱਖਾ ਕੁਝ ਬੋਲੇ, ਜਸਵਿੰਦਰ ਕੌਰ ਉੱਚੀ ਦੇਣੇ ਬੋਲੀ। ਉਹਨੇ ਦੇਖਿਆ ਹੁਣ ਮੌਕੈ।

ਹੁਣ ਤੱਕ ਚੁੱਪ ਤੇ ਹੈਰਾਨ ਖੜਾ ਲੱਖਾ ਇੱਕ ਦਮ ਤ੍ਰਬਕ ਗਿਆ। ਝੱਟ ਸਮਝ ਗਿਆ ਕਿ ਕੱਲ ਸੁਰਜੀਤੋ ਆ ਕੇ ਜਸਵਿੰਦਰ ਕੌਰ ਨੂੰ ਸਾਰੀ ਗੱਲ ਦੱਸ ਗਈ ਹੈ।

ਜਰਨੈਲ ਸਿੰਘ ਨੂੰ ਅਜੇ ਤੱਕ ਕਿਸੇ ਗੱਲ ਦਾ ਕੋਈ ਪਤਾ ਨਹੀਂ ਸੀ। ਫਿਰ ਵੀ ਜਸਵਿੰਦਰ ਕੌਰ ਵੱਲ ਦੇਖ ਸਰਪੰਚੀ ਵਾਲੇ ਰੋਅਬ ਨਾਲ ਬੋਲਿਆ, "ਕੀ ਬੋਲੀ ਜਾਨੀ ਐ ਐਂਵੇ ? ਸਿਆਪਾ ਪਵੇ ਦਸ਼ਮਣਾਂ ਦੇ, ਸਾਡੇ ਕਿਉਂ ? ਲੱਖਾ ਆਪਣਾ ਬੰਦੈ, ਪਤੈ ਕਿੰਨੀ ਮਦਦ ਕੀਤੀ ਸੀ ਸਰਪੰਚੀ ਵੇਲੇ।"

"ਸਭ ਪਤੈ - ਤਾਂਹੀ ਸੱਦਿਐ। ਹੁਣ ਸਾਰੀ ਗੱਲ ਧਿਆਨ ਨਾਲ ਸੁਣ ਲੋ, ਏਹ ਕੋਈ ਖੂਹ ਪੁੱਟਣ ਨੂੰ ਫਿਰਦੈ।"

"ਖੂਹ ਪੁੱਟਣ ਨੂੰ ?" ਗੱਲ ਸੁਣ ਜਰਨੈਲ ਸਿੰਘ ਹੈਰਾਨ ਰਹਿ ਗਿਆ! ਉਹ ਮਨ ਹੀ ਮਨ ਸੋਚਣ ਲੱਗਾ,

'ਕਿਤੇ ਲੱਖਾ ਕਿਸੇ ਨੂੰ ਮਾਰਨ ਦੀ ਤਿਆਰੀ 'ਚ ਤਾਂ ਨੀ ?'

'ਕਿਤੇ ਕੋਈ ਹੋਰ ਤੀਵੀਂ ਤਾ ਨੀ ਰੱਖ ਲੀ, ਉਹਦੇ ਨਾਲ ਵਿਆਹ ਕਰਵਾਉਣ ਨੂੰ ਫਿਰਦਾ ਹੋਵੇ ?'

'ਕਿਤੇ ਇਹਦੀ ਕੁੜੀ ਜਾਂ ਮੁੰਡੇ ਨੇ ਹੀ ਨਾ ਕੋਈ ਖੂਹ ਪੁੱਟਤਾ ਹੋਵੇ, ਤੇ ਇਹ ਮਰਨ-ਮਾਰਨ ਨੂੰ ਫਿਰਦਾ ਹੋਵੇ ?'

'ਕਿਤੇ ਸੁਰਜੀਤੋ ਹੀ ਤਾਂ ਨੀ ਕੋਈ ਗਲਤੀ ਕਰ ਬੈਠੀ ਕਿ... ?'



ਸਵਾਲ ਕਈ ਸਨ, ਪਰ ਹਰ ਵਾਰ ਸਰਪੰਚ ਦੇ ਅੰਦਰੋਂ ਇੱਕੋ ਹੀ ਆਵਾਜ਼ ਆ ਰਹੀ ਸੀ, 'ਨਹੀਂ - ਇਹ ਨੀ ਹੋ ਸਕਦਾ।' ਫਿਰ ਖੂਹ ਪੁੱਟਣ ਵਾਲੀ ਗੱਲ ਕੀ ਹੋਈ, ਕੁਝ ਸਮਝ ਨਹੀਂ ਸੀ ਆ ਰਿਹਾ।

"ਲੱਖਿਆ, ਕੀ ਗੱਲ ਐ ਬਈ, ਖੁੱਲ ਕੇ ਦੱਸ ?" ਸਰਪੰਚ ਨੇ ਲੱਖੇ ਨੂੰ ਸਿੱਧਾ ਹੀ ਪੁੱਛ ਲਿਆ।

ਭਰਿਆ-ਪੀਤਾ ਤਾਂ ਉਹ ਪਹਿਲਾਂ ਹੀ ਪਿਆ ਸੀ, ਲੱਖਾ ਇੱਕ ਦਮ ਫਿਸ ਪਿਆ, "ਮੈਂ ਕੋਈ ਖੂਹ ਪੁੱਟਣ ਨੂੰ ਨੀਂ ਫਿਰਦਾ, ਮੈਂ ਤਾਂ ਖੂਹ-ਟੋਭਾ ਗੰਦਾ ਕਰਨ ਨੂੰ ਫਿਰਦਾਂ - ਇਹੀ ਸੱਚ ਐ। ਅੱਠ ਲੱਖ ਕਰਜ਼ਾ ਸਿਰ ਚੜ੍ਹਿਆ ਪਿਐ। ਹਾੜ੍ਹੀ-ਸਾਉਣੀ ਵਿਆਜ ਵਧੀ ਜਾਂਦੇ। ਵੋਟਾਂ ਵੇਲੇ ਕਹਿੰਦੇ ਸੀ ਕਰਜ਼ਾ/ਕੁਰਕੀ ਖਤਮ, ਥੋੜੇ ਦਿਨ ਇੰਤਜ਼ਾਰ ਕਰੋ। ਫਾਰਮ ਵੀ ਭਰਿਆ ਸੀ ਕਿ ਚੱਲ ਆਹ ਜੱਭ ਤਾਂ ਮੁੱਕੂੰ। ਪਰ ਹੁਣ ਤਾਂ ਮਹੀਨੇ ਵੀ ਗੁਜਰ ਗਏ ਤੇ ਸਾਲ ਵੀ। ਉਪਰੋਂ ਕਰਜ਼ੇ ਆਲੇ ਆੜ੍ਹਤੀਏ ਤੇ ਬੈਂਕ ਵਾਲੇ ਰੋਜ਼ ਸਿਰ ਖਾਂਦੇ ਨੇ। ਆੜ੍ਹਤੀਆ ਹੋਰ ਪੈਸਾ ਦੇਣ ਨੂੰ ਤਿਆਰ ਨੀ। ਬੈਂਕ ਵਾਲੇ ਕਹਿੰਦੇ ਪਹਿਲਾਂ ਕਿਸ਼ਤਾਂ ਭਰੋ, ਫੇਰ ਨਵਾਂ ਕਰਜ਼ਾ ਲੈ ਲਿਓ। ਨਾਲ ਕੁਰਕੀ ਦਾ ਡਰਾਵਾ ਦਿੰਦੇ ਨੇ। ਮੋੜਾਂ ਵੀ ਕਿੱਥੋਂ, ਦੱਸੋ ਕੀ ਕਰਾਂ ? ਸੋਚਿਆ ਕਰਜ਼ਾ ਮਾਫ ਤਾਂ ਹੋ ਨੀ ਰਿਹਾ, ਮਰ ਹੀ ਜਾਨੇ ਆਂ। ਜਵਾਕ ਤਾਂ ਸੌਖੇ ਹੋਣ। ਫੇਰ ਘਰੇ ਆ ਕੇ ਚੈੱਕ ਵੀ ਦੇ ਜਾਣਗੇ ਤੇ ਸ਼ਾਇਦ ਕਿਸੇ ਜਵਾਕ ਨੂੰ ਨੌਕਰੀ ਵੀ।" ਗੱਲ ਦੱਸਦਿਆਂ ਲੱਖੇ ਦੀਆ ਅੱਖਾਂ ਭਰ ਆਈਆਂ।

ਜਰਨੈਲ ਸਿੰਘ ਨੂੰ ਤਾਂ ਸਾਰੀ ਕਹਾਣੀ ਹੁਣ ਪਤਾ ਲੱਗੀ। ਸੁਣ ਕੇ ਉਹ ਵੀ ਪ੍ਰੇਸ਼ਾਨ ਹੋ ਗਿਆ। ਜਸਵਿੰਦਰ ਕੌਰ ਫਿਰ ਬੋਲ ਪਈ, "ਸੁਣ ਲਿਆ ਜੀ, ਆਹ ਦੇਖ ਲੋ ਹਾਲ ਜੀਹਦੀਆਂ ਤਰੀਫਾਂ ਕਰਦੇ ਹੁੰਦੇ ਸੀ, 'ਅਖੇ ਲੱਖੇ ਵਰਗਾ ਅਣਖੀ ਬੰਦਾ ਹਰ ਕੋਈ ਨੀ ਬਣ ਸਕਦਾ।' ਨਾ ਅਣਖੀ ਬੰਦੇ ਆਹ ਕੰਮ ਮਰਦੇ ਹੁੰਦੇ ਆ। ਕੀ ਹੋ ਗਿਆ ਜੇ ਕਰਜ਼ਾ ਚੜ੍ਹ ਗਿਆ, ਕਿਵੇਂ ਨਾ ਕਿਵੇਂ ਲਹਿਜੂ। ਜੇ ਤੂੰ ਹੀ ਮਰ ਗਿਆ, ਸੁਰਜੀਤੋ ਦੱਸ ਕੀ ਕਰੂ ? ਜੁਆਕ ਕੀ ਕਰਨਗੇ ? ਉਹਨਾਂ ਦਾ ਕੀ ਕਸੂਰ ਐ ? ਤੂੰ ਸੋਚਦੈ ਬਈ ਤੂੰ ਛੇਤੀ ਵਿਹਲਾ ਹੋ ਜੇ ਤੇ ਮਗਰੋਂ ਸਜ਼ਾ ਉਹ ਭੁਗਤਣ। ਇਹ ਕਿਧਰਲਾ ਇਨਸਾਫ ਕਰਨ ਚੱਲਿਐਂ ਤੂੰ ? ਕਦੇ ਸੋਚਿਆ ਮਗਰੋਂ ਉਹਨਾਂ ਦਾ ਕੀ ਹਾਲ ਹੋਊ ? ਸੁਰਜੀਤੋ ਕੀਹਦੇ-ਕੀਹਦੇ ਕੋਲ ਠੂਠਾ ਲੈ ਕੇ ਤੁਰੀ ਫਿਰੂ ? ਅਗਲੇ ਠੂਠੇ 'ਚ ਦੁਆਨੀ ਫੇਰ ਪਾਉਂਦੇ ਨੇ ਪਹਿਲਾਂ ਇੱਜ਼ਤ ਤਕਾਉਂਦੇ ਨੇ ਜਨਾਨੀ ਦੀ। ਤੈਨੂੰ ਸ਼ਰਮ ਨਾ ਆਈ ਇਹ ਮਰਨ ਵਾਲੀ ਗੱਲ ਸੋਚਕੇ ?" ਸਰਪੰਚਣੀ ਔਰਤ ਦੇ ਦੁੱਖ ਨੂੰ ਸਮਝਦੀ ਸੀ, ਬਈ ਭੁੱਖੇ ਬਘਿਆੜ ਕੱਲੀ ਤੀਂਵੀ ਨੂੰ ਕਿਵੇਂ ਨੋਚਣ ਨੂੰ ਤਿਆਰ ਬੈਠੇ ਹੁਂਦੇ ਨੇ।

ਸਰਪੰਚਣੀ ਦੀਆਂ ਖਰੀਆਂ-ਖਰੀਆਂ ਸੁਣ ਲੱਖਾ ਤਾਂ ਇੱਕ-ਦਮ ਹੀ ਬੌਂਦਲ ਗਿਆ। ਬੌਂਦਲੇ ਖੜ੍ਹੇ ਲੱਖੇ ਨੂੰ ਦੇਖ ਸਰਪੰਚ ਨੇ ਬਾਂਹ ਫੜ੍ਹੀ ਤੇ ਅੰਦਰ ਨੂੰ ਲੈ ਤੁਰਿਆ। ਸਰਪੰਚਣੀ ਨੂੰ ਵੀ ਥੋੜਾ ਉੱਚੀ ਬੋਲਿਆ, "ਹੁਣ ਵਿਹੜੇ 'ਚ ਖੜੀ ਲੈਕਚਰ ਈ ਝਾੜੀ ਜਾਵੇਂਗੀ, ਕਿ ਕੋਈ ਚਾਹ ਪਾਣੀ ਵੀ ਪੁੱਛੇਂਗੀ ?"

ਹੁਣ ਉਹ ਬੈਠਕ ਅੰਦਰ ਬੈਠੇ ਆਰਾਮ ਨਾਲ ਗੱਲਾਂ ਕਰ ਰਹੇ ਸਨ। ਚਾਹ ਲੈ ਕੇ ਸਰਪੰਚਣੀ ਵੀ ਕੋਲ ਆ ਬੈਠੀ। ਸਰਪੰਚ ਪਿਆਰ ਨਾਲ ਲੱਖੇ ਨੂੰ ਸਮਝਾਉਣ ਲੱਗਾ, "ਧਿਆਨ ਨਾਲ ਗੱਲ ਸੁਣ। ਘਰ ਬੰਨਣੇ ਬੜੇ ਔਖੇ ਨੇ, ਪੱਟ ਤਾਂ ਜਦ ਮਰਜ਼ੀ ਦਿਓ। ਕਿਉਂ ਵੱਸਦਾ-ਰੱਸਦਾ ਘਰ ਪੱਟਣ ਲੱਗਿਐਂ, ਕਿਉਂ ਕਮਲਾ ਹੋਇਐਂ ? ਆਪਣੇ ਕੋਲ ਤਾਂ ਜਮੀਨਾਂ ਨੇ, ਤੇਰੇ ਕੋਲ ਵੀ ਪੰਜ

ਕਿੱਲੇ ਹੈਗੀ। ਜਿੰਨ੍ਹਾਂ ਕੋਲ ਕੁਝ ਵੀ ਨਹੀਂ, ਬੇ-ਜਮੀਨੇ ਨੇ, ਰੋਟੀ ਤਾਂ ਉਹ ਵੀ ਖਾਂਦੇ ਈ ਨੇ। ਅਕਲ ਨੂੰ ਹੱਥ ਮਾਰ।"

"ਅਕਲ ਨੂੰ ਤਾਂ ਸਾਰੇ ਹੱਥ ਮਾਰ ਲਏ ਸਰਪੰਚ ਸਾਹਿਬ, ਹੋਰ ਕੋਈ ਚਾਰਾ ਨੀ ਦਿਸ ਰਿਹਾ। ਨਾ ਪੰਜ ਕਿੱਲਿਆਂ ਦੀ ਖੇਤੀ ਨਾਲ ਇਹ ਕਰਜ਼ਾ ਲਹੇ, ਤੇ ਨਾ ਖਹਿੜਾ ਛੁੱਟੇ।"

"ਹੂੰਅ, ਮੇਰੀ ਮੰਨ, ਪੰਜੇ ਕਿੱਲੇ ਠੇਕੇ 'ਤੇ ਦੇ ਦੇ। ਤੇ ਆਪ ਨਾਲ ਕੋਈ ਹੋਰ ਛੋਟਾ-ਮੋਟਾ ਕੰਮ ਦੇਖ ਲੈ।"

"ਸਰਪੰਚ ਸਾਹਿਬ, ਆਹੀ ਤਾਂ ਔਖ ਆ। ਬੇ-ਜਮੀਨੇ ਤਾਂ ਮਾੜੇ-ਮੋਟੇ ਸੌ ਕੰਮਾਂ ਤੇ ਲੱਗ ਜਾਂਦੇ ਨੇ। ਤੇਜਾ ਨਾਈ ਮੇਰੇ ਨਾਲ ਪੜ੍ਹਦਾ ਸੀ, ਅੱਜ ਕੱਲ ਸ਼ਹਿਰ 'ਚ ਇੱਕ ਠੇਕੇਦਾਰ ਨਾਲ ਦਿਹਾੜੀ ਦੇ ਕੰਮ ਲੱਗ ਗਿਆ। ਉਹ ਵੀ ਕਹਿੰਦਾ ਸੀ ਛੱਡ ਖੇਤੀ, ਮੇਰੇ ਨਾਲ ਸ਼ਹਿਰ ਚੱਲਿਆ ਕਰ। ਪਰ ਮੈਂ ਤਾਂ ਉਹ ਵੀ ਨੀਂ ਕਰ ਸਕਦਾ।" ਲੱਖਾ ਭਾਵੇਂ ਕਰਜ਼ਈ ਸੀ, ਪਰ ਜੱਟ ਵਾਲੀ ਹਾਉਮੈ ਆਪਣੀ ਥਾਂ ਸੀ। ਛੋਟਾ ਕੰਮ ਕਰਨ ਵੇਲੇ ਜੱਟ ਵਾਲੀ ਸਰਦਾਰੀ ਤੇ ਅਹਿਮ ਭੂਸਰ ਕੇ ਅੱਗੇ ਖੜ੍ਹਦੀ ਸੀ।

"ਆਪਣੇ ਪਿੰਡ 'ਚ ਚੇਤੂ ਕੇ ਕਾਰਖਾਨੇ ਵਿੱਚ ਕੰਮ ਕਰ ਲੈ, ਉਹਨੂੰ ਬੰਦੇ ਦੀ ਲੋੜ ਵੀ ਆ। ਮੈਂ ਕਹਿ ਦਿੰਨਾ ਚੇਤੂ ਨੂੰ। ਉਹ ਆਪਣਾ ਕਿਹਾ ਨੀ ਮੋੜਦਾ।"

"ਸਰਪੰਚ ਸਾਹਿਬ, ਇਹ ਚੇਤੂ ਕੇ ਸਾਡੇ ਜੁਆਕਾਂ ਦੀਆਂ ਗੁੱਲੀਆਂ ਘੜ੍ਹਦੇ ਹੁੰਦੇ ਸੀ, ਹੁਣ ਕਾਰਖਾਨੇ ਵਾਲੇ ਬਣਗੇ। ਹੁਣ ਮੈਂ ਇਹਨਾਂ ਗੁੱਲੀ ਘੜ੍ਹਾਂ ਦੇ ਨੌਕਰ ਲੱਗ ਜਾਂ ?" ਗਾਉਣ ਵਾਲਿਆਂ ਦਾ ਟੀਸੀ ਚਾੜ੍ਹਿਆ ਜੱਟ ਕਿਸੇ ਤਰਾਂ ਵੀ ਥੱਲੇ ਲੱਗਣ ਨੂੰ ਤਿਆਰ ਨਹੀਂ ਸੀ।

"ਆਹੀ ਧੌਣ 'ਚ ਫਸਿਆ ਕਿੱਲਾ ਸਾਨੂੰ ਮਰਵਾਉਂਦੈ। ਉਹ ਨੌਕਰ ਲੱਗ ਸਕਦੇ ਨੇ, ਉਹ ਛੋਟੇ-ਮੋਟੇ ਕੰਮ ਕਰ ਸਕਦੇ ਨੇ, ਨਾ ਉਹ ਬੰਦੇ ਨੀ ? ਅਸੀਂ ਕੋਈ ਵੱਖਰੇ ਬੰਦੇ ਆਂ ? ਉਹੀ ਨੱਕ, ਕੰਨ, ਮੂੰਹ, ਸਿਰ, ਸਰੀਰ, ਹੱਥ, ਸਭ ਇੱਕੋ ਜਿਹਾ ਤਾਂ ਹੈ। ਆਪਣੀ ਧੌਣ 'ਚ ਆਹ ਜੱਟਪੁਣੇ ਵਾਲਾ ਕਿੱਲਾ, ਅਸੀਂ ਆਪ ਫਸਾਇਐ। ਰਹਿੰਦੀ ਕਸਰ ਆਹ... ਭੈਣ... ਮੈਥੋਂ ਕੁਝ ਹੋਰ ਸੁਣਨਗੇ, ...ਕਈ ਗਾਉਣ ਵਾਲੇ ਕੰਜਰਾਂ ਨੇ ਕੱਢਤੀ। ਸਾਨੂੰ ਨੌਕਰੀ ਜਾਂ ਕੋਈ ਵੀ ਕੰਮ ਕਰਨ 'ਚ ਕਾਹਦਾ ਮਿਹਣੈ।" ਸਰਪੰਚ ਹੁਣ ਉਚੀ ਬੋਲ ਰਿਹਾ ਸੀ ਤੇ ਉਸਦਾ ਚਿਹਰਾ ਭਖਣ ਲੱਗਾ।

ਲੱਖਾ ਚੁੱਪ ਹੋ ਗਿਆ, ਤੇ ਅੱਗੇ ਕੁਝ ਨੀ ਬੋਲਿਆ। ਉਸਨੇ ਸਰਪੰਚ ਸਾਹਿਬ ਦਾ ਚੇਹਰਾ ਤੇ ਟੋਨ ਤਾੜ ਲਈ ਸੀ। ਪਰ ਕੀ ਕਰੇ, ਕੋਈ ਛੋਟਾ ਕੰਮ ਕਰਨ ਨੂੰ ਮਨ ਹਾਮੀ ਨਹੀਂ ਸੀ ਭਰ ਰਿਹਾ। ਉਹ ਉਦਾਸ ਬੈਠਾ ਸੀ।

ਲੱਖੇ ਦੀ ਪ੍ਰੇਸ਼ਾਨੀ ਨੂੰ ਸਮਝਦਿਆਂ ਜਸਵਿੰਦਰ ਕੌਰ ਦਾ ਮਨ ਵੀ ਖਰਾਬ ਹੋ ਰਿਹਾ ਸੀ। ਤੇ ਹੁਣ ਉਸਨੂੰ ਲੱਖੇ ਤੇ ਤਰਸ ਵੀ ਆ ਰਿਹਾ ਸੀ।

"ਮੁੰਡੇ ਦਾ ਕੀ ਹਾਲ ਐ, ਕੀ ਕਰਦੈ ਅੱਜ ਕੱਲ ?" ਮੌਕਾ ਸੰਭਾਲਦਿਆਂ ਜਸਵਿੰਦਰ ਕੌਰ ਨੇ ਗੱਲ ਪਲਟੀ।

ਲੱਖਾ ਕੁਝ ਸੰਭਲਿਆ, "ਭਾਬੀ - ਮੁੰਡੇ ਦੇ ਪੈਰੋਂ ਈ ਦੋ ਸਾਲ ਪਹਿਲਾਂ ਸਾਰਾ ਸਿਆਪਾ ਸ਼ੁਰੂ ਹੋਇਐ, ਕਹਿੰਦਾ, ਮੈਂ ਤਾਂ ਬਾਹਰ ਦਾਖਲਾ ਲੈਣਾ, ਮੇਰੀ ਕੈਨੇਡਾ ਦੀ ਫੀਸ ਭਰੋ। ਬਥੇਰਾ ਸਮਝਾਇਆ 'ਪੁੱਤ, ਆਪਾਂ ਬਾਹਰ ਦਾ ਖਰਚਾ ਨੀ ਝੱਲ ਸਕਦੇ, ਆਪਣੇ ਸਿਰ ਤਾਂ ਪਹਿਲਾਂ ਹੀ ਕਰਜ਼ਾ ਚੜਿਆ ਪਿਆ। ਹੋਰ ਕਰਜ਼ਾ ਲੈ ਲਿਆ, ਕਿੱਥੋ ਮੋੜਾਂਗੇ।' ਪਰ ਕਿੱਥੇ ! ਨਾਲ ਈ ਮਾਂ



ਰਲਗੀ, 'ਲੈ ਸਾਰੀ ਦੁਨੀਆਂ ਹੀ ਜੁਆਕਾਂ ਨੂੰ ਬਾਹਰ ਭੇਜੀ ਜਾਂਦੀ ਐ, ਖਬਰੈ ਆਪਣਾ ਮੁੰਡਾ ਓਧਰ ਪੱਕਾ ਈ ਹੋਜੇ, ਆਪਣੇ ਵੀ ਵਾਰੇ-ਨਿਆਰੇ ਹੋ ਜਾਣ।'

ਬੱਸ ਫੇਰ, ਫਸਲ ਦਾ ਖਰਚਾ ਤਾਂ ਪਹਿਲਾਂ ਈ ਸਿਰ ਟੁੱਟੀ ਜਾਂਦਾ ਸੀ, ਉਹ ਆੜ੍ਹਤੀਏ ਦਾ ਸੀ। ਮਾਂ-ਪੁੱਤ ਦੀ ਗੱਲ ਮੰਨ ਕੇ ਬੈਂਕ ਤੋਂ ਹੋਰ ਕਰਜ਼ਾ ਚੁੱਕ ਲਿਆ, ਤੇ ਪੈਸੇ ਏਜੰਟ ਦੇ ਹੱਥ ਤੇ ਧਰ ਦਿੱਤੇ। ਏਜੰਟ ਨੂੰ ਮੁੰਡਾ ਪਹਿਲਾਂ ਈ ਤਿਆਰ ਕਰੀ ਬੈਠਾ ਸੀ। ਹੁਣ ਪੈਸੇ ਵੀ ਗਏ ਤੇ ਮੁੰਡਾ ਵੀ ਘਰੇ ਬੈਠਾ। ਬਾਹਰ ਦੀ ਝਾਕ 'ਚ ਕੋਈ ਕੰਮ ਵੀ ਨੀ ਕਰਦਾ। ਸ਼ਹਿਰ ਗੇੜੇ ਮਾਰੀ ਜਾਂਦੈ ਤੇ ਸ਼ਾਮ ਨੂੰ ਮੂੰਹ ਲਟਕਾ ਕੇ ਮਾੜ ਆਉਂਦੈ। ਏਜੰਟ ਕੋਈ ਰਾਹ ਨੀਂ ਦਿੰਦਾ। ਆੜ੍ਹਤੀਆ ਤੇ ਬੈਂਕ ਵਾਲੇ ਅੱਡ ਸਿਰ ਖਾਂਦੇ ਨੇ। ਕੁਰਕੀ ਦਾ ਡਰਾਵਾ ਦਿੰਦੇ ਨੇ। ਦੱਸੋ, ਹੋਰ ਕੀ ਕਰਾਂ ! ਹੁਣ ਜਾਂ ਤਾ ਜੇਲ੍ਹ ਜਾਂਵਾ, ਜਾਂ ਰੱਸਾ ਗਲ 'ਚ ਪਾ ਲਾਂ।"

ਚੁੱਪ ਵਰਤ ਗਈ। ਲੱਖੇ ਦੀ ਕਹਾਣੀ ਸੁਣ ਸਰਪੰਚ ਤੇ ਸਰਪੰਚਣੀ ਇੱਕ-ਦੂਜੇ ਵੱਲ ਝਾਕੇ। ਸੋਚੀਂ ਪੈ ਗਏ, "ਆਹ ਗੱਲ ਐ ! ਹੁਣ ਸਾਰੀ ਕਹਾਣੀ ਸਮਝ ਆਈ ਐ।" ਕੁਝ ਚਿਰ ਚੁੱਪ ਰਹਿਣ ਤੋਂ ਬਾਦ ਸਰਪੰਚ ਬੋਲਿਆ। ਉਸ ਦੇ ਬੋਲਾਂ 'ਚ ਚਿੰਤਾ ਸੀ।

"ਇਹ ਤਾਂ ਧੋਖੈ, ਸੁਰਜੀਤੋ ਨੇ ਆਹ ਏਜੰਟ ਵਾਲੀ ਗੱਲ ਤਾਂ ਮੈਨੂੰ ਦੱਸੀ ਹੀ ਨੀ।" ਸਰਪੰਚਣੀ ਨੇ ਵੀ ਫਿਕਰ ਜਾਹਰ ਕੀਤਾ।

"ਲੱਖਿਆ, ਗੱਲ ਤਾਂ ਹੋਗੀ ਮਾੜੀ, ਪਰ ਮਰਨ ਨਾਲ ਤਾਂ ਹੱਲ ਨੀ ਹੋਣੀ। ਧੀਰਜ ਰੱਖ - ਸੋਚਦੇ ਆਂ ਕੋਈ ਹੱਲ।" ਸਰਪੰਚ ਦੇ ਬੋਲਾਂ ਵਿੱਚ ਹੁਣ ਨਰਮਾਈ ਸੀ।

"ਆਹ ਜਿਹੜੇ ਆੜ੍ਹਤੀਆ ਤੇ ਬੈਂਕ ਵਾਲੇ ਰੋਜ਼ ਗੇੜੇ ਮਾਰਦੇ ਨੇ, ਸਰਪੰਚ ਸਾਹਿਬ ਏਹਨਾਂ ਦਾ ਕੀ ਕਰੂੰ ?" ਲੱਖਾ ਇਸ ਗੱਲ ਦੀ ਵੱਡੀ ਸ਼ਰਮ ਮਹਿਸੂਸ ਕਰਦਾ ਸੀ।

"ਏਹਦਾ ਵੀ ਕਰਦੇ ਆਂ ਲਾਜ਼, ਕਰਨਾ ਪਊ। ਲਿਆ ਕਰਜ਼ਾ ਵੀ ਮੋੜਾਂਗੇ, ਰੱਖਣਾ ਨੀ ਕਿਸੇ ਦਾ ਵੀ। ਤੂੰ ਮੋੜੇਗਾਂ, ਹੌਸਲਾ ਨਾ ਸਿੱਟ। ਬਾਕੀ ਰਹੀ ਏਜੰਟ ਆਲੀ ਗੱਲ, ਸਾਲੇ ਨੇ ਉਂਗਲਾਂ ਨੂੰ ਥੁੱਕ ਲਾ-ਲਾ ਨੋਟ ਗਿਣ ਕੇ ਜੇਬ 'ਚ ਪਾ ਲਏ, ਐਂ ਕਿਵੇ ਚੱਲੂ। ਸਿੱਧਾ ਗਲ 'ਚ ਹੱਥ ਪਾਵਾਂਗੇ ਕੰਜਰ ਦੇ।" ਸਰਪੰਚ ਨੇ ਜੁਅਰਤ ਨਾਲ ਗੱਲ ਕਹੀ।

"ਬਾਕੀ ਦੇਖ, ਬਾਣੀਆਂ ਆੜ੍ਹਤੀਆਂ ਸਿਰੇ ਨੀ ਜਾਂਦਾ। ਥੋੜਾ ਠਕੋਰ ਵੀ ਦਿਆਂਗੇ, 'ਮੈਂ ਕਹੂੰ - ਬਈ ਲੱਖਾ ਮਰਨ ਨੂੰ ਫਿਰਦੈ ਲਾਲਾ ਜੀ। ਕੱਲ ਨੂੰ ਕੋਈ ਉਨੀ ਇੱਕੀ ਹੋ ਗਈ, ਤੁਸੀਂ ਆਪ ਵਿਚਾਰ ਕਰ ਲੈਣਾ।' ਸੇਠ ਐਡੇ ਕਮਲੇ ਨੀ, ਛੋਟੀਆਂ ਕਿਸ਼ਤਾਂ ਮੰਨ ਜਾਣਗੇ। ਮਰਿਆ ਲੱਖਾ ਸੇਠਾਂ ਦੇ ਕੀ ਕੰਮ। ਬੈਂਕ ਆਲਿਆਂ ਨਾਲ ਵੀ ਮੈਂ ਗੱਲ ਕਰੂੰ। ਪਰ ਮੇਰੀ ਇਹ ਗੱਲ ਮੰਨ ਕਿ ਜਮੀਨ ਠੇਕੇ ਤੇ ਦੇ ਦੇ। ਠੇਕੇ ਵਾਲੇ ਪੈਸਿਆਂ 'ਚੋਂ ਕੁੱਛ ਦੀਆਂ ਕਿਸ਼ਤਾਂ ਕਟਾਈ ਚੱਲੀਂ। ਬਾਕੀ ਨਾਲ ਘਰੇ ਮੁੱਠੀ ਘੁੱਟ ਕੇ ਕੰਮ ਚਲਾਇਓ ਤੇ ਨਾਲ ਕੋਈ ਹੋਰ ਕੰਮ ਦੇਖ। ਬਾਕੀ ਅਸੀਂ ਬੈਠੇ ਆਂ, ਤੇਰੀ ਪਿੱਠ ਨੀ ਲੱਗਣ ਦਿੰਦੇ। ਪਰ ਤੂੰ ਹੌਸਲਾ ਕਰ, ਤੇ ਨਾਲ ਆਹ ਧੌਣ 'ਚ ਫਸਿਆ ਕਿੱਲਾ ਕੱਢ। ਕਿਰਤ ਨੂੰ ਤਾਂ ਆਪਣੇ ਗੁਰੂਆਂ ਨੇ ਵੀ ਵੱਡਿਆਇਆ। ਕੰਮ ਦਾ ਕਾਹਦਾ ਮਿਹਣਾ ?"

ਏਜੰਟ ਦੇ ਦੰਦੀਆਂ ਤਾਂ ਲੱਖਾ ਪਹਿਲਾਂ ਵੀ ਵੱਢਦਾ ਸੀ, ਪਰ ਉਹਨਾਂ ਦੇ ਵੱਡੇ ਨੈਟਵਰਕ ਤੋਂ ਡਰ ਕੇ ਪੰਗਾ ਲੈਣ ਦੀ ਜੁਅਰਤ ਨੀ ਸੀ ਪੈਂਦੀ। ਸਰਪੰਚ ਦੀਆਂ ਗੱਲਾਂ ਸੁਣ ਉਹਨੂੰ ਕਾਫੀ ਧਰਵਾਸ ਮਿਲੀ ਤੇ ਲੱਖੇ ਦਾ ਚਿਹਰਾ ਕੁਝ ਸ਼ਾਂਤ ਹੋਣ ਲੱਗਾ। ਉਹ ਮਨ ਹੀ ਮਨ ਸੋਚਣ ਲੱਗਾ, 'ਸਰਪੰਚ ਸਾਹਿਬ ਨੇ ਗਲਤ ਤਾਂ ਕੁਝ ਨੀ ਕਿਹਾ'।

ਜਸਵਿੰਦਰ ਕੌਰ ਲਗਾਤਾਰ ਲੱਖੇ ਦੇ ਚਿਹਰੇ ਨੂੰ ਦੇਖ ਰਹੀ ਸੀ। ਉਹਨੂੰ ਪਤਾ ਸੀ ਲੱਖਾ ਦਿਲ ਦਾ ਮਾੜਾ ਤੇ ਬੇਈਮਾਨ ਬਿਲਕੁਲ ਨਹੀਂ। ਇਹ ਤਾਂ ਡਟ ਕੇ ਨਾਲ ਖੜਨ ਵਾਲਾ ਬੰਦਾ ਸੀ। ਪਰ ਆਹ ਕਰਜ਼ੇ ਦੀ ਸ਼ਰਮ ਨੇ ਹੀ ਇਸਦੀ ਆਹ ਹਾਲਤ ਬਣਾ ਦਿੱਤੀ ਤੇ ਹੁਣ ਇਹ ਦਿਲ ਸਿੱਟੀ ਬੈਠਾ ਮਰਨ ਬਾਰੇ ਸੋਚ ਰਿਹਾ ਹੈ। ਇਸ ਨੂੰ ਹੱਲਾਸ਼ੇਰੀ ਦੀ ਲੋੜ ਹੈ। ਥੋੜੇ ਹੌਸਲੇ ਨਾਲ ਹੀ, ਇਹ ਇਸ ਦਲਦਲ ’ਚੋਂ ਬਾਹਰ ਆ ਸਕਦਾ ਹੈ। ਹੁਣ ਲੱਖੇ ਨੂੰ ਚੁੱਪ ਤੇ ਸ਼ਾਂਤ ਦੇਖ ਸਰਪੰਚਣੀ ਨੂੰ ਤਸੱਲੀ ਮਹਿਸੂਸ ਹੋ ਰਹੀ ਸੀ। ਉਹਨੂੰ ਇਹ ਵੀ ਪਤਾ ਸੀ ਕਿ ਉਂਝ ਭਾਂਵੇ ਇਹ ਦੋਵੇਂ ਜੀਅ ਜੋ ਮਰਜ਼ੀ ਬੋਲੀ ਜਾਣ, ਪਰ ਲੱਖਾ ਦਿਲੋਂ ਸੁਰਜੀਤੋ ਦਾ ਬਹੁਤ ਕਰਦਾ ਸੀ ਤੇ ਖਿਆਲ ਰੱਖਦਾ ਸੀ।

ਜਸਵਿੰਦਰ ਕੌਰ ਨੇ ਕੁਝ ਸੋਚ ਕੇ ਲੱਖੇ ਨੂੰ ਇਕ ਬੜੀ ਭਾਵਕ ਗੱਲ ਵੀ ਕਹਿ ਹੀ ਦਿੱਤੀ। ਉਹ ਸੋਚਦੀ ਸੀ ਇਹ ਗੱਲ ਕਹਿਣ ਦਾ ਹੁਣ ਸਹੀ ਮੌਕਾ ਹੈ। ਜੇ ਹੁਣ ਨਾ ਕਹੀ ਤਾਂ ਫੇਰ ਸ਼ਾਇਦ ਮੌਕਾ ਹੀ ਨਾ ਮਿਲੇ। ਰੱਬ ਨਾ ਕਰੇ ਕੁਝ ਅਜਿਹਾ ਹੋ ਗਿਆ ਤਾਂ ਮੈਨੂੰ ਵੀ ਪਛਤਾਵਾ ਰਹੂ। ਉਹ ਲੱਖੇ ਨੂੰ ਸੰਬੋਧਨ ਹੋ ਕੇ ਬੋਲੀ, “ਲੱਖਿਆ, ਮੈਂ ਤੈਨੂੰ ਇਹ ਗੱਲ ਕਹਿਣਾ ਤਾਂ ਨਹੀਂ ਸੀ ਚਾਹੁੰਦੀ, ਪਰ ਹੁਣ ਮੈਂ ਕਹੇ ਬਿਨਾਂ ਰਹਿ ਵੀ ਨਹੀਂ ਸਕਦੀ। ਮੇਰੀ ਇਹ ਗੱਲ ਨੂੰ ਧਿਆਨ ਨਾਲ ਸੁਣ ਲੈ। ਕਿਸੇ ਵੀ ਹਾਲਤ ‘ਚ ਮੈਂ ਆਪਣੀ ਭੈਣ ਦੇ ਸਿਰ ਤੇ ਚਿੱਟੀ ਚੁੰਨੀ ਨੀ ਦੇਖਣਾ ਚਾਹੁੰਦੀ। ਮੈਂ ਇਹ ਨੀ ਦੇਖ ਸਕਦੀ ਕਿ ਸਮਾਜ ਦੀਆਂ ਕਾਲੀਆਂ ਭੇਡਾਂ, ਸੁਰਜੀਤੋ ਨੂੰ ਕੱਲੀ ਦੇਖ ਥਾਂ-ਥਾਂ ਘੇਰਨ, ਲੁੱਟਣ ਤੇ ਨੋਚਣ। ਜੇ ਗੁਰੂ ਦਾ ਸਿੱਖ ਐਂ, ਵਾਅਦਾ ਕਰ ਉਹਨੂੰ ਕੱਲੀ ਨੂੰ ਛੱਡ ਕੇ ਨਹੀਂ ਜਾਵੇਂਗਾ।”

ਇਹ ਗੱਲ ਸੁਣ ਕੇ ਲੱਖੇ ਦੇ ਸਾਰੇ ਕਪਾਟ ਹੀ ਖੁੱਲ ਗਏ, ਜਾਂ ਕਹੋ ਪਾਟ ਗਏ। ਉਸ ਦੀਆ ਅੱਖਾਂ ਭਰ ਆਈਆਂ। ਰੋਕਣ ਤੇ ਵੀ ਹੰਝੂ ਨਾ ਰੁਕੇ ਤੇ ਪਲਕਾਂ ਤੋਂ ਬਾਹਰ ਆ ਗਏ। ਸਾਰਾ ਮਾਹੌਲ ਹੀ ਗਮਗੀਨ ਹੋ ਗਿਆ। ਲੱਖੇ ਤੋਂ ਕੁਝ ਵੀ ਬੋਲ ਨਾ ਹੋਇਆ। ਉਸ ਤੋਂ ਜਸਵਿੰਦਰ ਕੌਰ ਵੱਲ ਦੇਖ ਨਾ ਹੋਇਆ। ਬੜੀ ਮੁਸ਼ਕਲ ਨਾਲ ਉਸਨੇ ਆਪਣਾ ਰੋਣ ਰੋਕਿਆ ਤੇ ਉਠ ਕੇ ਖੜਾ ਹੋ ਗਿਆ, “ਬੱਸ ਭਾਬੀ, ਹੁਣ ਹੋਰ ਨਾ ਅੱਗੇ ਕੁਛ ਵੀ ਕਹੀਂ।” ਉਸ ਤੋਂ ਮਸਾਂ ਐਨਾ ਹੀ ਬੋਲ ਹੋਇਆ ਤੇ ਉਸਦੇ ਹੰਝੂ ਫਿਰ ਵਹਿ ਤੁਰੇ।

ਜਰਨੈਲ ਸਿੰਘ ਅਜੇ ਕੁਝ ਹੋਰ ਗੱਲਾਂ ਕਰਨਾ ਚਾਹੁੰਦਾ ਸੀ, ਪਰ ਸਰਪੰਚ ਤੇ ਸਰਪੰਚਣੀ ਨੇ ਲੱਖੇ ਨੂੰ ਰੋਕਿਆ ਨਾ। ਦੋਵਾਂ ਨੂੰ ਯਕੀਨ ਹੋ ਗਿਆ ਕਿ ਹੁਣ ਲੱਖੇ ਤੇ ਮੌਤ ਨਹੀਂ, ਜ਼ਿੰਦਗੀ ਭਾਰੂ ਹੋ ਚੁੱਕੀ ਹੈ। ਉਸਦੀ ਧੌਣ ਵਿੱਚ ਫਸਿਆ ਕਿੱਲਾ ਨਿਕਲ ਚੁੱਕਾ ਹੈ, ਤੇ ਹੁਣ ਲੱਖਾ ਖੁਦਕੁਸ਼ੀ ਵਾਲੀ ਗੱਲ ਤੋਂ ਬਹੁਤ ਅੱਗੇ ਲੰਘ ਆਇਆ ਹੈ। ਇਹ ਹੰਝੂ ਤਾਂ ਮੌਤ ਦੀ ਹਾਰ, ਤੇ ਜ਼ਿੰਦਗੀ ਦੀ ਜਿੱਤ ਦੇ ਹੰਝੂ ਹਨ।

– -

**ਹਰੀਸ਼ ਦਾ**
**ਨਵਾਂ ਕਹਾਣੀ ਸੰਗ੍ਰਹਿ**
**ਪਿਆਰ ਕਰਨ ਤੋਂ ਪਹਿਲਾਂ**



## ਸ਼ੁਕਰ ਐ/ਦਰਸ਼ਨ ਜੋਗਾ

ਕਮਲ ਨੇ ਜਦੋਂ ਦਾ ਜਾਣ ਬਾਰੇ ਕਿਹੈ, ਮੇਰੇ ਅੰਦਰ ਉਦੋਂ ਦੇ ਡੋਬੂ ਪੈ ਰਹੇ ਨੇ। ਮੰਜੇ ’ਤੇ ਬੈਠੀ ਦਾ ਸਿਰ ਗੇੜੇ ਖਾਈਂ ਜਾਂਦੈ। ਐਂ ਲੱਗਦੈ ਜਿਵੇਂ ਸਿਰ ਦਾ ਪਟਾਕਾ ਪਊ। ਰੋਟੀ ਦੀ ਬੁਰਕੀ ਮੂੰਹ ’ਚ ਪਾਉਣ ਨੂੰ ਉੱਕਾ ਚਿੱਤ ਨਹੀਂ ਕਰ ਰਿਹਾ। ਭੁੱਖ ਮਰ ਗਈ ਐ। ਮੂੰਹ ਸੁੱਕੀਂ ਜਾਂਦੈ। ਮੰਜੇ ਕੋਲ ਸਟੂਲ ’ਤੇ ਪਈ ਗੜਵੀ ’ਚੋਂ ਵਾਰੀ-ਵਾਰੀ ਪਾਣੀ ਦੀਆਂ ਘੁੱਟਾਂ ਨਾਲ ਜੀਭ ਗਿੱਲੀ ਕਰ ਰਹੀ ਆਂ। ਸੰਘ ਫੇਰ ਵੀ ਸੁੱਕੀ ਜਾਂਦੈ। ਅੰਦਰਲਾ ਟਿਕਾਉਣ ਦੇ ਵਥੇਰੇ ਹੀਲੇ ਕਰਦੀ ਆਂ। ਮਨ ਟਿਕਦਾ ਨੀਂ। ਬੈਠੀ ਜਰੂਰ ਆਂ। ਸਾਹ-ਸਤ ਸੂਤੇ ਪਏ ਨੇ। ਦਿਲ ਫੜਕ-ਫੜਕ ਵੱਜ ਰਿਹੈ। ਅੱਖਾਂ ਮੂਹਰੇ ਹਨੇਰਾ ਛਾਅ ਗਿਐ। ਲੱਗਦੈ ਕਾਲੀ ਘਟਾ ਚੜ੍ਹ ਆਈ ਐ। ਮੂਸਲਾਧਾਰ ਮੀਂਹ ਇਕੋਦਮ ਲਹਿ ਪਿਐ। ਮੀਂਹ ਦੀ ਨ੍ਹੇਰੀ ’ਚ ਮੈਨੂੰ ਸਾਫ਼ ਦਿਸ ਨਹੀਂ ਰਿਹਾ। ਪਾਣੀ ’ਚ ਮੁਟਿਆਰ ਰੁੜ੍ਹੀ ਜਾਂਦੀ ਐ। ਉਸਦੀ ਦੇਹ ਨੂੰ ਕਈ ਜਣੇਂ ਖਿੱਚੀਂ ਧੂੰਈਂ ਜਾਂਦੇ ਨੇ। ਚੀਕਾਂ ਨਾਲ ਮੇਰਾ ਕਾਲਜਾ ਛਲਣੀ ਹੋਈਂ ਜਾਂਦੈ। ਬਚਾਅ ਕੋਈ ਨੀਂ ਰਿਹਾ। ਧੂਹ ਕੇ ਲਿਜਾਣ ਵਾਲੇ ਉਸਨੂੰ ਨੋਚ ਰਹੇ ਨੇ। ਛੁਡਾਉਣ ਨੂੰ ਕੋਈ ਨੀਂ ਬਹੁੜਦਾ। ਮੇਰੀਆਂ ਚੀਕਾਂ ਘੁੱਪ ਹਨੇਰੇ ਨਾਲ ਟਕਰਾਅ ਕੇ ਅੰਨੇ ਸਮੁੰਦਰ ਵਿੱਚ ਗੁੰਮ ਹੋ ਗਈਆਂ। ਮੈਂ ਬੇਸੁੱਧ ਹੋਈ ਪਈ ਆਂ। ਕੜਕ ਦੇਣੇ ਗੁਸਲਖ਼ਾਨੇ ਦੀ ਕੁੰਡੀ ਖੁੱਲ੍ਹਣ ਤੇ ਦਰਵਾਜ਼ਾ ਚੀਕਣ ਨਾਲ ਭੜੱਕ ਦੇਣੇ ਬੇ-ਸੁਰਤੀ ’ਚੋਂ ਬਾਹਰ ਆਉਨੀਂ ਆਂ। ਵੇਖਦੀ ਆਂ, ਕਮਲ ਨਹਾਕੇ ਵਿਹੜੇ ’ਚ ਖੜ੍ਹੀ ਹੈ। ਉਸਦੇ ਲੰਮੇ-ਲੰਮੇ ਵਾਲ ਪਿਛਾਂਹ ਪਿੱਠ ’ਤੇ ਵਿਛੇ ਪਏ ਨੇ। ਵਾਲਾਂ ਹੇਠਲਾ ਮੋਢਿਆਂ ’ਤੇ ਵਿਛਾਇਆ ਗੁਲਾਬੀ ਤੌਲੀਆ ਅੱਧੀ ਢੂਹੀ ਨੂੰ ਢਕਦਾ, ਉਸਦੇ ਗੋਰੇ ਰੰਗ ਦੇ ਨਾਲ ਹੀ ਮਿਲਿਆ ਪਿਐ। ਨਵੇਂ ਡਜ਼ੈਨ ਦੇ ਫੈਸ਼ਨ ਮੂਜਬ ਉਸਦੀ ਖੱਬੀ ਬਾਂਹ ਉੱਤੇ ਖੁਦਵਾਇਆ ਮੋਟੇ ਪੱਤਿਆਂ ਵਾਲੀ ਕਾਲੀ ਵੇਲ ਸਣੇ ਵੱਡੇ ਸਾਰੇ ਫੁੱਲ ’ਤੇ ਨਿਗ੍ਹਾ ਜਾਂਦੀ ਐ। ਮੇਰਾ ਕਾਲਜਾ ਧੜੱਕ-ਧੜੱਕ ਵੱਜਣ ਲੱਗਦੈ।

ਬਦਾਮੀ ਸੂਟ ਤੇ ਓਹੋਜੀ ਨਹੁੰ ਪਾਲਿਸ਼ ਲਾ ਕੇ ਪੈਰੀਂ ਪਾਈ ਕਰੀਮ ਜੁੱਤੀ ਨਾਲ ਖੜਕਦੀਆਂ ਚੂੜੀਆਂ ਵੇਖਕੇ, ਦਰਜੀਆਂ ਦੀ ਚੰਦੋ ਉਸੇ ਵੇਲੇ ਆਖੂ, “ਨੀਂ ਭਾਨੋਂ ਤੇਰੀ ਨੂੰਹ ਤਾਂ ਪੂਰੀ ਸਰਦਾਰਨੀ ਐ। ਕੋਈ ਸੂਟ ਪਾਲੇ, ਗੋਰੇ ਰੰਗ ’ਤੇ ਬਣ-ਬਣ ਉੱਠਦੈ।” ਉਸਦੀਆਂ ਗੱਲਾਂ ਮਨ ’ਚ ਆਉਂਦੀਐਂ, ਮਨ ਗੇੜੇ ਖਾਣ ਲੱਗ ਪਿਐ। ਇਹ ਸਰਦਾਰਨੀ ਆਲੀ ਦਿੱਖ ਬਣੀ ਰਹੇ। ਇਹੀ ਅਰਦਾਸਾਂ ਵਾਹਿਗੁਰੂ ਮੂਹਰੇ ਕਰੀਂ ਜਾਨੀਂ ਆਂ। ਇਹਦੇ ਉੱਚੇ ਲੰਮੇ ਕੱਦ ’ਤੇ ਭਰਵੇਂ ਸਰੀਰ ਬੰਨੀਂ ਮੁੜ-ਮੁੜ ਨਿਗ੍ਹਾ ਜਾਂਦੀ ਐ। ਇਹਦਾ ਨਾਂਓ ਕਮਲ ਨੀਂ, ਇਹਤਾਂ ਹੈਈ ਕਮਲ ਦਾ ਫੁੱਲ। ਨਿੱਕੀ ਜਿਹੀ ਬੁਨੈਣ ਵਰਗੀ ਅੱਧੀਆਂ ਬਾਹਾਂ ਦੀ ਝੱਗੀ ਤੇ ਖੁੱਲ੍ਹੇ ਜਿਹੇ ਪਜਾਮੇਂ ’ਚ ਖੜ੍ਹੀ, ਐਂ ਲੱਗਦੀ ਐ, ਜਿਵੇਂ ਫ਼ਿਲਮਾਂ ਆਲੀ ਹੋਵੇ। ਮਨ ਬੱਸੋਂ ਬਾਹਰ ਹੋਇਆ ਪਿਐ। ਦੇਹ ਕੰਬਦੀ ਐ। ਜਵਾਨ ਜਹਾਨ ਨੂੰਹ ਐਂ। ਕਿਮੇਂ ਔਖਾਂ ’ਚ ਲਾਡਾਂ ਪਿਆਰਾਂ ਨਾਲ ਲਿਆਂਦੀ ਐ ਘਰੇ।

ਅੱਜ ਦਿਨ ਚੜ੍ਹਦੇ ਨਾਲ ਆਏ ਹਨੇਰ ਦੇ ਫ਼ਿਕਰ ਨੇ ਪਿਛਲੇ ਜਖ਼ਮ ਹਰੇ ਕਰ ਦਿੱਤੇ ਨੇ। ਦਰਦਾਂ ਦੀ ਰੀਲ ਤੇਜ਼ੀ ਨਾਲ ਘੁੰਮਣ ਲੱਗਦੀ ਐ। ਉਦੋਂ ਵੀ ਹਸਦਾ ਵਸਦਾ ਪਰਿਵਾਰ ਸੀ। ਖਿੜੀ ਦੁਪਹਿਰ ਇਕਦਮ ਘੁੱਪ ਹਨੇਰੇ ’ਚ ਬਦਲ ਗਈ। ਸਤਿਗੁਰ ਤੇ ਹਾਕਮ ਹੋਰਾਂ ਦਾ ਪਿਓ ਪਲਾਂ ’ਚ ਤੁਰ ਗਿਆ। ਚੰਗੇ ਭਲੇ ਪਏ-ਪਏ ਦੇ ਦਰਦ ਜਾ ਉੱਠਿਆ। ਉਦੋਂ ਈ ਜੀਪ ’ਚ ਪਾ

ਕੇ ਪਿੰਡ ਆਲੀ ਸਰਕਾਰੀ ਡਿਸਪੈਂਸਰੀ 'ਚ ਲੈਗੇ। ਜਾਂਦਿਆਂ ਨੂੰ ਸਾਹਮਣੇ ਬਰਾਂਡੇ 'ਚ ਘੋਖਰ ਆਲੀ ਨਰਸ ਖੜ੍ਹੀ ਸੀ। ਹੈਗੀ ਤਾਂ ਦਾਈ ਸੀ, ਸਰਕਾਰੀ ਕਰਕੇ ਸਾਰੇ ਨਰਸ ਕਹਿੰਦੇ। ਭੱਜਕੇ ਸਾਡੇ ਕੰਨੀਂ ਨੂੰ ਆਗੀ। ਮੇਰੀ ਪੂਰੀ ਸਿਆਣੂ ਸੀ। ਜਦ ਕਦੇ ਜਾਪੇ ਵੇਲੇ ਕਿਸੇ ਤੀਮੀਂ ਦੀ ਮਰਜ਼-ਤਕਲੀਫ਼ ਦੀ ਮੈਨੂੰ ਨਾ ਸਮਝ ਲੱਗਦੀ, ਅਸੀਂ ਦੋਵੇਂ ਰਾਇ ਵਾੜੀ ਕਰ ਲੈਂਦੀਆਂ। ਵੱਡਾ ਪਿੰਡ ਐ। ਕਿਸੇ ਨਾ ਕਿਸੇ ਅਗਵਾੜ 'ਚ ਕਦੇ ਉਹ ਕਦੇ ਮੈਂ ਜਾਪਾ ਕਰਵਾਉਂਦੀਆਂ, ਆਉਂਦੀਆਂ-ਜਾਂਦੀਆਂ ਮਿਲਦੀਆਂ ਰਹਿੰਦੀਆਂ। ਗੱਲ ਸੁਣਕੇ ਉਹ ਸਿਰ ਮੁੱਧ ਡਾਕਟਰ ਬੰਨੀਂ ਭੱਜੀ। ਆ ਕੇ ਵੇਖ ਕੇ ਡਾਕਟਰ ਨੇ ਪੁੱਠਾ ਹੱਥ ਫੇਰਤਾ ਜੀਪ 'ਚੋਂ ਲਾਹਿਆ ਵੀ ਨੀਂ, ਕਹਿੰਦਾ, "ਲੈਜੋ, ਇਹਦੇ 'ਚ ਕੁਛ ਨੀਂ। ਦਿਲ ਫੇਲ ਹੋ ਗਿਆ।" ਰੋਂਦੇ ਕੁਰਲਾਉਂਦੇ ਘਰੇ ਚੱਕ ਲਿਆਏ। ਚਾਰੇ ਪਾਸੇ ਹਨੇਰ ਛਾਅ ਗਿਆ। ਕੁਛ ਸਮਝ ਨੀਂ ਆਉਂਦਾ ਸੀ। ਵਥੇਰਾ ਵਿਲਕੀ, ਆਵਦਾ ਸਰੀਰ ਤੋੜਿਆ। ਪਰ ਕਿਹੜਾ ਉਹਨੇ ਮੁੜ ਆਉਣਾ ਸੀ। ਅਖੀਰ ਮਨ ਨੂੰ ਸਮਝਾਇਆ। ਤਕੜਾ ਕੀਤਾ। ਜਵਾਕਾਂ ਦੇ ਮੂੰਹ 'ਚ ਪਾਉਣ ਨੂੰ ਚੋਗ ਤਾਂ 'ਕੱਠੀ ਕਰਨੀ ਸੀ। ਬਾਹਰ ਨਿਕਲਦੀ, ਪਰਾਏ ਲੋਕਾਂ ਦੇ ਤਿੱਖੇ ਜ਼ਹਿਰੀਲੇ ਤੀਰ ਤਾਂ ਝੱਲਦੀ ਸੀ। ਆਪਣੀਆਂ ਸਕੀਆਂ ਸ਼ਰੀਕਣੀਆਂ ਵੀ ਕੋਈ ਕਸਰ ਨਾ ਛੱਡਦੀਆਂ, "ਗਿਆਨ ਕਾਹਦਾ ਤੁਰ ਗਿਆ। ਇਹਨੂੰ ਤਾਂ ਖੁੱਲ੍ਹ ਹੋਗੀ। ਨਿੱਤ ਨਵੇਂ ਸੂਟ ਬਦਲ-ਬਦਲ ਨਿੱਕਲਦੀ ਐ। ਪੁੱਛਣ ਆਲਾ ਹੋਵੇ, ਕੰਮ ਕਰਨ ਜਾਨੀਂ ਐਂ ਕਿ ਮੇਲੇ ਜਾਨੀ ਐ।" ਦੂਜੀ ਰਹਿੰਦੇ ਅੰਗਿਆਰੇ ਹੋਰ ਧਰਦੀ ਤੜਫ਼ਦੀ 'ਤੇ, "ਬੰਦੇ ਤੋਂ ਬਿਨਾਂ ਕਾਹਦਾ ਡਰ ਐ। ਮਨ ਆਈਆਂ ਕਰਦੀ ਐ।"

ਸਿਰੋਂ ਪਰ੍ਹੇ ਭੈੜੀਆਂ ਹਵਾਵਾਂ ਵਗੀਆਂ। ਝੱਲੀਆਂ ਸਭ ਦੀਆਂ ਮਨ ਪਿੰਡੇ 'ਤੇ। ਦੁਨੀਆਂ ਦੀਆਂ ਗੱਲਾਂ ਤੋਂ ਬੇਪ੍ਰਵਾਹ ਹੋ ਕੇ, ਆਵਦੀ ਦੇਹ ਵੇਲੀ। ਐਨੇ 'ਚ ਦੋਵੇਂ ਜੁਆਕ ਉਡਾਰ ਹੋਗੇ।

ਵੱਡਾ ਸਤਿਗੁਰ ਪੜ੍ਹ ਗਿਆ। ਨੌਕਰੀ ਲੱਗ ਗਿਆ ਬੈਂਕ 'ਚ। ਬਰੋਬਰ ਦੀ ਘਰ ਆਲੀ ਮਿਲਗੀ ਨੌਕਰੀ 'ਤੇ ਲੱਗੀ। ਇਹ ਛੋਟਾ ਹਾਕਮ, ਛੋਟਾ ਹੁੰਦਾ ਈ ਮੇਰੇ ਹੌਕੇ ਹਾਵਿਆਂ ਨੂੰ ਸੁਣਦਾ, ਨਰਮ ਦਾ ਨਰਮ ਰਹਿ ਗਿਆ। ਸਤਿਗੁਰ ਤਾਂ ਵਿਆਹ ਹੋਣ ਸਾਰ ਤੀਮੀਂ ਨੂੰ ਲੈ ਕੇ ਅੱਡ ਹੋ ਕੇ ਪਰ੍ਹੇ ਬਹਿ ਗਿਆ। ਮਾਂ ਦਾ ਫ਼ਿਕਰ ਤਾਂ ਕੀ ਕਰਨਾ ਸੀ। ਜੇ ਕਦੇ ਗੱਲ ਵੀ ਕਰਦੀ, ਉਲਟਾ ਬਘਿਆੜ ਵਾਂਗੂੰ ਭੱਜ ਕੇ ਪੈਂਦਾ।

ਅਕੇ ਦੱਸ, "ਤੂੰ ਮੈਨੂੰ ਅੰਗਰੇਜੀ ਸਕੂਲਾਂ 'ਚ ਪੜ੍ਹਾਉਂਦੀ ਰਹੀ ਐ ? ਰੁਲ਼ ਖੁਲ਼ ਕੇ ਮੈਂ ਆਵਦੀ ਮਿਹਨਤ ਨਾਲ ਪੜ੍ਹਕੇ ਰੋਟੀ ਜੋਗਰਾ ਹੋ ਗਿਆ। ਤੈਨੂੰ ਕੀ ਦੇ ਦਿਆਂ ?"

"ਮਖਿਆਂ ਆਹ ਵਥੇਰਾ ਕੁਛ ਦੇਤਾ ਤੂੰ, ਇਹੀ ਬਹੁਤ ਐ। ਮਾਂ ਨੂੰ ਸ਼ੁੱਧ ਬੋਲ ਲਿਆ ਕਰ।"

ਅੰਦਰਲਾ ਮੱਚਦੈ, ਪਰ ਕੀ ਜ਼ੋਰ ਐ। ਆਵਦੇ ਢਿੱਡੋਂ ਕੱਢੇ 'ਤੇ। ਆਹ ਵਿਚਾਰੇ ਹਾਕਮ ਨੇ ਮਸਾਂ ਡਿੱਗਦੇ ਪੈਂਦੇ ਨੇ ਬਾਰ੍ਹਾਂ ਕੀਤੀਆਂ। ਇਸੇ ਕਰਕੇ ਦਰ-ਦਰ ਦੀਆਂ ਠੋਕਰਾਂ ਖਾਂਦਾ ਫਿਰਦਾ ਰਿਹਾ। ਕੋਈ ਕੰਮ, ਨੌਕਰੀ ਚੱਜਦੀ, ਤਾਂ ਹੀ ਮਿਲੇ ਜੇ ਚੰਗਾ ਪੜ੍ਹਦਾ। ਪਿਓ ਵਿਚਾਰਾ ਸਾਰੀ ਉਮਰ ਜੱਟਾਂ ਦੇ ਖੇਤਾਂ 'ਚ ਦੇਹ ਵੇਲਦਾ ਰੁਲਦਾ ਫਿਰਦਾ ਰਿਹਾ। ਵਿਆਹ ਸ਼ਾਦੀਆਂ, ਮਰਨੇ-ਪਰਨੇ 'ਤੇ ਅਗਵਾੜ ਦੇ ਲੋਕ ਚੱਲੀ ਆਉਂਦੀ ਰੀਤ ਮੂਜਬ ਮਹਿਰੇ ਨੂੰ ਪਾਣੀ-ਧਾਣੀ ਵਾਸਤੇ ਜਰੂਰ ਬੁਲਾਅ ਲੈਂਦੇ। ਓਵੇਂ ਕਦੇ-ਕਦੇ ਹਾਕਮ ਵੀ ਜਾਂਦਾ ਰਿਹੈ ਉਸਦੇ ਮਗਰੋਂ।



ਜਿਉਂਦਾ ਰਹੇ ਆਪਣੇ ਪਿੰਡ ਆਲਾ ਕਰਮ ਸੂੰ ਵਕੀਲ, ਬਲਾਈਂ ਚੰਗੈ।

ਇਕ ਦਿਨ ਲੰਘਿਆ ਜਾਂਦਾ ਕਹਿੰਦਾ, "ਐਂ ਵਿਹਲਾ ਕਿਉਂ ਤੁਰਿਆ ਫਿਰਦੈਂ। ਤੂੰ ਮੇਰੇ ਕੋਲ ਕਚਹਿਰੀ ਆਜਾ, ਟਾਇਪ ਕਰਨੀ ਸਿੱਖ ਲੈ, ਓਥੇ ਕਹਿ ਮੈਂ ਦਿਊਂ। ਵਧੀਆ ਕੰਮ ਚੱਲੂ ਤੇਰਾ।"

ਉਹ ਲੈ ਗਿਆ। ਜਦੋਂ ਪਹਿਲਾਂ ਕਰਮ ਸੂੰ ਪਿੰਡ ਰਹਿੰਦਾ ਸੀ ਉਦੋਂ ਇਹ ਛੋਟਾ ਹੁੰਦਾ ਉਹਨਾਂ ਦੇ ਘਰੇ ਪਾਣੀ-ਪੁਣੀ ਭਰ ਆਉਂਦਾ ਸੀ, ਟੂਟੀ ਆਈਂ ਤੋਂ। ਮੋਹ ਰੱਖਦਾ ਸੀ ਕਰਮ ਸਿਉਂ।

ਘਰੋਂ ਪੁਰਾਣਾ ਕੰਪਿਊਟਰ ਚਕਾਤਾ, ਉਹਦੇ ਮੁੰਡੇ ਬਿਕਰਮ ਦਾ ਸੀ। ਉਹ ਕਈ ਸਾਲ ਹੋਗੇ ਬਾਹਰਲੇ ਦੇਸ਼ ਵਗ ਗਿਐ। ਵਕੀਲ ਨੇ ਕਹਿਕੇ ਟਾਈਪ ਸਿਖਾਤੀ। ਪੁਰਾਣੀ ਮੋਪਡ ਖੜ੍ਹੀ ਸੀ ਅੰਦਰ। ਕਹਿੰਦਾ, "ਇਹਨੂੰ ਸਮਰਾਅ ਲੈ।" ਉਹਦੀ ਕੁੜੀ ਰੂਪੀ ਜਾਂਦੀ ਹੁੰਦੀ ਸੀ ਸਕੂਲ ਇਹਤੇ। ਹੁਣ ਤਾਂ ਵਿਆਹੀ ਹੋਈ ਐ ਅਬੋਹਰ। ਤਕੜਾ ਘਰ ਐ। ਜਮਾਈ ਕੋਈ ਵੱਡਾ ਅਫ਼ਸਰ ਦੱਸਦੇ ਨੇ। ਕਰਮ ਸੂੰਅ, ਹਾਕਮ ਨੂੰ ਕਈ ਵਾਰ ਤਿੱਥ-ਤਿਹਾਰ ਨੂੰ ਤੋਰ ਦਿੰਦਾ ਕੁੜੀ ਕੋਲੇ, ਚੀਜ਼ ਵਸਤ ਫੜਾਉਣ। ਮੰਡੀਓਂ ਸਿੱਧੀ ਰੇਲ ਜਾਂਦੀ ਐ ਗੰਗਾਨਗਰ ਆਲੀ। ਹਾਕਮ ਦੱਸਦਾ ਹੁੰਦੈ, "ਵੱਡੇ-ਵੱਡੇ ਕਿੰਨੂਆਂ ਦੇ ਬਾਗ ਨੇ।" ਮੁੜਨ ਵੇਲੇ ਗੱਟਾ ਭਰ ਦਿੰਦੇ। ਹਾਕਮ ਨੂੰ ਅੱਡ ਝੋਲੇ 'ਚ ਦਿੰਦੇ ਜਵਾਕਾਂ ਵਾਸਤੇ। ਕਰਮ ਸੂੰਅ ਦੀ ਘਰਵਾਲੀ ਵੀ ਚੰਗੀ ਐ। 'ਕੱਲੇ ਨੇ ਦੋਵੇਂ ਐਡੀ ਕੋਠੀ 'ਚ। ਹਾਕਮ ਦਾ ਉਹਨਾਂ ਨੂੰ ਪੂਰਾ ਸੁਖ ਐ।

ਪੁਰਾਣੇ ਕੰਪਿਊਟਰ ਦੇ ਤਾਂ ਮਗਰੋਂ ਥੋੜ੍ਹੇ-ਥੋੜ੍ਹੇ ਕਰਕੇ ਇਹਨੇ ਪੈਸੇ ਦੇਤੇ ਸੀ। ਮੋਪਡ ਦਾ ਨੀਂ ਕੁਛ ਵਕੀਲ ਨੇ ਲਿਆ। ਹਾਕਮ ਦਸਦਾ ਹੁੰਦੈ, 'ਹੁਣ ਜਾਣ ਸਾਰ ਮੈਂ ਪਹਿਲਾਂ ਆਵਦਾ ਕੰਮ ਕਰਦਾ ਹੁੰਨਾ। ਦੁਪਹਿਰ ਵੇਲੇ ਜਿਹੜੇ ਵਕੀਲ ਦੇ ਕਾਗਜ਼ ਹੁੰਦੇ ਨੇ, ਉਹ ਕਰ ਦਿੰਨਾ।' ਪਹਿਲਾਂ ਤਾਂ ਕੁਝ ਚਿਰ ਵਕੀਲ ਦੇ ਦਫ਼ਤਰ ਮੂਹਰਲੇ ਬਰਾਂਡੇ 'ਚ ਬਹਿੰਦਾ ਰਿਹਾ। ਫੇਰ ਆਵਦਾ ਖੋਖਾ ਧਰ ਲਿਆ। ਮੁਕਦੀ ਗੱਲ, ਆਵਦੀ ਖੋਰੀ ਖੋਟਣ ਜੋਗਰਾ ਹੋ ਗਿਆ। ਇਸੇ ਰੋਜ਼ਗਾਰ ਕਰਕੇ ਵਿਆਹਿਆ ਵੀ ਗਿਆ। ਘਰ ਘੁਰ ਤੋਂ ਮੈਂ ਕੀ ਲੈਣਾ ਸੀ। ਕੁੜੀ ਮਿਲਗੀ ਕੂੰਜ ਵਰਗੀ। ਇਹ ਤੇਰ੍ਹਾਂ ਜਮਾਤਾਂ ਪਾਸ ਐ। ਤਿੰਨ ਭੈਣਾਂ ਨੇ।

ਹਾਕਮ ਤੜਕੇ ਈ ਮੋਪਡ 'ਤੇ ਰੋਟੀ ਆਲਾ ਡੱਬਾ ਟੰਗਕੇ ਤੁਰ ਜਾਂਦੈ। ਆਥਣੇ ਘਰੇ ਆ ਖਾਂਦੈ। ਮੰਡੀ ਕਿਹੜਾ ਦੂਰ ਐ, ਦਸ ਕੋਹ ਵਾਟ ਐ। ਕਿੰਨੇ ਸਾਲ ਹੋਗੇ, ਕੰਮ ਬਾਹਲਾ ਚੰਗਾ ਨੀਂ ਤਾਂ ਮਾੜਾ ਵੀ ਨੀਂ, ਘਰ ਦਾ ਰੇੜੂਆ ਰੇੜੀ ਜਾਂਦੈ।

ਉਹ ਤਾਂ ਉੱਠਣ ਸਾਰ ਵਿਚਾਰਾ ਮੰਡੀ ਨੂੰ ਤੁਰ ਗਿਐ ਮੋਪੜ ਲੈ ਕੇ। ਮੈਂ ਕਿਧਰ ਨੂੰ ਜਾਵਾਂ। ਇਹਨੇ ਮਗਰੋਂ ਆਹ ਵੰਝ ਗੱਡਤਾ, "ਅਕੇ ਮੈਂ ਜਾਣੈ।" ਦਿਲ ਘਟੀਂ ਜਾਂਦੈ। ਕੋਈ ਗੱਲ ਸਮਝ ਨਹੀਂ ਆਉਂਦੀ। ਕਮਲ ਦਬਾ-ਦਬ ਜਸ਼ਨ ਤੇ ਪਲਕ ਨੂੰ ਤਿਆਰ ਕਰਕੇ, ਦੁਪਹਿਰ ਦੀ ਰੋਟੀ ਵਾਲੇ ਡੱਬੇ ਉਹਨਾਂ ਦੇ ਬੈਗਾਂ ਵਿੱਚ ਪਾਈ ਜਾਂਦੀ ਐ। ਪਾਣੀ ਆਲੀਆਂ ਬੋਤਲਾਂ ਉਹ ਹੱਥਾਂ 'ਚ ਲਈਂ ਵਰਦੀਆਂ ਕਸੀਂ ਖੜ੍ਹੇ ਆਪਸ 'ਚ ਗੱਲਾਂ ਕਰੀਂ ਜਾਂਦੇ ਐ। ਜੁਆਕਾਂ ਬੰਨੀ ਵੇਖਕੇ ਮਨ ਸਗੋਂ ਹੋਰ ਭਰ-ਭਰ ਆ ਰਿਹੈ। ਇਹਨਾਂ ਬਲੂਰਾਂ ਨੂੰ ਕੀ ਪਤੈ, ਆਵਦੀ ਦਾਦੀ ਦੀ ਅੰਦਰਲੀ ਦਸ਼ਾ ਦਾ। ਸਕੂਲ ਆਲੀ ਬੱਸ ਦਾ ਹਾਰਨ ਵੱਜਦਾ ਸੁਣ, ਦੋਵੇਂ ਹੱਸਦੇ ਗੱਲਾਂ ਕਰਦੇ ਪਿੱਠਾਂ ਤੇ ਬਸਤੇ ਲਮਕਾਈ, ਘਰੋਂ ਬਾਹਰ ਨੂੰ ਤੁਰ ਜਾਂਦੇ ਨੇ। ਅੱਜ ਤਾਂ ਪੂਰੇ ਛੋਹਲੇ ਹੱਥਾਂ ਨਾਲ ਹੋਰ ਕੰਮ

ਵੀ ਦਬਾ-ਦਬ ਨਬੇੜ ਰਹੀ ਐ। ਉਸਦੀ ਤੇਜੀ 'ਚੋਂ ਉਸਦੀ ਫੁਰਤੀ ਦਾ ਪਤਾ ਲੱਗ ਰਿਹੈ। ਰਸੋਈ ਆਲੀ ਟੂਟੀ ਦੇ ਪਾਣੀ ਦੇ ਖੜਕੇ ਤੋਂ ਪਤਾ ਲੱਗਦੈ, ਉਹ ਭਾਂਡੇ ਧੋਈਂ ਜਾਂਦੀ ਐ। ਹੁਣ ਰਸੋਈ 'ਚੋਂ ਹਵਾ ਬਾਹਰ ਕੱਢਣ ਵਾਲੇ ਪੱਖੇ ਦਾ ਖੜਕਾ ਬੰਦ ਹੋ ਗਿਐ। ਇਹ ਪੱਖਾ ਕਾਹਦਾ ਬੰਦ ਹੋਇਆ, ਲੱਗਦੈ ਅੱਜ ਮੇਰੇ ਅੰਦਰਲਾ ਪੱਖਾ ਵੀ ਬੰਦ ਹੋਊਗਾ। ਮੈਂ ਵਥੇਰਾ ਇਹਨੂੰ ਸਮਝਾਇਐ। ਪਰ ਨਹੀਂ ਸਮਝਦੀ।

ਮੈਨੂੰ ਆਖੂ, "ਬੀਬੀ ਤੁਸੀਂ ਆਵਦੇ ਵੇਲੇ ਆਪਣੀ ਸਮਝ ਵਰਤੀ ਐ। ਹੁਣ ਉਹ ਜ਼ਮਾਨਾ ਨੀਂ, ਜਿਵੇਂ ਤੁਸੀਂ ਕਰਦੇ ਸੀ।"

ਮਖਿਆਂ, "ਨੀਂ ਸਿਆਣੀਏ ਇਹੀ ਗੱਲ ਤਾਂ ਤੈਨੂੰ ਮੈਂ ਕਹਿੰਨੀਂ ਆਂ। ਸਾਡੇ ਵੇਲੇ ਵਥੇਰਾ ਨਰਕ ਉੱਭਰਿਆ ਰਹਿੰਦਾ ਸੀ। ਹੁਣ ਉਸਤੋਂ ਵੀ 'ਗਹਾਂ ਲੰਘੇ ਖੜ੍ਹੇ ਨੇ ਲੋਕ। ਇਹ ਦੁਨੀਆ ਤਾਂ ਮੁੱਕਣ 'ਤੇ ਆਈ ਖੜ੍ਹੀ ਐ। ਤੂੰ ਸਮਝ ਵਰਤ। ਵਕਤ ਮਾੜੈ। ਮੇਰੀ ਇਕ ਨੀਂ ਸੁਣੀ।"

ਹਾਕਮ ਵਿਚਾਰਾ ਆਪ ਚੁੱਪ ਕਰ ਜਾਂਦੈ।

ਆਖੂ, "ਕਰਨੀ ਤਾਂ ਬੀਬੀ ਇਹਨੇ ਆਵਦੀ ਮਰਜ਼ੀ ਐ।"

ਇਕ ਦਿਨ ਮੇਮ ਨੇ ਹੋਰ ਗੱਲ ਕੱਢ ਮਾਰੀ, ਅਕੇ, "ਬੀਬੀ ਤੂੰ ਨਾਉਂ ਤਾਂ ਇਹਦਾ ਹਾਕਮ ਧਰ ਲਿਆ, ਮੈਂ ਤਾਂ ਇਹਦੀ ਹਕੂਮਤ ਕਿਤੇ ਚਲਦੀ ਵੇਖੀ ਨੀਂ। ਬੱਸ ਉਹ ਵਕੀਲ ਦੇ ਦਫ਼ਤਰ ਮੂਹਰੇ ਖੋਖੇ 'ਚ ਸਾਰੀ ਉਮਰ ਲੰਘਾਤੀ। ਘਰ 'ਚ ਕਦੇ ਦੋ ਪਲ 'ਰਾਮ ਨਹੀਂ ਕੀਤਾ, ਨਾ ਕਰਾਇਐ ਕਿਸੇ ਨੂੰ। ਮੈਂ ਵੀ ਦੱਸ ਕੀ ਕਰਾਂ। ਜਵਾਕ ਵੀ ਵੱਡੀਆਂ ਜਮਾਤਾਂ 'ਚ ਨੇ ਇਹਨਾਂ ਦੀਆਂ ਵਰਦੀਆਂ ਤੇ ਫੀਸਾਂ ਵੇਲੇ ਹਰ ਵਾਰੀ ਝੱਜੂ ਪੈਂਦੈ। ਸਭ ਮੇਰੇ ਗਲ ਮੜਦੂ। ਆਖੂ ਮੈਂ ਤੈਨੂੰ ਫੜਾ ਦਿੰਨਾ ਜਿੰਨੇ ਹੁੰਦੇ ਨੇ। ਘਰੇ ਕੋਈ ਸਹੂਲਤ ਨੀਂ। ਰੋਜ਼ ਸ਼ਹਿਰ 'ਚ ਰਹਿੰਦੈ, ਕਿਵੇਂ ਘਰ ਲੋਕਾਂ ਨੇ ਸੁਰਗ ਬਣਾਏ ਪਏ ਐ। ਜੇ ਬਾਹਰ ਨਿਕਲਾਂਗੇ ਤਾਂ ਹੀ ਕੁਛ ਬਣੂ। ਘਰੇ ਬੈਠਿਆਂ ਨੂੰ ਕੋਈ ਥੋੜੋ ਦੇ ਕੇ ਜਾਊ।"

"ਮਖਿਆਂ ਤੇਰੀ ਗੱਲ ਤਾਂ ਠੀਕ ਐ, ਹਕੂਮਤ ਤਾਂ ਪੁੱਤ ਆਵਦੇ ਘਰੇ ਈ ਹੁੰਦੀ ਐ। ਬਾਹਰ ਤਾਂ ਜਿਹੜਾ ਕੰਮ ਐਂ ਓਹੀ ਕਰੂ।" ਮੇਰੀ ਗੱਲ ਅਣਸੁਣੀ ਕਰਕੇ ਅੰਦਰ ਨੂੰ ਤੁਰਗੀ।

ਮੈਂ ਇਹਦਾ ਵਿਹਾਰ ਵੇਖ ਕੇ ਅੰਦਰੇ-ਅੰਦਰ ਭੁੱਜਗੀ। ਜੇ ਮੇਰਾ ਪੁੱਤ ਐਨਾ ਕੁੰਨੈਂ ਤਾਂ ਹੀ ਤਾਂ ਫ਼ਿਕਰ ਲੱਗਿਆ ਖੜ੍ਹੈ। ਇਹਨੂੰ ਭਗਤ ਨੂੰ ਅੱਜ ਦੇ ਜ਼ਮਾਨੇ ਦੀ ਕਿੱਥੇ ਹਵਾ ਲੱਗੀ ਐ। ਜੇ ਇਹ ਵੀ ਵੱਡੇ ਵਰਗਾ ਚੁਸਤ ਬਣ ਜਾਂਦਾ। ਸਿੱਟਦਾ ਰੁਪਈਆਂ ਦੇ ਥੱਬਿਆਂ ਦੇ ਥੱਬੇ। ਇਹਦੀ ਕੀ ਮਜ਼ਾਲ ਸੀ ਚਵਰਿੱਕੀਆਂ ਕਰਨ ਦੀ। ਨਾਲੇ ਆਹ ਫ਼ਿਕਰ ਥੋੜੋ ਵੱਢ-ਵੱਢ ਖਾਂਦੇ। ਮਨ 'ਚ ਤਾਂ ਵਥੇਰੀਆਂ ਆਉਂਦੀਐਂ, ਅਖੀਰ ਸਭ ਸੁਣਕੇ ਚੁੱਪ ਕਰਗੀ। ਸੋਚਾਂ ਸੋਚ-ਸੋਚਕੇ ਮਨ ਘਾਟੀਏਂ ਪਿਆ ਖੜ੍ਹੈ।

ਉਸਦੇ ਕਮਰੇ 'ਚੋਂ ਟੈਲੀਵੀਜ਼ਨ ਦੀ ਆਵਾਜ਼ ਆਉਣੋਂ ਹਟਗੀ। ਕੱਪੜੇ ਬਦਲਣ ਵੇਲੇ ਇਹ ਬਾਰ ਭੇੜ ਲੈਂਦੀ ਐ। ਫੇਰ ਜਦੋਂ ਦੁਬਾਰੇ ਟੈਲੀਵੀਜ਼ਨ ਸੁਣਨ ਲਗਦਾ, ਬਾਹਰ ਆਉਂਦੀ ਦੇ ਨਾਲ ਈ ਅਤਰ-ਫਲੇਲ ਦੀਆਂ ਖੁਸ਼ਬੋਆਂ ਆਉਣ ਲਗਦੀਆਂ ਨੇ। ਰੱਬ ਦਾ ਸ਼ੁਕਰ ਕਰਦੀ ਆਂ ਚਲੋ ਦੋਵੇਂ ਆਵਦੇ ਘਰੇ ਭੈਣਾਂ-ਭਾਈਆਂ ਦੇ ਬਰੋਬਰ ਚੰਗਾ ਪਹਿਨਣ ਪਚਰਨ ਜੋਗਰੇ ਹੋਗੇ। ਪਰ ਅੱਜ ਇਹਦੀਆਂ ਗੱਲਾਂ ਨੇ ਮੇਰਾ ਅੰਦਰ ਹਿਲਾਇਆ ਪਿਐ। ਪਿੰਡੇ 'ਤੇ



ਲਾਉਣ ਛਿੜਕਣ ਆਲੀਆਂ ਸ਼ੀਸ਼ੀਆਂ ਦੇ ਮੁਸ਼ਕ ਨਾਲ ਮੈਂ ਤਾਂ ਬੇਸੁਰਤ ਹੋਣ ਵਾਲੀ ਹੋਈ ਪਈ ਆਂ। ਜੇ ਮੇਰੀ ਇਹ ਮੰਨ ਲੈਂਦੀ, ਚੰਗਾ ਹੋਣਾ ਸੀ। ਪਰ ਨਹੀਂ ਮੰਨੀ, ਇਹਦਾ ਦੁੱਖ ਮੈਥੋਂ ਵੇਖਿਆ ਨਹੀਂ ਜਾਣਾ।"

"ਬੀਬੀ ਆਹ ਸਟੂਲ 'ਤੇ ਪਰੌਂਠਾ ਤੇ ਦਹੀਂ ਉਵੇਂ ਪਏ ਨੇ, ਖਾਲੈ। ਤੇਰੀ ਦੁਪਹਿਰ ਦੀ ਰੋਟੀ ਮੈਂ ਰਸੋਈ 'ਚ ਰੱਖਤੀ, ਕੰਮ ਆਲੀਆਂ ਕੁੜੀਆਂ ਆਉਣਗੀਆਂ ਉਹਨਾਂ ਨੂੰ ਕਹਿਦੀ ਗਰਮ ਕਰਕੇ ਦੇ ਦੇਣਗੀਆਂ। ਦੁੱਧ ਉਬਾਲਕੇ ਫਰਿੱਜ 'ਚ ਰੱਖਤਾ। ਜਸ਼ਨ ਤੇ ਪਲਕ ਸਕੂਲੋਂ ਆਉਣਗੇ, ਉਹਨਾਂ ਨੂੰ ਚਾਹ ਬਣਾਕੇ ਪਿਲਾਅ ਦੇਣਗੀਆਂ। ਜੈਕੀ ਦੀ ਰੋਟੀ ਤੇ ਦੁੱਧ ਮੈਂ ਉਸਦੇ ਭਾਂਡੇ 'ਚ ਪਾਤਾ। ਬਰਾਂਡੇ 'ਚ ਬੰਨਿਆ ਹੋਇਐ।"

ਆਪਣੇ ਕਮਰੇ 'ਚੋਂ ਬੈਗ ਲੈ, ਚੱਕਵੇਂ ਪੈਰੀਂ ਉਹ ਦਰਵਾਜੇ 'ਚੋਂ ਬਾਹਰ ਹੋਗੀ। ਕਿਸੇ ਮੋਟਰ ਗੱਡੀ ਦੇ ਸਟਾਟ ਹੋਣ ਦੀ ਅਵਾਜ਼ ਆਈ ਐ। ਮੇਰੀਆਂ ਤਾਂ ਸਾਰੀਆਂ ਇੰਦਰੀਆਂ ਸੁੰਨ ਹੋ ਗਈਆਂ ਨੇ। ਰੱਬ ਮੂਹਰੇ ਹੱਥ ਬੰਨ ਅਰਦਾਸਾਂ ਕਰਨ ਲੱਗਦੀ ਆਂ। ਉਸਦੀਆਂ ਆਪ ਹੁਦਰੀਆਂ ਗੱਲਾਂ ਨਾਲ ਚੁੱਪ ਤਾਂ ਕੀ, ਗੁੰਮ ਸੁੰਮ ਹੋ ਗਈ ਆਂ। ਮੰਜੇ 'ਤੇ ਬੈਠੀ ਆਂ ਬੁੱਤ ਬਣੀ।

ਰਾਤ ਨੂੰ ਉੱਤੇ ਲੈਣ ਵਾਲੀ ਚਾਦਰ ਵੀ ਤਹਿ ਕਰਕੇ ਸਿਰਹਾਣੇ ਨਹੀਂ ਰੱਖੀ ਗਈ। ਉਵੇਂ ਸੱਪ ਵਾਂਗੂੰ ਮੇਰੇ ਹੇਠ ਈ 'ਕੱਠੀ ਹੋਈ ਪਈ ਐ। ਬੱਸ ਇਸਦੀ ਇੱਕੋ ਗੱਲ ਨੇ ਸਾਹ ਸੂਤ ਰੱਖੇ ਨੇ। ਜ਼ਿੱਦ ਕਰਦੀ ਐ ਬਹੁਤ। ਕਈ ਵਾਰੀ ਜ਼ਿੱਦ ਪੁੱਗ ਜਾਂਦੀ ਐ। ਪਰ ਅੱਜ ਵਰਗੀ ਗੱਲ 'ਤੇ ਕੀਤੀ ਜ਼ਿੱਦ ਬੰਦੇ ਨੂੰ ਖ਼ਤਮ ਕਰ ਦਿੰਦੀ ਐ।

ਇਹਦੀਆਂ ਮਨ ਆਈਆਂ ਦੀ ਰੀਲ੍ਹ ਹੋਰ ਤੇਜ ਲਾਟੂ ਵਾਂਗ ਅੰਦਰੇ ਅੰਦਰ ਘੁੰਮਣ ਲੱਗੀ ਐ। ਪਤਾ ਨੀਂ ਕਿੱਥੋਂ ਇਹਦੇ ਮਨ 'ਚ ਆਈ, ਆਹ ਬਿਊਟੀ ਪਾਰਲਰ ਵਾਲੀ ਗੱਲ।

ਮੈਨੂੰ ਪੁੱਛਣ ਲੱਗੀ ਮਖਿਆ, "ਵੇਖਲੋ ਭਾਈ, ਪਿੰਡ ਦਾ ਕੰਮ ਐ, ਇੱਥੇ ਇਹੋ ਜਾ ਕੰਮ ਘੱਟ ਈ ਲੋਟ ਆਉਂਦੈ। ਮੈਂ ਘਰ-ਘਰ ਆਉਂਦੀ ਜਾਂਦੀ ਰਹੀ ਆਂ। ਪਿੰਡਾਂ ਦੇ ਲੋਕਾਂ ਦੀ ਸਮਝ ਹੋਰ ਹੁੰਦੀ ਐ, ਸ਼ਹਿਰੀ ਹੋਰ 'ਸਾਬ ਦੇ ਹੁੰਦੇ ਨੇ।"

"ਤੈਨੂੰ ਪਤਾ ਈ ਐ ਬੀਬੀ, ਇਹਨਾਂ ਦਾ ਕੰਮ ਕਿੰਨਾ ਕੁ ਐ। ਮੈਂ ਘਰੇ ਵਿਹਲੀ ਬੈਠੀ ਆਂ। ਕੁਛ ਕਰਾਂਗੇ ਤਾਂ ਤੋਰੂਆ ਤੁਰੂ ਘਰਦਾ।" ਮੈਂ ਸੁਣਕੇ ਚੁੱਪ ਕਰਗੀ।

ਦੂਜੇ ਦਿਨ ਹਾਕਮ ਨਾਲ ਈਂ ਉੱਠਕੇ ਤਿਆਰ ਹੋਣ ਲੱਗਪੀ। ਮੈਂ ਪੁੱਛਿਆ ਤਾਂ ਕਹਿੰਦੀ, "ਮੈਂ ਕੰਮ ਸਿੱਖਣ ਜਾਇਆ ਕਰੂ ਹਫ਼ਤੇ ਕੁ ਦੀ ਗੱਲ।"

ਤੜਕੇ ਹਾਕਮ ਨਾਲ ਜਾਂਦੀ। ਦੁਪਹਿਰੇ ਕੱਲ੍ਹੀ ਮੁੜ ਆਉਂਦੀ। ਇਕ ਦਿਨ ਇਹ ਤੇ ਹਾਕਮ ਕਿੰਨੀਆਂ ਈ ਭਾਂਤ-ਭਾਂਤ ਦੀਆਂ ਸ਼ੀਸ਼ੀਆਂ ਤੇ ਹੋਰ ਲਟਰ-ਪਟਰ ਦੇ ਡੱਬੇ ਤਿੰਨ ਪਹੀਆਂ ਆਲੇ ਭੂੰਡ ਜੇ 'ਚ ਲੱਦ ਲਿਆਏ। ਮੇਰੇ ਅੰਦਰ ਪੂਰਾ ਡਰ। ਪਿੰਡ ਦਾ ਕੰਮ ਐ, ਕਿਤੇ ਹੋਰ ਨਵਾਂ ਚੰਦ ਨਾ ਚੜ੍ਹਾਅ ਦੇਣ। ਰਾਤ ਨੂੰ ਪੈਣ ਵੇਲੇ ਹਾਕਮ ਨੂੰ ਪੁੱਛਿਆ, "ਵੇ ਪੈਸਿਆਂ ਦਾ ਕਿਵੇਂ ਕੀਤੈ।"

ਕਹਿੰਦਾ, "ਬੈਂਕ ਕਰਜਾ ਦਿੰਦੀ ਐ। ਇਸੇ ਕਰਕੇ ਤਾਂ ਕੰਮ ਸਿੱਖਣ ਜਾਂਦੀ ਰਹੀ ਐ। ਉਹ ਸਰਟੀਫਿਕੇਟ ਦਿੰਦੇ ਨੇ। ਮੈਂ ਕਰਮ ਸੂੰ ਤੋਂ ਵੀ ਕਹਾਤਾ ਸੀ ਬੈਂਕ ਮੈਨੇਜਰ ਨੂੰ। ਬੈਂਕ ਨੇ ਲੋਨ ਮਨਜ਼ੂਰ ਕਰਤਾ।"

ਮੈਨੂੰ ਸੁਣਕੇ ਇਕਦਮ ਧੱਕਾ ਲੱਗਿਆ, ਕਹਿੰਦਾ, "ਨਹੀਂ ਤੂੰ ਫ਼ਿਕਰ ਨਾ ਕਰ, ਆਪੇ ਕਿਸ਼ਤ ਭਰਦੀ ਰਹੂ। ਤੈਨੂੰ ਪਤੈ ਇਹਦੇ ਕੰਮਾਂ ਦਾ, ਤੇਜ ਐ।"

"ਵੇ ਬਹੁਤੀ ਤੇਜੀ ਵੀ ਬੰਦੇ ਦੇ ਪੈਰ ਉਖੇੜ ਦਿੰਦੀ ਐ।"

"ਕੁਛ ਨੀ ਹੁੰਦਾ, " ਕਹਿਕੇ ਚੁੱਪ ਕਰ ਗਿਆ।

ਅਗਲੇ ਦਿਨ ਬਾਹਰਲੀ ਬੈਠਕ ਮੂਹਰੇ ਫੱਟਾ ਜਾਹ ਲਮਕਾਤਾ।

ਜਸ਼ਨ ਦੱਸੇ, "ਖੁਸ਼ੀ ਬਿਊਟੀ ਪਾਰਲਰ ਖੋਲਿਐ, ਬੀਬੀ, ਮੇਰੀ ਮੰਮੀ ਨੇ।"

ਪਿੰਡ ਦੀਆਂ ਕੁੜੀਆਂ, ਬਹੂਆਂ ਦਾ ਤਾਂ ਦਿਨਾਂ 'ਚ ਇਹਦੇ ਕੋਲ ਮੇਲਾ ਲੱਗਣ ਲੱਗ ਪਿਆ। ਪੜ੍ਹੀਆਂ ਲਿਖੀਆਂ ਵੱਧ ਆਉਂਦੀਆਂ। ਮੇਰਾ ਮਨ ਅੰਦਰੋਂ ਦਹਿਲਿਆ ਕਰੇ। ਮੁਟਿਆਰਾਂ ਧੀਆਂ ਨੇ ਲੋਕਾਂ ਦੀਆਂ। ਕੋਈ ਕਸੂਤਾ ਪੰਗਾ ਬਿਜ ਗਿਆ, ਚੁਗਣਾ ਔਖਾ ਹੋਜੂ। ਰੋਜ਼ ਨਵੀਂਆਂ-ਨਵੀਆਂ ਚੀਜ਼ਾਂ ਲਿਆਕੇ ਵਿਖਾਉਂਦੀ, "ਬੀਬੀ ਵੇਖ ਕਿਮੇਂ ਲੱਗਦੀ ਐ।"

ਕਦੇ ਜਵਾਕ ਚੱਕ ਲਿਆਉਂਦੇ ਸ਼ੀਸ਼ੀਆਂ-ਡੱਬੀਆਂ ਜੀਆਂ, "ਬੀਬੀ ਆਹ ਵੇਖ, ਔਹ ਵੇਖ।"

ਮਖਿਆਂ, 'ਵੇ ਮੈਨੂੰ ਇਹਨਾਂ ਦਾ ਕੀ ਭੇਤ ਐ ?'

ਦੁਕਾਨ ਕਰੀ ਤੋਂ ਕੁਛ ਚਿਰ ਮਗਰੋਂ ਦਰਜੀਆਂ ਦੀ ਚੰਦੋ ਘਰੇ ਆਗੀ। ਬੈਠੀ ਰਹੀ ਗੱਲਾਂ ਕਰਦੀ। ਜਾਣ ਲੱਗੀ ਕਹਿੰਦੀ, "ਨੀ ਤੇਰੀ ਨੂੰਹ ਦਾ ਪਾਰਲਰ ਤਾਂ ਵਿਖਾਦੇ ਅੰਦਰੋਂ। ਬਾਹਰੋਂ ਤਾਂ ਕੁਛ ਦੀਂਹਦਾ ਨੀਂ।"

ਬਾਹਰਲੇ ਬਾਰ ਬੰਨੀ ਜਾਂਦੀਆਂ ਅਸੀਂ ਦੋਵੇਂ ਅੰਦਰ ਵੜਗੀਆਂ। ਚਾਰੇ ਪਾਸੇ ਸ਼ੀਸ਼ੇ। ਮੈਂ ਤਾਂ ਆਵਦਾ ਮੂੰਹ ਵੇਖਕੇ ਈ ਭਵੰਤਰਗੀ। ਕੀ ਦਾ ਕੀ ਬਣਿਆ ਪਿਐ। ਖੜ੍ਹੀ ਮੈਂ ਤਾਂ ਆਵਦੇ ਬੰਨ੍ਹੀ ਝਾਕੀ ਜਾਵਾਂ। ਆਵਦੀਓ ਸਿਆਣ ਨਾ ਆਵੇ। ਮੂੰਹ ਤੇ ਗਰਦਨ ਦਾ ਮਾਸ ਕਿਵੇਂ ਢਿਲਕਿਆ ਪਿਐ। ਕੀ ਦਾ ਕੀ ਬਣ ਗਿਆ ਦੇਹ ਦਾ। ਲੱਤਾਂ ਪੁਰਾਣੇ ਵਣ ਦੇ ਡ੍ਹਾਣਿਆਂ ਵਾਂਗੂੰ ਵਿੰਗੀਆਂ ਕਮਾਣ ਬਣੀਆਂ ਦਿਸਣ। ਐਡੇ ਵੱਡੇ ਸ਼ੀਸ਼ੇ ਮੂਹਰੇ ਮੈਂ ਤਾਂ ਕਦੇ ਖੜ੍ਹੀਓ ਨੀਂ ਸੀ। ਜਿਹਦੇ 'ਚ ਸਿਰ ਤੋਂ ਲੈ ਕੇ ਪੈਰਾਂ ਤੱਕ ਸਰੀਰ ਦੀਂਹਦਾ ਹੋਵੇ। ਪਿੱਠ ਭਵਾਂਕੇ ਦੂਜੀ ਕੰਧ ਬੰਨੀਂ ਝਾਕਦੀ ਆਂ, ਸ਼ੀਸ਼ਿਆਂ ਆਲੀਆਂ ਅਲਮਾਰੀਆਂ 'ਚ ਨਵੇਂ-ਨਵੇਂ ਡਜ਼ੈਨ ਦੇ ਕੁੜੀਆਂ ਆਲੇ ਕੱਪੜੇ ਟੰਗੇ ਪਏ, ਭਾਂਤ-ਭਾਂਤ ਦੇ ਰੰਗਾਂ ਦੀਆਂ ਅੰਗੀਆਂ, ਲੈਸ ਵਾਲੀਆਂ ਸਮੀਜ਼ਾਂ ਤੇ ਹੋਰ ਵਥੇਰਾ ਕੁਛ। ਇਕ ਪਾਸੇ ਗੱਦੇ ਆਲੀਆਂ ਉੱਚੀਆਂ-ਉੱਚੀਆਂ ਦੋ ਕੁਰਸੀਆਂ। ਕੋਲ ਨਿੱਕੀ ਜਿਹੀ ਟੂਟੀ, ਮੂਹਰੇ ਮੂੰਹ ਧੋਣ ਆਲਾ ਚਿੱਟਾ ਚੀਨੀ ਦਾ ਬੱਠਲ ਜਾਹ। ਵੇਖਕੇ ਚੰਦੋ ਕਹਿੰਦੀ, "ਆਹ ਕਾਹਦੇ ਵਾਸਤੇ ਐ।"

ਮਖਿਆਂ, "ਮੈਂ ਤਾਂ ਆਪ ਤੇਰੇ ਵਰਗੀ ਆਂ, ਭੈਣੇ। ਮੈਂ ਨੀ ਅੰਦਰ ਵੜਦੀ, ਇਹ ਆਵਦਾ ਆਪ ਵੇਖਣ ਸਮਝਣ।" ਮੁੜਦੀ ਦੇ ਦਿਮਾਗ਼ 'ਚ ਸਗੋਂ ਹੋਰ ਨਵਾਂ ਗੁਬਾਰ ਚੜ੍ਹ ਗਿਆ। ਮੈਨੂੰ ਤਾਂ ਇਹਨਾਂ ਗੱਲਾਂ ਤੋਂ ਡਰ ਬਹੁਤ ਲੱਗਦੈ। ਰਾਤ ਨੂੰ ਕਈ ਵਾਰੀ ਕਿੰਨੇ ਹੋਰੂੰ ਹੋਰੂੰ ਜੇ ਖਿਆਲ ਮਨ 'ਚ ਭਾਰੂ ਹੋ ਜਾਂਦੇ ਨੇ। ਨੀਂਦ ਨੀ ਆਉਂਦੀ। ਨੀਂਦ ਆਉਣੀ ਤਾਂ ਕੀ, ਮੈਂ ਤਾਂ ਦਹਿਲ ਜਾਨੀ ਆਂ। ਡਰਦੀ ਇਹਨਾਂ ਤੋਂ ਵੀ ਕੁਛ ਨੀਂ ਪੁੱਛਦੀ। ਭੱਜਕੇ ਪੈਣਗੇ।

ਕਈ ਵਾਰੀ ਦਿਨ ਚੜ੍ਹਦੇ ਨਾਲ ਹੋਰ ਈ ਭਾਂਤ-ਭਾਂਤ ਦੀਆਂ ਚੜ੍ਹੀਆਂ ਜਿਹੀਆਂ ਅੱਖਾਂ ਵਾਲੀਆਂ ਆ ਖੜ੍ਹਦੀਆਂ ਨੇ, ਉਹਨਾਂ ਦੀਆਂ ਨਿੱਕੀਆਂ ਨਿੱਕੀਆਂ ਝੱਗੀਆਂ ਤੇ ਘੁੱਟਵੀਆਂ ਜੀਆਂ ਲਿਓੜਾਂ ਵਰਗੀਆਂ ਮੋਟੀਆਂ ਪੈਂਟਾਂ, ਜਿਹਨੂੰ ਇਹ ਜੀਨਾਂ-ਜੀਨਾਂ ਕਰਦੀਆਂ ਰਹਿੰਦੀਆਂ ਨੇ, ਵੇਖ ਮੈਂ ਹੈਰਾਨ ਹੋਈ ਜਾਨੀ ਆਂ। ਇਹ ਬਹਿੰਦੀਆਂ ਉੱਠਦੀਆਂ ਕਿਵੇਂ ਨੇ। ਜੇ ਕਿਤੇ ਕਮਲ ਘਰ ਦੇ ਕੰਮ 'ਚ ਏਧਰ ਓਧਰ ਹੁੰਦੀ ਤਾਂ ਮੈਨੂੰ ਬਿਠਾਉਣੀਆਂ ਪੈਂਦੀਆਂ ਨੇ।

ਇਕ ਆਈ ਬਹੁਤ ਚਰਪਰੀ ਪਟੱਕ-ਪਟੱਕ ਗੱਲਾਂ ਕਰੇ। ਜੈ ਖਣੇ ਦੀ ਮੇਰੀਆਂ ਉਂਗਲੀਆਂ ਫੜਕੇ ਆਖੇ, "ਆਂਟੀ ਜੀ, ਵੇਖੋ ਮੇਰੇ ਪਰਡਕਟ ਦਾ ਕਮਾਲ।"

ਮਖਿਆਂ, "ਫੋਟ ਤੇਰੇ, ਲੱਗਦੀ ਆਂਟੀ ਦੀ।"

ਨਿੱਕੀ ਜਿਹੀ ਸ਼ੀਸ਼ੀ ਖੋਲ੍ਹ ਕੇ ਮੇਰੀਆਂ ਉਗਲੀਆਂ ਦੇ ਨੌਂਹਾਂ 'ਤੇ ਲਾਉਣ ਲੱਗਪੀ। ਮੈਂ ਹੱਥ ਛੁਡਾਅ ਲਿਆ। ਫੇਰ ਵੀ ਆਹੀ ਜੀ ਹਰਾਬੜ ਵੇਖੀ, ਹੱਸਦੀ ਹੱਸਦੀ ਮੇਰੇ ਗੂਠੇ 'ਤੇ ਘਸਾਗੀ ਬਾਰਨਸ਼ ਦੇ ਮੁਸ਼ਕ ਆਲਾ ਪਿਆਜੀ ਜਾ ਰੰਗ। ਮੈਂ ਓਸੇ ਵੇਲੇ ਚੁੰਨੀ ਨਾਲ ਲਾਹਤਾ। ਐਨੇ ਨੂੰ ਕਮਲ ਆਗੀ। ਉਹ ਲੈਗੀ। ਤੁਰਦੀ ਦੇ ਉੱਚੇ-ਉੱਚੇ ਸੈਂਡਲ ਤੇ ਤੋਰ ਵੇਖ ਕੇ ਭੈਅ ਆਵੇ। ਕਮਲ ਨੇ ਮਗਰੋਂ ਆ ਕੇ ਦੱਸਿਆ "ਇਹ ਕੰਪਨੀਆਂ ਆਲੀਆਂ ਨੇ। ਇਹ ਨੀਂ ਜਕਦੀਆਂ-ਜੁਕਦੀਆਂ। ਇਹਨਾਂ ਦਾ ਕੰਮ ਐ। ਵਥੇਰੇ ਪੈਸੇ ਕਮਾਉਂਦੀਆਂ ਨੇ ਇਹ।"

"ਮਖਿਆ, "ਆਹੋ ਸਾਰਾ ਮੁਲਖ਼ ਤਾਂ ਹੁਣ ਇਹਨਾਂ ਕੰਮਾਂ 'ਤੇ ਹੋਇਆ ਪਿਐ। ਵਿਆਹੀ ਕੁਆਰੀ ਦਾ ਫ਼ਰਕ ਈ ਪਤਾ ਨੀਂ ਲੱਗਦਾ। ਸਭ ਦੇ ਮੂੰਹ ਸਿਰ ਰੰਗੇ ਹੋਏ ਨੇ। ਇਹਨਾਂ 'ਚ ਰਹਿੰਦੀ, ਉੱਠਦੀ ਬਹਿੰਦੀ, ਕਮਲ ਵੀ ਓਹਨਾਂ ਵਰਗੇ ਉੱਚੇ ਨੀਵੇਂ ਜੇ ਕੱਪੜੇ ਪਾਉਣ ਲੱਗਪੀ। ਆਥਣੇ ਵਿਹਲੀ ਹੋ ਕੇ ਕਮੀਜ ਸਲਵਾਰ ਦੀ ਥਾਂ ਨਿੱਕੀ ਜਿਹੀ ਬਨੈਣ ਵਰਗੀ ਝੱਗੀ ਤੇ ਲਿਲਕ-ਲਿਲਕ ਕਰਦਾ ਪੈਂਟ ਪਜਾਮਾ ਜਿਹਾ ਪਾ ਕੇ, ਆ ਬਹਿੰਦੀ।"

ਰੋਟੀ ਫੜਾਉਣ ਆਈ ਬੋਲਦੀ, "ਐਨੀ ਗਰਮੀ 'ਚ ਭਾਰੀ ਕੱਪੜੇ ਪਾ ਕੇ ਰਸੋਈ 'ਚ ਕਿੱਥੇ ਕੰਮ ਹੁੰਦੈ।"

ਮਖਿਆਂ, "ਭਾਈ ਜਿਵੇਂ ਸੂਤ ਆਉਂਦੈਂ ਕਰੀਂ ਚੱਲੋ।"

ਸੂਤ ਆਉਣ ਆਲੀ ਗੱਲ ਤੋਂ ਚੇਤੇ ਆਉਂਦੈ, ਓਸ ਦਿਨ ਮੇਰਾ ਚਿਤ ਬਹੁਤ ਖਰਾਬ ਹੋਇਆ। ਜਿਹੜੀਆਂ ਗੱਲਾਂ ਤੋਂ ਡਰਦੀ ਸੀ! ਦੋਵੇਂ ਜਵਾਕ ਸਕੂਲੋਂ ਆਕੇ ਮਾਂ ਕੋਲ ਅੰਦਰ ਵੜ੍ਹੇ ਬੈਠੇ ਵੇਖਦੇ ਰਹਿੰਦੇ। ਜਸ਼ਨ ਤੇ ਪਲਕ ਜਦੋਂ ਸਬਾਤ 'ਚ ਆਏ ਮੇਰੇ ਤਾਂ ਸਿਆਣ 'ਚ ਈ ਨਾ ਆਉਣ। ਜਸ਼ਨ ਦੇ ਸਿਰ 'ਤੇ ਕੱਦੂ ਵਰਗਾ ਜੂੜਾ ਹੈਨੀ ਸੀ, ਗਿੱਚੀ ਐ ਕੱਢੀ ਪਈ ਮੁੱਚਰ ਵਰਗੀ । ਸਿਰ 'ਤੇ ਨਿੱਕੀਆਂ-ਨਿੱਕੀਆਂ ਬੂਦਰੀਆਂ 'ਤਹਾਂ ਨੂੰ ਐ ਖੜ੍ਹੀਆਂ ਜਿਵੇਂ ਮੀਂਹ ਮੰਗਣ ਵਾਲਾ ਬੋਦਾ ਖੜ੍ਹਾ ਹੁੰਦੈ। ਇਹੀ ਹਾਲ ਪਲਕ ਦਾ ਲਿਸ਼-ਲਿਸ਼ ਕਰਦੇ ਪੂਰੀ ਢੂਹੀ ਤੱਕ ਆਉਂਦੇ ਦੀ ਥਾਂ ਲੰਡੇ ਕੀਤੇ ਵਾਲਾਂ ਦੀ ਛੱਤਰੀ ਜੀ ਬਣਾਈ ਪਈ, "ਮਖਿਆ ਇਹ ਕੀ ਵੇ ?" ਓਸੇ ਵੇਲੇ ਸਾਹ ਨਿੱਕਲਣ ਆਲਿਆਂ ਵਾਂਗੂੰ ਚੀਕ ਮਾਰਕੇ ਕਮਲ ਨੂੰ ਬੋਲ ਮਾਰਿਆ, ਤਾਂ ਕਹਿੰਦੀ, "ਮੰਮੀ ਅੱਜ ਕੱਲ੍ਹ ਤਾਂ ਜਵਾਕ ਵੇਖੋ-ਵੇਖ ਐਈਂ ਕਰਦੇ ਨੇ, ਕਿੰਨੇ ਦਿਨਾਂ ਦੇ ਤੰਗ ਕਰਦੇ ਸੀ। ਮੈਂ ਕਾਜਲ ਨੂੰ ਕਿਹਾ ਮੁਕਾਅ ਕੰਮ। ਇਹਨਾਂ ਨੇ ਨੀ ਹਟਣਾ।"

ਮਖਿਆ, "ਨੀਂ ਆਪਣੇ ਤਾਂ ਵੱਡ-ਵਡੇਰਿਆਂ ਦੀ ਨਿਸ਼ਾਨੀ ਨੇ ਕੇਸ।" ਕੁਛ ਕਹੇ ਬਿਨਾਂ ਫੇਰ ਦੁਕਾਨ 'ਚ ਜਾ ਵੜੀ।

ਮਨ ਔਖਾ ਰਿਹਾ ਕਈ ਦਿਨ।

ਪਰ ਕੀ ਪਤਾ ਸੀ ਜਵਾਕ ਦੀ ਅੜੀ ਤਾਂ ਸੁਣਦੇ ਆਏ ਆਂ। ਜਦੋਂ ਵੱਡੇ ਵੀ ਅੜ੍ਹੀਆਂ ਕਰਨ, ਫੇਰ ਕੀ ਕਰੀਏ। ਇਹਨੂੰ ਚੰਦਰੀ ਨੂੰ ਐਂ ਨੀਂ, ਵੀ ਮੇਰੀ ਮਾਂ, ਮੇਰੇ ਮੂਹਰੇ ਬਿਰੜੇ ਪਾਈਂ ਜਾਂਦੀ ਐ, ਮੈਂ ਕੁਛ ਤਾਂ ਸੋਚਾਂ।

ਨਹੀਂ, ਕਿਸੇ ਗੱਲ 'ਤੇ ਆਈ। ਇਸੇ ਗੱਲ ਦਾ ਡਰ ਐ।

ਇਹਦੇ ਕੋਲ ਪਿੰਡ ਤੇ ਨਾਲ ਲੱਗਦੇ ਪਿੰਡਾਂ ਦੀਆਂ ਕੁੜੀਆਂ ਕੰਮ ਸਿੱਖਣ ਆ ਜਾਂਦੀਆਂ ਨੇ। ਆਹ ਬਾਹਰਲੇ ਬਾਰ ਮੂਹਰੇ ਕਾਲੇ ਸ਼ੀਸ਼ੇ ਲਵਾਏ ਨੇ, ਇਹਨਾਂ 'ਚੋਂ ਅੰਦਰੋਂ ਤਾਂ ਪੂਰਾ ਦੀਂਹਦੈ ਬਾਹਰੋਂ ਕੁਛ ਪਤਾ ਨੀਂ ਲੱਗਦਾ। ਪਰ੍ਹੇ ਡੇਰੇ ਬੰਨੀਉ ਘਰਾਂਚੋਂ ਆਲੇ ਮਿਸਤਰੀਆਂ ਦੀ ਕੁੜੀ ਕੰਮ ਸਿੱਖਣ ਆਉਂਦੀ, ਪਿੰਡ ਦੇ ਕੁਛ ਲੰਡਰ ਜੇ ਉਹਦੇ ਮਗਰ-ਮਗਰ ਆਇਆ ਕਰਨ। ਗੰਦ ਬਕਿਆ ਕਰਨ। ਇਕ ਦੋ ਵਾਰੀ ਵੱਡਾ ਗੇਟ ਖੁੱਲ੍ਹਾ ਹੁੰਦਾ, ਮੈਂ ਵੀ ਵੇਖੇ, ਕੁੜੀ ਨੇ ਕਮਲ ਨੂੰ ਦੱਸਿਆ। ਉਹਨੇ ਹਾਕਮ ਨਾਲ ਗੱਲ ਕੀਤੀ ਤਾਂ ਹਾਕਮ ਕਹਿੰਦਾ, "ਚੌਕੀ 'ਚ ਰਪਟ ਲਿਖਾਉਂਨੇ ਆਂ।"

ਲੈ ਕਿਹੜੀ ਚੌਕੀ, ਇਹ ਕਿੱਥੇ ਮੰਨਣ ਆਲੀ ਸੀ। ਚੌਕ 'ਚ ਜਾ ਖੜ੍ਹੀ। ਸਿੱਧੀਆਂ ਸੁਣਾਈਆਂ। ਮੁੜਕੇ ਨੀ ਛਿੱਪੇ ਇਧਰ ਕਦੇ। ਐਨੀ ਨਿੱਡਰ ਐ। ਮੇਰੇ ਤਾਂ ਓਦੇਂ ਦਾ ਹਰ ਵੇਲੇ ਡਰ ਬਣਿਆ ਰਹਿੰਦੈ। ਹੁਣ ਇਹ ਸਾਰੀਆਂ ਗੱਲਾਂ ਮੇਰੇ ਸਹਿਮ ਦਾ ਸਬੱਬ ਬਣੀਂ ਜਾਂਦੀਆਂ ਨੇ।

ਇਹਨੇ ਕੋਈ ਗੱਲ ਈ ਨੀਂ ਗੌਲੀ। ਸਰਸਰੀ ਮੇਰੇ ਸਿਰਹਾਣੇ ਖੜ੍ਹਕੇ ਕਹਿ ਗਈ, "ਮੈਂ ਜਾਊਂਗੀ।" ਇਹ ਦੋ ਲਫ਼ਜ਼ ਚੇਤੇ ਆਉਂਦੇ ਐ, ਮੇਰਾ ਅੰਦਰਲਾ ਬਾਹਰ ਨੂੰ ਆ ਰਿਹੈ। ਇਹਨੇ ਕੋਈ ਨੀਂ ਸੁਣੀ, ਆਵਦਾ ਰਾਗ ਅਲਾਪਦੀ ਤੁਰਗੀ।

ਬਾਹਰਲਾ ਬਾਰ ਖੜਕਦੈ। ਨਿਗਾਹ 'ਤੇ ਦਿਮਾਗ 'ਤੇ ਪੂਰਾ ਜ਼ੋਰ ਦੇ ਕੇ ਬਾਹਰ ਬੰਨ੍ਹੀ ਝਾਕਦੀ ਆਂ। ਗੋਰੀ ਨਿਸ਼ੋਹ ਭਰਵੇਂ ਸਰੀਰ ਵਾਲੀ ਹੱਥ 'ਚ ਵੱਡਾ ਸਾਰਾ 'ਟੈਚੀ ਲਈ ਅੰਦਰ ਨੂੰ ਆਉਂਦੀ ਐ।

"ਮੈਮ ਅੱਜ ਪਾਰਲਰ 'ਤੇ ਹੈਨੀ। ਸੋਚਿਆ ਅੰਦਰੋਂ ਪਤਾ ਕਰਲਾਂ।"

ਕਹਿ ਉਹ ਮੇਰੇ ਕੋਲ ਪਈ ਪਲਾਸਟਿਕ ਦੀ ਕੁਰਸੀ 'ਤੇ ਬਹਿ ਜਾਂਦੀ ਐ।

ਉਸਦਾ ਖੁੱਲ੍ਹਾ ਜਾ ਪਜਾਮਾ 'ਤੇ ਗੋਡਿਆਂ ਤੋਂ ਨੀਵਾਂ ਸਾਧਾਂ ਵਰਗਾ ਖੁੱਲ੍ਹਾ ਕੁੜਤਾ ਵੇਖਕੇ ਧੱਕ ਧੱਕ ਵਜਦੈ ਕਾਲਜਾ । ਐਹਾ ਜਾਹ ਹੀ ਪਾ ਕੇ ਅੱਜ ਉਹ ਨਿੱਕਲੀ ਐ ਘਰੋਂ। ਮੇਰੇ ਮੂਹਰੇ ਬੈਠੀ ਇਹ ਦਿੱਲੀ ਕਰਨਾਲ ਆਲੀ ਸਾਧਣੀ ਵਰਗੀ ਲੱਗਦੀ ਐ। ਜਿਹੜੀ ਤੜਕੇ-ਤੜਕੇ ਈ ਟੈਲੀਵੀਜਨ 'ਤੇ ਕਥਾ ਜੀ ਕਰਦੀ ਹੁੰਦੀ ਹੈ। ਉਹਦੀਆਂ ਅੱਖਾਂ ਦੇ ਭਰਵੱਟੇ ਦਸੂਤੀ ਦੇ ਧਾਗੇ ਜਿੰਨੀਆਂ ਬਰੀਕ ਬਰੀਕ ਲਖੀਰਾਂ ਵਾਂਗੂੰ ਹੁੰਦੇ ਨੇ।

ਇਹਨੇ ਵੀ ਬੈਠਦੀ ਨੇ ਆਵਦਾ ਰਾਗ ਅਲਾਪਣਾ ਸ਼ੁਰੂ ਕਰ ਦਿੱਤੈ।

"ਮਾਤਾ ਜੀ ਇਹ ਸੋਹਣਾ ਬਣਨਾ ਤਾਂ ਹੈ ਹੀ। ਸਰੀਰ ਦੀ ਸਾਂਭ ਸੰਭਾਲ ਤੇ ਸਫ਼ਾਈ ਵੀ ਐ। ਜੇ ਆਪਾਂ ਹੱਥਾਂ ਪੈਰਾਂ ਦੇ ਨੌਂਹਾਂ ਦੀ ਸਫ਼ਾਈ ਨਾ ਕਰੀਏ, ਤਾਂ ਹੇਠਾਂ ਮੈਲ ਜੰਮ ਜਾਂਦੀ ਐ। ਓਦੂੰ ਮਗਰੋਂ ਇਹ ਉੱਲੀ ਬਣ ਜਾਂਦੀ ਐ।"

"ਨੀਂ ਇਹ ਤਾਂ ਹੁਣੇ ਈ ਆਈ ਐ। ਸਾਡੇ ਪਿੰਡ 'ਚ ਤਾਂ, ਕਮਲ ਦੀ ਦੁਕਾਨ ਖੁੱਲਣ ਮਗਰੋਂ, ਜਦੋਂ ਦੀਆਂ ਤੁਸੀਂ ਆਉਣ ਲੱਗੀਓਂ। ਸਾਡੇ ਵੇਲੇ ਤਾਂ ਕੋਈ ਉੱਲੀ ਅੱਲੀ ਨੀਂ ਹੁੰਦੀ ਸੀ। ਇਹ ਸਾਰੇ-ਕਾਸੇ ਤੋਂ ਪਹਿਲਾਂ ਵੀ ਲੋਕ ਸੋਹਣੇ ਬਣਦੇ ਸੀ। ਹਾਰ ਸ਼ਿੰਗਾਰ ਕਰਦੇ ਸੀ। ਹੁਣ



ਭਾਈ ਪੈਸੇ ਦੀ ਖੇਡ ਹੋਗੀ। ਸਾਡੇ ਨਾਲ ਈ, ਜੋਗਾ-ਰੱਲਾ ਪਿੰਡ ਨੇ, ਲੋਕ ਦੱਸਦੇ ਐ ਵੀ ਇੱਥੇ ਪਰੀਆਂ ਆਈਆਂ ਸੀ। ਪਰੀਆਂ ਦੀ ਔਲਾਦ ਐ, ਓਥੋਂ ਦੇ ਲੋਕ। ਸਾਰੇ ਮੁੰਡੇ ਕੁੜੀਆਂ ਇਕ ਤੋਂ ਇਕ ਛੈਲ ਜੁਆਨ ਨਿਕਲਦੇ ਨੇ।"

"ਤੂੰ ਕਿਧਰ ਦੀ ਐ?"

"ਮਾਤਾ ਜੀ, ਮੈਂ ਤਾਂ ਮੋਗੇ ਕੋਲ ਦੀ ਆਂ।"

"ਲੈ ਦੌਧਰ ਆਲੀ ਧੰਨ ਕੁਰ ਜੀਹਦੀ ਬੋਲੀ ਪੈਂਦੀ ਐ ਸਾਰੇ ਥੋਡੇ ਮੋਗੇ ਕੋਲ ਦੀ ਓ ਸੀ। ਉਹਦੇ ਸੁਹੱਪਣ ਤੇ ਮੜ੍ਹਕ ਕਰਕੇ ਦੌਧਰ ਪਿੰਡ ਮਸ਼ਹੂਰ ਹੋਇਐ।"

ਉਹ ਮੋਟੀਆਂ ਮੋਟੀਆਂ ਬਲੌਰੀ ਅੱਖਾਂ ਮਟਕਾਉਂਦੀ ਬੋਲਦੀ ਐ, "ਬੀਬੀ ਜੀ ਮੈਂ ਇਹਨਾਂ ਗੱਲਾਂ ਬੰਨੀਂ ਕਦੇ ਧਿਆਨ ਨੀਂ ਦਿੱਤਾ।"

"ਇਸੇ ਸੁਹੱਪਣ ਦੇ ਪੁਆੜੇ ਕਰਕੇ ਸ਼ਹਿਰ ਸਾਰਾ ਪਿੰਡਾਂ ਬੰਨੀਂ ਤੁਰਿਆ ਆਉਂਦੈ ਲੁੱਟਣ ਨੂੰ। ਨਿੱਤ ਨਵੀਆਂ ਖੇਡਾਂ ਖੇਡਦੇ ਨੇ ਵਪਾਰੀ।"

"ਨਹੀਂ ਮਾਤਾ ਜੀ, ਅਸੀਂ ਤਾਂ ਮਿਹਨਤ ਕਰਦੀਆਂ।"

"ਨੀ ਥੋਡੀ ਗੱਲ ਨੀਂ, ਹੋਰ ਵਥੇਰੇ ਢੰਗ ਕਰਦੇ ਨੇ ਇੱਥੇ ਆਕੇ।" ਇਹਦੇ ਨਾਲ ਇਹ ਗੱਲਾਂ ਮੈਂ ਅੰਦਰੋਂ ਉੱਖੜੇ ਮਨ ਨੂੰ ਉਡੋਕਣ ਦੇਣ ਲਈ ਮਾਰੀ ਜਾਨੀ ਆਂ। ਮਨ ਤਾਂ ਕਿਤੇ ਹੋਰ ਫਿਰਦੈ ਔਟਲਿਆ।

ਕੁੜੀ ਵੀ ਉੱਠਣ ਨੂੰ ਅਹੁਲਦੀ ਐ। ਤੁਰਨ ਲੱਗੀ ਨੂੰ ਐਨਾ ਈ ਆਖਦੀ ਆਂ, "ਬਾਰ ਭੇੜਜੀ, ਬੀਬਾ।" ਉਸਦੇ ਜਾਣ ਦੇ ਨਾਲ ਈ ਮਨ ਦੀਆਂ ਘੰਟੀਆਂ ਫੇਰ ਭੂਚਾਲ ਪਾਉਣ ਲੱਗਪੀਆਂ ਨੇ। ਆਹ ਜਿਹੜੀ ਉੱਠਕੇ ਗਈ ਐ, ਇਹਦਾ ਮੂੰਹ ਮੁਹਾਂਦਰਾ ਵੇਖ, ਤੇ ਗੱਲਾਂ ਸੁਣਕੇ ਮਨ ਟਿਕਣ ਦੀ ਬਜਾਏ ਸਗੋਂ ਹੋਰ ਉਖੜ ਗਿਐ। ਸਾਂਭ ਸੰਭਾਲ ਤੇ ਸਰੀਰ ਦੀ ਸੇਵਾ ਦੀਆਂ ਗੱਲਾਂ ਸੁਣਕੇ ਬਿਰਤੀ ਬਹੁਤ ਪਿਛਾਂਹ ਤੁਰ ਜਾਂਦੀ ਐ। ਆਵਦੀ ਹੋਈ ਬੀਤੀ ਮੂਹਰੇ ਆ ਖੜ੍ਹਦੀ ਐ। ਲੋਕਾਂ ਦੀਆਂ ਨੂੰਹਾਂ, ਧੀਆਂ ਦੇ ਜਾਪੇ ਤਾਂ ਮੈਂ ਪਹਿਲਾਂ ਹੀ ਕਰਵਾਉਂਦੀ ਸੀ। ਹਾਕਮ ਹੋਰਾਂ ਦਾ ਪਿਓ ਤੁਰ ਗਿਆ। ਮੈਂ ਮਨ 'ਚ ਧਾਰਲੀ ਹੁਣ ਇਹ ਜਿੰਦੜੀ ਲੋਕਾਂ ਦੇ ਲੇਖੇ ਈ ਲਾਉਣੀ ਐ। ਨਾ ਦਿਨ ਵੇਖਦੀ, ਨਾ ਰਾਤ, ਜਦੋਂ ਕੋਈ ਆ ਜਾਂਦਾ ਓਹਦੇ ਨਾਲ ਈ ਤੁਰ ਪੈਂਦੀ। ਸਾਰੇ ਪਿੰਡ 'ਚ ਮੇਰੀ ਇਹ ਪੂਰੀ ਮਾਨਤਾ ਸੀ, ਲੋਕ ਗੱਲਾਂ ਕਰਦੇ ਜਿਹੜੇ ਕੇਸ ਨੂੰ ਹੱਥ ਪਾਉਂਦੀ ਐ, ਕੁਦਰਤ ਦੀ ਮਿਹਰ ਹੁੰਦੀ ਐ। ਜਿਹਦੇ ਵੀ ਘਰੇ ਗਈ ਐ, ਚੰਗੀ ਚੀਜ਼ ਦੇ ਬੂਟੇ ਲਾਏ ਨੇ। ਕੀ ਪਤਾ ਹੁੰਦੈ ਵਕਤ ਦਾ।

ਉਹ ਦਿਨ ਕਿੱਥੇ ਭੁਲਦੈ, ਆਲਮ ਕੇ ਕੋਠਿਆਂ 'ਚੋਂ ਭੈਣੀ ਆਲਿਆਂ ਦਾ ਕੈਲਾ ਤੇ ਓਹਦੀ ਤੀਮੀਂ ਮੇਲੋ ਆਗੇ, ਟਰੈਕਟਰ ਲੈ ਕੇ, ਦਿਨ ਛਿਪੇ ਤੋਂ ਮਗਰੋਂ।

ਦਬਾ-ਦਬ ਟਰੈਕਟਰ ਤੋਂ ਉਤਰਕੇ ਮੇਲੋ ਕਹਿੰਦੀ, "ਭਾਨੋ ਭੈਣੇ ਸਾਰੇ ਪਿੰਡ ਨੂੰ ਪਤੈ ਤੇਰੇ ਹੱਥ ਜਸ ਐ। ਮੇਰੀ ਨਣਦ ਆਈ ਹੋਈ ਐ ਜਾਪੇ ਵਾਸਤੇ। ਸਾਨੂੰ ਭੁਲੇਖਾ ਰਹਿ ਗਿਆ ਉਸਦੇ ਤਾਂ ਇੱਕ ਦਮ ਦਰਦਾਂ ਉਠ ਖੜੀਆਂ। ਤੂੰ ਚੱਲ ਹੁਣੇ ਸਾਡੇ ਨਾਲ। ਕੁੜੀ ਦਾ ਦੂਜਾ ਜਾਪੈ, ਪਹਿਲਾਂ ਗੋਦੀ ਕੁੜੀ ਐ। ਤੇਰੇ ਹੱਥੋਂ ਭਲਾ ਹੁੰਦੈ। ਤੇਰਾ ਮਾਨਤਾਨ ਪੂਰਾ ਕਰਾਂਗੇ। ਚੱਲ ਜਰੂਰ।"

"ਹਾਂ ਭਾਈ ਭਾਨੋਂ, ਅਸੀਂ ਵੱਡੀ ਆਸ ਰੱਖਕੇ ਆਏ ਆਂ ਤੇਰੇ ਕੋਲ।" ਮਗਰੇ ਕੈਲਾ ਬੋਲਦੈ।

ਬਿਨਾਂ ਹੀਲ ਹੁੱਜਤ ਤੋਂ ਮੈਂ ਉਸੇ ਵਕਤ ਤੁਰਪੀ। ਕੁੜੀ ਦਰਦਾਂ ਨਾਲ ਕਰਾਂਹੀ ਜਾਵੇ। ਸਾਰਾ ਟੱਬਰ ਫ਼ਿਕਰ 'ਚ ਡੁੱਬਿਆ ਪਿਆ। ਜਮਾਂਈ ਆਇਆ ਬੈਠਾ, ਪਰ੍ਹੇ ਟਾਹਲੀ ਹੇਠ ਬਲਬ ਦੇ ਚਾਨਣੇ। ਮੈਂ ਸਿੱਧੀ ਸਬ੍ਹਾਤ 'ਚ ਵੜਗੀ।

"ਲੈ ਸਰਦਾਰਾ ਲਿਆਂਦੀ ਵਿਹੁ ਮਾਤਾ। ਮੁੰਡਾ ਹੋਊ।" ਕੈਲੇ ਦੇ ਬੋਲ ਮੇਰੇ ਕੰਨੀਂ ਪਏ।

ਅੱਧੀ ਰਾਤ ਤਾਈਂ ਘੋਲ ਕਰਦੀ ਨੇ ਬੱਚਾ ਜਮਾਅਤਾ, ਨਾੜੂਆ ਕੱਟਕੇ, ਪੁੱਠਾ ਲਮਕਾਤਾ। ਬੱਚੇ ਦੀ ਕਿਲਕਾਰੀ ਸੁਣਕੇ ਦੋਵੇਂ ਸਾਲਾ ਭਣੋਈਆ ਸਬਾਤ ਦੇ ਬਾਰ ਮੂਹਰੇ ਆ ਖੜ੍ਹੇ।

ਵਿਰਲਾ ਵਿਚਦੀ ਕੈਲਾ ਪੁੱਛਦੈ, "ਭਾਨੋ ਕੀ ਬੱਚੈ ?"

"ਮਖਿਆਂ ਰੱਬ ਦੀ ਮਰਜ਼ੀ ਐ ਭਾਈ, ਉਸਦੀ ਰਜਾਅ ਤੋਂ ਬਾਹਰ ਆਪਾਂ ਨੀਂ ਹੋ ਸਕਦੇ। ਧੀ ਆਗੀ।"

ਮੇਰੀ ਗੱਲ ਸੁਣਕੇ ਤਖ਼ਤੇ ਐ ਖੜਕੇ ਜਿਵੇਂ ਟੱਕਰ ਮਾਰੀ ਹੋਵੇ ਕਿਸੇ ਨੇ।

ਕੁਛ ਚਿਰ ਮਗਰੋਂ ਮੈਂ ਬਾਹਰ ਆ ਕੇ ਕਿਹਾ, "ਲੈ ਮੈਨੂੰ ਛੱਡ ਆਓ।"

ਕੈਲੇ ਨੇ ਟਰੈਕਟਰ ਸਟਾਟ ਕਰ ਲਿਆ, ਭਣੋਈਆ ਵੀ ਨਾਲ ਬਹਿ ਗਿਆ। ਦੋਵੇਂ ਧੁੱਤ ਹੋਏ ਪਏ। ਮਨ 'ਚ ਆਈ, ਖ਼ੈਰ ਰਹੇ। ਟਰੈਕਟਰ ਦਾ ਘਗਾਟ ਪਵਾਈਂ ਜਾਵੇ। ਧੂੰਏ ਆਲੇ ਸਲੈਂਸਰ 'ਚੋਂ ਚਿੰਗਾੜੇ ਨਿੱਕਲਣ। ਟਰੈਕਟਰ ਪਿੰਡ ਬੰਨੀ ਲਿਜਾਣ ਦੀ ਥਾਂ ਪਰ੍ਹੇ ਮੋਟਰ ਬੰਨੀ ਮੋੜ ਲਿਆ। ਮੇਰਾ ਕਾਲਜਾ ਧੱਕ ਧੱਕ ਕਰੇ। ਇਹਨਾਂ ਦਾ ਬੇੜਾ ਬਹਿਜੇ ਦੋਵੇਂ ਮੈਨੂੰ ਕੋਠੇ ਅੰਦਰ ਘੜੀਸਕੇ ਲੈਗੇ।

"ਲੋਕਾਂ ਦੇ ਘਰ ਭਰਤੇ ਮੁੰਡਿਆਂ ਨਾਲ ਸਾਡੇ ਕੁੜੀਆਂ ਜੰਮਾਉਂਦੀ ਐ, ਸਾਲੀਏ।"

ਦੋਵੇਂ ਜਮਦੂਤ ਡੁਕਾਰੇ ਮਾਰਨ। ਮੇਰੀ ਇਕ ਨਾ ਸੁਣੀ। ਕਿੰਨੇ ਚਿਰ ਮਗਰੋਂ ਟੁੱਟਦੇ ਸਾਹ ਲੈ, ਡਿਗਦੀ ਪੈਂਦੀ ਮੈਂ ਬਾਹਰ ਆਗੀ। ਬੇਸੁਰਤ ਹੋਈ ਨੂੰ ਪਤਾ ਨੀਂ ਕੌਣ ਘਰੇ ਛੱਡ ਗਿਆ ?

ਸਾਰੀ ਰਾਤ ਵਿਲਕਦੀ ਰਹੀ। ਕੀਹਨੂੰ ਦੱਸਾਂ ? ਕੀਹਦੇ ਕੋਲ ਰੋਵਾਂ ! ਮਾਸੂਮ ਦੋਵੇਂ ਛੋਟੇ।

ਉੱਠਣਾ ਤਾਂ ਕੀ, ਕੋਲ ਪਈ ਗੜਵੀਂ 'ਚੋਂ ਪਾਣੀ ਦੀ ਘੁੱਟ ਲੈਣਾ ਮੁਹਾਲ ਹੋਇਆ ਪਿਐ।

ਮਖਿਆਂ ਮੇਰੇ ਅਬਲਾ ਤੇ ਜ਼ੁਲਮ ਕੀਤੈ, ਪਾਪੀਓ ਰੱਬ ਮਾਰੂ ਥੋਨੂੰ। ਇੱਥੇ ਈ ਭੁਗਤੋਂਗੇ। ਦੁਨੀਆ ਵੇਖੂਗੀ।

ਰੱਬ ਤਾਂ ਫਿਰ ਦਿਖਾਉਂਦੈ ਆਵਦੇ ਰੰਗ। ਉਹ ਮਾਖੇ ਆਲਾ ਝੋਟਾ ਜਾਹ, ਜਿਹੜਾ 'ਜਾਦੇ ਹੰਕਾਰਿਆ ਸੀ ਲੋਈ ਦੀਆਂ ਬੁੱਕਲਾਂ ਆਲਿਆਂ ਦੇ ਚੜ੍ਹ ਗਿਆ 'ਡਿੱਕੇ, ਦਾਰੂ ਦਾ ਡੱਕਿਆ ਉਹਨਾਂ ਮੂਹਰੇ ਓਰਲ ਓਰਲ ਜਾ ਕਰੇ। ਉਹਨਾਂ ਨੇ ਚਾੜ੍ਹਤਾ ਗੱਡੀ। ਓਸ ਨ੍ਹੇਰੀ 'ਚ ਕੌਣ ਪੁੱਛਦਾ ਸੀ। ਇੱਥੋਂ ਆਲਾ ਸਾਰਾ ਟੱਬਰ ਲੁਕਦਾ ਫਿਰੇ। ਪਿੰਡ 'ਚੋਂ ਕੋਈ ਮਕਾਣ ਵੀ ਨੀਂ ਗਿਆ। ਉਹ ਕੈਲਾ ਕੀੜੇ ਪੈਣਾ ਜਾਂਦਾ ਸੀ ਆਵਦੀ ਭੈਣ ਦੀ ਜ਼ਮੀਨ ਜਮੂਨ ਵਾਹੁਣ ਟਰੈਕਟਰ ਲੈਕੇ। ਰਾਤ ਨੂੰ ਜਾਂਦਾ ਸਣੇ ਟਰੈਕਟਰ ਭਾਖੜਾ 'ਚ ਜਾ ਡਿੱਗਿਆ। ਤੀਜੇ ਦਿਨ ਕੁਸਲੇ ਆਲੇ ਹੈੱਡਾਂ ਤੋਂ ਲਾਸ਼ ਥਿਆਈ ਸੀ। ਡੇਰੇ ਆਲੇ ਸਿਵਿਆਂ 'ਚੋਂ ਲੱਟ-ਲੱਟ ਮਚਦੀਆਂ ਲਾਟਾਂ ਨੇ ਮੇਰੇ ਅੰਦਰ ਬਲਦੀ ਅੱਗ ਦੇ ਭਾਂਬੜ ਨੂੰ ਕੁਝ ਮੱਠਾ ਕੀਤਾ। ਅੰਗਿਆਰੇ ਤਾਂ ਹਾਲੇ ਵੀ ਉਵੇਂ ਬਲਦੇ ਐ। ਇਹ ਸਰੀਰ ਦੇ ਨਾਲ ਈ ਜਾਣਗੇ।

ਰੁੜ ਜਾਣੇ ਮਲੰਗ ਸੀ ਸਾਰੇ। ਖੇਤ ਕੱਚੇ-ਕੋਠਿਆਂ 'ਚ ਬੈਠੇ ਸੀ। ਹੁਣ ਆਹ ਪਿਛਲਿਆਂ ਵੇਲੇ ਕੁਛ ਜ਼ਮੀਨ ਬਿਜਲੀ ਆਲੇ ਕਾਰਖਾਨੇ 'ਚ ਆਗੀ। ਪੈਸੇ ਮਿਲਗੇ। ਔਲਾਦ ਨੇ ਉਹਦੀਆਂ ਕੋਠੀਆਂ ਪਾ ਲਈਆਂ। ਜਮੀਨ ਕਿਹੜੀ ਸੀ ਉਹ ਮਾਰਕੇ ਮੈਰ੍ਹੇ ਦੀ। ਮੂਸੀਆਂ ਕਿਰਲੀਆਂ ਦੀ ਖਾਧ, ਟਿੱਬੇ, ਕੱਕਾ ਰੇਤਾ। ਕਹਾਉਂਦੇ ਤਾਂ ਮਾਰਕੇ ਫੱਨੇ ਖਾਂ ਨੇ ਆਵਦੇ ਆਪਨੂੰ। ਬੈਂਕ ਦਾ ਕਰਜ਼ਾ ਸਿਰ ਐ।

ਏਨ੍ਹਾਂ ਅੰਨੀਆਂ ਬੋਲੀਆਂ ਹਨੇਰੀਆਂ ਦੀ ਭੰਨੀ ਪਈ ਆਂ ਪਰ ਇਹਨੂੰ ਕੋਈ ਖਿਆਲ ਈ ਨੀਂ। ਭੱਲੜੀ ਨੇ ਆਹ ਜਿਹੜੀ ਨਵੀਂ ਜਿੱਦ ਫੜੀ ਐ ਇਹਨੇ ਮੇਰੇ ਅੰਦਰਲਾ ਨਸੂਰ ਫੇਰ ਉਚੇੜ ਦਿੱਤੇ। ਰਿਸਦਾ ਰਹੂ ਸਾਰੀ ਉਮਰ। ਚੰਦਰੀ ਕੁਸ਼ ਤਾਂ ਅਸਰ ਕਰਦੀ। ਮੇਰੇ ਕਹੇ ਦਾ।

ਬਾਹਰਲਾ ਗੇਟ ਖੜਕਦੈ। ਬਰਾਂਡੇ 'ਚ ਬੈਠਾ ਕੁੱਤਾ ਭੌਂਕਦੈ। ਨਿਢਾਲ ਹੋਇਆ ਪਿਐ ਸਾਰਾ ਸਰੀਰ। ਅੰਨੀਆਂ ਹੁੰਦੀਆਂ ਜਾ ਰਹੀਆਂ ਅੱਖਾਂ ਦੀ ਬਚਦੀ ਜੋਤ ਵਿਹੜੇ ਬੰਨੀ ਜਾਂਦੀ ਐ।

ਕਾਹਲੀ ਨਾਲ ਅੰਦਰ ਆਉਂਦੀ ਕਮਲ ਨੇ ਬੈਗ ਮੇਜ਼ 'ਤੇ ਰੱਖ ਦਿੱਤੈ। ਮੈਂ ਸ਼ੱਕੀ ਨਿਗਾਹਾਂ ਨਾਲ ਉਸਦੇ ਸਰੀਰ ਨੂੰ ਪੈਰਾਂ ਤੋਂ ਸਿਰ ਤਾਈਂ ਟੋਹਣ ਲੱਗ ਪਈ ਆਂ। ਕਿਧਰੇ ਕੋਈ ਵਿੰਗ ਵਲੇਵਾਂ ਦਿੱਸਿਆ ਤਾਂ ਹੈਨੀਂ। ਉਸਨੇ ਫਰਿੱਜ 'ਚੋਂ ਪਾਣੀ ਦੀ ਬੋਤਲ ਕੱਢ ਢੱਕਣ ਖੋਲਕੇ ਸਿੱਧੀ ਮੂੰਹ ਨੂੰ ਲਾ ਲਈ ਐ। ਬੋਤਲ ਮੇਜ਼ ਤੇ ਰੱਖ ਬੋਲਦੀ ਐ।

"ਬੀਬੀ ਘਰ ਚੰਗਾ ਤਕੜਾ ਸੀ, ਮਹਿਲ ਵਰਗੀ ਕੋਠੀ। ਵਧੀਆ ਮਾਨ ਤਾਨ ਕੀਤਾ। ਜਿੰਨੇ ਕੀਤੇ ਸੀ ਉਸਤੋਂ ਸੱਤ ਸੌ ਵੱਧ ਦਿੱਤੈ। ਜਾਂਦਿਆਂ ਨੂੰ ਕਾਜਲ ਪਾਰਲਰ ਆਉਂਦੀ ਮਿਲਗੀ, ਮੈਂ ਬਾਹਰੋਂ ਈ ਨਾਲ ਲੈਗੀ ਕਾਰ 'ਚ ਬਿਠਾਕੇ। ਉਹਨੂੰ ਪੰਜ ਸੌ ਅੱਡ ਦਿੱਤੇ ਐ। ਵਿਆਂਦੜ ਕੁੜੀ ਵਧੀਆ ਸਜਾਤੀ ਅਸੀਂ। ਸਾਰੇ ਖੁਸ਼ ਹੋਗੇ।"

"ਹੁਣ ਇਹਨੂੰ ਮੈਂ ਕੀ ਦੱਸਾਂ ਕਿ ਉਹ ਵੀ ਉਸੇ ਕੰਜਰ ਕੈਲੇ ਦੀ ਪੋਤੀ ਐ। ਆਹੀ ਬਹੁਤ ਐ, ਇਹ ਸਹੀ ਸਲਾਮਤ ਆਗੀ, ਹੋਰ ਮੈਨੂੰ ਕੀ ਚਾਹੀਦੈ।" ਮੰਜੇ ਤੋਂ ਉੱਠਕੇ ਉਸਨੂੰ ਹਿੱਕ ਨਾਲ ਲਾ ਲਿਐ।

email : darshanjoga@yahoo.in

**ਅਨੇਮਨ ਸਿੰਘ ਵੱਲੋਂ ਸੰਪਾਦਤ ਨਵੇਂ ਕਹਾਣੀ ਸੰਗ੍ਰਹਿ**

**ਕਿਸੇ ਪਾਤਰ ਦੀ ਉਡੀਕ ਵਿੱਚ...**
**ਰੂਹ ਦੀ ਕੋਈ ਜੂਹ ਨਹੀਂ ਹੁੰਦੀ**

# ਜੜ੍ਹ/ਸਾਂਵਲ ਧਾਮੀ

ਝੱਖੜ ਥੰਮ੍ਹਿਆਂ।

ਅੱਧ-ਅੰਬਰੀਂ ਚੜ੍ਹੀ ਧੂੜ ਧਰਤੀ 'ਤੇ ਬੈਠਣ ਲੱਗੀ।

ਲਾਲੂ ਨੇ ਪਾਣੀ ਦੇ ਘੁੱਟ ਭਰਦਿਆਂ, ਮੱਕੀ ਦਾ ਬੇਹਾ ਟੁੱਕਰ ਸੰਘ ਥੱਲਿਓਂ ਕੀਤਾ ਤੇ ਉਦਾਸ ਨਜ਼ਰ ਨਾਲ਼ ਨਿਢਾਲ ਪਈ ਮਣਸੋ ਵੱਲ ਵੇਖਦਿਆਂ ਸਵਾਲ ਕੀਤਾ, "ਹੁਣ ਕੀ ਹਾਲ ਆ ਤੇਰਾ ?"

ਮਣਸੋ ਵੱਲੋਂ ਕੋਈ ਜਵਾਬ ਨਾ ਆਇਆ।

ਨੂੰਹ ਵੱਲ ਕੌੜਾ ਜਿਹਾ ਝਾਕਦਿਆਂ, ਉਹ ਢਾਰੇ ਵੱਲ ਨੂੰ ਤੁਰ ਪਿਆ।

"ਮਰਜ਼ੀ ਆ ਭਾਈ ਤੇਰੀ !" ਉਹ ਬੁੜਬੁੜਾਇਆ ਤੇ ਝੋਟੀ ਦਾ ਰੱਸਾ ਖੋਲ ਕੇ ਉਹਦੇ ਗਲ਼ ਦੁਆਲਿਓਂ ਘੁੰਮਾ ਕੇ ਗੰਢ ਮਾਰ ਦਿੱਤੀ।

ਮਸਤੀ 'ਚ ਸਿਰ ਮਾਰਦਿਆਂ, ਕਰੰਗ ਜਿਹੀ ਝੋਟੀ ਫਿਰਨੀ ਵੱਲ ਨੂੰ ਦੌੜ ਪਈ। ਥਾਂ-ਥਾਂ ਤੋਂ ਗੰਢੀ ਜੁੱਤੀ ਨੂੰ ਖੜੀਸਦਾ, ਲਾਲੂ ਵੀ ਝੋਟੀ ਦੇ ਪਿੱਛੇ-ਪਿੱਛੇ ਤੁਰ ਪਿਆ।

ਅਲ੍ਹਾਣੇ ਮੰਜੇ 'ਤੇ ਪਈ ਮਣਸੋ ਨੇ ਢਾਰੇ ਵੱਲ ਨਜ਼ਰ ਦੁੜਾਉਂਦਿਆਂ, ਪੀੜ-ਭਰੀ ਅਵਾਜ਼ 'ਚ ਹੇਕ ਲਾਈ, "ਕਿੱਥੇ ਮਰ ਗਿਆਂ, ਵੇ ਪਿਆਰੂਆ..ਆ..ਆ ?"

ਪਿਆਰੂ ਓਥੇ ਹੁੰਦਾ ਤਾਂ ਹੁੰਗਾਰਾ ਭਰਦਾ। ਉਹ ਤਾਂ ਪਹੁ-ਫੁਟਾਲ਼ੇ ਦਾ ਘਰੋਂ ਨਿਕਲਿਆ ਹੋਇਆ ਸੀ।

ਹੋਲੇ-ਮੁਹੱਲੇ ਦੇ ਦਿਨ ਚੱਲ ਰਹੇ ਸਨ। ਮਾਝੇ ਵਲੋਂ ਅਨੰਦਪੁਰ ਸਾਹਿਬ ਦੇ ਦਰਸ਼ਣਾ ਨੂੰ ਜਾਂਦੀਆਂ, ਕੁਝ ਸੰਗਤਾਂ ਇਸ ਸੜਕ ਤੋਂ ਹੋ ਕੇ ਗੁਜ਼ਰਦੀਆਂ ਸਨ। ਸੜਕ 'ਤੇ ਲੰਗਰ ਦੀ ਸੇਵਾ ਚੱਲ ਰਹੀ ਸੀ। ਖੱਦਰ ਦਾ ਨੀਲਾ ਚੋਲ਼ਾ ਤੇ ਗੋਡਿਆਂ ਤੱਕ ਕਛਹਿਰਾ ਪਾਈ, ਪਿਆਰੂ 'ਫੁਲਕਾ ਵਾਖੁਰੂ ਜੀ' 'ਦਾਲ਼ਾ ਵਾਖੁਰੂ ਜੀ' ਉਚਰਦਾ, ਸਵੇਰ ਤੋਂ ਸ਼ਾਮ ਤੱਕ ਲੰਗਰ ਵਰਤਾਉਂਦਾ ਰਹਿੰਦਾ ਸੀ।

ਘਰ ਹੋਵੇ ਜਾਂ ਗੁਰੂ-ਘਰ, ਅਖੰਡ-ਪਾਠ ਹੋਵੇ ਜਾਂ ਸਹਿਜ-ਪਾਠ, ਮਰਗ ਹੋਵੇ ਜਾਂ ਖ਼ੁਸ਼ੀ; ਪਿਆਰੂ ਹਰ ਥਾਂ ਸੇਵਾ ਲਈ ਹਾਜ਼ਰ ਹੁੰਦਾ। ਉਹ ਧੂਫ਼ ਧੁਖ਼ਾਉਂਦਾ, ਪਾਠੀ ਸਿੰਘਾਂ ਨੂੰ ਲੰਗਰ ਛਕਾਉਂਦਾ ਤੇ ਕੜਾਹ ਪਰਸ਼ਾਦ ਦੀ ਦੇਗ ਵਰਤਾਉਂਦਾ। ਉਹਦਾ ਬਾਪ ਲਾਲ ਸਿੰਘ ਉਰਫ਼ ਲਾਲੂ ਕਈ ਵਰ੍ਹੇ ਤੋਂ ਨਾ ਕਿਸੇ ਘਰ ਗਿਆ ਸੀ, ਨਾ ਗੁਰੂ ਘਰ, ਪਰ ਉਹਨੇ ਪਿਆਰੂ ਨੂੰ ਕਦੇ ਨਹੀਂ ਸੀ ਰੋਕਿਆ।

ਚਾਚਾ ਲੰਗਰ ਵੇਲੇ ਈ ਗੇੜਾ ਮਾਰ ਲਈਂ।' ਰਾਹ-ਗਲ਼ੀ ਤੁਰਿਆ ਜਾਂਦਾ ਕੋਈ ਗਰਾਈਂ ਜੇਕਰ ਲਾਲੂ ਨੂੰ ਸੱਦਾ ਦਿੰਦਾ ਤਾਂ ਉਹ ਫਿੱਕੀ ਜਿਹੀ ਮੁਸਕਾਨ ਨਾਲ਼ ਜਵਾਬ ਦਿੰਦਾ, "ਆਪਾਂ ਛੱਡਿਆ ਤਾਂ ਹੈ ਇਕ ਬੰਦਾ; ਸੇਵਾ ਕਰਨ ਤੇ ਲੰਗਰ ਛਕਣ ਵਾਸਤੇ।"

ਕਦੇ ਕੋਈ ਸ਼ਰੀਕ ਲਾਲੂ ਨੂੰ ਸਮਝਾਉਂਦਾ, "ਤੂੰ ਬੁੱਢੇ-ਬਾਰੇ ਕਿਉਂ ਹੱਡ ਤੜਵਾਉਂਦਾ ? ਪਿਆਰੂ ਨੂੰ ਵੀ ਲਾਇਆ ਕਰ ਕਿਸੇ ਕਾਰੇ। ਉਹ ਕਿੜ੍ਹਾ ਕਿਸੇ ਨਾਲ਼ੋਂ ਮਾੜਾ-ਲਿੱਸਾ ! ਹੋਰ ਨਹੀਂ ਤਾਂ ਮੱਝ ਮਗਰ ਈ ਤੋਰ ਦਿਆ ਕਰ।"

ਲਾਲੂ ਕੋਈ ਜਵਾਬ ਨਾ ਦਿੰਦਾ।

ਬੁੱਢੀਆਂ ਅੱਖਾਂ ਨਾਲ਼ ਸੁੰਨ-ਮਸਾਣ ਅੰਬਰ ਵੱਲ ਝਾਕਦਾ, ਸੋਚਾਂ ਦੇ ਵਹਿਣ 'ਚ ਵਹਿ ਜਾਂਦਾ।



'ਵਿਚਾਰਾ ਪਿਆਰੂ ! ਬਲੂਰ ਜਿਹਾ ਤਾਂ ਸੀ ਜਦੋਂ ਇਹਦੀ ਮਾਂ ਉੱਧਲ ਗਈ। ਗੁੱਲੀ-ਡੰਡਾ ਖੇਡਦਿਆਂ, ਅੱਖੋਂ ਕਾਣਾ ਹੋ ਬੈਠਾ। ਡੇਢ ਕਨਾਲ ਤਾਂ ਮਸਾਂ ਹਿੱਸੇ ਆਉਂਦਾ। ਪੁੰਨ ਦਾ ਸਾਕ ਛੱਡੋ, ਇਹਨੂੰ ਤਾਂ ਕੋਈ ਮੁੱਲ ਦੀ ਜਨਾਨੀ ਵੀ ਨਈਂ ਲੱਭਣੀ। ਮੈਂ ਇਸ ਜਹਾਨ ਤੋਂ ਔਂਤ ਈ ਜਾਣਾ। ਮੇਰੀ ਜੜ੍ਹ ਨਈਂ ਲੱਗਣੀ !' ਗੱਲ ਕਹਿਣ ਵਾਲਾ ਘੜੀ-ਪਲ ਲਈ ਉਹਦਾ ਜਵਾਬ ਉਡੀਕਦਾ ਤੇ ਫਿਰ ਅਗਾਂਹ ਤੁਰ ਜਾਂਦਾ।

ਚਾਰ ਵਰ੍ਹੇ ਪੁਰਾਣੀ ਗੱਲ ਹੈ।

ਰੋਜ਼ਾਨਾਂ ਦੀ ਤਰ੍ਹਾਂ ਪਿਆਰੂ ਸੰਤਾਂ ਦੇ ਡੇਰਿਓਂ ਮੁੜਿਆ ਸੀ। ਉਹਨੇ ਬਾਪੂ ਦੀ ਰੋਟੀ ਓਟੇ 'ਤੇ ਰੱਖੀ ਤੇ ਗੁਨਗੁਨਾਉਂਦਿਆਂ ਦੀਵਾ ਬਾਲ਼ਿਆ। ਲਾਲੂ ਨੂੰ ਬੁੱਢੇ ਕੰਨਾਂ 'ਤੇ ਯਕੀਨ ਨਹੀਂ ਸੀ ਆ ਰਿਹਾ। ਉਹਨੇ ਰਤਾ ਹੋਰ ਗਹੁ ਨਾਲ਼ ਸੁਣਿਆ। ਪਿਆਰੂ ਦਾ ਗੁਨਗੁਨਾਉਣਾ ਉਹਨੂੰ ਕੋਈ ਅਲੋਕਾਰਾ ਵਰਤਾਰਾ ਲੱਗ ਰਿਹਾ ਸੀ। ਪਿਆਰੂ ਉਨੱਤੀ ਵਰ੍ਹਿਆਂ ਦਾ ਹੋ ਚੱਲਿਆ ਸੀ। ਉਹਦੇ ਹਾਣੀਆਂ ਦੇ ਨਿਆਣੇ ਵੀ ਗਲ਼ੀਆਂ 'ਚ ਖੇਡਣ ਲੱਗ ਪਏ ਸਨ। ਲਾਲੂ ਉਹਨੂੰ ਚੋਰ-ਅੱਖ ਨਾਲ਼ ਘੋਖਦਾ ਰਹਿੰਦਾ। ਉਹਨੇ ਜਵਾਨਾਂ ਵਾਲ਼ੀ ਕਦੇ ਕੋਈ 'ਹਰਕਤ' ਨਹੀਂ ਸੀ ਕੀਤੀ। ਕੁੜੀ-ਚਿੜੀ ਨੂੰ ਛੇੜਣਾ ਤਾਂ ਦੂਰ ਦੀ ਗੱਲ, ਉਹਨੇ ਤਾਂ ਕਦੇ ਸ਼ਰੀਕੇ 'ਚੋਂ ਲੱਗਦੀ ਕਿਸੇ ਭਾਬੀ ਦੀ ਮਸ਼ਕਰੀ ਦਾ ਵੀ ਜਵਾਬ ਨਹੀਂ ਸੀ ਦਿੱਤਾ। ਉਹ ਤਾਂ ਚੱਤੋ-ਪਹਿਰ ਸਹਿਮਿਆ ਜਿਹਾ ਰਹਿੰਦਾ ਸੀ।

'ਇੰਨ੍ਹਾਂ ਖ਼ੁਸ਼ ਉਹ ਕਦੇ ਨਹੀਂ ਸੀ ਹੋਇਆ।' ਲਾਲੂ ਹੈਰਾਨ ਸੀ।

"ਓਏ ਪਿਆਰੂਆ, ਸੁੱਖ ਤਾਂ ਹੈ ਨਾ ਪੁੱਤਰਾ ?" ਉਹਨੇ ਕਾਹਲ਼ੀ ਨਾਲ਼ ਉੱਠਦਿਆਂ ਪੁੱਛਿਆ ਸੀ।

"ਸੰਤ ਮੇਰਾ ਸਾਕ ਕਰੌਂਦੇ ਨੇ !" ਪਿਆਰੂ ਨੇ ਅਨੋਖੇ ਜਿਹੇ ਚਾਅ 'ਚ ਗੱਲ ਸ਼ੁਰੂ ਕੀਤੀ ਸੀ।

"ਉਹ ਹੈ ਤਾਂ ਜਮ੍ਹਾਂ ਗਿੱਟਕ ਜਿਹੀ, ਪਰ ਗੋਰੀ-ਚਿੱਟੀ ਬੜੀ ਆ !"

ਲਾਲੂ ਦੇ ਹੱਥ ਜੁੜ ਗਏ। ਅੱਖਾਂ ਆਪ-ਮੁਹਾਰੇ ਮੀਟੀਆਂ ਗਈਆਂ। ਅੰਬਰ ਵੱਲ ਮੂੰਹ ਚੁੱਕੀ, ਉਹ ਕੁਝ ਦੇਰ ਬੁੜਬੁੜਾਉਂਦਾ ਰਿਹਾ। ਮੂੰਹ 'ਤੇ ਹੱਥ ਫੇਰਦਿਆਂ, ਉਹਨੇ ਅੱਖਾਂ ਖੋਹਲੀਆਂ। ਦੀਵੇ ਦੀ ਲੋਅ 'ਚ ਪਿਆਰੂ ਦਾ ਕੰਬਦਾ ਚਿਹਰਾ ਉਹਨੂੰ ਬੜਾ ਸੁਨੱਖਾ ਲੱਗਿਆ। ਡੌਰ-ਭੌਰ ਹੋਇਆ, ਉਹ ਪਿਆਰੂ ਨੂੰ ਤੱਕਦਾ ਰਿਹਾ।

ਉਹਦੇ ਸਿਰਾਹਣੇ ਖੜ੍ਹਾ ਪਿਆਰੂ, ਧੜਕਦੇ ਦਿਲ ਨਾਲ਼, ਬਾਪੂ ਦਾ ਹੁੰਗਾਰਾ ਉਡੀਕਦਾ ਰਿਹਾ।

"ਬਾਅਪੂ ਜਾਤ ਨਈਓਂ ਪਤਾ, ਕੀ ਆ ਉਹਦੀ !" ਪਿਆਰੂ ਕੰਬਦੀ ਜ਼ੁਬਾਨ 'ਚ ਬੋਲਿਆ ਸੀ।

"ਏਦ੍ਹਾਂ ਦੀ ਕੋਈ ਗੱਲ ਨਈਂ ਕਰਨੀ !" ਲਾਲੂ ਨੇ ਤ੍ਰਭਕਦਿਆਂ ਜਵਾਬ ਦਿੱਤਾ ਸੀ।

"ਇਹ ਸਭ ਅਮੀਰਾਂ ਦੇ ਚੋਜ ਹੁੰਦੇ ਨੇ ਪੁੱਤਰਾ ! ਤੂੰ ਉਹਨੂੰ ਘਰ ਲਿਔਣ ਵਾਲੀ ਗੱਲ ਕਰ।"

***

ਅੱਜ ਸਵੇਰ ਦੀ ਗੱਲ ਸੀ। ਪਿਆਰੂ ਝਾੜੂ ਫੇਰ ਰਿਹਾ ਸੀ। ਉੱਚੀ-ਉੱਚੀ ਭੌਂਕਦਾ ਕੁੱਤਾ ਮੇਨ-ਗੇਟ ਵੱਲ ਦੌੜ ਗਿਆ। ਪਿਆਰੂ ਤੇਜ਼ ਕਦਮਾਂ ਨਾਲ਼ ਉਹਦੇ ਪਿੱਛੇ ਗਿਆ। ਉਹਨੂੰ ਪਿੰਜਰੇ 'ਚ ਡੱਕਿਆ। ਗੇਟ ਮੂਹਰੇ ਆਇਆ। ਸਲਾਖਾਂ ਤੋਂ ਪਾਰ ਦੋ ਧੁੰਦਲੀਆਂ ਜਿਹੀਆਂ ਮੂਰਤਾਂ ਖੜੀਆਂ

ਸਨ। ਥੋੜ੍ਹਾ ਹੋਰ ਨਜ਼ਦੀਕ ਹੋਇਆ। ਦੋ ਔਰਤਾਂ ਨੇ ਭੁੱਖ ਦਾ ਵਾਸਤਾ ਪਾਇਆ। ਉਨ੍ਹਾਂ ਦਾ ਹਾਲ ਡਾਢਾ ਮੰਦਾ ਸੀ। ਪਿਆਰੂ ਦਾ ਦਿਲ ਪਸੀਜ ਗਿਆ। ਬਾਕੀ ਕੰਮ ਛੱਡ, ਉਹਨੇ ਚਾਹ ਦੀਆਂ ਬਾਟੀਆਂ ਨਾਲ ਕੜਾਹ ਪ੍ਰਸਾਦ ਦੀਆਂ ਕੌਲ਼ੀਆਂ ਭਰ ਕੇ ਉਨ੍ਹਾਂ ਮੂਹਰੇ ਰੱਖ ਦਿੱਤੀਆਂ ਸਨ।

ਦੁਪਹਿਰ ਵੇਲੇ ਸੰਤ ਹੋਰਾਂ ਮਣਸੋ ਦੀ ਮਾਂ ਕੋਲ਼ੋਂ ਹੱਡ-ਬੀਤੀ ਸੁਣੀ ਸੀ।

ਪਹਿਲਾਂ ਉਹ ਫੁੱਟ-ਫੁੱਟ ਰੋਈ ਗਈ ਸੀ। ਸੇਵਾਦਾਰਾਂ ਨੇ ਉਹਨੂੰ ਹੌਸਲਾ ਰੱਖਣ ਲਈ ਆਖਿਆ ਸੀ। ਉਹ ਥੋੜ੍ਹਾ ਸੰਭਲੀ ਤੇ ਰੁਕ-ਰੁਕ ਕੇ ਆਪਣੀ ਕਹਾਣੀ ਸੁਣਾਉਣ ਲੱਗੀ।

ਉਹਦੇ ਨਵੇਂ 'ਮਾਲਕ' ਨੇ ਕਿਵੇਂ ਉਹਨੂੰ ਤੇ ਉਹਦੀ ਧੀ ਨੂੰ ਆਪਣੇ ਘਰ ਰੱਖਿਆ। ਫਿਰ ਉਹਨੇ ਕਿਵੇਂ ਉਹਦੀ ਧੀ ਮਣਸੋ ਨਾਲ਼ ! ਉਹਦੀ ਚੁੰਗਲ 'ਚੋਂ ਨਿੱਕਲ ਕੇ ਉਨ੍ਹਾਂ ਕਿਵੇਂ ਦਰਿਆ-ਪਾਰ ਕੀਤਾ ਤੇ ਪਿਛਲੇ ਤਿੰਨ ਮਹੀਨਿਆਂ ਤੋਂ ਉਹ ਕਿੱਥੇ-ਕਿੱਥੇ ਰੁਲ਼ਦੀਆਂ ਰਹੀਆਂ ਸਨ।

ਸੰਤ ਤੇ ਸੇਵਾਦਾਰਾਂ ਨੇ ਉਹਦੀ ਦਰਦ-ਕਹਾਣੀ ਨੂੰ ਬੜੇ ਠਰੰਮੇ ਨਾਲ਼ ਸੁਣਿਆ।

"ਬੀਬਾ, ਤੂੰ ਇੱਥੇ ਰਹਿ। ਸਾਡੇ ਕੋਲ਼। ਜਿੰਨੀ ਹਿੰਮਤ ਹੋਈ, ਕੰਮ ਕਰੀਂ ਜਾਈਂ। ਜੇ ਧੀ ਵਿਔਣੀ ਚਾਹੇਂ ਤਾਂ ਲੋੜਕੂ ਮੁੰਡਾ ਵੀ ਹੈਗਾ ਆ, ਸਾਡੇ ਕੋਲ਼। ਸੱਚਾ-ਸੁੱਚਾ ਤੇ ਪੁੱਜ ਕੇ ਸਾਊ !" ਸਮਾਧ ਦੁਆਲ਼ੇ ਖੜੇ ਦਰਖੱਤਾਂ ਦੇ ਪੱਤੇ ਹੂੰਝਦੇ ਪਿਆਰੂ ਵੱਲ ਇਸ਼ਾਰਾ ਕਰਦਿਆਂ, ਸੰਤ ਹੋਰੀਂ ਬੋਲੇ ਸਨ।

"ਜਿਵੇਂ ਤੁਸੀਂ ਚੰਗਾ ਸਮਝੋ !" ਪਿਆਰੂ ਵੱਲ ਵੇਖਦਿਆਂ, ਉਹ ਸ਼ਰਧਾ-ਭਾਵ 'ਚ ਬੋਲੀ ਸੀ।

ਇਕ ਸੇਵਾਦਾਰ 'ਵਾਖਰੂ-ਵਾਖਰੂ' ਕਰਦਾ, ਪਿਆਰੂ ਵੱਲ ਨੂੰ ਤੁਰ ਗਿਆ ਸੀ।

"ਸੰਤ ਜੀ ਬੁਲਾਉਂਦੇ ਨੇ।"

ਸੇਵਾਦਾਰ ਨੇ ਸੁਨੇਹਾ ਦਿੱਤਾ ਤਾਂ ਪਿਆਰੂ ਦੇ ਹੱਥ ਰੁਕ ਗਏ ਸਨ। ਉਹਨੇ ਝਾੜੂ ਨੂੰ ਥੱਲੇ ਰੱਖਿਆ। ਮੋਢੇ 'ਤੇ ਰੱਖੇ ਸਾਫ਼ੇ ਨਾਲ਼ ਹੱਥ ਪੂੰਝੇ ਤੇ 'ਵਾਖਰੂ' ਆਖ ਉੱਠ ਖੜੋਤਾ। ਉਹ ਸੇਵਾਦਾਰ ਦੇ ਪਿੱਛੇ-ਪਿੱਛੇ ਤੁਰ ਪਿਆ।

"ਤੇਰੀ ਸੁਣ ਲਈ ਏ, ਓਸ ਸੱਚੇ ਰੱਬ ਨੇ !" ਸੇਵਾਦਾਰ ਦੀ ਏਸ ਗੱਲ ਨੇ ਪਿਆਰੂ ਨੂੰ ਹੈਰਾਨ ਕਰ ਦਿੱਤਾ।

'ਕਿਤੇ ਇਹ ਮੇਰੀ ਮਾਂ' ਪਿਆਰੂ ਨੇ ਸੋਚਿਆ।

ਉਹਨੂੰ ਆਪਣਾ ਬਚਪਨ ਯਾਦ ਆਇਆ। ਬਾਪੂ ਅੱਧ 'ਤੇ ਲੈ ਕੇ ਖੇਤ ਵਾਹੁੰਦਾ। ਰੋਟੀ ਤੇ ਕੱਪੜਾ ਮਸਲਾ ਬਣੇ ਰਹਿੰਦੇ। ਨਿੱਕਾ ਜਿਹਾ ਘਰ ਕਲੇਸ਼ ਦੇ ਰੌਲ਼ੇ-ਰੱਪੇ ਨਾਲ਼ ਭਰਿਆ ਰਹਿੰਦਾ। ਇਕ ਰਾਤ ਮਾਂ ਉਹਨੂੰ ਹਿੱਕ ਨਾਲ ਲਗਾ ਕੇ ਰੋਂਦੀ ਰਹੀ ਸੀ। ਮੁੜ-ਮੁੜ ਉਹਦਾ ਮੁੱਖ ਚੁੰਮਦੀ ਰਹੀ ਸੀ। ਮਾਂ ਦੇ ਪਿਆਰ ਦੀ ਉਹਨੂੰ ਭੋਰਾ ਸਮਝ ਨਹੀਂ ਸੀ ਆ ਰਹੀ।

ਅਗਲੀ ਸਵੇਰ ਬਾਪੂ ਹਲ਼ ਵਾਹੁਣ ਚਲਾ ਗਿਆ ਸੀ ਤੇ ਪਿੱਛੋਂ ਉਹਦੀ ਮਾਂ।

ਬਾਪੂ ਵੱਡੀ ਰਾਤ ਤੱਕ ਆਪਣੀ ਪਤਨੀ ਤੇ ਜਗਤੇ ਨੂੰ ਗਾਲ਼ਾਂ ਕੱਢਦਾ ਰਹਿੰਦਾ। ਜਗਤਾ ਗੁਆਂਢੀ ਪਿੰਡ ਦਾ ਬੇਜ਼ਮੀਨਾ ਜੱਟ ਸੀ, ਜੋ ਗੱਡਾ ਵਾਹੁੰਦਾ ਸੀ। ਉਹਦੀ ਮਾਂ ਨੂੰ ਉਧਾਲਣ ਮਗਰੋਂ, ਉਹ ਆਪਣਾ ਸਾਰਾ ਸਮਾਨ ਗੱਡੇ 'ਤੇ ਲੱਦ ਕੇ ਪਤਾ ਨਹੀਂ ਕਿਧਰ ਨੂੰ ਤੁਰ ਗਿਆ ਸੀ।

ਪਿਆਰੂ ਕਈ ਸਾਲ ਮਾਂ ਦੇ ਪਰਤਣ ਲਈ ਅਰਦਾਸਾਂ ਕਰਦਾ ਰਿਹਾ ਸੀ। ਜਦੋਂ ਘਰੋਂ ਨਿਕਲਦਾ ਤਾਂ ਹਾਣੀ ਉਹਨੂੰ ਛੇੜਦੇ। ਘਰ ਦੇ ਕੱਚੇ ਵਿਹੜੇ 'ਚ ਖੇਡਦਿਆਂ, ਉਹਨੂੰ ਖ਼ੁਦ ਨਾਲ਼ ਗੱਲਾਂ ਕਰਨ ਦੀ ਆਦਤ ਪੈ ਗਈ ਸੀ। ਵਕਤ ਬੀਤਦਾ ਗਿਆ। ਮਾਂ ਦੇ ਪਰਤਣ ਦੀਆਂ ਆਸਾਂ



ਧੁੰਦਲੀਆਂ ਹੁੰਦੀਆਂ ਗਈਆਂ। ਉਹਦੀਆਂ ਅਰਦਾਸਾਂ ਵੀ ਸੰਖੇਪ ਹੁੰਦੀਆਂ-ਹੁੰਦੀਆਂ, ਆਖ਼ਰ ਦਮ ਤੋੜ ਗਈਆਂ।

ਜਦ ਕਦੇ ਮਾਂ ਦਾ 'ਮੋਹ-ਭਿੱਜਾ ਪਿਆਰ' ਯਾਦ ਆਉਂਦਾ ਤਾਂ ਉਹ ਤੜਫ਼ ਉੱਠਦਾ।

ਉਹ ਹੈਰਾਨ ਸੀ ਕਿ ਲੋਕ 'ਉਹ ਗੱਲ' ਭੁੱਲ ਕਿਉਂ ਨਹੀਂ ਜਾਂਦੇ ? ਉਹਨੂੰ ਮਾਂ ਦਾ ਨਾਂ ਲੈ ਕੇ ਛੇੜਨ ਕਿਉਂ ਲੱਗ ਜਾਂਦੇ ਨੇ ? ਉਹ ਘਰੋਂ ਨਾ ਨਿਕਲਣ ਦਾ ਇਰਾਦਾ ਕਰਕੇ, ਘਰ ਪਰਤਦਾ। ਪਰ ਗਲ਼ੀ 'ਚ ਖੇਡਦੇ ਬੱਚਿਆਂ ਦਾ ਸ਼ੋਰ ਉਹਦੇ ਘਰ ਦੀ ਨਿੱਕੀ ਜਿਹੀ ਕੱਚੀ ਕੰਧ ਟੱਪ ਕੇ, ਵਿਹੜੇ ਤੱਕ ਆ ਜਾਂਦਾ। ਪਿਆਰੂ ਦੇ ਪੈਰ ਮੱਲੋ-ਜ਼ੋਰੀ ਬੂਹਾ ਉਲੰਘ ਜਾਂਦੇ।

ਇਕ ਸ਼ਾਮ ਉਹ ਆਪਣੇ ਸਾਥੀਆਂ ਨਾਲ਼ ਗੁੱਲੀ-ਡੰਡਾ ਖੇਡ ਰਿਹਾ ਸੀ। ਵਡੇਰੀ ਉਮਰ ਦੇ ਮੀਰੇ ਨੇ ਟੁੱਲ ਲਗਾਇਆ। ਗੁੱਲੀ ਉਹਦੀ ਖੱਬੀ ਅੱਖ 'ਚ ਆਣ ਵੱਜੀ। ਬਾਪੂ ਕੋਲ਼ ਜਿੰਨੀ ਹਿੰਮਤ ਸੀ, ਉਹਨੇ ਇਲਾਜ ਕਰਵਾਇਆ। ਉਹਦੀ ਇਕ ਅੱਖ ਅੱਗੇ ਹਮੇਸ਼ਾ ਲਈ ਹਨ੍ਹੇਰ ਛਾ ਗਿਆ ਸੀ। ਹੁਣ ਉਹ 'ਉੱਧਲ ਗਈ ਦਾ ਪੁੱਤ' ਦੀ ਥਾਂ 'ਕਾਣਾ ਕਾਂ' ਹੋ ਗਿਆ ਸੀ। ਇਹ ਨਵਾਂ ਨਾਂ ਉਹਨੂੰ ਦੁੱਖ ਦੀ ਥਾਂ ਸਕੂਨ ਬਖ਼ਸ਼ਦਾ ਸੀ, ਕਿਉਂਕਿ ਮਾਂ ਦੇ ਕੁਸੈਲ਼ੇ ਮਿਹਣਿਆਂ ਤੋਂ ਖਹਿੜਾ ਛੁੱਟ ਗਿਆ ਸੀ।

ਬਚਪਨ 'ਚ ਉਹ ਵੀ ਗੋਲ਼-ਮਟੋਲ਼ ਜਿਹਾ ਸ਼ਰਾਰਤੀ ਬੱਚਾ ਹੁੰਦਾ ਸੀ। ਵਕਤ ਨੇ ਉਹਨੂੰ ਉਮਰੋਂ ਪਹਿਲਾਂ 'ਸਿਆਣਾ' ਕਰ ਦਿੱਤਾ ਸੀ। ਉਹ ਚੁੱਪ-ਚੁੱਪ ਰਹਿਣ ਲੱਗ ਪਿਆ। ਚੁੱਪ ਦੀ ਤੰਦ ਫੜੀ, ਉਹ ਨਿਰੰਤਰ ਆਪਣੇ ਅੰਦਰ ਡੁੱਬਦਾ ਗਿਆ ਸੀ। ਪਿੰਡ ਦੇ ਬਹੁਤੇ ਲੋਕ ਉਹਨੂੰ 'ਰੱਬੀ ਰੂਪ' ਸਮਝਦੇ ਸਨ। ਗਰੀਬੀ ਉਹਨੂੰ 'ਸੇਵਾ ਦੇ ਮਾਰਗ' 'ਤੇ ਲੈ ਤੁਰੀ ਸੀ। ਉਹ ਸਾਰਾ ਦਿਨ ਸੇਵਾ 'ਚ ਜੁੱਟਿਆ ਰਹਿੰਦਾ ਤੇ ਰਾਤ ਨੂੰ ਘਰ ਪਰਤਣ ਲੱਗਾ, ਬਾਪੂ ਜੋਗਾ ਦਾਲ਼-ਫੁਲਕਾ ਲੈ ਆਉਂਦਾ ਸੀ। ਲਾਲੂ ਉਸ ਵਿੱਚੋਂ ਦੋ ਕੁ ਫੁਲਕੇ ਅਗਲੀ ਸਵੇਰ ਲਈ ਵੀ ਬਚਾ ਕੇ ਰੱਖ ਲੈਂਦਾ ਸੀ।

ਸੋਚਾਂ 'ਚ ਡੁੱਬਾ ਪਿਆਰੂ ਸੰਤ ਹੋਰਾਂ ਮੂਹਰੇ ਸਿਰ ਝੁਕਾ ਕੇ ਖੜੋ ਗਿਆ ਸੀ।

"ਤੇਰਾ ਰਿਸ਼ਤਾ ਹੋਣ ਲੱਗਾ ਏ, ਭਗਤਾ !" ਸੰਤ ਹੋਰੀਂ ਮੁਸਕਰਾਉਂਦੇ ਹੋਏ ਆਖਿਆ ਸੀ।

***

ਉਹਦੇ ਵਿਆਹ ਦਾ ਦਿਨ ਮਿੱਥਿਆ ਗਿਆ ਤਾਂ ਉਹਦੀਆਂ ਸੋਚਾਂ ਵੀ ਕੁਝ-ਕੁਝ ਰੰਗੀਨ ਜਿਹੀਆਂ ਹੋ ਗਈਆਂ ਸਨ। ਜਾਣੀ-ਪਛਾਣੀ ਹਰੇਕ ਸ਼ੈਅ ਦੇ ਨਕਸ਼ ਬਦਲ ਗਏ ਸਨ। ਉਹ ਚੋਰੀ-ਚੋਰੀ ਸ਼ੀਸ਼ਾ ਵੇਖਦਾ। ਉਹਨੂੰ ਪਹਿਲੀ ਵਾਰ ਮਹਿਸੂਸ ਹੋਇਆ ਸੀ ਕਿ ਉਹਨੂੰ ਕਾਣਾ ਕਰਕੇ 'ਕੁਦਰਤ' ਨੇ ਉਹਦੇ ਨਾਲ਼ ਬਹੁਤ ਵੱਡਾ ਧੋਖਾ ਕੀਤਾ ਹੈ। ਹੁਣ ਉਹ ਸਾਫ਼ੇ ਦਾ ਲੜ ਇਉਂ ਲਮਕਾਉਂਦਾ ਕਿ ਉਹਦੀ ਖੱਬੀ ਅੱਖ ਲੁਕੀ ਰਹੇ।

ਉਹ ਹੈਰਾਨ ਸੀ ਕਿ ਉਹਦੇ ਬੰਜਰ ਹੋਏ ਆਪੇ 'ਚੋਂ ਕੁਝ ਸੁਪਨੇ ਪੁੰਗਰ ਆਏ ਸਨ।

ਮਣਸੋ ਉਹਦੇ ਘਰ ਆ ਗਈ। ਸੰਤਾਂ ਨੇ ਲੋੜ ਜੋਗਾ ਰਾਸ਼ਣ-ਪਾਣੀ ਉਹਦੇ ਘਰ ਪਹਿਲਾਂ ਹੀ ਪਹੁੰਚਾ ਦਿੱਤਾ ਸੀ। ਵਰ੍ਹਿਆਂ ਤੋਂ ਉੱਜੜਿਆ ਘਰ ਸੰਭਾਲਣ ਲਈ ਮਣਸੋ ਨੂੰ ਕੁਝ ਵਕਤ ਤਾਂ ਲੱਗਣਾ ਸੀ।

ਦਿਨ ਬੀਤਦੇ ਗਏ।

ਮਣਸੋ ਦੇ ਚਿਹਰੇ 'ਤੇ ਜੰਮੀ ਉਦਾਸੀ ਛੰਡ ਜਾਣ ਦੀ ਥਾਂ ਦਿਨ-ਬ-ਦਿਨ ਸੰਘਣੀ ਹੁੰਦੀ ਗਈ। ਉਹ ਉਸ ਬਦਲੋਟੀ ਵਰਗੀ ਸੀ, ਜੋ ਵਰ੍ਹਨ ਲਈ ਤੜਫ਼ ਰਹੀ ਹੋਵੇ। ਪਿਆਰੂ ਚੱਤੋ-ਪਹਿਰ ਕਿਸੇ ਗਰੀਬ ਕਿਸਾਨ ਵਾਂਗੂੰ ਸਹਿਮਿਆਂ-ਸਹਿਮਿਆਂ ਜਿਹਾ ਰਹਿਣ ਲੱਗਾ।

ਘਰ ਦੀ ਥਾਂ ਮਣਸੋ ਵੀ ਵਧੇਰੇ ਸਮਾਂ ਡੇਰੇ 'ਚ ਗੁਜ਼ਾਰਨ ਲੱਗੀ। ਉਹ ਵੱਡੇ ਤੜਕੇ ਉੱਠਦੀ। ਇਸ਼ਨਾਨ ਕਰਦੀ ਤੇ 'ਵਾਖਰੂ-ਵਾਖਰੂ' ਉਚਰਦੀ, ਘਰੋਂ ਨਿਕਲ ਤੁਰਦੀ। ਉਹਦੇ ਜਾਣ ਮਗਰੋਂ ਪਿਆਰੂ ਉੱਠਦਾ ਤੇ 'ਵਾਖਰੂ-ਵਾਖਰੂ' ਉਚਰਦਾ, ਉਹ ਵੀ ਘਰੋਂ ਨਿਕਲ ਤੁਰਦਾ। ਲਾਲੂ ਉਨ੍ਹਾਂ ਦੀਆਂ ਧੁੰਦਲੀਆਂ ਜਿਹੀਆਂ ਪਿੱਠਾਂ ਵੱਲ ਵੇਖਦਾ ਰਹਿ ਜਾਂਦਾ।

'ਲਗਦਾ ਜੜ੍ਹ ਨਹੀਂ ਲੱਗਣੀ ਮੇਰੀ' ਉਹ ਖੁਦ ਨਾਲ਼ ਗੱਲ ਕਰਦਾ।

'ਚਾਰ ਵਰ੍ਹੇ ਹੋ ਚੱਲੇ ਨੇ। ਜੇ ਕੁਝ ਹੋਣਾ ਹੁੰਦਾ ਤਾਂ ਹੁਣ ਨੂੰ ਦੋ-ਤਿੰਨ ਵਾਰ ਨਾ ਹੋ ਜਾਂਦਾ! ਇਸ ਘਰ ਦੀ ਕਹਾਣੀ ਖਤਮ ਆ ਹੁਣ! ਮੈਂ ਇਸ ਜਹਾਨ ਤੋਂ ਔਂਤ ਈ ਜਾਣਾ! ਹਾਏ ਓਏ, ਮੇਰੀ ਜੜ੍ਹ...'

ਕਦੇ-ਕਦੇ ਉਹ ਇਸ ਦੁੱਖ 'ਚ ਇੰਨਾਂ ਡੁੱਬ ਜਾਂਦਾ ਕਿ ਉਹਨੂੰ ਖੁੰਡੇ ਨਾਲ਼ ਬੱਝੀ ਝੋਟੀ ਦੇ ਪੱਠੇ-ਦੱਥੇ ਦਾ ਵੀ ਖ਼ਿਆਲ ਨਾ ਰਹਿੰਦਾ। ਜਦੋਂ ਉਹ ਰੰਭਦੀ ਤਾਂ ਲਾਲੂ ਦੀ ਮਰੀਅਲ ਜਿਹੀ ਦੇਹ 'ਚ ਹਰਕਤ ਆਉਂਦੀ। ਬੁੱਢੀਆਂ ਲੱਤਾਂ ਨੂੰ ਘੜੀਸਦਾ, ਉਹ ਖੁੰਢ ਤੱਕ ਜਾਂਦਾ ਤੇ ਉਹਦਾ ਰੱਸਾ ਖੋਹਲ਼ ਦਿੰਦਾ। ਝੋਟੀ ਚਰਾਂਦ ਵੱਲ ਨੂੰ ਦੌੜ ਪੈਂਦੀ। ਲੱਤਾਂ ਘੜੀਸਦਾ ਲਾਲੂ ਵੀ ਉਹਦੇ ਪਿੱਛੇ-ਪਿੱਛੇ ਤੁਰ ਪੈਂਦਾ। ਦੁਪਹਿਰ ਤੱਕ ਪੂਰੀ ਤਰ੍ਹਾਂ ਰੱਜ ਕੇ ਜਦੋਂ ਝੋਟੀ ਕਿਸੇ ਰੁੱਖ ਥੱਲੇ ਬੈਠ ਜਾਂਦੀ ਤਾਂ ਲਾਲੂ ਉਹਨੂੰ ਆਪਣਾ ਦੁੱਖ ਸੁਣਾਉਣ ਲੱਗ ਜਾਂਦਾ।

ਸੂਰਜ ਡੁੱਬਦਾ।

ਕਿਸੇ ਸੰਘਣੀ ਧੁੰਦ ਵਾਂਗ ਦੁੱਖ ਉਹਦਾ ਰਾਹ ਰੋਕ ਲੈਂਦੇ। ਘਰ ਵੱਲ ਜਾਂਦੇ, ਸਾਰੇ ਰਾਹ। ਉਹਦਾ ਪਿੰਡ ਵੱਲ ਪਰਤਣ ਨੂੰ ਉੱਕਾ ਦਿਲ ਨਾ ਕਰਦਾ।

'ਘਰ ਤਾਂ ਬੱਚਿਆਂ ਨਾਲ਼ ਹੁੰਦੇ ਨੇ!...' ਉਹ ਸੋਚਦਾ।

'...ਉਹ ਤਾਂ ਕੋਈ ਥੇਹ ਆ, ਥੇਹ! ਉਹ ਥੇਹ, ਜਿਸ ਵਿਚ ਤਿੰਨ ਪ੍ਰੇਤ ਰਹਿੰਦੇ ਨੇ। ਰਾਤ ਦੀ ਰਾਤ 'ਕੱਠੇ ਹੁੰਦੇ ਨੇ। ਅਬੋਲ ਰਾਤ ਕੱਟਦੇ ਨੇ ਤੇ ਪਹੁ-ਫੁਟਾਲੇ ਤੋਂ ਪਹਿਲਾਂ ਫਿਰ ਵਿਛੜ ਜਾਂਦੇ ਨੇ!'

ਦਿਲ 'ਤੇ ਪੱਥਰ ਰੱਖ ਕੇ ਉਹ ਘਰ ਵੱਲ ਪਰਤਦਾ ਤੇ ਨੂੰਹ-ਪੁੱਤ ਨੂੰ ਉਡੀਕਣਾ ਸ਼ੁਰੂ ਕਰ ਦਿੰਦਾ।

ਮਣਸੋ ਆਉਂਦੀ। ਬਿਨ ਬੁਲਾਏ ਮੂੰਹ-ਸਿਰ ਲਪੇਟ ਕੇ ਪੈ ਜਾਂਦੀ। ਥੋੜ੍ਹੀ ਦੇਰ ਬਾਅਦ ਪਿਆਰੂ ਆਉਂਦਾ। ਡੇਰੇ ਤੋਂ ਲਿਆਂਦੀ ਰੋਟੀ ਤੇ ਪਾਣੀ ਦਾ ਗਿਲਾਸ ਭਰ ਕੇ ਬਾਪੂ ਮੂਹਰੇ ਰੱਖ ਦਿੰਦਾ। ਲਾਲੂ ਉਸ ਨਾਲ਼ ਰੱਜ ਕੇ ਗੱਲਾਂ ਕਰਨੀਆਂ ਚਾਹੁੰਦਾ, ਪਰ 'ਹੂੰਅ-ਹਾਂਅ' ਕਰਕੇ ਉਹ ਵੀ ਢਾਰੇ ਅੰਦਰ ਚਲਾ ਜਾਂਦਾ।

ਲਾਲੂ ਨੂੰ ਵੱਡੀ ਰਾਤ ਤੱਕ ਨੀਂਦ ਨਾ ਆਉਂਦੀ। ਉਹਦੀ ਅੱਖ ਲੱਗਦੀ ਤਾਂ ਕੋਈ ਕੁਲਹਿਣਾ ਸੁਪਨਾ ਉਹਦੀ ਨੀਂਦ ਤੋੜ ਜਾਂਦਾ। ਉਹ ਅੱਭੜਵਾਹੇ ਉੱਠਦਾ। ਹਨ੍ਹੇਰੇ 'ਚ ਅੱਖਾਂ ਨੂੰ ਉਘਾੜਦਿਆਂ, ਚੁਫ਼ੇਰੇ ਝਾਕਦਾ। ਢਾਰੇ ਅੰਦਰੋਂ ਆਉਂਦੀਆਂ, ਸਾਹਵਾਂ ਦੀਆਂ ਉੱਖੜੀਆਂ ਜਿਹੀਆਂ ਅਵਾਜ਼ਾਂ ਨੂੰ ਗਹੁ ਨਾਲ ਸੁਣਦਾ। ਇਹ ਅਵਾਜ਼ਾਂ ਵੱਖੋ-ਵੱਖਰੀ ਥਾਂ ਤੋਂ ਆ ਰਹੀਆਂ ਹੁੰਦੀਆਂ। ਇਹ ਗੱਲ ਉਹਨੂੰ ਹੋਰ ਵੀ ਦੁਖੀ ਕਰ ਜਾਂਦੀ।

***



ਉਸ ਸਵੇਰ ਕੁੱਕੜ ਨੇ ਬਾਂਗ ਦਿੱਤੀ ਤਾਂ ਲਾਲੂ ਨੂੰ ਲੱਗਿਆ ਕਿ ਸੁਪਨਿਆਂ ਦੀ ਉੱਘੜ-ਖਾਬੜ ਵਾਟ ਮੁੱਕ ਗਈ ਏ।

ਉਹ ਨੂੰਹ-ਪੁੱਤ ਦੇ ਜਾਗਣ ਦੀ ਉਡੀਕ ਕਰਨ ਲੱਗਾ।

ਮਣਸੋ 'ਵਾਖਰੂ-ਵਾਖਰੂ' ਕਰਦੀ ਉੱਠੀ। 'ਵਾਖਰੂ-ਵਾਖਰੂ' ਕਰਦੀ ਨੇ ਘੜੇ 'ਚੋਂ ਪਾਣੀ ਪੀਤਾ। 'ਵਾਖਰੂ-ਵਾਖਰੂ' ਕਰਦੀ ਨੇ ਮੂੰਹ-ਹੱਥ ਧੋਤਾ ਤੇ 'ਵਾਖਰੂ-ਵਾਖਰੂ' ਕਰਦੀ ਮਲਕੜੇ ਜਿਹੇ ਘਰੋਂ ਨਿਕਲ ਤੁਰੀ। ਕੁੰਡੀ ਦੇ ਖੜਾਕ ਨਾਲ਼ ਪਿਆਰੂ ਵੀ ਉੱਠ ਪਿਆ। ਅੰਗੜਾਈ ਲੈਂਦਿਆਂ, ਮਸਤੀ 'ਚ 'ਵਾਖਰੂ' ਉਚਰਿਆ। 'ਵਾਖਰੂ' ਆਖ ਮੰਜੇ ਤੋਂ ਉੱਠਿਆ। ਘੜੇ 'ਚੋਂ ਪਾਣੀ ਪੀ ਕੇ ਫਿਰ 'ਵਾਖਰੂ' ਬੋਲਿਆ। ਬਾਪੂ ਵੱਲ ਬਿਟਰ-ਬਿਟਰ ਝਾਕਦਿਆਂ, 'ਵਾਖਰੂ-ਵਾਖਰੂ' ਕਰਦਾ ਜਦੋਂ ਉਹ ਬਾਹਰ ਵੱਲ ਨੂੰ ਤੁਰਿਆ ਤਾਂ ਲਾਲੂ ਖਿੱਝ ਕੇ ਬੋਲਿਆ, "ਏਧਰ ਆ ਉਏ ਵੱਡਿਆ...!"

ਪਿਆਰੂ ਥਾਏਂ ਰੁਕ ਗਿਆ। ਬਾਪੂ ਦੇ ਕੁਰੱਖ਼ਤ ਲਹਿਜੇ ਦਾ ਆਦੀ ਨਹੀਂ ਸੀ ਉਹ। ਕੰਬਦੇ ਦਿਲ਼ ਤੇ ਬੋਝਲ ਪੈਰਾਂ ਨਾਲ਼ ਤੁਰਦਾ, ਉਹ ਬਾਪੂ ਦੇ ਸਿਰ੍ਹਾਣੇ ਆਣ ਖੜੋ ਗਿਆ।

"ਬੈਠ ਜਾ!" ਤਲਖ਼ੀ ਨੂੰ ਥੋੜ੍ਹਾ ਤਰਲ ਕਰਦਿਆਂ ਲਾਲੂ ਬੋਲਿਆ ਸੀ।

ਪਿਆਰੂ ਜ਼ਮੀਨ 'ਤੇ ਪੈਰਾਂ ਭਾਰ ਬੈਠ ਗਿਆ।

"ਆਹ ਕੌਣ ਸੀ?" ਲਾਲੂ ਨੇ ਸਵਾਲ ਕੀਤਾ।

ਪਿਆਰੂ ਨੂੰ ਲੱਗਿਆ ਕਿ ਬਾਪੂ ਨੂੰ ਕੋਈ 'ਓਪਰੀ ਕਸਰ' ਹੋ ਗਈ ਹੈ।

"ਕੌ..ਅ..ਣ?" ਉਹਨੇ ਕੰਬਦੇ ਦਿਲ ਨਾਲ਼ ਥਥਲ਼ਾ ਕੇ ਪੁੱਛਿਆ।

"ਆਹ ਜਿਹੜੀ ਹੁਣੇ-ਹੁਣੇ ਘਰੋਂ ਬਾਹਰ ਗਈ ਆ!" ਇਹ ਸੁਣਦਿਆਂ, ਪਿਆਰੂ ਦਾ ਡਰ ਉੱਡ-ਪੁੱਡ ਗਿਆ ਸੀ।

"ਉਹ ਤਾਂ ਮਣਸੋ ਸੀ, ਬਾਪੂ!" ਇਹ ਆਖ ਉਹ ਫਿੱਕਾ ਜਿਹਾ ਹੱਸਿਆ ਸੀ।

"ਮਣਸੋ ਕੌਣ?" ਬਾਪੂ ਨੇ ਇਹ ਪੁੱਛਿਆਂ ਤਾਂ ਉਹ ਫਿਰ ਤੋਂ ਡਰ ਗਿਆ। ਇਸ ਵਾਰ ਉਹਨੂੰ ਸ਼ੱਕ ਹੋਇਆ ਕਿ ਬਾਪੂ ਪਾਗਲ ਹੋ ਗਿਆ ਹੈ।

"ਮੇ..ਅ..ਰੀ ਵ...ਅ..ਹੁਟੀ!" ਪਿਆਰੂ ਦੇ ਬੋਲ ਕੰਬ ਉੱਠੇ ਸਨ।

"ਵਹੁਟੀ? ਇਹ ਕੀ ਬਲਾ ਹੁੰਦੀ ਏ?" ਲਾਲੂ ਨੇ ਖਚਰੇ ਜਿਹੇ ਲਹਿਜੇ 'ਚ ਪੁੱਛਿਆ ਸੀ।

ਹੁਣ ਪਿਆਰੂ ਵਿਚਲੀ ਗੱਲ ਸਮਝ ਗਿਆ ਸੀ। ਉਹ ਕੱਚੇ ਵਿਹੜੇ 'ਤੇ ਆਪਣੇ ਅੰਦਰਲੇ ਖ਼ਲਾਅ ਦਾ ਨਕਸ਼ਾ ਉਲੀਕਣ ਲੱਗਾ। ਝੁਠੀ ਪੈ ਗਈ ਭਾਰੀ ਦੇਹ ਨੂੰ ਸੰਭਾਲ਼ਦਿਆਂ, ਉਹ ਉਦਾਸ ਮੁਸਕਾਨ ਨਾਲ ਬੋਲਿਆ, "ਮੈਨੂੰ ਨਈਂ ਪਤਾ ਬਾਪੂ!"

ਲਾਲੂ ਦੀਆਂ ਭਵਾਂ ਤਣ ਗਈਆਂ। ਪਿਆਰੂ ਨੂੰ ਲਾਹਨਤ ਪਾਉਂਦਿਆਂ ਉਹ ਬੋਲਿਆ, "ਜੇ ਨਈ ਪਤਾ ਤਾਂ ਫਿਰ ਆਹ ਵਿਆਹ ਵਾਲ਼ਾ ਪੰਗਾ ਕਾਤ੍ਹੋਂ ਲੈ ਲਿਆ? ਚਾਰ ਵਰ੍ਹੇ ਹੋ ਗਏ ਨੇ ਤੇਰੇ ਵਿਆਹ ਨੂੰ! ਖਾ ਕੇ ਧੜੀ ਅੰਨ, ਸੂਰ ਵਾਂਗੂੰ ਸੌਂ ਜਾਂਨੈ, ਜਨਾਨੀ ਵੱਲ ਪਿੱਠ ਕਰਕੇ! ਜੇ ਪੰਗਾ ਲਿਆ ਏ ਤਾਂ ਬੰਦਿਆਂ ਵਾਂਗ ਜਨਾਨੀ ਰੱਖਣੀ ਵੀ ਸਿੱਖ!"

ਪਿਆਰੂ ਹੈਰਾਨ ਵੀ ਹੋਇਆ ਸੀ ਤੇ ਦੁਖੀ ਵੀ। ਬਾਪੂ ਨੂੰ ਇਉਂ ਉੱਖੜਦਾ ਉਹਨੇ ਪਹਿਲਾਂ ਕਦੇ ਨਹੀਂ ਸੀ ਵੇਖਿਆ। ਹਨੇਰੇ 'ਚ ਉਹਨੂੰ ਬਾਪੂ ਦਾ ਚਿਹਰਾ ਨਹੀਂ ਸੀ ਦਿਸਿਆ, ਪਰ ਉਹਦੇ ਬੋਲਾਂ ਤੋਂ ਉਹਨੇ ਅੰਦਾਜ਼ਾ ਲਗਾ ਲਿਆ ਸੀ ਕਿ ਬਾਪੂ ਦਾ ਬੱਗੀ ਦਾੜ੍ਹੀ ਵਾਲ਼ਾ ਧੁਆਂਖਿਆ ਜਿਹਾ ਚਿਹਰਾ ਕੰਬ ਰਿਹਾ ਏ ਤੇ ਅੰਦਰ ਵੱਲ ਧੱਸ ਗਈਆਂ, ਬੁੱਢੀਆਂ ਅੱਖਾਂ 'ਚ ਅੱਥਰੂ ਉੱਤਰ

ਆਏ ਨੇ। ਆਪਣੀ ਇਕਲੌਤੀ ਅੱਖ ਨਾਲ ਬਾਪੂ ਦੇ ਚਿਹਰੇ ਨੂੰ ਵੇਖਣ ਦੀ ਅਸਫ਼ਲ ਕੋਸ਼ਿਸ਼ ਕਰਦਾ, ਉਹ ਫਿੱਕਾ ਜਿਹਾ ਹੱਸ ਕੇ ਬੋਲਿਆ, "ਮੈਨੂੰ ਨਹੀਂ ਪਤਾ ਬਾਪੂ। ਜੇ ਤੈਨੂੰ ਪਤਾ ਤਾਂ ਤੂੰ ਸਿਖਾ ਦੇ!"

ਲਾਲੂ ਹੋਰ ਵੀ ਭਖ਼ ਗਿਆ।

"ਤੇਰੀ ਮਾਂ ਨੂੰ ਮੈਂ ਬਾਰ੍ਹਾਂ ਵਰ੍ਹੇ ਇਸ ਘਰ 'ਚ ਵਸਾਇਆ। ਇੱਥੇ ਉਨ੍ਹੇ ਦੋ ਨਿਆਣੇ ਵੀ ਜੰਮੇ! ਤੇਰੇ ਕੋਲੋਂ ਤਾਂ ਇਕ ਕਤੂਰਾ ਵੀ ਨਈਂ ਜੰਮਿਆਂ, ਭੈਣ..!"

ਘੁਸਮੁਸੇ 'ਚ ਲਾਲੂ ਦੀ ਘਸਮੈਲੀ ਜਿਹੀ ਹੋਂਦ ਬਸ 'ਕੁਝ ਹੋਣ ਦਾ' ਝਾਉਲ਼ਾ ਪਾ ਰਹੀ ਸੀ। ਜਿਉਂ ਕੋਈ ਜਿਉਂਦਾ-ਜਾਗਦਾ ਬੰਦਾ ਨਹੀਂ, ਸਿਰਫ ਬੰਦੇ ਦਾ ਪਰਛਾਵਾਂ ਮਾਤਰ ਹੋਵੇ। ਪਿਆਰੂ ਦਾ ਪਹਿਲਾਂ ਦਿਲ ਛਲਕਿਆ ਤੇ ਫਿਰ ਅੱਖਾਂ। ਥੋੜ੍ਹੀ ਦੇਰ ਬਾਅਦ, ਉਹਨੂੰ ਬਾਪੂ ਦੇ ਡੁਸਕਣ ਦੀ ਅਵਾਜ਼ ਵੀ ਸੁਣਾਈ ਦਿੱਤੀ। ਉਹਦੇ ਅੰਦਰੋਂ ਵਲਵਲਾ ਜਿਹਾ ਉੱਠਿਆ ਕਿ ਉਹ ਬਾਪੂ ਦਾ ਕਲ਼ਾਵਾ ਭਰ ਲਏ ਤੇ ਦੇਰ ਤੋਂ ਡੱਕੇ ਅੱਥਰੂ ਉਹਦੇ ਮੋਢੇ 'ਤੇ ਡੋਹਲ ਦੇਵੇ, ਪਰ ਬਾਪੂ ਦੇ ਗੁੱਸੇ ਤੋਂ ਡਰਦਾ, ਉਹ ਉਵੇਂ ਬੈਠਾ ਰਿਹਾ।

"ਹਰਾਮਜ਼ਾਦੀ!"

ਪਿਆਰੂ ਨੇ ਸੋਚਿਆ ਕਿ ਬਾਪੂ ਨੇ ਇਹ ਬੋਲ ਮਣਸੋ ਲਈ ਕਹੇ ਨੇ।

"ਜਾਣ ਲੱਗੀ ਮੇਰੀ ਵੀਰੋ ਨੂੰ ਵੀ ਲੈ ਗਈ! ਹੁਣ ਤੱਕ ਤਾਂ ਉਹ ਵਿਆਹੀ ਵੀ ਜਾਣੀ ਸੀ। ਸ਼ੈਤ ਉਹਦੇ ਘਰ ਹੀ ਕੋਈ ਬਾਲ ਖੇਡਦਾ ਹੁੰਦਾ! ਕਿਤੇ ਤਾਂ ਮੇਰੀ ਜੜ੍ਹ ਲੱਗਦੀ!" ਇਹ ਆਖ ਲਾਲੂ ਅੱਖਾਂ ਪੂੰਝਣ ਲੱਗ ਪਿਆ ਸੀ।

ਪਿਆਰੂ ਨੂੰ ਯਾਦ ਆਇਆ ਕਿ ਜਦੋਂ ਮਾਂ ਗਈ ਤਾਂ ਵੀਰੋ ਜਮ੍ਹਾਂ ਗੁੱਡੀ ਜਿਹੀ ਸੀ। ਉਹ ਉਹਨੂੰ ਸਾਰਾ ਦਿਨ ਕੁੱਛੜ ਚੁੱਕੀ ਰੱਖਦਾ। ਉਹ ਤੋਤਲੀਆਂ ਜਿਹੀਆਂ ਗੱਲਾਂ ਵੀ ਕਰਨ ਲੱਗ ਪਈ ਸੀ। ਕੋਈ ਹੋਰ ਚੁੱਕਦਾ ਤਾਂ 'ਪਾਰੂ-ਪਾਰੂ' ਆਖ ਇਹਦੇ ਵੱਲ ਨਿੱਕੀਆਂ-ਨਿੱਕੀਆਂ ਬਾਹਵਾਂ ਉਲਾਰ ਲੈਂਦੀ ਸੀ।

"ਹੁਣ ਨਹੀਂ ਲੱਗਣੀ, ਜੜ੍ਹ ਮੇਰੀ!" ਇਹ ਆਖ ਲਾਲੂ ਨੇ ਠੰਢਾ ਹਉਕਾ ਭਰਿਆ ਸੀ।

"ਬਾਪੂ! ਤੂੰ ਫ਼ਿਕਰ ਨਾ ਕਰਿਆ ਕਰ!..." ਇਹ ਕਹਿੰਦਿਆਂ, ਪਿਆਰੂ ਬਾਪੂ ਦੇ ਥੋੜ੍ਹਾ ਕੋਲ਼ ਹੋ ਗਿਆ ਸੀ।

"ਜੇ ਬੰਦੇ ਦੇ ਹਿੱਸੇ ਦਸ-ਵੀਹ ਖੱਤੇ ਆਉਂਦੇ ਹੋਣ ਤਾਂ ਉਹ ਪਿਉ ਬਣਦਾ ਚੰਗਾ ਵੀ ਲੱਗਦਾ। ਸਾਡੇ ਕੋਈ ਜੰਮ ਵੀ ਪਿਆ ਤਾਂ ਉਹਨੇ ਵੀ ਸਾਡੇ ਵਾਲ਼ੀ ਹੀ ਭੱਠ ਝੋਕਣੀ ਆ! ਇਕ-ਦੋ ਪੁਸ਼ਤਾਂ ਬਾਅਦ ਕੋਈ ਕਿਸੇ ਨੂੰ ਯਾਦ ਨਈਂ ਰੱਖਦਾ। ਤੂੰ ਐਵੇਂ ਜੜ੍ਹਾਂ-ਜੁੜ੍ਹਾਂ ਦਾ ਫ਼ਿਕਰ ਨਾ ਕਰਿਆ ਕਰ। ਫੁਲਕਾ ਛਕਿਆ ਕਰ ਤੇ ਰੱਬ ਦਾ ਨਾਂ ਲਿਆ ਕਰ! ਰੱਬ ਆਪੇ ਮਿਹਰ ਕਰੂ!" ਗੱਲ ਮੁਕਾ ਪਿਆਰੂ ਨੇ ਸ਼ਰਧਾ-ਭਾਵ 'ਚ 'ਵਾਖਰੂ' ਆਖਿਆ ਤੇ ਘਰੋਂ ਬਾਹਰ ਵੱਲ ਤੁਰ ਪਿਆ ਸੀ।

"ਓਏ ਲੋਲ੍ਹਿਆ! ਹੁਣ ਤੇਰੇ ਹਿੱਸੇ ਦੇ ਕੰਮ ਭੁਗਤਾਉਣ ਰੱਬ ਨੇ ਆਪ ਥੋੜ੍ਹੋ ਭੁੰਜੇ ਲੱਥ ਜਾਣਾ!" ਦਰੋਂ ਬਾਹਰ ਹੁੰਦਿਆਂ, ਉਹਨੂੰ ਬਾਪੂ ਦੇ ਮੋਹ, ਦੁੱਖ ਤੇ ਹਿਰਖ਼ ਭਰੇ ਇਹ ਬੋਲ ਸੁਣਾਈ ਦਿੱਤੇ ਸਨ।

ਉਹ ਫਿੱਕਾ ਜਿਹਾ ਹੱਸਿਆ ਤੇ ਬਾਪੂ ਦੀਆਂ ਗੱਲਾਂ ਨੂੰ ਮੁੜ ਤੋਂ ਯਾਦ ਕਰਨ ਲੱਗਾ। ਬਾਪੂ ਵਾਲ਼ੇ ਸਵਾਲ ਪਿਆਰੂ ਲਈ ਨਵੇਂ ਨਹੀਂ ਸਨ। ਆਨੇ-ਬਹਾਨੇ ਪਿੰਡ ਦੇ ਕੁਝ ਬੰਦੇ ਵੀ ਉਹਨੂੰ ਚੋਭਾਂ ਲਗਾਉਂਦੇ ਰਹਿੰਦੇ ਸਨ।



'ਲੋਕਾਂ ਦਾ ਤਾਂ ਹੱਕ ਹੁੰਦੈ, ਪਰ..' ਉਹਨੇ ਤਰਸੇਵੇਂ ਭਰੇ ਗੁੱਸੇ ਨਾਲ਼ ਸੋਚਣਾ ਸ਼ੁਰੂ ਕੀਤਾ।

'ਬਾਪੂ ਕੋਲੋਂ ਮੈਨੂੰ ਇਹ ਉਮੀਦ ਬਿਲਕੁਲ ਨਹੀਂ ਸੀ। ਮੈਂ ਕਿਹੜਾ ਬੱਚਾ ਆਂ! ਮੈਨੂੰ ਕਿਹੜਾ ਨਹੀਂ ਪਤਾ ਕਿ ਪਤਨੀ ਕੀ ਸ਼ੈਅ ਹੁੰਦੀ ਏ! ਜੜ੍ਹ ਲਾਉਣ ਦੀ ਮੈਂ ਕਿਹੜਾ ਕਦੇ ਕੋਸ਼ਿਸ਼ ਨਹੀਂ ਕੀਤੀ! ਕੰਬਦੇ ਦਿਲ ਤੇ ਕੰਬਦੇ ਹੱਥਾਂ ਨਾਲ਼, ਮੈਂ ਜਦੋਂ ਵੀ ਮਣਸੋ ਦਾ ਹੱਥ ਫੜਦਾ ਹਾਂ, ਉਹ ਨੱਕ-ਮੂੰਹ ਵੱਟਣ ਲੱਗ ਜਾਂਦੀ ਏ! ਥੋੜ੍ਹਾ ਅਗਾਂਹ ਵਧਾ ਤਾਂ ਮੈਨੂੰ ਝਿੜਕ ਵੀ ਦਿੰਦੀ ਏ! ਉਹਦੇ ਖ਼ਰ੍ਹਵੇ ਬੋਲ਼ ਮੇਰੇ ਮਨ-ਮਸਤਕ 'ਚ ਖੌਰੂ ਪਾਈ ਰੱਖਦੇ ਨੇ। ਦੇਹ ਦਾ ਸਾਰਾ ਸੇਕ ਮੇਰੇ ਕੰਨਾਂ ਅੰਦਰ ਇਕੱਠਾ ਹੋ ਜਾਂਦਾ।'

ਵੰਨ-ਸੁਵੰਨੇ ਪਛਤਾਇਆਂ ਨਾਲ਼ ਜ਼ਰਬ ਖਾ ਕੇ ਇਹ ਸੇਕ ਅੱਗ ਦਾ ਗੋਲ਼ਾ ਜਿਹਾ ਬਣ ਜਾਂਦਾ। ਉਹ 'ਵਾਖਰੂ-ਵਾਖਰੂ' ਕਰਦਾ ਉੱਠਦਾ ਤੇ ਪਾਣੀ ਦੇ ਕਈ ਗਿਲਾਸ ਪੀ ਜਾਂਦਾ। ਜਾਣਿਆ-ਪਛਾਣਿਆ ਉਹੀ ਸੇਕ ਅੱਜ ਉਹਦੇ ਪੈਰਾਂ ਅੰਦਰ ਇਕੱਠਾ ਹੋ ਗਿਆ ਸੀ। ਡੇਰੇ ਵੱਲ ਪੈਰ ਪੁੱਟਣਾ ਮੁਸ਼ਕਲ ਹੁੰਦਾ ਜਾ ਰਿਹਾ ਸੀ। ਉਹਦੇ ਪੈਰ ਜਿੱਥੇ ਟਿਕਦੇ, ਓਥੋਂ ਪਿਆਰੂ ਨੂੰ ਧੂੜ ਦੀ ਥਾਂ, ਧੂੰਆਂ ਉੱਠਦਾ ਮਹਿਸੂਸ ਹੁੰਦਾ।

ਪਿਆਰੂ ਦੇ ਤੁਰ ਜਾਣ ਮਗਰੋਂ ਲਾਲੂ ਵੀ ਸੋਚਾਂ 'ਚ ਗਵਾਚ ਗਿਆ ਸੀ। ਪੁੱਤ ਨਾਲ਼ ਹੋਈਆਂ ਗੱਲਾਂ ਨਾਲ ਉਹਨੂੰ ਪੱਕ ਹੋ ਗਿਆ ਸੀ ਕਿ ਪਿਆਰੂ ਕੋਲ਼ ਜੜ੍ਹ ਲਾਉਣ ਦੀ ਨਾ ਅਕਲ ਹੈ ਤੇ ਨਾ ਤਾਕਤ। ਲਾਲੂ ਨੂੰ ਕੁਝ ਦਿਨ ਪਹਿਲਾਂ ਨੰਦ ਕੌਰ ਵਲੋਂ ਲਗਾਇਆ ਟੋਣਾ ਵੀ ਯਾਦ ਆ ਗਿਆ ਸੀ।

"ਮੇਰੀ ਜੜ੍ਹ ਪਤਾ ਨਈਂ ਕਦੋਂ ਲੱਗੂ, ਨੰਦੀਏ!" ਲਾਲੂ ਨੇ ਆਪਣਿਆਂ ਵਾਂਗ ਫ਼ਿਕਰ ਸਾਂਝਾ ਕੀਤਾ ਤਾਂ ਉਹ ਖਚਰਾ ਜਿਹਾ ਹੱਸਦਿਆਂ ਬੋਲੀ ਸੀ, "ਸੁੱਖ ਨਾਲ਼ ਹੁਣ ਤਾਂ ਡੇਰੇ 'ਤੇ ਜਾ ਕੇ ਬਥੇਰੀ ਸੇਵਾ ਕਰਦੀ ਆ! ਜੇ ਹੁਣ ਵੀ ਜੜ੍ਹ ਨਾ ਲੱਗੀ ਤਾਂ ਫਿਰ ਕਦੋਂ ਲੱਗੂ, ਲਾਲ ਸਿਹਾਂ?"

ਲਾਲੂ ਨੇ ਸੋਚਿਆ ਕਿ ਲੋਕ ਸਭ ਕੁਝ ਜਾਣਦੇ ਹੁੰਦੇ ਨੇ। ਜਦੋਂ ਉਹਦੀ ਘਰ ਵਾਲੀ ਉੱਧਲ ਗਈ ਤਾਂ ਲੋਕਾਂ ਨੇ ਉਹਦੇ 'ਰੰਗ-ਬਿਰੰਗੇ' ਕਈ ਕਿੱਸੇ ਸੁਣਾਏ ਸਨ।

"ਤੁਸੀਂ ਪਹਿਲਾਂ ਕਿਉਂ ਨਾ ਦੱਸਿਆ?" ਉਹ ਗਿਲਾ ਕਰਦਾ।

"ਪਹਿਲਾਂ ਦੱਸ ਕੇ ਤੇਰੇ ਕੋਲੋਂ ਸਿਰ ਪੜਵਾਉਣਾ ਸੀ!" ਮੂਹਰਿਓਂ ਕੁਝ ਇਸ ਤਰ੍ਹਾਂ ਦਾ ਜਵਾਬ ਮਿਲਦਾ।

'ਰੱਬ ਜਾਣੇ ਮਣਸੋ ਕ੍ਹੇੜਿਆਂ ਰੰਗਾਂ 'ਚ ਖੇਡਦੀ ਏ! ਸ਼ਾਇਦ ਉਦ੍ਹੀ ਕੁੱਖ ਹਰੀ ਹੋ ਜਾਏ! ਪਿੰਡ ਦੇ ਬਥੇਰੇ ਘਰਾਂ 'ਚ 'ਓਪਰੇ ਜੀਅ' ਪਲ਼ ਰਹੇ ਨੇ। ਚਾਰ ਦਿਨ ਗੱਲਾਂ ਕਰਕੇ, ਲੋਕੀਂ ਭੁੱਲ-ਭੁਲਾ ਜਾਂਦੇ ਨੇ!' ਇਹ ਸੋਚਦਿਆਂ, ਉਹ ਪਲ ਕੁ ਲਈ ਖ਼ੁਸ਼ ਹੋਇਆ ਸੀ ਤੇ ਫਿਰ ਅਗਲੇ ਪਲ ਧੁਰ ਰੂਹ ਤੱਕ ਕੰਬ ਉੱਠਿਆ ਸੀ। 'ਖੌਰੇ ਕ੍ਹੇਦੀ ਅਣਸ ਇਦ੍ਹੇ ਨਾਂ ਲੱਗਣੀ ਏ!' ਉਹਦਾ ਮਨ ਪਿਆਰੂ ਲਈ ਤਰਸ ਨਾਲ ਭਰ ਗਿਆ ਸੀ। 'ਚਲੋ ਜੋ ਹੋਊ, ਵੇਖੀ ਜਾਊ!' ਇਸ ਸੋਚ ਨਾਲ ਲਾਲੂ ਨੇ ਮੰਜਾ ਛੱਡ ਦਿੱਤਾ ਸੀ।

ਓਧਰ ਉੱਖੜੇ ਮਨ ਨਾਲ ਪਿਆਰੂ ਜਦੋਂ ਡੇਰੇ 'ਤੇ ਪਹੁੰਚਿਆ ਤਾਂ ਮਣਸੋ ਲੰਗਰ-ਹਾਲ 'ਚ ਆਪਣੀ ਮਾਂ ਕੋਲ਼ ਬੈਠੀ ਦੁੱਧ ਛਕ ਰਹੀ ਸੀ। ਉਨ੍ਹਾਂ ਦੇ ਬਿਲਕੁਲ ਸਾਹਮਣੇ ਇੰਦਰ ਬੈਠਾ ਸੀ।

***

ਕੋਈ ਵੀਹ-ਬਾਈ ਵਰ੍ਹੇ ਪੁਰਾਣੀ ਗੱਲ ਹੈ। ਇੰਦਰ ਉਦੋਂ ਦੁੱਧ ਪੀਂਦਾ ਬੱਚਾ ਸੀ। ਉਨ੍ਹਾਂ ਦੇ ਕਬੀਲੇ ਨੇ ਇਸ ਪਿੰਡ ਦੇ ਲਹਿੰਦੇ ਪਾਸੇ ਵਸੀਮੇਂ 'ਤੇ ਕੁੱਲੀਆਂ ਪਾ ਲਈਆਂ ਸਨ। ਕਿਸੇ ਜ਼ਹਿਰੀਲੇ ਸੱਪ ਦੇ ਡੱਸਣ ਨਾਲ ਇੰਦਰ ਦੇ ਬਾਪ ਦੀ ਮੌਤ ਹੋ ਗਈ ਸੀ। ਕੁੱਲ੍ਹੀਆਂ ਦੇ ਨੇੜੇ ਹੀ ਡੂੰਘਾ ਟੋਆ ਕੱਢ ਕੇ ਉਹਨੂੰ ਦਫ਼ਨਾ ਦਿੱਤਾ ਗਿਆ ਸੀ। ਕੁਝ ਦਿਨ ਬਰਾਦਰੀ ਨੇ ਉਨ੍ਹਾਂ ਦਾ ਚੁੱਲ੍ਹਾ ਨਹੀਂ ਸੀ ਬਲਣ ਦਿੱਤਾ। ਫਿਰ ਇੰਦਰ ਦੀ ਨਾਨੀ ਇਸ ਪਿੰਡ 'ਚ ਮੰਗਣ ਆਉਣ ਲੱਗ ਪਈ ਸੀ। ਉਹ ਹਰ ਦਰ 'ਤੇ ਆਪਣੀ ਗਰੀਬੀ ਦੀ ਕਹਾਣੀ ਸੁਣਾਉਂਦੀ। ਆਪਣੀ ਮੁਟਿਆਰ ਧੀ ਦੇ ਵਿਧਵਾ ਹੋਣ ਦਾ ਦੁੱਖ ਦੱਸਦੀ। ਦੁੱਧ ਚੁੰਘਦੇ ਦੋਹਤਰੇ ਦੇ ਵਾਸਤੇ ਪਾਉਂਦੀ। ਗੱਲ-ਗੱਲ 'ਤੇ ਰੋਂਦੀ ਤੇ ਵਿਲਕਦੀ।

ਉਹ ਭਾਦੋਂ ਦੀ ਸਿੱਲੀ ਜਿਹੀ ਸਵੇਰ ਸੀ। ਡੰਗਰਾਂ ਦੇ ਪਿੰਡਿਆਂ ਤੋਂ ਮੱਖ ਉਡਾਉਣ ਲਈ ਰੂੜੇ ਨੇ ਧੂਣੀ ਬਾਲ਼ੀ ਹੋਈ ਸੀ।

"ਮੇਰੀ ਜਵਾਨ ਧੀ ਰੰਡੀ ਹੋ ਗਈ, ਸਰਦਾਰਾ! ਹੁਣ ਕਮਾਉਣ ਵਾਲ਼ਾ ਕੋਈ ਨਹੀਂ ਰਿਹਾ। ਕੁਝ ਦੇਅ ਛੱਡ, ਗਰੀਬਾਂ ਨੂੰ ਵੀ! ਤੇਰੇ ਬੱਚੇ ਜੀਣ।" ਬੁੜੀ ਦੀ ਦੁਆ ਸੁਣ ਕੇ ਰੂੜਾ ਹੱਸ ਪਿਆ ਸੀ। ਉਹ ਮੂਹੜੇ ਤੋਂ ਉੱਠਿਆ। ਖੱਬੀ ਅੱਖ ਮੀਟਦਿਆਂ, ਖ਼ਰ੍ਹਵੀ ਅਵਾਜ਼ 'ਚ ਬੋਲਿਆ, "ਮੇਰੇ ਬੱਚਿਆਂ ਨੂੰ ਤਾਂ ਹਾਲੇ ਤੱਕ ਜੰਮਣ ਦਾ ਮੌਕਾ ਹੀ ਨਈਂ ਮਿਲਿਆ, ਬੁੜੀਏ! ਤੂੰ ਪਤਾ ਨਈਂ ਕਿਹੜੇ ਬੱਚਿਆਂ ਦਾ ਸੁੱਖ ਮੰਗੀ ਜਾਂਦੀ ਏਂ?"

"ਗਲਤੀ ਹੋ ਗਈ। ਮੈਨੂੰ ਮਾਫ਼ ਕਰ ਦਈਂ, ਸਰਦਾਰਾ!" ਹੱਥ ਜੋੜਦਿਆਂ, ਉਹ ਉਦਾਸ ਜਿਹੀ ਮੁਸਕਰਾਈ ਸੀ।

ਰੂੜੇ ਨੇ ਬੁੜੀ ਨੂੰ ਗਹੁ ਨਾਲ਼ ਵੇਖਿਆ। ਉਹਦੇ ਡੀਲ-ਡੌਲ, ਨੈਣ-ਨਕਸ਼ ਤੇ ਉਮਰ ਤੋਂ ਉਹ ਉਹਦੀ ਧੀ ਬਾਰੇ ਅੰਦਾਜ਼ਾ ਲਗਾਉਣ ਲੱਗਾ। ਉਹਨੇ ਬਿੰਦ ਕੁ ਲਈ ਅੱਖਾਂ ਮੀਟੀਆਂ। ਸਾਹਵੇਂ ਇਕ ਖ਼ੂਬਸੂਰਤ ਮੁਟਿਆਰ ਖੜੀ ਸੀ। ਰੂੜੇ ਦੇ ਜਿਸਮ 'ਚ ਝੁਣਝਣੀ ਦੌੜ ਗਈ। ਉਹਨੇ ਕਿਸੇ ਚਾਅ ਜਿਹੇ 'ਚ ਅੱਖਾਂ ਖੋਲ੍ਹੀਆਂ। ਦੋ ਕਦਮ ਅਗਾਂਹ ਵਧਿਆ ਤੇ ਬੁੱਢੀ ਔਰਤ ਦੇ ਬਰਾਬਰ ਆਣ ਖੜਾ ਗਿਆ।

"ਇਉਂ ਕਰ ਬੁੜੀਏ, ਤੂੰ ਆਪਣੀ ਧੀ ਨੂੰ ਮੇਰੇ ਘਰ ਬਿਠਾ ਦੇ!" ਉਹਨੇ ਸਹਿਜਤਾ ਨਾਲ ਇੰਜ ਆਖਿਆ, ਜਿਉਂ ਗਵਾਂਢੀ ਕੋਲ਼ੋਂ ਕਿੱਲ ਠੋਕਣ ਲਈ ਹਥੌੜੀ ਮੰਗ ਰਿਹਾ ਹੋਵੇ।

ਰੂੜੇ ਦੇ ਇਹ ਬੋਲ ਬੁੜੀ ਨੂੰ ਸੂਲ ਵਾਂਗ ਚੁੱਭੇ ਸਨ। ਉਹ ਚਾਣਚਕ ਗੁੱਸੇ ਨਾਲ਼ ਭਰ ਗਈ। ਉਹਦਾ ਦਿਲ ਕੀਤਾ ਕਿ ਅਗਾਂਹ ਤੁਰ ਜਾਏ, ਪਰ ਉਹ ਚਾਹ ਕੇ ਵੀ ਕਦਮ ਅਗਾਂਹ ਨਾ ਪੁੱਟ ਸਕੀ। ਉਹਨੇ ਆਪਣੀ ਮੰਦਹਾਲੀ ਨੂੰ ਚਿਤਵਿਆ ਤਾਂ ਰੂੜੇ ਦੇ ਬੋਲਾਂ 'ਚੋਂ ਉਹਨੂੰ ਜਿਉਣ ਦਾ ਵਸੀਲਾ ਨਜ਼ਰ ਆਇਆ। ਉਹਨੇ ਰੂੜੇ ਦੇ ਬੋਲਾਂ ਨੂੰ ਫਿਰ ਤੋਂ ਯਾਦ ਕੀਤਾ। ਹੁਣ ਉਹਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਹਵੇਲੀ 'ਚ ਬੈਠੇ ਹੱਟੇ-ਕੱਟੇ ਜੱਟ ਨੇ ਉਸ ਕੋਲ਼ੋਂ ਉਹਦੀ ਵਿਧਵਾ ਧੀ ਦਾ ਹੱਥ ਮੰਗਿਆ ਹੈ। ਉਹਨੇ ਖੁਰਲੀ 'ਤੇ ਖੜੇ ਬਲ਼ਦਾਂ ਅਤੇ ਮੱਝਾਂ ਵੱਲ ਵੇਖਿਆ।

"ਮੈਂ ਵੀ ਆਪਣੀ ਧੀ ਦੇ ਨਾਲ ਈ ਰਹਿਣਾ!" ਉਹ ਕਿਸੇ ਚਾਅ ਜਿਹੇ 'ਚ ਬੋਲੀ।

"ਕੋਈ ਮਸਲਾ ਨਈਂ! ਗੋਹਾ-ਕੂੜਾ ਕਰੀ ਜਾਈਂ ਤੇ ਦਾਲ਼-ਫੁਲਕਾ ਛਕੀ ਜਾਈਂ!" ਰੂੜੇ ਨੇ ਲਾਪ੍ਰਵਾਹੀ ਨਾਲ਼ ਜਵਾਬ ਦਿੱਤਾ।

"ਸੋਚ ਲੈ ਸਰਦਾਰਾ, ਉਦ੍ਹੇ ਕੁੱਛੜ ਮੁੰਡਾ ਏ!" ਇਹ ਕਹਿੰਦਿਆਂ, ਉਹ ਥੋੜ੍ਹਾ ਉਦਾਸ ਹੋ ਗਈ।



ਰੂੜੇ ਦਾ ਚਿਹਰਾ ਮੁਰਝਾ ਗਿਆ। ਉਹ ਸੋਚੀਂ ਪੈ ਗਿਆ। ਔਰਤ ਉਦਾਸ ਅਤੇ ਚਿੰਤਾਂ ਭਰੀਆਂ ਅੱਖਾਂ ਨਾਲ ਉਹਨੂੰ ਵੇਖਦੀ ਰਹੀ। ਰੂੜੇ ਨੇ ਸਿਰ ਨੂੰ ਹਿਲਾਉਂਦਿਆਂ, ਉਦਾਸੀ ਨੂੰ ਛੰਡ ਦਿੱਤਾ ਤੇ ਉਸੀ ਲਾਪ੍ਰਵਾਹੀ ਨਾਲ਼ ਬੋਲਿਆ, "ਕੋਈ ਗੱਲ ਨਹੀਂ! ਸੋਚ ਲਾਂਗੇ ਉਹਦਾ ਵੀ ਇਲਾਜ ਕੋਈ!"

ਉਹਨੇ ਆਲ਼ੇ-ਦੁਆਲ਼ੇ ਨਜ਼ਰ ਦੁੜਾਈ। ਬੁੜੀ ਨੂੰ ਇਸ਼ਾਰੇ ਨਾਲ ਕੋਲ਼ ਸੱਦਿਆ ਤੇ ਮਸਾਂ ਸੁਣੀਂਦੀ, ਅਪਣੱਤ-ਭਰੀ ਆਵਾਜ਼ 'ਚ ਬੋਲਿਆ, "ਇੱਥੇ ਤੁਸੀਂ ਭੁੱਖੇ ਨਈਂ ਮਰਨ ਲੱਗੇ। ਤੂੰ ਉਹਨੂੰ ਦਿਨ ਢਲ਼ੇ ਲੈ ਆਈਂ।"

"ਮੈਂ ਜਾ ਕੇ ਕਰਦੀ ਆਂ ਗੱਲ! ਸ਼ੈਤ ਉਹ ਮੰਨ ਹੀ ਜਾਏ। ਸ਼ਾਮ ਢਲੇ ਤੂੰ ਖੁਦ ਆਈਂ, ਸਰਦਾਰਾ। ਇਹ ਗੱਲ ਉਹਨੂੰ ਵੀ ਚੰਗੀ ਲੱਗੂ।" ਬੁੜੀ ਨੇ ਆਸ-ਭਰੇ ਠਰੰਮੇ ਨਾਲ਼ ਆਖਿਆ।

"ਗੱਲ ਸੁਣ ਬੁੜੀਏ! ਅੱਜ ਤੋਂ ਤੂੰ ਰੂੜ ਸਿਉਂ ਦੀ ਵੀ ਕੁਸ਼ ਲੱਗਦੀ ਏ। ਐਵੇਂ ਕਿਸੇ ਅੱਗੇ ਹੱਥ ਨਾ ਅੱਡੀਂ।" ਕਣਕ ਵਾਲ਼ੀ ਭੜੋਲੀ 'ਚੋਂ ਬੁੱਕ ਭਰ-ਭਰ, ਉਹਦੀ ਖਾਲੀ ਝੋਲੀ ਭਰਦਿਆਂ, ਰੂੜੇ ਨੇ ਮੋਹ-ਭਰੀ ਤਾੜਨਾ ਕੀਤੀ।

"...ਸਿੱਧੀ ਡੇਰੇ 'ਤੇ ਜਾਹ ਤੇ ਆਪਣੀ ਧੀ ਨਾਲ਼ ਗੱਲ ਕਰ! ਮੈਂ ਸ਼ਾਮੀਂ ਗੇੜ੍ਹਾ ਮਾਰਾਂਗਾ! ਜੇ ਉਹ ਮੰਨ ਗਈ ਤਾਂ...।" ਘਰ ਵਸਣ ਦੇ ਚਾਅ ਨੇ ਉਹਦੇ ਬੋਲ ਡੱਕ ਦਿੱਤੇ ਸਨ।

ਲੰਗ ਮਾਰਦੀ ਬੁੜੀ ਫਿਰਨੀ ਵੱਲ ਨੂੰ ਤੁਰ ਪਈ ਸੀ।

ਰੰਗ-ਬਿਰੰਗੀਆਂ ਸੋਚਾਂ, ਉਹਦੇ ਮਨ-ਮਸਤਕ 'ਚ ਖੌਰੂ ਪਾਉਣ ਲੱਗ ਪਈਆਂ ਸਨ। ਉਹ ਭੁੱਲੀਆਂ-ਵਿਸਰੀਆਂ ਯਾਦਾਂ 'ਚ ਗੁਆਚਦੀ ਗਈ ਸੀ। 'ਉਦੋਂ ਸਾਡਾ ਕਾਫ਼ਲਾ ਪਹਾੜਾਂ ਦੇ ਪੈਰਾਂ 'ਚ ਰੁਕਿਆ ਹੋਇਆ ਸੀ। ਸਿਆਲ ਦੇ ਦਿਨ ਸਨ। ਸਵੇਰ ਦਾ ਵਕਤ ਸੀ। ਸ਼ਾਮੋ ਦੇ ਪਿਉ ਨੇ ਕਾਲ਼ਾ ਚੋਲ਼ਾ ਪਾਇਆ ਹੋਇਆ ਸੀ। ਦੇਖਦੇ-ਦੇਖਦੇ, ਉਹ ਦਿਲ ਦੇ ਸੂਲ਼ ਨਾਲ ਤੁਰ ਗਿਆ ਸੀ। ਸ਼ਾਮੋ ਉਦੋਂ ਮਸਾਂ ਚਾਰ ਕੁ ਵਰ੍ਹਿਆਂ ਦੀ ਸੀ। ਪੂਰੇ ਬਾਰ੍ਹਾਂ ਵਰ੍ਹੇ ਮੈਂ ਇਹਦੀ ਰਾਖੀ ਕਰਦੀ ਰਹੀ। ਨਾਲ਼-ਨਾਲ਼ ਆਪਣੀ ਵੀ। ਮੈਂ ਵੀ ਤਾਂ ਉਦੋਂ ਭਰ ਜਵਾਨ ਸਾਂ! ਏਹ ਖਸਮ ਆਪਣੇ ਜੋਗੀ ਮਿੱਟੀ ਏਡੀ ਛੇਤੀਂ ਕਿਉਂ ਲੱਭ ਲੈਂਦੇ ਨੇ? ਜੀਉਂਦੇ-ਜੀ, ਸੌ-ਸੌ ਪਹਿਰਿਆਂ 'ਚ ਰੱਖਣਗੇ, ਪਰ ਮਰਨ ਲੱਗੇ ਚੁੱਪ-ਚੁਪੀਤੇ ਜਿਹੇ ਤੁਰ ਜਾਣਗੇ! ਜਨਾਨੀਆਂ ਨੂੰ ਪਿੱਛੇ ਛੱਡ ਕੇ। ਜਵਾਨ ਦੇਹਾਂ ਦੀ ਰਾਖੀ ਕਰਨ ਵਾਸਤੇ। ਭੋਰਾ ਨਈਂ ਸੋਚਦੇ ਕਿ ਇਨ੍ਹਾਂ ਢਿੱਡਾਂ ਨੇ ਆਟਾ ਵੀ ਮੰਗਣਾ ਹੈ ਤੇ ਇਨ੍ਹਾਂ ਦੇਹਾਂ ਨੇ...! ਉਂਝ ਕਿੰਨਾਂ ਅੱਖੜ ਸੀ, ਮੰਗਲੂ ਵੀ। ਜਮ੍ਹਾਂ ਇਸ ਸਰਦਾਰ ਵਰਗਾ। ਪਰ ਦਿਲ ਦਾ ਬਾਦਸ਼ਾਹ ਸੀ। ਸ਼ਾਮੋਂ ਨੂੰ ਸਾਡੇ ਡੇਰੇ 'ਚੋਂ ਧੂਹ ਕੇ ਲੈ ਗਿਆ ਸੀ। ਪਹਿਲਾਂ-ਪਹਿਲ ਮੈਂ ਉਹਨੂੰ ਕਿੰਨੀ ਨਫ਼ਰਤ ਕਰਦੀ ਹੁੰਦੀ ਸਾਂ। ਹੌਲ਼ੀ-ਹੌਲ਼ੀ ਉਹ ਧੀ ਨਾਲ਼ੋਂ ਵੀ ਵੱਧ ਪਿਆਰਾ ਹੋ ਗਿਆ ਸੀ।' ਉਹਦੀਆਂ ਅੱਖਾਂ ਤੇ ਦਿਲ ਦੋਵੇਂ ਭਰ ਆਏ ਸਨ।

'ਜੋ ਸਰਦਾਰ ਨੇ ਆਖਿਆ, ਇਸ ਸਮੇਂ ਤਾਂ ਇਹੀ ਦਰੁਸਤ ਏ। ਮੰਗਲੂ ਨੂੰ ਪੂਰੇ ਹੋਇਆਂ, ਹਾਲੇ ਛੇ ਮਹੀਨੇ ਵੀ ਨਹੀਂ ਹੋਏ। ਸ਼ਾਮੋ ਨੇ ਖੌਰ੍ਹੇ ਮੰਨਣਾ ਵੀ ਹੈ ਕਿ ਨਹੀਂ। ਉਹ ਸ਼ੁਦੈਣ ਮੇਰੇ ਵਾਲ਼ੀ ਭੁੱਲ ਨਾ ਕਰੇ!' ਲੰਗਾਰੀ ਚੁੰਨੀ ਦੇ ਪੱਲੇ ਨਾਲ਼ ਅੱਖਾਂ ਪੂੰਝਦਿਆਂ, ਉਹਨੇ ਸੋਚਿਆ ਸੀ।

'ਮੇਰੇ ਜਿਸਮ ਨੂੰ ਵੇਖ ਕੇ ਬਥੇਰੇ ਬੰਦੇ ਹਉਕੇ ਭਰਦੇ ਹੁੰਦੇ ਸਨ। ਮੈਂ ਜਵਾਨੀ ਉਂਝ ਹੀ ਗਾਲ਼ ਲਈ। ਐਵੇਂ ਤੁਰ ਗਏ ਦੀਆਂ ਯਾਦਾਂ ਨਾਲ਼ ਨਿਭਾਈ ਗਈ। ਇਨ੍ਹਾਂ ਯਾਦਾਂ ਨੇ ਨਾ ਤਾਂ ਛੱਤ ਦੇਣੀ

ਹੁੰਦੀ ਹੈ, ਨਾ ਰੋਟੀ। ਜੇ ਮੈਂ ਵੀ ਕਿਸੇ ਦੀ ਬਾਂਹ ਫੜ ਲੈਂਦੀ ਤਾਂ ਮੈਨੂੰ ਬੁੱਢੀ ਵੇਲ਼ੇ ਦਰ-ਦਰ ਹੱਥ ਨਾ ਅੱਡਣੇ ਪੈਂਦੇ!' ਆਪਣੇ ਆਪ ਨਾਲ ਗੱਲਾਂ ਕਰਦੀ, ਉਹ ਕੁੱਲੀਆਂ ਤੱਕ ਪਹੁੰਚ ਗਈ ਸੀ।

ਸ਼ਾਮੋ ਨੂੰ ਮਨਾਉਂਦਿਆਂ, ਪੂਰਾ ਦਿਨ ਲੱਗ ਗਿਆ ਸੀ।

ਸ਼ਾਮ ਢਲ਼ੀ। ਰੂੜੇ ਨੇ ਅਸਮਾਨੀ ਰੰਗ ਦਾ ਕੁੜਤਾ-ਪਜਾਮਾ ਪਾਇਆ। ਸੂਹੇ-ਰੰਗ ਦੀ ਪੱਗ ਬੰਨੀਂ ਤੇ ਘਰੋਂ ਨਿਕਲ ਤੁਰਿਆ। ਜਦੋਂ ਉਹ ਕੁੱਲੀਆਂ ਕੋਲ਼ ਪਹੁੰਚਿਆ ਤਾਂ ਸੂਰਜ ਪਿੰਡ ਦੇ ਵਸੀਵੇਂ 'ਤੇ ਖੜ੍ਹੀਆਂ ਕਿੱਕਰਾਂ ਦੀਆਂ ਟਾਹਣੀਆਂ 'ਚ ਉਲਝਿਆ ਪਿਆ ਸੀ।

ਸ਼ਾਮੋ ਦੀ ਤਾਂਬੇ-ਰੰਗੀ ਭਰਵੀਂ ਦੇਹ, ਨੀਲੀਆਂ ਅੱਖਾਂ, ਭਰਵਾਂ ਗੋਲ਼ ਸਾਂਵਲਾ ਚਿਹਰਾ, ਲੰਮੇ-ਕਾਲ਼ੇ ਵਾਲ਼ ਤੇ ਨੱਕ 'ਚ ਲਿਸ਼ਕਦਾ ਸੁਨਹਿਰੀ ਕੋਕਾ ਵੇਖ ਰੂੜੇ ਦਾ ਸਿਰ ਚਕਰਾ ਗਿਆ। ਖੁਦ ਨੂੰ ਥਾਂ ਸਿਰ ਕਰਨ ਲਈ, ਉਹਨੇ ਅੱਖਾਂ ਮੀਟ ਲਈਆਂ।

ਸ਼ਾਮੋ ਦੀ ਮਾਂ ਸਮਝ ਗਈ ਕਿ ਉਹਦੀ ਧੀ ਦੇ ਹੁਸਨ ਨੇ ਰੂੜੇ ਨੂੰ ਨਾਗਣ ਵਾਂਗ ਡੱਸ ਦਿੱਤਾ ਹੈ। ਰੂੜੇ ਨੇ ਡੌਰ-ਭੌਰ ਹੁੰਦਿਆਂ, ਜਦੋਂ ਆਸੇ-ਪਾਸੇ ਦੇਖਿਆ ਤਾਂ ਬੁੜ੍ਹੀ ਅੰਦਰੋਂ-ਅੰਦਰੀਂ ਮੁਸਕਰਾ ਪਈ।

"ਉੱਠੋ, ਤੁਰੋ ਮੇਰੇ ਨਾਲ਼!" ਰੂੜੇ ਨੇ ਕਾਹਲ਼ੇ ਪੈਂਦਿਆਂ, ਸ਼ਾਮੋ ਦੀ ਮਾਂ ਨੂੰ ਆਖਿਆ।

"ਭਾਂਡੇ ਅਤੇ ਕੱਪੜੇ ਤਾਂ ਸਾਂਭ ਲੈਣ ਦੇ, ਸਰਦਾਰਾ!" ਬੁੜ੍ਹੀ ਨੇ ਤਰਲਾ ਜਿਹਾ ਲਿਆ।

"ਮੈਨੂੰ ਨਈਂ ਚਾਹੀਦਾ, ਕੁਸ਼ ਵੀ!" ਇਹ ਆਖ ਉਹ ਕੁੱਲੀਆਂ ਤੋਂ ਬਾਹਰ ਵੱਲ ਨੂੰ ਤੁਰ ਪਿਆ ਸੀ।

ਸ਼ਾਮੋ ਦੀ ਮਾਂ ਨੇ ਕਾਹਲ਼ੀ ਨਾਲ਼ ਕੁੱਲੀ ਦੇ ਦਰ ਨੂੰ ਜੰਦਰਾ ਮਾਰਿਆ। ਧੀ ਅਤੇ ਛੋਟੇ ਜਿਹੇ ਇੰਦਰ ਨੂੰ ਨਾਲ ਲੈ ਕੇ ਰੂੜੇ ਦੇ ਪਿੱਛੇ-ਪਿੱਛੇ ਤੁਰ ਪਈ।

ਘਰ ਵਸਣ ਦਾ ਚਾਅ, ਰੂੜੇ ਦੇ ਅੰਗ-ਅੰਗ 'ਚੋਂ ਫੁੱਟ ਰਿਹਾ ਸੀ। ਉਹ ਪਹਿਲਾਂ ਪੁੰਨ ਦੇ ਸਾਕ ਤੇ ਫਿਰ ਮੁੱਲ ਦੀ ਤੀਵੀਂ ਲਈ ਟੱਕਰਾਂ ਮਾਰਦਾ ਰਿਹਾ ਸੀ। ਇੰਜ ਕੋਈ ਘਰ ਬੈਠੇ-ਬੈਠਾਏ ਮਿਲ ਜਾਏਗਾ, ਇਹ ਤਾਂ ਉਹਨੇ ਕਦੇ ਸੁਪਨੇ 'ਚ ਵੀ ਨਹੀਂ ਸੀ ਸੋਚਿਆ। ਉਹ ਖ਼ੁਸ਼ੀ 'ਚ ਝੂੰਮ ਉੱਠਿਆ। ਚਾਣਚਕ ਉਹਦੇ ਮਨ 'ਚ ਸ਼ਰੀਕਾਂ ਦੀ ਹਿੱਕ 'ਤੇ ਮੂੰਗ ਦਲਣ ਦੀ ਸੋਚ ਉੱਗ ਆਈ ਸੀ।

'ਪਰ' ਅਗਲੇ ਛਿਣ ਉਹਦੀ ਸੋਚ ਨੇ ਕਰਵਟ ਲੈ ਲਈ ਸੀ।

ਉਹਨੇ ਮੁੜ ਕੇ ਪਿਛਾਂਹ ਵੇਖਿਆ। ਸ਼ਾਮੋਂ ਉਹਦੇ ਪਿੱਛੇ-ਪਿੱਛੇ ਤੁਰੀ ਆ ਰਹੀ ਸੀ। ਇੰਦਰ ਉਹਦੀ ਗੋਦੀ 'ਚ ਸੀ। ਧੀ ਤੋਂ ਚੰਦ ਕਦਮ ਪਿੱਛੇ, ਸ਼ਾਮੋ ਦੀ ਮਾਂ ਆਪਣੀ ਬੁੱਢੀ ਦੇਹ ਨੂੰ ਘੜੀਸਦੀ ਤੁਰੀ ਆ ਰਹੀ ਸੀ।

'ਕਤੂਰਾ!' ਇਹ ਸੋਚਦਿਆਂ ਰੂੜੇ ਦੇ ਕਦਮ ਥੰਮ ਗਏ।

ਫਿਰਨੀ ਤੋਂ ਪਾਰ ਪਿੰਡ ਦੇ ਮਟਮੈਲ਼ੇ ਜਿਹੇ ਕੋਠੇ ਦਿਸਣ ਲੱਗ ਪਏ ਸਨ। ਚੰਦ ਕਦਮ ਤੁਰਨ ਮਗਰੋਂ ਉਹਦਾ 'ਘਰ' ਆ ਜਾਣਾ ਸੀ। ਫਿਰ ਵਰ੍ਹਿਆਂ ਤੋਂ ਉੱਜੜੇ, ਘਰ ਦੇ ਵਸਣ ਦੀ ਗੱਲ ਪੂਰੇ ਪਿੰਡ 'ਚ ਫ਼ੈਲ ਜਾਣੀ ਸੀ। ਕਦੇ ਉਹਦੇ ਬਾਪ ਨੇ ਵੀ ਇੰਝ ਹੀ ਘਰ ਵਸਾਇਆ ਸੀ। ਉਹ ਬਰਮਾ ਵਲੋਂ ਮੁੱਲ ਦੀ ਤੀਵੀਂ ਲੈ ਕੇ ਆਇਆ ਸੀ।

'ਲੋਕ ਮੁੜ ਤੋਂ ਮੇਰੀ ਮਾਂ ਦੀਆਂ ਗੱਲਾਂ ਕਰਨਗੇ।' ਉਹਨੇ ਕੁੜਤਣ ਨਾਲ ਸੋਚਿਆ। ਕੁਦੇਸਣ ਦਾ ਪੁੱਤ ਹੋਣ ਦੇ ਮਿਹਣੇ ਉਹਨੂੰ ਸਾਰੀ ਉਮਰ ਸੁਣਨੇ ਪਏ ਸਨ। ਉਹ ਆਪਣੇ ਬਾਪ ਨੂੰ



ਗੁਨਾਹਗਾਰ ਸਮਝਦਾ ਰਿਹਾ ਸੀ ਤੇ ਅੱਜ ਖੁਦ ਇਕ 'ਕੁਦੇਸਣ' ਨਾਲ਼ ਪਿੰਡ ਦੀ ਜੂਹ 'ਚ ਦਾਖ਼ਲ ਹੋ ਰਿਹਾ ਸੀ।

'ਤੈਨੂੰ ਮੁਆਫ਼ ਕੀਤਾ ਬਾਪੂ!' ਉਹਦੇ ਧੁਰ-ਅੰਦਰੋਂ ਇਹ ਖ਼ਿਆਲ ਫੁੱਟਿਆ ਸੀ। 'ਅੱਜ ਮੈਂ ਵੀ ਜਿਉਣ ਜੋਗਾ ਹੋ ਜਾਣਾ!' ਉਹਦੇ ਮਨ 'ਚ ਖ਼ੁਸ਼ੀਆਂ ਭਰੀਆਂ ਸੋਚਾਂ ਦੇ ਵਾਵਰੋਲ਼ੇ ਨੱਚਣ ਲੱਗੇ।

'ਪਰ...' ਚਾਣਚਕ ਉਹਦੀ ਸੋਚ 'ਚ ਫਿਰ ਤੋਂ ਕੋਈ ਕੰਡਾ ਪੁੜ ਗਿਆ ਸੀ। '..ਆਹ ਚਾਮਚੜਿਕ ਜਿਹੇ ਨਿਆਣੇ ਨੇ ਮੇਰਾ ਮਖੌਲ ਉਡਵਾਉਣਾ!' ਉਹਨੇ ਇੰਦਰ ਬਾਰੇ ਸੋਚਿਆ ਸੀ।

"ਇਉਂ ਕਰੋ ਬਈ...!" ਰੂੜਾ ਪਿਛਾਂਹ ਵੱਲ ਮੁੜਦਿਆਂ ਬੋਲਿਆ ਸੀ।

"ਮੁੰਡਾ ਫੜਾਓ ਮੈਨੂੰ ਤੇ ਤੁਸੀਂ ਦੋਵੇਂ ਜਾ ਕੇ ਬੈਠੋ ਹਵੇਲੀ। ਮੈਂ ਇਹਨੂੰ ਘੁਸ-ਮੁਸੇ ਜਿਹੇ ਲੈ ਕੇ ਆਊਂ!"

ਰੂੜੇ ਦੀ ਗੱਲ ਸੁਣਦਿਆਂ, ਜਨਾਨੀਆਂ ਡਰ ਗਈਆ ਸਨ। ਉਹ ਹੈਰਾਨੀ ਨਾਲ਼ ਇਕ-ਦੂਜੇ ਵੱਲ ਵੇਖਣ ਲੱਗੀਆਂ। ਸ਼ਾਮੋ ਨੇ ਇੰਦਰ ਨੂੰ ਆਪਣੀ ਹਿੱਕ ਨਾਲ਼ ਘੁੱਟ ਲਿਆ। ਬੁੜ੍ਹੀ ਅਗਾਂਹ ਵਧੀ। ਧੀ ਦੀ ਹਿੱਕ ਨਾਲ਼ੋਂ ਤੋੜ ਕੇ ਉਹਨੇ ਇੰਦਰ ਰੂੜੇ ਦੇ ਹੱਥਾਂ 'ਚ ਦੇ ਦਿੱਤਾ। ਉਦਾਸ ਤੇ ਡਰੀਆਂ-ਡਰੀਆਂ, ਦੋਵੇਂ ਜਨਾਨੀਆਂ ਪਿੰਡ ਵੱਲ ਨੂੰ ਤੁਰ ਗਈਆਂ।

"ਮੇਰੇ ਪੁੱਤ ਨੇ ਉਹ ਖਿਡੌਣਾ ਲੈਣਾਂ?" ਰੂੜੇ ਨੇ ਅੰਬਰ ਵੱਲ ਹੱਥ ਕਰਦਿਆਂ ਆਖਿਆ।

ਕੁਝ ਦੇਰ ਇੰਦਰ ਰੂੜੇ ਦੀਆਂ ਗੱਲਾਂ ਨਾਲ਼ ਵਰਚਿਆ ਰਿਹਾ ਸੀ। ਫਿਰ ਉਹ ਜਾਣ-ਪਛਾਣ ਵਾਲ਼ੇ ਚਿਹਰੇ ਲੱਭਣ ਲੱਗਾ। ਉਹਨੇ ਰੂੜੇ ਦੇ ਚਿਹਰੇ ਨੂੰ ਗਹੁ ਨਾਲ਼ ਵੇਖਿਆ ਤੇ ਚੀਕਣਾ ਸ਼ੁਰੂ ਕਰ ਦਿੱਤਾ। ਬੱਚੇ ਨੂੰ ਪੁਚਕਾਰਦਾ ਰੂੜਾ ਹੰਭ ਗਿਆ, ਪਰ ਉਹ ਚੁੱਪ ਨਾ ਕੀਤਾ। ਰੂੜੇ ਨੇ ਉਹਦੀ ਗਲ 'ਤੇ ਥੱਪੜ ਮਾਰਿਆ। ਇਸ ਨਾਲ਼ ਉਹ ਹੋਰ ਵੀ ਉੱਚੀ-ਉੱਚੀ ਰੋਣ ਲੱਗਾ। ਆਖ਼ਰ ਰੂੜੇ ਨੇ ਉਹਦੇ ਮੂੰਹ 'ਤੇ ਹੱਥ ਰੱਖ ਦਿੱਤਾ। ਬੱਚੇ ਨੇ ਹੱਥ-ਪੈਰ ਮਾਰੇ ਤਾਂ ਉਹਨੇ ਮੂੰਹ ਤੋਂ ਹੱਥ ਚੁੱਕ ਲਿਆ।

"ਸਾਲਾ ਗੰਦਾ ਬੀਅ..!" ਇਹ ਆਖਦਿਆਂ ਰੂੜੇ ਨੇ ਇੰਦਰ ਜ਼ਮੀਨ 'ਤੇ ਪਟਕਾ ਮਾਰਿਆ ਤੇ ਲੰਮੀਆਂ-ਲੰਮੀਆਂ ਪੁਲਾਂਘਾਂ ਪੁੱਟਦਾ, ਪਿੰਡ ਵੱਲ ਨੂੰ ਤੁਰ ਪਿਆ। ਮੁੰਡੇ ਦੀਆਂ ਲੇਰਾਂ ਦੇਰ ਤੱਕ ਉਹਦੀ ਪੈੜ ਨੱਪਦੀਆਂ ਰਹੀਆਂ ਸਨ।

ਅਜੀਬ ਜਿਹੇ ਡਰ 'ਚ ਡੁੱਬਾ, ਉਹ ਹਵੇਲੀ ਪਹੁੰਚਿਆ। ਟੋਕੇ ਦੇ ਸਿਰਾਹਣੇ ਉਦਾਸ ਬੈਠੀਆਂ, ਉਹ ਰੂੜੇ ਨੂੰ ਉਡੀਕ ਰਹੀਆਂ ਸਨ। ਰੂੜੇ ਦੇ ਖਾਲੀ ਹੱਥਾਂ ਵੱਲ ਵੇਖਦਿਆਂ, ਸ਼ਾਮੋਂ ਵਿਲਕ ਉੱਠੀ ਸੀ।

"ਮੇਰਾ ਇੰਦਰ?" ਉਹਨੇ ਪੁੱਛਿਆ।

"ਹੁਣ ਬਥੇਰੇ ਹੋਣਗੇ; ਇੰਦਰ, ਜਿੰਦਰ, ਭਿੰਦਰ!" ਰੂੜਾ ਨਾਟਕੀ ਲਾਪ੍ਰਵਾਹੀ 'ਚ ਬੋਲਿਆ ਸੀ।

ਸ਼ਾਮੋ ਲੇਰਾਂ ਮਾਰਦੀ ਕੁੱਲੀਆਂ ਦੇ ਰਾਹੇ ਦੌੜ ਪਈ ਸੀ। ਰੂੜੇ ਨੂੰ ਲਾਹਣਤਾਂ ਪਾਉਂਦੀ, ਸ਼ਾਮੋ ਦੀ ਮਾਂ ਵੀ ਉਹਦੇ ਪਿੱਛੇ-ਪਿੱਛੇ ਤੁਰ ਗਈ ਸੀ।

'ਭੁੱਖੀਆਂ ਮਰਨਗੀਆਂ ਤਾਂ ਆਪੇ ਮੁੜ ਆਉਣਗੀਆਂ।' ਰੂੜੇ ਨੇ ਮੜਕ ਨਾਲ਼ ਸੋਚਿਆ ਸੀ।

ਰਾਤ ਉਤਰ ਆਈ! ਰੂੜਾ ਫ਼ਿਕਰਮੰਦ ਹੋ ਗਿਆ। 'ਪਿੱਛੇ ਜਾਵਾਂ ਕਿ ਨਾ!' ਉਹ ਕਈ ਦੇਰ ਇਸੀ ਸ਼ਸ਼ੋਪੰਜ 'ਚ ਪਿਆ ਰਿਹਾ।

ਆਖਰ ਉਹ ਘਰੋਂ ਨਿਕਲ ਕੇ ਕੁੱਲੀਆਂ ਵਾਲ਼ੇ ਰਾਹ ਪੈ ਗਿਆ। ਦੋਵੇਂ ਔਰਤਾਂ ਓਥੇ ਈ ਬੈਠੀਆਂ ਸਿਸਕ ਰਹੀਆਂ ਸਨ। ਮਾਂ ਦੀ ਹਿੱਕ ਨਾਲ਼ ਲੱਗਾ ਇੰਦਰ ਵੀ ਹਟਕੋਰੇ ਭਰ ਰਿਹਾ ਸੀ।

"ਭੋਰਾ ਜਿੰਨੀ ਜਿੰਦ ਨੂੰ ਮਲ੍ਹਿਆਂ 'ਚ ਸੁੱਟਦਿਆਂ, ਤੈਨੂੰ ਸ਼ਰਮ ਨਾ ਆਈ, ਸਰਦਾਰਾ?" ਸ਼ਾਮੋਂ ਨੇ ਹਿਰਖ਼ 'ਚ ਪੁੱਛਿਆ ਸੀ।

ਤੂੰ ਇਨਸਾਨ ਏਂ ਕਿ ਪੱਥਰ?" ਇਹ ਸਵਾਲ ਸ਼ਾਮੋ ਦੀ ਮਾਂ ਦਾ ਸੀ।

"ਤੇਰੇ ਘਰ ਵੱਸਣ ਨਾਲੋਂ ਤਾਂ ਮੰਗ-ਪਿੰਨ ਕੇ ਗੁਜ਼ਾਰਾ ਕਰਨਾ ਚੰਗਾ ਏ!" ਸ਼ਾਮੋ ਨੇ ਆਪਣਾ ਫੈਸਲਾ ਸੁਣਾ ਦਿੱਤਾ ਸੀ। ਰੂੜੇ ਦੇ ਰੋਕਦੇ-ਰੋਕਦੇ, ਉਹ ਕੁੱਲੀਆਂ ਵੱਲ ਨੂੰ ਤੁਰ ਪਈਆਂ ਸਨ।

ਪਿੰਡ ਵੱਲ ਪਿੱਠ ਕਰਕੇ, ਰੂੜਾ ਸ਼ਾਮੋ ਤੇ ਉਹਦੀ ਮਾਂ ਵੱਲ ਵੇਖਣ ਲੱਗ ਪਿਆ ਸੀ। ਕਦਮ-ਦਰ-ਕਦਮ ਤੁਰਦੀਆਂ, ਦੋ ਧੁੰਦਲੀਆਂ ਜਿਹੀਆਂ ਮੂਰਤਾਂ, ਬਹੁਤ ਛੇਤੀਂ ਹਨੇਰੇ ਦਾ ਹਿੱਸਾ ਹੋ ਗਈਆਂ ਸਨ।

'ਕੀ ਮੈਂ ਸੱਚੀਓਂ ਪੱਥਰ-ਦਿਲ ਆਂ?' ਉਹਨੇ ਖੁਦ ਨੂੰ ਸਵਾਲ ਕੀਤਾ ਸੀ। 'ਉਸ ਭੋਰਾ ਕੁ ਬੱਚੇ ਦਾ ਭਲਾ ਕੀ ਕਸੂਰ ਸੀ? ਮਾਂ ਤੋਂ ਬਗੈਰ ਤਾਂ ਸਾਰੇ ਰੋਂਦੇ ਨੇ। ਮੈਂ ਕਿਹੜਾ ਘੱਟ ਰੋਇਆ ਹਾਂ! ਮੈਨੂੰ ਜ਼ਰਾ ਵੱਡਾ ਜਿਗਰਾ ਕਰਨਾ ਚਾਹੀਦੈ। ਜੇ ਸ਼ਾਮੋ ਚਾਹੀਦੀ ਏ ਤਾਂ ਇੰਦਰ ਨੂੰ ਵੀ ਕਬੂਲਣਾ ਪੈਣਾ।'

ਉਹਨੇ ਪਛਤਾਵੇ 'ਚ ਅੱਖਾਂ ਮੀਟ ਲਈਆਂ ਤੇ ਇੰਦਰ ਬਾਰੇ ਸੋਚਣ ਲੱਗਾ। ਇੰਦਰ ਉਹਨੂੰ ਵਿਹੜੇ 'ਚ ਰਿੜਦਾ ਵਿਖਾਈ ਦਿੱਤਾ। ਰਿੜਦਾ-ਰਿੜਦਾ, ਉਹ ਪਿੰਡ ਦੀਆਂ ਗਲ਼ੀਆਂ 'ਚ ਟਹਿਲਣ ਲੱਗ ਪਿਆ। ਫਿਰ ਚਾਣਚਕ ਭਰ ਜਵਾਨ ਹੋ ਗਿਆ। ਹੁਣ ਰੂੜੇ ਨੂੰ ਉਹ ਜੂਹਾਂ 'ਚ ਲਲਕਾਰੇ ਮਾਰਦਾ ਤੇ ਕੋਠਿਆਂ 'ਤੇ ਤਾਂਡਵ ਕਰਦਾ ਵਿਖਾਈ ਦੇ ਰਿਹਾ ਸੀ।

'ਇੰਦਰ! ਮੇਰਾ ਪਿੱਛਲਗ ਪੁੱਤਰ!' ਪੈਰਾਂ ਨੂੰ ਘੜੀਸਦਾ, ਰੂੜਾ ਪਿੰਡ ਵੱਲ ਨੂੰ ਤੁਰ ਪਿਆ ਸੀ। ਚੁਫ਼ੇਰੇ ਮੁਰਦੇਹਾਣੀ ਛਾਈ ਹੋਈ ਸੀ। ਉਹ ਮਸਾਂ ਹਵੇਲੀ ਤੱਕ ਪਹੁੰਚਿਆ ਸੀ। ਓਥੇ ਤਾਂ ਹੋਰ ਵੀ ਸੁੰਨ-ਮਸਾਣ ਸੀ। ਉਹਦਾ ਦਿਲ ਕੀਤਾ ਕਿ ਉਹ ਭੁੱਬਾਂ ਮਾਰ ਕੇ ਰੋਵੇ। ਉਹ ਉਸ ਮੂੜੇ 'ਤੇ ਬੈਠ ਗਿਆ, ਜਿਸ 'ਤੇ ਸ਼ਾਮੋ ਬੈਠੀ ਸੀ। ਮੂੜੇ 'ਚੋਂ ਨਿਕਲ ਕੇ ਰੰਗ-ਬਿਰੰਗੀਆਂ ਤਰੰਗਾਂ ਉਹਦੀ ਦੇਹ 'ਚ ਪ੍ਰਵੇਸ਼ ਕਰਨ ਲੱਗੀਆਂ। ਉਹਦਾ ਤਨ-ਮਨ 'ਚਿਣਗਾਂ' ਨਾਲ਼ ਭਰਦਾ ਗਿਆ। ਉਹ ਜ਼ਮੀਨ 'ਤੇ ਲੰਮਾ ਪੈ ਗਿਆ। ਮੂੜਾ ਹਿੱਕ ਨਾਲ਼ ਘੁੱਟਦਿਆਂ, ਉਹਨੇ ਅੱਖਾਂ ਮੀਟ ਲਈਆਂ। ਪਤਾ ਨਹੀਂ ਕਿਸ ਛਿਣ ਉਹ ਮੂੜਾ ਸ਼ਾਮੋ ਦੇ ਖ਼ੂਬਸੂਰਤ ਚਿਹਰੇ 'ਚ ਵਟ ਗਿਆ ਸੀ। ਉਹ ਮੂੜੇ ਨੂੰ ਚੁੰਮਣ ਲੱਗਾ। ਉਹ ਤੇ ਸ਼ਾਮੋ ਇਕ-ਦੂਜੇ ਵਿਚ ਸਮੋ ਗਏ।

"ਵੇ ਰੂੜਿਆ।" ਇਸ ਅਵਾਜ਼ ਨੇ ਖ਼ਿਆਲਾਂ ਦੀ ਦੁਨੀਆਂ ਉਜਾੜ ਦਿੱਤੀ। ਉਹ ਅੱਭੜਵਾਹੇ ਉੱਠਿਆ। ਉਲਝ ਗਈਆਂ ਸੋਚਾਂ ਨੂੰ ਥਾਂ ਸਿਰ ਕੀਤਾ। ਹੋਸ਼ ਆਈ ਤਾਂ ਵੇਖਿਆ ਕਿ ਤਾਈ ਬਚਨੀ ਪੌਣੇ 'ਚ ਲਪੇਟੀਆਂ ਰੋਟੀਆਂ ਤੇ ਲੱਸੀ ਵਾਲਾ ਡੋਲੂ ਫੜੀ, ਦਰਾਂ 'ਚ ਖੜ੍ਹੀ ਸੀ।

ਬਚਨੀ ਵਿਧਵਾ ਸੀ। ਉਹਦਾ ਇਕਲੌਤਾ ਪੁੱਤਰ ਫੌਜ 'ਚ ਨੌਕਰ ਸੀ। ਉਹਦਾ ਬਾਰ੍ਹਾਂ ਵਰ੍ਹਿਆਂ ਦਾ ਪੋਤਰਾ ਨੇੜ੍ਹਲੇ ਕਸਬੇ ਅੰਦਰ ਆਪਣੀ ਭੂਆ ਕੋਲ਼ ਰਹਿ ਕੇ ਪੜ੍ਹਾਈ ਕਰ ਰਿਹਾ ਸੀ। ਤਾਏ ਦੇ ਤਿੰਨ ਕੁ ਕਿੱਲੇ ਵੀ ਰੂੜਾ ਹੀ ਵਾਹੁੰਦਾ ਸੀ। ਉਨ੍ਹਾਂ ਵਾਲ਼ੀ ਮੱਝ ਦੇ ਪੱਠੇ-ਦੱਥੇ ਦੀ



ਜ਼ਿੰਮੇਦਾਰੀ ਵੀ ਇਹਦੇ ਸਿਰ ਸੀ। ਇਸ ਸਭ ਕੁਝ ਦੇ ਬਦਲੇ ਰੂੜੇ ਨੂੰ ਪੱਕੀ-ਪਕਾਈ ਰੋਟੀ ਮਿਲ ਜਾਂਦੀ ਸੀ। ਇਹ ਸਿਲਸਿਲਾ ਰੂੜੇ ਦੀ ਮਾਂ ਦੀ ਮੌਤ ਤੋਂ ਚੱਲਿਆ ਆ ਰਿਹਾ ਸੀ।

'ਜੇ ਤਾਈ ਨਾ ਹੁੰਦੀ ਤਾਂ ਮੈਂ ਭੁੱਖਾ ਮਰ ਜਾਂਦਾ!' ਉਹ ਅਕਸਰ ਸੋਚਦਾ ਸੀ। ਕਈ ਵਾਰ ਰੂੜਾ ਤਾਈ ਨੂੰ ਉਡੀਕਦਾ ਰਹਿ ਜਾਂਦਾ ਸੀ। ਉਹ ਅਗਲੇ ਦਿਨ ਆਖਦੀ-ਰੂੜਿਆ, ਕੱਲ੍ਹ ਮੈਂ ਪੇਕਿਆਂ ਦੇ ਚਲੀ ਗਈ ਸਾਂ।

"ਰੋਟੀ ਦਾ ਕੀ ਆ! ਭਾਬੀ ਨਹੀਂ ਸੀ ਫੜਾ ਸਕਦੀ?" ਇਕ ਵਾਰ ਉਹਨੇ ਆਹ ਸਵਾਲ ਕੀਤਾ ਤਾਂ ਤਾਈ ਉਹਦੇ ਕੋਲ਼ ਹੁੰਦਿਆਂ, ਅੱਡੀਆਂ ਚੁੱਕ ਕੇ ਮੱਧਮ ਆਵਾਜ਼ 'ਚ ਬੋਲੀ ਸੀ, "ਲੋਕੀਂ ਤਾਂ ਖੰਭਾਂ ਦੀਆਂ ਡਾਰਾਂ ਬਣਾ ਲੈਂਦੇ ਨੇ ਰੂੜਿਆ। ਜਿਸ ਘਰ ਕੋਈ ਸੁਆਣੀ ਨਾ ਹੋਵੇ, ਓਸ ਘਰ ਦਾ ਬੂਹਾ ਲੰਘਦਿਆਂ ਜਨਾਨੀ ਨੂੰ, ਸੌ ਚੰਗਾ-ਮਾੜਾ ਵਿਚਾਰਨਾ ਪੈਂਦਾ ਏ।"

ਰੂੜੇ ਨੂੰ ਪਹਿਲਾਂ ਤਾਈ 'ਤੇ ਫਿਰ ਉਹਦੀ ਨੂੰਹ 'ਤੇ ਗੁੱਸਾ ਆਇਆ ਸੀ। ਆਖ਼ਰ ਉਹਦੀ ਸੋਚ ਖੁਦ 'ਤੇ ਆਣ ਟਿਕੀ ਸੀ।

'ਸਾਰਾ ਦੋਸ਼ ਤਾਂ ਮੇਰੇ ਆਪਣੇ ਕਰਮਾਂ ਦਾ ਏ। ਨਹੀਂ ਤਾਂ ਮੇਰੇ ਵਰਗੇ ਛੇ ਫੁੱਟੇ ਜਵਾਨ ਨੂੰ ਰਿਸ਼ਤਿਆਂ ਦਾ ਕੋਈ ਘਾਟਾ ਥੋੜ੍ਹੋ ਹੁੰਦੈ!'

ਉਹਨੇ ਤਾਈ ਕੋਲ਼ੋਂ ਰੋਟੀ ਫੜ ਲਈ ਸੀ।

ਉਹਨੂੰ ਅੰਗ-ਅੰਗ ਭੁੱਖ ਨਾਲ਼ ਭਰਿਆ ਮਹਿਸੂਸ ਹੋ ਰਿਹਾ ਸੀ, ਪਰ ਉਹਦਾ ਰੋਟੀ ਖਾਣ ਨੂੰ ਉੱਕਾ ਦਿਲ ਨਹੀਂ ਸੀ ਕਰ ਰਿਹਾ। ਉਹਨੇ ਲੱਸੀ ਦੇ ਡੋਲੂ ਨੂੰ ਮੂੰਹ ਲਗਾਇਆ ਤੇ ਇੱਕੋ ਡੀਕੇ ਪੀ ਗਿਆ। ਉਹਨੇ ਅੱਧੇ ਮਨ ਨਾਲ਼ ਪੌਣਾ ਖੋਹਲਿਆ ਤਾਂ ਉਹਨੂੰ ਸ਼ਾਮੋ ਦਾ ਖ਼ਿਆਲ ਆ ਗਿਆ ਸੀ। 'ਉਸ ਵਿਚਾਰੀ ਨੇ ਰੋਟੀ ਪਤਾ ਨਹੀਂ ਖਾਧੀ ਕਿ ਨਹੀਂ!' ਉਹਦੀਆਂ ਅੱਖਾਂ 'ਚ ਗਲੇਡੂ ਭਰ ਆਏ ਸਨ। ਪੱਗ ਦੇ ਲੜ ਨਾਲ਼ ਪਹਿਲਾਂ ਉਹਨੇ ਮੂੰਹ ਪੂੰਝਿਆ ਤੇ ਫਿਰ ਅੱਖਾਂ। ਉਹਨੇ ਰੋਟੀਆਂ ਮੁੜ ਤੋਂ ਪੌਣੇ 'ਚ ਲਪੇਟ ਦਿੱਤੀਆਂ ਸਨ।

ਹੁਣ ਉਹਨੇ ਮਹਿਸੂਸ ਕੀਤਾ ਕਿ ਉਹਦੀ ਦਿਲ ਵਾਲੀ ਥਾਂ 'ਤੇ ਮੱਠਾ-ਮੱਠਾ ਦਰਦ ਹੋ ਰਿਹਾ ਸੀ।

"ਨਸੀਰੀਆਂ ਦਾ ਗਾਮਾ, ਵੱਢ ਖਾਣਿਆਂ ਦਾ ਕੀਪਾ, ਮਸਤਾਂ ਦਾ ਫੀਰੋ...' ਉਹਦਾ ਦਿਲ ਤੇਜ਼-ਤੇਜ਼ ਧੜਕਣ ਲੱਗਾ। ...ਪਿੰਡ 'ਚ ਹੋਰ ਵੀ ਬੜੇ ਨੇ, ਜਨਾਨੀ ਖੁਣੋਂ ਰੁਲ਼ਦੇ! ਜੇ ਉਨ੍ਹਾਂ ਨੂੰ ਭਿਣਕ ਪੈ ਗਈ ਤਾਂ?" ਉਹਦੀਆਂ ਸੋਚਾਂ 'ਚ ਸ਼ਾਮੋ ਦਾ ਤਾਂਬੇ-ਰੰਗਾ ਗੋਲ਼ ਚਿਹਰਾ ਘੁੰਮਣ ਲੱਗ ਪਿਆ ਸੀ। ਉਹਦੀ ਭਰਵੀਂ ਦੇਹ ਕੰਬ ਉੱਠੀ ਸੀ।

'ਮੁੰਡੇ ਤੋਂ ਤਾਂ ਬਾਅਦ 'ਚ ਵੀ ਖਹਿੜਾ ਛੁਡਾਇਆ ਜਾ ਸਕਦੈ। ਪਹਿਲਾਂ ਜਨਾਨੀ ਨੂੰ ਘਰ ਲਿਔਣ ਵਾਲ਼ੀ ਗੱਲ ਕਰਾਂ!' ਰੂੜੇ ਨੇ ਸੋਚਿਆ ਸੀ।

ਅਲ੍ਹਾਣੇ ਮੰਜੇ 'ਤੇ ਪਿਆ, ਉਹ ਤਾਰਿਆਂ ਗੁੰਦੇ ਅੰਬਰ ਵੱਲ ਝਾਕਣ ਲੱਗਾ। ਖਿੱਤੀਆਂ ਰੀਂਗ ਰਹੀਆਂ ਸਨ। ਹੌਲ਼ੀ-ਹੌਲ਼ੀ ਚੰਨ ਵੀ ਲਹਿੰਦੇ ਵੱਲ ਸਰਕਦਾ ਜਾ ਰਿਹਾ ਸੀ, ਪਰ ਰੂੜੇ ਨੂੰ ਇੰਜ ਲੱਗ ਰਿਹਾ ਸੀ ਕਿ ਉਹਦੀ ਹਵੇਲੀ 'ਚ ਵਕਤ ਰੁਕ ਗਿਆ ਹੈ। ਉਹਨੂੰ ਬਾਪੂ ਦੀ ਮੌਤ ਵਾਲ਼ੀ ਮਨਹੂਸ ਰਾਤ ਯਾਦ ਆ ਗਈ ਸੀ। ਉਹਦਾ ਬਾਪੂ ਗੱਡਾ ਵਾਹੁੰਦਾ ਹੁੰਦਾ ਸੀ। ਇਕ ਰਾਤ ਕੋਈ ਟਰੱਕ ਦੀ ਟੱਕਰ ਮਾਰ ਗਿਆ ਸੀ। ਅਗਲੀ ਦੁਪਹਿਰ ਉਹਦਾ ਮਿੱਤਰ ਜਗਨਾ ਗੱਡੇ 'ਤੇ ਉਹਦੀ ਲਾਸ਼ ਲੈ ਕੇ ਆਇਆ ਸੀ। ਮੰਜੇ ਦਾ ਪਾਵਾ ਫੜੀ, ਰੂੜਾ ਸਾਰੀ ਰਾਤ ਡੁਸਕਦਾ ਰਿਹਾ ਸੀ।

'ਬੜੀ ਲੰਮੀ ਰਾਤ ਸੀ ਉਹ, ਪਰ ਇਹ ਰਾਤ ? ਤੋਬਾ ! ਤੋਬਾ ! ਤੋਬਾ !'

ਹੁਣ ਉਹਨੂੰ ਮਾਂ ਦੀ ਮੌਤ ਵਾਲ਼ੀ ਰਾਤ ਵੀ ਚੇਤੇ ਆ ਗਈ ਸੀ।

'ਉਹ ਰਾਤ ਵੀ ਕਿੱਥੇ ਗੁਜ਼ਰਦੀ ਸੀ, ਪਰ ਅੱਜ ਦੀ ਰਾਤ ਤਾਂ ਪਹਾੜ ਜੇਡੀ ਹੋ ਗਈ ਏ !'

ਅੱਖ ਲੱਗੀ ਤਾਂ ਮਸਤਾਂ ਦਾ ਫੀਕਾ ਸੁਪਨੇ 'ਚ ਆ ਬਹੁੜਿਆ ਸੀ। ਉਹ ਸ਼ਾਮੋ ਨੂੰ ਸਾਇਕਲ ਪਿੱਛੇ ਬਿਠਾਈ, ਪੂਰੇ ਪਿੰਡ ਦਾ ਚੱਕਰ ਲਗਾ ਰਿਹਾ ਸੀ। ਮੂਹਰਲੇ ਡੰਡੇ 'ਤੇ ਭੰਬੀਰੀ ਫੜੀ ਬੈਠਾ ਇੰਦਰ ਰੂੜੇ ਵੱਲ ਵੇਖ ਕੇ ਮੁਸਕਰਾ ਰਿਹਾ ਸੀ। ਤਿੰਨਾਂ ਨੇ ਬੜੇ ਸੋਹਣੇ ਕੱਪੜੇ ਪਾਏ ਹੋਏ ਸਨ। ਜਿਉਂ ਕੋਈ ਮੇਲਾ ਵੇਖ ਕੇ ਪਰਤੇ ਹੋਣ। ਉਹਦੀ ਅੱਖ ਖੁੱਲ੍ਹ ਗਈ ਸੀ।

ਪਛਤਾਵੇ 'ਚ ਤੜਫ਼ਦਾ, ਉਹ ਕਈ ਦੇਰ ਪਾਸੇ ਮਾਰਦਾ ਰਿਹਾ ਸੀ। ਮੁੜ ਤੋਂ ਨੀਂਦ ਆਈ ਤਾਂ ਸ਼ਾਮੋ ਗਾਮੇ ਦੇ ਗੱਡੇ ਉੱਤੇ ਬੈਠੀ ਕਿਧਰੇ ਜਾ ਰਹੀ ਸੀ। ਇੰਦਰ ਇਸ ਵਾਰ ਵੀ ਉਹਦੇ ਨਾਲ਼ ਸੀ। ਉਹ ਅੱਭੜਵਾਹੇ ਉੱਠਿਆ। ਉਦਾਸ ਨਜ਼ਰਾਂ ਨਾਲ਼ ਅੰਬਰ ਵੱਲ ਟਿਕਟਿਕੀ ਲਗਾ ਕੇ ਵੇਖਦਾ, ਸਰਵਣ ਦੀ ਵਹਿੰਗੀ ਤੋਂ ਰਾਤ ਦੇ ਬੀਤਣ ਦਾ ਅੰਦਾਜ਼ਾ ਲਗਾਉਣ ਲੱਗਾ।

ਗਵਾਂਢ 'ਚੋਂ ਕੁੱਕੜ ਦੀ ਬਾਂਗ ਸੁਣਾਈ ਦਿੱਤੀ ਤਾਂ ਉਹਨੂੰ ਲੱਗਿਆ, ਜਿਉਂ ਹਨ੍ਹੇਰੇ-ਭਰੀ ਸੁਰੰਗ 'ਚੋਂ ਬਾਹਰ ਆਇਆ ਹੋਵੇ। ਉਹ ਉੱਠਿਆ। ਘੜੇ 'ਚੋਂ ਪਾਣੀ ਪੀਤਾ। ਉਹਨੂੰ ਢਿੱਡ ਅੰਦਰ ਖੋਹ ਪੈਂਦੀ ਮਹਿਸੂਸ ਹੋਈ।

"ਖਾਹ ਲੈ ਰੂੜਿਆ ਆਖਰੀ ਵਾਰ ਇਹ ਬੇਹਾ-ਤੇਹਾ ਟੁੱਕਰ !" ਧਰੇਕ ਦੇ ਖੋਹੜ 'ਚ ਫਸਾਏ ਪੌਣੇ ਨੂੰ ਹੱਥਾਂ 'ਚ ਲੈਂਦਿਆਂ, ਉਹ ਖੁਦ ਨੂੰ ਮੁਖਾਤਿਬ ਹੋਇਆ। ਇਸ ਬੇਹੀ-ਤੇਹੀ ਰੋਟੀ ਨੂੰ ਉਹਨੇ ਹਮੇਸ਼ਾ ਰੱਬ ਦਾ ਸ਼ੁਕਰਾਨਾ ਕਰਦਿਆਂ ਖਾਧਾ ਸੀ, ਪਰ ਅੱਜ ਉਹਨੂੰ ਰੋਟੀਆਂ ਕੁਝ ਵੱਧ ਆਕੜੀਆਂ ਮਹਿਸੂਸ ਹੋ ਰਹੀਆਂ ਸਨ। ਬੁਰਕੀ ਤੋੜਦਿਆਂ ਜ਼ੋਰ ਲੱਗ ਰਿਹਾ ਸੀ। ਉਹਨੇ ਪਾਣੀ ਦੇ ਦੋ ਗਿਲਾਸ ਹੋਰ ਪੀਤੇ ਤੇ ਹਵੇਲੀਓਂ ਨਿਕਲ ਤੁਰਿਆ।

ਕੁਝ ਦੂਰ ਜਾ ਕੇ ਉਹਨੇ ਮਹਿਸੂਸ ਕੀਤਾ ਕਿ ਉਹਨੂੰ ਖਾਲੀ ਹੱਥ ਨਹੀਂ ਜਾਣਾ ਚਾਹੀਦਾ। ਉਹ ਕਾਹਲ਼ੀ ਨਾਲ਼ ਮੁੜਿਆ। ਮੱਝਾਂ ਵਾਲੇ ਛੱਪਰ 'ਚ ਵਰ੍ਹਿਆਂ ਤੋਂ ਟੰਗੀ ਛਵੀ ਹੱਥਾਂ 'ਚ ਲੈ ਲਈ ਤੇ ਪਿੰਡੋਂ ਨਿਕਲ ਕੇ ਕੁੱਲੀਆਂ ਵਾਲੇ ਪਹੇ 'ਤੇ ਪੈ ਗਿਆ।

'ਰਾਤੋ-ਰਾਤ ਕਿਧਰੇ ਤੁਰ ਨਾ ਗਏ ਹੋਣ !' ਇਹ ਸੋਚਦਿਆਂ, ਉਹਦਾ ਕਲੇਜਾ ਮੂੰਹ ਨੂੰ ਆ ਗਿਆ। ਉਹਦੇ ਪੈਰ ਆਪ-ਮੁਹਾਰੇ ਰੁਕ ਗਏ। ਉਹਨੇ ਉੱਚੀ ਆਵਾਜ਼ 'ਚ ਖੁਦ ਨੂੰ ਗਾਲ੍ਹ ਕੱਢਦਿਆਂ, ਥੁੱਕਿਆ ਤੇ ਤੁਰ ਪਿਆ। ਆਲਾ-ਦੁਆਲ਼ਾ ਹਾਲੇ ਵੀ ਹਨੇਰੇ ਦੀ ਚਾਦਰ 'ਚ ਵਲੇਟਿਆ ਪਿਆ ਸੀ।

'ਇਉਂ ਨੇਰੇ 'ਚ ਜਾਂਦਾ ਬੰਦਾ ਤਾਂ ਗੁਨਾਹਗਾਰ ਜਿਹਾ ਲੱਗਦਾ।' ਖੁਦ ਨਾਲ਼ ਗੱਲ ਕਰਦਾ, ਉਹ ਨੰਝੇ ਹੋਰਾਂ ਦੇ ਖੂਹ ਵੱਲ ਤੁਰ ਪਿਆ ਸੀ। ਮੌਣ ਨਾਲ਼ ਢਾਸਣਾ ਲਗਾਉਂਦਿਆਂ, ਉਹਨੂੰ ਨੰਝੇ ਦੇ ਮੁੰਡੇ ਦਾ ਖ਼ਿਆਲ ਆ ਗਿਆ ਸੀ। ਪਿਛਲੇ ਮਹੀਨੇ ਉਹਦਾ ਵਿਆਹ ਸੀ। ਪੁੰਨ ਦਾ ਸਾਕ ਸੀ। ਉਹ ਵੀ ਬਰਾਤੇ ਗਿਆ ਸੀ, ਪਰ ਅੰਦਰੋਂ ਸੜ-ਬਲ਼ ਕੇ ਮੁੜਿਆ ਸੀ। ਸਾਰਾ ਦਿਨ ਆਪਣੇ ਮੋਏ ਦਾਦੇ ਨੂੰ ਗਾਲ੍ਹਾਂ ਕੱਢਦਾ ਰਿਹਾ ਸੀ, ਜਿਹਨੇ ਜ਼ਮੀਨ ਦੇ ਨੌਂ ਕਿੱਲੇ ਅਫ਼ੀਮ ਦੀ ਭੇਟਾ ਚਾੜ੍ਹ ਦਿੱਤੇ ਸਨ।

'ਆਪ ਤਾਂ ਸਵਾਹ ਹੋ ਗਿਆ, ਪਰ ਸਾਡੀ ਜੂਨ ਕੁੱਤਿਆਂ ਨਿਆਈਂ ਕਰ ਗਿਆ। ਨਹੀਂ ਤਾਂ ਮੈਂ ਵੀ ਅੱਜ ਪੁੰਨ ਦੀ ਜਨਾਨੀ ਦਾ ਸਾਥ ਮਾਣ ਰਿਹਾ ਹੁੰਦਾ। ਕਦੇ-ਕਦੇ ਉਹਨੂੰ ਸੂਹਾ ਸੂਟ



ਪਵਾਉਂਦਾ। ਖੁਦ ਮਾਵੇ ਵਾਲ਼ੀ ਪੱਗ ਬੰਨਦਾ। ਸਾਇਕਲ ਤੇ ਸਵਾਰ ਹੋ ਕੇ ਸਹੁਰਿਆਂ ਦੇ ਜਾਂਦਾ। ਮੇਰੇ ਵਿਹੜੇ 'ਚ ਵੀ ਬੱਚੇ ਖੇਡ ਰਹੇ ਹੁੰਦੇ। ਮੈਂ ਵੀ'

ਪਹੁ-ਫੁਟਾਲੇ ਦੀ ਉਡੀਕ ਦਾ ਖ਼ਿਆਲ ਤਿਆਗ ਕੇ ਉਹ ਪੈਰ ਘੜੀਸਦਾ, ਫਿਰ ਤੋਂ ਕੁੱਲੀਆਂ ਵੱਲ ਨੂੰ ਤੁਰ ਪਿਆ ਸੀ।

'ਸ਼ਾਮੋ ਤੇ ਉਹਦੀ ਮਾਂ ਦੇ ਮੱਥੇ ਕਿੱਦਾਂ ਲੱਗੂ ?' ਇਹ ਸੋਚਦਿਆਂ, ਉਹਦਾ ਸਰੀਰ ਝੂਠਾ ਜਿਹਾ ਪੈ ਗਿਆ ਸੀ। 'ਕਿਤੇ ਇੰਦਰ ਦੇ ਸੱਟ-ਚੋਟ ਨਾ ਲੱਗ ਗਈ ਹੋਵੇ !' ਉਹਦਾ ਦਿਲ ਜ਼ੋਰ-ਜ਼ੋਰ ਦੀ ਧੜਕਨ ਲੱਗ ਪਿਆ ਸੀ।

ਹੁਣ ਉਹ ਚੋਈ 'ਚੋਂ ਲੰਘ ਰਿਹਾ ਸੀ। ਮੌਂਜੇ ਦੇ ਤਲ਼ਿਆਂ 'ਚ ਹੋਈਆਂ ਮੋਰੀਆਂ 'ਚੋਂ ਦੀ ਰੇਤਾ ਉਹਦੇ ਪੈਰਾਂ ਨੂੰ ਚੁੱਭਣ ਲੱਗਾ।

'ਮੇਰੀ ਹਾਲਤ ਵੀ ਇਨ੍ਹਾਂ ਮੌਜਿਆਂ ਵਰਗੀ ਏ ! ਇੰਦਰ ਨੇ ਸਾਰੀ ਉਮਰ ਰੇਤਾ ਵਾਂਗੂ ਚੁੱਭਦੇ ਰਹਿਣਾ ਏ। ਕਿਉਂ ਨਾ ਉਹਨੂੰ ਹੱਸ ਕੇ ਕਬੂਲ ਕਰ ਲਵਾਂ !' ਉਹਦੇ ਅੰਦਰਲੇ ਨੇ ਫ਼ੈਸਲਾ ਲੈ ਲਿਆ ਸੀ। ਖੜ੍ਹੋ ਕੇ ਜੁੱਤੀ ਝਾੜਨ ਦਾ ਖ਼ਿਆਲ ਉਹਨੇ ਤਿਆਗ ਦਿੱਤਾ ਸੀ। ਰੇਤਾ ਦੇ ਚੁੱਭਣ 'ਚ ਵੀ ਉਹਨੂੰ ਕੋਈ ਸਕੂਨ ਜਿਹਾ ਮਹਿਸੂਸ ਹੋਇਆ। ਉਹਦੇ ਜਿਸਮ 'ਚ ਜੋਸ਼ ਭਰ ਗਿਆ। ਉਹਦੀ ਚਾਲ 'ਚ ਤੇਜ਼ੀ ਆ ਗਈ। ਹੁਣ ਉਹ ਸ਼ਾਮੋ ਹੋਰਾਂ ਦੀਆਂ ਕੁੱਲੀਆਂ ਵੱਲ ਇਉਂ ਜਾ ਰਿਹਾ ਸੀ, ਜਿਉਂ ਪਹਾੜ ਦੇ ਸਿਖ਼ਰ ਤੋਂ ਕੋਈ ਪੱਥਰ ਖੱਡ ਵੱਲ ਰਿੜਦਾ ਆ ਰਿਹਾ ਹੋਵੇ।

ਡੇਰੇ ਵਲੋਂ ਕੁੱਤਿਆਂ ਦੇ ਭੌਂਕਣ ਦੀ ਆਵਾਜ਼ ਆਈ। ਉਹਦੇ ਪੈਰ ਥੰਮ ਗਏ। ਉਹ ਕਈ ਦੇਰ ਉਸੇ ਥਾਂ 'ਤੇ ਰੁਕਿਆ ਰਿਹਾ; ਕੁੱਤਿਆਂ ਕੋਲ਼ੋਂ ਡਰਦਾ। ਆਪਣੇ ਇਸ ਡਰ ਤੋਂ ਉਹ ਖੁਦ ਹੈਰਾਨ ਸੀ। ਉਹ ਤਾਂ ਖੜੱਪੇ ਸੱਪ ਨੂੰ ਵੀ ਪੂੰਛੋਂ ਫੜ ਕੇ ਜ਼ਮੀਨ 'ਤੇ ਪਟਕਾ ਦਿੰਦਾ ਹੁੰਦਾ ਸੀ। ਉਹ ਹੱਸ ਪਿਆ ਸੀ। ਹਵਾ 'ਚ ਹੱਥ ਹੁਲਾਰਦਿਆਂ, ਕਿਸੇ ਚਾਅ ਜਿਹੇ 'ਚ ਖੁਦ ਨੂੰ ਮੁਖਾਤਿਬ ਹੋਇਆ, "ਤੂੰ ਵੀ ਮੌਤ ਕੋਲ਼ੋਂ ਡਰਨ ਲੱਗ ਪਿਆ, ਓਏ ਰੂੜ੍ਹ ਸਿਹਾਂ !"

ਖ਼ੁਸ਼ੀ 'ਚ ਸਰੂਰਿਆ, ਉਹ ਮੁੜ ਤੋਂ ਡੇਰੇ ਵੱਲ ਤੁਰ ਪਿਆ ਸੀ। ਮੋਢੇ ਰੱਖੀ ਛਵੀ ਉਹਨੂੰ ਮਣਾਂ-ਮੂੰਹੀਂ ਭਾਰੀ ਲੱਗਣ ਲੱਗ ਪਈ ਸੀ। ਉਹਦੇ ਮੂੰਹੋਂ ਆਪ-ਮੁਹਾਰੇ ਲੰਮੀ ਹੇਕ ਨਿਕਲ ਤੁਰੀ ਸੀ:

"ਓਏ ਸਾਹਿਬਾ ਕਿਹੜੀ ਪਦਮਣੀ
ਉਹ ਵੀ ਰੰਨਾਂ ਵਰਗੀ ਰੰਨ !"

ਕੁੱਤੇ ਹੋਰ ਨੇੜੇ ਆ ਗਏ ਤੇ ਹੋਰ ਜ਼ੋਰ ਨਾਲ਼ ਭੌਂਕਣ ਲੱਗੇ।

"ਨਾ ਭੌਂਕੋ ਓਏ ! ਮੈਂ ਜਵਾਈ ਆਂ, ਤੁਹਾਡਾ" ਗਾਉਣਾ ਛੱਡ ਕੇ ਉਹ ਫਿਰ ਤੋਂ ਹੱਸ ਪਿਆ ਸੀ।

ਹੁਣ ਕੁੱਲੀਆਂ ਅੰਦਾਜ਼ਨ ਅੱਧਾ ਕਿੱਲਾ ਦੂਰ ਸਨ। ਦੋ ਬੰਦੇ ਉਹਨੂੰ ਆਪਣੇ ਵੱਲ ਆਉਂਦੇ ਦਿਖਾਈ ਦਿੱਤੇ। ਹੋਰ ਨੇੜ੍ਹੇ ਆਉਂਦਿਆਂ, ਉਨ੍ਹਾਂ ਕੁੱਤਿਆਂ ਨੂੰ ਦਬਕਿਆ ਤੇ ਸਵਾਲੀਆ ਨਜ਼ਰਾਂ ਰੂੜੇ ਦੇ ਚਿਹਰੇ 'ਤੇ ਟਿਕਾ ਦਿੱਤੀਆਂ।

"ਮੈਂ ਸ਼ਾਮੋ ਦੀ ਮਾਂ ਨੂੰ ਮਿਲਣਾ।" ਰੂੜੇ ਦੀ ਗੱਲ ਸੁਣਦਿਆਂ, ਉਹ ਚੁੱਪ-ਚਾਪ ਕੁੱਲੀਆਂ ਨੂੰ ਮੁੜ ਗਏ ਸਨ।

ਰੂੜਾ ਉਵੇਂ ਖੜ੍ਹਾ ਰਿਹਾ ਸੀ। ਖੁਦ ਨੂੰ ਔਰਤਾਂ ਦਾ ਸਾਹਮਣਾ ਕਰਨ ਲਈ ਤਿਆਰ ਕਰਦਾ ਰਿਹਾ ਸੀ।

ਥੋੜ੍ਹੀ ਦੇਰ ਬਾਅਦ ਲੰਗ ਮਾਰ ਕੇ ਤੁਰੀ ਆਉਂਦੀ ਉਹਨੂੰ ਸ਼ਾਮੋ ਦੀ ਮਾਂ ਦਿਖਾਈ ਦਿੱਤੀ ਸੀ। ਕੋਲ਼ ਆਈ ਤਾਂ ਰੂੜਾ ਉਹਦੇ ਪੈਰਾਂ 'ਤੇ ਝੁਕ ਗਿਆ ਸੀ।

"ਮੇਰਾ ਇੰਦਰ ਪੁੱਤ ਠੀਕ ਏ ?" ਰੂੜੇ ਦੇ ਮੂੰਹੋਂ ਇਹ ਬੋਲ ਆਪ-ਮੁਹਾਰੇ ਨਿਕਲ ਗਏ ਸਨ।

ਸ਼ਾਮੋ ਦੀ ਮਾਂ ਰੋ ਪਈ ਸੀ। ਉਹਨੂੰ ਰੁਕਣ ਦਾ ਇਸ਼ਾਰਾ ਕਰਕੇ, ਉਹ ਕੁੱਲੀਆਂ ਵੱਲ ਮੁੜ ਗਈ। ਰੂੜਾ ਆਪਣੇ-ਆਪ ਨਾਲ਼ ਗੱਲਾਂ ਕਰਦਾ, ਉਨ੍ਹਾਂ ਨੂੰ ਫਿਰ ਤੋਂ ਉਡੀਕਣ ਲੱਗ ਪਿਆ। ਕਦੇ ਉਹ ਖੜ੍ਹੋ ਜਾਂਦਾ ਤੇ ਕਦੇ ਬੈਠ ਜਾਂਦਾ। ਕਈ ਡਰ ਉਹਦੇ ਅੰਦਰੋਂ ਉੱਗਦੇ, ਬਿਨਸਦੇ ਤੇ ਮੁੜ ਤੋਂ ਉੱਗਦੇ ਰਹੇ।

ਉਹਨੇ ਵੇਖਿਆ ਕਿ ਇੰਦਰ ਨੂੰ ਮੋਢੇ ਨਾਲ਼ ਲਾਈ ਸ਼ਾਮੋ ਥੱਕੇ ਕਦਮਾਂ ਨਾਲ਼ ਉਹਦੇ ਵੱਲ ਤੁਰੀ ਆ ਰਹੀ ਸੀ। ਉਹਦੇ ਪਿੱਛੇ-ਪਿੱਛੇ ਤੁਰਦੀ ਬੁੜ੍ਹੀ ਨਜ਼ਦੀਕ ਆਉਂਦਿਆਂ, ਧੀ ਦੇ ਮੂਹਰੇ ਹੋ ਗਈ। ਅੱਜ ਉਹਦੇ ਹੱਥਾਂ 'ਚ ਘਸਮੈਲ਼ੇ ਜਿਹੇ ਫੁੱਲਾਂ ਵਾਲ਼ਾ ਝੋਲਾ ਵੀ ਸੀ। ਬਿਲਕੁਲ ਕੋਲ਼ ਆਉਣ 'ਤੇ ਰੂੜੇ ਨੇ ਵੇਖਿਆ ਕਿ ਇੰਦਰ ਸੁੱਤਾ ਹੋਇਆ ਸੀ ਤੇ ਦੋਵੇਂ ਔਰਤਾਂ ਸਿਸਕ ਰਹੀਆਂ ਸਨ। ਉਹਨੇ ਚੁੱਪ ਰਹਿਣਾ ਬਿਹਤਰ ਸਮਝਿਆ ਸੀ ਤੇ ਅੱਖਾਂ ਝੁਕਾਈ ਚੁੱਪ-ਚਾਪ ਉਨ੍ਹਾਂ ਦੇ ਮੂਹਰੇ ਲੱਗ ਤੁਰਿਆ ਸੀ।

'ਕੁਝ ਵੀ ਹੋ ਜਾਵੇ, ਮੈਂ ਮੁੜ ਕਦੇ ਸ਼ਾਮੋ ਦਾ ਦਿਲ ਨਹੀਂ ਦੁਖਾਉਣਾ!' ਹਵੇਲੀ ਦਾ ਦਰ ਲੰਘਦਿਆਂ, ਰੂੜੇ ਨੇ ਖੁਦ ਨਾਲ਼ ਖ਼ਾਮੋਸ਼ ਵਾਅਦਾ ਕੀਤਾ ਸੀ।

ਆਉਣ ਵਾਲ਼ੇ ਵਕਤ 'ਚ ਰੂੜੇ ਨੇ ਇੰਦਰ ਨੂੰ ਸਕੇ ਪੁੱਤਰਾਂ ਵਾਂਗ ਪਿਆਰ ਕੀਤਾ ਸੀ। ਦੋ ਸਾਲਾਂ ਬਾਅਦ, ਸ਼ਾਮੋ ਨੇ ਰੂੜੇ ਦੇ ਪੁੱਤਰ ਨੂੰ ਜਨਮ ਦਿੱਤਾ। ਇੰਦਰ ਬਹੁਤਾ ਵਕਤ ਆਪਣੀ ਨਾਨੀ ਨਾਲ਼ ਗੁਜ਼ਾਰਨ ਲੱਗਾ। ਇੰਦਰ ਰਾਤ ਨੂੰ ਮਾਂ ਨਾਲ਼ ਸੌਣ ਦੀ ਜ਼ਿੱਦ ਕਰਦਾ, ਪਰ ਉਹਦੀ ਕਿਸ ਨੂੰ ਪਰਵਾਹ ਸੀ। ਇਕ ਨਾਨੀ ਸੀ, ਜੋ ਉਹਦੇ ਦੁੱਖ ਨੂੰ ਸਮਝਦੀ ਸੀ। ਕਦੇ-ਕਦੇ ਨਾਨੀ ਉਹਨੂੰ ਹਿੱਕ ਨਾਲ਼ ਲਗਾ ਕੇ ਦੇਰ ਤੱਕ ਡੁਸਕਦੀ ਰਹਿੰਦੀ ਸੀ। ਉਹ ਹੈਰਾਨ ਵੀ ਹੁੰਦਾ ਤੇ ਡਰ ਵੀ ਜਾਂਦਾ।

ਆਉਣ ਵਾਲ਼ੇ ਵਰ੍ਹਿਆਂ 'ਚ ਸ਼ਾਮੋ ਨੇ ਦੋ ਹੋਰ ਬੱਚਿਆਂ ਨੂੰ ਜਨਮ ਦਿੱਤਾ। ਇੰਦਰ ਹੁਣ ਗਲ਼ੀ 'ਚ ਖੇਡਣ ਜਾਣ ਲੱਗ ਪਿਆ ਸੀ। ਉਹਦੇ ਹਾਣੀਆਂ ਦੀਆਂ ਮਾਵਾਂ ਉਹਨੂੰ ਘੂਰ ਕੇ ਵੇਖਦੀਆਂ ਤੇ ਆਪਣੇ ਬੱਚਿਆਂ ਨੂੰ ਘਰਾਂ ਅੰਦਰ ਲੈ ਜਾਂਦੀਆਂ। ਉਹ ਰੋਂਦੇ ਦਿਲ ਨਾਲ਼ ਘਰ ਮੁੜਦਾ। ਆਪਣੀ ਮਾਂ ਕੋਲ਼ ਜਾਂਦਾ। ਉਹਨੂੰ ਕੁਝ ਪੁੱਛਣ ਲੱਗਦਾ ਤਾਂ ਉਹ ਉਹਨੂੰ ਉਂਗਲ ਨਾਲ਼ ਚੁੱਪ ਹੋ ਜਾਣ ਦਾ ਇਸ਼ਾਰਾ ਕਰਦੀ। ਉਹ ਆਪਣੇ ਕਿਸੇ ਪੁੱਤਰ ਨੂੰ ਖਿਡਾ, ਵਰਚਾ, ਦੁੱਧ ਪਿਲਾ ਜਾਂ ਸੁਲਾ ਰਹੀ ਹੁੰਦੀ। ਇੰਦਰ ਉਹਦੇ ਕੋਲ਼ ਹੁੰਦਾ ਤਾਂ ਉਹ ਸਹਿਵਨ ਆਖਦੀ-'ਇੰਦਰਾਂ, ਇਦ੍ਹੇ ਨਾਲ਼ ਨਾ ਲੱਗੀ। ਹੁਣੇ ਕੱਪੜੇ ਬਦਲੇ ਨੇ।'

ਉਹ ਉਦਾਸ ਹੋ ਜਾਂਦਾ। ਉਹਦਾ ਜੀਅ ਕਰਦਾ ਕਿ ਉਹ ਨਵ-ਜੰਮੇ ਭਰਾ ਦਾ ਗਲ਼ ਘੁੱਟ ਦਏ। ਉਹ ਉਹਦੀ ਬਾਰੀਕ ਜਿਹੀ ਧੌਣ ਵੱਲ ਵੇਖਦਾ ਤੇ ਫਿਰ ਆਪਣੇ ਨਿੱਕੇ-ਨਿੱਕੇ ਹੱਥਾਂ ਵੱਲ। ਆਖ਼ਰ ਉਹ ਨਾਨੀ ਦੀ ਬੁੱਕਲ 'ਚ ਚਲਾ ਜਾਂਦਾ ਤੇ ਫੁੱਟ-ਫੁੱਟ ਰੋਣ ਲੱਗ ਜਾਂਦਾ। ਨਾਨੀ ਉਹਦਾ ਮਨ ਹੋਧਰੇ ਪਾਉਣ ਲਈ, ਉਹਨੂੰ ਕੋਈ ਕਹਾਣੀ ਸੁਣਾਉਣ ਲੱਗ ਜਾਂਦੀ।

ਹਰ ਵਾਰ ਨਾਨੀ ਦੀ ਕਹਾਣੀ 'ਚ ਇਕ ਯੋਧਾ ਹੁੰਦਾ। ਰੇਤਾ ਦੇ ਟਿੱਬੇ ਹੁੰਦੇ, ਜੋ ਤੇਜ਼ ਹਨੇਰੀਆਂ 'ਚ ਆਪਣੀਆਂ ਸ਼ਕਲਾਂ ਨਿਰੰਤਰ ਬਦਲਦੇ ਰਹਿੰਦੇ। ਉਨ੍ਹਾਂ ਟਿੱਬਿਆਂ ਦੇ ਉਹਲਿਓਂ



ਹਜ਼ਾਰਾਂ ਊਠ, ਖੱਚਰਾਂ ਤੇ ਘੋੜਿਆਂ ਦਾ ਲਸ਼ਕਰ ਪ੍ਰਗਟ ਹੁੰਦਾ। ਉਨ੍ਹਾਂ ਦੇ ਹੱਥਾਂ 'ਚ ਫੜੀਆਂ ਤਲਵਾਰਾਂ ਦੀ ਲਿਸ਼ਕੋਰ ਨਾਲ਼ ਇੰਦਰ ਦੀਆਂ ਅੱਖੀਆਂ ਚੁੰਧਿਆ ਜਾਂਦੀਆਂ। ਉਹ ਅੱਖਾਂ ਮੀਟ ਲੈਂਦਾ। ਨਾਨੀ ਦੀ ਬਾਤ ਨਿਰੰਤਰ ਤੁਰਦੀ ਰਹਿੰਦੀ। ਕੋਈ ਬਿਗਾਨੇ ਦੇਸ਼ ਦਾ ਰਾਜਾ ਆਪਣਾ ਲਸ਼ਕਰ ਲੈ ਕੇ ਪਹੁੰਚ ਜਾਂਦਾ। ਉਸ ਨਾਲ਼ ਇਸ ਦੇਸ਼ ਦੇ ਰਾਜਿਆਂ ਦੇ ਵੀ ਸਿਪਾਹੀ ਹੁੰਦੇ। ਗਹਿ-ਗੱਚ ਲੜਾਈ ਹੁੰਦੀ। ਮੈਦਾਨ-ਏ-ਜੰਗ ਲਾਸ਼ਾਂ ਨਾਲ਼ ਭਰ ਜਾਂਦਾ। ਲਹੂ ਦਾ ਦਰਿਆ ਵਗ ਤੁਰਦਾ। ਰੇਤੀਲੇ ਟਿੱਬਿਆਂ 'ਚੋਂ ਆਇਆ ਰਾਜਾ ਜਿੱਤ ਜਾਂਦਾ। ਉਹਦਾ ਲਸ਼ਕਰ ਅਗਾਂਹ ਤੁਰਦਾ। ਭੀੜ-ਭੜੱਕੇ ਵਾਲ਼ੇ ਬਾਜ਼ਾਰ ਆ ਜਾਂਦੇ। ਲੋਕ ਹੱਥ ਜੋੜੀ ਖੜੋਤੇ ਨਜ਼ਰ ਆਉਂਦੇ। ਫਿਰ ਉਹ ਯੋਧਾ ਦਿੱਲੀ ਦੇ ਸਿੰਘਾਸਨ 'ਤੇ ਬੈਠ ਜਾਂਦਾ। ਪਰਜਾ ਖ਼ੁਸ਼ ਹੋ ਜਾਂਦੀ। ਨਾਨੀ ਤੇ ਇੰਦਰ ਵੀ ਖਿੜ ਜਾਂਦੇ, ਪਰ ਇਹ ਖੇੜਾ ਬਹੁਤ ਸਮਾਂ ਨਾ ਰਹਿੰਦਾ। ਹਾਰ ਕੇ ਦੌੜਿਆ, ਉਹ ਦੂਰ ਦਾ ਰਾਜਾ ਫਿਰ ਹਮਲਾ ਕਰਨ ਆਉਂਦਾ। ਇਸ ਵਾਰ ਹੋਰ ਵੀ ਭਿਆਨਕ ਯੁੱਧ ਹੁੰਦਾ। ਦੇਸ਼ ਵਾਲ਼ਾ ਰਾਜਾ ਫੜਿਆ ਜਾਂਦਾ। ਰਾਜੇ ਦੀਆਂ ਅੱਖਾਂ ਕੱਢਣ ਵਾਲ਼ੀ ਘਟਨਾ ਸੁਣਾਉਂਦਿਆਂ, ਨਾਨੀ ਹਰ ਵਾਰ ਰੋ ਪੈਂਦੀ। ਇੰਦਰ ਵੀ ਡਰ, ਦੁੱਖ ਤੇ ਗੁੱਸੇ ਨਾਲ਼ ਭਰ ਜਾਂਦਾ।

"ਉਹਨੇ ਅੰਨ੍ਹੇ ਹੋਏ ਨੇ ਵੀ ਨਿਸ਼ਾਨਾ ਲਗਾ ਦਿੱਤਾ ਸੀ। ਪੂਰੀ ਦੁਨੀਆ 'ਚ ਉਹਦੇ ਵਰਗਾ ਕੋਈ ਸੂਰਮਾ ਨਹੀਂ ਹੋਇਆ! ਉਹਦਾ ਸਿੰਘਾਸਨ ਚਲਾ ਗਿਆ। ਉਹ ਸ਼ਹੀਦ ਹੋ ਗਿਆ ਤੇ ਉਹਦਾ ਲਾਮ-ਲਸ਼ਕਰ ਹੁਣ ਤੱਕ ਜਲਾਵਤਨ ਹੋਇਆ ਫਿਰਦਾ ਏ।" ਆਖ਼ਰ 'ਚ ਨਾਨੀ ਉਸ ਰਾਜੇ ਦੀ ਮੌਤ ਨਾਲ਼ ਆਪਣੀ ਪੀੜ ਨੂੰ ਜੋੜ ਲੈਂਦੀ।

"ਉਹ ਰਾਜਾ ਕੌਣ ਸੀ ?" ਇੰਦਰ ਜਗਿਆਸਾ ਨਾਲ਼ ਪੁੱਛਦਾ।

"ਉਹ ਤੇਰਾ ਵਡੇਰਾ ਸੀ!" ਉਹ ਹਉਕਾ ਭਰ ਕੇ ਆਖਦੀ।

"ਉਹਦੀ ਔਲ਼ਾਦ ਨਹੀਂ ਸੀ ਕੋਈ ?" ਉਹ ਅਗਾਂਹ ਪੁੱਛਦਾ।

"ਤੂੰ ਉਹਦੀ ਔਲ਼ਾਦ ਏਂ!" ਨਾਨੀ ਉਹਦੀ ਪਿੱਠ ਥਾਪੜਦਿਆਂ ਆਖਦੀ।

ਇੰਦਰ ਡਾਹਢਾ ਹੈਰਾਨ ਹੁੰਦਾ।

"ਤੇ ਸ਼ੀਰਾ ?" ਉਹ ਆਪਣੇ ਭਰਾ ਬਾਰੇ ਪੁੱਛਦਾ।

"ਉਹ ਅੱਧਾ ਏ!" ਨਾਨੀ ਦੱਸਦੀ।

"ਤੇ ਮੈਂ ?" ਉਹ ਚਮਕਦੀਆਂ ਅੱਖਾਂ ਨਾਲ ਪੁੱਛਦਾ।

"ਤੂੰ ਤਾਂ ਸੋਹਣਿਆਂ ਮੰਗਲੂ ਰਾਮ ਚੌਹਾਨ ਦਾ ਪੁੱਤਰ ਏਂ! ਤੂੰ ਉਸ ਰਾਜੇ ਦਾ ਪੂਰਾ ਵਾਰਸ ਏਂ! ਪੂਰਾ!" ਨਾਨੀ ਮਾਣ ਨਾਲ ਆਖਦੀ।

"ਤੇ ਬਾਪੂ ਰੂੜਾ ?" ਉਹ ਹੌਲ਼ੀ ਜਿਹੀ ਪੁੱਛਦਾ।

"ਉਹ ਸਾਡੀ ਮਜਬੂਰੀ ਏ!" ਏਨ੍ਹਾਂ ਆਖ ਨਾਨੀ ਚੁੱਪ ਕਰ ਜਾਂਦੀ।

ਬਾਤ ਸੁਣਦਾ-ਸੁਣਦਾ, ਇੰਦਰ ਨਾਨੀ ਦੀ ਹਿੱਕ ਨਾਲ਼ ਲੱਗ ਕੇ ਸੌਂ ਜਾਂਦਾ।

ਕਹਾਣੀਆਂ ਦਾ ਇਹ ਸਿਲਸਿਲਾ ਨਾਨੀ ਦੀ ਮੌਤ ਨਾਲ ਮੁੱਕ ਗਿਆ ਸੀ।

ਰੂੜੇ ਦਾ ਧਿਆਨ ਇੰਦਰ ਵਲੋਂ ਹੱਟ ਕੇ ਆਪਣੇ ਪੁੱਤਰ ਵੱਲ ਹੁੰਦਾ ਗਿਆ ਸੀ।

ਇੰਦਰ ਮਹਿਸੂਸਦਾ ਕਿ ਇਸ ਘਰ 'ਚ ਉਹਦੀ ਕੋਈ ਥਾਂ ਨਹੀਂ। ਉਹ ਘਰ ਨਾਲ਼ੋਂ ਬਾਹਰ ਘੁੰਮਣ ਨੂੰ ਤਰਜੀਹ ਦੇਣ ਲੱਗਾ। ਹਾਣੀਆਂ ਨਾਲ਼ ਖੇਡਦਾ, ਉਹ ਅਕਸਰ ਲੜ ਪੈਂਦਾ। ਉਹ ਹਾਣੀਆਂ ਨਾਲ਼ੋਂ ਛੋਹਲਾ ਵੀ ਸੀ ਤੇ ਤਕੜਾ ਵੀ। ਉਹ ਨਿੱਕੀ-ਨਿੱਕੀ ਗੱਲ 'ਤੇ ਉਨ੍ਹਾਂ ਨੂੰ ਕੁੱਟ

ਦਿੰਦਾ। ਬੱਚੇ ਆਪਣੇ ਮਾਪਿਆਂ ਨੂੰ ਸੱਦ ਲਿਆਉਂਦੇ। ਬੱਚਿਆਂ ਦੀਆਂ ਮਾਵਾਂ ਇੰਦਰ ਨੂੰ ਤਰ੍ਹਾਂ-ਤਰ੍ਹਾਂ ਦੇ ਮਿਹਣੇ ਮਾਰਦੀਆਂ। ਉਹ ਰੋਂਦਾ-ਰੋਂਦਾ ਘਰ ਆਉਂਦਾ। ਰੂੜੇ ਨੂੰ ਸਾਰੀ ਗੱਲ ਦੱਸਦਾ। ਉਹਦੀ ਬਾਂਹ ਫੜ ਕੇ ਦਰਵਾਜ਼ੇ ਵੱਲ ਘੜੀਸਦਾ। ਉਹ ਚਾਹੁੰਦਾ ਕਿ ਉਹਦਾ ਬਾਪ ਵੀ ਉਹਦੇ ਨਾਲ਼ ਹੁੰਦੀਆਂ ਜ਼ਿਆਦਤੀਆਂ ਦਾ ਬਦਲਾ ਲਵੇ। ਰੂੜਾ ਉਹਨੂੰ ਝਿੜਕ ਦਿੰਦਾ। ਉਹ ਆਪਣੀ ਮਾਂ ਕੋਲ਼ ਜਾਂਦਾ। ਉਹਨੂੰ ਰੋ-ਰੋ ਦੱਸਦਾ ਕਿ ਕਿਹਦੀ ਮਾਂ ਨੇ ਉਹਨੂੰ ਕਿਹੜਾ ਮਿਹਣਾ ਮਾਰਿਆ ਏ। ਉਹ ਮਾਂ ਕੋਲ਼ੋਂ 'ਕੁਦੇਸਣ' ਸ਼ਬਦ ਦੇ ਅਰਥ ਪੁੱਛਦਾ। ਸ਼ਾਮੋ ਵੀ ਚਾਹੁੰਦੀ ਕਿ ਉਹ ਜੱਟੀਆਂ ਨਾਲ਼ ਲੜੇ, ਪਰ ਉਹ ਦਰੋਂ ਬਾਹਰ ਨਾ ਨਿਕਲਦੀ। ਇੰਦਰ ਲੇਲੜੀਆਂ ਕੱਢਦਾ ਤਾਂ ਉਹ ਉਹਨੂੰ ਕੁੱਟਣ ਲੱਗ ਜਾਂਦੀ।

ਹੌਲ਼ੀ-ਹੌਲ਼ੀ ਇੰਦਰ ਨੇ ਆਪਣੇ ਵਰਗੇ 'ਕੁਦੇਸਣਾ ਦੇ ਪੁੱਤਰਾਂ' ਨਾਲ਼ ਯਾਰੀ ਪਾ ਲਈ ਸੀ। ਇਹ ਟੋਲੀ ਸਵੇਰ ਦੀ ਰੋਟੀ ਖਾ ਕੇ ਘਰੋਂ ਨਿਕਲ ਜਾਂਦੀ ਤੇ ਸਾਰਾ ਦਿਨ ਗਲ਼ੀਆਂ 'ਚ ਘੁੰਮਦੀ ਰਹਿੰਦੀ। ਹੌਲ਼ੀ-ਹੌਲ਼ੀ ਉਹ ਨਿੱਕੀਆਂ-ਮੋਟੀਆਂ ਚੋਰੀਆਂ ਵੀ ਕਰਨ ਲੱਗ ਪਏ ਸਨ। ਕਦੇ-ਕਦੇ ਉਨ੍ਹਾਂ ਲਈ ਪੰਚਾਇਤ ਵੀ ਜੁੜਦੀ। ਉਹ ਬੜੀ ਸਹਿਜਤਾ ਨਾਲ਼ ਮੁਆਫ਼ੀਆਂ ਮੰਗ ਲੈਂਦੇ। ਦੋ-ਚਾਰ ਦਿਨ ਸਾਊ ਬਣੇ ਰਹਿੰਦੇ ਤੇ ਫਿਰ ਤੋਂ ਪੁਰਾਣੀ ਲੀਹੇ ਪੈ ਜਾਂਦੇ।

ਰੂੜਾ ਇੰਦਰ ਦੀਆਂ ਇਨ੍ਹਾਂ ਹਰਕਤਾਂ ਤੋਂ ਅੱਕ ਗਿਆ ਸੀ। ਆਖ਼ਰ ਉਹਨੇ ਪੰਚਾਇਤ 'ਚ ਲਿਖ ਕੇ ਦੇ ਦਿੱਤਾ ਕਿ ਇੰਦਰ ਨਾਲ਼ ਉਹਦਾ ਕੋਈ ਰਿਸ਼ਤਾ ਨਹੀਂ ਹੈ। ਉਹ ਆਪਣੀਆਂ ਗ਼ਲਤੀਆਂ ਲਈ ਖੁਦ ਜ਼ਿੰਮੇਦਾਰ ਹੋਵੇਗਾ। ਉਹਨੂੰ ਇੰਦਰ ਦੀ ਕਿਸੇ ਖੁਨਾਮੀ ਲਈ ਪੰਚਾਇਤ 'ਚ ਬਿਲਕੁਲ ਨਾ ਸੱਦਿਆ ਜਾਵੇ।

ਇਸ ਘਟਨਾ ਤੋਂ ਬਾਅਦ ਸ਼ਾਮੋ ਉਦਾਸ ਰਹਿਣ ਲੱਗ ਪਈ ਸੀ। 'ਮੰਗਲੂ ਹੁੰਦਾ ਤਾਂ ਉਹ ਇਉਂ ਕਰਦਾ!' ਉਹ ਅਕਸਰ ਸੋਚਦੀ।

ਦੇਖਦੇ-ਦੇਖਦੇ, ਉਹ ਮੰਜੇ 'ਤੇ ਪੈ ਗਈ ਸੀ। ਰੂੜੇ ਨੇ ਉਹਦਾ ਬਹੁਤ ਇਲਾਜ ਕਰਵਾਇਆ। ਉਹ ਰੂੜੇ ਨੂੰ ਆਖਦੀ,

"ਮੈਂ ਤੈਨੂੰ ਤਿੰਨ ਨਿਆਣੇ ਜੰਮ ਕੇ ਦਿੱਤੇ, ਪਰ ਤੈਥੋਂ ਮੇਰੇ ਮੰਗਲੂ ਦੀ ਇਕ ਨਿਸ਼ਾਨੀ ਵੀ ਨਾ ਸੰਭਾਲ਼ੀ ਗਈ। ਤੂੰ ਉਹਦਾ ਇੰਦਰ ਗਲ਼ੀਆਂ 'ਚ ਰੁਲ਼ਣ ਲਈ ਛੱਡ ਦਿੱਤਾ।"

ਆਖ਼ਰੀ ਦਿਨਾਂ 'ਚ ਉਹ ਚੁੱਪ ਹੋ ਗਈ ਸੀ। ਚੁਫ਼ੇਰੇ ਬਿਟਰ-ਬਿਟਰ ਝਾਕਦੀ ਰਹਿੰਦੀ। ਇੰਦਰ ਸਾਹਮਣੇ ਆਉਂਦਾ ਤਾਂ ਅੱਖਾਂ ਭਰ ਲੈਂਦੀ। ਰੂੜਾ ਮੁਆਫ਼ੀਆਂ ਮੰਗਦਾ, ਪਰ ਉਹ ਪੱਥਰ ਬਣੀ ਰਹਿੰਦੀ।

ਸ਼ਾਮੋਂ ਦੀ ਮੌਤ ਤੋਂ ਬਾਅਦ ਰੂੜਾ ਇੰਦਰ ਨੂੰ ਮੁੜ ਤੋਂ ਪਿਆਰ ਕਰਨ ਲੱਗਾ। ਇੰਦਰ ਨੇ ਵੀ ਆਪਣੇ ਹਾਣੀਆਂ ਦਾ ਸਾਥ ਛੱਡ ਦਿੱਤਾ। ਉਹ ਰੂੜੇ ਨਾਲ਼ ਖੇਤੀ 'ਚ ਹੱਥ ਵਟਾਉਂਦਾ। ਛੋਟੇ ਭੈਣ-ਭਾਈਆਂ ਦਾ ਖ਼ਿਆਲ ਰੱਖਦਾ। ਗੁਆਂਢੀ ਉਨ੍ਹਾਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਸਿਖਾਉਂਦੇ। ਉਹ ਇੰਦਰ ਨੂੰ ਆਖਦੇ-'ਤੂੰ ਸਾਡਾ ਭਾਈ ਨਹੀਂ। ਤੂੰ ਤਾਂ ਗੱਡੀਆਂ ਵਾਲ਼ਿਆਂ ਦਾ ਮੁੰਡਾ ਏਂ।'

ਉਹ ਕੋਈ ਜਵਾਬ ਨਾ ਦਿੰਦਾ। ਬਸ ਉਦਾਸ ਹੋ ਜਾਂਦਾ। ਜਦੋਂ ਉਹ ਨਾ ਟਲ਼ਦੇ ਤਾਂ ਉਹ ਚੀਕ ਮਾਰ ਕੇ ਆਖ਼ਦਾ- 'ਮੈਂ ਪ੍ਰਿਥਵੀ ਰਾਜ ਚੌਹਾਨ ਦੀ ਔਲ਼ਾਦ ਆਂ।'

ਜਦੋਂ ਰੂੜੇ ਨੇ ਮੰਜਾ ਮੱਲਿਆ ਤਾਂ ਆਖ਼ਰੀ ਵਕਤ ਕੋਈ ਧੀ-ਪੁੱਤਰ ਉਹਦੇ ਨੇੜੇ ਨਾ ਢੁੱਕਿਆ। ਇੰਦਰ ਨੇ ਬੜੀ ਸੇਵਾ ਕੀਤੀ। ਰੂੜਾ ਮਰਿਆ ਤਾਂ ਸ਼ਰੀਕੇ 'ਚੋਂ ਲੱਗਦੇ ਜੱਗੂ ਨੇ ਇੰਦਰ



ਨੂੰ ਲਾਂਬੂ ਲਾਉਣੋ ਰੋਕ ਦਿੱਤਾ। ਸ਼ੀਰੇ ਨੂੰ ਅੱਗੇ ਕਰਦਿਆਂ, ਉਹ ਰੋਹਬ ਜਿਹੇ 'ਚ ਬੋਲਿਆ ਸੀ, "ਅੱਗੇ ਹੋ ਓਏ ਸ਼ੀਰਿਆ, ਇੱਥੇ ਸਿਰਫ਼ ਤੇਰਾ ਹੱਕ ਬਣਦੈ!"

ਇੰਦਰ ਦੇ ਹੱਥੋਂ ਸਲਵਾੜ ਦਾ ਪੂਲਾ ਡਿੱਗ ਪਿਆ ਸੀ। ਉਹ ਅੱਖਾਂ ਜ਼ਮੀਨ 'ਤੇ ਗੱਡੀ, ਕਦਮ-ਦਰ-ਕਦਮ ਪਿਛਾਂਹ ਵੱਲ ਪਰਤਦਾ, ਸਾਰਿਆਂ ਦੇ ਓਹਲੇ ਜਾ ਖੜੋਤਾ ਸੀ।

ਰੂੜੇ ਦੇ ਭੋਗ ਵਾਲ਼ੇ ਦਿਨ ਤੱਕ ਉਹ ਕੰਮ 'ਚ ਰੁਝਿਆ ਰਿਹਾ ਸੀ। ਸ਼ਾਮ ਢਲ਼ੀ ਤਾਂ ਉਹਨੇ 'ਘਰ' ਨੂੰ ਅਲਵਿਦਾ ਆਖ ਦਿੱਤਾ ਸੀ।

ਉਹੀ ਇੰਦਰ ਹੁਣ ਬਾਈ-ਤੇਈ ਵਰ੍ਹਿਆਂ ਦਾ ਭਰ-ਜਵਾਨ ਗੱਭਰੂ ਸੀ। ਕਾਲ਼ੇ ਰੰਗ ਤੇ ਗੁੰਦੇ ਸਰੀਰ ਵਾਲ਼ਾ, ਵਿਹਲੜ ਮੁੰਡਾ। ਕਬੂਤਰ ਉਡਾਉਣੇ, ਕੁੱਕੜ ਲੜਾਉਣੇ ਤੇ ਮੇਲੇ ਵੇਖਣੇ, ਉਹਦੇ ਮੁੱਖ ਸ਼ੌਕ ਸਨ। ਸਵੇਰ ਵੇਲੇ ਉਹ ਸੰਤਾਂ ਦੇ ਡੇਰੇ 'ਤੇ ਲੰਗਰ ਛਕਣ ਜੋਗੀ ਸੇਵਾ ਕਰ ਲੈਂਦਾ ਸੀ। ਫਿਰ ਸਾਰਾ ਦਿਨ ਵੈਲੀਆਂ ਦੀ ਢਾਣੀ ਨਾਲ਼ ਮੇਲੇ-ਮੁਸਾਬਿਆਂ 'ਤੇ ਤੁਰਿਆ ਫਿਰਦਾ। ਸ਼ਾਮ ਢਲ਼ਦੀ ਤਾਂ ਦਾਰੂ 'ਚ ਡੁੱਬ ਕੇ ਕਿਸੇ ਮਿੱਤਰ ਦੇ ਖੂਹ 'ਤੇ ਸੌਂ ਜਾਂਦਾ ਸੀ।

ਅੱਜ ਉਹ ਮਨਸੋ ਤੇ ਉਹਦੀ ਮਾਂ ਦੇ ਮੂਹਰੇ ਬੈਠਾ ਚਾਹ ਪੀ ਰਿਹਾ ਸੀ। ਲਾਪ੍ਰਵਾਹੀ ਦਾ ਵਿਖਾਵਾ ਕਰਦਿਆਂ, ਪਿਆਰੂ ਉਹਨੂੰ ਚੋਰ ਅੱਖ ਨਾਲ਼ ਵੇਖਦਾ ਰਿਹਾ ਸੀ। ਉਹ ਮਨਸੋ ਵੱਲ ਵੇਖ ਕੇ ਮੁਸਕਰਾ ਰਿਹਾ ਸੀ। ਪਿਆਰੂ ਨੇ ਮਨਸੋ ਵੱਲ ਵੇਖਿਆ ਤਾਂ ਉਹ ਵੀ ਇੰਦਰ ਨੂੰ ਰਮਜ਼ਭਰੀਆਂ ਅੱਖਾਂ ਨਾਲ਼ ਨਿਹਾਰ ਰਹੀ ਸੀ।

ਪਿਆਰੂ ਸੁੰਨ ਹੋ ਗਿਆ ਸੀ। ਪਿਆਰੂ ਨੂੰ ਉਨ੍ਹਾਂ ਦੀ ਨੇੜਤਾ ਬਾਰੇ ਪਹਿਲਾਂ ਵੀ ਕਈ ਵਾਰ ਸ਼ੱਕ ਹੋਇਆ ਸੀ, ਪਰ ਇਹਨੂੰ ਉਹ ਆਪਣਾ ਵਹਿਮ ਸਮਝ ਕੇ ਟਾਲ ਦਿੰਦਾ ਸੀ। ਅੱਜ ਉਹਨੂੰ ਪੱਕ ਹੋ ਗਿਆ ਸੀ ਕਿ ਇੰਦਰ ਤੇ ਮਨਸੋ ਦੀ ਸਾਂਝ ਪੈ ਚੁੱਕੀ ਹੈ। ਉਸ ਲਈ ਚਾਹ ਦਾ ਘੁੱਟ ਭਰਨਾ ਮੁਹਾਲ ਹੋ ਗਿਆ ਸੀ।

ਉਹਨੇ ਸੋਚਣਾ ਸ਼ੁਰੂ ਕੀਤਾ ਸੀ। 'ਮੈਂ ਤਾਂ ਆਪਣੀ ਮੌਜ 'ਚ ਤੁਰਿਆ ਜਾ ਰਿਹਾ ਸਾਂ। ਕੋਈ ਐਵੇਂ ਮੇਰੇ ਨਾਲ਼ ਆਣ ਰਲ਼ਿਆ। ਕੁਝ ਕਦਮ ਨਾਲ਼ ਤੁਰਿਆ। ਹੁਣ ਉਹ ਮੋੜ ਆ ਗਿਆ ਹੈ, ਜਿੱਥੋਂ ਰਾਹ ਨਿਖੱੜਦੇ ਨੇ। ਸਾਡਾ ਵਿਛੋੜਾ ਲਾਜ਼ਮੀ ਏ। ਮਨਸੋ ਨੇ ਮੇਰੀਆਂ ਅੱਖਾਂ ਸਾਹਵੇਂ ਕਿਸੇ ਹੋਰ ਨਾਲ਼ ਵੱਸਣਾ ਏਂ। ਨਾ ਚਾਹੁੰਦਿਆਂ ਹੋਇਆਂ ਵੀ, ਮੈਨੂੰ ਇਹ ਸਭ ਕੁਝ ਸਹਿਣਾ ਪੈਣਾ ਏ। ਚਲੋ..ਜੋ ਰੱਬ ਨੂੰ ਮੰਜ਼ੂਰ!'

ਇਸ ਸੋਚ ਨਾਲ, ਆਪਣੀ ਥਾਂ ਤੋਂ ਹਿੱਲੀ ਹਰ ਸ਼ੈਅ ਹੌਲ਼ੀ-ਹੌਲ਼ੀ ਟਿਕਾਣੇ ਸਿਰ ਆਉਂਦੀ ਗਈ ਸੀ। ਉਹ 'ਵਾਖਰੂ' ਆਖ ਉੱਠਿਆ ਤੇ ਚਾਹ ਵਾਲ਼ੀ ਬਾਟੀ ਧੋਣ ਲਈ ਟੂਟੀ ਵੱਲ ਨੂੰ ਤੁਰ ਪਿਆ ਸੀ।

ਪੂਰਾ ਦਿਨ ਉਹਦੇ ਮਨ 'ਤੇ ਉਦਾਸੀ-ਭਰੀ ਮਦਹੋਸ਼ੀ ਛਾਈ ਰਹੀ ਸੀ। ਉਹ ਅੱਖਾਂ ਮੀਟਦਾ ਤਾਂ ਮਨਸੋ ਚਿਤਾ 'ਤੇ ਪਈ ਨਜ਼ਰ ਆਉਂਦੀ। ਉਹਦੀਆਂ ਅੱਖਾਂ 'ਚ ਅੱਥਰੂ ਆ ਜਾਂਦੇ। ਉਹ ਅੱਖਾਂ ਪੂੰਝਦਾ ਤੇ ਫਿਰ ਤੋਂ ਸੇਵਾ 'ਚ ਜੁਟ ਜਾਂਦਾ। ਇਕ ਪਲ ਲਈ ਉਹ ਖੁਦ ਨੂੰ ਬੋਝਲ ਜਿਹਾ ਮਹਿਸੂਸ ਕਰਦਾ, ਪਰ ਅਗਲੇ ਪਲ ਉਹਨੂੰ ਆਪਣਾ-ਆਪ ਹਲਕਾ-ਹਲਕਾ ਜਿਹਾ ਮਹਿਸੂਸ ਹੁੰਦਾ।

ਪਿਆਰੂ ਨੇ ਮਨਸੋ ਨੂੰ ਕਦੇ ਕੋਈ ਕੌੜਾ ਬੋਲ ਨਹੀਂ ਸੀ ਬੋਲਿਆ, ਪਰ ਫਿਰ ਵੀ ਉਹਨੇ ਮਨਸੋ ਨੂੰ ਕਦੇ ਖਿੜ-ਖਿੜਾ ਕੇ ਹੱਸਦੇ ਹੋਏ ਨਹੀਂ ਸੀ ਵੇਖਿਆ। 'ਚਲੋ, ਜੋ ਉਹਦੀ ਮਰਜ਼ੀ!' ਪਿਆਰੂ ਨੇ ਸੋਚਿਆ ਤੇ ਸ਼ਾਂਤ ਹੋ ਗਿਆ ਸੀ।

ਰਾਤ ਪਈ। ਉਹ ਘਰ ਪਰਤਿਆ। ਮਣਸੋ ਖੁਰੇ 'ਚ ਬੈਠੀ ਅੱਡੀਆਂ ਕੂਚ ਰਹੀ ਸੀ। ਪਿਆਰੂ ਹੈਰਾਨ ਹੋਇਆ। ਇਸ ਵਕਤ ਉਹਨੇ ਆਪਣਾ-ਆਪ ਕਦੇ ਨਹੀਂ ਸੀ ਸੰਵਾਰਿਆ। ਵਿਆਹ ਦੇ ਮੁੱਢਲੇ ਦਿਨਾਂ 'ਚ ਵੀ ਨਹੀਂ। ਹਮੇਸ਼ਾਂ ਦੀ ਤਰ੍ਹਾਂ ਪਿਆਰੂ ਨੇ ਬਾਪੂ ਮੂਹਰੇ ਰੋਟੀ ਪਰੋਸੀ ਤੇ ਹਮੇਸ਼ਾਂ ਤੋਂ ਉਲਟ ਉਹਦੀ ਪੁਆਂਦੀ ਬੈਠ ਗਿਆ ਸੀ।

ਦੋਹਾਂ ਵਿਚਾਲੇ ਕਈ ਦੇਰ ਚੁੱਪ ਪਸਰੀ ਰਹੀ ਸੀ।

"ਬਾਪੂ ਲੱਗਦੈ, ਅੱਜ ਮੀਂਹ ਆਊ।" ਉਹ ਤਾਰਿਆਂ-ਗੁੰਦੇ ਅੰਬਰ ਵੱਲ ਝਾਕਦਿਆਂ ਬੋਲਿਆ।

"ਮੀਂਹ ਬੱਦਲਾਂ ਬਗੈਰ ਹੀ ਆ ਜਾਊ, ਕਮਲਿਆ!" ਇਹ ਆਖ ਲਾਲੂ ਕੌੜਾ ਜਿਹਾ ਹੱਸਿਆ।

"ਜਦੋਂ ਇੰਦਰ ਦੇਵਤਾ ਮਿਹਰਬਾਨ ਹੋਵੇ ਤਾਂ ਸੁੱਕੇ ਅੰਬਰੀਂ ਵੀ ਗੜ੍ਹੇ ਪੈ ਜਾਂਦੇ ਨੇ ਬਾਪੂ!" ਪਿਆਰੂ ਨੇ ਹੱਸਦਿਆਂ ਗੱਲ ਸ਼ੁਰੂ ਕੀਤੀ, ਪਰ ਮੁਕਾਉਂਦਿਆਂ ਉਹਦਾ ਗੱਚ ਭਰ ਆਇਆ ਸੀ।

ਮਣਸੋ ਦੇ ਹੱਥ ਰੁਕ ਗਏ ਸਨ। ਉਹ ਗੁੱਸੇ 'ਚ ਉੱਠੀ ਤੇ ਪਿਆਰੂ ਦੇ ਸਾਹਵੇਂ ਆਣ ਖੜੋਤੀ ਸੀ।

"ਇੰਦਰ ਤੁਹਾਡੇ ਘਰੋਂ ਮੰਗਣ ਆਉਂਦਾ?" ਉਹਨੇ ਦੰਦ ਕਰੀਚਦਿਆਂ, ਸਵਾਲ ਕੀਤਾ ਸੀ।

ਪਿਆਰੂ ਕੰਬ ਉੱਠਿਆ। ਲਾਲੂ ਦੇ ਕੰਨਾਂ 'ਚ ਨੰਦ ਕੌਰ ਦੇ ਬੋਲ ਗੂੰਜਣ ਲੱਗੇ। ਬੁੜ-ਬੁੜ ਕਰਦੀ ਮਣਸੋ ਆਪਣੇ ਮੰਜੇ 'ਤੇ ਜਾ ਪਈ। ਇਸ ਤੋਂ ਬਾਅਦ ਪਿਉ-ਪੁੱਤਰ ਕੋਈ ਗੱਲ ਨਾ ਕਰ ਸਕੇ। ਪਿਆਰੂ ਕੰਬਦੇ ਦਿਲ ਨਾਲ਼ ਉੱਠਿਆ ਤੇ ਡਰਦਾ-ਡਰਦਾ ਮਣਸੋ ਦੇ ਬਰੋਬਰ ਡੱਠੇ ਮੰਜੇ 'ਤੇ ਜਾ ਪਿਆ।

"ਇੰਦਰ ਬਾਰੇ ਤੇਰੇ ਕੰਨ ਕੌਣ ਭਰਦਾ?" ਮਣਸੋ ਨੇ ਸਵਾਲ ਕੀਤਾ।

"ਕੋਈ ਨਹੀਂ!" ਪਿਆਰੂ ਨੇ ਵਿਚਾਰਿਆਂ ਵਾਂਗ ਜਵਾਬ ਦਿੱਤਾ।

"ਦੱਸ ਮੈਂ ਤੈਨੂੰ ਕਦੇ ਵਰ੍ਹਨ ਤੋਂ ਰੋਕਿਆ?" ਕਾਹਲ਼ੀ ਨਾਲ਼ ਉੱਠਦਿਆਂ, ਉਹਨੇ ਪਿਆਰੂ ਦੀ ਬਾਂਹ ਫੜ ਲਈ।

"ਨਹੀਂ!" ਇਹ ਆਖ ਪਿਆਰੂ ਨੇ ਸਿਰ ਝੁਕਾ ਲਿਆ।

ਉਹ ਆਪਣੇ ਮੰਜੇ 'ਤੋਂ ਉੱਠੀ ਤੇ ਪਿਆਰੂ ਦੇ ਮੰਜੇ 'ਤੇ ਆਣ ਪਈ। ਉਹਨੇ ਪਿਆਰੂ ਦੀ ਭਰਵੀਂ ਦੇਹ ਦਾ ਕਲਾਵਾ ਭਰ ਲਿਆ। ਉਹਦੇ ਕੰਨ ਕੋਲ਼ ਮੂੰਹ ਕਰਦਿਆਂ, ਸਰੂਰੀ ਜਿਹੀ ਅਵਾਜ਼ 'ਚ ਬੋਲੀ-"ਜਿਹੜਾ ਵਰ੍ਹੇ, ਉਹੀ ਇੰਦਰ ਹੁੰਦਾ ਏ, ਪਿਆਰੂਆ!"

ਪਿਆਰੂ ਨਿਰੰਤਰ ਕੋਸ਼ਿਸ਼ ਕਰਦਾ ਰਿਹਾ। ਨਾ ਬੱਦਲ ਗੱਜਿਆ, ਨਾ ਮੀਂਹ ਦੀ ਕੋਈ ਛਿੱਟ ਡਿੱਗੀ। ਹਾਰ-ਹੰਭ ਕੇ ਉਹ ਵਿਚਾਰਿਆਂ ਵਾਂਗ ਬੋਲਿਆ-"ਮੈਨੂੰ ਮਾਫ਼ ਕਰ ਦਈ ਮਣਸੋ!"

"ਤੂੰ ਵੀ ਮੈਨੂੰ ਮਾਫ਼ ਕਰ ਦਈਂ, ਪਿਆਰੂਆ!" ਮਣਸੋ ਉਹਦੀਆਂ ਢਿੱਲੀਆਂ ਪੈ ਗਈਆਂ ਬਾਹਵਾਂ 'ਚੋਂ ਬਾਹਰ ਆਉਂਦਿਆਂ ਬੋਲੀ ਸੀ।

"ਤੂੰ ਕੀ ਗੁਨਾਹ ਕੀਤਾ?" ਪਿਆਰੂ ਨੇ ਅਪਣੱਤ ਨਾਲ਼ ਪੁੱਛਿਆ।

"ਖੌਰੇ ਮੈਂ ਕਿਹੜੇ-ਕਿਹੜੇ ਗੁਨਾਹ ਕੀਤੇ ਨੇ ਤੇ ਅਗਾਂਹ ਹੋਰ ਕਿਹੜੇ-ਕਿਹੜੇ ਹੋਰ ਕਰਨੇ ਨੇ!" ਇਹ ਆਖਦਿਆਂ, ਉਹ ਆਪਣੇ ਮੰਜੇ 'ਤੇ ਜਾ ਲੰਮੀ ਪਈ ਸੀ। ਦੋਹਾਂ ਵਿਚਾਲੇ ਦੇਰ ਤੱਕ ਚੁੱਪ ਪਸਰੀ ਰਹੀ ਸੀ।



"ਸੌਂ ਗਿਆਂ ਏਂ, ਪਿਆਰੂਆ?" ਇਸ ਵਾਰ ਮਣਸੋ ਨੇ ਅਪਣੱਤ ਨਾਲ਼ ਪੁੱਛਿਆ ਸੀ।

"ਨਈਂ ਤਾਂ!" ਪਿਆਰੂ ਨੇ ਅੱਧ-ਰੋਂਦੀ ਆਵਾਜ਼ 'ਚ ਜਵਾਬ ਦਿੱਤਾ ਸੀ।

"ਕੀ ਸੋਚੀ ਜਾਂਦੈਂ?" ਮਣਸੋ ਫਿਰ ਬੋਲੀ ਸੀ।

"ਇਹੋ ਕਿ ਮੇਰੇ ਵਰਗੇ ਨਿਕੰਮੇ ਬੰਦੇ ਨਾਲ਼ ਤੂੰ ਕਾਤੋਂ ਵਿਆਹ ਕਰਵਾ ਲਿਆ!" ਪਿਆਰੂ ਦੇ ਬੋਲਾਂ 'ਚ ਅੰਤਾਂ ਦਾ ਪਛਤਾਵਾ ਸੀ।

"ਹੋਰ ਕਿਹਦੇ ਨਾਲ਼ ਕਰਵਾਉਂਦੀ?" ਮਣਸੋ ਨੇ ਫਿੱਕਾ ਜਿਹਾ ਹੱਸਦਿਆਂ ਸਵਾਲ ਕੀਤਾ।

"ਮੈਨੂੰ ਕੀ ਪਤਾ!" ਪਿਆਰੂ ਦਾ ਗੱਚ ਭਰ ਆਇਆ।

"ਫਿਰ ਵੀ?" ਮਣਸੋ ਨੇ ਦੁਬਾਰਾ ਪੁੱਛਿਆ।

"ਮੈਂ ਨਾ ਹੁੰਦਾ, ਕੋਈ ਹੋਰ ਹੁੰਦਾ!" ਇਹ ਆਖਦਿਆਂ, ਉਹ ਕੌੜਾ ਜਿਹਾ ਹੱਸਿਆ ਸੀ।

"ਕੋਈ ਵੀ?" ਮਣਸੋ ਨੇ ਨਵਾਂ ਸਵਾਲ ਕੀਤਾ।

"ਆਹੋ, ਕੋਈ ਵੀ!" ਪਿਆਰੂ ਥੋੜ੍ਹਾ ਖਿੱਝ ਕੇ ਬੋਲਿਆ ਸੀ।

"ਭਾਵੇਂ ਇੰਦਰ ਵੀ?" ਇਹ ਪੁੱਛਦਿਆਂ, ਮਣਸੋ ਨੇ ਅਜੀਬ ਤਰ੍ਹਾਂ ਦਾ ਹਾਸਾ ਹੱਸਿਆ ਸੀ।

ਪਿਆਰੂ ਉਲਝ ਗਿਆ ਸੀ।

"ਤੂੰ ਬੋਲ਼ਾ ਤੇ ਨਈਂ ਹੋ ਗਿਆ, ਪਿਆਰੂਆਂ! ਜਵਾਬ ਕਿਉਂ ਨਈਂ ਦਿੰਦਾ?" ਉਹ ਫਿਰ ਤੋਂ ਬੋਲੀ ਸੀ।

"ਮੈਨੂੰ ਕੀ? ਭਾਵੇਂ ਉਹ ਹੁੰਦਾ!" ਉਹ ਮਸਾਂ ਬੋਲਿਆ ਸੀ।

ਮਣਸੋ ਮੰਜੇ ਤੋਂ ਅੱਭੜਵਾਹੇ ਉੱਠ ਬੈਠੀ ਸੀ।

"ਪਿਆਰੂਆ, ਤੂੰ ਸੱਚੀ-ਮੁੱਚੀਂ ਬੜਾ ਚੰਗਾ ਬੰਦਾਂ ਏਂ। ਤੇਰੇ ਵਰਗਾ ਨੇਕ ਬੰਦਾ ਕੋਈ ਹੋਰ ਨਈਂ ਹੋਣਾ, ਪੂਰੀ ਦੁਨੀਆਂ 'ਚ। ਤੂੰ ਮੇਰਾ ਇਕ ਕੰਮ ਕਰ ਸਕਦੈਂ?" ਪਿਆਰੂ ਦਾ ਹੱਥ ਫੜਦਿਆਂ, ਉਹ ਵਿਚਾਰਿਆਂ ਵਾਂਗ ਬੋਲੀ ਸੀ।

"ਦੱਸ?" ਹੁਣ ਪਿਆਰੂ ਥੋੜ੍ਹਾ ਸੰਭਲ਼ ਗਿਆ ਸੀ।

"ਤੂੰ ਮੈਨੂੰ ਲੰਬੜਾਂ ਦੇ ਖੂਹ 'ਤੇ ਛੱਡ ਸਕਦਾਂ?" ਉਹ ਬਚਕਾਨੇ ਚਾਅ 'ਚ ਬੋਲੀ ਸੀ।

ਮਣਸੋ ਦੀ ਗੱਲ ਵਿਚਲਾ ਇਹ ਚਾਅ ਪਿਆਰੂ ਨੂੰ ਧੁਰ ਰੂਹ ਤੱਕ ਤੜਫ਼ਾ ਗਿਆ ਸੀ। ਉਹ ਕੁਝ ਨਾ ਬੋਲ ਸਕਿਆ।

"ਉਹ ਓਥੇ ਸੁੱਤਾ ਪਿਆ ਏ, ਪਿਆਰੂਆ।" ਉਹ ਤਰਲਾ ਲੈਂਦਿਆਂ ਫਿਰ ਤੋਂ ਬੋਲੀ ਸੀ।

ਪਿਆਰੂ ਜਿਉਂ ਕੋਈ ਬੁੱਤ ਹੋਵੇ; ਉਹ ਨਾ ਹਿੱਲਿਆ, ਨਾ ਕੁਝ ਬੋਲਿਆ।

"ਉੱਠ ਫਿਰ ਪਿਆਰੂਆ। ਉਹ ਮੈਨੂੰ ਉਡੀਕਦਾ ਹੋਣਾ।" ਮਣਸੋ ਨੇ ਪਿਆਰੂ ਦੇ ਚਿਹਰੇ ਨੂੰ ਆਪਣੇ ਨਿੱਕੇ-ਨਿੱਕੇ ਹੱਥਾਂ 'ਚ ਲੈਂਦਿਆਂ ਤਰਲਾ ਲਿਆ ਸੀ।

'ਵਾਖਰੂ' ਆਖ ਪਿਆਰੂ ਉੱਠ ਪਿਆ ਸੀ। ਉਹਨੇ ਜੁੱਤੀ ਪਾਈ ਤੇ ਚੁੱਪ-ਚਾਪ ਦਰਵਾਜ਼ਿਓਂ ਬਾਹਰ ਜਾ ਕੇ ਖੜ੍ਹੋ ਗਿਆ ਸੀ। ਕੱਪੜਿਆਂ ਦੀ ਪੋਟਲੀ ਬੰਨੀਂ, ਕੁਝ ਦੇਰ ਬਾਅਦ ਮਣਸੋ ਵੀ ਆ ਗਈ ਸੀ। ਨੀਵੀਂ ਪਾਈ ਪਿਆਰੂ ਪਿੰਡ ਦੀ ਫਿਰਨੀ ਵੱਲ ਨੂੰ ਤੁਰ ਪਿਆ ਸੀ। ਮਣਸੋ ਵੀ ਉਹਦੇ ਪਿੱਛੇ-ਪਿੱਛੇ ਤੁਰ ਪਈ ਸੀ। ਉਹ ਪੈਰ ਘੜੀਸਦਾ ਤੁਰ ਰਿਹਾ ਸੀ। ਉਹਦੇ ਮਨ-ਮਸਤਕ 'ਚ ਖ਼ਿਆਲਾਂ ਦੇ ਰੰਗ-ਬਿਰੰਗੇ ਵਾ-ਵਰੋਲ਼ੇ ਆਪੋ 'ਚ ਉਲਝ ਰਹੇ ਸਨ।

ਉਹਨੂੰ ਉਹ ਸਵੇਰ ਯਾਦ ਆਈ, ਜਦੋਂ ਮਣਸੋ ਤੇ ਉਹਦੀ ਮਾਂ ਮੈਲ਼ੇ ਤੇ ਅੱਧ-ਪਾਟੇ ਕੱਪੜੇ ਪਾਈ ਸੰਤਾਂ ਦੇ ਡੇਰੇ 'ਤੇ ਆਈਆਂ ਸਨ। ਕਿਵੇਂ ਤਰਲੇ ਲੈਂਦਿਆਂ, ਉਸ ਕੋਲ਼ੋਂ ਰੋਟੀ ਦਾ ਟੁੱਕਰ ਮੰਗਿਆ ਸੀ। ਕਿਵੇਂ ਉਨ੍ਹਾਂ ਦਾ ਰਿਸ਼ਤਾ ਜੁੜ ਗਿਆ ਸੀ। ਉਹ ਇਕ ਥਾਂ ਰਹਿੰਦੇ ਜ਼ਰੂਰ ਰਹੇ ਸਨ, ਪਰ ਇਕ ਹੋ ਨਹੀਂ ਸਨ ਸਕੇ।

'ਇਹਨੂੰ ਆਪਣੇ ਹੱਥੀਂ ਇੰਜ ਰੁਖ਼ਸਤ ਕਰਨਾ ਪਵੇਗਾ, ਮੈਂ ਇਹ ਕਦੇ ਨਹੀਂ ਸੀ ਸੋਚਿਆ!' ਇਸ ਸੋਚ 'ਚ ਗੁਆਚਾ ਉਹ ਫਿਰਨੀ 'ਤੇ ਪਹੁੰਚ ਗਿਆ ਸੀ। ਉਹਨੇ ਮੂੰਹ ਘੁੰਮਾ ਕੇ ਵੇਖਿਆ ਤਾਂ ਮਣਸੋ ਉਹਦੇ ਪਿੱਛੇ-ਪਿੱਛੇ ਤੁਰੀ ਆ ਰਹੀ ਸੀ। ਫਿਰਨੀ ਤੋਂ ਉਹ ਚੜ੍ਹਦੇ ਪਾਸੇ ਵੱਲ ਨੂੰ ਹੋ ਗਿਆ ਸੀ। ਫਿਰ ਉਹ ਬੇਰੀ ਵਾਲ਼ੇ ਮੋੜ ਤੋਂ ਲਹਿੰਦੀ ਵੱਲ ਜਾਂਦੇ ਪਹੇ 'ਤੇ ਪੈ ਗਿਆ ਸੀ। ਹੁਣ ਉਹਦੇ ਸਾਹਵੇਂ ਅੰਬਾਂ ਦਾ ਬਾਗ ਸੀ ਤੇ ਇਸ ਇਸ ਬਾਗ ਤੋਂ ਪਾਰ ਲੰਬੜਾਂ ਦਾ ਖੂਹ ਆ ਜਾਣਾ ਸੀ। ਉਹ ਖੂਹ, ਜਿੱਥੇ ਉਹਦੀ ਮਣਸੋ ਨੂੰ 'ਕੋਈ' ਉਡੀਕ ਰਿਹਾ ਸੀ।

ਬਾਗ ਲੰਘਦਿਆ, ਪਿਆਰੂ ਰੁਕ ਗਿਆ ਸੀ। ਉਹਦੇ ਕੋਲ਼ ਆਉਂਦਿਆਂ, ਮਣਸੋ ਵੀ ਰੁਕ ਗਈ ਸੀ।

"ਚੰਗਾ ਪਿਆਰੂਆ, ਐਵੇਂ ਓਦਰੀਂ ਨਾ। ਹੁਣ ਆਪਾਂ ਕਦੇ ਨਈਂ ਮਿਲਣਾ। ਆਪਣਾ ਤੇ ਬਾਪੂ ਦਾ ਖ਼ਿਆਲ ਰੱਖੀਂ। ਤੇਰੇ ਵਰਗਾ ਕੋਈ ਨਈਂ ਪਰ...!" ਪਿਆਰੂ ਦਾ ਹੱਥ ਫੜਦਿਆਂ, ਉਹ ਰੋ ਪਈ ਸੀ।

ਪਿਆਰੂ ਕੁਝ ਨਹੀਂ ਸੀ ਬੋਲਿਆ। ਸਿਸਕਦੀਆਂ ਭਰਦੀ ਮਣਸੋ ਓਥੋਂ ਤੁਰ ਗਈ ਸੀ। ਚੰਦ ਕਦਮ ਪੁੱਟਣ ਤੋਂ ਬਾਅਦ ਉਹ ਮੂੰਹ ਘੁਮਾ ਕੇ ਬੋਲੀ ਸੀ- "ਮੈਨੂੰ ਮੁਆਫ਼ ਕਰ ਦਈਂ, ਪਿਆਰੂਆ।"

ਪਿਆਰੂ ਓਥੇ ਖੜੋਤਾ ਰਿਹਾ।

ਜਦੋਂ ਉਹਨੂੰ ਇੰਦਰ ਤੇ ਮਣਸੋ ਦੇ ਹੱਸਣ ਦੀ ਆਵਾਜ਼ ਸੁਣਾਈ ਦਿੱਤੀ ਤਾਂ ਉਹ ਪੈਰ ਘੜੀਸਦਾ ਪਿਛਾਂਹ ਵੱਲ ਮੁੜ ਪਿਆ ਸੀ।

'ਮਣਸੋ ਨੇ ਅੱਜ ਮਾਂ ਵਾਲ਼ੀ ਗੱਲ ਕਰ ਦਿੱਤੀ।' ਉਹਨੇ ਆਪਣੇ ਬਚਪਨ ਬਾਰੇ ਸੋਚਿਆ ਸੀ।

'ਵਿਆਹ ਦੇ ਰਿਸ਼ਤੇ ਨੂੰ ਨਿਭਾਉਣਾ ਦੁਨੀਆ ਦਾ ਸਭ ਨਾਲ਼ੋਂ ਔਖਾ ਕਾਰਜ ਏ। ਪਤਨੀ ਨੂੰ ਰੱਜਵੀਂ ਰੋਟੀ ਵੀ ਚਾਹੀਦੀ ਹੈ। ਥੋੜ੍ਹਾ ਹਾਰ-ਸ਼ਿੰਗਾਰ ਤੇ ਰੱਜਵਾਂ ਪਿਆਰ ਵੀ। ਰਹਿਣ-ਯੋਗ ਘਰ ਵੀ ਹੋਵੇ। ਕੁਝ ਫੁਰਸਤ ਦੇ ਪਲ ਵੀ ਹੋਣੇ ਚਾਹੀਦੇ ਨੇ। ਹਾਸਾ-ਠੱਠਾ ਵੀ ਜ਼ਰੂਰੀ ਏ। ਮੇਰੇ ਕੋਲ਼ ਤਾਂ ਇਨ੍ਹਾਂ 'ਚੋਂ ਕੁਝ ਵੀ ਨਹੀਂ ਸੀ ਤੇ ਬਾਪੂ ਕੋਲ਼?'

ਉਹਨੂੰ ਮਾਂ ਦੇ ਤੁਰ ਜਾਣ ਦੀ ਅਸਲ ਜੜ੍ਹ ਅੱਜ ਸਮਝ ਆਈ ਸੀ।

ਘਰ ਮੂਹਰੇ ਪੁੱਜਾ ਤਾਂ ਉਹਦਾ ਬਾਪੂ ਦਰਾਂ 'ਚ ਖੜੋਤਾ ਸੀ।

"ਕੱਧਰੋਂ ਆਇਆਂ?" ਲਾਲੂ ਨੇ ਖਿੱਝ ਕੇ ਪੁੱਛਿਆ ਸੀ।

ਪਿਆਰੂ ਨੇ ਕੋਈ ਜਵਾਬ ਨਾ ਦਿੱਤਾ।

"ਉਹਨੂੰ ਕਿੱਥੇ ਛੱਡ ਆਇਆਂ, ਆਪਣੀ ਮਾਂ ਨੂੰ?" ਲਾਲੂ ਨੇ ਉਹਨੂੰ ਬਾਂਹ ਤੋਂ ਫੜ ਕੇ ਝੰਜੋੜਿਆ ਸੀ। ਪਿਆਰੂ ਬਾਪੂ ਦੇ ਗਲ਼ ਲੱਗ ਕੇ ਡੁਸਕਣ ਲੱਗ ਪਿਆ ਸੀ।

"ਉਹ ਚਲੀ ਗਈ ਬਾਪੂ!" ਉਹ ਲੇਰ ਮਾਰਦਿਆਂ ਬੋਲਿਆ ਸੀ।

"ਕਿੱ..ਅ...ਥੇ?" ਲਾਲੂ ਨੇ ਟੁੱਟਵੀਂ ਆਵਾਜ਼ 'ਚ ਪੁੱਛਿਆ ਸੀ।



"ਇੰਦਰ ਕੋਲ਼!" ਇਹ ਆਖ ਪਿਆਰੂ ਮੰਜੇ 'ਤੇ ਜਾ ਡਿੱਗਿਆ ਸੀ।

ਉਹ ਬੜੀ ਦੇਰ ਸੋਚਾਂ ਦੀ ਉਧੇੜ-ਬੁਣ 'ਚ ਉਲਝਿਆ ਰਿਹਾ ਸੀ। ਅੱਧੀ ਰਾਤੇ ਉਹਦੀ ਅੱਖ ਫਿਰ ਤੋਂ ਖੁੱਲ ਗਈ ਸੀ। ਮਣਸੋ ਤੇ ਉਹਦੀ ਮਾਂ, ਉਹਦੇ ਖ਼ਿਆਲਾਂ 'ਚ ਨਿਰੰਤਰ ਰਲ਼ਗੱਡ ਹੁੰਦੀਆਂ ਰਹੀਆਂ ਸਨ। ਕੁੱਕੜ ਦੀ ਬਾਂਗ ਤੱਕ, ਉਹ ਉਸਲਵੱਟੇ ਲੈਂਦਾ ਰਿਹਾ ਸੀ। ਦਿਨ ਚੜ੍ਹਨ ਤੱਕ ਉਹ ਉਵੇਂ ਮੰਜੇ 'ਤੇ ਲੰਮਾ ਪਿਆ ਰਿਹਾ। ਅੱਜ ਉਹਦਾ ਘਰੋਂ ਨਿਕਲਣ ਨੂੰ ਉੱਕਾ ਦਿਲ ਨਹੀਂ ਸੀ ਕਰ ਰਿਹਾ।

"ਉੱਠ ਪੁੱਤਰਾ! ਸੰਤ ਉਡੀਕਦੇ ਹੋਣੇ ਨੇ?" ਉਹਦਾ ਹੱਥ ਫੜਦਿਆਂ, ਲਾਲੂ ਮੋਹ 'ਚ ਬੋਲਿਆ ਸੀ।

ਪਿਆਰੂ ਚੁੱਪ-ਚਾਪ ਉੱਠਿਆ ਤੇ ਡੇਰੇ ਵੱਲ ਨੂੰ ਤੁਰ ਪਿਆ ਸੀ। ਭਾਵੇਂ ਉਹਨੂੰ ਯਕੀਨ ਸੀ ਕਿ ਮਣਸੋ ਓਥੇ ਨਹੀਂ ਹੋ ਸਕਦੀ, ਫਿਰ ਵੀ ਉਹਦਾ ਸਾਹਮਣਾ ਕਰਨ ਦੀ ਸੋਚ ਕੇ ਉਹਦਾ ਦਿਲ ਜ਼ੋਰ-ਜ਼ੋਰ ਦੀ ਧੜਕ ਰਿਹਾ ਸੀ। ਉਹ ਡੇਰੇ 'ਤੇ ਪਹੁੰਚਿਆ। ਨਾ ਓਥੇ ਮਣਸੋ ਸੀ ਤੇ ਨਾ ਇੰਦਰ। ਹਰ ਕੋਈ ਉਹਦੇ ਚਿਹਰੇ ਨੂੰ ਗਹੁ ਨਾਲ਼ ਪੜ੍ਹ ਰਿਹਾ ਸੀ। ਪਿਆਰੂ ਸਮਝ ਗਿਆ ਕਿ ਲੋਕ ਸਾਰੀ ਕਹਾਣੀ ਜਾਣ ਚੁੱਕੇ ਨੇ।

ਮਣਸੋ ਦੀ ਮਾਂ ਖੂੰਡੀ ਫੜੀ ਉਸ ਕੋਲ਼ ਆਈ ਸੀ।

"ਦੌੜ ਗਈ!" ਪਿਆਰੂ ਨੂੰ ਸਮਝ ਨਾ ਆਈ ਕਿ ਉਹਨੇ ਕੁਝ ਦੱਸਿਆ ਸੀ ਕਿ ਪੁੱਛਿਆ। ਉਹਨੇ ਪਿਆਰੂ ਦਾ ਸਿਰ ਪਲ਼ੋਸਿਆ ਤਾਂ ਪਿਆਰੂ ਦੀਆਂ ਅੱਖਾਂ ਛਲਕ ਗਈਆਂ ਸਨ।

"ਘਰ ਵਸਾਉਣਾ ਸ਼ਰੀਫ਼ ਬੰਦਿਆਂ ਦਾ ਕੰਮ ਨਹੀਂ ਹੁੰਦਾ, ਪਿਆਰੂਆ!" ਸੱਸ ਦੀ ਗੱਲ ਸੁਣਦਿਆਂ, ਉਹ ਹੈਰਾਨ ਹੋ ਗਿਆ ਸੀ।

ਪਿਆਰੂ ਇਸ ਗੱਲੋਂ ਵੀ ਹੈਰਾਨ ਸੀ ਕਿ ਲੋਕਾਂ ਨੇ ਉਹਨੂੰ ਕੋਈ ਮਜ਼ਾਕ ਨਹੀਂ ਸੀ ਕੀਤਾ। ਜੋ ਵੀ ਮਿਲਦਾ, ਇੰਦਰ ਨੂੰ ਗਾਲ੍ਹਾਂ ਕੱਢਣ ਲੱਗ ਜਾਂਦਾ ਸੀ।

ਅਗਲੇ ਦਿਨ ਪੰਚਾਇਤ ਜੁੜੀ ਸੀ।

"ਇੰਦਰ ਨੇ ਪਿਆਰੂ ਵਰਗੇ ਸ਼ਰੀਫ਼, ਸਾਂਝੇ ਤੇ ਰੱਬ ਦੇ ਭਗਤ ਨਾਲ਼ ਧੋਖਾ ਕੀਤਾ ਏ।" ਸਰਪੰਚ ਨੇ ਗੱਲਬਾਤ ਦੀ ਸ਼ੁਰੂਆਤ, ਇਨ੍ਹਾਂ ਬੋਲਾਂ ਨਾਲ਼ ਕੀਤੀ ਸੀ। ਸਾਰਿਆਂ ਨੇ ਉਹਦੀ ਇਸ ਗੱਲ ਨਾਲ਼ ਸਹਿਮਤੀ ਪ੍ਰਗਟਾਈ ਸੀ। ਕਈ ਦੇਰ ਗੱਲਾਂ ਹੁੰਦੀਆਂ ਰਹੀਆਂ। ਇਸ ਗੱਲ-ਬਾਤ 'ਚ ਇੰਦਰ ਸਾਰਿਆਂ ਲਈ ਓਪਰਾ ਸੀ। ਪਿੰਡ 'ਚ ਆਈ ਕੋਈ 'ਓਪਰੀ ਸ਼ੈਅ'। ਇੱਥੋਂ ਤੱਕ ਕਿ ਉਹਦੇ ਛੋਟੇ ਭਰਾ ਸ਼ੀਰੇ ਨੇ ਵੀ ਆਖ ਦਿੱਤਾ ਸੀ-'ਸਾਡਾ ਕੁਝ ਨਹੀਂ ਲੱਗਦਾ ਜੀ, ਉਹ।'

ਆਖ਼ਰ ਪਿੰਡ ਦੇ ਮੋਹਤਬਰਾਂ ਫ਼ੈਸਲਾ ਕੀਤਾ ਸੀ ਕਿ ਪਿੰਡ ਦਾ ਕੋਈ ਵੀ ਬੰਦਾ ਇੰਦਰ ਨਾਲ਼ ਸੰਬੰਧ ਨਹੀਂ ਰੱਖੇਗਾ। ਹੁਣ ਉਹਨੂੰ ਕਦੇ ਵੀ ਇਸ ਪਿੰਡ ਦੀ ਜੂਹ ਅੰਦਰ ਦਾਖ਼ਲ ਨਹੀਂ ਹੋਣ ਦਿੱਤਾ ਜਾਵੇਗਾ। ਅਗਰ ਉਹ ਪਿੰਡ ਪਰਤੇ ਤਾਂ ਥਾਣਾ ਸੱਦਣ ਤੋਂ ਪਹਿਲਾਂ ਉਹਨੂੰ ਆਪਣੇ ਪੱਧਰ 'ਤੇ ਬਣਦੀ ਸਜ਼ਾ ਦਿੱਤੀ ਜਾਏਗੀ।

ਸਿਰ ਸੁੱਟੀ ਪਿਆਰੂ ਸਭ ਦੀਆਂ ਗਲਾਂ ਸੁਣਦਾ ਰਿਹਾ ਸੀ।

"ਪਿਆਰੂ ਕੋਲ਼ੋਂ ਵੀ ਪੁੱਛ ਲਓ ਕਿ ਇਨ੍ਹੇ ਇੰਦਰ ਲਈ ਕਿਹੜੀ ਸਜ਼ਾ ਸੋਚੀ ਏ।" ਮੀਕੇ ਪੰਚ ਨੇ ਆਖਿਆ ਤਾਂ ਸਾਰੇ ਪਿਆਰੂ ਵੱਲ ਵੇਖਣ ਲੱਗ ਪਏ ਸਨ।

ਪਿਆਰੂ ਦੇ ਚਿਹਰੇ 'ਤੇ ਡਰ ਫੈਲ ਗਿਆ ਸੀ। ਉਹ ਉੱਠਿਆ। ਹੱਥ ਜੋੜ ਕੇ ਉਹਨੇ ਇਕ ਅੱਖ ਨਾਲ਼ ਪਿੰਡ ਦੇ ਪਤਵੰਤੇ ਸੱਜਣਾ ਦੇ ਤਣਾਅ-ਭਰੇ ਚਿਹਰੇ ਵੇਖੇ। ਕੁਝ ਪਲ ਸੋਚੀ ਹੋਈ ਗੱਲ ਕਹਿਣ ਲਈ ਢੁੱਕਵੇਂ ਬੋਲ ਲੱਭਦਾ ਰਿਹਾ। ਸ਼ਬਦ ਅਹੁੜੇ ਤਾਂ ਉਨ੍ਹਾਂ ਨੂੰ ਬੋਲਣ ਲਈ ਹਿੰਮਤ ਇਕੱਠੀ ਕਰਨ ਲੱਗਾ।

"ਮੈਂਮੈਂਮੈਂ...ਤਾਂ ਕਹਿੰਦਾਂ ਕਿ ਅਸੀਂ ਇੰਦਰ ਨੂੰ ਮਾਫ਼ ਕਰ ਦਈਏ।"

ਪੰਚਾਇਤ 'ਚ ਚੁੱਪ ਪਸਰ ਗਈ ਸੀ।

ਪਿਆਰੂ ਨੂੰ ਚੰਗਾ-ਮਾੜਾ ਕਹਿੰਦੇ ਲੋਕ ਘਰਾਂ ਵੱਲ ਨੂੰ ਤੁਰ ਗਏ ਸਨ।

ਵਕਤ ਬੀਤਦਾ ਗਿਆ। ਮਨਸੋ ਤੇ ਇੰਦਰ ਨੂੰ ਪਿੰਡੋਂ ਗਿਆਂ ਡੇਢ ਸਾਲ ਗੁਜ਼ਰ ਗਿਆ। ਲੋਕ ਇਸ ਗੱਲ ਨੂੰ ਭੁੱਲ-ਭੁਲਾ ਗਏ ਕਿ ਕਦੇ ਇਸ ਪਿੰਡ 'ਚ ਕੋਈ ਮਨਸੋ ਵੀ ਹੁੰਦੀ ਸੀ, ਜੋ ਕੁਝ ਵਰ੍ਹੇ ਪਿਆਰੂ ਦੇ ਘਰ ਵੱਸਦੀ ਰਹੀ ਸੀ।

ਲਾਲੂ ਦਾ 'ਜੜ੍ਹ ਨਾ ਲੱਗਣ' ਦਾ ਦੁੱਖ ਹੁਣ ਰੋਗ ਬਣ ਗਿਆ ਸੀ। ਉਹ ਚੱਤੋ-ਪਹਿਰ ਆਪਣੇ-ਆਪ 'ਚ ਡੁੱਬਿਆ ਰਹਿੰਦਾ ਤੇ ਮੁੜ-ਮੁੜ ਇੱਕੋ ਗੱਲ ਕਹਿੰਦਾ ਰਹਿੰਦਾ-'ਹੁਣ ਮੇਰੀ ਜੜ੍ਹ ਨਹੀਂ ਲੱਗਣੀ।' ਇਹ ਦੁੱਖ ਹੁਣ ਉਹ ਰੁੱਖਾਂ ਨਾਲ਼ ਵੀ ਸਾਂਝਾ ਕਰਨ ਲੱਗ ਪਿਆ ਸੀ। ਲੋਕ ਉਸ ਵੱਲ ਵੇਖਦੇ। ਕੋਈ ਹੱਸ ਪੈਂਦਾ ਤੇ ਕੋਈ ਤਰਸ ਨਾਲ਼ ਭਰ ਜਾਂਦਾ।

'ਜੜ੍ਹ-ਜੜ੍ਹ ਤਾਂ ਇਉਂ ਕਰਦਾ, ਜਿਉਂ ਮੁਰੱਬਿਆਂ ਦਾ ਮਾਲਕ ਹੋਵੇ!' ਉਹਦੀਆਂ ਗੱਲਾਂ ਸੁਣਕੇ, ਬਹੁਤੇ ਬੰਦੇ ਕੁਝ ਇਸ ਤਰ੍ਹਾਂ ਦਾ ਸੋਚਦੇ।

***

ਇਕ ਦੁਪਹਿਰ ਦੀ ਗੱਲ ਏ। ਪਿਆਰੂ ਅੰਬ ਥੱਲੇ ਡੱਠੇ ਤਖ਼ਤਪੋਸ਼ 'ਤੇ ਪਿਆ ਅਰਾਮ ਕਰ ਰਿਹਾ ਸੀ। ਡਾਕੀਆ ਆਇਆ। ਉਹਦੇ ਚਿਹਰੇ 'ਤੇ ਰਮਜ਼ਮਈ ਮੁਸਕਾਨ ਸੀ। ਉਹਨੇ ਪਿਆਰੂ ਤੋਂ ਸੰਤ ਜੀ ਬਾਰੇ ਪੁੱਛਿਆ।

"ਆਹ ਤੇਰੇ ਇੰਦਰ ਨੇ ਚਿੱਠੀ ਲਿਖਵਾਈ ਆ, ਆਪਣੇ ਯਾਰ ਲਈ!" ਪਿਆਰੂ ਨੂੰ ਇਹ ਆਖ ਉਹ ਸੰਤ ਹੋਰਾਂ ਦੇ ਕਮਰੇ ਵੱਲ ਚਲਾ ਗਿਆ ਸੀ। ਉਹਦੇ ਜਾਣ ਮਗਰੋਂ, ਸੰਤ ਹੋਰੀਂ ਪਿਆਰੂ ਕੋਲ਼ ਆਏ। ਉਹ ਹੱਥ ਜੋੜ ਕੇ ਖੜੋ ਗਿਆ।

"ਚੋਰ ਤਾਂ ਹੁਣ ਫੜੇ ਜਾਣਗੇ ਭਾਈ!" ਉਹ ਮੁਸਕਰਾਉਂਦੇ ਹੋਏ ਬੋਲੇ ਸਨ।

ਸੰਤ ਹੋਰੀ ਚਿੱਠੀ ਪੜ੍ਹਨ ਲੱਗੇ।

"ਮੈਂ ਠੀਕ ਆਂ। ਘੋੜੀ ਵੀ ਠੀਕ ਆ। ਮੈਨੂੰ ਉਹਦੇ ਚੰਗੇ ਰੁਪਏ ਮਿਲ ਰਹੇ ਨੇ। ਮੈਂ ਉਹਦਾ ਮੁੱਲ ਵੱਟ ਕੇ ਛੇਤੀਂ ਪਿੰਡ ਆ ਜਾਣਾ। ਤੂੰ ਮੈਨੂੰ ਇਸ ਪਤੇ 'ਤੇ ਪਿੰਡ ਦਾ ਸਾਰਾ ਹਾਲ ਲਿਖੀਂ।"

ਇਹ ਖਤ ਬੀੜ ਦੇ ਕਿਸੇ ਪਿੰਡ ਤੋਂ ਲਿਖਿਆ ਗਿਆ ਸੀ।

ਉਸੀ ਸ਼ਾਮ ਪਿੰਡ ਦੇ ਮੋਹਤਬਰ ਬੰਦੇ ਇਕੱਠੇ ਹੋਏ। ਉਨ੍ਹਾਂ ਨਾਲ਼ ਸਾਰੀ ਗੱਲ ਸਾਂਝੀ ਕੀਤੀ। ਕੁਝ ਸਿਆਣੇ ਬੰਦਿਆਂ ਤੇ ਜਵਾਨਾਂ ਨੂੰ ਕੋਲ਼ੋਂ ਕਿਰਾਇਆ ਦੇ ਕੇ ਗੜ੍ਹਸ਼ੰਕਰ ਦੀ ਬਸ ਚੜ੍ਹਾ ਦਿੱਤਾ। ਇਹ ਆਦਮੀ ਦੱਸੇ ਪਤੇ 'ਤੇ ਪਹੁੰਚੇ ਤਾਂ ਇੰਦਰ ਸਿਖ਼ਰ-ਦੁਪਹਿਰੇ ਸ਼ਰਾਬ 'ਚ ਧੁੱਤ ਸੀ। ਉਨ੍ਹਾਂ ਇੰਦਰ ਨੂੰ ਦਬੋਚ ਲਿਆ ਤੇ ਉਹਦੇ ਸਾਥੀਆਂ ਦੇ ਰੋਕਦੇ-ਰੋਕਦੇ, ਉਹਦਾ ਸੰਵਾਰ ਕੇ ਕੁਟਾਪਾ ਕਰ ਦਿੱਤਾ।

"ਮਨਸੋ ਕਿੱਥੇ ਆ, ਹਰਾਮੀਆਂ?" ਕਿਸੇ ਨੇ ਪੁੱਛਿਆ।



"ਉਹ ਤਾਂ ਮੈਂ ਵੇਚ ਦਿੱਤੀ!" ਉਹ ਗਿੜਗੜਾਇਆ।

"ਕਿੱਥੇ?" ਸਰਪੰਚ ਨੇ ਪੁੱਛਿਆ।

ਇੰਦਰ ਚੁੱਪ ਰਿਹਾ। ਇਹ ਸੋਚਦਾ ਕਿ ਉਸ ਪਿੰਡ ਤੇ ਬੰਦੇ ਦਾ ਨਾਂ ਦੱਸਿਆ ਜਾਏ ਕਿ ਨਾ। ਪਿੰਡ ਦੇ ਹਰੇਕ ਬੰਦੇ ਨੇ, ਜਦੋਂ ਦੋ-ਦੋ, ਚਾਰ-ਚਾਰ ਹੂਰੇ ਉਹਦੀ ਵੱਖੀ 'ਚ ਮਾਰੇ ਤਾਂ ਉਹਨੇ ਸਭ ਕੁਝ ਦੱਸ ਦਿੱਤਾ ਸੀ। ਸ਼ਾਮ ਤੱਕ ਬੰਦੇ ਪਿੰਡ ਮੁੜ ਆਏ। ਉਨ੍ਹਾਂ ਸੰਤਾਂ ਨੂੰ ਸਾਰੀ ਕਹਾਣੀ ਸੁਣਾ ਦਿੱਤੀ। ਅਗਲੇ ਦਿਨ ਫਿਰ ਤੋਂ ਪੰਚਾਇਤ ਬੁਲਾਈ ਗਈ। ਇਸ ਵਾਰ ਲਾਲੂ ਨੂੰ ਵੀ ਸੱਦਿਆ ਗਿਆ। ਹਰ ਬੰਦਾ ਮਹਿਸੂਸ ਕਰ ਰਿਹਾ ਸੀ ਕਿ ਇਸ ਪਿੰਡ ਦੀ ਨੂੰਹ ਦਾ ਕਿਸੇ ਹੋਰ ਪਿੰਡ, ਕਿਸੇ ਹੋਰ ਬੰਦੇ ਦੇ ਘਰ ਵਸਣਾ, ਇਸ ਪਿੰਡ ਦੇ ਲੋਕਾਂ ਲਈ ਨਮੋਸ਼ੀ ਵਾਲ਼ੀ ਗੱਲ ਹੈ। ਇਹੋ ਮਤਾ ਪੱਕਿਆ ਸੀ ਕਿ ਮਨਸੋ ਨੂੰ ਹਰ ਹਾਲ ਵਾਪਸ ਲਿਆਂਦਾ ਜਾਵੇ।

ਲਾਲੂ ਨੂੰ ਪੁੱਛਿਆ ਤਾਂ ਉਹ ਫਿੱਕਾ ਜਿਹਾ ਹੱਸਦਿਆਂ ਬੋਲਿਆ ਸੀ, "ਹੁਣ ਐਵੇਂ ਕਿਉਂ ਪਾਣੀ 'ਚ ਮਧਾਣੀ ਫੇਰਨ ਡਹੇ ਓ।"

ਮਿੱਥੇ ਦਿਨ ਪੰਚਾਇਤ ਤੇ ਅੱਠ-ਦਸ ਜਵਾਨਾਂ ਨੇ ਲਾਲੂ ਨੂੰ ਵੀ ਮੱਲੋ-ਜ਼ੋਰੀ ਬੱਸ 'ਤੇ ਚੜ੍ਹਾ ਲਿਆ ਸੀ। ਦੁਪਹਿਰ ਤੱਕ ਉਹ ਮਨਸੋ ਦੇ ਨਵੇਂ ਪਿੰਡ ਪਹੁੰਚ ਗਏ ਸਨ। ਦਰ ਲੰਘੇ ਤਾਂ ਚੌਂਕੇ 'ਚ ਉਦਾਸ ਬੈਠੀ ਮਨਸੋ ਚਾਣਚਕ ਹੈਰਾਨ ਤੇ ਖ਼ੁਸ਼ ਹੋ ਗਈ। ਉਹ ਡਰ-ਭਰੇ ਚਾਅ 'ਚ ਉੱਠੀ ਸੀ ਤੇ ਉਹਨੇ ਸਾਰੇ ਬਜ਼ੁਰਗਾਂ ਦੇ ਪੈਰੀਂ ਹੱਥ ਲਗਾਇਆ ਸੀ। ਲਾਲੂ ਨੂੰ ਕਲਾਵੇ 'ਚ ਲੈਂਦਿਆਂ, ਉਹ ਜ਼ਾਰੋ-ਜ਼ਾਰ ਰੋਣ ਲੱਗ ਪਈ ਸੀ।

"ਇਹ ਮੈਨੂੰ ਬੜਾ ਕੁੱਟਦੇ ਨੇ। ਮੈਨੂੰ ਇੱਥੋਂ ਲੈ ਜਾ ਬਾਪੂ!" ਉਹ ਲੇਰ ਮਾਰਦਿਆਂ ਬੋਲੀ ਸੀ। ਲਾਲੂ ਕੁਝ ਨਹੀਂ ਸੀ ਬੋਲਿਆ।

ਥੋੜ੍ਹੀ ਦੇਰ ਬਾਅਦ ਖੇਤਾਂ ਨੂੰ ਗਿਆ ਮਨਸੋ ਦਾ ਖਰੀਦਦਾਰ ਤੇ ਉਹਦਾ ਪਿਉ ਵੀ ਆ ਗਏ ਸਨ।

"ਇਹ ਲਾਲ ਸਿੰਘ ਹੋਰਾਂ ਦੀ ਨੂੰਹ ਏਂ, ਭਾਈ ਸਾਹਿਬ।" ਲਾਲੂ ਵੱਲ ਹੱਥ ਕਰਦਿਆਂ, ਸਰਪੰਚ ਬੋਲਿਆ ਸੀ।

"ਅਸੀਂ ਤਾਂ ਮੁੱਲ ਤਾਰ ਕੇ ਲਿਆਂਦੀ ਆ ਜੀ!" ਖਰੀਦਦਾਰ ਥੋੜ੍ਹਾ ਗੁੱਸੇ 'ਚ ਬੋਲਿਆ ਸੀ।

ਕਈ ਦੇਰ ਬਹਿਸ ਹੁੰਦੀ ਰਹੀ। ਉਸ ਪਿੰਡ ਦੇ ਬੰਦੇ ਵੀ ਵੱਧਦੇ ਗਏ। ਕਈ ਵਾਰ ਨੌਬਤ ਲੜਾਈ ਤੱਕ ਵੀ ਪਹੁੰਚ ਜਾਂਦੀ ਸੀ। ਆਖਰ ਲਾਲੂ ਨੂੰ ਇਕ ਪਾਸੇ ਲਿਜਾ ਕੇ ਸਰਪੰਚ ਬੋਲਿਆ ਸੀ- "ਜੇ ਤੂੰ ਕਹੇ ਤਾਂ ਅਸੀਂ ਮੁੱਲ ਤਾਰਨ ਦੀ ਗੱਲ ਤੋਰੀਏ?"

"ਰੁਪਏ ਤਾਂ ਕੋਈ ਨਈਂ ਹੈਗੇ, ਮੇਰੀ ਜੇਬ 'ਚ!" ਲਾਲੂ ਨੇ ਬੇਵਸੀ 'ਚ ਜਵਾਬ ਦਿੱਤਾ ਸੀ।

"ਉਹ ਤੂੰ ਫਿਕਰ ਨਾ ਕਰ। ਸੰਤਾਂ ਨੇ ਰੁੱਗ ਰੁਪਈਆਂ ਦੇ ਕੇ ਤੋਰਿਆ ਮੈਨੂੰ! ਬੱਸ ਤੂੰ ਫੈਸਲਾ ਲੈਣ ਵਾਲ਼ੀ ਗੱਲ ਕਰ। ਤੂੰ ਸੰਤ ਜੀ ਨਾਲ਼ ਹਿਸਾਬ ਕਰ ਲਈਂ, ਬਾਅਦ 'ਚ!" ਸਰਪੰਚ ਨੇ ਲਾਲੂ ਨੂੰ ਸਮਝਾਇਆ ਸੀ।

'ਜਿਸ ਮੱਝ ਨੂੰ ਰੱਸਾ ਚੱਬਣ ਦੀ ਲੱਤ ਲੱਗ ਜਾਏ, ਉਹ ਫਿਰ ਟਲ਼ਦੀ ਕਦੋਂ ਆ! ਇਨ੍ਹੇ ਕਿਹੜਾ ਪਿਆਰੂ ਦੇ ਘਰ ਵੱਸਣਾ। ਚਾਰ ਦਿਨ ਰਹੂ, ਫਿਰ ਕੋਈ ਨਵਾਂ ਬੰਦਾ ਲੱਭ ਲਊ। ਕਿਉਂ ਐਵੇਂ ਫਿਰ ਤੋਂ ਪੂਰੇ ਪਿੰਡ 'ਚ ਮਿੱਟੀ ਪਟਵਾਉਣੀ ਆ! ਅਸੀਂ ਕਾਹਦੇ ਲਈ ਰੁਪਏ ਤਾਰੀਏ? ਜਿਹੜੀ

ਡੇਢ ਕੁ ਕਨਾਲ ਬਚੀ ਆ, ਉਹ ਵੀ ਜਾਂਦੀ ਲੱਗੂ। ਫਾਇਦਾ ਕੀ ਹੋਣਾ ਏ ? ਕੋਈ ਵੀ ਨਈਂ !' ਲਾਲੂ ਸੋਚੀਂ ਪੈ ਗਿਆ ਸੀ।

"ਕੀ ਸੋਚੀਂ ਜਾਂਦੈ, ਲਾਲ ਸਿਹਾਂ ?" ਸਰਪੰਚ ਨੇ ਉਹਨੂੰ ਬਾਹੋਂ ਫੜ ਕੇ ਝੰਜੋੜਦਿਆਂ ਪੁੱਛਿਆ ਸੀ।

"ਮੇਰੇ ਵਲੋਂ ਤਾਂ ਨਾਂਹ ਆ ਭਾਈ !" ਲਾਲੂ ਦਾ ਦੋ-ਟੁੱਕ ਜਵਾਬ ਸਰਪੰਚ ਨੂੰ ਚੁੱਭਿਆ ਸੀ।

"ਠੀਕ ਆ, ਤੇਰੀ ਮਰਜ਼ੀ। ਆਪਾਂ ਤਾਂ ਮਣਸੋ ਨੂੰ ਇੱਥੋਂ ਲੈ ਕੇ ਜਾਣਾ। ਰਾਮ ਨਾਲ ਡੇਰੇ 'ਤੇ ਆਪਣੀ ਮਾਂ ਨਾਲ਼ ਰਹੀ ਜਾਊਗੀ।" ਸਰਪੰਚ ਨੇ ਖ਼ਰ੍ਹਵੀ ਅਵਾਜ਼ 'ਚ ਆਪਣਾ ਫ਼ੈਸਲਾ ਸੁਣਾ ਦਿੱਤਾ ਸੀ।

ਖਰੀਦਦਾਰ ਨੇ ਦੱਸਿਆ ਕਿ ਮਣਸੋ ਨੂੰ ਉਹਨੇ ਪੂਰੇ ਨੌਂ ਸੌ ਰੁਪਏ 'ਚ ਖਰੀਦਿਆ ਸੀ। ਸਰਪੰਚ ਨੇ ਜੇਬ 'ਚੋਂ ਕੱਢ ਕੇ ਨੌਂ ਸੌ ਰੁਪਏ ਗਿਣੇ ਤੇ ਫਿਰ ਖਰੀਦਦਾਰ ਦੇ ਪਿਉ ਨੂੰ ਫੜਾਉਂਦਿਆ ਬੋਲਿਆ ਸੀ, "ਲਓ ਸਰਦਾਰ ਜੀ, ਗਿਣ ਲਓ।"

ਰੁਪਏ ਫੜਦਿਆਂ, ਬਜ਼ੁਰਗ ਦੀਆਂ ਅੱਖਾਂ ਛਲਕ ਗਈਆਂ ਸਨ। ਕੰਬਦੇ ਹੱਥਾਂ ਨਾਲ਼ ਉਹਨੇ ਰੁਪਏ ਆਪਣੇ ਪੁੱਤ ਨੂੰ ਫੜਾਉਂਦਿਆਂ ਧਾਹ ਮਾਰੀ ਸੀ। ਪੁੱਤ ਨੇ ਉਹ ਰੁਪਏ ਦੋ-ਤਿੰਨ ਵਾਰ ਗਿਣੇ। ਲੰਮਾ ਹਉਕਾ ਭਰਿਆ ਤੇ ਨਿਰਾਸ਼ਾ 'ਚ ਸਿਰ ਮਾਰਦਿਆਂ, ਉਹ ਰੁਪਏ ਬੋਝੇ 'ਚ ਪਾ ਲਏ ਸਨ।

ਸਰਪੰਚ ਉੱਚੀ ਆਵਾਜ਼ 'ਚ ਬੋਲਿਆ ਸੀ, "ਚੱਲ ਤੁਰ ਬਈ, ਕੁੜੇ ਮਣਸੋ !"

ਗੱਲ ਮੁੱਕ ਗਈ ਸੀ। ਦੋਵੇਂ ਪਿੰਡਾਂ ਦੇ ਮੋਹਤਬਰ ਮੂੰਹ-ਮੁਲਾਹਜੇ ਵੱਸ ਇਕ-ਦੂਜੇ ਨੂੰ ਮਿਲ਼ਣ ਲੱਗ ਪਏ ਸਨ। ਮਿਲ਼-ਮਿਲ਼ਾ ਕੇ ਸਾਰੇ ਦਰਵਾਜ਼ਿਓਂ ਬਾਹਰ ਹੋ ਗਏ। ਚਾਣਚਕ ਖਰੀਦਦਾਰ ਦਾ ਪਿਉ ਲਾਲੂ ਨੂੰ ਬਾਂਹੋਂ ਫੜ ਕੇ ਵਿਹੜੇ ਦੇ ਇਕ ਖੂੰਜੇ ਤੱਕ ਖਿੱਚ ਕੇ ਲੈ ਗਿਆ ਸੀ। ਉਹਨੇ ਲਾਲੂ ਦੇ ਕੰਨ 'ਚ ਕੁਝ ਕਿਹਾ ਤੇ ਰੋਣ ਲੱਗ ਪਿਆ ਸੀ। ਲਾਲੂ ਨੇ ਕਲਾਵਾ ਭਰਦਿਆਂ, ਉਹਦੀ ਪਿੱਠ ਥਾਪਣੀ ਸੀ ਤੇ ਕਿਸੇ ਚਾਅ ਜਿਹੇ 'ਚ ਉਸ ਤੋਂ ਵਿਦਾ ਲੈ ਲਈ ਸੀ।

ਦਰੋਂ ਬਾਹਰ ਹੋਇਆ ਤਾਂ ਨਿੱਕੀ ਜਿਹੀ ਭੀੜ ਉਹਨੂੰ ਉਡੀਕ ਰਹੀ ਸੀ। ਉਹ ਸਰਪੰਚ ਮੂਹਰੇ ਆਉਂਦਿਆਂ, ਚਾਅ ਜਿਹੇ 'ਚ ਬੋਲਿਆ ਸੀ, "ਸਰਪੰਚ ਸ੍ਹਾਬ, ਇਹ ਰੁਪਏ ਮੈਂ ਝੋਟੀ ਵੇਚ ਕੇ ਆਪੇ ਤਾਰ ਦਊਂ। ਮਣਸੋ ਨੂੰਹ ਆ ਆਪਣੀ। ਜਾ ਕੇ ਆਪਣਾ ਘਰ ਸੰਭਾਲ਼ੇ। ਇਦ੍ਹੇ ਬਿਨਾਂ ਤਾਂ ਉਹ ਜਮ੍ਹਾਂ ਉੱਜੜਿਆ ਪਿਆ।"

ਉਹਦੇ ਬੋਲ ਸੁਣਕੇ ਸਾਰੇ ਹੈਰਾਨ ਹੋ ਗਏ ਸਨ। ਸਾਰੇ ਤੁਰ ਪਏ। ਕੁਝ ਕਦਮ ਤੁਰ ਕੇ ਲਾਲੂ ਚਾਣਚਕ ਰੁਕ ਗਿਆ। ਉਹਨੇ ਕੁਝ ਸੋਚਿਆ ਤੇ ਫਿਰ ਪਿਛਾਂਹ ਵੱਲ ਮੁੜ ਪਿਆ। ਦਰਾਂ 'ਚ ਖੜਦਿਆਂ, ਉਹ ਟੁਣਕਵੀਂ ਅਵਾਜ਼ 'ਚ ਬੋਲਿਆ ਸੀ, "ਇਕ ਗੱਲ ਯਾਦ ਰੱਖਿਓ, ਜੇ ਮਣਸੋ ਪੈਰੋਂ ਭਾਰੀ ਨਾ ਹੋਈ ਤਾਂ ਇਹਨੂੰ ਮੋੜ ਕੇ ਅਸੀਂ ਆਪਣੇ ਰੁਪਏ ਲੈ ਜਾਣੇ ਨੇ।"

-97818-43444



## ਓਪਰੀ ਬਲਾਂ/ਦੀਪਤੀ ਬਬੂਟਾ

ਕਿਰਨਾਂ ਚੁੱਪ ਹੈ। ਛਿੰਦਰ ਪਰੇਸ਼ਾਨ। ਘਰ ਦੇ ਜੀਆਂ 'ਚ ਚੱਲਦੀ ਘੁਸਰ-ਮੁਸਰ ਅੱਖਾਂ ਦੇ ਇਸ਼ਾਰਿਆਂ 'ਚ ਬਦਲਣ ਲੱਗੀ ਹੈ। ਸਭ ਨੂੰ ਇੱਕੋ ਸੰਸਾ, 'ਜੇ ਕਿਰਨਾਂ ਨਾ ਮੰਨੀ... ?'

ਰੋਟੀਆਂ ਪਕਾਉਂਦੀ ਛਿੰਦਰ ਝਟੇ-ਬਿੰਦੇ ਬੁੱਲ੍ਹਾਂ 'ਤੇ ਆਈ ਸਿਕਰੀ 'ਤੇ ਜੀਭ ਫੇਰਦੀ। ਕਿਰਨਾਂ ਵੱਲ ਵੇਖਦੀ ਤੇ ਫਿਰ ਅੱਗ ਮਚਾਉਣ ਲਈ ਗਿੱਲੇ ਬਾਲਣ ਨੂੰ ਫੂਕਾਂ ਮਾਰਨ ਲੱਗਦੀ। ਗੋਡਿਆਂ 'ਚ ਸਿਰ ਦਿੱਤੀ ਕਿਰਨਾਂ ਨੇ ਡੱਕੇ ਨਾਲ ਘੁੱਗੂ-ਘਾਂਗੜੇ ਵਾਹ-ਵਾਹ ਸੁਆਹ ਦੀ ਢੇਰੀ ਕਿੱਥੋਂ ਦੀ ਕਿੱਥੇ ਖਿਲਾਰ ਦਿੱਤੀ ਹੈ।

ਚੁੱਲ੍ਹੇ ਹੇਠ ਛਿੱਟੀ ਡਾਹ ਛਿੰਦਰ ਨੇ ਬਲਦੀ ਲੱਕੜ ਕਿਰਨਾਂ ਵੱਲ ਉਲਾਰੀ ਹੈ, "ਸੁਣਦੀ ਏਂ ਕਿ ਕੰਨ ਬੋਲੇ ਹੋਏ ਤੇਰੇ। ਕਦੋਂ ਦੀ ਭੌਂਕਣ ਲੱਗੀ ਆਂ। ਮੂੰਹ 'ਚ ਘੁੰਗਣੀਆਂ ਪਾਈਆਂ ਤੇਰੇ ? ਤਿੰਨ ਸਾਲ ਹੋ'ਗੇ ਐਡੇ ਵੱਡੇ ਸ਼ਹਿਰ ਰਹਿੰਦੀ ਨੂੰ, ਸੁਆਹ 'ਚ ਮੋਰ-ਤੋਤੇ ਵਾਹੁਣ ਦੀ ਆਦਤ ਨਾ ਗਈ ਕੁੱਢਣ ਦੀ।" ਕਿਰਨਾਂ ਨੇ ਅੱਖ ਚੁੱਕ ਕੇ ਮਾਂ ਵੱਲ ਵੇਖਿਆ, ਫਿਰ ਚੁੱਲ੍ਹੇ 'ਚ ਧੁਖਦੀ ਲੱਕੜ ਨੂੰ ਇੱਕ ਟੱਕ ਵੇਖਣ ਲੱਗੀ। ਕੰਨਾਂ 'ਚ ਪਿਉ ਦੇ ਬੋਲ ਪਏ,

"ਢਿੱਡ ਨੂੰ ਝੁਲਕਾ ਦੇਣ ਲਈ ਹੱਡਾਂ ਨੂੰ ਬਾਲਣ ਬਨਾਉਣਾ ਪੈਂਦੇ ਪੁੱਤਰ। ਹੱਡ ਮੱਚਦੇ ਆ, ਤਾਂ ਜਾ ਕਿਧਰੇ ਚੁੱਲ੍ਹਾ ਬਲਦੈ। ਆਪਾਂ ਤਾਂ ਗਿੱਲੀਆਂ ਲੱਕੜਾਂ। ਧੁਖਣਾ ਸਾਡਾ ਨਸੀਬ। ਲੱਖ ਸ਼ੁਕਰ ਗੁਜਾਰੀਏ, ਜੇ ਧੁਖਦਿਆਂ ਚੁੱਲ੍ਹਾ ਬਲਦਾ ਰਹਿ'ਜੇ।" ਲਾਣੀ ਮੰਜੀ 'ਚ ਗੁੱਛਾ ਹੋਏ ਪਏ ਪਿਉ ਦੀ ਹਾਲਤ ਵੇਖ ਕਿਰਨਾਂ ਦਾ ਗੱਚ ਭਰ ਆਇਆ।

"ਮੈਡਮ ਜੀ, ਡੈਡੀ ਮੇਰਾ...।"

"ਤੇਰੇ ਡੈਡੀ ਦੀ ਬਹਾਦਰੀ ਦੇ ਕਿੱਸੇ ਫਿਰ ਸੁਣਾਂਗੀ ਕਦੀ। ਅੰਕਲ ਤੇਰੇ ਨਾਲ ਆਉਣੈ ਕਿਸੇ ਨੇ। ਰੋਟੀ-ਪਾਣੀ ਦੀ ਤਿਆਰੀ ਕਰ ਚੱਲ ਕੇ। ਜਦੋਂ ਵੇਖੋ, ਮੇਰੀ ਮੰਮੀ... ਮੇਰਾ ਡੈਡੀ...। ਮੰਮੀ ਡੈਡੀ ਨਾ ਹੋਏ ਮਡੋਨਾ ਤੇ ਸ਼ਕਤੀਮਾਨ ਹੋ'ਗੇ।"

ਗੱਲ-ਗੱਲ 'ਤੇ ਕਦੀ ਮਾਂ, ਕਦੀ ਪਿਉ ਦਾ ਜ਼ਿਕਰ ਛੇੜਦੀ ਕਿਰਨਾਂ ਨੂੰ ਅਕਸਰ ਜਸਵਿੰਦਰ ਕੰਮ ਦਾ ਆਹਰ ਦੇ ਕੇ ਚੁੱਪ ਕਰਾ ਦਿੰਦੀ। ਕਿਰਨਾਂ ਸੋਚਦੀ, ਕਾਸ਼ ! ਭਾਪਾ ਸੱਚੀ ਸ਼ਕਤੀਮਾਨ ਹੁੰਦਾ।

"ਹੋਰ ਨਹੀਂ ਤਾਂ ਅੱਗ ਨੂੰ ਫੂਕ ਮਾਰ ਦੇ। ਬੈਠੀ ਡੁੰਨ-ਵੱਟਾ ਬਣ ਕੇ।" ਚੁੱਲ੍ਹੇ ਦੀ ਬੁਝਦੀ ਅੱਗ ਨੂੰ ਫੂਕ ਮਾਰਨ ਲਈ ਹੱਥ 'ਚ ਫੜੀ ਫੂਕਨੀ ਛਿੰਦਰ ਨੇ ਕਿਰਨਾਂ ਵੱਲ ਬੰਦੂਕ ਚਲਾਉਣ ਵਾਂਗ ਸਿੱਧੀ ਕੀਤੀ ਤੇ ਫਿਰ ਜ਼ਮੀਨ 'ਤੇ ਵਗਾਹ ਸੁੱਟੀ।

ਦੋ ਪੱਲੜਿਆਂ 'ਚ ਡਾਵਾਂਡੋਲ ਹੁੰਦੀ ਕਿਰਨਾਂ ਨੂੰ ਮਾਂ ਵਿੱਚੋਂ ਜਸਵਿੰਦਰ ਦਾ ਝਾਉਲਾ ਪਿਆ ਤੇ ਉਹ ਇੱਕ ਟੱਕ ਛਿੰਦਰ ਨੂੰ ਤੱਕਣ ਲੱਗੀ।

"ਵੇਂਹਦੀ ਵੇਖ ਕਿਵੇਂ ਆਨੇ ਪਾੜ-ਪਾੜ, ਜਿਵੇਂ ਡੇਲਿਆਂ ਥਾਣੀਂ ਖਾਣਾ ਹੋਵੇ ਮੈਨੂੰ।" ਆਖਦੀ ਛਿੰਦਰ ਅੱਗ ਨੂੰ ਫੂਕਾਂ ਮਾਰਨ ਲੱਗੀ।

'ਜੇ ਪਤਾ ਹੁੰਦਾ ਮੈਡਮ ਨਾਲ ਦਿਲ ਦੀ ਗੱਲ ਖੋਲ੍ਹਣਾ ਚੁੱਲ੍ਹੇ 'ਚ ਫੂਕਾਂ ਮਾਰਨ ਲਾ ਦੇਵੇਗਾ, ਤਾਂ ਕਦੀ ਤੇਰੇ ਚੁੱਲ੍ਹੇ ਦੇ ਸੇਕ 'ਚ ਰਾੜ੍ਹੀ ਰੋਟੀ ਦਾ ਸੁਆਦ ਸਾਂਝਾ ਨਾ ਕਰਦੀ।'

ਕਿਰਨਾਂ ਨੇ ਇਨਾ ਜ਼ੋਰ ਲਾ ਕੇ ਫੂਕ ਮਾਰੀ ਜਿਵੇਂ ਅੰਦਰ ਭਰਿਆ ਸਾਰਾ ਗੁਬਾਰ ਚੁੱਲ੍ਹੇ 'ਚ ਸਾੜ ਦੇਣਾ ਹੋਵੇ। ਅੱਗ ਅੰਗਿਆਰੇ ਕੱਢਣ ਲੱਗੀ ਤੇ ਕਿਰਨਾਂ ਦੇ ਹੱਥ 'ਚ ਫੜਿਆ ਡੱਕਾ ਸੁਆਹ

ਵਿੱਚ ਪਹਿਲਾਂ ਨਾਲੋਂ ਵੀ ਤੇਜ਼ ਚੱਲਣ ਲੱਗਿਆ। ਇੱਧਰ-ਉੱਧਰ ਲਕੀਰਾਂ ਖਿੱਚਦੀ ਹੱਥੋਂ ਪਤਾ ਹੀ ਨਾ ਲੱਗਿਆ ਕਦੋਂ ਝੂਲਾ ਵਾਹਿਆ ਗਿਆ ਤੇ ਉਹ ਪੈਰਾਂ ਭਾਰ ਬੈਠੀ ਇੰਝ ਝੂਲਣ ਲੱਗੀ ਜਿਵੇਂ ਸੱਚਮੁੱਚ ਝੂਲਾ ਝੂਲ ਰਹੀ ਹੋਵੇ।

*****

ਝੂਲੇ 'ਚ ਪਈ ਮੈਡਮ ਦੀ ਰੂੰ ਦੇ ਬਾਵੇ ਵਰਗੀ ਧੀ ਨੂੰ ਝੂਟੇ ਦਿੰਦੀ ਕਿਰਨਾਂ ਲੋਰ 'ਚ ਆਈ ਲੋਰੀਆਂ ਦੇ ਰਹੀ ਸੀ।

"ਅੱਲੜ-ਬੱਲੜ ਬਾਵੇ ਦਾ
ਬਾਵਾ ਰੂੰ ਲਿਆਵੇਗਾ
ਬਾਵੀ ਬਹਿ ਕੇ ਕੱਤੇਗੀ
ਸੋਹਣਾ ਸੂਟ ਬਣਾਏਗੀ
ਰੂੰ ਦਾ ਬਾਵਾ ਪਾਏਗਾ
ਸੋਹਣਾ ਬਣ ਜਾਏਗਾ
ਸੋਹਣੇ ਨੂੰ ਖਿਡਾਵਾਂਗੇ
ਤਾੜੀਆਂ ਵਜਾਵਾਂਗੇ।" ਝੂਲਾ ਝੁਲਾਉਂਦੀ ਕਿਰਨਾਂ ਆਪ ਵੀ ਝੂਲੀ ਜਾਂਦੀ।

"ਬਸ ਕਰ। ਬੜੇ ਰਾਗ ਅਲਾਪ ਲਏ। ਇੱਧਰ ਆ ਤੇ ਮੋਢੇ ਘੁੱਟ ਮੇਰੇ। ਪਰੀ ਸੌਂ ਗਈ ਏ। ਹੋਰ ਰੌਲਾ ਪਾ ਕੇ ਜਗਾਵੇਂਗੀ।" ਕੋਲ ਹੀ ਬੈੱਡ 'ਤੇ ਬੈਠੀ ਪੁੱਤਰ ਨੂੰ ਰੋਟੀ ਖੁਆ ਰਹੀ ਜਸਵਿੰਦਰ ਨੇ ਹੁਕਮ ਸੁਣਾਇਆ।

ਕਿਰਨਾਂ ਫ਼ਰਸ਼ ਤੋਂ ਉੱਠੀ ਤੇ ਬੈੱਡ ਦੇ ਇੱਕ ਪਾਸੇ ਖੜ੍ਹੀ ਹੋ ਜਸਵਿੰਦਰ ਦੇ ਮੋਢੇ ਘੁੱਟਣ ਲੱਗੀ।

"ਬਸ, ਇੱਕ ਬਾਈਟ ਹੋਰ। ਸਟਰਾਂਗ ਬਣਨੈ ਨਾ?"

ਜਸਵਿੰਦਰ ਨੂੰ ਪੁੱਤਰ ਨਾਲ ਲਾਡ ਲਡਾਉਂਦੀ ਵੇਖ ਕਿਰਨਾਂ ਮਾਂ ਨੂੰ ਚੇਤੇ ਕਰਨ ਲੱਗੀ, "ਮੇਰੀ ਮੰਮੀ ਜਦੋਂ ਰੋਟੀ ਬਣਾਉਂਦੀ ਏ ਨਾ, ਅਸੀਂ ਸਾਰੇ ਭੈਣਾਂ-ਭਰਾ ਚੁੱਲ੍ਹੇ ਦੇ ਆਸੇ-ਪਾਸੇ ਬਹਿ ਜਾਈਦੈ। ਸਰਦੀਆਂ 'ਚ ਇੱਕ-ਦੂਜੇ ਦੇ ਨਾਲ ਜੁੜ-ਜੁੜ ਕੇ ਬੈਠ ਹੱਥ ਸੇਕੀਦੇ ਨੇ। ਕੋਲਿਆਂ ਦੇ ਸੇਕ 'ਤੇ ਰਾੜ੍ਹੀ ਰੋਟੀ ਖਾਈਦੀ ਏ। ਫਿਰ ਮੂੰਗਫਲੀ ਖਾ-ਖਾ ਛਿੱਲੜ ਚੁੱਲ੍ਹੇ 'ਚ।" ਆਖ ਕਿਰਨਾਂ ਨੇ ਮੂੰਹ ਘੁੱਟ ਲਿਆ।

"ਲੈ ਤੇਰੀ ਨਜ਼ਰ ਪਈ ਨਹੀਂ ਤੇ ਇਹਨੇ ਗਰਾਹੀ ਵਿੱਚੇ ਛੱਡੀ ਨਹੀਂ। ਦੇਸੀ ਘਿਉ ਦੀ ਚੂਰੀ। ਸੁੱਟੀਂ ਨਾ, ਮੋਢੇ ਘੁੱਟ ਕੇ ਖਾ ਲਵੀਂ। ਇੱਕ ਗੱਲ ਏ, ਤੇਰੀ ਮੰਮੀ ਦੇ ਹੱਥ ਦੀਆਂ ਤਾਂ ਬਥੇਰੀਆਂ ਰੋਟੀਆਂ ਖਾਧੀਆਂ ਮੈਂ ਵੀ। ਸੱਚੀ ਬਹੁਤ ਸਵਾਦ ਬਣਾਉਂਦੀ ਏ। ਤੰਦੂਰ ਦੀ ਮਿੱਸੀ ਰੋਟੀ ਤਾਂ ਮੂੰਹੋਂ ਨਹੀਂ ਲਹਿੰਦੀ। ਹੁਣ ਵੀ ਜਦੋਂ ਮਾਂ ਨੂੰ ਮਿਲਣ ਜਾਈਦੈ ਤੇਰੀ ਮੰਮੀ ਉਚੇਚਾ ਬਣਾਉਂਦੀ ਸਾਡੇ ਲਈ। ਤੈਨੂੰ ਆਉਂਦੀ ਚੁੱਲ੍ਹੇ 'ਤੇ ਰੋਟੀ ਪਕਾਉਣੀ?" ਕੋਲਿਆਂ ਦੇ ਸੇਕ 'ਤੇ ਰਾੜ੍ਹੀ ਰੋਟੀ ਨੇ ਜਸਵਿੰਦਰ ਦਾ ਮੂੰਹ ਸਵਾਦ-ਸਵਾਦ ਕਰ ਦਿੱਤਾ।

"ਹਾਂ, ਮੈਂ ਤਾਂ ਆਵਦੀ ਮੰਮੀ ਨਾਲੋਂ ਵੀ ਵਧੀਆ ਬਣਾ ਲੈਨੀ ਆਂ। ਤੁਹਾਨੂੰ ਬਣਾ ਕੇ ਖੁਆਵਾਂ?" ਉਹ ਉੱਛਲ ਕੇ ਜਸਵਿੰਦਰ ਦੇ ਸਾਹਮਣੇ ਹੋ ਖਲੋਤੀ।



"ਇੱਥੇ ਕਿਹੜੇ ਚੁੱਲ੍ਹੇ 'ਚ ਕਿਹੜਾ ਬਾਲਣ ਡਾਹੇਂਗੀ? ਲੱਗਦੈ ਪਰੀ ਨੇ ਪੋਟੀ ਕਰ ਦਿੱਤੀ ਏ। ਜਾ ਵੇਖ ਉਹਨੂੰ ਤੇ ਡਾਈਪਰ ਚੇਂਜ ਕਰਕੇ ਖਿਡਾ ਲੈ ਬਾਹਰ। ਚੱਲ ਜਾ ਸ਼ਰਨ ਤੂੰ ਵੀ ਖੇਡ ਬਾਹਰ ਜਾ ਕੇ।" ਬਾਲਾਂ ਨੂੰ ਕਿਰਨਾਂ ਹਵਾਲੇ ਕਰ ਜਸਵਿੰਦਰ ਬੈੱਡ 'ਤੇ ਨਿੱਸਲ ਹੋ ਗਈ।

ਪਰੀ ਦਾ ਡਾਈਪਰ ਬਦਲਦੀ ਕਿਰਨਾਂ ਜੁਗਤ ਲੜਾਉਣ ਲੱਗੀ। ਆਖਿਰ ਤਿਕੜਮ ਕੰਮ ਕਰ ਹੀ ਗਈ।

ਦੋ ਦਿਨ ਨਹੀਂ ਪਏ। ਮੈਡਮ ਨੂੰ ਚੇਤਾ ਰਿਹਾ ਜਾਂ ਨਾ, ਕਿਰਨਾਂ ਨੇ ਅਚਾਰ, ਦਹੀਂ, ਗੰਢਾ ਤੇ ਰੋਟੀ ਪਲੇਟ 'ਚ ਸਜਾ ਕੇ ਚਾਂਈਂ-ਚਾਂਈਂ ਜਸਵਿੰਦਰ ਅੱਗੇ ਲਿਆ ਰੱਖੀ।

"ਖਾ ਕੇ ਦੱਸੋ, ਕਿਵੇਂ ਬਣੀ?"

"ਇਹ ਕਿਵੇਂ ਬਣਾਈ, ਪਟਾਕੀਏ? ਗੈਸ 'ਤੇ ਪੱਕੀ ਤਾਂ ਨਹੀਂ ਲੱਗਦੀ।" ਜਸਵਿੰਦਰ ਜਦੋਂ ਕਿਰਨਾਂ ਦੇ ਕਿਸੇ ਕੰਮ ਤੋਂ ਖੁਸ਼ ਹੁੰਦੀ, ਤਾਂ ਪਟਾਕੀ ਆਖ ਕੇ ਬੁਲਾਉਂਦੀ। ਬਸ ਫਿਰ, ਕਿਰਨਾਂ ਪਟਕ-ਪਟਕ ਬੋਲਦੀ ਮੈਡਮ ਦੇ ਆਸੇ-ਪਾਸੇ ਭੰਬੀਰੀ ਬਣ ਜਾਂਦੀ।

"ਅੱਜ ਜਦੋਂ ਤੁਸੀਂ ਕਿੱਟੀ ਪਾਰਟੀ ਲਈ ਗਏ ਹੋਏ ਸੀ ਨਾ ਮੈਂ ਪਰੀ ਨੂੰ ਪਰੈਮ 'ਚ ਘੁਮਾਉਣ ਗਈ ਦਰਖ਼ਤਾਂ ਤੋਂ ਡਿੱਗੇ ਸੁੱਕੇ ਪੱਤੇ ਲਿਫ਼ਾਫ਼ੇ 'ਚ ਇਕੱਠੇ ਕਰ ਲਿਆਂਦੇ। ਇੱਕ ਲਿਫ਼ਾਫ਼ੇ 'ਚ ਸੜਕ 'ਤੇ ਫਿਰਿਆ ਗਾਂਵਾਂ ਦਾ ਸੁੱਕਾ ਗੋਹਾ ਵੀ ਚੁੱਕ ਲਿਆਂਦਾ। ਕੁਝ ਸੁੱਕੀਆਂ ਟਾਹਣੀਆਂ ਇੱਧਰੋਂ-ਉੱਧਰੋਂ ਚੁੱਕ ਲਿਆਂਦੀਆਂ। ਰਹੀ ਗੱਲ ਚੁੱਲ੍ਹਾ ਬਣਾਉਣ ਦੀ ਤਾਂ ਮੇਰੇ ਲਈ ਚੁਟਕੀ ਦਾ ਕੰਮ। ਗਲੀ ਦੀ ਨੁੱਕਰ 'ਤੇ ਪਈਆਂ ਸੀਮਿੰਟ ਦੀਆਂ ਟਾਈਲਾਂ ਚੁੱਕ ਲਿਆਂਦੀਆਂ। ਪਿਛਲੇ ਵਿਹੜੇ ਦੀ ਨੁੱਕਰ 'ਚ ਇੱਕ ਪਾਸੇ ਫ਼ਰਸ਼ 'ਤੇ ਟਾਈਲਾਂ ਵਿਛਾ ਕੇ ਉੱਤੇ ਛੇ ਟਾਈਲਾਂ ਜੋੜ ਕੇ ਬਣ ਗਿਆ ਚੁੱਲ੍ਹਾ। ਦਰਖ਼ਤਾਂ ਦੀਆਂ ਟਾਹਣੀਆਂ ਤੇ ਗੋਹੇ ਦੇ ਮੁੱਠਿਆਂ ਦੀ ਅੱਗ ਬਾਲ ਕੇ ਤਵਾ ਧਰਿਆ। ਤੇ ਬਸ ਫਿਰ, ਮਿੰਟੋ-ਮਿੰਟ ਰੋਟੀ ਤਿਆਰ। ਮੈਂ ਤਾਂ ਆਲੂ ਗੰਢਿਆਂ ਦੀ ਸਬਜ਼ੀ ਵੀ ਧਰੀ ਏ ਚੁੱਲ੍ਹੇ ਦੇ ਮੱਠੇ ਸੇਕ 'ਤੇ। ਭੁੱਬਲ 'ਚ ਆਲੂ ਵੀ ਭੁੰਨਣੇ ਰੱਖੇ ਆ...।"

"ਅੱਛਾ...! ਤੇ ਰੋਟੀ ਬਸ, ਇੱਕ ਹੀ...?"

"ਇੱਕ ਹੀ ਕਿਉਂ ਮੈਡਮ ਜੀ, ਤੁਸੀਂ ਜਿੰਨੀਆਂ ਮਰਜੀ ਖਾਉ।"

ਰੋਟੀ ਖਾਂਦੇ-ਖਾਂਦੇ ਜਸਵਿੰਦਰ ਨੇ ਮਿਸਤਰੀ ਨੂੰ ਫ਼ੋਨ ਕਰ ਦਿੱਤਾ। ਤੇ ਬਸ, ਕੋਠੀ ਦੇ ਪਿੱਛੇ ਬਣੇ ਕਿਚਨ ਗਾਰਡਨ 'ਚ ਪੱਕਾ ਸੀਮਿੰਟਿਡ ਚੁੱਲ੍ਹਾ-ਚੌਂਕਾ ਬਣਾਉਣ ਦਾ ਨੀਂਹ ਪੱਥਰ ਰੱਖਿਆ ਗਿਆ। ਲੱਕੜ-ਬਾਲਣ ਵੀ ਮੰਗਵਾ ਦਿੱਤਾ ਗਿਆ।

ਹੁਣ ਇੱਕ ਕੰਮ ਪੱਕੇ ਤੌਰ 'ਤੇ ਕਿਰਨਾਂ ਦੇ ਜ਼ਿੰਮੇ ਹੋ ਗਿਆ।

ਪੰਦਰੀਂ-ਵੀਹ ਦਿਨੀਂ ਮੈਡਮ ਦੇ ਸਰਦਾਰ ਜੀ ਘਰ ਆਉਂਦੇ। ਕਿਰਨਾਂ ਲਈ ਹੁਕਮ ਤਿਆਰ ਹੁੰਦਾ, "ਲੈ ਬਈ ਕਿਰਨਾਂ ਤੇਰੇ ਅੰਕਲ ਨੂੰ ਤੇਰੇ ਹੱਥ ਦੀ ਚੁੱਲ੍ਹੇ 'ਤੇ ਬਣਾਈ ਦਾਲ, ਮੱਠੇ ਸੇਕ 'ਤੇ ਰਾੜ੍ਹ ਕੇ ਬਣਾਏ ਆਲੂ-ਗੰਢਿਆਂ ਦੀ ਸਬਜ਼ੀ ਤੇ ਕੋਲਿਆਂ 'ਤੇ ਰਾੜ੍ਹੀ ਰੋਟੀ ਖੁਆ ਦੇਈਂ। ਹਾਂ, ਤੇ ਭੁੱਬਲ ਸਪੈਸ਼ਲ ਆਲੂ ਜ਼ਰੂਰ ਭੁੰਨ ਲਵੀਂ। ਆਲੂ ਚਾਟ ਮੈਂ ਆਪ ਬਣਾਵਾਂਗੀ। ਤੇਰੇ ਅੰਕਲ ਡਰਿੰਕ ਨਾਲ ਲੈਣਾ ਬਹੁਤ ਪਸੰਦ ਕਰਦੇ ਆ।" ਕੋਈ ਮਹਿਮਾਨ ਆਉਣਾ ਹੁੰਦਾ, ਕਿਰਨਾਂ ਦੀ ਸਪੈਸ਼ਲ ਡਿਸ਼ ਦਾ ਆਰਡਰ ਸਭ ਤੋਂ ਪਹਿਲਾਂ ਤਿਆਰ ਹੁੰਦਾ।

ਮੈਡਮ ਵਧਾ-ਚੜ੍ਹਾ ਕੇ ਸਾਰਿਆਂ ਕੋਲ ਕਿਰਨਾਂ ਦੇ ਹੱਥ ਦੀ ਰੋਟੀ ਦੇ ਗੁਣ ਗਾਉਂਦੀ, ਆਪਣੀਆਂ ਤਾਰੀਫ਼ਾਂ ਦੇ ਪੁਲ ਵੀ ਬੰਨ੍ਹੀ ਜਾਂਦੀ,

"ਪਿੰਡ ਤਾਂ ਸਾਡੇ ਅੰਦਰ ਵੱਸਦੈ, ਇੱਛਾ ਹੋਏ ਸਹੀ। ਜੰਗਲ 'ਚ ਮੰਗਲ ਹੋ ਸਕਦੈ। ਫਿਰ ਸ਼ਹਿਰ 'ਚ ਚੁੱਲ੍ਹਾ-ਚੌਂਕਾ ਬਣਾਉਣਾ ਕੀ ਔਖਾ?" ਰਸੋਈ 'ਚ ਜਸਵਿੰਦਰ ਦਾ ਹੱਥ ਵਟਾਉਂਦੀ ਕਿਰਨਾਂ ਨਾਲੋ-ਨਾਲ ਰਸੋਈ ਸਮੇਟੀ ਜਾਂਦੀ। ਮਜਾਲ ਏ ਇੱਕ ਜੂਠਾ ਭਾਂਡਾ ਸ਼ੈਂਕ 'ਚ ਪਿਆ ਰਹਿਣ ਦੇਵੇ। ਬਸ ਫਿਰ, ਜਸਵਿੰਦਰ ਨੇ ਮਹੀਨਾ ਪੂਰਾ ਹੋਣ ਤੋਂ ਪਹਿਲਾਂ ਹੀ ਘਰ 'ਚ ਲੱਗੀ ਕੰਮ ਵਾਲੀ ਦੀ ਭਾਂਡਿਆਂ ਤੋਂ ਛੁੱਟੀ ਕਰ ਦਿੱਤੀ। ਇੰਜ ਹੀ ਅਗਲਾ ਮਹੀਨਾ ਪੂਰਾ ਹੋਣ ਤੋਂ ਪਹਿਲਾਂ ਸਫ਼ਾਈਆਂ ਵੀ ਕਿਰਨਾਂ ਨੇ ਸੰਭਾਲ ਲਈਆਂ। ਅਸਲ ਵਿੱਚ ਜਸਵਿੰਦਰ ਦਾ ਖੁੱਲ੍ਹਾ-ਡੁੱਲ੍ਹਾ ਸੁਭਾਅ ਵੇਖ ਕਿਰਨਾਂ ਹੱਸ-ਹੱਸ ਮੈਡਮ ਦੇ ਬੋਲ ਪੁਗਾਉਂਦੀ ਉੱਡੀ ਫਿਰਦੀ।

ਜਸਵਿੰਦਰ ਜਿੱਥੇ ਜਾਂਦੀ, ਕਿਰਨਾਂ ਨੂੰ ਨਾਲ ਲੈ ਕੇ ਜਾਂਦੀ। ਪਿੰਡ ਦੀਆਂ ਰੂੜੀਆਂ ਲੱਗੀਆਂ, ਮਿੱਟੀ-ਘੱਟੇ ਭਰੀਆਂ ਗਲੀਆਂ 'ਚੋਂ ਨਿਕਲ ਪਹਿਲੀ ਵਾਰ ਮੈਡਮ ਨਾਲ ਸ਼ਾਪਿੰਗ ਮਾਲ ਆਈ ਕਿਰਨਾਂ ਦੀਆਂ ਅੱਖਾਂ ਪਾਟੀਆਂ ਦੀਆਂ ਪਾਟੀਆਂ ਰਹਿ ਗਈਆਂ। ਮੈਡਮ ਨੇ ਕਿਰਨਾਂ ਨੂੰ ਆਪਣੇ ਨਿੱਕੇ ਦਿਉਰ ਤੇ ਨਨਾਣ ਦੀਆਂ ਕਿੰਨੀਆਂ ਪੈਂਟਾਂ, ਕਮੀਜ਼ਾਂ, ਪਜਾਮੇ, ਟੀ-ਸ਼ਰਟਾਂ ਪਾਉਣ ਨੂੰ ਦੇ ਦਿੱਤੇ ਸਨ। ਆਪਣੇ ਭੀੜੇ ਹੋਏ ਤੇ ਮਨ ਤੋਂ ਲੱਥੇ ਕੱਪੜੇ ਕਟਵਾ ਕੇ ਕਿਰਨਾਂ ਦੇ ਮਾਪ ਦੀਆਂ ਡ੍ਰੈੱਸਾਂ ਬਣਵਾ ਦਿੱਤੀਆਂ। ਪਹਿਲੇ ਦਿਨ ਖ਼ਾਲੀ ਪਈ ਕਿਰਨਾਂ ਦੇ ਕਮਰੇ ਦੀ ਅਲਮਾਰੀ 'ਚੋਂ ਕੱਪੜਾ ਪਾਉਂਦੇ ਹੁਣ 'ਕਿਹੜਾ ਪਾਵਾਂ' ਸੋਚ ਭਾਰੀ ਪੈਣ ਲੱਗੀ ਸੀ।

ਸ਼ਾਪਿੰਗ ਮਾਲ ਜਾਣ ਲਈ ਤਿਆਰ ਹੁੰਦੀ ਜਸਵਿੰਦਰ ਨੇ ਕਿਰਨਾਂ ਨੂੰ ਉਚੇਚੇ ਤੌਰ 'ਤੇ ਆਪਣੇ ਗਾਊਨ 'ਚੋਂ ਕੱਟ ਕੇ ਕਿਰਨਾਂ ਦੇ ਮਾਪ ਦਾ ਕਰਵਾ ਕੇ ਦਿੱਤਾ ਗਾਊਨ ਪਾਉਣ ਨੂੰ ਆਖਿਆ ਸੀ। ਤੂੜੀ ਵਾਂਗ ਇੱਧਰ-ਉੱਧਰ ਖਿੱਲਰੇ ਰਹਿੰਦੇ ਵਾਲ ਸ਼ੈਂਪੂ ਕਰਕੇ ਉੱਚਾ ਜੂੜਾ ਲਪੇਟਣ ਦਾ ਆਦੇਸ਼ ਦਿੱਤਾ ਸੀ। ਕਾਰ ਦੀ ਪਿਛਲੀ ਸੀਟ 'ਤੇ ਪਰੀ ਨੂੰ ਗੋਦੀ 'ਚ ਲਈ ਬੈਠੀ ਕਿਰਨਾਂ ਦਾ ਮਨ ਬਿਨਾਂ ਖੰਭੋਂ ਉੱਡਣ-ਪਰੀ ਬਣ ਆਕਾਸ਼ 'ਚ ਉਡਾਰੀਆਂ ਲਾਵੇ।

****

ਕਰੀਬ ਸਾਢੇ ਛੇ ਮਹੀਨੇ ਬਾਦ ਪਿੰਡ ਪਹਿਲਾ ਫੇਰਾ ਪਾਉਣ ਆਈ ਕਿਰਨਾਂ ਦੀ ਜ਼ੁਬਾਨ 'ਤੇ 'ਮੇਰੀ ਮੈਡਮ, ਮੇਰੀ ਮੈਡਮ' ਤੋਂ ਸਿਵਾਏ ਕੋਈ ਬੋਲ ਨਾ। ਆਪਣੇ ਘਰ ਦੇ ਇਕਲੌਤੇ ਕੱਚੇ ਕੋਠੇ ਦੀ ਜ਼ਮੀਨ 'ਤੇ ਭੈਣ-ਭਰਾਵਾਂ ਨਾਲ ਬਿਸਤਰੇ 'ਚ ਵੜੀ ਦਿੱਲੀ ਦੀਆਂ ਗੱਲਾਂ ਸੁਣਾਉਂਦੀ ਇੰਜ ਮਹਿਸੂਸ ਕਰੇ ਜਿਵੇਂ ਉਹ ਆਪ ਪਰੀ ਲੋਕ ਦੀ ਸ਼ਹਿਜ਼ਾਦੀ ਹੋਵੇ।

"ਪਤੈ, ਜਿਵੇਂ ਆਪਾਂ ਫਿਲਮਾਂ 'ਚ ਨਹੀਂ ਵੇਖੀਦਾ, ਵੱਡੀਆਂ-ਵੱਡੀਆਂ ਦੁਕਾਨਾਂ ਦੇ ਸ਼ੀਸ਼ਿਆਂ ਦੇ ਅੰਦਰ ਪਿਆ ਸਮਾਨ। ਮਸ਼ੀਨੀ ਪੌੜੀਆਂ ਆਪੇ ਚੱਲਦੀਆਂ। ਮੈਡਮ ਨੇ ਸਿਖਾਇਆ ਮੈਨੂੰ ਕਿਵੇਂ ਪੈਰ ਟਿਕਾ ਕੇ ਖੜੋ ਜਾਣੈ, ਤੇ ਪੌੜੀਆਂ ਆਪੇ ਉੱਤੇ ਲੈ ਜਾਂਦੀਆਂ ਤੁਹਾਨੂੰ। ਫਿਰ ਆਪੇ ਹੇਠਾਂ ਵੀ ਲੈ ਆਉਂਦੀਐਂ। ਲਿਫ਼ਟ 'ਚ ਖੜੋ ਕੇ ਬਟਨ ਦੱਬੋ, ਪਤਾ ਹੀ ਨਹੀਂ ਲੱਗਦਾ ਤੁਸੀਂ ਕਦੋਂ ਜ਼ਮੀਨ 'ਤੇ ਉਤਰੇ, ਕਦੋਂ ਅਸਮਾਨ 'ਚ ਗੇੜੀਆਂ ਲਾ ਆਏ।"

"ਮੈਨੂੰ ਤਾਂ ਸੁਣ ਕੇ ਓਪਰਾ ਜਿਹਾ ਲੱਗੀ ਜਾਂਦੈ, ਜਿਵੇਂ ਸਾਰਾ ਕੁੱਝ ਨਕਲੀ ਹੋਵੇ!" ਰੱਜੂ ਨੇ ਇੰਝ ਸ਼ੰਕਾ ਜਤਾਈ ਜਿਵੇਂ ਕਿਰਨਾਂ ਮਨਘੜਤ ਬਾਤ ਸੁਣਾ ਰਹੀ ਹੋਵੇ।"

"ਨਕਲੀ ਨਾ ਨਕਲੀ। ਇੰਨੀ ਸੋਹਣੀ ਦੁਨੀਆਂ ਤੇ ਲੋਕੀਂ...! ਹਾਏ, ਕੀ ਦੱਸਾਂ...? ਬੜੇ ਹੀ ਸੋਹਣੇ। ਖੁਸ਼ਬੂਆਂ ਨਹਾਤੇ। ਅਸਲੀ ਏ ਜਾਂ ਨਕਲੀ ਪਰ ਉਹ ਕੋਈ ਵੱਖਰਾ ਹੀ ਸੰਸਾਰ ਏ।"



"ਹੱਟੀਆਂ ਕਿਵੇਂ ਦੀਆਂ ਹੁੰਦੀਆਂ ਉੱਥੇ? ਮੇਲੇ ਵਾਲੀ ਗੁੱਡੀ ਮਿਲਦੀ ਉੱਥੇ...?" ਨਿੱਕੀ ਸੀਤੂ ਦੇ ਸਵਾਲ ਨੇ ਖ਼ਿਆਲ ਉਡਾਰੀ ਭਰੀ ਤਾਂ ਕਿਰਨਾਂ ਦਾ ਹਾਸਾ ਛੁੱਟ ਗਿਆ। ਫਿਰ ਸਹਿਜ ਹੁੰਦੀ ਅੱਗੇ ਸੁਣਾਉਣ ਲੱਗੀ।

" ਹੱਟੀ-ਹੁੱਟੀ ਨਹੀਂ ਹੁੰਦੀ ਉੱਥੇ। ਮੌਲ, ਮੌਲ ਕਹਿੰਦੇ ਉਹਨੂੰ। ਅੰਦਰ ਸ਼ੀਸ਼ਿਆਂ ਵਾਲੀਆਂ ਦੁਕਾਨਾਂ। ਮੈਡਮ ਨਾਲ ਮੈਂ ਪਰੀ ਤੇ ਸ਼ਰਨ ਵਾਸਤੇ ਖਿਡੌਣੇ ਲੈਣ ਇੱਕ ਸ਼ੀਸ਼ਿਆਂ ਵਾਲੀ ਦੁਕਾਨ ਦੇ ਅੰਦਰ ਵੀ ਗਈ। ਹੱਥ ਲਾ-ਲਾ ਖਿਡੌਣੇ ਵੇਖੇ ਮੈਂ। ਮੈਡਮ ਨੇ ਜਿਵੇਂ ਦਾ ਗਾਊਨ ਪੁਆਇਆ ਸੀ ਨਾ ਉਸ ਦਿਨ ਮੈਨੂੰ ਤੇ ਉੱਚਾ ਜੂੜਾ ਕਰਵਾਇਆ ਸੀ, ਖਿਡੌਣਿਆਂ 'ਚ ਜਮ੍ਹਾਂ ਹੀ ਮੇਰੇ ਨਾਲ ਦੀ ਗੁੱਡੀ। ਡੋਲ ਤੇ ਗੁੱਡੀ 'ਚ ਸੱਚੀਂ ਬੜਾ ਫਰਕ ਹੁੰਦੈ। ਆਪਣੇ ਗੁੱਡੀਆਂ ਪਟੋਲੇ ਕੀ ਸ਼ੈਅ ਡੋਲ ਸਾਹਮਣੇ। ਸਵੇਰੇ ਮੈਂ ਬਣ ਕੇ ਦਿਖਾਊਂ ਥੋਨੂੰ ਡੋਲ। ਵੇ ਸੌਂ ਗਏ ਜੇ ਸਾਰੇ। ਕੋਈ ਹੂੰ ਹਾਂ ਤਾਂ ਕਰੋ।" ਸਾਰਿਆਂ ਨੂੰ ਇਕਦਮ ਚੁੱਪ ਹੋਇਆ ਵੇਖ ਕਿਰਨਾਂ ਨੇ ਨਾਲ ਪਏ ਭੈਣ-ਭਰਾਵਾਂ ਨੂੰ ਹਲੂਣਿਆਂ।

"ਜਾਗਦੇ ਆਂ, ਤੂੰ ਸਾਨੂੰ ਪਰੀ ਲੋਕ ਦੀਆਂ ਹੋਰ ਕਹਾਣੀਆਂ ਸੁਣਾ। ਸਾਡੇ ਲਈ ਤਾਂ ਲਿਆਈ ਨਹੀਂ ਤੂੰ ਕੁਝ।"

"ਲੈ, ਆਪਾਂ ਵੇਖ ਲਈਏ ਥੋੜ੍ਹਾ ਕਿਤੇ। ਕੱਪੜੇ ਇੰਨੇ ਮਹਿੰਗੇ ਜਿਵੇਂ ਸੋਨੇ ਦੇ ਬਣੇ ਹੋਣ। ਹਰ ਸ਼ੈਅ ਚਮਕਦੀ! ਤੇ ਲੋਕੀਂ...! ਐਵੇਂ ਉਡੂੰ-ਉਡੂੰ ਕਰਦੇ ਆ ਜਿਵੇਂ ਤਾਰੇ ਜ਼ਮੀਨ 'ਤੇ ਲੁੱਡੀਆਂ ਪਾਉਣ ਆਏ ਹੋਣ।"

"ਰੁਕ ਜਾ ਅੱਗੋਂ ਨਾ ਸੁਣਾਵੀਂ। ਮੈਂ ਆਇਆ ਪਿਸ਼ਾਬ ਕਰਕੇ। ਕਦੋਂ ਦਾ ਰੋਕਿਆ ਹੁਣ ਨਹੀਂ ਰੁਕਦਾ। ਮੇਰੇ ਆਏ 'ਤੇ ਅੱਗੋਂ ਸੁਣਾਵੀਂ।" ਆਖਦਾ ਨਿੱਕਰ ਨੂੰ ਅੱਗੋਂ ਮੁੱਠੀ 'ਚ ਘੁੱਟਦਾ ਜੱਗੀ ਬਾਹਰ ਵੱਲ ਭੱਜ ਗਿਆ। ਵਾਪਸ ਆਇਆ, ਜਿਵੇਂ ਸਾਰੇ ਸਾਹ ਰੋਕੀ ਉਸੇ ਨੂੰ ਉਡੀਕ ਰਹੇ ਹੋਣ।

"ਛੇਤੀ ਆਜਾ, ਸਾਰੀ ਗੱਲ ਦਾ ਸਵਾਦ ਮਾਰਿਆ ਜਾਣੈ।" ਸੀਤਲ ਨੇ ਪਾਸਾ ਮਾਰਿਆ ਤੇ ਜੱਗੀ ਫਿਰ ਬਿਸਤਰੇ 'ਚ ਘੁਸੜ ਹੁੰਗਾਰਾ ਭਰਨ ਲੱਗਿਆ। ਕਿਰਨਾਂ ਨੇ ਉਸੇ ਦੇ ਪਿਸ਼ਾਬ ਨਾਲ ਗੱਲ ਦੀ ਲੜੀ ਅੱਗੇ ਛੋਹ ਲਈ।

"ਹੁਣ ਵੇਖੋ ਜਿਵੇਂ ਜੱਗੀ ਨੂੰ ਪਿਸ਼ਾਬ ਆਇਆ, ਇਹਨੂੰ ਬਾਹਰ ਨੂੰ ਭੱਜਣਾ ਪਿਆ। ਉੱਥੇ ਨਹੀਂ ਹੁੰਦਾ ਐਵੇਂ। ਬੈੱਡ ਤੋਂ ਉੱਠੋ ਕਮਰੇ ਦੇ ਅੰਦਰ ਹੀ ਦਰਵਾਜ਼ਾ ਖੋਲ੍ਹੋ ਤੇ ਕਰੋ ਜੋ ਕੁਝ ਕਰਨੈ। ਹਰ ਕਮਰੇ ਦੇ ਅੰਦਰ ਗੁਸਲਖਾਨਾ। ਵਾਸ਼ਰੂਮ ਕਹਿੰਦੇ ਆ ਉਹਨੂੰ। ਮੈਡਮ ਦਾ ਘਰ ਉੱਤੇ ਥੱਲੇ ਬਣਿਆ ਹੋਇਐ। ਹਰ ਚੀਜ਼ ਨੂੰ ਹੱਥ ਲਾਉਂਦਿਆਂ ਜੀਅ ਡਰਦੈ, ਮਤਾਂ ਮੈਲੀ ਨਾ ਹੋ ਜਾਵੇ। ਮੇਰੇ ਨਾਲ ਤਾਂ ਭਾਈ ਬੜੀ ਮਾੜੀ ਹੋਈ ਪਹਿਲੇ ਦਿਨ।"

"ਉਹ ਕਿਵੇਂ?" ਸਾਰਿਆਂ ਨੇ ਉਤਸੁਕਤਾ ਜਤਾਈ।

"ਜਿਵੇਂ ਹੀ ਅਸੀਂ ਮੈਡਮ ਦੇ ਘਰ ਅੱਪੜੇ, ਮੈਡਮ ਮੈਨੂੰ ਕੋਠੇ 'ਤੇ ਲੈ ਗਈ। ਇੱਕ ਕਮਰੇ ਦੇ ਦਰਵਾਜ਼ੇ ਨੂੰ ਚਾਬੀ ਲਾ ਕੇ ਤਾਲਾ ਖੋਲ੍ਹਿਆ। 'ਲੈ ਕਿਰਨਾਂ ਇਹ ਤੇਰਾ ਰੂਮ ਆ ਬੇਟੇ।' ਫਿਰ ਕਮਰੇ ਦੇ ਅੰਦਰ ਇੱਕ ਹੋਰ ਦਰਵਾਜ਼ਾ ਖੋਲ੍ਹਿਆ, 'ਤੇ ਇਹ ਹੈ ਤੇਰਾ ਵਾਸ਼ਰੂਮ। ਨਹਾਅ-ਧੋ ਕੇ ਫਰੈੱਸ਼ ਹੋ ਕੇ ਨੀਚੇ ਆ ਜਾ। ਫਿਰ ਚਾਹ ਪਾਣੀ-ਪੀ ਕੇ ਪਰੀ ਤੇ ਸ਼ਰਨ ਨਾਲ ਖੇਡਣਾ। ਹਾਂ, ਸਫ਼ਾਈ ਦਾ ਧਿਆਨ ਰੱਖੀਂ। ਮੈਨੂੰ ਗੰਦ ਪਸੰਦ ਨਹੀਂ।' ਉੱਥੇ ਆਪਣੇ ਵਾਂਗੂੰ ਨਹੀਂ ਬੋਲਦੇ, ਠਾਹ ਸੋਟਾ ਮਾਰ ਕੇ। ਪੋਲਾ-ਪੋਲਾ ਬੋਲਦੇ ਆ। ਜਿਵੇਂ ਬੋਲਣ 'ਤੇ ਮੂੰਹ ਦੁਖਦਾ ਹੋਵੇ। 'ਦੇਖ ਕਿਰਨਾਂ ਬੇਟੇ, ਇਹ ਸਟੀਲ ਦੀ ਪਲੇਟ ਤੇ ਤੇਰਾ ਗਲਾਸ। ਓ.ਕੇ.। ਇਹ ਚਾਂਦੀ ਦੀ ਗਲਾਸੀ, ਚਮਚ, ਪਲੇਟ ਸ਼ਰਨ ਦੇ...। ਇੱਕੋ

ਵਾਰੀ ਸਮਝ ਲੈ। ਇੱਕ-ਦੂਸਰੇ ਦੇ ਬਰਤਨ ਸਾਫ਼ ਕਰਕੇ ਅਲੱਗ-ਅਲੱਗ ਰੱਖ ਦੇਣੇ। ਇਸ ਤਰ੍ਹਾਂ ਬਰਤਨ ਜ਼ਿਆਦਾ ਜੂਠੇ ਨਹੀਂ ਹੁੰਦੇ ਤੇ ਸੋਚਣਾ ਵੀ ਨਹੀਂ ਪੈਂਦਾ, ਕਿਸ ਨੂੰ ਕਿਹੜੇ ਬਰਤਨ 'ਚ ਚੀਜ ਪਾ ਕੇ ਦੇਣੀ ਆ। ਬੱਚਿਆਂ ਦਾ ਰੂਮ ਬਿਲਕੁਲ 'ਡਰਟੀ' ਨਹੀਂ ਹੋਣ ਦੇਣਾ। ਸਵੇਰੇ ਸ਼ਾਮ 'ਬਾਥ' ਲੈਣੈ ਤੇ ਦੋਨੋਂ ਟਾਇਮ ਕੱਪੜੇ 'ਚੇਂਜ' ਕਰਨੇ ਆ। ਓ.ਕੇ. ਮੇਰਾ ਬੱਚਾ। ਆਈ ਸਮਝ ?' ਉਹ ਮੈਡਮ ਦੀ ਨਕਲ ਉਤਾਰਦੀ ਖੜ੍ਹੀ ਹੋ ਕੇ ਨਿੱਕੀ ਭੈਣ ਨੂੰ ਕਿਰਨਾਂ ਬਣਾ ਕੇ ਆਪ ਜਸਵਿੰਦਰ ਬਣ ਸਮਝਾਉਣ ਲੱਗੀ।

"ਹਾਏ ! ਕਾਸ਼ ਤੇਰੀ ਥਾਂ ਮੈਂ ਹੁੰਦੀ। ਤੂੰ ਤਾਂ ਗਰੇਜਣ ਬਣ ਗਈ ਕਿਰਨਾਂ ਦੀਦੀ। ਮੈਨੂੰ ਨਹੀਂ ਪਤਾ ਲੱਗਾ ਤੂੰ ਕੀ-ਕੀ ਬੋਲਦੀ ਸੀ, ਪਰ ਸੁਣਨ ਨੂੰ ਬਾਹਲਾ ਚੰਗਾ-ਚੰਗਾ ਲੱਗਾ।" ਕਿਰਨਾਂ ਬਣੀ ਖੜ੍ਹੀ ਸੀਤੂ ਨੇ ਉਤਸੁਕਤਾ 'ਚ ਹੁਣੇ ਕਲਪਿਆ ਸੁਪਨਾ ਸੁਣਾਇਆ।

"ਬਹਿ ਜਾ ਹੇਠਾਂ, ਕਾਸ਼ ਤੇਰੀ ਥਾਂ ਮੈਂ ਹੁੰਦੀ ਦੀ ਲੱਗਦੀ ਕੁਝ। ਕਿਰਨਾਂ ਤੂੰ ਅੱਗੇ ਸੁਣਾ। ਫਿਰ ਕੀ ਹੋਇਆ ?" ਕਿਰਨਾਂ ਤੋਂ ਵੱਡੀ ਰੱਜੂ ਨੇ ਨਿੱਕੀ ਭੈਣ ਨੂੰ ਬਾਂਹੋਂ ਖਿੱਚ ਹੇਠਾਂ ਬਿਠਾ ਦਿੱਤਾ।

"ਫਿਰ ਕੀ ਹੋਣਾ। ਮੈਡਮ ਮੈਨੂੰ ਮੇਰੇ ਕਮਰੇ 'ਚ ਛੱਡ ਕੇ ਹੇਠਾਂ ਚਲੀ ਗਈ। ਮੈਂ ਝੋਲੇ 'ਚੋਂ ਸੂਟ ਕੱਢਿਆ। ਪਹਿਲਾਂ ਤਾਂ ਸਮਝ ਨਾ ਆਵੇ ਟੱਟੀ-ਪਿਸ਼ਾਬ ਕਿੱਧਰ ਜਾਵਾਂ ? ਮੈਂ ਸ਼ਹਿਰੀ ਲੈਟਰੀਨ ਵੇਖੀ ਹੋਈ ਸੀ, ਪਰ ਆਪਾਂ ਕਦੀ ਉਸ 'ਤੇ ਜੰਗਲ-ਪਾਣੀ ਬੈਠੇ ਤਾਂ ਨਹੀਂ। ਉਂ ਵੀ ਨ੍ਹੇਰ-ਸਵੇਰ ਵੇਖ ਕੇ ਖੁੱਲ੍ਹੇ 'ਚ ਬਾਹਰ ਬਹਿਣ ਜਾਣਾ ਗਿੱਝੀ, ਲੱਗੇ ਜਿਵੇਂ ਮੇਰੇ ਢਿੱਡ 'ਚ ਬੰਨ੍ਹ ਪੈ ਗਿਆ ਹੋਵੇ। ਫਿਰ ਔਖਾ-ਸੌਖਾ ਵਰਤ ਹੀ ਲਿਆ। ਹੁਣ ਵਾਰੀ ਆਈ ਨਹਾਉਣ ਦੀ ਤੇ ਵੜ ਗਈ ਟਿਊਬਵੈੱਲ ਦੇ ਚੁਬੱਚੇ ਵਰਗੇ ਬਣੇ ਟੱਬ 'ਚ। ਸੁੱਕਾ ਚੁਬੱਚਾ। ਪਾਣੀ ਲਈ ਇੱਧਰ-ਉੱਧਰ ਝਾਕਾਂ ਪਈ ਤੇ ਅਚਾਨਕ ਸਿਰ 'ਤੇ ਮੀਂਹ ਵੱਸਣ ਲੱਗਿਆ। ਪਹਿਲਾਂ ਤਾਂ ਮੈਂ ਤ੍ਰਭਕੀ। ਫਿਰ ਮੂੰਹ ਉਤਾਂਹ ਚੁੱਕ ਕੇ ਵੇਖਿਆ। ਬੜਾ ਸੋਹਣਾ ਫੁਹਾਰਾ ਮੇਰੇ ਉੱਤੇ ਮੀਂਹ ਬਣ ਕੇ ਵੱਸੇ ਪਿਆ। ਸਿਰ ਫੁਹਾਰੇ ਹੇਠ ਕਰੋ ਪਾਣੀ ਚੱਲ ਪਵੇ, ਸਿਰ ਪਰ੍ਹਾਂ ਕਰੋ ਪਾਣੀ ਆਪੇ ਬੰਦ। ਆਪਾਂ ਤਾਂ ਫਿਰ ਹੋ ਗਏ ਸ਼ੁਰੂ। ਛਪਾਕ-ਛਪਾਕ। ਜਿਵੇਂ ਫਿਲਮਾਂ 'ਚ ਹੀਰੋਇਨਾਂ ਨਹਾਉਂਦੀਆਂ। ਮੈਂ ਟੱਬ 'ਚ ਕਦੀ ਲੰਮੀ ਪਵਾਂ, ਕਦੀ ਖੜੋ ਜਾਵਾਂ। ਬੜਾ ਨਜ਼ਾਰਾ ਈ ਉੱਥੇ ਬਿਨਾਂ ਬੱਦਲਾਂ ਤੋਂ ਬਾਥਰੂਮ 'ਚ ਮੀਂਹ ਵੱਸਦੈ। ਆਪਣੇ ਵਾਂਗੂੰ ਨਹੀਂ, ਮੀਂਹ ਉਡੀਕਦੇ ਰੱਬ ਵੱਲ ਮੂੰਹ ਚੁੱਕੀ ਰੱਖੋ। ਕਦੀ ਸੋਕੇ ਦੀ ਮਾਰ ਕਦੀ ਡੋਬੇ ਦੀ। ਮੈਡਮ ਹੁਰਾਂ ਤਾਂ ਭਾਈ ਰੱਬ ਮੁੱਠੀ 'ਚ ਕੀਤਾ ਹੋਇਐ। ਕਮਰੇ ਅੰਦਰ ਮੇਰੇ ਲਈ ਬੈੱਡ, ਉੱਤੇ ਗੱਦਾ। ਫੁੱਲਾਂ ਵਾਲੀ ਚਾਦਰ। ਕੰਧ ਉੱਤੇ ਟੰਗਿਆ ਸਲੇਟ ਵਰਗਾ ਟੈਲੀਵਿਜ਼ਨ। ਗਰਮੀਆਂ 'ਚ ਕਮਰਾ ਠੰਡਾ ਕਰਨ ਲਈ ਏ.ਸੀ. ਵੀ ਲੱਗਿਐ। ਉੱਤੇ ਲੈਣ ਵਾਲੀ ਰਜਾਈ ਹੌਲੀ ਫੁੱਲ। ਰਜਾਈ ਵੇਖ ਇੱਕ ਵਾਰੀ ਤਾਂ ਬੰਦਾ ਸੋਚੀਂ ਪੈ ਜਾਵੇ, 'ਸਵੇਰ ਹੋਣ ਤੱਕ ਠੰਡ ਨਾਲ ਆਕੜੇ ਲੈ', ਪਰ ਰਜਾਈ ਵਿੱਚ ਵੜਦੇ ਜਾਓ ਸੇਕੇ ਨਿਕਲਣੇ ਸ਼ੁਰੂ।"

"ਬਸ ਕਰ ਕਿਰਨਾਂ। ਹੋਰ ਕਿੰਨੇ ਕੂੜ ਮਾਰੇਂਗੀ ?" ਹੁਣ ਤੱਕ ਸਾਹ ਰੋਕ ਕੇ ਸੁਣ ਰਹੀ ਵੱਡੀ ਭੈਣ ਤਾਰੀ ਨੇ ਗੱਲ ਦਾ ਭੋਗ ਪਾਉਣ ਵਾਂਗ ਆਖਿਆ ਤੇ ਪਾਸਾ ਵੱਟ ਕੇ ਪੈ ਗਈ।

" ਜਿਹਨੂੰ ਕੂੜ ਲੱਗਦੈ ਨਾ ਸੁਣੇ। ਪਤੈ ਉੱਥੇ ਮੇਰੇ ਕੱਪੜੇ ਰੱਖਣ ਲਈ ਐਡੀ ਵੱਡੀ ਅਲਮਾਰੀ। ਮੇਰਾ ਹਾਸਾ ਨਿਕਲ ਗਿਆ। ਲਿਫ਼ਾਫੇ 'ਚ ਜਿਹੜਾ ਸੂਟ ਮੰਮੀ ਨੇ ਮੈਨੂੰ ਨਾਲ ਦਿੱਤਾ ਸੀ ਉਹ ਨਹਾਅ ਕੇ ਬਦਲ ਲਿਆ ਸੀ। ਲਾਹਿਆ ਸੂਟ ਮੈਲਾ, ਮੈਲਾ ਜਾਨੀ ਕਿ 'ਡਰਟੀ' ਤੇ ਲਿਫ਼ਾਫਾ 'ਐਂਪਟੀ' ਜਾਨੀ ਕਿ ਖਾਲੀ।"



ਕਿਰਨਾਂ ਹੱਸੀ ਤਾਂ ਸਾਰੇ ਭੈਣ-ਭਰਾ ਹੱਸ-ਹੱਸ ਦੂਹਰੇ ਹੋਣ ਲੱਗੇ।

"ਸੌਂ ਜਾਉ। ਸਵੇਰੇ ਦਿਹਾੜੀ-ਦੱਪੇ ਲਈ ਵੀ ਜਾਣੈ।" ਪਿਉ ਦੇ ਬੋਲ ਸੁਣ ਕੇ ਸਾਰੇ ਭੈਣ-ਭਰਾ ਘੁਸਰ-ਮੁਸਰ ਕਰਨ ਲੱਗੇ।

"ਪੋਲੇ-ਪੋਲੇ ਗੱਦਿਆਂ 'ਤੇ ਸੁਪਨੇ ਕਿਵੇਂ ਦੇ ਆਉਂਦੇ ਤੈਨੂੰ ?"

"ਬੈੱਡ 'ਤੇ ਸੁੱਤੀ ਨਹੀਂ ਅਜੇ ਮੈਂ। ਉਹ ਕੀ ਏ ਨਾ, ਮੈਡਮ ਨੂੰ ਕੋਈ ਬੀਮਾਰੀ ਏ ਨੀਂਦ ਨਾ ਆਉਣ ਦੀ। ਦਵਾਈਆਂ ਦਾ ਫੱਕਾ ਮਾਰ ਕੇ ਸੁੱਤੀ ਨੂੰ ਹੋਸ਼ ਨਹੀਂ ਰਹਿੰਦੀ। ਸਮਝ ਲੈ ਸੁੱਤੀ ਮਰੀ ਇੱਕ ਬਰੋਬਰ। ਸ਼ਰਨ ਵੀ ਵੇਲੇ ਸਿਰ ਸੌਂ ਜਾਂਦੈ, ਪਰ ਪਰੀ ਅਜੇ ਨਿੱਕੀ ਏ। ਰਾਤ ਨੂੰ ਉੱਠ ਕੇ ਇੱਕ ਵਾਰੀ ਉਹਦਾ ਡਾਈਪਰ ਬਦਲਣਾ ਹੁੰਦੈ, ਦੋ ਕੁ ਵਾਰੀ ਦੁੱਧ ਦੀ ਬੋਤਲ ਵੀ ਬਨਾਉਣੀ ਹੁੰਦੀ ਏ। ਮੈਡਮ ਦੀ ਸੱਸ ਰਹਿੰਦੀ ਸੀ ਪਹਿਲਾਂ ਕੋਲ। ਉਹੀ ਸੰਭਾਲਦੀ ਸੀ ਬਾਲਾਂ ਨੂੰ। ਫਿਰ ਉਹ ਆਵਦੇ ਦੂਜੇ ਲਾਣੇ ਕੋਲ ਚਲੀ ਗਈ। ਉਹ ਵੀ ਪਿੱਛੋਂ ਪਟਿਆਲੇ ਕੋਲ ਕਿਸੇ ਪਿੰਡ ਦੇ ਆ, ਵੱਡੇ ਜਿੰਮੀਦਾਰ। ਮੈਡਮ ਕਹਿੰਦੀ ਮੈਂ ਉਹਦੇ ਨਾਲੋਂ ਵੀ ਵਧੀਆ ਸੰਭਾਲਦੀ ਆਂ ਪਰੀ ਨੂੰ। ਨਾਲੇ ਵਾਧੂ ਦਾ ਅਹਿਸਾਨ ਨਹੀਂ। ਪਰੀ ਦਾ ਬੈੱਡ ਨਿੱਕਾ ਜਿਹਾ। ਬੜਾ ਸੋਹਣਾ। 'ਕੋਟ' ਕਹਿੰਦੇ ਉਹਨੂੰ। ਉਹਦੇ ਕੋਲ ਹੀ ਮੈਂ ਬਿਸਤਰਾ ਵਿਛਾ ਲੈਨੀ ਆਂ ਫਰਸ਼ 'ਤੇ। ਹਾਂ, ਪਰ ਰਜਾਈ ਬੜੀ ਨਜ਼ਾਰੇਦਾਰ ਏ। ਐਡੀ ਵੱਡੀ ਕੀ ਦੱਸਾਂ ? ਆਪਣੇ ਵਾਂਗੂੰ ਨਹੀਂ। ਇੱਕੋ ਰਜਾਈ ਖਿੱਚਦੇ ਸਾਰੀ ਰਾਤ ਠੰਡ ਨੂੰ ਹਰਾਉਣ ਲਈ ਡੰਡ ਪੇਲਦੇ ਫਿਰੀਏ। ਇੱਕ ਜਣਾ ਖਿੱਚ ਕੇ ਆਵਦੇ ਉੱਤੇ ਕਰੂ ਤੇ ਦੂਜਾ ਨੰਗਾ। ਰਜਾਈ ਸਾਰਿਆਂ ਲਈ, ਪਰ ਸਾਰੇ ਦੇ ਸਾਰੇ ਨੰਗਿਆਂ 'ਤੇ ਹੱਸ-ਹੱਸ ਲੰਘਦਾ ਪੋਹ-ਮਾਘ। ਮੈਡਮ ਦੀਆਂ ਰਜਾਈਆਂ ਪੋਹ-ਮਾਘ ਨੂੰ ਟਿੱਚ ਜਾਣਦੀਆਂ...।"

"ਸੌਂਦੇ ਜੇ ਕਿ ਕਰਾਂ ਛਿੱਤਰ ਪਰੇਡ।" ਦੀਪੇ ਨੇ ਸੁੱਤੇ-ਸਿੱਧ ਚਲਾਵੀਂ ਜੁੱਤੀ ਵਗਾਹ ਮਾਰੀ। ਫਿਰ ਨਹੀਂ ਕੁਸਕਿਆ ਕੋਈ। ਥਾਂਏਂ ਸੁੱਸਰੀ ਹੋ ਗਏ।

ਤੜਕੇ ਉੱਠ ਕਿਰਨਾਂ ਨਹਾ-ਧੋ ਕੇ ਵੇਲੇ ਸਿਰ ਤਿਆਰ ਹੋ ਗਈ। ਪਿੰਡ ਆਈ ਨੂੰ ਚਾਰ ਦਿਨ ਹੋ ਗਏ ਸਨ। ਅੱਜ ਮੈਡਮ ਨਾਲ ਉਸ ਦੀ ਵਾਪਸੀ ਦੀ ਤਿਆਰੀ ਸੀ। ਸੁੱਕੀ ਰੋਟੀ 'ਤੇ ਰੱਖੀ ਅਚਾਰੀ ਮਿਰਚ ਨਾਲ ਚਾਹ ਦਾ ਗਲਾਸ ਵੇਖ ਕਿਰਨਾਂ ਨੂੰ ਮੈਡਮ ਦੇ ਹੱਥ ਦਾ ਮੱਖਣ ਲਾ ਕੇ ਬਣਾਇਆ ਪਰੌਂਠਾ ਚੇਤੇ ਆ ਗਿਆ।

"ਪਤੈ ਮੈਡਮ ਨੇ ਮੈਨੂੰ ਪਰੌਂਠੇ ਉੱਤੇ ਮੱਖਣ ਧਰ ਕੇ ਦਿੱਤਾ। ਨਾਲ ਪੀਣ ਨੂੰ ਦੁੱਧ। ਮੇਰੇ ਤਾਂ ਰੋਟੀ ਅੰਦਰ ਨਾ ਲੰਘੇ। ਬਕਬਕਾ ਜਿਹਾ ਸੁਆਦ। ਮੈਨੂੰ ਧੁਣਧੁਣੀਆਂ ਛਿੜਨ। ਔਖੀ-ਸੌਖੀ ਖਾ ਤਾਂ ਲਈ। ਫਿਰ ਵੱਤ ਆਉਣ। ਪੀਜੇ, ਬਰੈੱਡਾਂ, ਮੋਮੋ ਤੇ ਹੋਰ ਪਤਾ ਨਹੀਂ ਕੀ ਕੁਝ। ਆਪਾਂ ਤਾਂ ਸੋਚ ਵੀ ਨਹੀਂ ਸਕਦੇ।"

ਕਿਰਨਾਂ ਦੱਸ ਰਹੀ ਸੀ। ਸਾਰੇ ਭੈਣ ਭਰਾ ਮੂੰਹ 'ਚੋਂ ਡਿੱਗਦੀਆਂ ਲਾਲਾਂ ਨਾਲ ਸੁੱਕੀ ਰੋਟੀ ਡੋਬ-ਡੋਬ ਅੰਦਰ ਲੰਘਾਉਂਦੇ ਉਸ ਦੀ ਕਿਸਮਤ 'ਤੇ ਰਸ਼ਕ ਕਰਨ ਪਏ ਕਿ ਘਰ ਦਾ ਬਾਹਰ ਕਾਰ ਦਾ ਹਾਰਨ ਵੱਜਿਆ।

"ਮੈਡਮ ਜੀ ਆ'ਗੇ...।" ਚਹਿਕਦੀ ਹੋਈ ਕਿਰਨਾਂ ਨੇ ਹੱਥ ਵਿਚਲੀ ਰੋਟੀ ਵਿੱਚੇ ਛੱਡੀ ਤੇ ਬਾਹਰ ਵੱਲ ਭੱਜ ਪਈ।

"ਹੁਣ ਇਹਨੂੰ ਸਾਡੇ ਸੁੱਕੇ ਟੁੱਕਰ ਕਿੱਥੋਂ ਲੰਘਦੇ। ਵੱਡੀ ਮੱਖਣ ਮਲਾਈਆਂ ਖਾਣੀ। ਦੁੱਧ ਦਾ ਪਤੀਲਾ ਵੇਖ, ਬਿੱਲੀ ਮੁੱਛਾਂ 'ਤੇ ਜੀਭ ਫੇਰੀ ਜਾਏਗੀ। ਚੂਹੇ ਭਾਵੇਂ ਢੂਈ 'ਤੇ ਨੱਚੀ ਜਾਣ। ਇਹੀ

ਹਾਲ ਕਿਰਨਾਂ ਦਾ। ਚੱਲ ਉਏ ਜੱਗੀ ਤੇ ਉੱਠ ਮੀਤਿਆ ਸਕੂਲ ਨੂੰ ਜਾਉ, ਤੇ ਤੂੰ ਰੱਜੂ, ਛੱਪੜ 'ਚੋਂ ਮਿੱਟੀ ਕੱਢ ਕੇ ਬਾਬੇ ਦਰਸ਼ਨ ਕਿਆਂ ਦੇ ਖੇਤ ਆ ਜਾਵੀਂ। ਖੁੱਡੇ ਭਰਨੇ ਆ ਝੋਨੇ ਵਾਲੇ ਖੇਤ ਦੇ। ਦੋ ਦਿਹਾੜੀਆਂ ਸਬਜ਼ੀ ਦੀ ਗੋਡੀ ਦੀਆਂ ਵੀ ਮਿਲੀਆਂ ਨੇ। ਸੀਤੂ ਤੂੰ ਸੁਣ ਲੈ ਕੰਨ ਖੋਲ੍ਹ ਕੇ, ਦੁਪਹਿਰ ਦੀ ਰੋਟੀ ਲੈ ਕੇ ਆ ਜਾਵੀਂ ਤੇ ਬੀਬੀ ਚਰਨੀਂ ਘਰੋਂ ਲੱਸੀ ਦਾ ਡੋਲੂ ਫੜੀ ਲਿਆਵੀਂ। ਤੇਰੇ ਲਈ ਅਮਰੂਦ ਰੱਖੂੰ ਮੈਂ ਤੋੜ ਕੇ। ਅੱਜ ਨਾਮ੍ਹੇ ਕਿਆਂ ਦੇ ਬਾਗ 'ਚ ਅਮਰੂਦ ਤੋੜਨ ਜਾਣੈ ਮੈਂ। ਤਾਲ ਕੱਢਣ ਲਈ ਦਾਤਰ ਤੇ ਪੱਲੀ ਚੁੱਕੀ ਲਿਆਵੀਂ। ਤੇ, ਤੂੰ ਸੀਤਲ ਦੀ ਬੱਚੀ ਵੱਡੀ ਕਰੀਨਾ ਕਪੂਰ ਬਣੀ ਟੈਲੀਵਿਜ਼ਨ ਲਾ ਕੇ ਨੱਚਦੀ ਨਾ ਰਵ੍ਹੀਂ। ਸਕੂਲੋਂ ਆ ਕੇ ਕੰਧਾਂ ਲਿੱਪਣ ਲਈ ਮਿੱਟੀ ਤੇ ਗੋਹਾ ਰਲਾ ਕੇ ਰੱਖੀਂ। ਕੱਲ੍ਹ ਤੜਕੇ ਉੱਠ ਕੇ ਸਾਰੇ ਰਲ ਕੇ ਕੰਧਾਂ ਲਿੱਪਣੀਆਂ ਆਪਾਂ ਤੇ ਵਿਹੜੇ ਦੀ ਤਲੀ ਵੀ ਕੱਢਣੀ ਏ। ਚੇਪੜ ਲੱਥੇ ਪਏ ਥਾਂ-ਥਾਂ ਤੋਂ। ਦੂਜੇ ਨੂੰ ਚੋਪੜੀ ਖਾਂਦਾ ਵੇਖ ਲਾਰਾਂ ਟਪਕਾਉਣ ਨਾਲ ਨਹੀਂ, ਹੱਥ-ਪੈਰ ਮਾਰਨ ਨਾਲ ਟੁੱਕਰ ਨਸੀਬ ਹੁੰਦੈ।"

ਵੱਡੀ ਭੈਣ ਤਾਰੀ ਨੇ ਸਾਰੇ ਛੋਟੇ ਭੈਣ ਭਰਾਵਾਂ ਨੂੰ ਹਿੱਸੇ ਆਉਂਦੇ ਕੰਮ ਵੰਡ ਕੇ ਪੱਲੀ ਤੇ ਰੰਬੀ ਚੁੱਕ ਲਏ। ਰੱਜੂ ਕਹੀ ਤੇ ਬੱਠਲ ਲੈ ਕੇ ਤੁਰ ਪਈ।

****

ਕਿਰਨਾਂ ਪੰਜ ਭੈਣਾਂ 'ਚੋਂ ਤੀਜੇ ਥਾਂ ਸੀ। ਦੋ ਭਰਾ ਪੰਜਾਂ ਭੈਣਾਂ ਤੋਂ ਨਿੱਕੇ। ਸਾਰੇ ਭੈਣ-ਭਰਾ ਮਜ਼ਦੂਰ ਜਮਾਤ। ਮਿੱਟੀ ਦੀ ਘਾਣੀ 'ਚ ਜੰਮੇ ਪਲੇ। ਸਾਰਿਆਂ ਦੀ ਇੱਕੋ ਜੂਨ।

ਛਿੰਦਰ ਹਾੜ੍ਹੀ-ਸਾਉਣੀ ਖੇਤਾਂ 'ਚ ਦਿਹਾੜੀਆਂ ਲਾਉਂਦੀ। ਕੋਈ ਮਰਨੇ-ਪਰਨੇ 'ਤੇ ਭਾਂਡੇ ਮਾਂਜਣ ਦੀ ਦਿਹਾੜੀ ਮਿਲ ਜਾਂਦੀ ਤਾਂ ਛਿੰਦਰ ਵੱਡੀਆਂ ਕੁੜੀਆਂ ਨੂੰ ਵੀ ਨਾਲ ਲੈ ਜਾਂਦੀ। ਮਾਂ ਦਾ ਹੱਥ ਵਟਾਉਂਦੀਆਂ ਉਹ ਜੂਠ ਲਿਫ਼ਾਫਿਆਂ 'ਚ ਭਰ ਲੈਂਦੀਆਂ। ਬਾਕੀ ਸਾਰਾ ਸਾਲ ਸ਼ਹਿਰ 'ਚ ਪੱਕੇ ਤੌਰ 'ਤੇ ਮੈਡਮ ਰਾਜਬੀਰ ਦੇ ਘਰ ਦਾ ਕੰਮ ਕਰਦੀ। ਝਾੜੂ-ਪੋਚਾ, ਰੋਟੀ-ਪਾਣੀ ਕਰਨ ਤੋਂ ਇਲਾਵਾ ਮੈਡਮ ਦੀ ਮੰਜੇ ਨਾਲ ਮੰਜਾ ਹੋਈ ਸੱਸ ਦਾ ਗੂੰਹ-ਮੂਤ ਸਾਫ ਕਰਕੇ ਉਸ ਨੂੰ ਨੁਹਾਉਣ-ਧੁਆਉਣ ਦੀ ਜ਼ਿੰਮੇਵਾਰੀ ਵੀ ਨਿਭਾਉਂਦੀ। ਜਿੱਥੇ ਮੈਡਮ ਰਾਜਬੀਰ ਹਰ ਵੇਲੇ 'ਕਦੋਂ ਬੁੱਢੀ ਮਰੇ ਕਦੋਂ ਜਾਨ ਛੁੱਟੇ' ਸੱਸ ਦੀ ਮੌਤ ਲਈ ਰੱਬ ਅੱਗੇ ਲੇਲੜੀਆਂ ਕੱਢਦੀ, ਉੱਥੇ ਛਿੰਦਰ ਮਨ ਹੀ ਮਨ ਬੁੱਢੀ ਦੀ ਲੰਬੀ ਉਮਰ ਲਈ ਅਰਜੋਈਆਂ ਕਰਦੀ ਨਾ ਥੱਕਦੀ। ਬੁੱਢੀ ਦੀ ਹਾਲਤ ਤੁਰਨੋਂ-ਫਿਰਨੋਂ ਜਵਾਬ ਦੇ ਗਈ ਸੀ। ਸਾਰਾ ਜ਼ੋਰ ਉਸ ਦੀ ਜ਼ੁਬਾਨ ਨੇ ਫੜ ਲਿਆ ਸੀ। ਉਹ ਬੈਠੀ-ਬੈਠੀ ਗਾਲ੍ਹਾਂ ਕੱਢੀ ਜਾਂਦੀ। ਕੋਈ ਉਸ ਦੇ ਲਾਗੇ ਨਾ ਲੱਗਦਾ। ਛਿੰਦਰ ਹੀ ਸੀ ਜੋ ਉਸ ਦੀ ਝਾਲ ਝੱਲਦੀ ਆ ਰਹੀ ਸੀ। ਰਾਜਬੀਰ ਨੂੰ ਵੀ ਛਿੰਦਰ ਤੋਂ ਸਿਵਾਏ ਸੱਸ ਦੀ ਸਾਂਭ-ਸੰਭਾਲ ਵਾਲਾ ਕੋਈ ਨਾ ਦਿਸਦਾ। ਸੋ ਉਹ ਤਨਖਾਹ ਤੋਂ ਬਗੈਰ ਦਿਨ-ਤਿਉਹਾਰ 'ਤੇ ਸੌ-ਪੰਜਾਹ ਵੱਖਰੇ ਉਸ ਨੂੰ ਦਿੱਤੀ ਰੱਖਦੀ। ਕਿਧਰੇ ਉਹ ਕੰਮ ਤੋਂ ਜਵਾਬ ਨਾ ਦੇ ਜਾਵੇ, ਸੋ ਗੱਲਾਂ-ਗੱਲਾਂ 'ਚ ਕੁੜੀਆਂ ਦੇ ਵਿਆਹ-ਸ਼ਾਦੀ 'ਚ ਮਦਦ ਦਾ ਲਾਲਚ ਸੁਣਾਈ ਰੱਖਦੀ। ਛਿੰਦਰ ਘਰ ਦਾ ਕੰਮ ਕਰਦੀ ਆਪਣੀ ਗਰੀਬੀ ਦਾ ਰੋਣਾ ਰੋਂਦੀ ਰਹਿੰਦੀ।

"ਮੈਡਮ ਜੀ ਦੀਪਾ ਪੱਲੇਦਾਰ, ਮੇਰੇ ਘਰਵਾਲੇ ਦਾ ਨਾਂ ਕੌਣ ਨਹੀਂ ਸੀ ਜਾਣਦਾ? ਦੋ-ਦੋ ਬੋਰੀਆਂ ਮੋਢੇ 'ਤੇ ਚੁੱਕ ਹਵਾ 'ਚ ਉਛਾਲ ਦਿੰਦਾ। ਪਤਾ ਨਹੀਂ ਕਿਸ ਭੜੂਏ ਦੀ ਮਾੜੀ ਨਜ਼ਰ ਲੱਗੀ ਕਿ ਵਡੇਰਿਆਂ ਦੀ ਭੁੱਲ ਪਈ ਕੋਈ। ਮਾਲ ਲੋਡ ਕਰਵਾਉਂਦਿਆਂ ਟਰੱਕ ਤੋਂ ਡਿੱਗਿਆ ਤੇ ਬੋਰੀ ਦਾ ਭਾਰ ਲੱਕ 'ਤੇ ਪੈ ਗਿਆ। ਪਸਲੀਆਂ ਟੁੱਟ ਗਈਆਂ। ਹਾਥੀ ਜਿਹਾ ਬੰਦਾ ਬੱਜਲ ਹੋ



ਗਿਆ। ਨਹੀਂ ਤਾਂ ਮਜਾਲ ਏ ਕਿਸੇ ਸ਼ੈਅ ਨੂੰ ਤਰਸਣ ਦਿੱਤਾ ਹੋਵੇ ਰੱਬ ਦੇ ਬੰਦੇ ਨੇ। ਕੀ ਕਰਦੀ? ਸੱਤ ਬਾਲ ਭੁੱਖਣ-ਭਾਣੇ। ਕਿੱਥੋਂ ਜਰਦੀ? ਮਾਰੀ ਦਿਆਂ ਅੱਕ ਚੱਬਣਾ ਪਿਆ। ਪਹਿਲੇ ਦਿਨ ਦਿਹਾੜੀ ਲਈ ਚੱਲੀ ਤਾਂ ਭੁੱਬਾਂ ਮਾਰ-ਮਾਰ ਰੋਇਆ, ਪਰ ਮੰਜੇ ਨਾਲ ਮੰਜਾ ਹੋਇਆ ਕੀ ਕਰਦਾ ਬੇਵੱਸ, ਲਾਚਾਰ ਬੰਦਾ।"

ਇਸੇ ਰੋਣੇ 'ਚੋਂ ਹੰਝੂਆਂ ਦਾ ਭਾਰ ਕੁਝ ਹੌਲਾ ਕਰਨ ਦਾ ਰਾਹ ਰਾਜਬੀਰ ਨੇ ਉਸ ਨੂੰ ਸੁਝਾਇਆ ਸੀ।

"ਚੋਰੀ ਯਾਰੀ ਨੂੰ ਮਿਹਣਾ, ਮਿਹਨਤ ਨੂੰ ਕੇਹਾ ਡਰ। ਕਿਸੇ ਅੱਗੇ ਤਲੀ ਤਾਂ ਨਹੀਂ ਟੱਡਦੀ। ਆਵਦਾ ਮਿਹਨਤ ਕਰਕੇ ਬਾਲਾਂ ਦੇ ਮੂੰਹ ਪਾਉਨੀ ਏਂ। ਮੇਰੀ ਮੰਨ ਛਿੰਦਰ। ਜੇ ਤੈਨੂੰ ਚੰਗੀ ਲੱਗੇ। ਮੇਰੀ ਧੀ ਜਸਵਿੰਦਰ, ਤੈਨੂੰ ਕਿਹੜਾ ਭੁੱਲ। ਹੱਥੀਂ ਸਾਂਭੀ-ਪਾਲੀ। ਤੂੰ ਆਪ ਉਹਦੇ ਵਿਆਹ ਦੇ ਕਾਰ-ਵਿਹਾਰ ਕੀਤੇ। ਪਹਿਲਾਂ ਪਟਿਆਲੇ ਲਾਗੇ ਰਹਿੰਦੀ ਸੀ ਸਹੁਰਿਆਂ ਨਾਲ। ਦਿੱਲੀ ਸ਼ਿਫ਼ਟ ਹੋ ਗਈ ਪਿਛਲੇ ਸਿਆਲ। ਦੋਹਤਾ ਆਪਣਾ ਸਕੂਲ ਪੜ੍ਹਨੇ ਪਾਇਆ ਦਿੱਲੀ। ਜਵਾਈ ਆਪਣਾ ਪਾਇਲਟ। ਜਹਾਜ਼ ਉਡਾਂਦੈ। ਕਦੀ ਇਸ ਮੁਲਖ ਕਦੀ ਉਸ ਮੁਲਖ। ਜ਼ਿਆਦਾ ਬਾਹਰ ਹੀ ਰਹਿੰਦੈ। ਮਹਿਲ ਵਰਗੀ ਕੋਠੀ। ਜਸਵਿੰਦਰ ਆਪਣੀ ਇਕੱਲੀ ਹੁੰਦੀ ਬਾਲਾਂ ਨਾਲ। ਸੁਖ ਨਾਲ ਕਿਸੇ ਸ਼ੈਅ ਦੀ ਘਾਟ ਨਹੀਂ। ਰੱਬ ਦਾ ਦਿੱਤਾ ਬਥੇਰਾ ਕੁਝ। ਕਾਂਵਾਂ ਕੁੱਤਿਆਂ ਦੇ ਖਾਧਿਆਂ ਨਾ ਮੁੱਕੇ।"

"ਸ਼ੁਕਰ ਦਾਤੇ ਦਾ ਮੈਡਮ ਜੀ। ਰੱਖ-ਰੱਖ ਭੁੱਲੇ।" ਛਿੰਦਰ ਨੇ ਦੁਆ ਕੀਤੀ।

"ਮੈਂ ਆਂਹਦੀ ਸੀ, ਜੇ ਤੈਨੂੰ ਭਰੋਸਾ ਹੋਵੇ ਤਾਂ ਆਪਣੀ ਇੱਕ ਕੁੜੀ ਨੂੰ ਘੱਲ ਦੇ ਆਪਣੀ ਜਸਵਿੰਦਰ ਕੋਲ। ਪੰਜ ਹਜ਼ਾਰ ਪੱਕੀ ਤਨਖਾਹ। ਮਹੀਨਾ ਚੜ੍ਹਦੇ ਅਡਵਾਂਸ ਫੜ ਲਿਆ ਕਰੀਂ ਤੂੰ ਮੇਰੇ ਕੋਲੋਂ। ਕੁੜੀ ਦਾ ਰਹਿਣਾ-ਸਹਿਣਾ, ਖਾਣਾ-ਪੀਣਾ ਸਾਰੀ ਜ਼ਿੰਮੇਵਾਰੀ ਸਾਡੀ। ਕੱਲ੍ਹ ਨੂੰ ਤੇਰੀ ਇੱਕ ਧੀ ਨੂੰ ਵਿਆਹੁਣ ਦੀ ਚਿੰਤਾ ਮੁੱਕੀ ਸਮਝ। ਘਰ ਦਾ ਕੰਮ ਕਰਨ ਵਾਲੀ ਪੱਕੀ ਲੱਗੀ ਹੋਈ ਏ। ਕੁੜੀ ਤੇਰੀ ਬਾਲਾਂ ਨਾਲ ਖੇਡ ਲਿਆ ਕਰੇਗੀ। ਕੋਈ ਨਿੱਕਾ-ਮੋਟਾ ਕੰਮ ਹੋਇਆ ਹੱਥ ਵਟਾ ਲਿਆ।" ਬੋਲਦੀ ਨੇ ਪੰਜ ਹਜ਼ਾਰ ਛਿੰਦਰ ਦੀ ਤਲੀ ਧਰ ਦਿੱਤੇ।

ਘਰ ਆ ਕੇ ਮੈਡਮ ਵੱਲੋਂ ਦਿੱਤੀ ਆਫ਼ਰ ਛਿੰਦਰ ਨੇ ਦੀਪੇ ਨੂੰ ਚਾਰ ਗੱਲਾਂ ਹੋਰ ਜੋੜ ਕੇ ਸੁਣਾਈ।

"ਮਖਿਆਂ ਏਥੇ ਵੀ ਸਾਰੀ ਦਿਹਾੜੀ ਗਲੀਆਂ 'ਚ ਡੋ-ਡੋ ਕਰਦੀ ਫਿਰਦੀ ਏ। ਕਦੀ ਉਹ ਬਨੇਰਾ ਕੱਛ ਲਿਆ, ਕਦੀ ਇੱਧਰ ਵੱਟ-ਬੰਨਾ ਟੱਪ ਲਿਆ। ਦਿੱਲੀ ਵਰਗੇ ਸ਼ਹਿਰ 'ਚ ਕਿਹੜੀਆਂ ਗਲੀਆਂ ਤੇ ਕਿਹੜੇ ਕੰਧਾਂ-ਕੌਲੇ ਟੱਪੇਗੀ। ਪੰਜ ਹਜ਼ਾਰ ਰੁਪਈਆ ਬੱਧੀ ਤਨਖਾਹ ਹਰ ਮਹੀਨੇ ਸਿੱਧਾ ਘਰ ਆਵੇਗਾ। ਬਾਕੀ ਕਿਰਨਾਂ ਦਾ ਰਹਿਣਾ-ਸਹਿਣਾ, ਖਾਣਾ-ਪੀਣਾ ਸਾਰੀ ਜ਼ਿੰਮੇਵਾਰੀ ਮੈਡਮ ਜੀਆਂ ਦੀ। ਲੋੜ ਪਈ ਤੇ ਛੇਆਂ ਮਹੀਨਿਆਂ ਦੀ ਤਨਖਾਹ ਅਡਵਾਂਸ ਵੀ ਫੜ ਲਵਾਂ ਤਾਂ ਨਾਂਹ ਨਹੀਂ ਹੋਣੀ। ਅਗਲਿਆਂ ਨੂੰ ਕੋਈ ਘਾਟੈ ਕਿਸੇ ਸ਼ੈਅ ਦਾ। ਮੈਡਮ ਆਂਹਦੀ ਸੀ, ਕਿਰਨਾਂ ਨੇ ਤਾਂ ਬਸ ਜਸਵਿੰਦਰ ਦੇ ਬਾਲਾਂ ਨੂੰ ਖਿਡੌਣੈ। ਜਿਵੇਂ ਆਵਦੇ ਨਿੱਕੇ ਭੈਣਾਂ-ਭਰਾ ਉਵੇਂ ਮੈਡਮ ਦੇ ਧੀ-ਪੁੱਤਰ। ਅਗਲੇ ਹਫ਼ਤੇ ਆਉਣੈ ਜਸਵਿੰਦਰ ਹੁਰਾਂ, ਮੈਡਮ ਦੱਸਦੀ ਸੀ। ਵਾਪਸ ਮੁੜਦੇ ਕਿਰਨਾਂ ਨੂੰ ਵੀ ਲੈ ਜਾਣਗੇ ਨਾਲ। ਆਹ ਪੰਜ ਹਜ਼ਾਰ ਤਨਖਾਹ ਦਾ ਅਡਵਾਂਸ ਫੜਾਇਐ ਮੈਡਮ ਨੇ। ਤੂੰ ਆਖੇਂ ਤਾਂ ਮੋੜ ਆਵਾਂਗੀ।"

ਛਿੰਦਰ ਨੇ ਚੁੰਨੀ ਦੇ ਪੱਲੇ ਬੱਧੇ ਪੰਜ ਹਜ਼ਾਰ ਦੀਪੇ ਦੀ ਮੁੱਠੀ ਘੁੱਟ ਜ਼ੁਬਾਨ 'ਚ ਕਿੱਲ ਠੋਕ ਦਿੱਤਾ। ਕਿਰਨਾਂ ਨੂੰ ਦਿੱਲੀ ਜਾਣ ਦਾ ਫ਼ੈਸਲਾ ਉਸ ਨੇ ਲਾਟਰੀ ਨਿਕਲਣ ਵਾਂਗ ਸੁਣਾਇਆ,

"ਵੇਖ ਮੇਰਾ ਪੁੱਤਰ, ਵੱਡੀ ਭੈਣ ਤੇਰੀ ਕੋਠੇ ਜਿੱਡੀ ਹੋਈ ਬੈਠੀ ਏ। ਵੀਹਾਂ ਨੂੰ ਢੁੱਕ ਗਈ। ਭਾਵੇਂ ਅੱਜ ਵਿਆਹ ਦੇਈਏ। ਰਜਨੀ ਉਂ ਠੀਕ ਨਹੀਂ ਰਹਿੰਦੀ। ਪਤਾ ਨਹੀਂ ਵੱਡਿਆਂ ਦੀ ਮੰਨਤ ਲਾਹੁਣ ਤੋਂ ਭੁੱਲ ਪਈ ਕਿ ਬਾਹਰ ਦੀ ਕਸਰ ਵੱਜੀ ਏ। ਤੇਰੀ ਕਿਸਮਤ ਚੰਗੀ। ਇੱਕ ਸੂਟ ਪਾ ਲੈ ਥੈਲੇ 'ਚ। ਬਾਕੀ ਉੱਥੇ ਤੈਨੂੰ ਕੱਪੜੇ ਲਾਹੁੰਦੀ-ਪਾਉਂਦੀ ਨੂੰ ਵਾਰੀ ਨਹੀਂ ਆਉਣੀ। ਭਾਪਾ ਤੇਰਾ ਬੱਜਲ ਨਾ ਹੁੰਦਾ, ਆਪਾਂ ਕਾਹਨੂੰ ਕਿਸੇ ਦੇ ਮੂੰਹ ਵੱਲ ਵੇਖਦੇ?" ਆਖਦੀ ਛਿੰਦਰ ਨੇ ਚੁੰਨੀ ਦੇ ਪੱਲੇ 'ਚ ਨੱਕ ਸੁਰਕੜਿਆ ਤੇ ਸੁੱਕੀਆਂ ਅੱਖਾਂ ਦੇ ਕੋਏ ਪੂੰਝਦੀ ਨੇ ਹਟਕੋਰਾ ਭਰਿਆ।

*****

ਸਾਰਾ ਰਾਹ ਕਿਰਨਾਂ ਲਾਸ਼ ਬਣੀ ਕਾਰ ਦੀ ਪਿਛਲੀ ਸੀਟ 'ਤੇ ਬਾਰੀ ਨਾਲ ਲੱਗ ਕੇ ਗੁੱਛਾ ਹੋਈ ਰਹੀ। ਇੱਕ ਥਾਂ ਰੋਟੀ ਖਾਣ ਲਈ ਰੁਕੇ। ਜਸਵਿੰਦਰ ਨੇ ਬੜੇ ਮੋਹ ਨਾਲ ਕਿਰਨਾਂ ਨੂੰ ਨਾਲ ਚੱਲਣ ਲਈ ਅੱਗੇ ਲਾ ਲਿਆ। ਆਪਣੇ ਨਾਲ ਬਰਾਬਰ 'ਤੇ ਬਿਠਾ ਕੇ ਪਲੇਟ 'ਚ ਦਾਲ, ਸਬਜ਼ੀ, ਰੋਟੀ ਪਾ ਕੇ ਦਿੱਤੀ। ਰੋਟੀ ਦੀ ਗਰਾਹੀ ਤੋੜਦੀ ਕਿਰਨਾਂ ਦੀਆਂ ਅੱਖਾਂ 'ਚੋਂ ਹੰਝੂ ਡਲ੍ਹਕ ਗਏ।

"ਕਮਲਾ ਪੁੱਤਰ। ਰੋਣਾ ਕਿਸ ਲਈ? ਹੂੰ...! ਰੋਟੀ ਖਾਉ ਛੇਤੀ, ਚੱਲੀਏ ਆਪਾਂ ਘਰ ਪਹੁੰਚਦੇ ਹੋਈਏ। ਸੁਣੋ, ਨਵਜੋਤ। ਪਰੀ ਦੀ ਫੀਡਰ 'ਚ ਦੁੱਧ ਪੁਆ ਲਿਆਉਣਾ। ਇੱਕ ਬੋਤਲ ਪਾਣੀ ਲੈਂਦੇ ਆਣਾ ਤੇ ਸ਼ਰਨ ਲਈ ਜਿਹੜੀ ਚਾਕਲੇਟ ਲੈ ਕੇ ਆਉ, ਉਹੀ ਕਿਰਨਾਂ ਲਈ ਵੀ ਲੈਂਦੇ ਆਇਓ।" ਜਸਵਿੰਦਰ ਨੇ ਕਿਰਨਾਂ ਨੂੰ ਵੱਖੀ ਨਾਲ ਘੁੱਟ ਕੇ ਲਾਡ ਕੀਤਾ। ਮਸੋਸੀ ਜਿਹੀ ਬੈਠੀ ਕਿਰਨਾਂ ਡੁਸਕਣ ਲੱਗੀ।

"ਓ ਕਮਲਾ ਪੁੱਤਰ ਸਾਡਾ। ਲੈ ਫੜ ਪਰੀ ਨੂੰ ਹਸਾ। ਵੇਖੀਂ ਇਹਨੂੰ ਹਸਾਉਂਦਿਆਂ ਤੈਨੂੰ ਰੋਣਾ ਚੇਤੇ ਹੀ ਨਹੀਂ ਰਹਿਣਾ।"

"ਮੈਡਮ ਜੀ ਤੁਸੀਂ ਬੁੱਕਲ 'ਚ ਲਿਆ ਤਾਂ ਮੰਮੀ ਦਾ ਚੇਤਾ ਆ ਗਿਆ।"

"ਲੈ ਮੈਂ ਤੇਰੀ ਮਾਂ ਨਹੀਂ?" ਆਖਦਿਆਂ ਜਸਵਿੰਦਰ ਨੇ ਉਸ ਦੇ ਸਿਰ 'ਤੇ ਹੱਥ ਫੇਰਿਆ ਤੇ ਇੱਕ ਹੋਰ ਰੋਟੀ ਉਸ ਵੱਲ ਵਧਾ ਦਿੱਤੀ।

ਕਿਰਨਾਂ ਨੇ 'ਬਸ' ਕਹਿ ਕੇ ਹੋਰ ਰੋਟੀ ਲੈਣ ਤੋਂ ਨਾਂਹ ਕਰ ਦਿੱਤੀ, ਪਰ ਦਿਲ 'ਚ ਆਉਣ ਤੋਂ ਪਹਿਲਾਂ ਮੂੰਹ ਆਈ ਗੱਲ ਕਹਿਣੋਂ ਕਦੀ ਨਾ ਰੁਕਦੀ।

*****

ਦਿਨਾਂ 'ਚ ਹੀ ਉਹ ਜਸਵਿੰਦਰ ਨਾਲ ਘੁਲਦੀ-ਮਿਲਦੀ ਆਪਣੇ ਘਰ-ਪਰਿਵਾਰ ਦਾ ਕੋਈ ਨਾ ਕੋਈ ਕਿੱਸਾ ਛੋਹੀ ਰੱਖਦੀ।

"ਮੈਡਮ ਜੀ, ਅਸੀਂ ਨਿੱਕੇ-ਨਿੱਕੇ ਸੀ ਜਦੋਂ ਭਾਪਾ ਮੰਜੇ ਨਾਲ ਜੁੜ ਗਿਆ। ਘਰ 'ਚ ਭੁੱਖ ਨੇ ਡੇਰਾ ਲਾ ਲਿਆ। ਕੌਣ ਕਿਸੇ ਨੂੰ ਪੁੱਛਦੈ? ਮੰਮੀ ਮੇਰੀ ਪਤਾ ਨਹੀਂ ਕਿਵੇਂ ਦੋ ਵਕਤ ਦੀ ਰੋਟੀ ਜੋੜਦੀ। ਪਤੈ, ਸਾਨੂੰ ਦੋ-ਦੋ ਰੋਟੀਆਂ ਗਿਣ ਕੇ ਮਿਲਦੀਆਂ ਸੀ ਖਾਣ ਨੂੰ। ਉਸ ਤੋਂ ਅਗਲੀ ਰੋਟੀ ਲਈ ਸਾਨੂੰ ਕਦੀ ਭੁੱਖ ਨਹੀਂ ਲੱਗੀ। ਕਿਉਂਕਿ ਅਸੀਂ ਤੀਜੀ ਰੋਟੀ ਦੀ ਭੁੱਖ ਬਾਰੇ ਸੋਚਣਾ ਹੀ ਛੱਡ'ਤਾ।"

ਜਸਵਿੰਦਰ ਤਿਆਰ ਹੋਣ ਲੱਗਦੀ ਤਾਂ ਕਿਰਨਾਂ ਆਪਣੀ ਮਾਂ ਨੂੰ ਚੇਤੇ ਕਰਨ ਲੱਗਦੀ।



"ਮੈਡਮ ਜੀ ਦਾਦੀ ਮੇਰੀ ਦੱਸਦੀ ਹੁੰਦੀ, ਵਿਆਹੀ ਆਈ ਮੰਮੀ ਮੇਰੀ ਤੁਹਾਡੇ ਵਰਗੀ ਹੀ ਹੁੰਦੀ ਸੀ। ਚਿੱਟੀ ਦੁੱਧ, ਨਿਰੀ ਚੰਨ ਦੀ ਛੋਹ। ਪਤੈ, ਸੋਲ੍ਹਾਂ ਵਰ੍ਹਿਆਂ ਦੀ ਵਿਆਹੀ ਆਈ। ਗੁੱਡੀ ਜਿਹੀ ਲੱਗਿਆ ਕਰੇ। ਮੈਂ ਅੱਖੀਂ ਵੇਖਿਐ। ਜਦੋਂ ਭਾਪਾ ਠੀਕ ਹੁੰਦਾ ਸੀ। ਮੰਮੀ ਮੇਰੀ ਵੀ ਤੁਹਾਡੇ ਵਾਂਗ ਬਣ-ਠਣ ਕੇ ਰਹਿੰਦੀ ਸੀ। ਤਿਆਰ ਹੁੰਦੀ ਤਾਂ ਦਾਦੀ ਮੇਰੀ ਮੰਮੀ ਦੇ ਕਾਲਾ ਟਿੱਕਾ ਲਾਇਆ ਕਰਦੀ ਸੀ। ਅਸੀਂ ਸੱਤ ਭੈਣ ਭਰਾ ਆਂ। ਦੋ ਵੱਡੇ ਭਰਾ ਮੇਰੀ ਵੱਡੀ ਭੈਣ ਤੋਂ ਪਹਿਲਾਂ ਹੋਏ। ਕਿੰਨੇ ਵੱਡੇ ਹੋ ਕੇ ਗੁਜਰ ਗਏ। ਜੇ ਉਹ ਜੀਉਂਦੇ ਹੁੰਦੇ, ਸਾਡੇ ਘਰ ਦਾ ਮੂੰਹ-ਮੱਥਾ ਕੁਝ ਹੋਰ ਹੁੰਦਾ। ਮੇਰੀ ਮੰਮੀ ਨਾਲ ਸਾੜ ਫੂਕਦੀਆਂ ਸ਼ਰੀਕਣੀਆਂ ਕਿੱਥੇ ਪੈਰ ਲਾਉਂਦਾ ਜਰਦੀਆਂ ਸਨ। ਕਿਸੇ ਨੇ ਤਵੀਤ ਘੋਲ ਕੇ ਪਿਆ'ਤੇ ਬਈ ਜੁਆਕ ਮਗਰ ਨਾ ਲੱਗੇ। ਮੇਰੇ ਡੈਡੀ ਨੇ ਵੱਡਿਆਂ ਦੇ ਛਤਰਾ ਚੜ੍ਹਾਇਆ। ਫਿਰ ਜਾ ਕੇ ਮੇਰੀ ਵੱਡੀ ਭੈਣ ਤਾਰੀ ਹੋਈ। ਉਸ ਤੋਂ ਮਗਰੋਂ ਫਿਰ ਇੱਕ ਭਰਾ ਹੋਇਆ। ਮੰਮੀ ਮੇਰੀ ਦੱਸਦੀ ਗੋਲ-ਮਟੋਲ। ਕੌਲਾ ਦੁੱਧ ਦਾ ਇੱਕੋ ਵੇਲੇ ਪੀ ਜਾਂਦਾ। ਚਹੁੰ ਮਹੀਨਿਆਂ ਦਾ ਹੱਸਦਾ-ਖੇਡਦਾ ਬਾਲ ਮਾਂ ਦੀ ਝੋਲੀ 'ਚ ਅੱਖਾਂ ਨੂਟ ਗਿਆ। ਫਿਰ ਕਿੰਨੇ ਵਰ੍ਹਿਆਂ ਬਾਦ ਰੱਜੂ ਹੋਈ ਤੇ ਮਗਰ ਅਸੀਂ ਸਾਰੇ। ਵੱਡੀ ਭੈਣ ਵੀਹਾਂ ਦੀ ਹੋ ਗਈ ਤੇ ਸੁਖ ਨਾਲ ਨਿੱਕਾ ਭਰਾ ਮੇਰਾ ਸੱਤਵੇਂ ਸਾਲ 'ਚ ਏ। ਵੇਖ ਲਉ ਮੰਮੀ ਮੇਰੀ, ਆਪ ਕੁੜੀਆਂ ਵਰਗੀ ਲੱਗਦੀ ਏ। ਕਈ ਵਾਰੀ ਤਾਂ ਮੇਰੀ ਵੱਡੀ ਭੈਣ ਨਾਲੋਂ ਮੇਰੀ ਮੰਮੀ ਨਿੱਕੀ ਲੱਗਣ ਲੱਗਦੀ ਏ। ਪਿੰਡ ਦਾ ਚਾਰ ਜਨਾਨੀਆਂ 'ਕੱਠੀਆਂ ਹੋਣ ਤੇ ਮੇਰੀ ਮੰਮੀ ਦੀ ਗੱਲ ਨਾ ਛਿੜੇ ਹੋ ਈ ਨਹੀਂ ਸਕਦਾ। ਸਾਰੇ ਕਹਿੰਦੇ ਆ, ਜਵਾਨੀ 'ਚ ਕੋਈ ਰੂਪ ਸੀ ਮਾਂ ਮੇਰੀ 'ਤੇ...।"

"ਆਹੋ, ਪਤੈ ਮੰਮੀ ਤੇਰੀ ਮੜੋਨਾ ਏ। ਨਵਾਬਾਂ ਦੀ ਧੀ, ਦਾਦੀ ਤੇਰੀ ਕਾਲੇ ਟਿੱਕੇ ਲਾ-ਲਾ ਨਜ਼ਰ ਉਤਾਰਦੀ। ਬਸ ਕੇ ਹੋਰ ਤਾਰੀਫ ਕਰਾਂ? ਤੂੰ ਕਿੰਨੇ ਸਾਲਾਂ ਦੀ ਏਂ?"

"ਮੈਂ ਪੰਦਰਾਂ ਦੀ।"

"ਹੈਂ! ਲੱਗਦੀ ਤਾਂ ਨਹੀਂ? ਚਲੋ ਇੱਕ ਗੱਲੋਂ ਚੰਗਾ ਵੀ ਏ, ਮੈਨੂੰ ਲੱਗਿਆ ਮਸੀਂ ਦਸਾਂ ਸਾਲਾਂ ਦੀ ਏਂ।"

"ਮੈਡਮ ਜੀ, ਇੱਕ ਤਾਂ ਰੱਜਵੀਂ ਰੋਟੀ ਨਾ ਮਿਲੀ ਉਤੋਂ ਖ਼ੂਨ ਦੀ ਘਾਟ। ਮੰਮੀ ਕਹਿੰਦੀ ਸੀ ਮੈਡਮ ਜਸਵਿੰਦਰ ਹੁਰਾਂ ਕੋਈ ਘਾਟ ਨਹੀਂ ਰੱਖਣੀ। ਵੇਖਿਆ ਜੇ, ਛੇਤੀ ਪੰਦਰਾਂ ਕੀ ਵੀਹਾਂ ਦੀ ਨਾ ਲੱਗਣ ਲੱਗੀ ਤਾਂ ਆਖਿਓ। ਮੇਰੀ ਮੰਮੀ ਸੱਚੀ ਕਹਿੰਦੀ ਸੀ, ਤੁਸੀਂ ਮੈਨੂੰ ਆਪਣੇ ਧੀਆਂ-ਪੁੱਤਾਂ ਵਾਂਗੂੰ ਰੱਖੋਗੇ। ਵੇਖ ਲਉ ਮੈਡਮ ਜੀ, ਰੱਖਿਆ ਵੀ ਹੋਇਐ...।" ਇੱਕ ਵਾਰੀ ਸ਼ੁਰੂ ਹੋਈ ਉਸ ਦੀ ਮੈਡਮ ਜੀ, ਮੈਡਮ ਜੀ...। ਰੁਕਣ 'ਚ ਨਾ ਆਉਂਦੀ।

ਕਦੀ ਸੁਣੀ ਅਣਸੁਣੀ ਕਰਕੇ ਤਾਂ ਕਦੀ ਕਿਸੇ ਗੱਲ ਨੂੰ ਦੁਹਰਾ ਕੇ ਪੁੱਛਦੀ ਜਸਵਿੰਦਰ ਉਸ ਨੂੰ ਘਰ ਤੇ ਬਾਲਾਂ ਦੇ ਕੰਮ ਲਾਈ ਰੱਖਦੀ।

*****

ਪਹਿਲਾ ਫੇਰਾ ਪਾ ਕੇ ਦਿੱਲੀ ਵਾਪਸ ਮੁੜਦੀ ਕਿਰਨਾਂ ਨੂੰ ਇੰਜ ਲੱਗੇ ਜਿਵੇਂ ਮੁਕਲਾਵਾ ਫੇਰਾ ਪਾ ਕੇ ਵਾਪਸ ਚੱਲੀ ਹੋਵੇ। ਸਾਰੇ ਰਾਹ ਮਾਂ ਦੇ ਬੋਲ ਕੰਨਾਂ 'ਚ ਗੂੰਜਦੇ ਰਹੇ,

"ਸਿਆਣੀ ਬਣ ਕੇ ਰਵ੍ਹੀਂ ਮੇਰਾ ਪੁੱਤਰ। ਮੈਡਮ ਕਹਿੰਦੇ ਸੀ ਹੁਣ ਅਗਲਾ ਗੇੜਾ ਛੇਤੀ ਨਹੀਂ ਲੱਗਣਾ। ਜਸਵਿੰਦਰ ਦੇ ਕਹਿਣ 'ਤੇ ਮੈਡਮ ਰਾਜਬੀਰ ਨੇ ਝੱਟ ਲਾਇਆ ਤੀਹ ਹਜ਼ਾਰ ਅਡਵਾਂਸ ਫੜਾ 'ਤਾ। ਕੱਚਾ ਕੋਠਾ ਜਾਨ ਦਾ ਖੌਅ ਬਣਿਆ ਰਹਿੰਦੈ। ਹਰ ਵੇਲੇ ਮੂੰਹ ਉਤਾਂਹ ਤੇ

ਸਾਹ ਸੂਲੀ ਟੰਗੇ ਰਹਿੰਦੇ ਆ। ਬੱਦਲ ਆਉਂਦੇ ਨਹੀਂ ਤੇ ਛੱਤ ਤੋਂ ਪਹਿਲਾਂ ਸਾਡੀਆਂ ਅੱਖਾਂ ਚੋਣ ਲੱਗਦੀਆਂ ਨੇ। ਇੱਕ ਵਾਰੀ ਪੱਕਾ ਕਮਰਾ ਪੈ ਗਿਆ, ਘੱਟੋ-ਘੱਟ ਛੱਤ ਹੇਠ ਦੱਬ ਕੇ ਮਰਨ ਦਾ ਸੰਸਾ ਤਾਂ ਮਿਟੂ।"

ਇੱਧਰ ਮੈਡਮ ਰਾਜਬੀਰ ਨੇ ਵੀ ਜਸਵਿੰਦਰ ਦੇ ਕੰਨੋਂ ਕੱਢ ਦਿੱਤਾ, "ਵੇਖ ਜੱਸ ਤੀਹ ਹਜ਼ਾਰ ਕੋਈ ਛੋਟੀ ਰਕਮ ਨਹੀਂ ਹੁੰਦੀ। ਜਰਾ ਹੁਣ ਲੇਲੇ-ਪੱਪੇ ਛੱਡ ਕੇ ਨੌਕਰ ਨੂੰ ਨੌਕਰ ਵਾਲੀ ਥਾਂ ਰੱਖਣ ਦਾ ਚੱਜ ਰੱਖੀਂ। ਜੁੱਤੀ ਪੈਰਾਂ ਦਾ ਬਚਾਅ ਕਰਨ ਲਈ ਪਾਈ ਜਾਂਦੀ ਏ, ਸਿਰ 'ਤੇ ਰੱਖੋ ਤਾਂ ਛਿੱਤਰ ਬਣ ਵੱਜਣ ਲੱਗਦੀ ਏ। ਬਾਕੀ ਤੂੰ ਆਪ ਸਿਆਣੀ। ਆਪਣੀ ਮੱਤ ਵਰਤੀਂ। ਮਾਲਕ ਨੌਕਰ ਦੇ ਬਰਾਬਰ ਬਹਿ ਜਾਵੇ ਤਾਂ ਨੌਕਰ ਆਪਣੀ ਔਕਾਤ ਭੁੱਲ ਸਿਰ 'ਤੇ ਸਵਾਰ ਹੋ ਜਾਂਦੈ। ਬਾਕੀ ਤੂੰ ਫ਼ਿਕਰ ਨਾ ਕਰੀਂ। ਪੈਸਿਆਂ ਦਾ ਜਿੰਦਰਾ ਕਦੋਂ ਤੇ ਕਿਵੇਂ ਲਾਉਣਾ, ਮੈਂ ਜਾਣਾਂ ਮੇਰਾ ਕੰਮ।"

ਤੇ ਸੱਚੀਂ, ਜਸਵਿੰਦਰ ਨੇ ਆਪਣੀ ਮੱਤ ਵਰਤਣ ਵਾਲੀ ਕਮਾਲ ਕਰ ਦਿਖਾਈ।

****

ਦੂਜੀ ਵਾਰੀ ਪਿੰਡ ਆਈ ਕਿਰਨਾਂ ਦੇ ਕੱਪੜੇ, ਉੱਠਣਾ-ਬੈਠਣਾ ਹੀ ਨਹੀਂ ਬੋਲ-ਬਾਣੀ ਵੀ ਬਦਲੀ ਹੋਈ। ਮੈਡਮ ਜਸਵਿੰਦਰ ਵੱਲੋਂ ਦਿੱਤੇ ਨਵਿਆਂ ਵਰਗੇ ਪੁਰਾਣੇ ਕੱਪੜਿਆਂ ਦਾ ਭਰਿਆ ਬੈਗ ਕਿਰਨਾਂ ਨੇ ਭੈਣਾਂ-ਭਰਾਵਾਂ ਨੂੰ ਦੇ ਕੇ ਆਪੋ-ਆਪਣੇ ਮਾਪ ਦੇ ਛਾਂਟ ਲੈਣ ਲਈ ਕੀ ਆਖਿਆ, ਭੈਣਾਂ-ਭਰਾ ਉਸ ਨੂੰ ਹੌਰੂੰ-ਹੌਰੂੰ ਝਾਕਣ। ਸਹੇਲੀਆਂ ਤੇ ਸਾਕ-ਸੰਬੰਧੀ ਸ਼ਹਿਰਨ ਆਖ-ਆਖ ਸੜਦੇ, ਪਰ ਮਾਂ ਨੂੰ ਕਿਰਨਾਂ ਦਾ ਅੰਦਰ ਕੁਝ ਹੋਰ ਬੋਲਦਾ ਸੁਣਦਾ। ਕਿਰਨਾਂ ਦੇ ਮੂੰਹੋਂ ਪਹਿਲਾਂ ਵਾਂਗ ਮੈਡਮ-ਮੈਡਮ ਨਾ ਹੁੰਦੀ ਸੁਣ, ਛਿੰਦਰ ਨੂੰ ਅਣਹੋਣੀ ਦੀ ਸ਼ੰਕਾ ਘੇਰਦੀ। ਉਹ ਗੱਲ-ਗੱਲ 'ਤੇ ਮੈਡਮ ਜਸਵਿੰਦਰ ਤੇ ਵੱਡੇ ਮੈਡਮ ਰਾਜਬੀਰ ਦੇ ਵੱਡੇ ਦਿਲਾਂ ਦੇ ਸੋਹਿਲੇ ਗਾਉਂਦੀ। ਡੇਢ ਸਾਲ ਬਾਦ ਘਰ ਆਈ ਕਿਰਨਾਂ ਨੂੰ ਘਰ ਓਪਰਾ-ਓਪਰਾ ਜਾਪੇ। ਸਮਝ ਨਾ ਆਵੇ ਕੀ ? ਪਰ ਕੁਝ ਤਾਂ ਜ਼ਰੂਰ ਬਦਲ ਗਿਆ ਸੀ।

ਕੱਚੇ ਕੋਠੇ ਦੇ ਨਾਲ ਪਿਆ ਇੱਕ ਪੱਕਾ ਕਮਰਾ ਛਿੰਦਰ ਤੇ ਦੀਪੇ ਦੀ ਜ਼ਿੰਦਗੀ 'ਚ ਕੀ ਅਰਥ ਰੱਖਦੇ ਸਨ, ਦਾ ਅਹਿਸਾਸ ਉਦੋਂ ਹੋਇਆ ਜਦੋਂ ਦੋਵੇਂ ਜੀਅ ਕਿਰਨਾਂ ਨੂੰ ਕੋਲ ਬਿਠਾ ਕੇ ਦਿਲ ਦਾ ਭਾਰ ਵੰਡਣ ਲੱਗੇ।

"ਵੇਖ ਪੁੱਤਰ, ਆਪਾਂ ਮੈਡਮ ਹੁਰਾਂ ਦਾ ਦੇਣ ਨਹੀਂ ਦੇ ਸਕਦੇ। ਅਗਲਿਆਂ ਮਦਦ ਕੀਤੀ, ਆਹ ਕਮਰਾ ਪੈ ਗਿਆ। ਆਉਂਦੇ ਸਿਆਲ ਤੇਰੀ ਵੱਡੀ ਭੈਣ ਦੇ ਹੱਥ ਪੀਲੇ ਕਰ ਦੇਈਏ। ਤੇਰੀ ਕੀ ਸਲਾਹ ਏ ? ਆਹ ਕਮਰਾ ਪਾਉਣ ਲਈ ਫੜਿਆ ਤੀਹ ਹਜ਼ਾਰ ਹੋਰ ਚਹੁੰ ਮਹੀਨਿਆਂ ਨੂੰ ਤੇਰੀ ਤਨਖਾਹ 'ਚੋਂ ਕਟੀਂਦਾ ਲਹਿ ਜਾਵੇਗਾ। ਕੋਈ ਚੰਗਾ ਘਰ ਸੂਤ ਆ ਜਾਵੇ...। ਤਾਰੀ ਨੂੰ ਆਵਦੇ ਘਰ ਵੱਸਦਾ ਕਰ ਦੇਈਏ। ਅੱਗੋਂ ਰੱਜੂ ਬਰੋਬਰ ਹੋਈ ਖਲੋਤੀ ਏ। ਵੱਡਿਆਂ ਦੀ ਮੰਨਤ ਲਾਹੁਣ ਦਾ ਭਾਰ ਸਿਰ 'ਤੇ ਖੜ੍ਹੈ। ਹੁਣ ਤਾਂ ਮੇਰੀ ਹਾਲਤ ਵੀ ਪਹਿਲਾਂ ਨਾਲੋਂ ਵੱਲ ਏ। ਸੋਚਦਾਂ ਝਾਰ ਖਰੀਦ ਲਵਾਂ। ਪੰਜਾਹ ਕੁ ਹਜ਼ਾਰ ਮੈਡਮ ਹੁਰਾਂ ਕੋਲੋਂ ਅਡਵਾਂਸ ਫੜ ਲਵਾਂਗੇ ਝਾਰ ਖਰੀਦਣ ਲਈ। ਵੇਖੋ, ਜੇ ਸਾਉਣੀ ਚੰਗੀ ਕੁੱਟੀ ਜਾਵੇ। ਮੈਡਮ ਹੁਰਾਂ ਦੇ ਪੈਸੇ ਮੋੜ ਕੇ ਵੱਡਿਆਂ ਦੀ ਮਿਹਰ ਹੋ ਜਾਵੇ ਤੇ ਸਬਜ਼ੀ ਵੇਚਣ ਦਾ ਵਸੀਲਾ ਹੀ ਜੁੜ ਜਾਵੇ। ਤੇਰੇ ਸਿਰ ਈ ਏ ਪੁੱਤਰਾ, ਪਰ ਤੇਰੇ ਨਾਲ ਧੱਕਾ ਕੋਈ ਨ੍ਹੀ।"



ਦੀਪੇ ਤੇ ਛਿੰਦਰ ਦੀਆਂ ਉਸ 'ਤੇ ਲੱਗੀਆਂ ਆਸਾਂ ਨੇ ਕਿਰਨਾਂ ਨੂੰ 'ਦੱਸਾਂ ਕਿ ਨਾ ਦੱਸਾਂ' ਦੀ ਤੱਕੜੀ 'ਚ ਡਾਵਾਂਡੋਲ ਕਰ ਦਿੱਤਾ। ਹੁਕਮਰਾਨ ਬਣੀ ਜਸਵਿੰਦਰ ਸਾਹ ਸੁਕਾਵੇ। ਦੂਜੇ ਫੇਰੇ ਜਸਵਿੰਦਰ ਨਾਲ ਚਾਂਈਂ-ਚਾਂਈਂ ਦਿੱਲੀ ਗਈ ਕਿਰਨਾਂ ਨੂੰ ਸਮਝ ਨਾ ਆਵੇ ਕੌਣ, ਕਿੱਥੇ ਤੇ ਕੀ ਬਦਲਣ ਲੱਗਿਆ ਸੀ, ਪਰ ਜਸਵਿੰਦਰ ਦੇ ਅੰਦਰ ਇੱਕ ਨਹੀਂ ਕਈ ਔਰਤਾਂ ਵੱਸਦੀਆਂ ਸਨ ਜੋ ਕਿਰਨਾਂ ਨੂੰ ਚੰਗੇ ਜਾਂ ਮਾੜੇ ਇੱਕ ਪਾਸੇ ਤੁਲਣ ਨਾ ਦਿੰਦੀਆਂ।

*****

ਮਾਂ ਵੱਲੋਂ ਕਿਰਨਾਂ ਦੇ ਮਾਪਿਆਂ ਨੂੰ ਬਿਨਾਂ ਵਿਆਜ ਦਿੱਤੀ ਅਡਵਾਂਸ ਰਕਮ ਦਾ ਚੱਕਰਵਰਤੀ ਵਿਆਜ ਜਸਵਿੰਦਰ ਆਪਣੇ ਹਿਸਾਬ ਨਾਲ ਵਸੂਲਣ ਲੱਗੀ। ਘਰ ਦੇ ਕੰਮ ਲਈ ਰੱਖੀ ਕੰਮ ਵਾਲੀ ਪੱਕੇ ਤੌਰ 'ਤੇ ਹਟਾ ਦਿੱਤੀ ਗਈ।

ਹੁਣ ਘਰ ਵਿੱਚ ਸਿਰਫ਼ ਕਿਰਨਾਂ-ਕਿਰਨਾਂ ਹੁੰਦੀ।

"ਕਿਰਨਾਂ ਪਾਣੀ ਦੇ ਦੇ। ਕਿਰਨਾਂ ਚਾਹ ਦੇ ਦੇ। ਕਿਰਨਾਂ ਪਰੀ ਦੀ ਦੁੱਧ ਦੀ ਬੋਤਲ ਲੈ ਆ। ਕਿਰਨਾਂ ਦਾਲ ਧਰ ਲੈ। ਕਿਰਨਾਂ ਛੇਤੀ ਸਫ਼ਾਈਆਂ ਕਰ ਲੈ, ਮਹਿਮਾਨ ਆਉਣ ਵਾਲੇ ਨੇ। ਬਾਥਰੂਮ ਸਾਫ਼ ਨਹੀਂ ਕੀਤੇ। ਛੇਤੀ ਕਰ ਡਸਟਿੰਗ ਕਰ ਲੈ। ਕਿਰਨਾਂ ਕਾਰ ਧੋ ਦੇ ਛੇਤੀ, ਸਰ ਨੇ ਜਾਣੈ। ਕਾਰ ਦੇ ਸ਼ੀਸ਼ਿਆਂ 'ਤੇ ਅਖ਼ਬਾਰ ਮਾਰ। ਅੰਨ੍ਹੀ ਨੇ ਸ਼ੀਸ਼ੇ ਵੀ ਆਵਦੀਆਂ ਅੱਖਾਂ ਵਾਂਗ ਅੰਨ੍ਹੇ ਕਰਕੇ ਰੱਖ'ਤੇ। ਜਦੋਂ ਵੇਖੋ ਟੈਲੀਵਿਜ਼ਨ 'ਚ ਸਿਰ ਦਿੱਤੀ ਰੱਖੇਗੀ, ਵਿਹਲੜ ਕਿਸੇ ਥਾਂ ਦੀ। ਜਾ, ਜਾ ਕੇ ਪੌਦਿਆਂ ਨੂੰ ਪਾਣੀ ਦੇ ਲੈ। ਕਿਰਨਾਂ ਛੇਤੀ ਕਰ ਮਸਾਲਾ ਕੱਟ, ਸਬਜ਼ੀ ਰੋਟੀ ਕਰਾਂ ਮੈਂ। ਫਿੱਟੇ ਮੂੰਹ ਤੇਰੇ, ਆਹ ਕੀ ਕੀਤਾ ਈ। ਕਿੰਨੀ ਵਾਰੀ ਆਖਿਐ, ਅਦਰਕ-ਲਸਣ ਵੱਖਰਾ ਛਿੱਲ ਕੇ ਰੱਖ ਦਿਆ ਕਰ। ਹਰੀਆਂ ਮਿਰਚਾਂ ਵੱਖਰੀਆਂ। ਟਮਾਟਰਾਂ 'ਚੋਂ ਬੀ ਨਹੀਂ ਕੱਢੇ। ਭੂਤਰੀ ਹੋਈ ਕਿਸੇ ਥਾਂ ਦੀ ਪੱਲੇ ਪਈ ਏ ਮੇਰੇ। ਕੋਈ ਕੰਮ ਕੀਤਾ ਕਦੀ ਚੱਜ ਨਾਲ। ਦੁੱਧ ਦੀਆਂ ਬੋਤਲਾਂ ਸਾਫ਼ ਕਰੇਗੀ ਜੂਠ ਵਿੱਚੇ ਹੋਏਗੀ। ਉਬਾਲਣ ਧਰੇਗੀ, ਕੋਲ ਖੜ੍ਹੀ ਬੋਤਲਾਂ ਕੋਲਾ ਕਰ ਦੇਵੇਗੀ। ਗੈਸ ਸਿਲੰਡਰ ਦੇ ਤਾਂ ਜਿਵੇਂ ਹੱਥ ਧੋ ਕੇ ਮਗਰ ਪਈ ਏ। ਪਹਿਲਾਂ ਡੇਢ ਮਹੀਨਾ ਚੱਲਦਾ ਸੀ ਇੱਕ ਸਿਲੰਡਰ, ਹੁਣ ਮਜਾਲ ਏ ਪੰਦਰਾਂ ਦਿਨ ਵੀ ਕੱਢ ਜਾਵੇ। ਤਨਖਾਹ ਦੇ ਕੇ ਸਿਰ ਦੀ ਪੀੜ ਸਹੇੜੀ ਹੋਈ ਏ। ਮੋਟਾ ਦਿਮਾਗ। ਜਿੰਨਾ ਮਰਜੀ ਸਮਝਾ ਲਉ ਇਹਦਾ ਪਰਨਾਲਾ ਉੱਥੇ ਦਾ ਉੱਥੇ। ਇੱਕ ਤਾਂ ਇਹਦੀਆਂ ਮਰਜੀਆਂ ਲਈ ਖੜ੍ਹੀਆਂ ਨੇ ਮੈਨੂੰ। ਜੀਣਾ ਹਰਾਮ ਕਰ'ਤਾ ਇਹਨੇ ਬਾਂਦਰ ਬੂਥੀ ਨੇ। ਆਵਦੀ ਮਰਜੀ ਹੋਏਗੀ ਸਾਰਾ ਦਿਨ ਕਚਰ-ਕਚਰ ਕਰਦੀ ਸਿਰ ਪੀੜ ਚੜ੍ਹਾਈ ਰੱਖੇਗੀ। ਮੈਂ ਬੁਲਾਵਾਂ ਤਾਂ ਗੁੰਗ-ਵੱਟਾ ਹੋ ਜਾਏਗੀ। ਬੋਲਦੀ ਨਹੀਂ ਹੁਣ, ਕੀ ਹੋਇਐ ਜ਼ੁਬਾਨ 'ਤੇ ਸੱਪ ਲੜਿਐ ਕਿ ਮੂੰਹ 'ਚ ਦਹੀਂ ਜਮਾਇਐ। ਬੂਥਲ ਜਿਹੀ। ਵੇਖਦੀ ਵੇਖ ਕਿਵੇਂ ਏ ਮੈਨੂੰ। ਜਿਵੇਂ ਅੱਖਾਂ ਥਾਣੀਂ ਹੁਣੇ ਨਿਗਲ ਜਾਵੇਗੀ ਮੈਨੂੰ। ਅੱਖਾਂ ਨੀਵੀਆਂ ਕਰ...। ਤੇਰੀ ਹਿੰਮਤ ਕਿਵੇਂ ਹੋਈ ਮੇਰੇ ਵੱਲ ਅੱਖਾਂ ਚੁੱਕ ਕੇ ਵੇਖਣ ਦੀ...।"

ਕਿਰਨਾਂ ਮੈਡਮ ਨੂੰ ਬਿਟ-ਬਿਟ ਝਾਕਦੀ ਉਸ ਵਿੱਚੋਂ ਆਪਣੀ ਮਾਂ ਦਾ ਪਰਛਾਵਾਂ ਵੱਖ ਕਰਨ ਦੀ ਕੋਸ਼ਿਸ਼ ਕਰਨ ਲੱਗਦੀ।

ਗਾਡਰ ਬਾਲਿਆਂ ਦੀ ਛੱਤ 'ਚ ਘੁੰਮਦੇ ਪੱਖੇ ਦੇ ਪਰਾਂ 'ਚ ਕਿਰਨਾਂ ਨੂੰ ਆਪਾ ਭੰਬੀਰੀ ਬਣ ਘੁੰਮਦਾ ਜਾਪੇ।

ਤਿੰਨ ਮੰਜੀਆਂ 'ਤੇ ਸੁੱਤਾ ਟੱਬਰ ਵੇਖ ਕਿਰਨਾਂ ਦੀਆਂ ਅੱਖਾਂ ਭਰ ਆਈਆਂ।

ਰਾਤ ਉੱਸਲਵੱਟਿਆਂ 'ਚ ਲੰਘ ਗਈ। ਤਾਰਿਆਂ ਦੀ ਛਾਵੇਂ ਉਸ ਦੀ ਵਾਪਸੀ ਸੀ। ਸੋਚਾਂ ਨੂੰ ਮਜਬੂਰੀਆਂ ਦੀ ਗੰਢ ਬੰਨ੍ਹ, ਉਹ ਚੁੱਪ-ਚਾਪ ਦਿੱਲੀ ਲਈ ਵਾਪਸ ਰਵਾਨਾ ਹੋ ਗਈ।

*****

ਚਾਵਾਂ ਨਾਲ ਭੰਬੀਰੀ ਬਣ ਘਰ ਦੇ ਕੋਨੇ-ਕੋਨੇ 'ਚ ਘੁੰਮਦੀ ਕਿਰਨਾਂ ਹੁਣ ਹੌਲੀ-ਹੌਲੀ ਘਰ ਦੇ ਕੰਮ ਲੱਗੀ ਰਹਿੰਦੀ। ਕੱਪੜੇ, ਬਰਤਨ, ਸਫ਼ਾਈਆਂ, ਰੋਟੀ-ਟੁੱਕ, ਬਾਲਾਂ ਨੂੰ ਕਰੈੱਚ, ਟਿਊਸ਼ਨ ਛੱਡਣਾ, ਲਿਆਉਣਾ, ਆਵਾਜ਼ਾਂ ਦੇ ਹੁਕਮ ਪੁਗਾਉਂਦੀ ਕਿਰਨਾਂ ਨੂੰ ਆਪਾ ਚਾਬੀ ਦੇ ਕੇ ਛੱਡੇ ਖਿਡੌਣੇ ਵਾਂਗ ਘੁੰਮਦਾ ਲੱਗਦਾ।

ਹਰ ਵੇਲੇ ਪਟਰ-ਪਟਰ ਕਰਨ ਵਾਲੀ ਕਿਰਨਾਂ ਹੁਣ ਕਈ ਆਵਾਜ਼ਾਂ ਮਾਰਨ 'ਤੇ ਵੀ ਨਾ ਬੋਲਦੀ। ਉਸ ਦੀ ਚੁੱਪ ਜਸਵਿੰਦਰ ਨੂੰ ਵੱਟ ਚੜ੍ਹਾਉਂਦੀ ਤੇ ਉਹ ਕਿਰਨਾਂ ਨੂੰ ਸੜੀਆਂ-ਫੂਕੀਆਂ ਗੱਲਾਂ ਸੁਣਾਉਣ ਦਾ ਕੋਈ ਮੌਕਾ ਹੱਥੋਂ ਨਾ ਗਵਾਉਂਦੀ।

" ਅਕਲ ਦੀ ਅੰਨ੍ਹੀ, ਅੱਜ ਸੁਰਲੀ ਉੱਠੀ ਏ। ਸਾਰਾ ਦਿਨ ਨੁਕਸਾਨ ਕਰੇਗੀ। ਬੂਥਾ ਬਣਾ ਕੇ ਸਵੇਰੇ ਮੱਥੇ ਲੱਗਦੀ ਏ ਨਹਿਸ਼, ਤੇ ਮੇਰਾ ਸਾਰਾ ਦਿਨ ਖਰਾਬ ਨਿਕਲ ਜਾਂਦੈ।"

ਤੇ ਬਸ, ਫਿਰ ਕਿਰਨਾਂ ਨੇ ਨੁਕਸਾਨ ਕਰਨ ਵਾਲੀਆਂ ਨ੍ਹੇਰੀਆਂ ਲਿਆ ਦਿੱਤੀਆਂ। ਵੇਖਦੇ ਵੇਖਦੇ ਕਰਾਕਰੀ ਦੇ ਸੈੱਟ ਕੋਈ ਅੱਧੇ ਰਹਿ ਗਏ ਕੋਈ ਪੌਣੇ। ਕਿਰਨਾਂ ਨੁਕਸਾਨ ਕਰਦੀ ਜਸਵਿੰਦਰ ਬੋਲਣ ਵਾਲੇ ਵੱਟ ਕੱਢਦੀ।

"ਅਕਲ ਦਾ ਘਾਟਾ, ਦਿਮਾਗੋਂ ਪੈਦਲ, ਅੰਨ੍ਹੀ ਕਿਸੇ ਥਾਂ ਦੀ। ਮੁਸੀਬਤ ਮੇਰੇ ਪੱਲੇ ਹੀ ਪੈਣੀ ਸੀ। ਜਦੋਂ ਵੇਖੋ ਚੁੱਲ੍ਹੇ 'ਚ ਸਿਰ ਦਿੱਤੀ ਸਵਾਹ 'ਚ ਚਿਤਰਕਾਰੀ ਕਰਦੀ ਰਹੇਗੀ। ਜਾ, ਜਾ ਕੇ ਕਿਚਨ ਗਾਰਡਨ 'ਚ ਗੋਡੀ ਕਰ ਲੈ।" ਉਹ ਇੱਕ ਮਿੰਟ ਕਿਰਨਾਂ ਨੂੰ ਵਿਹਲੀ ਵੇਖ ਨਾ ਜਰਦੀ। ਹੋਰ ਨਹੀਂ ਤਾਂ ਰੰਬੀ ਦੇ ਕੇ ਕਿਚਨ ਗਾਰਡਨ 'ਚ ਵਾੜੀ ਰੱਖਦੀ ਜਾਂ ਫਿਰ ਤੇਲ ਦੀ ਸ਼ੀਸ਼ੀ ਫੜਾ ਕੇ ਮਾਲਿਸ਼ ਕਰਵਾਉਣ ਬਹਿ ਜਾਂਦੀ।

ਕਿਰਨਾਂ ਰੰਬੀ ਲੈ ਕੇ ਅਜਿਹਾ ਕਿਚਨ ਗਾਰਡਨ 'ਚ ਵੜਦੀ ਜਸਵਿੰਦਰ ਆਵਾਜ਼ਾਂ ਮਾਰਦੀ ਖਪ ਜਾਂਦੀ, ਉਹ ਰੰਬੀ ਨਾਲ ਘਾਹ ਦੀਆਂ ਜੜ੍ਹਾਂ ਖੋਤਰਨ ਲੱਗੀ ਰਹਿੰਦੀ। ਕਦੀ ਜਸਵਿੰਦਰ ਦੀ ਆਖੀ ਚੋਭ ਭਰਦੀ ਤਾਂ ਉਸ ਨੂੰ ਬਰਾਬਰ 'ਤੇ ਜਵਾਬ ਦੇਣ ਲੱਗਦੀ ਚੁੱਪ ਕਰਨ 'ਚ ਨਾ ਆਉਂਦੀ।

"ਮੇਰਾ ਦਸ ਹਜ਼ਾਰ ਰੁਪਈਆ ਨਹੀਂ ਮਿਲਦਾ ਪਿਆ।" ਜਿਵੇਂ ਹੀ ਜਸਵਿੰਦਰ ਕਿਰਨਾਂ ਨੂੰ ਸੁਣਾ ਕੇ ਆਪਣਾ ਪਰਸ ਫਰੋਲਣ ਲੱਗੀ ਕਿਰਨਾਂ ਬੋਲ ਪਈ।

"ਮੈਨੂੰ ਕੀ ਸੁਣਾਉਂਦੇ ਜੇ ਮੈਡਮ ਜੀ। ਅਸੀਂ ਗਰੀਬ ਆਂ ਭੁੱਖੇ ਨੰਗੇ ਨਹੀਂ। ਮੇਰੇ ਮੰਮੀ-ਡੈਡੀ ਨੇ ਸਾਨੂੰ ਤਰਸਾਇਆ ਨਹੀਂ ਕਦੀ ਕਿਸੇ ਚੀਜ਼ ਲਈ, ਜਿਹੜਾ ਚੋਰੀਆਂ ਕਰੀਏ।"

ਕਿਰਨਾਂ ਨੇ ਪਲਟਵਾਂ ਜਵਾਬ ਕੀ ਦਿੱਤਾ, ਜਸਵਿੰਦਰ ਦਾ ਪਾਰਾ ਸੱਤਵੇਂ ਅਸਮਾਨ 'ਤੇ।

"ਮੈਂ ਕੁਝ ਕਹਿੰਦੀ ਨਹੀਂ ਤਾਂ ਕੀ ਮੈਨੂੰ ਪਤਾ ਨਹੀਂ ਹੁੰਦਾ ਮੇਰੀ ਪਿੱਠ ਪਿੱਛੇ ਕੀ ਕਰਦੀ ਏਂ ਤੂੰ। ਮੇਰੀਆਂ ਕਿੰਨੀਆਂ ਲਿਪਸਟਿਕਾਂ ਚੁੱਕ ਕੇ ਲੈ ਗਈ ਤੂੰ। ਸੋਚਿਆ, ਨਿੱਕੀ-ਮੋਟੀ ਚੀਜ਼ ਲਈ ਕੀ ਕਹਿਣਾ। ਮੇਰੀ ਸਕਿਨ ਕ੍ਰੀਮ ਹੱਥੀਂ ਕੱਢੀ ਮੈਂ ਤੇਰੇ ਸਾਮਾਨ 'ਚੋਂ। ਚੁੱਪ ਕਰਕੇ ਪੈਸੇ ਫੜਾ ਦੇ ਮੇਰੇ, ਫੇਰ ਨਾ ਆਖੀਂ ਬੁਰੀ ਕੀਤੀ ਮੈਂ।"

"ਜਿਹੜਾ ਚੋਰੀ ਕਰੇ ਉਹਨੂੰ ਕੁੱਤੇ ਖਾਣ, ਜਿਹੜਾ ਕਿਸੇ ਦੇ ਝੂਠੇ ਨਾਂ ਲਾਵੇ ਉਹਨੂੰ ਕੋਹੜ ਪਵੇ ਰੱਬ ਕਰਕੇ। ਪਿੱਠ ਪਿੱਛੇ ਚੋਰੀਆਂ ਕਰਨ ਦੀ ਜਿਹਨੂੰ ਆਦਤ ਹੋਵੇ ਉਹਨੂੰ ਸਾਰੇ ਆਵਦੇ



ਵਰਗੇ ਹੀ ਲੱਗਦੇ ਆ।" ਜਸਵਿੰਦਰ ਨੂੰ ਸੁਣਾ ਕੇ ਕਿਰਨਾਂ ਨੇ ਚੁੱਪ ਵੱਟ ਲਈ। ਬੋਲੀ ਜਸਵਿੰਦਰ ਵੀ ਨਾ।

ਘਰ ਦੀਆਂ ਸਫ਼ਾਈਆਂ ਤੋਂ ਲੈ ਕੇ ਬੱਚਿਆਂ ਦੀ ਸਾਂਭ-ਸੰਭਾਲ, ਰੋਟੀ-ਪਾਣੀ ਸਾਰਾ ਕੁਝ ਕਰਦੀ, ਪਰ ਮਨ ਪਹਿਲਾਂ ਵਾਂਗ ਖਿੜਿਆ-ਖਿੜਿਆ ਨਾ ਰਹਿੰਦਾ। ਦਿਲ ਕਰਦਾ ਉੱਡ ਕੇ ਵਾਪਸ ਆਪਣੇ ਘਰ ਚਲੀ ਜਾਵੇ। ਮਾਂ ਤੇ ਭੈਣਾਂ ਦਾ ਹਫ਼ਤੇ-ਦਸੀਂ ਦਿਨੀਂ ਫ਼ੋਨ ਆਉਂਦਾ। ਨਸੀਹਤਾਂ ਦਾ ਢੇਰ ਸੁਣਨ ਨੂੰ ਮਿਲਦਾ,

"ਪਿਉ ਦਾ ਨੱਕ ਨਾ ਵਢਾਈਂ। ਸਿਆਣੀ ਬਣ ਕੇ ਰਵ੍ਹੀਂ ਮੇਰਾ ਪੁੱਤ। ਵੇਖ, ਇੱਥੇ ਢਿੱਡ ਭਰ ਕੇ ਖਾਣ ਨੂੰ ਰੋਟੀ ਨਹੀਂ। ਉੱਥੇ ਖੁੱਲ੍ਹਾ ਖਾਣ-ਪੀਣ। ਬਾਕੀ ਜਿਵੇਂ ਮੈਡਮ ਆਖਣ ਕਹਿਣਾ ਮੰਨੀ। ਮਾਲਕ ਦਾ ਦਿਲ ਜਿੱਤ ਲਿਆ, ਫਿਰ ਨੌਕਰ, ਨੌਕਰ ਨਹੀਂ ਰਹਿੰਦਾ। ਉਲਟਾ ਘਰ ਦੇ ਮਾਲਕ ਰੋਟੀ ਦੀ ਥਾਲੀ ਲਈ ਨੌਕਰ ਦੇ ਹੱਥ ਵੱਲ ਵੇਖਣ ਲੱਗਦੇ ਨੇ। ਕਿਸੇ ਸ਼ੈਅ 'ਤੇ ਦਿਲ ਮੈਲਾ ਨਹੀਂ ਕਰਨਾ ਮੇਰਾ ਪੁੱਤਰ। ਮੈਨੂੰ ਵੱਡੇ ਬੀਬੀ ਜੀ ਕੋਲ ਕੰਮ ਕਰਦੀ ਨੂੰ ਅੱਠ ਸਾਲ ਹੋ'ਗੇ। ਘਰ ਦੀਆਂ ਚਾਬੀਆਂ ਤੱਕ ਮੇਰੇ ਹਵਾਲੇ ਕਰਕੇ ਕਿਤੇ ਦੇ ਕਿਤੇ ਹੋ ਆਂਦੇ ਨੇ। ਬਸ ਆਹ ਵਿਸ਼ਵਾਸ ਕਮਾਉਣਾ ਔਖਾ। ਬਾਕੀ ਜਿਹਨੇ ਜ਼ਿੰਦਗੀ ਬਖਸ਼ੀ ਏ ਚੋਗਾ ਵੀ ਆਪੇ ਦਿੰਦੈ। ਜਿੱਥੋਂ ਦਾ ਅੰਨ ਜਲ ਲਿਖਿਐ ਪੰਖੂਆਂ ਨੂੰ ਉਡਾਰੀ ਭਰਨੀ ਪੈਂਦੀ ਏ। ਇੱਥੇ ਹੈ ਕੀ ? ਧੁੱਪਾਂ 'ਚ ਸੜ ਕੇ ਫਿਰ ਢਿੱਡ ਨੂੰ ਟਾਕੀਆਂ ਬੰਨ੍ਹਦੇ ਮਰੀ'ਦੈ। ਮਾਲਕ ਦੇ ਸੁਭਾਅ 'ਤੇ ਨਹੀਂ ਜਾਈਦਾ। ਕਦੀ ਨਰਮ ਕਦੀ ਗਰਮ। ਇੱਕ ਚੁੱਪ ਸੌ ਸੁੱਖ...।"

ਮਾਂ ਦੀਆਂ ਗੱਲਾਂ 'ਤੇ ਗੌਰ ਕਰਦੀ ਕਿਰਨਾਂ ਸੋਚਦੀ ਸੱਚ-ਮੁੱਚ ਖਾਣ-ਪੀਣ ਦੀ ਕੋਈ ਘਾਟ ਨਹੀਂ ਸੀ ਜਸਵਿੰਦਰ ਦੇ ਘਰ। ਊਂ ਵੀ ਉਹ ਤੇ ਉਹਦੀਆਂ ਕਿੱਟੀਆਂ ਪਾਰਟੀਆਂ ਤੇ ਇੱਕ ਮੈਡਮ ਜਸਵਿੰਦਰ ਦਾ ਮੁਬਾਇਲ ਫ਼ੋਨ। ਪਰੀ ਤੇ ਸ਼ਰਨ ਝੱਟ ਮੇਰਾ ਵਸਾਹ ਨਹੀਂ ਖਾਂਦੇ। ਉਹ ਬਾਲਾਂ ਨੂੰ ਖਿਡਾਉਂਦੀ ਮਨ ਪਰਚਾਉਣ ਦੀ ਕੋਸ਼ਿਸ਼ ਕਰਦੀ, ਪਰ ਸਮਝ ਨਾ ਆਉਂਦੀ ਰੋਟੀ ਖਾਂਦੀ ਦੇ ਗਲਿਓਂ ਰੋਟੀ ਹੇਠਾਂ ਕਿਉਂ ਨਾ ਉਤਰਦੀ। ਅੰਦਰੋ-ਅੰਦਰ ਜਿਵੇਂ ਕੋਈ ਘੁਣ ਉਸ ਨੂੰ ਖਾਂਦਾ ਰਹਿੰਦਾ। ਭੁੱਖਣ-ਭਾਣੀ ਕੰਮ ਲੱਗੀ ਰਹਿੰਦੀ ਕਿਰਨਾਂ ਨੂੰ ਤਾਪ ਚੜ੍ਹ ਗਿਆ।

ਜਸਵਿੰਦਰ ਨੇ ਦਵਾ-ਦਾਰੂ ਕਰਵਾਇਆ, ਪਰ ਬੁਖਾਰ ਕਿ ਟੁੱਟਣ 'ਚ ਹੀ ਨਾ ਆਵੇ। ਬੀਮਾਰ ਕਿਰਨਾਂ ਜਸਵਿੰਦਰ ਲਈ ਬੋਝ ਹੋ ਗਈ।

"ਬੀਮਾਰੀ ਪੱਲੇ ਪੈ ਗਈ। ਮੇਰਾ ਇਹਨੇ ਕੀ ਕਰਨਾ ? ਉਲਟਾ ਮੈਂ ਸੇਵਾਦਾਰਨੀ ਬਣ ਗਈ ਮਹਾਰਾਣੀ ਦੀ। ਭੁੱਖੇ ਮਰਦਿਆਂ ਨੂੰ ਚੋਪੜੀਆਂ ਮਿਲਣ ਲੱਗਣ ਤਾਂ ਬਦਹਜ਼ਮੀ ਹੋ ਜਾਂਦੀ ਏ। ਮੇਰਾ ਹੀ ਦਿਮਾਗ ਖਰਾਬ ਹੋਇਆ ਸੀ, ਸੁੱਕੇ ਟੁੱਕਰ ਖਾਂਦੀ ਨੂੰ ਘਿਉ ਦੀਆਂ ਨੁੱਚੜੀਆਂ ਦਿੰਦੀ ਰਹੀ ਖਾਣ ਨੂੰ...।"

ਬੁੜ-ਬੁੜ ਕਰਦਿਆਂ ਜਸਵਿੰਦਰ ਨੇ ਹਫ਼ਤਾ-ਦਸ ਦਿਨ ਕਿਰਨਾਂ ਦੇ ਠੀਕ ਹੋਣ ਦੀ ਉਡੀਕ ਕੀਤੀ। ਫਿਰ ਉਸ ਨੂੰ ਲੈ ਕੇ ਪਿੰਡ ਚੱਲ ਪਈ।

"ਵੇਖੋ ਭਾਈ ਮੈਂ ਇਹਦਾ ਇਲਾਜ ਕਰਵਾਉਣ ਵਾਲੀ ਕੋਈ ਕਸਰ ਨਹੀਂ ਛੱਡੀ। ਇਹੀ ਦੱਸਦੀ ਸੀ ਬਈ ਨਿੱਕੇ ਹੁੰਦਿਆਂ ਤੋਂ ਕੁਪੋਸ਼ਨ ਦੀ ਸ਼ਿਕਾਰ ਹੋਣ ਕਰਕੇ ਇਹ ਬੀਮਾਰ ਰਹਿੰਦੀ ਸੀ। ਹੁਣ ਬੀਮਾਰ ਨੂੰ ਮੈਂ ਹੋਰ ਕਿੰਨਾ ਸਾਂਭਾਂ। ਮੇਰੀ ਤਾਂ ਬਾਲਾਂ ਨਾਲ ਆਪਣੀ ਸੁਰਤ ਭੁੱਲੀ ਰਹਿੰਦੀ ਏ। ਸਾਂਭੋ ਆਪਣੀ ਅਮਾਨਤ। ਮੈਂ ਕਿੱਥੇ ਇਹਦਾ ਡੋਲਾ ਕਦੀ ਇੱਧਰ ਚੁੱਕੀ ਫਿਰਾਂ ਕਦੀ ਉੱਧਰ। ਹਿਸਾਬ ਕਰਕੇ ਸਾਡੇ ਪੈਸੇ ਮੋੜਨ ਦਾ ਪ੍ਰਬੰਧ ਕਰ ਦਿਉ ਬਸ।"

ਜਸਵਿੰਦਰ ਆਪਣੇ ਮੋਢਿਆਂ ਤੋਂ ਬੀਮਾਰੀ ਦਾ ਬੋਝ ਲਾਹ ਕੇ ਤੁਰਦੀ ਬਣੀ।

ਦੋ ਮਹੀਨੇ ਜਸਵਿੰਦਰ ਵੱਲੋਂ ਕਿਰਨਾਂ ਨੂੰ ਲੈ ਕੇ ਜਾਣ ਦਾ ਕੋਈ ਸੁਨੇਹਾ ਨਾ ਆਇਆ। ਉਲਟਾ ਉਹ ਫ਼ੋਨ ਕਰ-ਕਰ ਕੇ ਛਿੰਦਰ 'ਤੇ ਪੈਸੇ ਮੋੜਨ ਲਈ ਦਬਾਅ ਪਾਉਣ ਲੱਗੀ। ਛਿੰਦਰ ਤੇ ਦੀਪੇ ਨੂੰ ਕਮਾਊ ਧੀ ਘਰ ਵਿਹਲੀ ਬੈਠੀ ਵੱਢ-ਵੱਢ ਖਾਂਦੀ, ਪਰ ਕਹਿੰਦੇ ਕੁਝ ਨਾ।

ਉੱਧਰ ਜਸਵਿੰਦਰ ਨੇ ਭਾਂਡੇ-ਸਫ਼ਾਈਆਂ 'ਤੇ ਪੁਰਾਣੀ ਕੰਮ ਵਾਲੀ ਤਾਂ ਬੁਲਾ ਲਈ, ਪਰ ਕਿਰਨਾਂ ਵਾਲਾ ਸੁਖ ਕਿੱਥੇ ਮਿਲਦਾ। ਬਾਲਾਂ ਨੂੰ ਸੰਭਾਲਣਾ, ਦਿਨ ਭਰ ਘਰ ਦੀਆਂ ਸੌ ਜ਼ਿੰਮੇਵਾਰੀਆਂ। ਹੌਲੀ-ਹੌਲੀ ਉਸ ਨੂੰ ਕਿਰਨਾਂ ਦੀ ਘਾਟ ਮਹਿਸੂਸ ਹੋਣ ਲੱਗੀ।

*****

ਛਿੰਦਰ ਮੈਡਮ ਰਾਜਬੀਰ ਦੀ ਸੱਸ ਦੇ ਕੱਪੜੇ ਬਦਲਣ 'ਚ ਰੁੱਝੀ ਸੀ ਕਿ ਫ਼ੋਨ ਕੰਨ ਨੂੰ ਲਾਈ ਮੈਡਮ ਰਾਜਬੀਰ ਛਿੰਦਰ ਨੂੰ ਸੁਣਾ ਕੇ ਉੱਚੀ-ਉੱਚੀ ਗੱਲ ਕਰਨ ਲੱਗੀ, "ਲੈ ਛਿੰਦਰ ਨੂੰ ਹੋਰ ਕੀ ਚਾਹੀਦਾ। ਕਿਰਨਾਂ ਨੂੰ ਘਰ ਬਠਾ ਕੇ ਉਹਨੇ ਕਿਹੜਾ ਅਚਾਰ ਪਾਉਣੈ। ਕੋਈ ਨਾ ਕਰਦੀ ਆਂ ਮੈਂ ਛਿੰਦਰ ਨਾਲ ਗੱਲ। ਮੈਂ ਤੈਨੂੰ ਆਖਿਐ ਨਾ, ਕਿਰਨਾਂ ਬਾਲੜੀ ਏ। ਮੇਰੇ ਆਖੇ ਲੈ ਜਾ ਇੱਕ ਵਾਰੀ। ਨਾ ਤੇਰਾ ਆਖਾ ਮੰਨੇ, ਮੈਂ ਬੈਠੀ ਆਂ।"

ਫ਼ੋਨ ਬੰਦ ਕਰਕੇ ਰਾਜਬੀਰ ਛਿੰਦਰ ਨੂੰ ਸੁਣਾਉਣ ਲੱਗੀ, "ਵੇਖ ਛਿੰਦਰ, ਮੈਂ ਸਮਝਾਇਐ ਜਸਵਿੰਦਰ ਨੂੰ। ਕੋਈ ਨਾ ਬਾਲਾਂ ਕੋਲੋਂ ਸੌ ਗਲਤੀਆਂ ਹੋ ਜਾਂਦੀਆਂ ਨੇ। ਤੂੰ ਤਿਆਰ ਰੱਖੀਂ ਕਿਰਨਾਂ ਨੂੰ। ਮੈਂ ਆਪ ਛੱਡਣ ਜਾਵਾਂਗੀ ਦਿੱਲੀ ਧੀ ਆਪਣੀ ਨੂੰ।"

*****

ਕਿਰਨਾਂ ਨੂੰ ਪਹਿਲਾਂ ਵਾਂਗ ਹੀ ਚੁੱਪ-ਚਾਪ ਸੁਆਹ 'ਚ ਲੱਕੜ ਚਲਾਉਂਦੀ ਵੇਖ ਛਿੰਦਰ ਦਾ ਰੌਂਅ ਬਦਲਿਆ। ਲੱਕੜ ਵਾਪਸ ਚੁੱਲ੍ਹੇ 'ਚ ਡਾਹ ਚਕਲੇ 'ਤੋਂ ਚੁੱਕ ਰੋਟੀ ਤਵੇ 'ਤੇ ਪਾਈ ਤੇ ਮਿੱਠੇ ਕੀਰਨੇ ਪਾਉਣ ਲੱਗੀ,

"ਵੇਖ ਮੇਰਾ ਪੁੱਤਰ, ਤੇਰੇ ਸਿਰ ਪੱਕਾ ਕੋਠਾ ਪਾ ਲਿਆ। ਲੈਟਰੀਨ ਬਣਨ ਨਾਲ ਤਾਂ ਸਾਰੇ ਸੰਸੇ ਮਿਟ ਗਏ। ਭੈਣਾਂ ਤੇਰੀਆਂ ਬਾਹਰ ਜੰਗਲ ਪਾਣੀ ਜਾਂਦੀਆਂ, ਮੇਰੇ ਸਾਹ ਸੂਲੀ ਟੰਗੇ ਰਹਿੰਦੇ। ਕੌਣ ਕਿਸੇ ਨੂੰ ਬਿਨਾਂ ਵਿਆਜ ਪੈਸਾ ਦਿੰਦੈ। ਛੋਟੇ ਮੈਡਮ ਤੇ ਸਰਦਾਰ ਜੀਆਂ ਦੇ ਦਿਲਾਂ 'ਚ ਰੱਬ ਵੱਸਦੈ। ਪੈਸੇ ਦਿੰਦਿਆਂ ਮਜਾਲ ਕਦੀ ਮੱਥੇ ਵੱਟ ਪਾਇਆ ਹੋਵੇ। ਪਿਛਲੇ ਸਾਲ ਭੈਣ ਤੇਰੀ ਦੇ ਵਿਆਹ 'ਤੇ ਫੜਿਆ ਅਡਵਾਂਸ ਪੰਜਾਹ ਹਜ਼ਾਰ ਲਹਿੰਦਿਆਂ ਕਈ ਮਹੀਨੇ ਲੱਗ ਜਾਣੇ ਆ। ਸੁਖ ਨਾਲ, ਅਗਲੇ ਮਹੀਨੇ ਭੈਣ ਤੇਰੀ ਦਾ ਜਣੇਪਾ ਸਿਰ 'ਤੇ ਆਇਆ ਖੜ੍ਹੈ। ਪੈਸਿਆਂ ਦੀ ਲੋੜ ਪਵੇਗੀ। ਮਾਲਕਾਂ ਦੀ ਆਖੀ ਦਾ ਕਾਹਦਾ ਗੁੱਸਾ। ਭਾਪਾ ਤੇਰਾ ਗੱਲ ਕਰਦਾ ਸੀ, ਜੇ ਇੰਜ ਹੀ ਮੈਡਮ ਤੇ ਸਰ ਜੀ ਦਾ ਹੱਥ ਸਿਰ 'ਤੇ ਰਿਹਾ ਤਾਂ ਰੱਜੂ ਦਾ ਵੀ ਆਉਂਦੇ ਸਾਲ ਭਾਰਾ ਲਾਹ ਦਿਆਂਗੇ। ਪਹਿਲਾਂ ਜੇ ਕਿਧਰੇ ਰਸੋਈ ਛੱਤੀ ਜਾਵੇ, ਤਾਂ ਮੀਂਹ-ਕਣੀ 'ਚ ਰੋਟੀ ਪਾਣੀ ਕਰਨਾ ਸੌਖਾ ਹੋ ਜਾਵੇ।"

ਨਵਾਂ ਕਰਜ਼ਾ ਚੁੱਕਣ ਦੀ ਭੂਮਿਕਾ ਬੰਨ੍ਹਦੀ ਛਿੰਦਰ ਨੇ ਦੋ ਰੋਟੀਆਂ ਉੱਤੇ ਅਚਾਰੀ ਮਿਰਚ ਨਾਲ ਸੁੱਕੇ ਆਲੂ ਰੱਖ ਥਾਲੀ ਕਿਰਨਾਂ ਦੇ ਅੱਗੇ ਕਰ ਦਿੱਤੀ।

"ਕੁੱਤਿਆਂ ਵਾਂਗੂੰ ਭੌਂਕਦੀ ਏ ਅਗਲੀ। ਕਿੰਨਾ ਕੁ ਸਹੀਏ। ਅਸੀਂ ਤਾਂ ਜਿਵੇਂ ਇਨਸਾਨ ਨਹੀਂ। ਗੱਲ-ਗੱਲ 'ਤੇ ਅਗਲੀ ਸਾਨੂੰ ਚੋਰ ਠਹਿਰਾਉਣ ਲੱਗਦੀ ਏ। ਨਾਲੇ ਗੋਲਪੁਣਾ ਕਰੋ ਨਾਲੇ ਗੱਲਾਂ ਸੁਣੋਂ। ਮੈਥੋਂ ਨਹੀਂ ਸੁਣ ਹੁੰਦੀਆਂ ਫਾਲਤੂ ਦੀਆਂ।"



ਬੀਮਾਰ ਨੂੰ ਛੱਡ ਕੇ ਗਈ ਜਸਵਿੰਦਰ ਨੇ ਤਿੰਨ ਮਹੀਨਿਆਂ ਬਾਅਦ ਕਿਰਨਾਂ ਨੂੰ ਦੁਬਾਰਾ ਲੈ ਕੇ ਜਾਣ ਦੀ ਹਾਮੀ ਭਰੀ ਸੀ, ਪਰ ਕਿਰਨਾਂ ਵਾਪਸ ਜਾਣ ਲਈ ਅੱਡੀ ਨਾ ਲਾਵੇ।

ਉਹ ਆਪਣੀ ਥਾਂ ਸੱਚੀ।

ਇਨ੍ਹਾਂ ਤਿੰਨ ਮਹੀਨਿਆਂ ਦੀ ਤਨਖਾਹ ਦੇਣਾ ਤਾਂ ਦੂਰ ਜਸਵਿੰਦਰ ਨੇ ਕਦੀ ਸਿੱਧੇ ਮੂੰਹ ਕਿਰਨਾਂ ਨਾਲ ਫ਼ੋਨ 'ਤੇ ਗੱਲ ਵੀ ਨਾ ਕੀਤੀ।

ਛਿੰਦਰ ਤੇ ਦੀਪੇ ਨੂੰ 'ਕਰਜ਼ਾ ਕਿਵੇਂ ਉਤਰੇਗਾ ?' ਦੀ ਚਿੰਤਾ ਚਿਖਾ 'ਤੇ ਚੜ੍ਹਾਵੇ।

ਇੱਧਰ ਤਿੰਨ ਮਹੀਨਿਆਂ ਬਾਦ ਕਿਰਨਾਂ ਨੂੰ ਲੈਣ ਆਈ ਜਸਵਿੰਦਰ ਭਾਰਾਂ ਤੇ ਪਵੇ।

"ਫਰਕ ਕੀਤਾ ਕਦੀ ਤਾਂ ਦੱਸੇ। ਵੰਨ-ਸੁਵੰਨਾ ਖਾਣ-ਪੀਣ ਨੂੰ। ਇੱਕ ਤੋਂ ਇੱਕ ਵੱਧ ਕੇ ਕੱਪੜਾ-ਲੱਤਾ। ਜਿੱਥੇ ਜਾਵਾਂ ਨਾਲ-ਨਾਲ ਚੁੱਕੀ ਫਿਰਦੀ ਆਂ ਨਵਾਬਣੀ ਨੂੰ। ਜਿੰਨਾ ਮਰਜੀ ਕਰ ਲਉ, ਇਹਦੀ ਬੂਥੀ ਨਾ ਸਿੱਧੀ ਹੋਈ। ਕੋਈ ਚੱਜ ਦੀ ਗੱਲ ਆਖੋ, ਮਿਰਚਾਂ ਲੱਗ ਜਾਂਦੀਆਂ ਵੱਡੀ ਨੂੰ। ਜੰਮਣਾ ਤਾਂ ਮਾਹਰਾਜੇ ਪਟਿਆਲੇ ਘਰ ਸੀ, ਜੰਮ ਪਈ ਦਿਹਾੜੀਦਾਰਾਂ ਘਰ। ਹੁਣ ਲਾਟਸਾਬ੍ਣੀ ਦੀ ਰੂਹ ਨੂੰ ਟਿਕਾਅ ਕਿੱਥੇ ?"

****

ਨਵੀਂ-ਨਵੀਂ ਆਈ ਨੂੰ ਪਟਾਕੀ ਆਖ ਕੇ ਬੁਲਾਉਂਦੀ ਨਾ ਜਸਵਿੰਦਰ ਉਹ ਰਹੀ ਸੀ ਨਾ ਕਿਰਨਾਂ ਦੇ ਕੰਨਾਂ ਨੂੰ ਉਸ ਦੇ ਮੂੰਹੋਂ ਇਹ ਸ਼ਬਦ ਸੁਣਨ ਦੀ ਕੋਈ ਆਸ ਬਚੀ ਸੀ। ਹੁਣ ਉਹ ਉਡੀਕਦੀ ਕਿ ਉਹਨੂੰ ਹੋਰ ਕਿਹੜੇ ਨਵੇਂ ਨਾਂ ਨਾਲ ਦੁਤਕਾਰਿਆ ਜਾਵੇਗਾ।

"ਸੁਰਲੀ, ਬੂਥਲ, ਸੜਿਆਂਦ, ਬਾਂਦਰ ਦੀ ਬੂਥੀ ਵਾਲੀ, ਅਕਲ ਦੀ ਅੰਨ੍ਹੀ, ਮੋਟਾ ਦਿਮਾਗ, ਨਹਿਸ਼ ਕਿਸੇ ਥਾਂ ਦੀ।" ਜਸਵਿੰਦਰ ਵੱਲੋਂ ਮਿਲੇ ਸਾਰੇ ਨਾਂ ਸੋਚ ਕੇ ਕਿਰਨਾਂ ਹੱਸਣ ਲੱਗਦੀ।

'ਜੇ ਸਾਡਾ ਦਿਮਾਗ ਮੋਟਾ ਨਾ ਹੁੰਦਾ ਤਾਂ ਤੁਹਾਡੇ ਦਿਮਾਗ ਦੀ ਸੂਈ ਦੇ ਬਰੀਕ ਨੱਕੇ 'ਚੋਂ ਕਿਵੇਂ ਲੰਘਦੇ ?'

ਹੁਣ ਜਦੋਂ ਵੀ ਜਸਵਿੰਦਰ ਕੌੜਾ ਬੋਲਦੀ, ਕਿਰਨਾਂ ਹੱਸ ਛੱਡਦੀ।

"ਵੇਖ ਦੰਦ ਕਿਵੇਂ ਪਾੜਦੀ ਏ, ਬਾਂਦਰ ਮੂੰਹੀਂ ਜਿਹੀ।" ਛਿੰਦਰ ਉਸ ਨੂੰ ਕੋਸਦੀ। ਕਿਰਨਾਂ ਦੇ ਕੰਨਾਂ 'ਚ ਮਾਂ ਦੇ ਬੋਲ ਕੁਤਕੁਤਾੜੀਆਂ ਕੱਢਣ ਲੱਗਦੇ,

"ਬਸ ਮੇਰਾ ਪੁੱਤਰ, ਕੁੱਤਿਆਂ ਦਾ ਤਾਂ ਕੰਮ ਹੀ ਹੁੰਦੈ ਭੌਂਕਣਾ, ਇਨਸਾਨਾਂ ਦਾ ਹੁੰਦੈ ਕੰਨ ਵਲ੍ਹੇਟ ਕੇ ਆਪਣਾ ਬਚਾਅ ਕਰਕੇ ਲੰਘ ਜਾਣਾ। ਭੌਂਕਦੇ ਕੁੱਤੇ ਨੂੰ ਵੱਟਾ ਮਾਰੋ ਤਾਂ ਵੱਢਦੈ। ਚੁੱਪ ਕਰਕੇ ਆਵਦੇ ਰਾਹ ਤੁਰੇ ਜਾਉ ਤਾਂ ਆਪੇ ਭੌਂਕ-ਭੂੰਕ ਕੇ ਚੁੱਪ ਕਰ ਜਾਂਦੇ ਆ।" ਕਿਰਨਾਂ ਹੈਰਾਨ ਨਾ ਹੁੰਦੀ ਜਦੋਂ ਜਸਵਿੰਦਰ ਬੋਲ-ਬੁਲ ਕੇ ਆਪੇ ਚੁੱਪ ਕਰ ਜਾਂਦੀ।

*****

ਕਿਰਨਾਂ ਨੂੰ ਜਸਵਿੰਦਰ ਕੋਲ ਆਈ ਨੂੰ ਤੀਜਾ ਵਰ੍ਹਾ ਤੇ ਚੌਥੀ ਵਾਰੀ ਸੀ। ਉਸ ਦੀਆਂ ਲੋਰੀਆਂ ਸੁਣਦੀ-ਸੁਣਦੀ ਪਰੀ ਸਕੂਲ ਦੀਆਂ ਕਵਿਤਾਵਾਂ ਸੁਣਾਉਣ ਲੱਗੀ ਸੀ। ਮਾਂ ਦੀ ਬਜਾਏ ਪਰੀ ਕਿਰਨਾਂ ਦੇ ਅੱਗੇ-ਪਿੱਛੇ ਘੁੰਮਦੀ ਉਸ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ ਛੜੱਪੇ ਮਾਰਦੀ ਰਹਿੰਦੀ। ਕਿਰਨਾਂ ਨੇ ਜਸਵਿੰਦਰ ਦੇ ਘਰ ਨੂੰ ਆਪਣੀ ਕਰਮ-ਭੂਮੀ ਮੰਨ ਲਿਆ, ਪਰ ਜੋ ਸੋਚੋ ਉਵੇਂ ਹੀ ਚੱਲੇ, ਸੰਭਵ ਨਹੀਂ।

*****

ਕਿਰਨਾਂ ਨੂੰ ਚੌਥੇ ਫੇਰੇ ਆਇਆਂ ਕੁਝ ਦਿਨ ਹੋਏ ਸਨ ਕਿ ਜਸਵਿੰਦਰ ਦੀ ਨਨਾਣ ਤੇ ਦਿਉਰ ਵੀ ਦਿੱਲੀ ਪੜ੍ਹਨ ਆ ਗਏ। ਜਸਵਿੰਦਰ ਲੱਖ ਸਹੁਰਿਆਂ ਤੋਂ ਵੱਖ ਰਹਿ ਰਹੀ ਹੋਵੇ। ਸਾਰੀ ਜ਼ਮੀਨ-ਜਾਇਦਾਦ ਸਾਂਝੀ ਹੋਣ ਕਰਕੇ ਨਿੱਕੇ ਨਨਾਣ ਤੇ ਦਿਉਰ ਦਾ ਵੀ ਇਸ ਘਰ 'ਤੇ ਪੂਰਾ ਹੱਕ ਸੀ। ਉਹ ਘਰ ਦੇ ਨਾਲ-ਨਾਲ ਕਿਰਨਾਂ 'ਤੇ ਵੀ ਜਨਮ ਸਿੱਧ ਅਧਿਕਾਰ ਸਮਝ ਕੇ ਹੁਕਮ ਝਾੜਦੇ, ਪਰ ਗਾਹੇ-ਬਗਾਹੇ ਕਿਰਨਾਂ ਨੂੰ ਕੋਈ ਨਾ ਕੋਈ ਖਾਣ-ਪੀਣ ਜਾਂ ਪਹਿਨਣ-ਪਰਚਣ ਦਾ ਸਾਮਾਨ ਵੀ ਦਿੱਤੀ ਰੱਖਦੇ। ਦੀਦੀ-ਦੀਦੀ, ਵੀਰੇ-ਵੀਰੇ ਕਰਦੀ ਕਿਰਨਾਂ ਦੋਹਾਂ ਭੈਣ-ਭਰਾਵਾਂ ਦੀ ਅੱਧੀ ਆਵਾਜ਼ 'ਤੇ ਹਾਜ਼ਰ ਹੁੰਦੀ। ਹਮ-ਉਮਰ ਹੋਣ ਕਰਕੇ ਉਹ ਆਪਸ ਵਿੱਚ ਹਾਸਾ-ਠੱਠਾ ਵੀ ਕਰ ਲੈਂਦੇ।

ਜਸਵਿੰਦਰ ਦਾ ਦਿਉਰ ਉਸ ਨੂੰ ਸੜੀ ਜੁਵੈਨ ਆਖ ਕੇ ਬੁਲਾਉਂਦਾ। ਉਹ ਗੁੱਸੇ 'ਚ ਮੂੰਹ ਫਲਾਉਂਦੀ, ਫਿਰ ਹੱਸ ਪੈਂਦੀ। ਉਸ ਦੀ ਨਨਾਣ ਦਾ ਸਿਰ ਝੱਸਦੀ ਥੱਕਦੀ ਨਾ। ਉਹ ਕਾਲਜ ਜਾਣ ਲਈ ਤਿਆਰ ਹੋਣ ਲੱਗਦੀ ਤਾਂ ਭੱਜ-ਭੱਜ ਕੇ ਕਦੀ ਜੁੱਤੇ ਫੜਾਉਂਦੀ ਕਦੀ ਕੱਪੜੇ ਪ੍ਰੈਸ ਕਰ-ਕਰ ਕੇ ਦਿੰਦੀ।

ਥੋੜ੍ਹੇ ਦਿਨਾਂ ਵਿੱਚ ਕਿਰਨਾਂ ਫਿਰ ਤੋਂ ਚਹਿਕਣ ਲੱਗੀ। ਉੱਡ-ਉੱਡ ਕੇ ਘਰ ਦੇ ਕੰਮ ਕਰਦੀ। ਵੇਲੇ ਸਿਰ ਨਹਾਅ-ਧੋ ਕੇ ਸੋਹਣੀ ਤਰ੍ਹਾਂ ਤਿਆਰ ਵੀ ਹੋ ਜਾਂਦੀ। ਜਸਵਿੰਦਰ ਦੇ ਨਨਾਣ ਤੇ ਦਿਉਰ ਜੇ ਕਿੱਧਰੇ ਘਰ ਮੁੜਨ 'ਚ ਲੇਟ ਹੋ ਜਾਂਦੇ। ਉਹ ਕਈ-ਕਈ ਵਾਰ ਜਸਵਿੰਦਰ ਕੋਲੋਂ ਉਨ੍ਹਾਂ ਦੇ ਆਉਣ ਬਾਰੇ ਪੁੱਛਦੀ। ਦੋਹਾਂ ਲਈ ਉਚੇਚੇ ਤੌਰ 'ਤੇ ਕੁਝ ਨਾ ਕੁਝ ਪਕਾਉਣ ਦੇ ਆਹਰ ਲੱਗੀ ਦੇ ਦਿਲ ਦੀ ਕਿਸੇ ਨੁੱਕਰ 'ਚ ਦੱਬੀ ਸੰਗੀਤਕ ਧੁਨ ਲਬਾਂ ਤੋਂ ਥਿਰਕਣ ਲੱਗਦੀ।

ਇਹ ਸਭ ਕੁਝ ਕਿਰਨਾਂ ਨੂੰ ਕਿੰਨਾ ਮਹਿੰਗਾ ਪੈਣ ਵਾਲਾ ਸੀ ਉਸ ਦੀ ਜਾਣੇ ਬਲਾਂ।

ਇੱਕ-ਇੱਕ ਦਾ ਹੁਕਮ ਪੁਗਾਉਂਦੀ ਤੜਕੇ ਛੇ ਵਜੇ ਦੀ ਉੱਠੀ ਰਾਤੀਂ ਗਿਆਰਾਂ-ਬਾਰਾਂ ਵਜੇ ਤੱਕ ਘਰ ਦੇ ਅੰਦਰ-ਬਾਹਰ ਗੇੜੀਆਂ ਕੱਢੀ ਜਾਂਦੀ। ਸਵੇਰੇ ਜੇ ਕਦੀ ਛੇ ਤੋਂ ਸਵਾ ਛੇ ਵਜੇ ਤੱਕ ਨਹਾਅ ਧੋ ਕੇ ਰਸੋਈ 'ਚ ਹਾਜ਼ਰ ਨਾ ਹੋਈ ਹੁੰਦੀ ਤਾਂ ਜਸਵਿੰਦਰ ਦਾ ਮੂੰਹ ਸੁੱਜ ਕੇ ਭੜੋਲਾ ਹੋਇਆ ਹੁੰਦਾ। ਪਹਿਲਾਂ ਤਾਂ ਉਹ ਕਿਰਨਾਂ ਨਾਲ ਬੋਲਦੀ ਹੀ ਨਾ, ਜਦੋਂ ਕਿਰਨਾਂ ਵੀ ਚੁੱਪ ਵੱਟ ਲੈਂਦੀ ਤਾਂ ਜਸਵਿੰਦਰ ਹਵਾੜ ਕੱਢਣ ਲੱਗਦੀ।

"ਆਹ ਟਾਇਮ ਏ ਭਲਾ ਜਾਗਣ ਦਾ। ਮੌਜਾਂ ਮਿਲੀਆਂ ਮਾਨਣ ਨੂੰ, ਲਵੋ ਨਜ਼ਾਰੇ। ਇੱਕ ਤਾਂ ਸੁੱਤੀ ਨੂੰ ਅਵਾਜ਼ ਨਹੀਂ ਮਾਰੀ'ਦੀ ਕਦੀ। ਉੱਤੋਂ ਨਵਾਬਣੀ ਦੇ ਨਖਰੇ ਝੱਲੋ। ਆਹ ਹੁਣੇ ਚਾਹ ਬਣਾਈ ਸੀ ਮੈਂ ਆਪਣੇ ਲਈ। ਇਸੇ ਪੈਨ 'ਚ ਬਣਾ ਲੈ ਤੇ ਛੇਤੀ ਪੀ ਕੇ ਪਹਿਲਾਂ ਬਾਹਰ ਸਫ਼ਾਈ ਕਰ ਲੈ। ਕਿੰਨੀ ਵਾਰੀ ਆਖਿਆ ਘਰ ਦਾ ਮੱਥਾ ਪਹਿਲਾਂ ਸਾਫ ਕਰ ਲਿਆ ਕਰ। ਫਿਰ ਤਾਂ ਤੂੰ ਸਾਰਾ ਦਿਨ ਕੰਮ ਦਾ ਪੀਹਣ ਪਾਈ ਹੀ ਰੱਖਣਾ ਹੁੰਦੈ। ਪਤਾ ਨਹੀਂ ਕੀ ਕਰਦੀ ਸਾਰੀ ਦਿਹਾੜੀ। ਰਸੋਈ 'ਚੋਂ ਹੀ ਬਾਹਰ ਨਹੀਂ ਨਿਕਲਦੀ। ਰਸੋਈ ਫਿਰ ਗੰਦੀ ਦੀ ਗੰਦੀ। ਕੀੜੇ ਪਾ ਕੇ ਰੱਖ'ਤੇ ਮੇਰੇ ਘਰ ਨੂੰ। ਅੰਦਰੇ-ਅੰਦਰ ਮਲਾਈਆਂ ਚੱਟਦੀ ਨੂੰ ਵੇਖ ਕਿਵੇਂ ਚਰਬੀ ਚੜ੍ਹਨ ਲੱਗੀ ਏ। ਤੈਨੂੰ ਆਖਿਆ ਸੀ ਪਾਣੀ ਦੇ ਦੇਵੀਂ ਪੌਦਿਆਂ ਨੂੰ। ਕੰਮ 'ਚ ਧਿਆਨ ਹੋਵੇ ਤਾਂ ਨਾ। ਮੈਨੂੰ ਭਲਾ ਪਤਾ ਨਹੀਂ ਲੱਗਦਾ, ਅੱਖਾਂ ਕਿੱਧਰ ਘੁੰਮਦੀਆਂ ਤੇਰੀਆਂ। ਸਾਰੀ ਸਮਝ ਆਉਂਦੀ ਮੈਨੂੰ ਆਹ ਕਿਹੜੀਆਂ ਲਾਲੀਆਂ ਤੇਰੀਆਂ ਗੱਲ੍ਹਾਂ 'ਤੋਂ ਡਲ੍ਹਕਣ ਲੱਗੀਆਂ ਨੇ। ਆਹ ਜਿਹੜਾ ਵੀਰੇ, ਵੀਰੇ ਕਰਦੀ ਮੇਰੇ ਦਿਉਰ ਦੇ ਅੱਗੇ-ਪਿੱਛੇ ਮਟਕਦੀ ਏਂ ਨਾ...।"



ਜਿਵੇਂ ਹੀ ਜਸਵਿੰਦਰ ਨੇ ਉਸ 'ਤੇ ਮਾੜਾ ਕਟਾਖਸ਼ ਕੱਸਿਆ ਕਿਰਨਾਂ ਨੇ ਘੂਰ ਕੇ ਜਸਵਿੰਦਰ ਵੱਲ ਵੇਖਿਆ। ਜਸਵਿੰਦਰ ਪੈਂਤੜਾ ਬਦਲ ਗਈ।

"ਜਾ ਹੁਣ ਮੇਰਾ ਮੂੰਹ ਕੀ ਵੇਖਦੀ ਏਂ? ਤੁਲਸੀ ਦੇ ਪੱਤੇ ਲਿਆ ਤੋੜ ਕੇ ਤੇ ਮੇਰੇ ਲਈ ਗਰੀਨ ਟੀ ਬਣਾ ਦੇ। ਸਾਰਾ ਦਿਨ ਵਿਹਲੀ ਮੱਖੀਆਂ ਮਰਵਾ ਲਉ ਇਹਦੇ ਕੋਲੋਂ। ਇੱਕ ਵਾਰੀ ਗੱਲ ਦਾ ਰਿਸਪੌਂਸ ਦੇ ਦਿਉ ਉਂ ਸਿਰ ਖਾ ਜਾਵੇਗੀ...। ਰਾਤ ਨੂੰ ਖਾਣੇ 'ਤੇ ਆਉਣੈ ਮੇਰੀ ਖਾਸ ਫਰੈਂਡ ਦੀ ਫੈਮਿਲੀ ਨੇ। ਰੋਟੀ, ਸਬਜ਼ੀ ਦੀ ਤਿਆਰੀ ਕਰ ਲੈ। ਫਿਰ ਦੰਦ ਪਾੜ ਕੇ ਵਿਖਾ ਦੇਵੇਂਗੀ ਮੈਨੂੰ।"

ਚੁੱਲ੍ਹੇ 'ਤੇ ਤੌੜੀ 'ਚ ਰਿੱਝਦੇ ਸਾਗ ਨੂੰ ਨੀਝ ਲਾ ਵੇਖਦੀ ਕਿਰਨਾਂ ਨੂੰ ਆਪਣਾ-ਆਪ ਤੌੜੀ 'ਚ ਰਿੱਝਦਾ ਲੱਗੇ। ਸਾਗ 'ਚ ਘੋਟਣਾ ਚਲਾਉਂਦੀ ਦੇ ਦਿਮਾਗ 'ਚ ਕਈ ਕੁੱਝ ਘੁਟਣ ਲੱਗਿਆ।

"ਵੇਖ ਪੁੱਤਰ। ਤੇਰੇ ਸਿਰ 'ਤੇ ਈ ਏ। ਤੂੰ ਆਖੇਂ ਤਾਂ ਬਾਊਆਂ ਕੋਲੋਂ ਤੀਹ ਹਜ਼ਾਰ ਫੜ ਲਈਏ। ਤੂੰ ਆਖੇਂ ਤਾਂ ਪੰਜਾਹ ਹਜ਼ਾਰ ਰੁਪਈਆ ਫੜ ਲਈਏ। ਤੂੰ ਆਖੇਂ ਤਾਂ ਭੈਣ ਦਾ ਵਿਆਹ ਕਰ ਲਈਏ। ਪੱਕਾ ਕਮਰਾ, ਗੁਸਲਖਾਨਾ, ਰਸੋਈ, ਭੈਣ ਦਾ ਜਣੇਪਾ। ਹੁਣ ਰੱਜੂ ਦਾ ਵਿਆਹ ਕਰ ਲਈਏ। ਪੈਸਿਆਂ ਦੀ ਲੋੜ ਪਵੇਗੀ। ਇਹ ਕਰਜੇ ਦੀ ਪੰਡ ਚੁੱਲ੍ਹੇ 'ਚ ਕਿਉਂ ਨਹੀਂ ਮੱਚਦੀ? ਕਦੋਂ ਤੱਕ ਬਾਲਣ ਬਣ ਸਾਡੇ ਹੱਡ ਮੱਚਦੇ ਰਹਿਣਗੇ?"

ਪਹਿਲੇ ਦਿਨ ਜਿਸ ਕਮਰੇ ਨੂੰ ਵੇਖ ਕਿਰਨਾਂ ਪੱਬਾਂ ਭਾਰ ਹੋਈ ਸੀ, ਨੂੰ ਗਹੁ ਨਾਲ ਤੱਕਦੀ ਕਮਰੇ ਅੰਦਰੋਂ ਜਸਵਿੰਦਰ ਦਾ ਅੰਦਰ ਫਰੋਲਣ ਲੱਗਦੀ,

"ਇਹ ਵੇਖਣ ਨੂੰ ਅਮੀਰ ਅੰਦਰੋਂ ਕਿੰਨੇ ਗਰੀਬ ਹੁੰਦੇ ਨੇ!" ਕਮਰੇ ਅੰਦਰ ਟੰਗੇ ਗੀਜ਼ਰ, ਟੈਲੀਵਿਜ਼ਨ, ਏ.ਸੀ. ਸਭ ਸ਼ੋਅਪੀਸ ਤੋਂ ਵੱਧ ਕੁਝ ਨਾ। ਇੱਥੋਂ ਤੱਕ ਘਰਵਾਲਾ ਵੀ ਸ਼ੋਅ-ਪੀਸ ਬਣਾ ਕੇ ਰੱਖਿਐ। ਹਰ ਸ਼ੈਅ ਦੇ ਮੇਨ ਸਵਿੱਚ ਦਾ ਕੰਟਰੋਲ ਮੈਡਮ ਜਸਵਿੰਦਰ ਦੇ ਹੱਥ। ਪੋਹ ਮਾਘ ਦੀਆਂ ਠੰਡਾਂ 'ਚ ਗੜੇ ਵਰਗੇ ਪਾਣੀ ਨਾਲ ਪਿੰਡੇ 'ਤੇ ਛਿੱਟਾ ਦਿੰਦੀ ਕਿਰਨਾਂ ਕੱਚੇ ਘਰ ਦੇ ਚੁੱਲ੍ਹੇ 'ਤੇ ਹਰ ਵੇਲੇ ਧਰਿਆ ਗਰਮ ਪਾਣੀ ਦਾ ਪਤੀਲਾ ਯਾਦ ਕਰ ਕੇ ਰੋ ਪੈਂਦੀ। ਕਮਰੇ ਦੀ ਛੱਤ 'ਚ ਘੁਕਦਾ ਸਦੀਆਂ ਪੁਰਾਣਾ ਪੱਖਾ ਵੇਖ ਕੱਚੇ ਕੋਠੇ ਦੀ ਛੱਤ 'ਤੇ ਤਰੌਂਕਾ ਕਰਕੇ ਠੰਡਕ ਦਾ ਕੀਤਾ ਪ੍ਰਬੰਧ ਚੇਤੇ ਆਉਂਦਾ। ਜੀ ਕਰਦਾ ਹੁਣੇ ਭੱਜ ਜਾਵੇ ਇਸ ਸੋਨੇ ਦੇ ਪਿੰਜਰੇ ਨੂੰ ਤੋੜ ਕੇ ਤੇ ਭਰ ਲਵੇ ਸਾਰੇ ਚੰਨ-ਤਾਰੇ ਅੱਖਾਂ ਦੇ ਕਲਾਵੇ ਵਿੱਚ।

ਮਜਬੂਰੀ ਮਾਰੀ ਖੁੱਲ੍ਹੀ ਕੈਦ ਹੰਢਾਉਂਦੀ ਕਿਰਨਾਂ ਅੰਦਰੇ-ਅੰਦਰ ਕੁਮਲਾਉਣ ਲੱਗੀ।

ਕੰਮ ਕਰਦੀ-ਕਰਦੀ ਇੱਕੋ ਥਾਂ ਪੱਥਰ ਬਣੀ ਸੋਚੀ ਜਾਂਦੀ। ਚੁੱਲ੍ਹੇ ਅੱਗੇ ਬੈਠੀ ਸੁਆਹ 'ਚ ਡੱਕਾ ਚਲਾਉਂਦੀ ਰੋਟੀ-ਸਬਜ਼ੀ ਸਾੜ ਬਹਿੰਦੀ।

"ਮੋਟਾ ਦਿਮਾਗ, ਆਹ ਕੀ ਬਣਾਇਆ ਈ?"

ਕਿਰਨਾਂ ਦੀ ਜਾਣੇ ਬਲਾਂ, ਸਿਰ 'ਤੇ ਖੜ੍ਹੀ ਜਸਵਿੰਦਰ ਕਦੋਂ ਦੀ ਉਸ ਦੀ ਕਲਾਕਾਰੀ ਵੇਖ ਰਹੀ ਸੀ।

"ਰਾਜਾ, ਰਾਣੀ, ਰਾਜ ਕੁਮਾਰ, ਰਾਜ ਕੁਮਾਰੀ ਤੇ...।" ਕਿਰਨਾਂ ਸੁੱਤੇ-ਸੁੱਧ ਬੋਲਣ ਲੱਗੀ।

"ਰਾਜੇ ਰਾਣੀਆਂ ਸੁਆਹ 'ਚ ਨਹੀਂ ਰੁਲਦੇ ਹੁੰਦੇ ਤੇ ਰਾਜ ਕੁਮਾਰ, ਰਾਜ ਕੁਮਾਰੀਆਂ ਮਹਿਲਾਂ 'ਚ ਪਲਦੇ ਵਧਦੇ ਨੇ। ਉੱਠ ਤੇ ਜਾ, ਜਾ ਕੇ ਕੰਮ ਕਰ ਲੈ ਕੋਈ। ਬਣਾਵਾਂ ਤੈਨੂੰ ਰਾਜਕੁਮਾਰੀ ਵੱਡੀ ਨੂੰ। ਮੈਂ ਅੰਨ੍ਹੀਂ ਆਂ, ਜਿਹੜਾ ਮੈਨੂੰ ਕੁਝ ਦਿਸਦਾ ਨਹੀਂ। ਆਹ ਜਿਹੜੇ ਦੇਵਰ ਮੇਰੇ 'ਤੇ ਡੋਰੇ ਪਾਉਂਦੀ ਫਿਰਦੀ ਏਂ ਨਾ, ਬਾਜ ਆ ਜਾ। ਫਿਰ ਨਾ ਆਖੀਂ ਤੇਰੀ ਗੁੱਤ ਮੁੰਨ ਕੇ ਚੁੱਲ੍ਹੇ 'ਚ ਡਾਹ 'ਤੀ ਮੈਂ। ਜਾਤ

ਦੀ ਕੋਹੜ-ਕਿਰਲੀ ਛਤੀਰਾਂ ਨੂੰ ਜੱਫੇ। ਗੰਦ ਪਾਇਆ ਆ ਕੇ। ਤੁਹਾਡਾ ਤਾਂ ਕੰਮ ਹੀ ਏ, ਅਮੀਰ ਘਰਾਂ ਦੇ ਮੁੰਡੇ ਫਸਾਏ, ਝੂਠੇ ਇਲਜ਼ਾਮ ਲਾਏ ਤੇ ਮਨ-ਚਾਹੀ ਮੋਟੀ ਰਕਮ ਬਟੋਰ ਕੇ ਰਾਹ ਪਏ।" ਕਿਰਨਾਂ ਸੁੰਨ ਹੋਈ ਜਸਵਿੰਦਰ ਦਾ ਮੂੰਹ ਤੱਕਦੀ ਰਹਿ ਗਈ। ਜਸਵਿੰਦਰ ਨੇ ਪੈਰ ਨਾਲ ਸਵਾਹ ਇਕੱਠੀ ਕੀਤੀ ਤੇ ਬੁੜਬੁੜ ਕਰਦੀ ਤੁਰਦੀ ਬਣੀ।

ਅਗਲੀ ਸਵੇਰ ਕਿਰਨਾਂ ਨੂੰ ਅਜਿਹਾ ਬੁਖਾਰ ਚੜ੍ਹਿਆ, ਬੇਸੁਰਤੀ 'ਚ ਕੀ ਬੋਲੇ ਸਮਝ ਨਾ ਆਵੇ। ਜਸਵਿੰਦਰ ਨੇ ਤੁਰੰਤ ਡਰਾਈਵਰ ਨੂੰ ਗੱਡੀ ਕੱਢਣ ਲਈ ਆਖਿਆ ਤੇ ਕਿਰਨਾਂ ਨੂੰ ਪਿੰਡ ਪਹੁੰਚਾ ਕੇ ਸਾਹ ਲਿਆ।

"ਸਾਂਭੋ ਆਵਦੀ ਬੀਮਾਰੀ। ਮਰ ਗਈ ਤਾਂ ਊਂ ਨਹੀਂ ਛੱਡਣਾ ਤੁਸੀਂ। ਉੱਤੋਂ ਮਾੜੇ ਲੱਛਣਾਂ 'ਤੇ ਉਤਰੀ ਦੀ ਰਾਖੀ...ਆਪਣੇ ਤਾਂ ਵੱਸ ਦਾ ਰੋਗ ਨਹੀਂ।"

ਦੋ-ਚਹੁੰ ਦਿਨਾਂ 'ਚ ਕਿਰਨਾਂ ਦਾ ਬੁਖਾਰ ਉਤਰ ਗਿਆ, ਪਰ ਬੋਲੇ ਕੁਝ ਨਾ। ਛਿੰਦਰ ਤੇ ਦੀਪਾ ਕਿਰਨਾਂ ਨੂੰ ਅੰਦਰ ਦੀ ਗੱਲ ਪੁੱਛਣ।

"ਕੀ ਗੱਲ ਏ ਪੁੱਤਰ ? ਨਹੀਂ ਜਾਣਾ ਤਾਂ ਨਾ ਜਾਵੀਂ। ਤੂੰ ਦਿਲ ਭੈੜਾ ਨਾ ਕਰ। ਆਹ ਰੱਜੂ ਦੀ ਮੰਨਤ ਲਾਹੀ ਏ ਤਾਂ ਠੀਕ ਏ ਹੁਣ। ਮੈਂ ਵੀ ਟ੍ਰਾਈ ਸੈਕਲ ਲੈ ਲਿਐ। ਘਰ ਬਹਿਣ ਵਾਲਾ ਨਹੀਂ। ਕਰਨਾਂ ਕੋਈ ਹੀਲਾ-ਵਸੀਲਾ। ਹੋਰ ਨਹੀਂ ਤਾਂ ਇਸੇ 'ਤੇ ਗੋਲੀਆਂ-ਟੌਫੀਆਂ ਲੱਦ ਕੇ ਵੇਚ ਲਿਆ ਕਰਾਂਗਾ। ਇੱਕ ਪਾਸਿਉਂ ਸੁਖ ਦਾ ਸਾਹ ਮਿਲਦੈ, ਦੂਜਾ ਵਿੱਟਰ ਜਾਂਦੈ। ਲੱਗਦੈ ਵੱਡਿਆਂ ਦੀ ਨਜ਼ਰ ਹੁਣ ਤੇਰੇ ਵੱਲੋਂ ਕੌੜੀ ਹੋ ਗਈ ਏ। ਕੌਣ ਦਿਸਦੈ ਤੈਨੂੰ ਤਾਪ 'ਚ ?"

ਕਿਰਨਾਂ ਬਿਨਾਂ ਬੋਲੇ ਦੋਹਾਂ ਨੂੰ ਘੂਰਨ ਲੱਗੀ।

"ਸ਼ਾਂਤ ਹੋ ਮੇਰਾ ਪੁੱਤਰ। ਕਰਨਾ ਕਿਤੋਂ ਦੇਗ ਦਾ ਪ੍ਰਬੰਧ ਜਾ ਕੇ। ਛਿੰਦਰ ਸੀਤੂ ਨੂੰ ਕਰ ਦੇ ਤਿਆਰ। ਘੱਲ ਦਿਆਂਗੇ ਮੈਡਮ ਨਾਲ। ਕਿਵੇਂ ਨਾਂਹ ਕਰੀਏ ਅਗਲਿਆਂ ਨੂੰ। ਹਰ ਨਿੱਕੀ-ਵੱਡੀ ਲੋੜ ਨੂੰ ਹਾਜਰ ਖੜ੍ਹੇ ਹੁੰਦੇ ਆ।" ਆਖ ਕੇ ਦੀਪਾ ਟ੍ਰਾਈ ਸਾਇਕਲ ਦਾ ਹੈਂਡਲ ਘੁਮਾਉਂਦਾ ਘਰੋਂ ਬਾਹਰ ਨਿਕਲ ਗਿਆ।

"ਖਾ ਲੈ ਰੋਟੀ ਹੁਣ। ਢਿੱਡ ਨਾਲ ਕਾਹਦਾ ਵੈਰ। ਜੀਹਦੇ ਨਸੀਬ 'ਚ ਹੀ ਰੱਜ ਨਾ ਲਿਖਿਆ ਹੋਵੇ। ਕਰਾਂ ਸੀਤੂ ਨੂੰ ਤਿਆਰ।" ਆਖ ਛਿੰਦਰ ਨੇ ਇੱਕੋ ਲੱਪ ਨਾਲ ਸੁਆਹ ਇਕੱਠੀ ਕਰਕੇ ਕਿਰਨਾਂ ਦੇ ਵਾਹੇ ਸਾਰੇ ਤਿੱਤਰ-ਬਟੇਰ ਇਕੱਠੇ ਕਰ ਭੁੱਬਲ 'ਤੇ ਪਾਣੀ ਛਿੜਕ ਦਿੱਤਾ।

ਕਿਰਨਾਂ ਨੇ ਦੋ ਵਿੱਚੋਂ ਇੱਕ ਰੋਟੀ ਚੁੱਕੀ ਤੇ ਛਿੰਦਰ ਨੂੰ ਵਾਪਸ ਫੜਾ ਦਿੱਤੀ। ਹੱਥ 'ਚ ਫੜਿਆ ਡੱਕਾ ਰੋਟੀ ਵਾਲੀ ਥਾਲੀ ਦੇ ਕੰਢੇ 'ਤੇ ਠਕੋਰਦੀ ਪੁੱਛਣ ਲੱਗੀ, "ਦੱਸ ਤੂੰ ਸਾਨੂੰ ਖਾਂਦੀ ਏਂ ਕਿ ਅਸੀਂ ਤੈਨੂੰ ਖਾਂਦੇ ਆਂ ? ਜਦੋਂ ਤੋਂ ਹੋਸ਼ ਸੰਭਾਲੀ ਆਹੀ ਤਾਂ ਸੁਣਦੀ ਆਈ ਆਂ, 'ਨਿੱਕੇ ਨੂੰ ਤਾਪ ਚੜ੍ਹ ਗਿਐ। ਕੋਸ਼ਿਸ਼ ਕਰਦਾਂ ਜੇ ਸੇਠਾਂ ਕੋਲੋਂ ਦੋ-ਚਾਰ ਸੌ ਰੁਪਈਆ ਮਿਲ ਜਾਵੇ। ਸੁੱਖਣਾ ਲਾਹੁਣੀ ਏਂ, ਕੋਸ਼ਿਸ਼ ਕਰ ਵੇਖ ਜੇ ਮੈਡਮ ਜੀਆਂ ਦੇ ਦਿਲ 'ਚ ਮਿਹਰ ਪੈ ਜਾਵੇ। ਅੱਜ ਵੱਡਿਆਂ ਦੇ ਨਾਂ ਛੱਤਰਾ ਚੜ੍ਹਾਉਣੈ, ਦੇਵੀ ਦੇ ਦਰ ਧਾਗਾ ਬੰਨ੍ਹਣ ਜਾਣੈ ! ਸਾਰਾ ਟੱਬਰ ਮਿੱਟੀ 'ਚ ਹੱਡ ਰੋਲਦਾ ਖਪ ਜਾਂਦੈ, ਫਿਰ ਵੀ ਕੋਈ ਮਰੇ, ਕੋਈ ਜੀਵੇ ਹਰ ਨਿੱਕੀ ਮੋਟੀ ਲੋੜ ਦੀ ਪੂਰਤੀ ਲਈ ਕਰਜੇ ਦਾ ਮੂੰਹ ਤੱਕਦੇ ਬਾਊਆਂ ਅੱਗੇ ਜੋਦੜੀਆਂ...।" ਛਿੰਦਰ ਹੱਥ ਜੋੜ ਕੇ ਉਸ ਦੇ ਸਾਹਮਣੇ ਬੈਠ ਗਈ।



"ਮਿਹਰ ਕਰੋ, ਬਖ਼ਸ਼ ਦਿਉ ਵੱਡ-ਵਡੇਰਿਉ। ਅਸੀਂ ਭੁੱਲਣਹਾਰ।" ਬੋਲਦੀ ਛਿੰਦਰ ਗਲ 'ਚ ਪੱਲੂ ਪਾ ਕੇ ਕਿਰਨਾਂ ਅੱਗੇ ਗੋਡੇ ਟੇਕ ਕੇ ਨੱਕ ਨਾਲ ਲਕੀਰਾਂ ਕੱਢਣ ਲੱਗੀ।

"ਕੀ ਡਰਾਮਾ ਕਰਨ ਲੱਗੀ ਏਂ ਮੰਮੀ ?" ਕਿਰਨਾਂ ਛਿੰਦਰ ਨੂੰ ਖਿੱਝ ਕੇ ਬੋਲੀ। ਇਸ ਤੋਂ ਪਹਿਲਾਂ ਕਿ ਛਿੰਦਰ ਜਾਂ ਘਰ ਦਾ ਕੋਈ ਹੋਰ ਜੀਅ ਕਿਰਨਾਂ ਨੂੰ ਠੀਕ ਕਰਨ ਲਈ ਕੁਝ ਕਰਦਾ, ਗਲੀ 'ਚ ਕਾਰ ਦਾ ਹਾਰਨ ਵੱਜਿਆ। ਟੱਬਰ ਦੇ ਕੰਨ ਖੜ੍ਹੇ ਹੋ ਗਏ। ਕਿਰਨਾਂ ਨੇ ਹੱਥ 'ਚ ਫੜਿਆ ਡੱਕਾ ਤੋੜ ਕੇ ਵਗਾਹ ਸੁੱਟਿਆ।

ਜਸਵਿੰਦਰ ਘਰ ਦਾ ਦਰਵਾਜ਼ਾ ਲੰਘ ਆਈ।

ਹੱਥ ਜੋੜਦੀ ਛਿੰਦਰ ਮਜਬੂਰੀ ਦੱਸਣ ਲੱਗੀ,

"ਮੈਡਮ ਜੀ, ਕਿਰਨਾਂ ਥੋੜ੍ਹੀ ਢਿੱਲੀ-ਮਿੱਸੀ ਏ। ਜਾਣ ਤੋਂ ਵਿੱਟਰੀ ਖੜ੍ਹੀ ਏ। ਕੀ ਕਰੀਏ ? ਵੱਡਿਆਂ ਅੱਗੇ ਕਾਹਦਾ ਜੋਰ। ਕਿਰਨਾਂ ਦੇ ਸਿਰ 'ਤੇ ਆ ਬੈਠੇ ਨੇ। ਤੁਸੀਂ ਆਹ ਨਿੱਕੀ ਸੀਤੂ ਨੂੰ ਲੈ ਜੋ। ਕੱਚੀ ਮਿੱਟੀ ਜਿਵੇਂ ਚਾਹੋ ਆਵਦੇ ਮੁਤਾਬਿਕ ਕੰਮ 'ਚ ਢਾਲ ਲਿਆ ਜੇ...।"

ਇਸ ਤੋਂ ਪਹਿਲਾਂ ਕਿ ਛਿੰਦਰ ਸੀਤੂ ਦੀ ਬਾਂਹ ਜਸਵਿੰਦਰ ਨੂੰ ਫੜਾਉਂਦੀ, ਕਿਰਨਾਂ ਤੂਫ਼ਾਨ ਵਾਂਗੂੰ ਚੁੱਲ੍ਹੇ ਅੱਗੋਂ ਉੱਠੀ ਤੇ ਸੀਤੂ ਨੂੰ ਬਾਹੋਂ ਫੜ ਬੋਲਣ ਲੱਗੀ, "ਭੱਜ ਲੈ ਸੀਤੂ, ਓਪਰੀਆਂ ਬਲਾਵਾਂ ਕਿਸੇ ਦੀਆਂ ਸੱਕੀਆਂ ਨਹੀਂ ਹੁੰਦੀਆਂ। ਆਵਦੇ ਘਰ ਦੋ ਕੀ, ਅੱਧੀ ਦਾ ਵੀ ਰੱਜ।"

"ਮੈਡਮ ਜੀ ਰਾਹ ਛੱਡ ਦਿਉ। ਓਪਰੀਆਂ ਸ਼ੈਆਂ ਦਾ ਕੀ ਭਰੋਸਾ। ਇਹ ਹਵਾਵਾਂ ਕਿਸੇ ਦੀਆਂ ਸੱਕੀਆਂ ਨਹੀਂ ਹੁੰਦੀਆਂ। ਬਲਾਵਾਂ ਜੋਰਾਵਰ ਹੋਈਆਂ ਖੜ੍ਹੀਆਂ ਨੇ।" ਆਖਦੀ ਛਿੰਦਰ ਰਾਹ ਛੱਡ ਕੇ ਹੱਥ ਜੋੜਦੀ ਪਾਸੇ ਹੋ ਖਲੋਤੀ।

ਕਿਰਨਾਂ ਨੇ ਤੇਜ਼ੀ ਨਾਲ ਰੰਬਾ ਤੇ ਪੱਲੀ ਚੁੱਕੀ ਤੇ ਸੀਤੂ ਨੂੰ ਲੈ ਕੇ ਵਾਹੋ-ਦਾਹ ਘਰ ਦਾ ਬੂਹਾ ਟੱਪ ਗਈ।

ਸੰਪਰਕ: 98146-70707

---

**ਪਾਣੀ ਦੀ ਕੰਧ**
**(ਪਾਕਿਸਤਾਨੀ ਪੰਜਾਬੀ ਕਹਾਣੀਆਂ)**
**ਜ਼ੁਬੈਰ ਅਹਿਮਦ**
**ਸੱਚਲ ਪ੍ਰਕਾਸ਼ਨ, ਅੰਮ੍ਰਿਤਸਰ**

**ਜੋਗੀ ਸੱਪ ਤਰਾਹ**
**ਨੈਨ ਸੁੱਖ**
**ਲਿੱਪੀ-ਅੰਤਰ-ਪਰਮਜੀਤ ਸਿੰਘ ਮੀਸ਼ਾ (ਡਾ.)**
**ਸੱਚਲ ਪ੍ਰਕਾਸ਼ਨ, ਅੰਮ੍ਰਿਤਸਰ**

## ਨੁਕਸ/ਸੰਦੀਪ ਸਮਰਾਲਾ

"ਮੁੰਡਾ ਵਿਆਹਿਆ ਤੇ ਗਿਆ, ਨੋਟ ਤੁੜਾਇਆ ਤੇ ਗਿਆ।" ਇਹ ਗੱਲ ਕਿਸ਼ਨ ਲਾਲ ਨੂੰ ਉਸਦੀ ਮਾਂ ਨੇ ਕਹੀ ਸੀ, ਜਦੋਂ ਉਹ ਵਿਆਹ ਤੋਂ ਸਾਲ ਕੁ ਬਾਅਦ ਪਿੰਡ ਛੱਡ ਸ਼ਹਿਰ ਆ ਗਿਆ ਸੀ। ਇਹ ਗੱਲ ਉਸਦੇ ਦਿਮਾਗ 'ਚ ਅਕਸਰ ਘੁੰਮ ਜਾਂਦੀ ਤੇ ਕਈ ਹੋਰ ਗੱਲਾਂ ਵੀ, ਫੇਰ ਆਪਣੇ ਮੁੰਡੇ ਨਕੁਲ ਬਾਰੇ ਇਹੀ ਸੋਚਦਾ, "ਮੁੰਡਾ ਵਿਆਹਿਆ...ਭੈਣ ਚੋਂ, ਅਸੀਂ ਕਿੱਥੋਂ ਵਿਆਹਿਆ ਸਾਲੇ ਨੂੰ, ਆਪੇ ਹੀ ਵਿਆਹ ਕਰਵਾਇਆ। ਸਿਰ 'ਚ ਸੁਆਹ ਪਾਤੀ ਕੰਜਰ ਨੇ। ਸ਼ਰੀਕ ਮੂੰਹ ਜੋੜ ਜੋੜ ਗੱਲਾਂ ਕਰਦੇ ਹੋਣੇ ਬਈ, ਹੁਣ ਫੜਲੋ ਪੂੰਛ ਘੁੱਟ ਕੇ।" ਫੇਰ ਸਿਰ 'ਤੇ ਹੱਥ ਮਾਰਦਾ ਬੁੜਬੜਾਉਂਦਾ। "ਕਦੇ ਭਾਈ- ਭਾਈ ਵੀ ਸਰੀਕ ਬਣ ਜਾਂਦੇ ਨੇ ?, ਮੈਂ ਹੀ ਉਹਨਾਂ ਨਾਲ ਸ਼ਰੀਕਾਂ ਵਾਲੀ ਕੀਤੀ ਆ ...। ਮੈਂ ਵੀ ਕਮਲਾ, ਕਿਹੜੀਆਂ ਗੱਲਾਂ ਲੈ ਕੇ ਬਹਿ ਜਾਨਾ। ਸੱਪ ਨਿਕਲੇ ਤੋਂ ਬਾਅਦ ਲੀਕ ਨੀ ਕੁੱਟੀ ਦੀ ਕਿਸ਼ਨਿਆ।"

ਕਿਸ਼ਨ ਫੇਰ ਬੁੜਬੜਾਉਂਦਾ, "ਦੁਨੀਆ ਹੀ 'ਲਵ ਮੈਰਿਜ' ਕਰਵਾਉਂਦੀ ਆ, ਜੇ ਨਕੁਲ ਨੇ ਕਰਵਾ ਲਈ ਫੇਰ ਕਿਹੜੀ ਆਫਤ ਆਗੀ। ਬਸ ਖੁਸ਼ ਰਹੇ। ਮਾਪੇ ਤਾਂ ਆਸ਼ੀਰਵਾਦ ਹੀ ਦਿੰਦੇ ਨੇ, 'ਲਾਦ ਚਾਹੇ ਸੌ ਗਲਤੀਆਂ ਕਰੇ।" ਉਹ ਕਦੇ ਕਿੱਧਰ ਨੂੰ ਹੋ ਜਾਂਦਾ ਕਦੇ ਕਿੱਧਰ ਨੂੰ। "ਮਾਪੇ ਤਾਂ ਮੇਰੇ ਵੀ ਮੈਨੂੰ ਆਸ਼ੀਰਵਾਦ ਹੀ ਦਿੰਦੇ ਹੋਣਗੇ...ਹਾਂ...ਹਾਂ... ਪੱਕਾ। ਉਹਨਾਂ ਨੇ ਤਾਂ ਕਦੇ ਕੁੱਤੇ ਦੇ ਸੋਟੀ ਨੀ ਮਾਰੀ, ਦੁਰਸੀਸਾਂ, ਨਹੀਂ...ਨਹੀਂ...। ਐਂ ਕਿਉਂ ਸੋਚਣ ਲੱਗ ਜਾਂਦੇ ਕਿਸ਼ਨਿਆ।" ਕਿਸ਼ਨ ਨੇ ਅੱਖਾਂ ਭਰ ਲਈਆਂ ਜਦੋਂ ਮਾਂ ਦੀ ਕਹੀ ਗੱਲ ਯਾਦ ਆ ਗਈ ਸੀ ਕਿ ਇਹ ਤਾਂ ਆਪਣੀ ਘਰਵਾਲੀ ਦੇ ਹੱਥੋਂ ਵਿਕਿਆ ਪਿਆ।

ਅਜਿਹੀਆਂ ਗੱਲਾਂ ਸੋਚ ਸੋਚ ਉਸਦਾ ਸਿਰ ਦਰਦ ਰਹਿਣ ਲੱਗ ਪਿਆ ਸੀ। ਡਾਕਟਰ ਨੇ ਕਿਹਾ ਸੀ, "ਮਾਈਗ੍ਰੇਨ' ਹੈ, 'ਟੈਨਸ਼ਨ' ਨਾ ਲਿਆ ਕਰੋ।"

"ਡਾ. ਸਾਹਬ ਟੈਨਸ਼ਨ ਕੋਈ ਆਪ ਲੈਣ ਵਾਲੀ ਚੀਜ਼ ਥੋੜ੍ਹਾ ਕਦੇ ਕੋਈ ਗੱਲਾਂ ਹੀ ਅਜਿਹੀਆਂ ਹੋ ਜਾਂਦੀਆਂ ਨੇ।" ਫੇਰ ਮਨ 'ਚ ਹੀ "ਕਦੇ ਕਦੇ ਨਹੀਂ ਇਹ ਤਾਂ ਘੁੰਮਦੀਆਂ ਹੀ ਰਹਿੰਦੀਆਂ ਨੇ, ਚੱਤੋ ਪਹਿਰ।" ਫੇਰ ਐਨਕ ਉਤਾਰਦਾ ਤੇ ਅੱਖਾਂ ਸਾਫ਼ ਕਰਦਾ, "ਡਾ. ਸਾਹਬ ਕੋਈ ਐਹਜੀ ਗੋਲੀ ਦਿਓ ਕਿ ਗੋਲ਼ੀ ਅੰਦਰ, ਬੰਦਾ ਜਲੰਧਰ।"

"ਜਲੰਧਰ! ਕੀ ਮਤਲਬ ਤੁਹਾਡਾ ?"

"ਮੈਂ ਤਾਂ ਕਹਿਨਾ ਬਈ ਦਿਮਾਗ ਦੀ ਨਾੜੀ ਨੁੜੀ ਫਟ ਜਵੇ, ਹੋਜਵੇ ਟੱਟੂਪਾਰ, ਅੱਜ ਮਰੇ, ਕੱਲ ਦੂਆ ਦਿਨ। ਟੈਨਸ਼ਨਾਂ ਤਾਂ ਮੜ੍ਹੀਆਂ ਤੱਕ ਜਾਣਗੀਆਂ।"

"ਕੋਈ ਚੱਜ ਦੀ ਗੱਲ ਵੀ ਕਰ ਲਿਆ ਕਰੋ, ਹਮੇਸ਼ਾਂ ਮਰਨ ਮਰਾਉਣ ਦੀਆਂ ਗੱਲਾਂ ਕਰਦੇ ਰਹਿੰਦੇ ਹੋ।" ਕਾਂਤਾ ਨੇ ਅੱਖਾਂ ਕੱਢਦੀ ਨੇ ਕਿਹਾ। ਕਿਸ਼ਨ ਡਾਕਟਰ ਨੂੰ ਕਹਿਣਾ ਚਾਹੁੰਦਾ ਸੀ ਕਿ ਉਹ ਇੱਕ ਦੋ ਵਾਰੀ ਮੜ੍ਹੀਆਂ 'ਚ ਜਾ ਕੇ ਵੀ ਪੈ ਗਿਆ ਸੀ ਕਿ ਟੈਨਸ਼ਨ ਮੁੱਕ ਜਾਵੇ ਪਰ.....।

"ਜੇ ਕਿਸੇ ਗੱਲ ਦੀ ਟੈਨਸ਼ਨ ਹੈ ਤਾਂ ਦੱਸੋ ? ਆਪਾਂ ਕੋਈ ...।"

"ਇੱਕ ਗੱਲ ਹੋਵੇ ਤਾਂ ਦੱਸਾਂ ਡਾਕਟਰ ਸਾਅਬ ਪੰਜ ਸਾਲ ਹੋ ਗਏ ਮੁੰਡੇ ਨੂੰ..।" ਕਾਂਤਾ ਵਿੱਚੋਂ ਹੀ ਟੋਕਦੀ, "ਇਹਨਾਂ ਨੇ ਐਂ ਹੀ ਗੱਲਾਂ ਕਰੀ ਜਾਣੀਆਂ ਨੇ, ਤੁਸੀਂ ਦਵਾਈ ਲਿਖੋ।"



"ਚੱਲ ਠੀਕ ਆਂ ਹੁਣ, ਡਾਕਟਰ ਸਾਅਬ, ਲੰਬੀਆਂ ਗੱਲਾਂ ਨੇ ਤੁਸੀਂ ਵੀ ਕਹਿਣਾ ਕਿ ਕਿਹੜੀ ਰਾਮ ਕਹਾਣੀ ਛੇੜ ਕੇ ਬਹਿ ਗਿਆ, ਫੇਰ ਕਦੇ ਸਹੀ।"

ਡਾਕਟਰ ਕਾਂਤਾ ਵੱਲ ਦੇਖ ਕੇ ਕਹਿੰਦਾ, "ਇੱਕ ਵਾਰੀ ਕਿਸੇ 'ਸਕਾਇਟਰਿਸਟ' ਨੂੰ ਦਿਖਾ ਲਵੋ ਠੀਕ ਰਹੇਗਾ।"

"ਮੈਂ ਕਿਹੜਾ ਪਾਗਲ ਹਾਂ, 'ਸਾਇਕਟਰਿਸਟ' ਨੂੰ ਦਖਾ ਲਵਾਂ।"

"ਨਹੀਂ ਨਹੀਂ ਜੀ ਮੇਰੇ ਕਹਿਣ ਦਾ ਇਹ ਮਤਲਬ ਨਹੀਂ ਸੀ।" ਕਿਸ਼ਨ ਮਨ 'ਚ ਹੀ, "ਹੋ ਤਾਂ ਮੈਂ ਪਾਗਲ ਹੀ ਗਿਆ, ਬੱਸ ਲੋਕਾਂ ਨੂੰ ਹੀ ਪਤਾ ਲੱਗਣਾ ਰਹਿ ਗਿਆ।"

ਕਿਸ਼ਨ ਡਾਕਟਰ ਨੂੰ ਦੱਸਣਾ ਚਾਹੁੰਦਾ ਸੀ ਕਿ ਉਸਦਾ ਮੁੰਡਾ ਨਕੁਲ ਪਹਿਲਾਂ ਬੈਂਗਲੌਰ ਨੌਕਰੀ ਕਰਦਾ ਸੀ। ਉਥੇ ਕਿਸੇ ਬੰਗਾਲਣ ਨਾਲ ਰਹਿੰਦਾ ਸੀ, ਜਿਸਦਾ ਨਾਂ ਸੰਸਕ੍ਰਿਤੀ ਸੀ। ਇਧਰ ਵੀ ਲਿਆਇਆ 15 ਕੁ ਦਿਨ ਲਈ, ਬੱਸ ਕੋਠੇ ਤੇ ਹੀ ਚੜ੍ਹੇ ਰਹੇ। ਪੂਰਾ ਕੰਜਰਘਾਟ ਕੀਤਾ। ਫੇਰ ਸਾਲ ਕੁ ਬਾਅਦ ਕਹਿੰਦਾ ਕਿ ਮੈਂ ਵਿਆਹ ਕਰਵਾ ਲਿਆ, ਅਸੀਂ ਪੁੱਛਿਆ ਸੀ ਕਿ ਸੰਸਕ੍ਰਿਤੀ ਨਾਲ ? ਕਹਿੰਦਾ, 'ਨਹੀਂ ਨਹੀਂ ਇਹ ਮ੍ਰਿਦੁਲਾ ਐ...।' ਫੇਰ ਕਹਿੰਦਾ ਗਾਇਤਰੀ ਨਾਲ... ਹੁਣ ਦੱਸੋ ਜੀਹਦਾ ਮੁੰਡਾ ਹੀ ਨਾ ਕਹਿਣੇ 'ਚ ਹੋਇਆ, ਉਹਨੂੰ 'ਟੈਨਸ਼ਨ' ਨਾ ਹੋਵੇ, ਹੋਰ ਕੀ ਬਾਂਸ ਹੋਊ। ਬਾਕੀ ਰਹਿੰਦੀ ਖੂੰਹਦੀ ਮੱਤ ਘਰਵਾਲੀ ਨੇ ਮਾਰੀ ਪਈ ਆ ਉਹ ਅਲੱਗ।"

ਉਸ ਨੂੰ ਘਰਵਾਲੀ ਤੇ ਵੀ ਖਿਝ ਚੜ੍ਹੀ ਰਹਿੰਦੀ। ਬਸ ਖਿਝ ਚੜ੍ਹਾ ਕੇ ਬੈਠ ਜਾਂਦਾ ਸੀ। ਕਰ ਵੀ ਕੀ ਸਕਦਾ ਸੀ। ਘਰਵਾਲੀ ਨੂੰ ਕੁਸ਼ ਕਹਿਣਾ ਭੂੰਡਾਂ ਦੇ ਖੱਖਰ ਨੂੰ ਹੱਥ ਪਾਉਣਾ ਸੀ। ਜੇ ਕਦੇ ਉਹ ਸੁਆਲ ਜੁਆਬ ਕਰ ਵੀ ਲੈਂਦਾ ਤਾਂ ਅੱਗਿਓਂ ਉਹ ਉੱਖੜੇ ਕੁਹਾੜੇ ਵਾਂਗ ਪੈਂਦੀ ਸੀ ਪਰ ਹੁਣ ਉਹ ਢੀਠ ਹੋ ਗਿਆ ਸੀ, ਆਪਣੀ ਗੱਲ ਕਹਿ ਕੇ ਹੀ ਹਟਦਾ।

ਉਸ ਦਿਨ ਡਾਕਟਰ ਨੇ ਦਵਾਈ ਲਿਖਦਿਆਂ ਕਿਹਾ ਸੀ ਕਿ ਸਵੇਰੇ ਸ਼ਾਮ ਸੈਰ ਤੇ ਯੋਗਾ ਜ਼ਰੂਰ ਕਰਿਆ ਕਰੋ। ਯੋਗਾ ਤਾਂ ਉਹ ਅਕਸਰ ਨਾਲ ਲੱਗਦੇ ਪਾਰਕ 'ਚ ਕਰਨ ਜਾਂਦਾ ਸੀ। ਯੋਗਾ ਕਰਨ ਤੋਂ ਬਾਅਦ ਕੋਈ ਨਾ ਕੋਈ ਹੱਸਣ ਹਸਾਉਣ ਦੀ ਗੱਲ ਕਰਦਾ ਤੇ ਸਾਰੇ ਤਾੜੀਆਂ ਮਾਰ ਮਾਰ ਉੱਚੀ ਉੱਚੀ ਹੱਸਦੇ। ਇੱਕ ਦਿਨ ਕਿਸੇ ਨੇ ਗੱਲ ਸੁਣਾਈ, "ਇੱਕ ਮੁੰਡਾ ਆਪਣੇ ਸਹੁਰੇ ਨੂੰ ਜਾ ਕੇ ਕਹਿੰਦਾ, ਡੈਡੀ ਜੀ, ਥੋਡੀ ਕੁੜੀ ਨੇ ਮੈਨੂੰ ਤੰਗ ਕਰਿਆ ਪਿਆ, ਪਾਗਲ ਕਰਦੂ ਮੈਨੂੰ, ਤੁਸੀਂ ਸਮਝਾਉ ਉਹਨੂੰ।"

ਸਹੁਰਾ ਕਹਿੰਦਾ, " ਕਾਕਾ ਜੀ ਐਵੇਂ ਫਿਕਰ ਨਾ ਕਰਿਆ ਕਰੋ, ਜਿਹੜਾ ਪੀਸ ਥੋਡੇ ਕੋਲ ਆਇਆ, ਉਹਦਾ ਥਾਣ ਤਾਂ ਮੇਰੇ ਕੋਲ ਆ, ਹੁਣ ਤੁਸੀਂ ਦੱਸੋ, ਮੈਂ ਕਿਹੜੇ ਖੂਹ 'ਚ ਜਾਵਾਂ ?" ਸਾਰੇ ਤਾੜੀਆਂ ਮਾਰ ਉੱਚੀ ਉੱਚੀ ਹੱਸਣ ਲੱਗੇ। ਕਿਸ਼ਨ ਤੋਂ ਹੱਸਿਆ ਨਾ ਗਿਆ। ਯੋਗਾ ਤੋਂ ਬਾਅਦ ਉਹ ਸਿਰ ਫੜ ਕੇ ਬੈਠ ਗਿਆ, ਸੋਚਦਾ, " ਗੱਲ ਤਾਂ ਇਹਨਾਂ ਦੀ ਠੀਕ ਈ ਆ, ਬਈ ਬੰਦਾ ਕਿਹੜੇ ਖੂਹ 'ਚ ਜਾਵੇ, ਕਾਂਤਾ ਵੀ ਕਿਹੜਾ ਕਿਸੇ ਪੀਸ ਨਾਲੋਂ ਘੱਟ ਆ, ਇੱਕ ਪੀਸ ਨਕੁਲ ਲੈ ਆਇਆ ਸੀ ਬੰਗਲੌਰੋਂ, ਸੰਸਕ੍ਰਿਤੀ। ਪਿੰਡ ਢੋਲੇ ਦੀਆਂ ਲਾਉਂਦੇ ਸੀ, ਨਾ ਕੋਈ ਫਿਕਰ ਸੀ ਨਾ ਫਾਕਾ। ਪਿੰਡ ਕਿੰਨੀਆਂ ਕਿੰਨੀਆਂ ਭਾਰੀ ਪੰਡਾਂ ਚੱਕ ਲੈਂਦੇ ਸੀ, ਕਦੇ ਕੋਈ ਸਿਰ ਨੀ ਸੀ ਦੁਖਦਾ।" ਜਿਵੇਂ ਉਹਦੀ ਜਾਨ ਈ ਪਿੰਡ ਵਸਦੀ ਹੋਵੇ। ਉਸਦਾ ਦਿਲ ਕਰਦਾ ਕਿ ਪਿੰਡ ਚਲਾ ਜਾਵੇ ਸਭ ਕੁਝ ਵੇਚ ਵੱਟ ਕੇ ਪਰ....। ਘਰ ਆ ਕੇ ਉਹ ਕਾਂਤਾ ਨੂੰ ਪੁੱਛਣਾ ਚਾਹੁੰਦਾ ਸੀ ਕਿ ਨਕੁਲ ਦਾ ਫੋਨ ਨੀ ਆਇਆ ਪਰ ਪੁੱਛਦਾ ਨਾ, ਕਿ ਕਾਂਤਾ ਨੇ ਇੱਕੋਂ ਹੀ ਜੁਆਬ ਦੇਣਾ, ਨਹੀਂ ਜੀ। ਜੇ ਕਿਸ਼ਨ ਨੇ ਪੁੱਛਣਾ ਤੂੰ ਕਰ

ਲਿੰਦੀ। ਕਾਂਤਾ ਕਹਿ ਦਿੰਦੀ ਸੀ, "ਕਰਿਆ ਸੀ, ਕਹਿੰਦਾ ਠੀਕ ਆਂ। ਕਿਸ਼ਨ ਨੇ ਯੋਗਾ ਦਾ ਸਮਾਨ ਪੌੜੀ ਥੱਲੇ ਰੱਖਦਿਆਂ ਕਾਂਤਾ ਨੂੰ ਕਿਹਾ,"ਇੱਕ ਪੀਸ ਬਰੈੱਡ ਦਾ ਦੇਦੇ, ਖਾ ਕੇ ਗੋਲੀ ਲੈ ਲਵਾਂ, ਸਿਰ ਫਟਣ ਨੂੰ ਆਇਆ।" ਪੀਸ ਸ਼ਬਦ ਉਸਦੇ ਦਿਮਾਗ 'ਚ ਘਣ ਵਾਂਗ ਵੱਜਣ ਲੱਗਾ। ਮੱਥੇ 'ਤੇ ਪਸੀਨਾ ਆ ਗਿਆ। ਗੋਲੀ ਲੈਂਦਿਆਂ ਉਹ ਦੋ ਗਿਲਾਸ ਪਾਣੀ ਦੇ ਪੀ ਗਿਆ।

...ਪਹਿਲਾਂ ਨਕੁਲ ਨੇ ਮ੍ਰਿਦੁਲਾ ਨਾਲ 'ਕੋਰਟ ਮੈਰਿਜ' ਦੀਆਂ ਫੋਟੋਆਂ ਵੀ ਭੇਜੀਆਂ ਸਨ। ਫੋਟੋਆਂ ਦੇਖ ਕਾਂਤਾ ਨੇ ਕਿਹਾ ਸੀ, "ਮ੍ਰਿਦੁਲਾ ਨਾਲੋਂ ਸੰਸਕ੍ਰਿਤੀ ਜਿਆਦਾ ਸੁੰਦਰ ਸੀ।" ਪਰ ਕਿਸ਼ਨ ਨੇ ਕੋਈ ਧਿਆਨ ਨਾ ਦਿੱਤਾ। "ਸੁਣਿਆ ਜੀ ਮੈਂ ਕੀ ਕਿਹਾ ?"

"ਆਹੋ ਸੁਣ ਲਿਆ, ਹੁਣ ਫੇਰ ਨੱਚਣ ਲੱਗ ਪਵਾਂ।"

... ਫੇਰ ਸਾਲ ਕੁ ਬਾਅਦ ਨਕੁਲ ਦਾ ਫੋਨ ਆਇਆ ਸੀ ਕਿ ਮੰਮੀ ਅਸੀਂ ਆ ਰਹੇ ਹਾਂ। ਸਾਰਿਆਂ ਨੂੰ ਚਾਅ ਚੜ੍ਹ ਗਿਆ, ਕਾਂਤਾ ਨੇ ਕੁੜੀਆਂ ਨੂੰ ਵੀ ਫੋਨ ਕਰ ਦਿੱਤਾ ਸੀ। ਜਦ ਆਇਆ ਤਾਂ ਉਸ ਨਾਲ ਮ੍ਰਿਦੁਲਾ ਨਹੀਂ ਸੀ। ਗਾਇਤਰੀ ਸੀ। ਇਹ ਦੇਖ ਕਿਸ਼ਨ ਤੇ ਕਾਂਤਾ ਦੇ ਸਿਰ 'ਚ ਜਿਵੇਂ ਸੌ ਘੜਾ ਪਾਣੀ ਦਾ ਪੈ ਗਿਆ ਹੋਵੇ, ਗੁੱਸੇ 'ਚ ਕਿਸ਼ਨ ਦੀਆਂ ਅੱਖਾਂ ਲਾਲ ਹੋ ਗਈਆਂ, ਜਦ ਕਾਂਤਾ ਨੇ ਅੱਖਾਂ ਦਿਖਾਈਆਂ ਤਾਂ ਮੂਤ ਦੀ ਝੱਗ ਵਾਂਗ ਬੈਠ ਗਿਆ। ਉਹ ਕਹਿਣਾ ਚਾਹੁੰਦਾ ਸੀ, "ਐਥੇ ਨੀ ਆ ਕੰਜਰਖਾਨਾ ਚੱਲਣਾ। ਇਹ ਕਿਤੇ ਕਿਸੇ ਹੋਟਲ ਦਾ ਕਮਰਾ ਬਈ ਆਪਣੀ ਲੈ ਕੇ ਕੋਠੇ ਚੜ੍ਹ ਗਿਆ, ਇਹ ਘਰ ਅ ਕੰਜਰਾ।"

ਨਕੁਲ ਨੇ ਪੈਰੀ ਹੱਥ ਲਾਉਂਦੇ ਨੇ ਕਿਹਾ ਸੀ, "ਮੰਮੀ ਜੀ, ਇਹ ਗਾਇਤਰੀ ਆ, ਤੁਹਾਡੀ ਨੂੰਹ। ਮੈਂ ਸੋਚਿਆ ਸੀ ਕਿ ਮੰਮੀ ਨੂੰ 'ਸਰਪ੍ਰਾਈਜ਼' ਦੇਵਾਂਗਾ, ਤੁਸੀਂ ਟੈਨਸ਼ਨ ਨਾ ਲਵੋ, ਗਾਇਤਰੀ ਨੂੰ ਸਭ ਪਤਾ।"

"ਬੜਾ ਸੋਹਣਾ ਨਾਂ ਹੈ, ਗਾਇਤਰੀ।"

"ਸਾਲਾ ਸਰਪ੍ਰਾਈਜ਼ ਦਾ ਹੋਇਆ, ਫੋਟੋਆਂ ਤਾਂ ਕੰਜਰਾ ਕਿਸੇ ਹੋਰ ਦੀਆਂ ਦਿਖਾਈਆਂ ਸੀ ਲੈ ਕੋਈ ਹੋਰ ਆਇਆ।" ਕਿਸ਼ਨ ਲਾਲ ਕੁੜਦਾ।

"ਰੁਕੋ, ਪਹਿਲਾਂ ਤੇਲ ਤਾਂ ਚੋਅ ਲਵਾਂ, ਬਹੂ ਪਹਿਲੀ ਵਾਰ ਘਰੇ ਆਈ ਆ, ਪਾਣੀ ਤਾਂ ਵਾਰ ਲਵਾਂ।"

"ਬਹੂ ਕਿੱਥੋਂ ਆ, ਸਾਲਾ ਪਤਾ ਨਹੀਂ ਕਿੱਥੋਂ ਪੀਸ ਛਾਂਟ ਛਾਂਟ ਕੇ ਲਿਆਉਂਦਾ ?" ਕਿਸ਼ਨ ਲਾਲ ਬੁੜਬੜਾਉਂਦਾ।

"ਮੰਮੀ ਜੀ ਛੋੜੋ, ਕੌਨ ਸੇ ਚੱਕਰੋ ਮੇਂ ਪੜ ਗਏ।"

"ਨਹੀਂ ਨਹੀਂ ਬੇਟਾ, ਬਹੂ ਪਹਿਲੀ ਵਾਰੀ ਆਈ ਆ।" ਉਹ ਭੱਜਦੀ ਭੱਜਦੀ ਰਸੋਈ 'ਚ ਗਈ ਤੇ ਚੀਕ ਮਾਰੀ- 'ਹਾਏ ਉਏ ਮੇਰਿਆ ਰੱਬਾ!' ਉਸਦੀਆਂ ਅੱਖਾਂ 'ਚ ਪਾਣੀ ਆ ਗਿਆ। ਫੇਰ ਅੱਖਾਂ ਸਾਫ਼ ਕਰਦੀ, ਉਪਰੇ ਮਨੋਂ ਹੱਸਦੀ- ਹੱਸਦੀ ਆਈ, ਤੇਲ ਚੋਇਆ, ਪਾਣੀ ਵਾਰਿਆ, ਸ਼ਗਨ ਦਿੱਤਾ। ਫੇਰ ਅੰਦਰ ਆਉਣ ਦਿੱਤਾ। ਗੇਟ ਕੋਲ ਕੁੱਤਾ ਭੌਂਕ ਰਿਹਾ ਸੀ। ਕਿਸ਼ਨ ਵਾਰ ਵਾਰ ਉਹਨੂੰ ਭਜਾਉਂਦਾ ਰਿਹਾ। "ਪੁੱਤ ਤੇਰੇ ਡੈਡੀ ਦਾ ਚਮਲਾਇਆ ਹੋਇਆ।"

"ਸ਼ੁਕਰਾ, ਇਹਨੇ ਤੇਰਾ ਪਿਓ ਨੀ ਕਿਹਾ, ਹੈਗੀ ਐਨੀ ਕੁ ਅਕਲ। ਨਕੁਲ ਤੇਰਾ ਝਮਲਾਇਆ ਹੋਇਆ।"



ਐਨਾ ਪਤਾ ਲੱਗਿਆ ਸੀ ਗਾਇਤਰੀ ਕਰਨਾਟਕ ਤੋਂ ਸੀ। ਉਸਨੂੰ ਹਿੰਦੀ ਘੱਟ ਹੀ ਸਮਝ ਲੱਗਦੀ ਸੀ। ਨਕੁਲ ਨੇ ਦੱਸਿਆ ਸੀ ਕਿ ਗਾਇਤਰੀ ਦੇ 'ਪੇਰੈਂਟਸ' ਤੁਹਾਡੇ ਨਾਲ ਗੱਲ ਕਰਨਾ ਚਾਹੁੰਦੇ ਨੇ। ਆ ਗੱਲ ਸੁਣ ਕਿਸ਼ਨ ਤੇ ਕਾਂਤਾ ਨੂੰ ਤਸੱਲੀ ਹੋਈ। ਨਕੁਲ ਨੇ ਇਹ ਵੀ ਦੱਸਿਆ ਸੀ ਕਿ ਗਾਇਤਰੀ ਨੇ ਵੀ ਦੋ ਦਿਨ ਪਹਿਲਾਂ ਹੀ ਦੱਸਿਆ ਸੀ ਆਪਣੇ ਪੇਰੈਂਟਸ ਨੂੰ ਕਿ ਅਸੀਂ 'ਕੋਰਟ ਮੈਰਿਜ' ਕਰਵਾ ਲਈ। ਕਿਸ਼ਨ ਬੁੜਬੜਾਉਂਦਾ "ਲੰਡੇ ਨੂੰ ਮੀਣਾ ਸੌ ਕੋਹ ਦਾ ਗੇੜ ਪਾ ਕੇ ਟੱਕਰ ਹੀ ਜਾਂਦਾ।" ਨਕੁਲ ਨੇ ਗਾਇਤਰੀ ਦੇ 'ਪੇਰੈਂਟਸ' ਨੂੰ ਵੀਡੀਓ ਕਾਲ ਕੀਤੀ, ਉਹ ਗਾਇਤਰੀ ਨੂੰ ਨਕੁਲ ਤੇ ਉਸਦੇ ਮੰਮੀ ਡੈਡੀ ਨਾਲ ਦੇਖ ਕੇ ਖੁਸ਼ ਹੋ ਗਏ ਤੇ ਇੱਕ ਦੂਸਰੇ ਨੂੰ ਵਧਾਈਆਂ ਦਿੱਤੀਆਂ ਸੀ। ਫੇਰ ਕਾਫੀ ਦੇਰ ਗਾਇਤਰੀ ਆਪਣੀ ਭਾਸ਼ਾ 'ਚ ਉਨ੍ਹਾਂ ਨਾਲ ਗੱਲਾਂ ਕਰਦੀ ਰਹੀ ਫੇਰ ਇੱਕ ਸਾਂਝੀ ਫੋਟੋ ਖਿੱਚ ਕੇ ਉਹਨਾਂ ਨੂੰ 'ਵੱਟਸਐਪ' ਕਰਤੀ ਸੀ। ਕਾਂਤਾ ਨੂੰ ਮਹਿਸੂਸ ਹੋਇਆ ਸੀ ਜਿਵੇਂ ਉਹ ਵੀ ਆਪਣੀ ਕੁੜੀ ਕਰਕੇ ਚਿੰਤਾ 'ਚ ਸਨ। 'ਵੀਡੀਓ ਕਾਲ' ਕਰਕੇ ਜਿਵੇਂ ਉਹਨਾਂ ਨੂੰ ਸਕੂਨ ਮਿਲਿਆ ਹੋਵੇ। ਰਾਤ ਨੂੰ ਰੋਟੀ ਖਾਣ ਤੋਂ ਬਾਅਦ ਦੋਵੇਂ ਬੈਗ ਚੁੱਕ ਪੌੜੀਆਂ ਚੜ੍ਹ ਗਏ। ਗਾਇਤਰੀ ਦੀ ਪੌੜੀਆਂ ਚੜ੍ਹਨ ਦੀ ਠੱਕ ਠੱਕ ਨੇ ਕਿਸ਼ਨ ਦਾ ਸਿਰ ਫੜ੍ਹ ਲਿਆ ਸੀ ਤੇ ਕਾਂਤਾ ਨੂੰ ਕਹਿੰਦਾ, "ਫੋਟੋ ਸਟੇਟ ਕਾਪੀ ਸੰਸਕ੍ਰਿਤੀ ਦੀ, ਉਹੀ ਪਹਿਰਾਵਾ ਉਹੀ ਐਕਸ਼ਨ, ਉਹੀ ਠੱਕ ਠੱਕ।"

"ਚਲੋ ਛੱਡੋ ਖਹਿੜਾ ਹੁਣ ਸੰਸਕ੍ਰਿਤੀ ਦਾ।"

"ਨਕੁਲ ਨੂੰ ਕਹਿਦੀਂ, ਗਾਇਤਰੀ ਨੀਕਰਾਂ ਜਿਹੀਆਂ ਪਾ ਕੇ ਨਾ ਘੁੰਮੇ ਘਰ 'ਚ, ਜਿਵੇਂ ਸੰਸਕ੍ਰਿਤੀ ਘੁੰਮਦੀ ਸੀ।"

"ਕੋਈ ਨਾ ਜੀ, ਅੱਜ ਕੱਲ ਕੁੜੀਆਂ ਇਹੋ ਜਿਹੀਆਂ ਹੀ ਪਾਉਂਦੀਆਂ ਨੇ, ਤੁਸੀਂ ਟੈਨਸ਼ਨ ....।"

"ਫੇਰ ਤੂੰ ਵੀ ਪਾ ਲਿਆ ਕਰ ਨਿੱਕਰਾਂ, ਦੇ ਆਇਆ ਕਰ ਗੇੜਾ ਬਜ਼ਾਰ ਦਾ, ਤੈਨੂੰ ਦੇਖ ਕੁੱਤੇ ਨਾ ਭੌਂਕੇ ਤਾਂ ਮੈਨੂੰ ਕਿਸ਼ਨ ਨਾ ਕਹੀਂ।"

"ਤੁਸੀਂ ਤਾਂ ਮੇਰੀ ਜਾਨ ਖਾ ਲਈ ਵੱਢ ਕੇ।"

"ਜਾਨ ਤਾਂ ਮੇਰੀ ਕੜਿੱਕੀ 'ਚ ਆਈ ਪਈ ਆ।"

"ਠੰਡੇ ਦਿਮਾਗ ਨਾਲ ਗੱਲ ਕਰ ਲਿਆ ਕਰੋ, ਕਮਲ ਨਾ ਕੁੱਟਿਆ ਕਰੋ।"

"ਅੱਛਿਆ! ਕਮਲ ਮੈਂ ਕੁੱਟਦਾਂ, ਕਿ ਤੂੰ ?" ਫੇਰ ਉਹ ਕਾਂਤਾ ਦਾ ਹੱਥ ਘੁੱਟਦਾ ਤੇ ਪੁੱਛਦਾ, "ਸੱਚੋ ਸੱਚ ਦੱਸੀ, ਖੁਸ਼ ਤਾਂ ਤੂੰ ਵੀ ਨੀ ? ਅੱਗ ਤਾਂ ਤੇਰੇ ਅੰਦਰ ਵੀ ਲੱਗੀ ਪਈ ਆ, ਮੈਂ ਤੇਰੀ ਰਗ ਰਗ ਨੂੰ ਜਾਣਦਾ।" ਕਾਂਤਾ ਨੇ ਅੱਖਾਂ ਭਰ ਲਈਆਂ। ਫੇਰ ਦੋਵੇਂ ਕਿੰਨਾ ਚਿਰ ਚੁੱਪ ਬੈਠੇ ਰਹੇ। "ਐਂ ਕਰ ਗੋਲੀ ਦੇਦੇ, ਸਿਰ ਫਟਦਾ ਜਾਂਦਾ।" ਕਿਸ਼ਨ ਨੇ ਚੁੱਪ ਤੋੜਦਿਆਂ ਕਿਹਾ ਸੀ। ਕਾਂਤਾ ਗੋਲੀ ਦੇ ਕੇ ਕਿਸ਼ਨ ਦਾ ਸਿਰ ਦਬਾਉਣ ਲੱਗੀ। ਜਿਵੇਂ ਕਿਸ਼ਨ ਨੂੰ ਸਕੂਨ ਮਿਲਿਆ ਹੋਵੇ। ਪਹਿਲੀ ਵਾਰ ਕਿਸ਼ਨ ਨੂੰ ਲੱਗਿਆ ਸੀ ਕਿ ਕਾਂਤਾ ਨੂੰ ਵੀ ਦੁੱਖ ਹੈ ਪਰ ਉਹ ਆਪਣਾ ਮਨ ਤਕੜਾ ਰੱਖਦੀ ਆ। ਫੇਰ ਆਪਣੇ ਆਪ 'ਚ, 'ਜੇ ਮਨ ਤਕੜਾ ਸੀ ਤਾਂ ਹੀ ਤਾਂ ਮੇਰੇ ਮਾਂ ਪਿਓ ਨਾਲ ਆਢੇ ਲੈਂਦੀ ਰਹੀ ਆ।'

ਦੂਸਰੇ ਦਿਨ ਦੋਵਾਂ ਨੇ ਸਲਾਹ ਕੀਤੀ ਕਿ ਵਿਆਹ ਦੀ ਪਾਰਟੀ ਕਰਦੇ ਹਾਂ। ਫੇਰ ਸਲਾਹ ਬਣੀ ਪਾਠ ਕਰਵਾ ਲੈਂਦੇ ਹਾਂ। ਸ਼ਰੀਕੇ ਭਾਈਚਾਰੇ 'ਚ ਨੱਕ ਵੀ ਰਹਿਜੂ।

ਵਿਆਹ ਦੀ ਖੁਸ਼ੀ 'ਚ ਪਾਠ ਕਰਵਾਉਣ ਲਈ ਡੱਬੇ ਵੰਡੇ ਗਏ।

ਪਾਰਕ ਵਿੱਚ ਯੋਗਾ ਵਾਲਿਆਂ ਨੇ ਕਿਹਾ ਕਿ ਕਿਸ਼ਨ ਨੇ ਨਕੁਲ ਦੇ ਵਿਆਹ ਦੀ ਪਾਰਟੀ ਰੱਖੀ ਆ, ਮਾਰੋ ਤਾੜੀਆਂ ਹੱਸੋ ਸਾਰੇ। ਯੋਗਾ ਕਰਨ ਵਾਲੇ ਇਸ ਤਰ੍ਹਾਂ ਹੀ ਸਾਰਿਆਂ ਦੀ ਖੁਸ਼ੀ ਸਾਂਝੀ ਕਰਦੇ।

ਜਿਸ ਦਿਨ ਭੋਗ ਪੈਣਾ ਸੀ ਨਕੁਲ ਤੇ ਗਾਇਤਰੀ ਥੱਲੇ ਨਹੀਂ ਸੀ ਉਤਰੇ। ਇੱਕ ਦੋ ਵਾਰ ਕਾਂਤਾ ਉੱਪਰ ਵੀ ਜਾ ਆਈ ਸੀ ਪਰ ਅੰਦਰੋਂ ਆਵਾਜ਼ ਆਉਂਦੀ, 'ਬੱਸ ਮੰਮੀ ਤਿਆਰ ਹੋ ਰਹੇ ਹਾਂ, ਆ ਗਏ'।

ਕਿਸ਼ਨ ਕਾਂਤਾ ਨੂੰ ਕਹਿੰਦਾ, "ਜਿਹੜੇ ਬਲਦ ਨੂੰ ਰੱਸੇ ਚੱਬਣ ਦੀ ਆਦਤ ਪੈਜਵੇ ਫੇਰ ਉਹ ਜਾਂਦੀ ਨੀ।"

"ਐਵੇਂ ਅਬਾ ਤਬਾ ਨਾ ਬੋਲੀ ਜਾਇਆ ਕਰੋ, ਹੁਣ ਵਿਆਹ ਹੋ ਗਿਆ ਉਹਨਾਂ ਦਾ।"

"ਵਿਆਹ ਤਾਂ ਕੰਜਰ ਨੇ ਪਹਿਲਾਂ ਵੀ ਕਰਵਾਇਆ ਸੀ। ਅੱਗੇ ਅੱਗੇ ਦੇਖ ਕੀ ਭਾਅ ਵਿਕਦੀ ਆ।"

ਜਦ ਨਕੁਲ ਤੇ ਗਾਇਤਰੀ ਪੌੜੀਆਂ ਉਤਰ ਰਹੇ ਸਨ। ਸਾਰੇ ਲੋਕ ਉਹਨਾਂ ਵੱਲ ਦੇਖਣ ਲੱਗੇ। ਗਾਇਤਰੀ ਨੇ ਜ਼ੀਨ ਤੇ ਧੁੰਨੀ ਤੋਂ ਉਪਰ ਤੱਕ ਟਾਪ ਪਾਇਆ ਹੋਇਆ ਸੀ। ਵਾਲ ਖੁੱਲੇ, ਲਾਲ ਚੂੜਾ, ਕੰਨਾਂ 'ਚ ਵੱਡੇ ਵੱਡੇ ਬਾਲੇ, ਇੱਕ ਬਾਂਹ ਤੇ ਬੜਾ ਸਾਰਾ 'ਟੈਟੂ'। ਲੋਕ ਪਾਠ ਘੱਟ ਸੁਣ ਰਹੇ ਸੀ। ਮੂੰਹ ਜੋੜ ਗੱਲਾਂ ਜ਼ਿਆਦਾ ਕਰ ਰਹੇ ਸੀ। ਜਦ ਕਿਸ਼ਨ ਦੀ ਨਿਗਾ ਪੌੜੀਆਂ ਉਤਰਦੀ ਗਾਇਤਰੀ ਤੇ ਪਈ ਤਾਂ ਉਸਦੇ ਕੰਨਾਂ 'ਚ ਠੱਕ ਠੱਕ ਦੀ ਆਵਾਜ਼ ਗੂੰਜਣ ਲੱਗੀ। ਉਹ ਆਰਤੀ ਵਾਲੀ ਥਾਲੀ ਕਾਂਤਾ ਨੂੰ ਫੜ੍ਹਾ ਇਕਦਮ ਬਾਹਰ ਆ ਕੇ ਲੋਕਾਂ ਨੂੰ ਚਾਹ ਪਾਣੀ ਪੀਣ ਲਈ ਕਹਿਣ ਲੱਗਾ। ਕਾਂਤਾ ਗਾਇਤਰੀ ਦਾ ਪਹਿਰਾਵਾ ਦੇਖ ਕੇ ਜਿਵੇਂ ਮਰ ਮੁੱਕ ਗਈ ਹੋਵੇ। ਉਸਨੇ ਗਾਇਤਰੀ ਨੂੰ ਸੂਟ ਤੇ ਲਹਿੰਗਾ ਸਵਾ ਕੇ ਦਿੱਤਾ ਸੀ ਤੇ ਕਿਹਾ ਸੀ ਕਿ ਬੇਟਾ ਜੀ ਜਿਹੜਾ ਥੋਡਾ ਦਿਲ ਕਰਦੈ, ਪਾ ਲਿਓ ਪਰ ...। ਕੁੜੀਆਂ ਵੀ ਹੈਰਾਨ ਪਰੇਸ਼ਾਨ ਹੋ ਗਈਆਂ ਸਨ। ਕਾਂਤਾ ਨੇ ਕੁੜੀਆਂ ਨੂੰ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਨਕੁਲ ਕੁਸ਼ ਮਰਜ਼ੀ ਕਰੇ ਤੁਸੀਂ ਵਿੱਚ ਨੀ ਬੋਲਣਾ।

ਪਾਠ ਤੋਂ ਬਾਅਦ ਰਿਸ਼ਤੇਦਾਰ ਤੇ ਕੁੜੀਆਂ ਆਪੋ ਆਪਣੇ ਘਰਾਂ ਨੂੰ ਚਲੇ ਗਈਆਂ। ਗਾਇਤਰੀ ਤੇ ਨਕੁਲ ਉੱਪਰ ਚਲੇ ਗਏ। ਕਾਂਤਾ ਤੇ ਕਿਸ਼ਨ ਲੌਬੀ 'ਚ ਇਸ ਤਰ੍ਹਾਂ ਬੈਠੇ ਸਨ ਜਿਵੇਂ ਕੁੜੀ ਦੱਬ ਕੇ ਆਏ ਹੋਣ। ਨਕੁਲ ਦੇ ਜਾਣ ਤੋਂ ਬਾਅਦ ਉਨ੍ਹਾਂ ਦੀ ਅਜਿਹੀ ਹੀ ਹਾਲਤ ਹੋ ਗਈ ਸੀ। ਸਵੇਰੇ ਕਿਸ਼ਨ ਯੋਗਾ ਕਰਨ ਜਾਂਦਾ ਤੇ ਸ਼ਾਮ ਨੂੰ ਕਾਂਤਾ ਨਾਲ ਸੈਰ ਕਰਨ ਤੇ ਹੋਰ ਬਜ਼ਾਰ 'ਚ ਨਿੱਕ ਸੁੱਕ ਖਰੀਦਣ। ਬੱਸ ਇਹੀ ਰੁਟੀਨ ਸੀ ਉਹਨਾਂ ਦੀ।

ਸ਼ਾਮ ਨੂੰ ਸੈਰ ਕਰਨ ਤੋਂ ਬਾਅਦ ਪਾਰਕ 'ਚ ਬੈਂਚਾਂ ਤੇ ਕਿੰਨਾ ਕਿੰਨਾ ਚਿਰ ਬੈਠੇ ਰਹਿੰਦੇ। ਛੋਟੇ ਬੱਚਿਆਂ ਨੂੰ ਖੇਡਦੇ ਦੇਖ ਖੁਸ਼ ਹੁੰਦੇ। ਇੱਕ ਦਿਨ ਕਿਸ਼ਨ ਨੂੰ ਡੂੰਘੀਆਂ ਸੋਚਾਂ 'ਚ ਡੁੱਬੇ ਦੇਖ, ਕਾਂਤਾ, ਕਿਸ਼ਨ ਦਾ ਧਿਆਨ ਤੋੜਨ ਮਾਰੇ ਕਹਿੰਦੀ, "ਦੇਖੋ ਬੱਚੇ ਖੇਡਦੇ ਕਿੰਨੇ ਸੋਹਣੇ ਲੱਗਦੇ ਨੇ।"

"ਹਾਂ ਸੋਹਣੇ ਨੇ ਪਰ...।

"ਪਰ ਕੀ...?"

"ਜਿਹੜੇ ਵੱਗ 'ਚ ਆਪਣੀ ਵੱਛੀ ਨਾ ਹੋਵੇ, ਓ ਵੱਗ ਚੰਗਾ ਨੀ ਲੱਗਦਾ।" ਉਹ ਕਿਸ਼ਨ ਦੀ ਗੱਲ ਸੁਣ ਉਦਾਸ ਹੋ ਗਈ। ਜਿਵੇਂ ਉਸਨੇ ਉਸਦੀ ਦੁਖਦੀ ਰਗ ਤੇ ਹੱਥ ਧਰ ਦਿੱਤਾ ਹੋਵੇ। "ਕਿਤੇ ਨਕੁਲ ਮਾਰੂਥਲ ਹੀ ਨਾ ਹੋ ਗਿਆ ਹੋਵੇ।" ਇਹ ਸੋਚ ਕਿ ਕਿਸ਼ਨ ਡਰ ਨਾਲ ਕੰਬ ਜਾਂਦਾ। "ਪਹਿਲਾਂ



ਸੰਸਕ੍ਰਿਤੀ ਨੇ ਨਿਚੋੜਿਆ ਹੋਊ, ਫੇਰ ਮ੍ਰਿਦੁਲਾ ਨੇ...ਨਹੀਂ ...ਨਹੀਂ... ਜੇ ਇਸ ਤਰ੍ਹਾਂ ਹੁੰਦਾ ਤਾਂ ਗਾਇਤਰੀ ਤਾਂ ਕਦੋਂ ਦੀ ਛੱਡ ਗਈ ਹੁੰਦੀ।" ਉਸਨੂੰ ਇੱਕ ਧੁੜਧੜੀ ਜਿਹੀ ਉਠਦੀ ਜਿਵੇਂ ਸਰੀਰ ਜਵਾਬ ਦੇ ਗਿਆ ਹੋਵੇ। ਨਕੁਲ ਦੇ ਵਿਆਹ ਹੋਏ ਨੂੰ ਪੰਜ ਸਾਲ ਹੋ ਗਏ ਸਨ ਪਰ ਕੋਈ ਬੱਚਾ...।

...ਇਹਨਾਂ ਪੰਜਾ ਸਾਲਾਂ 'ਚ ਕੁੜੀਆਂ ਹੀ ਉਨ੍ਹਾਂ ਦੇ ਘਰ ਗੇੜਾ ਮਾਰਦੀਆਂ ਸੀ ਜਾਂ ਫੇਰ ਉਹ ਦਿਨ ਤਿਉਹਾਰ ਤੇ ਕੁੜੀਆਂ ਦੇ ਜਾ ਆਉਂਦੇ ਸੀ। ਕੁੜੀਆਂ ਰੋਜ਼ ਵੀਡੀਓ ਕਾਲ ਕਰਦੀਆਂ ਪਰ ਪੰਜਾ ਸਾਲਾਂ 'ਚ ਨਕੁਲ ਦੋ ਵਾਰ ਆਇਆ ਸੀ। ਇੱਕ ਦਿਨ ਕਿਸ਼ਨ ਕਾਂਤਾ ਨੂੰ ਕਹਿੰਦਾ, "ਜੇ ਨਕੁਲ ਦੀ ਜਗ੍ਹਾ ਤੇ ਕੁੜੀ ਹੁੰਦੀ ਤਾਂ ਕਿੰਨਾ ਵਧੀਆ ਸੀ, ਆ ਚਿੰਤਾ 'ਚ ਤਾਂ ਨਾ ਪੈਂਦੇ।" ਕਾਂਤਾ ਕਿਸ਼ਨ ਦੀਆਂ ਗੱਲਾਂ ਵੱਲ ਬਹੁਤਾ ਧਿਆਨ ਹੀ ਨਾ ਦਿੰਦੀ।

ਮਾਪਿਆਂ ਦੀ ਇਹ ਹਾਲਤ ਦੇਖ ਕੁੜੀਆਂ ਵੀ ਬੁਝੀਆਂ ਬੁਝੀਆਂ ਰਹਿੰਦੀਆਂ। ਜਦੋਂ ਕਦੇ ਕਿਸ਼ਨ ਕਹਿ ਦਿੰਦਾ ਕਿ ਵਣ 'ਚ ਤਾਂ ਕੱਲੀ ਲੱਕੜੀ ਵੀ ਮਾੜੀ ਹੁੰਦੀ ਆ। ਤੁਸੀਂ ਆ ਜਾਂਦੀਓਂ ਤਾਂ ਦਿਲ ਲੱਗ ਜਾਂਦਾ ਨਹੀਂ ਤਾਂ ਘਰ ਖਾਣ ਨੂੰ ਆਉਂਦਾ। ਕਾਂਤਾ ਨੇ ਗੱਲ ਨੂੰ ਹੋਰ ਪਾਸੇ ਲਿਜਾਂਦੀ ਨੇ ਕਿਹਾ ਕਿ ਨਕੁਲ ਦੀ ਤਰੱਕੀ ਹੋ ਗਈ ਤਾਂ ਉਹ ਬੁੜਬੁੜਾਇਆ, "ਕੱਟੇ ਨੂੰ ਮਣ ਦੁੱਧ ਦਾ ਕੀ ਭਾਅ।"

"ਤੁਸੀਂ ਤਾਂ ਪੁੱਠਾ ਹੀ ਸੋਚਣਾ ਕਦੇ ਖੁਸ਼ ਵੀ ਹੋ ਲਿਆ ਕਰੋ।" ਖੁਸ਼ ਤਾਂ ਕਾਂਤਾ ਵੀ ਨਹੀਂ ਸੀ ਰਹਿੰਦੀ। ਅੰਦਰੋਂ ਅੰਦਰੀ ਤੜਫਦੀ ਕਿ ਪੰਜ ਸਾਲਾਂ 'ਚ ਨਕੁਲ ਵੱਲੋਂ ਕੋਈ ਖੁਸ਼ਖ਼ਬਰੀ ਵੀ ਨਹੀਂ ਆਈ। ਉਹ ਸੋਚਦੀ ਕਿ ਇਹ ਤਕਲੀਫ਼ ਤਾਂ ਗਾਇਤਰੀ ਦੇ ਮਾਂ ਪਿਓ ਨੂੰ ਵੀ ਹੋਵੇਗੀ। ਉਹ ਵੀ ਸਮਝਾਉਂਦੇ ਹੋਣਗੇ। ਕਾਂਤਾ ਉਹਨਾਂ ਨਾਲ ਗੱਲ ਕਰਨਾ ਚਾਹੁੰਦੀ ਸੀ ਫੇਰ ਨਕੁਲ ਦੇ ਡਰ ...। ਕਾਂਤਾ ਨੇ ਨਕੁਲ ਨੂੰ ਇੱਕ ਦੋ ਵਾਰੀ ਬੱਚੇ ਦੀਆਂ ਬੁਝਾਰਤਾਂ ਵੀ ਪਾਈਆਂ ਸਨ ਪਰ... ।

ਕਾਂਤਾ ਸੋਚਦੀ 'ਚਾਹੇ ਇੱਕ ਬੱਚਾ ਹੋਜਵੇ, ਭਾਵੇਂ ਕੁੜੀ ਹੀ ਹੋਵੇ।' ਇਹ ਤੜਫ ਉਸ ਦਿਨ ਹੋਰ ਵੀ ਵਧ ਗਈ ਜਦੋਂ ਕਿੱਟੀ ਪਾਰਟੀ ਵਾਲੀ ਸਹੇਲੀ ਨੇ ਪੁੱਛਿਆ ਸੀ ਕਿ ਭੈਣ ਜੀ ਨਕੁਲ ਦੇ ਕੁਸ਼ ਨੀ ਹੋਇਆ? ਸੁੱਖ ਨਾਲ ਵਿਆਹ ਹੋਏ ਨੂੰ ਪੰਜ-ਛੇ ਸਾਲ ਹੋ ਗਏ ਹੋਣੇ ਆ? ਉਸਦੀ ਕਹੀ ਗੱਲ ਨੇ ਜਿਵੇਂ ਕਾਂਤਾ ਦੇ ਅੱਲੇ ਜ਼ਖ਼ਮਾਂ ਤੇ ਲੂਣ ਭੁੱਕਤਾ ਹੋਵੇ। "ਥੋਨੂ ਪਤਾ ਈ ਆ ਭੈਣ ਜੀ ਅੱਜ ਕੱਲ ਦੇ ਪੜ੍ਹੇ ਲਿਖੇ ਮੁੰਡੇ ਕੁੜੀਆਂ ਦਾ, ਸਭ ਜਾਣਦੇ ਨੇ, ਕਹਿੰਦੇ ਪਹਿਲਾਂ ਸੈੱਟ ਤਾਂ ਹੋ ਲਈਐ।"

"ਨਾ ਭੈਣ ਜੀ, ਕਿਤੇ ਕੋਈ ਨੁਕਸ ਤਾਂ ਨੀ ਹੈਗਾ? ਗੁੱਸਾ ਨਾ ਕਰਿਓ, ਅੱਜ ਕੱਲ੍ਹ ਮੁੰਡੇ ਕੁੜੀਆਂ ਦੱਸਦੇ ਵੀ ਨਹੀਂ।" ਕਾਂਤਾ ਹੈਰਾਨੀ ਨਾਲ ਉਸ ਵੱਲ ਦੇਖਣ ਲੱਗੀ। ਉਸਦੇ ਜਾਣ ਤੋਂ ਬਾਅਦ ਨੁਕਸ ਸ਼ਬਦ ਕਾਂਤਾ ਦੇ ਦਿਮਾਗ 'ਚ ਹਥੌੜੇ ਵਾਂਗ ਵੱਜਣ ਲੱਗਾ। ਉਸ ਨੂੰ ਲੱਗਦਾ ਜਿਵੇਂ ਕੰਧਾਂ ਵੀ ਕਹਿ ਰਹੀਆਂ 'ਹੋਣ ਨੁਕਸ... ਨੁਕਸ...।' ਕਾਂਤਾ ਨੇ ਆਪਣੇ ਵਾਲ ਪੱਟ ਲਏ, ਬਾਂਹਾਂ ਤੇ ਝਰੀਟਾਂ ਮਾਰ ਲਈਆਂ ਜਿਵੇਂ ਆਪਣੇ 'ਚ ਹੀ ਕੋਈ ਨੁਕਸ ਕੱਢ ਰਹੀ ਹੋਵੇ। ਉਹ ਨਿਢਾਲ ਜਿਹੀ ਹੋ ਗਈ। ਕਿਸ਼ਨ ਵੀ ਗੁੰਮ ਸੁੰਮ ਹੀ ਰਹਿੰਦਾ। ਸੋਚਦੀ ਕਿ ਮੈਨੂੰ ਤਾਂ ਪਿਓ ਪੁੱਤ ਨੇ ਖਾ ਲਿਆ, ਮੈਂ ਕਿਹੜੇ ਖੂਹ 'ਚ ਜਾਵਾਂ। ਉਹ ਆਪਣਾ ਦੁੱਖ ਕੁੜੀਆਂ ਨੂੰ ਵੀ ਨਹੀਂ ਸੀ ਦੱਸਦੀ ਕਿ ਉਹ ਵੀ ਦੁਖੀ ਹੋਣਗੀਆਂ। ਫਿਰ ਉਹ ਸੋਚਦੀ ਕਿ ਸਾਡੇ ਤੋਂ ਬਾਅਦ ਤਾਂ ਕੁੜੀਆਂ ਨੂੰ ਕੀਹਨੇ ਪੁੱਛਣਾ, ਕੀਹਨੇ ਨਾਨਕ ਛੱਕਾਂ ਲਾਉਣੀਆਂ?

ਕਾਂਤਾ ਨੇ ਨਕੁਲ ਦਾ ਟੇਵਾ ਕਈ ਪੰਡਿਤਾਂ ਨੂੰ ਦਿਖਾਇਆ ਸੀ। ਇੱਕ ਨੇ ਕਿਹਾ ਸੀ ਕਿ ਨਕੁਲ ਤੇ ਪਿਤਰ ਦੋਸ਼ ਆ। ਜਦ ਆ ਗੱਲ ਕਿਸ਼ਨ ਨੂੰ ਦੱਸੀ ਤਾਂ ਉਹ ਬੁੜਬੁੜਾਇਆ, "ਕਈ ਵਾਰੀ

ਪੰਡਤ ਵੀ ਚੰਗੀਆਂ ਗੱਲਾਂ ਕਰ ਦਿੰਦੇ ਨੇ, ਪਿਤਰ ਦੋਸ਼।" ਫੇਰ ਕਾਂਤਾ ਨੂੰ ਕਹਿੰਦਾ, " ਪਿਤਰ ਦੋਸ਼ ਕਿਸਨੂੰ ਕਹਿੰਦੇ ਨੇ, ਪਤਾ ਵੀ ਆ, ਪਿਤਰ ਤਾਂ ਜਿਉਂਦੇ ਜੀਅ ਕਿਸੇ ਦਾ ਮਾੜਾ ਨੀ ਸੋਚਦੇ ਮਰ ਕੇ ਕਿਉਂ ਸੋਚਣਗੇ।"

"ਤੁਸੀਂ ਛੱਡੋ ਜੀ ਆਪਣੀਆਂ ਫਲਾਸਫੀਆਂ।" 'ਪਿਤਰ ਦੋਸ਼', ਪੰਡਿਤ ਦੀ ਕਹੀ ਗੱਲ ਕਾਂਤਾ ਨੂੰ ਤੰਗ ਕਰ ਰਹੀ ਸੀ। ਇੱਕ ਦਿਨ ਉਸਨੇ ਆਪਣੇ ਸੱਸ ਸਹੁਰੇ ਦੀਆਂ ਫੋਟੋਆਂ, ਜੋ ਲਿਫਾਫੇ 'ਚ ਪਾ, ਸਟੋਰ 'ਚ ਪੇਟੀ ਦੇ ਪਿਛਲੇ ਪਾਸੇ ਰੱਖੀਆਂ ਹੋਈਆਂ ਸੀ, ਕੱਢ ਲਿਆਂਦੀਆਂ। ਸਾਫ਼ ਕਰਕੇ, ਨਵੇਂ ਹਾਰ ਪਾ ਕੇ 'ਡਰਾਇੰਗ ਰੂਮ' 'ਚ ਟੰਗ ਦਿੱਤੀਆਂ ਸੀ। ਜਿਹੜੀਆਂ ਉਸ ਨੇ ਪਹਿਲਾਂ ਇਹ ਕਹਿ ਕੇ ਉਤਰਵਾ ਦਿੱਤੀਆਂ ਸਨ ਕਿ 'ਡਰਾਇੰਗ ਰੂਮ' ਦੀ ਟੌਹਰ ਖਰਾਬ ਹੋ ਰਹੀ ਆ। ਉਸ ਦਿਨ ਕਿਸ਼ਨ ਬਹੁਤ ਕਲਪਿਆ ਸੀ। ਫੋਟੋਆਂ ਨੂੰ ਮੱਥਾ ਟੇਕਦੀ, ਮਾਫੀਆਂ ਮੰਗਦੀ, ਜਿਵੇਂ ਕਹਿ ਰਹੀ ਹੋਵੇ ਕਿ ਮੈਂ ਥੋਡੇ ਨਾਲ ਬਹੁਤ ਮਾੜੀ ਕੀਤੀ ਆ। ਇਹ ਦੇਖ ਕਿਸ਼ਨ ਨੂੰ ਚੰਗਾ ਲੱਗਿਆ। ਉਸ ਨੂੰ ਜਿਵੇਂ ਸ਼ਾਂਤੀ ਮਿਲੀ ਹੋਵੇ। ਕਿਸ਼ਨ ਸੋਚਦਾ, ਲੱਗਦਾ ਕਾਂਤਾ ਨੂੰ ਅਕਲ ਆਗੀ। ਫੇਰ ਬੁੜਬੜਾਉਂਦਾ, "ਈਦ ਪਿੱਛੋਂ ਤੰਬਾ ਫੂਕਣਾ।" ਫੇਰ ਸੋਫੇ ਤੇ ਬੈਠੇ ਕਿਸ਼ਨ ਦਾ ਕਾਂਤਾ ਨੇ ਮੋਢਾ ਫੜ ਘੁੱਟਿਆ ਤਾਂ ਕਹਿੰਦੀ "ਤੁਸੀਂ ਫਿਕਰ ਨਾ ਕਰੋ ਸਭ ਕੁਝ ਠੀਕ ਹੋਜੂ।"

"ਠੀਕ ਹੋਣ ਨੂੰ ਹੁਣ ਕੀ ਬਚਿਆ ਛੁਣਛਣਾ ...।"

ਫੇਰ ਇੱਕ ਦਿਨ ਨਕੁਲ ਦਾ ਫੋਨ ਆਇਆ ਸੀ, "ਮੰਮੀ ਤੁਸੀਂ 'ਗਰੈਂਡ ਮਦਰ' ਬਣਨ ਵਾਲੇ ਹੋ।" ਆ ਗੱਲ ਸੁਣ ਕਾਂਤਾ ਦੇ ਪੈਰ ਧਰਤੀ 'ਤੇ ਨਹੀਂ ਸੀ ਲੱਗ ਰਹੇ। 'ਅੱਛਿਆ ਕਦੋਂ... ?' 'ਬੱਸ ਦੋ ਮਹੀਨੇ ਤੱਕ।' 'ਪਹਿਲਾਂ ਕਿਉਂ ਨੀ ਦੱਸਿਆ, ਚੱਲ ਫੇਰ ਅਸੀਂ ਆਜਾਂਗੇ ਤੇਰੇ ਕੋਲ।'

"ਸੁਣਦੇ ਔਂ ਜੀ ਕਿੱਥੇ ਹੋ ?" ਖੁਸ਼ੀ 'ਚ ਉਸਨੇ ਘਰ ਸਿਰ ਤੇ ਚੱਕ ਲਿਆ। ਕੁੜੀਆਂ ਨੂੰ ਫੋਨ ਕਰਤਾ। ਮਸਾਂ ਹੀ ਕੋਈ ਹਵਾ ਦਾ ਬੁੱਲਾ ਆਇਆ। "ਡਲਿਵਰੀ ਤੋਂ 15 ਕੁ ਦਿਨ ਪਹਿਲਾਂ ਆਪਾਂ ਚੱਲਾਂਗੇ ਨਕੁਲ ਕੋਲ। ਗੁੜਤੀ ਮੈਂ ਹੀ ਦੇਵਾਂਗੀ।"

"ਮੈਥੋਂ ਨੀ ਜਾਇਆ ਜਾਣਾ, ਤੂੰ ਹੀ ਚਲੀ ਜਾਵੀ।" ਫੇਰ ਥੋੜ੍ਹਾ ਚੁੱਪ ਜਿਹਾ ਹੋ ਕੇ ਕਹਿੰਦਾ, "ਮੇਰੀ ਇੱਕ ਗੱਲ ਮੰਨੇਗੀ ?"

"ਇੱਕ ਛੱਡੋ ਤੁਸੀਂ ਦੋ ਕਹੋ।"

"ਗੁੜਤੀ .... ਗੁੜਤੀ ਤੂੰ ਨਾ ਦੇਵੀਂ... ਨਕੁਲ ਨੂੰ ਵੀ ਤੂੰ ਹੀ ਦਿੱਤੀ ਸੀ।" ਆ ਗੱਲ ਸੁਣ ਕਾਂਤਾ ਨੇ ਮੱਥੇ ਤੇ ਹੱਥ ਮਾਰਿਆ। "ਤੁਸੀਂ ਤਾਂ ਸਾਰੀ ਉਮਰ ਇਹੀ ਕਮਲ ਕੁੱਟੀ ਜਾਣਾ। ਫੇਰ ਤੁਸੀਂ ਦੇ ਦਿਓ ਗੁੜਤੀ, ਰੱਬ ਨੇ ਮਸਾਂ ਮਸਾਂ ਤਾਂ ਸੁਣੀ ਆ।"

...ਮਹੀਨੇ ਕੁ ਬਾਅਦ ਕਾਂਤਾ ਨੇ ਨਕੁਲ ਨੂੰ ਫੋਨ ਕਰਿਆ, "ਅਸੀਂ ਆ ਜਾਵਾਂਗੇ, ਤੂੰ ਟਿਕਟਾਂ ਬੁੱਕ ਕਰਵਾ ਦੇ।" ਪਰ ਨਕੁਲ ਨੇ ਕੋਰਾ ਜਵਾਬ ਦੇ ਦਿੱਤਾ ਸੀ ਕਿ ਗਾਇਤਰੀ ਦੇ ਪੇਰੈਂਟਸ ਆ ਰਹੇ ਨੇ। ਆ ਗੱਲ ਸੁਣ ਕਾਂਤਾ ਨੇ ਸਿਰ ਫੜ ਲਿਆ ਸੀ। ਪਹਿਲੀ ਵਾਰੀ ਉਸਦਾ ਸਿਰ ਦੁਖਿਆ ਸੀ। ਫੇਰ ਕਿਸ਼ਨ ਵਾਂਗ ਹੀ ਬੁੜਬੁੜਾਈ, "ਜਦੋਂ ਨਕੁਲ ਹੋਇਆ ਸੀ ਤਾਂ ਮੇਰੇ ਹੀ ਮਾਂ ਪਿਓ ਆਏ ਸੀ ਡਲਿਵਰੀ ਕਰਵਾਉਣ, ਨਕੁਲ ਦਾ ਨਾਂ ਵੀ ਤਾਂ ਉਨ੍ਹਾਂ ਨੇ ਹੀ ਰੱਖਿਆ ਸੀ।"

ਹੁਣ ਜਦੋਂ ਵੀ ਮੋਬਾਇਲ ਵੱਜਦਾ ਸੋਚਦੇ ਲੈ ਆ ਗਿਆ ਨਕੁਲ ਦਾ ਫੋਨ। ਦਿਨ ਵੀ ਥੋੜ੍ਹੇ ਰਹਿਗੇ ਸੀ। ਇੱਕ ਦਿਨ ਫੋਨ ਆਇਆ, "ਮੰਮੀ, ਬੇਟੀ ਹੋਈ ਆ ਮੁਬਾਰਕਾਂ।" ਕਾਂਤਾ ਨੂੰ ਜਿਵੇਂ ਬਿਜਲੀ ਦਾ ਝਟਕਾ ਲੱਗਿਆ ਹੋਵੇ। 'ਬੇਟੀ' ਕਦੋਂ ? ਤੂੰ ਤਾਂ ਕਹਿੰਦਾ ਸੀ ਮੁੰਡਾ ਹੋਵੇਗਾ।



ਦੂਸਰੇ ਦਿਨ ਕਾਂਤਾ ਨੇ ਨਕੁਲ ਨੂੰ ਕਿਹਾ, "ਤੂੰ ਫਿਕਰ ਨਾ ਕਰੀਂ, ਅਗਲੀ ਵਾਰੀ ਰੱਬ ਚੰਗੀ ਚੀਜ਼ ਦਊਗਾ।"

ਕਿਸ਼ਨ ਸੋਚਦਾ ਕਿ ਕੁੜੀਆਂ ਨਾਲੋਂ ਵੀ ਕੋਈ ਚੰਗੀ ਚੀਜ਼ ਹੋ ਸਕਦੀ ਐ। ਕੁੜੀਆਂ ਤਾਂ ਪਿਆਰ ਹੀ ਬਹੁਤ ਕਰਦੀਆਂ ਨੇ। ਇਹਦੇ ਤਾਂ ਮੁੰਡਾ ਹੁੰਦਾ, ਪਤਾ ਲੱਗਦੈ ਪੁੱਤ ਨੂੰ, ਜਿਵੇ ਹੁਣ ਮੈਨੂੰ ...।

ਐਨਾ ਕੁ ਪਤਾ ਚੱਲਿਆ ਸੀ ਕਿ ਮਹੀਨੇ ਬਾਅਦ ਨਕੁਲ ਦੇ ਸੱਸ ਸਹੁਰਾ ਕੁੜੀ ਨੂੰ ਆਪਣੇ ਨਾਲ ਲੈ ਗਏ ਸੀ। ਕਾਂਤਾ ਚਾਹੁੰਦੀ ਸੀ ਕਿ ਕੁੜੀ ਉਹ ਪਾਲ ਲੈਣਗੇ ਪਰ ਗਾਇਤਰੀ ਨਹੀਂ ਸੀ ਮੰਨਦੀ ਕਿ ਕੁੜੀ...। ਇਹ ਗੱਲ ਕਾਂਤਾ ਤੇ ਕਿਸ਼ਨ ਨੂੰ ਚੰਗੀ ਨਾ ਲੱਗੀ। ਫੇਰ ਕਿਸ਼ਨ ਨੂੰ ਪੁੱਛਦੀ ਕਿ ਕੁੜੀ ਨੂੰ ਦੁੱਧ ਕੌਣ ਪਿਆਊ ?... ਮਾਂ ਦਾ ਦੁੱਧ...।

"ਅੱਜ ਕੱਲ ਕੁੜੀਆਂ ਕਿੱਥੇ ਦੁੱਧ ਪਿਆਉਂਦੀਆਂ, ਇਹਨਾਂ ਦੀ ਤਾਂ 'ਫਿਗਰ' ਖਰਾਬ ਹੋ ਜਾਂਦੀ ਆ।"

"ਤੁਸੀਂ ਵੀ ਬੱਸ, ਮੈਂ ਥੋਨੂੰ ਸਮਝਾਉਂਦੀ ਥੱਕਗੀ। ਉਹਨਾਂ ਨੇ ਕੁੜੀ ਨੂੰ ਇਸ ਕਰਕੇ ਛੱਡਿਆ ਕਿ ਗਾਇਤਰੀ ਦੀਆਂ ਛੁੱਟੀਆਂ ਖ਼ਤਮ ਹੋ ਗਈਆਂ। ਉਹਨੇ ਵੀ ਆਪਣੀ ਨੌਕਰੀ ਦੇਖਣੀ ਆ। ਕੰਪਨੀਆਂ ਐਨੀਆਂ ਛੁੱਟੀਆਂ ਨੀ ਦਿੰਦੀਆਂ।"

"ਐਹਜੀਆਂ ਕੰਪਨੀਆਂ ਨੂੰ ਤਾਂ ਮੇਰਾ ਦਿਲ ਕਰਦਾ, ਅੱਗ ਲਾ ਦਿਆਂ।" ਉਹ ਐਨਾ ਉੱਚੀ ਬੋਲਿਆ ਕਿ ਲੌਬੀ 'ਚ ਗੂੰਜ ਆਈ ਲਾ ਦਿਆਂ... ਲਾ ਦਿਆਂ...। ਜਿਵੇਂ ਪਾਗਲ ਹੋ ਗਿਆ ਹੋਵੇ। ਉਸਦੀਆਂ ਅੱਖਾਂ ਵਿੱਚ ਲਹੂ ਉਤਰ ਆਇਆ। ਇਹ ਦੇਖ ਕਾਂਤਾ ਡਰ ਗਈ ਸੀ। ਉਸਨੇ ਸਾਹ ਨਾ ਕੱਢਿਆ। ਸਾਹ ਤਾਂ ਉਹ ਨਕੁਲ ਮੂਹਰੇ ਵੀ ਨਹੀਂ ਸੀ ਕੱਢਦੇ।

ਨਕੁਲ ਤੇ ਗਾਇਤਰੀ ਸਿਰਫ਼ ਇੱਕ ਵਾਰ ਕੁੜੀ ਨੂੰ ਲੈ ਕੇ ਆਏ ਸੀ। ਤਿੰਨ ਸਾਲਾਂ ਬਾਅਦ ਪਤਾ ਲੱਗਿਆ ਕਿ ਉਹਨਾਂ ਨੇ ਕੁੜੀ 'ਬੋਰਡਿੰਗ ਸਕੂਲ' 'ਚ ਲਾਤੀ ਸੀ। ਨਕੁਲ ਨੇ ਕਿਹਾ ਸੀ ਕਿ ਵੱਡੇ ਵੱਡੇ ਲੋਕਾਂ ਦੇ ਬੱਚੇ ਇਹਨਾਂ ਸਕੂਲਾਂ 'ਚ ਹੀ ਪੜ੍ਹਦੇ ਨੇ। ਤੁਸੀਂ ਐਵੇਂ ਫਿਕਰ ਨਾ ਕਰੀ ਜਾਇਆ ਕਰੋ।

ਫਿਕਰ ਤਾਂ ਕਾਂਤਾ ਨੂੰ ਵੀ ਬਹੁਤ ਰਹਿੰਦੀ ਸੀ, ਅਕਸਰ ਉਹ ਬੁਝੀ ਬੁਝੀ ਰਹਿੰਦੀ। ਇੱਕ ਦਿਨ ਕਿਸ਼ਨ ਨੂੰ ਕਹਿੰਦੀ ਕਿ ਉਸਦਾ ਦਿਲ ਕਰਦੈ ਕਿ ਉਹ ਉਡਾਰੀ ਮਾਰ ਕੇ ਆਪਣੀ ਪੋਤੀ ਕੋਲ ਪਹੁੰਚ ਜਾਵੇ ਪਰ ਕਿਸ਼ਨ ਨੇ ਅੱਗੋਂ ਕੋਈ ਜਵਾਬ ਨਾ ਦਿੱਤਾ। ਹੱਥ ਮਾਰਦਾ ਕਹਿੰਦਾ, "ਹੱਥਾਂ ਨਾਲ ਦਿੱਤੀਆਂ ਦੰਦਾਂ ਨਾਲ ਖੋਲਣੀਆਂ ਪੈਂਦੀਆਂ ਨੇ।"

ਕਿਸ਼ਨ ਲਾਲ ਦਾ ਘਰ ਦਿਲ ਨਾ ਲੱਗਦਾ, ਘਰ ਹੁਣ ਕਿੱਥੇ ਰਹਿ ਗਿਆ ਸੀ। ਚੁਬਾਰੇ 'ਚ ਉਸ ਨੇ ਕਦੇ ਜਾ ਕੇ ਨੀ ਸੀ ਦੇਖਿਆ, ਚੁਬਾਰਾ ਤਾਂ ਉਸਨੂੰ ਕੋਈ ਰੰਡੀ ਦਾ ਕੋਠਾ ਲੱਗਦਾ। ਉਹ ਅਕਸਰ ਪਾਰਕ 'ਚ ਹੀ ਬੈਠਾ ਰਹਿੰਦਾ। ਸਵੇਰੇ ਸ਼ਾਮ ਯੋਗਾ ਕਰਨ ਵੀ ਨਾ ਜਾਂਦਾ। ਇੱਕ ਦਿਨ ਪਾਰਕ 'ਚ ਬੈਠਾ ਦੇਖ ਰਿਹਾ ਸੀ। ਕੁੱਤੀ ਦਾ ਇੱਕ ਕਤੂਰਾ ਮਰ ਗਿਆ ਸੀ। ਪੰਜ-ਛੇ ਕਤੂਰੇ ਚੁੰਘਣ ਲਈ ਮਗਰ ਮਗਰ ਤੁਰ ਰਹੇ ਸਨ। ਉਹ ਉਹਨਾਂ ਨੂੰ ਦੂਰ ਭਜਾਉਂਦੀ ਤੇ ਆਪਣੇ ਮਰੇ ਹੋਏ ਕਤੂਰੇ ਨੂੰ ਮੂੰਹ 'ਚ ਪਾ ਕੇ ਸਿੱਧਾ ਕਰਨ ਦੀ ਕੋਸ਼ਿਸ਼ ਕਰਦੀ ਕਿ ਸ਼ਾਇਦ ਉਹ ਵੀ ਉੱਠ ਖੜ੍ਹਾ ਹੋਵੇ ਤੇ ਤੁਰ ਪਵੇ ਹੋਰ ਕਤੂਰਿਆਂ ਵਾਂਗ। ਕਿੰਨੀ ਵਾਰ ਮੂੰਹ 'ਚ ਪਾ ਕੇ ਸਿੱਧਾ ਕਰਦੀ ਰਹੀ। ਅਖ਼ੀਰ ਥੱਕ ਹਾਰ ਦੂਸਰੇ ਕਤੂਰਿਆਂ ਨੂੰ ਚੁੰਘਾਉਣਾ ਸ਼ੁਰੂ ਕਰ ਦਿੱਤਾ। ਕਿਸ਼ਨ ਤਾਂ ਪਹਿਲਾਂ ਹੀ ਉਦਾਸ ਰਹਿੰਦਾ ਸੀ ਇਹ ਦੇਖ ਉਸਦੀ ਉਦਾਸੀ 'ਚ ਹੋਰ ਵੀ ਵਾਧਾ ਹੋ ਗਿਆ ਸੋਚਦਾ ਕਿ ਅਪਦੇ ਮਰੇ ਹੋਏ ਪੁੱਤ ਨੂੰ ਕਿਵੇਂ ਸਿੱਧਾ ਕਰੇ

ਕਿ ਤੁਰਨ ਲੱਗ ਜਾਵੇ। ਜਿਉਂਦਾ ਹੋ ਜਾਵੇ। ਕਿਵੇਂ ਉਸਨੂੰ ਸਮਝਾਵੇ। ਹੁਣ ਸਮਝਾਉਣ ਦਾ ਕੀ ਫੈਦਾ, ਬਾਜੀ ਤਾਂ ਬੀਜ ਗਈ, ਕੀ ਪਤਾ ਸਾਡਾ ਕਦੋਂ ਪਟਾਕਾ ਬੋਲ ਪਵੇ।

ਇੱਕ ਦਿਨ ਕਿਸ਼ਨ ਆਪਣੀ ਤੇ ਕਾਂਤਾ ਦੀਆਂ ਫੋਟੋਆਂ ਵੱਡੀਆਂ ਕਰਵਾ, ਹਾਰ ਪਾ, 'ਡਰਾਇੰਗ ਰੂਮ' 'ਚ ਆਪਣੇ ਮਾਂ ਪਿਓ ਦੀਆਂ ਫੋਟੋਆਂ ਦੇ ਥੱਲੇ ਲਗਾ ਦਿੱਤੀਆਂ। ਬਾਜ਼ਾਰੋਂ ਆਈ ਕਾਂਤਾ ਇਹ ਦੇਖ ਕੇ ਹੈਰਾਨ ਹੋ ਗਈ, "ਪਾਗਲ ਹੋ ਗਏ ਤੁਸੀਂ।"

"ਪਾਗਲ ਹੀ ਸਮਝ ਲੈ, ਮਰਿਆ ਤੋਂ ਬਾਅਦ ਤਾਂ ਆਪਣੀ ਫੋਟੋ ਵੀ ਕਿਸੇ ਨੇ ਨਹੀਂ ਲਾਉਣੀ, ਮੈਂ ਸੋਚਿਆ ਪਹਿਲਾਂ ਹੀ ਲਾ ਦੇਈਐ।" ਇਹ ਕਹਿੰਦੇ ਹੋਏ ਉਸਦੀਆਂ ਅੱਖਾਂ 'ਚ ਡੱਕੇ ਹੋਏ ਸਮੁੰਦਰ ਨੂੰ ਉਸਦੀਆਂ ਪਲਕਾਂ ਵੀ ਨਾ ਰੋਕ ਸਕੀਆਂ। ਉਹ ਕਾਂਤਾ ਦੇ ਮੋਢੇ ਤੇ ਸਿਰ ਰੱਖ ਬੱਚਿਆਂ ਵਾਂਗ ਹਟਕੋਰੇ ਲੈਣ ਲੱਗ ਪਿਆ।

"ਕੀ ਹੋ ਗਿਆ ਥੋਨੂੰ ? ਲੋਕ ਕੀ ਕਹਿਣਗੇ। ਜੇ ਕੁੜੀਆਂ ਨੂੰ ਪਤਾ ਲੱਗ ਗਿਆ, ਉਹ ਤਾਂ ਜਿਉਂਦੇ ਜੀਅ ਹੀ ਮਰ ਜਾਣਗੀਆਂ ਵਿਚਾਰੀਆਂ।" ਐਨੇ ਨੂੰ ਨਕੁਲ ਦਾ ਫੋਨ ਆਇਆ ਕਿ ਮੰਮੀ ਮੇਰੀ ਪ੍ਰਮੋਸ਼ਨ ਹੋ ਗਈ ਆ...।

"ਐਹੀ ਤੈਹੀ ਮਰਾਵੇ ਤੇਰੀ ਪ੍ਰਮੋਸ਼ਨ ਖੜ੍ਹੀ ਹੋ ਕੇ।" ਕਹਿ ਕਾਂਤਾ ਨੇ ਫੋਨ ਕੱਟ ਦਿੱਤਾ। ਪਤਾ ਨਹੀਂ ਉਸਦੇ ਮੂੰਹੋਂ ਕਿਵੇਂ ਗਾਲ਼ ਨਿਕਲ ਗਈ। ਹੈਰਾਨ ਹੋ ਗਈ ਤੇ ਪਿੱਟਣ ਲੱਗੀ। ਕਿਸ਼ਨ ਨੂੰ ਕਾਂਤਾ ਦੇ ਰੋਣ ਦਾ ਵੀ ਕੋਈ ਦੁੱਖ ਨਾ ਹੋਇਆ, "ਮੇਰੇ ਨਾਲੋਂ ਤਾਂ ਚੰਗਾ ਈ ਆ ਜਿਹੜਾ ਆਪਣੀ ਤਰੱਕੀ ਤਾਂ ਦੱਸ ਦਿੰਦਾ, ਮੈਂ ਤਾਂ ਆਪਣੇ ਮਾਪਿਆਂ ਨੂੰ ਇਹ ਵੀ ਨੀ ਸੀ ਕਦੇ ਦੱਸਿਆ।"

ਕਾਂਤਾ ਉਸਨੂੰ ਅਕਸਰ ਸਮਝਾਉਂਦੀ ਕਿ ਹੁਣ ਨਕੁਲ ਦਾ ਆਪਣਾ ਪਰਿਵਾਰ ਆ, ਆਪਾਂ ਕੀ ਲੈਣਾ ਉਹ ਪੰਜ ਕਰੇ ਪੰਜਾਹ ਕਰੇ ਪਰ ਕਿਸ਼ਨ ਦਾ ਮਨ ਨਾ ਟਿਕਦਾ। ਟੀ. ਵੀ. ਚੱਲਦਾ ਰਹਿੰਦਾ ਪਰ ਧਿਆਨ ਕਿਧਰੇ ਹੋਰ ਹੀ ਹੁੰਦਾ। ਕੁੜੀਆਂ ਨੇ 'ਸਕਾਇਟਰਿਸਟ' ਨੂੰ ਵੀ ਦਿਖਾਇਆ ਸੀ। ਉਹ ਡਾਕਟਰ ਨੂੰ ਬਹੁਤ ਕੁਝ ਦੱਸਣਾ ਚਾਹੁੰਦਾ ਸੀ ਪਰ ਦੱਸ ਨਾ ਸਕਿਆ ਕਿ ਕਾਂਤਾ ਕੀ ਸੋਚੂ ਕਿ ਇਹੋ ਜਿਹੀ ਮਾੜੀ ਸੋਚ ਦਾ ਬੰਦਾ ਏ, ਗਾਇਤਰੀ ਉਸਨੂੰ ਇੱਕ ਪੀਸ ਹੀ ਲੱਗਦੀ, ਜਿਵੇਂ ਮ੍ਰਿਦੁਲਾ ਤੇ ਸੰਸਕ੍ਰਿਤੀ ਧੱਕੇ ਖਾਂਦੀਆਂ ਫਿਰਦੀਆਂ ਸੀ, ਗਾਇਤਰੀ ਵੀ ਕਿਤੋਂ ....।" ਡਾਕਟਰ ਨੇ ਦਵਾਈ ਲਿਖਦਿਆਂ ਕਿਹਾ ਸੀ ਕਿ ਸੈਰ ਤੇ ਯੋਗਾ ਜ਼ਰੂਰ ਕਰਨ ਜਾਇਆ ਕਰੋ। ਕਿਸ਼ਨ ਕਹਿੰਦਾ, "ਡਾਕਟਰ ਸਾਹਿਬ ਸਾਡੇ ਬੁੜੇ ਕਿਹੜਾ ਪਹਿਲਾਂ ਯੋਗਾ ਹੀ ਕਰਦੇ ਸੀ ...।" ਪੁੜਪੁੜੀ ਤੇ ਉਂਗਲੀ ਮਾਰਦੇ ਨੇ ਕਿਹਾ, "ਬੱਸ ਆ ਸੂਤ ਚਾਹੀਦਾ।" ਡਾਕਟਰ ਹੱਸ ਪਿਆ। ਕਾਂਤਾ ਨੇ ਕਿਹਾ, "ਡਾਕਟਰ ਸਾਬ ਛੇ ਮਹੀਨੇ ਹੋ ਗਏ ਇਹ ਯੋਗਾ ਕਰਨ ਵੀ ਨਹੀਂ ਜਾਂਦੇ।"

ਯੋਗਾ ਕਰਨਾ ਤਾਂ ਕਿਸ਼ਨ ਨੇ ਉਸ ਦਿਨ ਛੱਡ ਦਿੱਤਾ ਸੀ, ਜਿਸ ਦਿਨ ਯੋਗਾ ਕਰਦਿਆਂ ਨਾਲ ਦੇ ਨੇ ਗੱਲ ਸੁਣਾਈ ਸੀ, ਉਹ ਕਹਿੰਦਾ ਇੱਕ ਦਿਨ ਮੈਂ ਪਾਰਕ 'ਚ ਸੈਰ ਕਰ ਰਿਹਾ ਸੀ, ਕੀ ਦੇਖਦਾਂ ਪਾਰਕ 'ਚ ਮੁੰਡਾ ਕੁੜੀ ਝਾੜੀਆਂ ਪਿੱਛੇ ਬੁੱਲਾਂ 'ਚ ਬੁੱਲ ਪਾਈ ਬੈਠੇ ਸਨ। ਉਸਨੇ ਪੁੱਛਿਆ, "ਕੀ ਇਹੀ ਆ ਸਾਡੀ ਸੰਸਕ੍ਰਿਤੀ ?" ਮੁੰਡਾ ਵੀ ਮੂੰਹ ਫੱਟ ਸੀ ਕਹਿੰਦਾ,"ਅੰਕਲ ਇਹ ਤਾਂ ਗਾਇਤਰੀ ਆ, ਸੰਸਕ੍ਰਿਤੀ ਤਾਂ ਪਿਛੇ ਕਿਸੇ ਹੋਰ ਨਾਲ ਲੱਗੀ ਹੋਈ ਆ।" ਸਾਰੇ ਤਾੜੀਆਂ ਮਾਰ ਉੱਚੀ ਉੱਚੀ ਹੱਸਦੇ ਸੰਸਕ੍ਰਿਤੀ ... ਗਾਇਤਰੀ... ਸੰਸਕ੍ਰਿਤੀ। ਸਾਰੇ ਇਕਦਮ ਚੁੱਪ ਕਰ ਗਏ ਪਰ ਕਿਸ਼ਨ ਲਾਲ ਇਕੱਲਾ ਹੀ ਹੱਸਦਾ ਰਿਹਾ, ਤਾੜੀਆਂ ਮਾਰਦਾ ਰਿਹਾ, ਇੱਕ ਜਣਾ ਬੋਲਿਆ, "ਲੱਗਦੈ ਕਿਸ਼ਨ ਦੇ ਦਿਮਾਗ 'ਚ ਨੁਕਸ ਬੈਠ ਗਿਆ।"

*ਈਮੇਲ:-sandeepsamrala99@gmail.com*



## ਕਹਾਣੀਆਂ 'ਤੇ ਹੋਇਆ ਵਿਚਾਰ-ਵਟਾਂਦਰਾ

# ਜਿੱਤ ਦੇ ਹੰਝੂ

ਅਤਰਜੀਤ : ਪਰਮਜੀਤ ਮਾਨ ਦੀ ਕਹਾਣੀ ਜਿੱਤ ਦੇ ਹੰਝੂ ਆਪਾਂ ਸੁਣੀ ਹੈ। ਜਿਸ ਤਰ੍ਹਾਂ ਦਾ ਪਰਿਵਾਰ ਵਿਚ ਤਣਾਅ ਵਖਾਇਐ ਜਿਵੇਂ ਇਕ ਦੂਜੇ ਦੇ ਗੱਲ ਪੈਣ ਵਾਲੀ ਗੱਲ, ਹਰ ਵੇਲੇ ਵੱਢੂੰ ਖਾਊਂ ਕਰਨ ਵਾਲੀ ਗੱਲ... ਇਹ ਘਰਾਂ ਵਿੱਚ ਉਦੋਂ ਵਾਪਰਦੀ ਹੈ, ਜਦੋਂ ਆਰਥਿਕ ਤੌਰ ਤੇ ਮੰਦਵਾੜਾ ਆ ਜਾਂਦੈ। ਕਿਸੇ ਦਾ ਵੀ ਜੀਅ ਨਹੀਂ ਕਰਦਾ ਹੁੰਦਾ ਕਿ ਉਹ ਇੱਕ ਦੂਜੇ ਨਾਲ ਇਸ ਤਰ੍ਹਾਂ ਦਾ ਵਰਤਾਅ ਕਰਨ। ਅੰਦਰੋਂ ਭਿੱਜੇ ਵੀ ਪਏ ਹੁੰਦੇ ਨੇ... ਉਹ ਜਿਹੜਾ ਤਣਾਅ ਐ ਉਹ ਗੱਲ ਕਹਾ ਰਿਹਾ ਹੁੰਦਾ ਹੈ... ਜੋ ਯਥਾਰਥ ਕਿਸਾਨੀ ਜਿੰਦਗੀ ਦਾ ਇਨ੍ਹਾਂ ਨੇ ਫੜਿਐ, ਉਹ ਬਹੁਤ ਹੀ ਸਹਿਜ ਰੂਪ 'ਚ ਫੜਿਐ। ਵਾਰਤਾਲਾਪੀ ਢੰਗ ਨਾਲ ਉਸਾਰੀ ਕਹਾਣੀ ਕਮਾਲ ਹੈ। ਇਕ ਗੱਲ ਮੈਨੂੰ ਇਸ ਕਹਾਣੀ ਦੇ ਵਿੱਚੋਂ ਲੱਗੀ ਐ... ਵਰਤਾਲਾਪ 'ਚ ਲੇਖਕ ਦੀ ਆਪਣੀ ਭਾਸ਼ਾ ਹੈ। ਪਾਤਰਾਂ ਦੀ ਭਾਸ਼ਾ 'ਚ ਥੋੜ੍ਹਾ ਫਰਕ ਹੈ। ਸਧਾਰਨ ਬੋਲੀ ਨਹੀਂ। ਅੰਤ ਨੂੰ ਹਾਂ ਪੱਖੀ ਮੋੜਾ ਦਿੱਤਾ ਹੈ। ਸਰਪੰਚ ਆਪਸੀ ਪਿਆਰ ਮਹੁੱਬਤ ਵਾਲਾ ਹੈ। ਜੱਟ ਦੇ ਧੋਣ ਵਿਚਲੇ ਕਿੱਲੇ ਵਾਲੀ ਚੰਗੀ ਗੱਲ ਫੜੀ ਹੈ। ਵਰਤਾਲਾਪਾਂ ਨੂੰ ਹੋਰ ਸਹਿਜ ਬਣਾ ਦੇਣ ।

ਜਸਪਾਲ ਮਾਨਖੇੜਾ: ਪਰਮਜੀਤ ਮਾਨ ਦੀ ਕਹਾਣੀ ਕਿਸਾਨੀ ਸੰਕਟ ਦੀ ਕਹਾਣੀ ਹੈ। ਕਿਸਾਨੀ ਵੱਡੇ ਸੰਕਟ ਵਿੱਚ ਹੈ। ਇਨ੍ਹਾਂ ਬਿਆਨ ਕੀਤੈ ਕਿ ਆੜ੍ਹਤੀਆਂ ਦੇ ਕਰਜੇ, ਬਾਹਰ ਜਾਣ ਦੀ ਹੋੜ ਦਾ ਬਾਖੂਬੀ ਜਿਕਰ ਕੀਤੈ। ਕਹਾਣੀ 'ਚ ਵਾਰਤਾਲਾਪ ਬਹੁਤ ਹਨ। ਜੇ ਇਸਦਾ ਸਕਰੀਨ ਪਲੇਅ ਬਣਾਉਣਾ ਹੋਵੇ, ਸਕਰਿਪਟ ਲਿਖਣੀ ਹੋਵੇ ਜਾਂ ਨਾਟਕ ਖੇਡਣਾ ਹੋਵੇ... ਬੜੇ ਸੌਖੇ ਤਰੀਕੇ ਨਾਲ ਤਿਆਰ ਹੋ ਸਕਦਾ ਹੈ। ਇਹ ਵੀ ਠੀਕ ਹੈ ਕਿ ਬਹੁਤੀ ਵਾਰਤਾਲਾਪ ਲੇਖਕ ਦੀ ਹੈ। ਲੇਖਕ ਬੋਲ ਰਿਹੈ। ਇੱਕ ਗੱਲ ਆਉਂਦੀ ਹੈ.. ਗਾਉਣ ਵਾਲਿਆਂ ਦਾ ਟੀਸੀ ਚੜ੍ਹਾਇਆ ਜੱਟ... ਇਕ ਥਾਂ ਤੇ ਤਾਂ ਲੇਖਕ ਆਪ ਕਹਿ ਜਾਂਦੈ.... ਇਕ ਥਾਂ ਡਾਇਲਾਗ ਬੋਲਦੈ... ਇਹ ਗੱਲ ਤਾਂ ਠੀਕ ਹੈ ਪਰ ਪਾਤਰਾਂ ਦਾ ਕਿਹਾ ਵੱਧ ਠੀਕ ਹੈ। ਡਾਇਲਾਗ 'ਚ ਤਾਂ ਠੀਕ ਲਗਦੈ। ਪਰ ਲੇਖਕ ਦਾ ਕਹਿਣਾ ਦਰੁਸਤ ਨਹੀਂ। ਇਕ ਮੈਨੂੰ ਲੱਗਦੈ... ਜਿਹੜਾ ਸਰਪੰਚ ਦਾ ਕਰੈਕਟਰ ਹੈ..ਉਹੋ ਜਿਹੇ ਸਰਪੰਚ ਹੁੰਦੇ ਨਹੀਂ ਜੋ ਹਨ ਉਹੋ ਜਿਹਾ ਨਹੀਂ.... ਜਿਹੋ ਜਿਹੇ ਸਰਪੰਚ ਹੋਣੇ ਚਾਹੀਦੇ ਨੇ ਉਹੋ ਜਿਹਾ ਹੈ। ਇਹ ਲੇਖਕ ਦਾ ਇੱਛਤ ਯਥਾਰਥ ਐ.. ਰੇਅਰ ਹੋ ਵੀ ਸਕਦੇ ਹਨ। ਇਕ ਗੱਲ ਜਿਹੜਾ ਇਕ ਪਾਤਰ ਕਹਿੰਦੈ.. ਗੁਰੂ ਦੇ ਸਿੱਖ ਨ੍ਹੀਂ ਐ ਕਰਦੇ ਹੁੰਦੇ...। ਜਦੋਂ ਆਪਾਂ ਪੂਰੀ ਮਾਨਵਤਾ ਦਾ ਕਹਾਣੀ ਬਣਾਉਣੀ ਐ... ਉਦੋਂ ਇੱਕਲੇ ਗੁਰੂ ਦੇ ਸਿੱਖ ਦੀ ਜਾਂ ਪੰਜਾਬ ਦੀ ਕਹਾਣੀ ਨਹੀਂ ਬਣਾਉਣੀ ਚਾਹੀਦੀ। ਸਾਨੂੰ ਮੌਜੂਦਾ ਕਿਸਾਨ ਘੋਲ ਵੀ ਸਿਖਾ ਰਿਹੈ ਕਿ ਇਕੱਲੇ ਗੁਰੂ ਦੇ ਸਿੱਖ ਹੀ ਨਹੀਂ ਲੜ ਰਹੇ ਸਗੋ ਸਮੁੱਚਾ ਕਿਸਾਨ ਲੜ ਰਿਹੈ... ਸਾਡੀ ਇੱਛਾ ਵੀ ਹੈ ਕਿ ਜੇ ਸਮੁੱਚਾ ਕਿਸਾਨ ਵਰਗ ਤੇ ਹੋਰ ਸਾਰੇ ਵਰਗ ਲੜਨਗੇ ਤਾਂ ਹੀ ਇਹ ਘੋਲ ਜਿਤਿਆ ਜਾਵੇਗਾ।

ਦਰਸ਼ਨ ਜੋਗਾ : ਇਹ ਪਿੰਡ ਦੇ ਛੋਟੇ ਕਿਸਾਨ ਦੇ ਘਰ ਦੀ ਹਾਲਤ ਬਿਆਨ ਕਰਦੀ ਹੈ। ਇਸ ਕਹਾਣੀ ਵਿੱਚ ਮਸਲਾ ਉਭਰਦਾ ਹੈ। ਮੇਨ ਸਮੱਸਿਆ ਮੁੱਖ ਪਾਤਰ 'ਤੇ ਤ੍ਰਾਸਦੀ ਦਾ

ਸਟਰੈਸ ਪਾਉਂਦੀ ਹੈ। ਕਹਾਣੀ ਵਿੱਚੋਂ ਸਥਿਤੀ ਉਭਰਦੀ ਹੈ। ਬੰਦੇ 'ਤੇ ਸਥਿਤੀਆਂ ਦਾ ਅਸਰ ਪੈਂਦਾ ਹੈ... ਉਸਦਾ ਅਸਰ ਉਸਦੀ ਪਤਨੀ ਤੇ ਪੈਂਦਾ ਹੈ ਤੇ ਉਹ ਉਹੀ ਫਿਕਰ ਲੈ ਕੇ ਸਰਪੰਚਾਂ ਦੇ ਘਰ ਜਾਂਦੀ ਹੈ। ਹੋਰ ਕਈ ਪਰਤਾਂ ਖੁੱਲਣ ਵਾਲੀਆਂ ਰਹਿ ਗਈਆਂ ਹਨ।

ਪ੍ਰਗਟ ਬਰਾੜ : ਕਹਾਣੀਕਾਰ ਦਾ ਕਹਾਣੀ ਪੜ੍ਹਨ ਦਾ ਲਹਿਜਾ ਕਾਬਲੇ ਤਰੀਫ਼ ਹੈ। ਜੇ ਪਾਤਰ ਦਾ ਡਾਇਲਾਗ ਬਦਲਦੈ ਤਾਂ ਕਹਾਣੀ ਪੜ੍ਹਨ ਦੀ ਟੋਨ ਵੀ ਬਦਲਦੀ ਹੈ... ਕਹਾਣੀ ਸੁਣ ਕੇ ਮਨ ਖੁਸ਼ ਹੋਇਆ। ਦੋ ਤਿੰਨ ਕਮੀਆਂ ਹਨ। ਇਕ ਸਥਿਤੀਆਂ ਨਹੀਂ ਉਪਜਦੀਆਂ, ਜਿਨ੍ਹਾਂ ਤੋਂ ਕਹਾਣੀ 'ਚ ਖੁਦਕਸ਼ੀ ਵਾਲੇ ਪਾਸੇ ਜਾਂਦਾ ਲੱਗੇ... ਉਹ ਸਥਿਤੀਆਂ ਪੇਸ਼ ਨਹੀਂ ਹੋਈਆਂ। ਇਹ ਗੱਲ ਸਾਹਮਣੇ ਆਈ ਹੈ ਕਿ ਉਸ ਕੋਲ ਪੰਜ ਕਿਲੇ ਜਮੀਨ ਸੀ... ਆੜਤੀਆਂ ਦਾ ਕਰਜਾ ਕਿਵੇਂ ਚੜ੍ਹ ਗਿਆ... ਨਾ ਮੁੰਡੇ ਦੇ ਬਾਹਰ ਜਾਣ ਤੋਂ ਬਿਨਾਂ ਮੁੰਡੇ ਦਾ ਕੋਈ ਐਬ ਵਿਖਾਇਆ ਗਿਐ... ਕਰਜਾ ਚੜ੍ਹਨਾ ਸਪੱਸ਼ਟ ਨਹੀਂ ਹੁੰਦਾ। ਜਦੋਂ ਅਸੀਂ ਆਦਰਸ਼ ਪਾਤਰ ਸਿਰਜ ਲੈਂਦੇ ਹਾਂ ਤਾਂ ਉਹ ਯਥਾਰਥਕਤਾ ਨੂੰ ਪਤਲਾ ਕਰ ਦਿੰਦੈ। ਸਰਪੰਚ ਦੇ ਵਿੱਚ ਸਰਪੰਚਾਂ ਵਾਲੇ ਐਬ ਨਹੀਂ ਲੱਗੇ। ਸਰਪੰਚ ਐਦਾਂ ਦੇ ਨਹੀਂ ਹੁੰਦੇ, ਕੋਈ ਰੇਅਰ ਹੋ ਸਕਦੈ। ਅਗਲੀ ਗੱਲ ਦੁਹਰਾਅ ਭਾਵੇਂ ਬਹੁਤਾ ਨਹੀਂ ਪਰ ਇਕ ਵਾਕ ਦੋ ਵਾਰ ਆਇਐ। ਮਨੋਵਿਗਿਆਨ ਪੱਖ ਤੋਂ ਬਹੁਤ ਵਧੀਆਂ ਪੇਸ਼ਕਾਰੀ ਹੈ ਪਰ ਮਰਨ ਦਾ ਵਿਚਾਰ ਬੰਦੇ ਦੇ ਅੰਦਰ ਚੱਤੋ ਪਹਿਰ ਨਹੀਂ ਚੱਲਦਾ... ਖੁਦਕਸ਼ੀ ਦਾ ਵਿਚਾਰ ਮਨ ਦੀਆਂ ਗੁੰਝਲਾਂ ਵਿੱਚ ਤਾਂ ਤੁਰਿਆ ਫਿਰਦੈ ਪਰ ਮਾਰਨ ਦਾ ਵਿਚਾਰ ਕੁਝ ਸਮੇਂ ਲਈ ਹਾਵੀ ਹੁੰਦੈ.. ਜੇ ਉਸ ਪਲ ਉਹ ਇਕਾਂਤ ਵਿੱਚ ਹੈ ਤਾਂ ਮਰਨ ਦਾ ਸਟੈਪ ਚੱਕ ਜਾਵੇਗਾ ਪਰ ਬਹੁਤ ਕੇਸਾਂ ਵਿੱਚ ਸਥਿਤੀ ਚੇਂਜ ਹੋ ਜਾਂਦੀ ਹੈ। ਪਰ ਕਹਾਣੀ ਵਿੱਚ ਇਸ ਤਰ੍ਹਾਂ ਦੀ ਸਥਿਤੀ ਨਹੀਂ ਬਣੀ। ਕਿਤੇ ਰੱਸਾ ਚੱਕਿਆ ਹੋਵੇ ਖੇਤੋਂ ਲੇਟ ਆਇਆ ਹੋਵੇ, ਸਪਰੇਅ ਦਾ ਡੱਬਾ ਭਾਲਦਾ ਹੋਵੇ.... ਜੇ ਇਹ ਆਉਂਦਾ ਤਾਂ ਤ੍ਰਾਸਦੀ ਨੂੰ ਹੋਰ ਡੂੰਘਾ ਤੇ ਸੰਘਣਾ ਕਰ ਸਕਦਾ ਸੀ। ਅੰਤ ਸਕਾਰਤਮਕ ਹੈ।

ਸਾਂਵਲ ਧਾਮੀ: ਕਹਾਣੀ ਵਧੀਅ ਹੈ। ਹਾਂ ਪੱਖੀ ਪੱਖ ਹੈ ਕਿ ਮੌਤ ਵੱਲ ਜਾਂਦਾ ਪਾਤਰ ਮੁੜਿਆ। ਕਿਸਨੀ ਸਕੰਟ ਦੇ ਕੁੱਝ ਹੱਲ ਇਸ ਕਹਾਣੀ ਵਿੱਚੋਂ ਨਿਕਲਦੇ ਹਨ। ਇਕ ਤਾਂ ਜੇ ਭਾਈਚਾਰਾ ਬਚਾ ਦੇਵੇ, ਦੂਜਾ ਜੇ ਸੋਡੇ ਨੇੜਲੇ ਬੰਦਿਆਂ ਕੋਲ ਮਨੋ ਵਿਗਿਆਨਕ ਸੂਝ ਹੋਵੇ, ਜਿਵੇਂ ਉਹ ਸਰਪੰਚ ਦੇ ਘਰਵਾਲੀ। ਇਕ ਉਸਦੇ ਪਤਨੀ ਦੇ ਬਘਿਆੜਾ ਦੇ ਵੱਸ ਪੈਣ ਵਾਲੀ ਵਧੀਆ ਚੋਟ ਹੈ। ਕਹਾਣੀ ਵਿੱਚ ਸਸਪੈਂਸ ਉਭਰਿਆ ਹੈ। ਉਸਨੂੰ ਹੋਰ ਉਭਾਰਿਆ ਜਾ ਸਕਦਾ ਸੀ। ਸਾਡੇ ਅੰਦਰ ਇਕ ਪੱਕੀ ਧਾਰਨਾ ਹੈ ਕਿ ਸਰਪੰਚ ਕੁਰੱਪਟ ਹੋਊਗਾ, ਸੰਤ ਸ਼ੋਸ਼ਣ ਕਰੇਗਾ... ਉਸਨੂੰ ਤੋੜਨਾ ਚਾਹੀਦੈ ਤੇ ਤੁਸੀਂ ਤੋੜਿਐ ਇਸ ਕਹਾਣੀ 'ਚ ...। ਮੈਨੂੰ ਲੱਗਿਆ ਕਿ ਸਰਪੰਚ ਉਸਦੀ ਜਮੀਨ ਹੜੱਪੇਗਾ... ਇਹ ਸਸਪੈਂਸ ਹੋਰ ਸੰਘਣਾਂ ਹੋ ਜਾਂਦਾ ਤਾਂ ਕਹਾਣੀ ਹੋਰ ਵਧੀਆ ਹੋ ਜਾਂਦੀ। ਅੰਤ ਵਿੱਚ ਮੌਤ ਵਲੋਂ ਮੋੜਾ ਤੇ ਸਰਪੰਚ ਦਾ ਹਾਂ ਪੱਖੀ ਵਤੀਰਾ... ਖੂਬਸੂਰਤ ਬਣਾ ਦਿੰਦੀਆਂ ਹਨ। ਦੂਜੀ ਗੱਲ ਜੋ ਮਾਨਖੇੜਾ ਨੇ ਸਿੱਖੀ ਵਾਲੀ ਕਹੀ ਪੂਰੀ ਮਾਨਵਤਾ ਦੀ ਕਹਾਣੀ ਦੀ ਲੋੜ ਹੈ। ਜੇ ਵੇਖਿਆ ਜਾਵੇ ਤਾਂ ਜੇ ਖੁਦਕੁਸ਼ੀ ਤੋਂ ਮੋੜਨ ਲਈ ਧਰਮ ਕੰਮ ਕਰੇ ਤਾਂ ਵੱਧ ਠੀਕ ਹੈ। ਜਿਸ ਧਰਤੀ ਤੇ ਪਾਤਰ ਵਿਚਰਦੈ ਤਾਂ ਉਸਦੇ ਧਰਮ ਨੇ ਹੀ ਡੰਗ ਮਰਨੈ....।

ਹਰਦੀਪ ਢਿੱਲੋਂ : ਮੈਂ ਕਹਿ ਸਕਦਾ ਹਾਂ ਕਿ ਇਸ ਕਹਾਣੀ ਵਿੱਚ ਰਵਾਨੀਅਤ ਬਹੁਤ ਹੈ। ਇਨ੍ਹਾਂ ਇੱਛਤ ਯਥਾਰਥ ਸਿਰਜ ਕੇ ਆਦਰਸ਼ਵਾਦੀ ਬਣਾਉਣ ਦੀ ਕੋਸ਼ਿਸ਼ ਕੀਤੀ ਹੈ।



ਸਰੰਪਚ ਅਜਿਹੇ ਨਹੀ ਹੁੰਦੇ। ਅੱਜ ਦੇ ਸਰਪੰਚ ਛੋਟੀ ਜ਼ਮੀਨ ਵਾਲੇ ਦੀ ਜ਼ਮੀਨ ਹੜੱਪਣ ਦਾ ਕਾਰਜ ਕਰਦੇ ਹਨ। ਪਰ ਇਸ ਕਹਾਣੀ ਦਾ ਸਰਪੰਚ ਆਦਰਸ਼ਵਾਦੀ ਹੈ। ਕਿਸਾਨੀ ਸਘੰਰਸ ਵਿੱਚ ਕਈ ਨਵੇਂ ਪੰਧ ਸਾਹਮਣੇ ਆਏ ਹਨ, ਦਿੱਲੀ ਬਾਡਰਾਂ ਤੇ ਬੈਠੇ ਕਿਸਾਨਾਂ ਦੀਆਂ ਫਸਲਾਂ ਪਿੰਡ ਦੇ ਲੋਕ ਸੰਭਾਲਣ ਲੱਗ ਗਏ, ਬੀਬੀਆਂ ਕੰਮ ਕਰਨ ਲੱਗ ਪਈਆਂ। ਬੰਦਾਂ ਹੀ ਬੰਦੇ ਦੀ ਦਾਰੂ ਹੈ, ਸਰਕਾਰਾਂ ਨੇ ਕੁਝ ਨਹੀਂ ਕਰਨਾ। ਕਿਸਾਨੀ ਤਾਂ ਹੀ ਬੱਚੂਗੀ ਜੇ ਇਕ ਦੂਜੇ ਨੂੰ ਸਹਿਯੋਗ ਦੇਣਗੇ।

ਜੇ. ਸੀ. ਪਰਿੰਦਾ : ਵਧੀਆਂ ਟੀਕਾ ਟਿੱਪਣੀਆਂ ਹੋਈਆਂ ਹਨ। ਪਾਠਕ ਸਰੋਤੇ ਦੇ ਤੌਰ ਤੇ ਮੈਨੂੰ ਇਹ ਵਧੀਆ ਕਹਾਣੀ ਲੱਗੀ। ਜੋ ਮੌਜੂਦਾ ਕਿਸਾਨੀ ਸੰਕਟ ਚੱਲ ਰਿਹੈ, ਜੋ ਖੇਤੀਬਾੜੀ ਦਾ ਹਸ਼ਰ ਹੋਇਆ ਹੈ, ਬਹੁਤ ਸੋਹਣੇ ਤਰੀਕੇ ਨਾਲ ਕਹਾਣੀ ਦਾ ਕਥਾਨਕ ਇਸਨੂੰ ਬਿਆਨਦੈ। ਪਰ ਮੋੜਾ ਬਹੁਤ ਵਧੀਆ ਕੱਟਿਐ... ਖੁਦਕੁਸ਼ੀ ਮਾਮਲੇ ਦਾ ਹੱਲ ਨਹੀਂ, ਇਹਦੇ ਕੋਈ ਹੋਰ ਬਦਲਵੇਂ ਯਤਨ ਕਰਨੇ ਚਾਹੀਦੇ ਹਨ। ਨਿਰਾਸ਼ ਹੋਈ ਕਿਸਾਨੀ ਅਜੇ ਵੀ ਖੁਦਕੁਸ਼ੀਆਂ ਦੇ ਰਾਹ ਐ ਉਨ੍ਹਾਂ ਵਾਸਤੇ ਹਾਂ ਪੱਖੀ ਸੁਨੇਹਾ ਹੈ। ਪਰ ਮੈਂ ਇਹ ਸਮਝਣ ਵਿੱਚ ਅਸਮਰਥ ਹਾਂ ਕਿਉਂ ਕੀਹਦੇ ਵਾਸਤੇ ਜਿਉਂਣਾ ਚਾਹੁੰਦੈ... ਉਸਦੀ ਪਤਨੀ ਦੀ ਹੋਣ ਵਾਲੀ ਬੇਹੁਰਮਤੀ ਦੇ ਡਰ ਵਿੱਚ ਜਿਉਣਾ ਸਵੀਕਾਰ ਕਰ ਲਿਆ ਸੀ। ਸਰਪੰਚ ਦੀਆਂ ਆਖੀ 'ਤੇ ... ਸਰੰਪਚ ਦੀ ਸਲਾਹ, ਜ਼ਮੀਨ ਠੇਕੇ ਤੇ ਦੇਦੇ ਦਰੁਸਤ ਸਲਾਹ ਨਹੀਂ । ਕਿੰਨੇ ਕੁ ਕਿਸਾਨ ਆਪਣੀ ਜਮੀਨ ਠੇਕੇ ਤੇ ਦੇਣਗੇ? ਜ਼ਮੀਨ ਦੇ ਕੇ ਉਹ ਕੀ ਕੰਮ ਕਰੂ? ਕੰਮ ਤਾਂ ਪਹਿਲਾਂ ਹੀ ਹੈ ਨਹੀਂ। ਆਖਰ ਉਸਨੂੰ ਜ਼ਮੀਨ ਵੇਚਣੀ ਪਾਊ। ਸਰਪੰਚ ਦਾ ਸੁਝਾ ਉਸਦੇ ਹੱਥ ਡੱਬਾ ਫੜਾਉਂਦੈ... ਸਰਕਾਰ ਦੇ ਖੇਤੀ ਕਾਨੂੰਨ ਵੀ ਇਹ ਕਰਾਉਣਾ ਚਾਹੁੰਦੇ ਹਨ। ਇਸ ਕਹਾਣੀ ਵਿੱਚ ਇਹ ਪ੍ਰਭਾਵ ਵੀ ਉਪਜਦਾ ਹੈ।

ਡਾ. ਲਾਭ ਸਿੰਘ ਖੀਵਾ: ਬੜਾ ਸ਼ੁਭ ਕਦਮ ਹੈ ਕਿ ਕਿਸਾਨੀ ਦੇ ਕਰਜੇ, ਪਰਵਾਸ ਤੇ ਹੋਰ ਕਹਾਣੀ ਵਿੱਚ ਆਉਣੇ ਸ਼ੁਰੂ ਹੋਏ ਹਨ। ਸਾਡੇ ਕਿਸਾਨ ਅੰਦੋਲਨ ਨੇ ਸ਼ਾਇਰੀ ਪੈਦਾ ਕੀਤੀ ਹੈ, ਕਵਿਤਾ ਪੈਦਾ ਕੀਤੀ ਹੈ, ਮਾਨਖੇੜੇ ਵਰਗਿਆਂ ਨੇ ਕਿਸਾਨੀ ਸੰਕਟ 'ਤੇ ਨਾਵਲ ਵੀ ਲਿਖੇ ਹਨ, ਉਹ ਭਾਵੇਂ ਇਸ ਕਿਸਾਨੀ ਸੰਘਰਸ਼ 'ਤੇ ਨਹੀਂ ਪਰ ਇਸ ਸੰਘਰਸ਼ ਦੀ ਜੜ੍ਹ ਵਿੱਚ ਕਿਸਾਨੀ ਸੰਕਟ ਦੀ ਗੱਲ ਕਰਦੇ ਹਨ। ਮੇਰੇ ਨੋਟਿਸ ਵਿੱਚ ਆਈਆਂ ਕਹਾਣੀਆਂ ਵਿੱਚੋਂ ਵਧੀਆਂ ਕਹਾਣੀ ਹੈ। ਵਿਸ਼ਾ ਨਿੱਗਰ ਹੈ ਤੇ ਨਿੱਗਰਤਾ ਨਾਲ ਪੇਸ਼ ਹੋਇਆ ਹੈ। ਗੱਲ ਉਹੀ ਹੈ ਕਿ ਲੇਖਕ ਜਦੋਂ ਪਰਸਥਿਤੀਆਂ ਤੇ ਸਥਿਤੀਆਂ ਨੂੰ ਪੇਸ਼ ਕਰਦੈ ਤਾਂ ਜੇ ਕੋਈ ਲੇਖਕ ਡਾਇਲਾਗ ਸਹੀਂ ਧਾਰਾ ਕਥਾਨਕ ਉਸਾਰਨ ਦੀ ਜੁਗਤ ਵਰਤਦਾ ਹੈ ਤਾਂ ਉਹਦੀ ਮਹੱਤਤਾ ਇਸ ਲਈ ਤਾਂ ਹੈ ਕਿ ਉਹ ਵਾਰਤਲਾਪ ਰਾਹੀਂ ਉਸਾਰ ਕੇ ਸਾਰੀ ਕਹਾਣੀ ਨੂੰ ਦਿਲਚਪਸ ਬਣਾ ਦਿੰਦਾ ਹੈ ਪਰ ਖਦਸਾ ਵੀ ਨਾਲ ਦੀ ਨਾਲ ਤੁਰਿਆ ਫਿਰਦਾ ਹੁੰਦਾ ਹੈ ਕਿ ਤੁਸੀਂ ਵੱਖੋ ਵੱਖ ਪਾਤਰਾਂ ਦੇ ਅੰਤਰੀਵ ਵਿੱਚ ਵੜ ਕੇ ਕਿੰਨਾ ਕੁ ਲਿਖ ਸਕਦੇ ਹੋ । ਕਿਤੇ ਇਹ ਤਾਂ ਨਹੀਂ ਕਿ ਸਾਰੇ ਡਾਇਲਾਗ ਹੀ ਲੇਖਕ ਦੇ ਲੱਗਣ : ਇਸ ਤਿਲਕਣਬਾਜੀ ਤੋਂ ਸੁਚੇਤ ਹੋਣ ਤੇ ਬਚਣ ਦੀ ਲੋੜ ਹੈ। ਪਾਤਰਾਂ ਦੀ ਅੱਡ-ਅੱਡ ਸਥਿਤੀ, ਗਲਤ, ਸਮਾਜਿਕ ਜੀਵਨ, ਬੋਲਚਾਲ, ਮਾਹੌਲ, ਕਿਹੋ ਜਿਹੀ ਬੋਲੀ ਬੋਲਦੇ ਹਨ... ਇਸ ਸਭ ਦੀ ਮੁਹਾਰਤ ਹੋਣੀ ਚਾਹੀਦੀ ਹੈ, ਫਿਰ ਹੀ ਕਹਾਣੀਕਾਰ ਡਾਇਲਾਗ ਰਾਹੀ ਖੂਬਸੂਰਤ ਗੱਲ ਕਰ ਸਕਦੈ। ਸਾਡੀ ਪਹਿਲੀ ਕਹਾਣੀ ਵਿੱਚ ਡਾਇਲਾਗ ਦੀ ਬਹੁਤ ਪ੍ਰੰਪਰਾ ਸੀ ਪਰ ਲੰਮੀ ਕਹਾਣੀ ਦੇ ਆਉਣ ਨਾਲ ਇਹ ਪਰੰਪਰਾ ਘੱਟ ਗਈ ਹੈ। ਪਰ ਇਹ ਹੋਣੀ ਚਾਹੀਦੀ ਹੈ। ਅਗਲੀ ਗੱਲ ਜਦੋਂ ਕਿਸਾਨੀ ਸੰਘਰਸ਼ ਹੋਇਆ ਜਿਹੜੇ ਵਿਦਵਾਨ ਬੋਲਦੇ ਹੈ, ਜਾਂ ਜਿਹੜੇ

ਬੰਦੇ ਇਸ ਘੋਲ ਨਾਲ ਜੁੜੇ ਹੋਏ ਹਨ ਉਹ ਕਹਿੰਦੇ ਹਨ ਕਿ ਇਸ ਕਿਸਾਨੀ ਘੋਲ ਦੀ ਜਿੱਤ ਤਾਂ ਅਗਲੀ ਗੱਲ ਹੈ, ਸਥਿਤੀ ਕਿਧਰ ਨੂੰ ਮੋੜ ਕੱਟਦੀ ਹੈ, ਪਰ ਇਹਦੇ ਨਾਲ ਸਮਾਜਿਕ ਭਾਈਚਾਰਾ ਹੋਰ ਤਰਾਂ ਦਾ, ਇਕ ਦੂਜੇ ਦੀ ਸਹਾਇਤਾ ਕਰਨੀ, ਇਕ ਦੂਜੇ ਦੇ ਕੰਮ ਆਉਣਾ ਵਾਲਾ ਬਣ ਕੇ ਨਿਕਲੇਗਾ। ਇਹਦੇ ਵਿੱਚ ਸਰਪੰਚ ਦਾ ਘੜਿਆ ਪਾਤਰ ਕਿਸਾਨੀ ਸੰਘਰਸ਼ ਦੇ ਪ੍ਰਭਾਵ ਨਾਲ ਇੱਛਤ ਯਥਾਰਥ ਵਿੱਚੋਂ ਘੜਿਆ ਪਾਤਰ ਹੀ ਹੈ। ਮੈਂ ਇਸਨੂੰ ਇਸ ਤਰ੍ਹਾਂ ਵੇਖਦਾ ਹਾਂ ਕਿ ਸਾਡੇ ਗੁਰੂਆਂ ਨੇ ਕਿਹੈ ਲੜਨਾ ਚਾਹੀਦੈ ਮਰਨਾ ਨਹੀਂ ਚਾਹੀਦਾ। ਮੇਰਾ ਸੁਝਾਅ ਹੈ ਕਿ ਸਰਪੰਚ ਦਾ ਚੰਗੀਆਂ ਸਿੱਖੀ ਕਦਰਾਂ ਕੀਮਤਾਂ ਵਾਲਾ ਸਿੱਖੀ ਪਿਛੋਕੜ ਵਿਖਾਉਣ ਦੀ ਲੋੜ ਹੈ, ਜਾਂ ਸਰਪੰਚ ਦਾ ਪਰਿਵਾਰ ਕਾਮਰੇਡਾਂ ਵਾਲਾ ਪਰਿਵਾਰ ਵਿਖਾ ਫਿਰ ਇਹ ਗੱਲ ਚੱਲ ਸਕਦੀ ਹੈ, ਜਿਹੜੇ ਇਹ ਕਹਿੰਦੇ ਨੇ ਲੜਨਾ ਹੈ, ਮਰਨਾ ਨਹੀਂ। ਇਸ ਕਹਾਣੀ ਵਿੱਚ ਹੋਈ ਬਹਿਸ ਤੋਂ ਵੀ ਪਤਾ ਲੱਗਦੈ। ਜੇ ਸਰਪੰਚ ਦੀ ਘਰਵਾਲੀ ਇਹ ਕਹਿ ਦੇਵੇ... ਕੋਈ ਨ੍ਹੀ ਸਰਪੰਚ ਸਾਹਿਬ ਦਿੱਲੀ ਗਏ ਐ, ਮੋਰਚੇ 'ਤੇ ਉਹ ਆਉਂਦੇ ਐ.. ਆਪਾਂ ਕੋਈ ਹੱਲ ਕੱਢਦੇ ਹਾਂ। ਜੇ ਇਧਰ ਨੂੰ ਇਸ਼ਾਰਾ ਕਰਕੇ ਤੁਸੀਂ ਕਹਾਣੀ ਉਸਾਰ ਦਿਉਗੇ ਤਾਂ ਕਹਾਣੀ ਹੋਰ ਵੀ ਸੰਘਣੀ ਹੋ ਜਾਵੇਗੀ। ਸਾਰੇ ਮਸਲਿਆਂ ਦੇ ਹੱਲ ਵੀ ਨਿਕਲ ਵੀ ਆਉਣਗੇ ਤੇ ਕਹਾਣੀ ਸਮਕਾਲਤਾ ਦੇ ਵੀ ਵੱਧ ਨੇੜੇ ਚੱਲੀ ਜਾਵੇਗੀ। ਅਗਲੀ ਗੱਲ... ਸੁਆਲ ਇਹ ਖੜ੍ਹਾ ਵੀ ਹੁੰਦੈ.... ਕੀ ਜੱਟ ਈਗੋ ਉਸਨੂੰ ਖਰਾਬ ਕਰ ਰਹੀ ਹੈ। ਉਸਦਾ ਹੱਲ ਕਰਕੇ ਉਸਦੇ ਜਿੱਤ ਦੇ ਹੰਝੂ ਹਨ ? ਜਾਂ ਫਿਰ ਉਸਨੂੰ ਇਹ ਅਹਿਸਾਸ ਕਰਾ ਦਿੱਤਾ ਜਾਂਦਾ ਹੈ ਕਿ ਤੇਰੀ ਘਰਵਾਲੀ ਦਾ ਇਹ ਹਾਲ ਹੋਊ ਜੇ ਤੂੰ ਖੁਦਕੁਸ਼ੀ ਕੀਤੀ। ਕਹਾਣੀ ਦਾ ਫੋਕਸੀਫੀਕੇਸ਼ਨ ਇਕ ਗੱਲ ਤੇ ਹੋਣਾ ਚਾਹੀਦੈ। ਜਾਂ ਤਾਂ ਉਸਦੀ ਘਰ ਵਾਲੀ ਦੀ ਹੋਣ ਵਾਲੀ ਹਾਲਤ ਦਾ ਡਰ ਹੋਵੇ ਜਾਂ ਸੁਨੇਹਾ ਸਿਰਫ ਇਹ ਦੇਵੇ ਕਿ ਉਹ ਜੱਟ ਹਉਮੈ ਵਿੱਚੋਂ ਨਿਕਲੇ। ਪਰ ਇਸ ਕਹਾਣੀ ਵਿੱਚ ਸਪੱਸ਼ਟ ਨਹੀਂ ਹੁੰਦਾ ਕਿ ਕਿਸ ਗੱਲ ਦੇ ਜਿੱਤ ਦੇ ਹੰਝੂ ਹਨ। ਜੇ ਇਸਨੂੰ ਹੋਰ ਵੀ ਸੰਘਣੀ ਬਣਾਉਣੈ ਤਾਂ ਸਰਮਾਏਦਾਰੀ ਦੇ ਵਿਕਾਸ ਨਾਲ ਆਏ ਹੋਰ ਕਿਤਿਆਂ ਨੂੰ ਘੱਟ ਜਮੀਨ ਵਾਲੀ ਕਿਸਾਨੀ ਕਿਵੇਂ ਅਪਣਾਉਂਦੀ ਹੈ। ਉਸਦਾ ਬਿਰਤਾਂਤ ਹੋਵੇ। ਬੜੀ ਲੋੜ ਹੈ ਇਹੋ ਜਿਹੀਆਂ ਕਹਾਣੀਆਂ ਦੀ...।

## ਸ਼ੁਕਰ ਐ

ਪ੍ਰੋ. ਸੁਖਜਿੰਦਰ: 'ਸ਼ੁਕਰ ਐ' ਕਹਾਣੀ ਔਰਤ ਦੇ ਦੋ ਪੀੜ੍ਹੀਆਂ ਦੇ ਬਿਰਤਾਂਤ ਦਾ ਵਰਣਨ ਹੈ। ਜਿਸ ਵਿੱਚ 'ਕਮਲ' ਅਜੋਕੀ ਔਰਤ ਦੇ ਬਿੰਬ ਨੂੰ ਪੇਸ਼ ਕਰਦੀ ਹੈ ਅਤੇ ਦੂਸਰੀ ਪਾਤਰ 'ਭਾਨੋ' ਹੈ ਜੋ ਪੁਰਾਤਨ ਔਰਤ ਦੇ ਪਾਤਰ ਨੂੰ ਸਿਰਜਦੀ ਹੈ। ਕਹਾਣੀ ਇਹਨਾਂ ਦੋਵੇਂ ਪਾਤਰਾਂ ਦੇ ਸਮੇਂ-ਕਰਮ ਅਤੇ ਮਾਨਸਿਕ ਚਿੰਤਨ ਦੁਆਲੇ ਕੇਂਦਰਿਤ ਹੈ। ਪਤੀ ਦੀ ਮੌਤ ਤੋਂ ਬਾਅਦ ਭਾਨੋ ਆਪਣੇ ਪਰਿਵਾਰ ਦਾ ਪੇਟ ਤੰਗ-ਤੁਰਸ਼ੀਆਂ ਨਾਲ ਪਾਲਦੀ ਹੈ।ਉਸਦਾ ਵੱਡੇ ਪੁੱਤਰ ਬੈਂਕ ਵਿਚ ਨੌਕਰੀ ਮਿਲਣ ਤੋਂ ਬਾਅਦ ਆਪਣੀ ਪਰਿਵਾਰ ਸਮੇਤ ਅਲੱਗ ਹੋ ਜਾਂਦਾ ਹੈ। 'ਭਾਨੋ' ਆਪਣੇ ਛੋਟੇ ਪੁੱਤਰ 'ਹਾਕਮ ਸਿੰਘ' ਨਾਲ ਰਹਿੰਦੀ ਹੈ ਜੋ ਵਧੇਰੇ ਚੁਸਤ-ਚਲਾਕ ਬਿਰਤੀ ਵਾਲਾ ਵਿਅਕਤੀ ਨਹੀਂ ਹੈ। ਭਾਨੋ ਦੀ ਨੂੰਹ 'ਕਮਲ' ਦੀ ਸੁੰਦਰਤਾ ਦੀਆਂ ਤਰੀਫ਼ਾਂ ਸਾਰੇ ਪਿੰਡ ਵਿੱਚ ਹੁੰਦੀਆਂ ਹਨ। ਇਨ੍ਹਾਂ ਤਰੀਫ਼ਾਂ ਦੇ ਕਾਰਣ ਕਿਸੇ ਹੋਣੀ ਦੇ ਡਰ ਤੋਂ ਭਾਨੋ ਹਮੇਸ਼ਾ ਚਿੰਤਤ ਰਹਿੰਦੀ ਹੈ। 'ਭਾਨੋ' ਦਿਨ-ਰਾਤ 'ਕਮਲ' ਪ੍ਰਤੀ ਆਪਣੀਆਂ ਮਾਨਸਿਕ ਗੁੰਝਲਾਂ ਵਿੱਚ ਉਲਝੀ



ਰਹਿੰਦੀ ਹੈ। ਇਸੇ ਉਲਝਣ ਵਿੱਚੋ ਹੀ ਕਹਾਣੀਕਾਰ ਪੁਰਾਣੀ ਪੀੜ੍ਹੀ ਅਤੇ ਨਵੀਂ ਪੀੜ੍ਹੀ ਦਾ ਮਾਨਸਿਕ ਚਿੰਤਨ ਉਸਾਰਦਾ ਹੋਇਆ ਦੋਵਾਂ ਨੂੰ ਆਹਮੋ-ਸਾਹਮਣੇ ਲਿਆ ਖੜਾ ਕਰਦਾ ਹੈ। ਜਿਸ ਵਿੱਚ 'ਭਾਨੋ' ਵਰਗੀ ਪੁਰਾਣੀ ਪੀੜ੍ਹੀ ਦੀ ਔਰਤ ਸਮਾਜਿਕ ਅੱਤਿਆਚਾਰਾਂ ਅਤੇ ਗੁਲ਼ਾਮੀ ਕਾਰਨ ਉਹਨਾਂ ਦੇ ਵਿਰੁੱਧ ਖੜੀ ਨਹੀਂ ਹੁੰਦੀ, ਜਦੋ ਕਿ ਨਵੀਂ ਪੀੜ੍ਹੀ ਦੀ ਔਰਤ 'ਕਮਲ' ਆਪਣੇ ਖੁਸ਼ਹਾਲ ਜੀਵਨ ਅਤੇ ਹੱਕਾਂ ਲਈ ਸਮਾਜਿਕ ਕਦਰਾਂ-ਕੀਮਤਾ ਦੀ ਪ੍ਰਵਾਹ ਨਹੀਂ ਕਰਦੀ ਹੈ। ਉਹ ਆਪਣੀ ਆਰਥਿਕ ਮਜ਼ਬੂਤੀ ਲਈ ਨਵੇਂ ਵਸੀਲੇ ਸਥਾਪਿਤ ਕਰਨ ਨੂੰ ਤੱਤਪਰ ਰਹਿੰਦੀ ਹੈ। ਜਿਸ ਦਾ ਪ੍ਰਗਟਾਵਾ ਉਹ ਆਪਣੀ ਸੱਸ 'ਭਾਨੋ' ਕੋਲ ਕਰਦੀ ਹੈ ਕਿ,

'ਕਮਲ' ਵੱਲੋ ਘਰ ਦੀ ਮੰਦੀ ਆਰਥਿਕਤਾ ਵਿੱਚ ਪਤੀ ਦਾ ਸਾਥ ਦੇਣਾ ਅਤੇ ਆਮਦਨੀ ਦੇ ਨਵੇਂ ਵਸੀਲੇ ਪੈਦਾ ਕਰਨ ਲਈ ਪਹਿਲ-ਕਦਮੀ ਕਰਨਾ ਅਜੋਕੀ ਸਦੀ ਦੀ ਔਰਤ ਦਾ 'ਚੇਤਨਾ-ਬਿੰਬ' ਉਸਾਰਦਾ ਹੈ ਜੋ ਆਪਣੇ ਪਤੀ ਦਾ ਸਾਥ ਦੇਣ ਲਈ ਸਮਾਜਿਕ ਕੁਰੀਤੀਆਂ ਦੀ ਪ੍ਰਵਾਹ ਕੀਤੇ ਬਿਨਾਂ ਅੱਗੇ ਵੱਧਦੀ ਹੈ। ਦੂਸਰੀ ਤਰਫ਼ 'ਭਾਨੋ'' ਦੇ ਬੀਤ ਚੁੱਕੇ ਜੀਵਨ' ਤੇ ਝਾਤ ਮਾਰੀ ਜਾਵੇ ਤਾਂ ਉਹ ਆਪਣੇ ਬੀਤੇ ਸਮੇਂ ਵਿੱਚ ਸਮਾਜਿਕ ਦੁਸ਼ਵਾਹੀਆਂ ਦੇ ਡਰ ਤੋਂ ਕਿਸੇ ਵੀ ਜ਼ੋਖਮ ਨੂੰ ਚੁੱਕਣ ਤੋਂ ਗੁਰੇਜ਼ ਕਰਦੀ ਰਹੀ ਹੈ। ਕਹਾਣੀਕਾਰ ਨੇ ਅਜਿਹੇ ਬਿਰਤਾਂਤਿਕ ਮੰਡਲ ਵਿੱਚ ਔਰਤਾਂ ਨੂੰ ਆਪਣੇ ਹੱਕਾਂ ਅਤੇ ਖੁਸ਼ਹਾਲ ਜੀਵਨ ਪ੍ਰਤੀ ਸੁਚੇਤ ਕੀਤਾ ਹੈ। ਜਿਸ ਕਰਕੇ ਕਹਾਣੀ ਵਿਚ 'ਕਮਲ' ਵੱਲੋਂ ਆਪਣੀ ਸੱਸ 'ਭਾਨੋ' ਨਾਲ ਕੀਤੇ ਵਾਰਤਾਲਾਪ ਸਮਾਜ ਪ੍ਰਤੀ ਵਿਰੋਧਾਮਈ ਜਾਪਦੇ ਹਨ।

'ਭਾਨੋ'' ਭ੍ਰਿਸ਼ਟ ਸਮਾਜਿਕ ਰੀਤੀਆਂ ਤੋ ਡਰਦੀ ਹੈ ਪਰੰਤੂ ਕਮਲ ਆਪਣੇ ਫੈਸਲੇ ਤੋਂ ਪਿੱਛੇ ਨਹੀਂ ਹੱਟਦੀ ਅਤੇ ਇਹਨਾਂ ਰੀਤੀਆਂ ਦੀ ਪ੍ਰਵਾਹ ਕੀਤੇ ਬਿਨਾਂ 'ਬਿਊਟੀ ਪਾਰਲਰ' ਖੋਲ੍ਹਣ ਦਾ ਨਿਰਣਾ ਲੈਂਦੀ ਹੈ। ਕਹਾਣੀ ਵਿਚ 'ਕਮਲ' ਦਾ 'ਬਿਊਟੀ ਪਾਰਲਰ' ਖੋਲਣਾ, ਉਸਦੀ ਇੱਛਾ ਸ਼ਕਤੀ ਦਾ ਪ੍ਰਤੀਕ ਹੀ ਨਹੀਂ ਬਲਕਿ ਪੱਛੜੀ ਸਮਾਜਿਕ ਮਾਨਸਿਕਤਾ ਦੇ ਵਿਰੋਧ ਚੋਟ ਕਰਦਾ ਹੈ। 'ਕਮਲ' ਦਾ ਅਜਿਹਾ ਵਿਰੋਧੀ ਕਾਰਜ ਪੱਛੜੇ ਪੇਂਡੂ ਸਮਾਜ ਵਿੱਚ ਔਰਤ ਲਈ ਇੱਕ 'ਇਨਕਲਾਬੀ ਔਰਤ' ਦਾ ਬਿੰਬ ਸਿਰਜਦਾ ਹੈ। ਜਿਸ ਕਰਕੇ ਉਸ ਕੋਲ ਪਿੰਡ ਦੀਆਂ ਅਨੇਕਾ ਕੁੜੀਆਂ ਅਤੇ ਔਰਤਾਂ ਕੰਮ ਸਿੱਖਣ ਲਈ ਆਉਂਦੀਆਂ ਹਨ। ਇਸ ਤਰ੍ਹਾਂ ਕਹਾਣੀਕਾਰ ਨੇ ਪੇਂਡੂ ਔਰਤਾਂ ਵਿੱਚ ਆਪਣੇ ਅਸਤਿਤਵ ਪ੍ਰਤੀ ਨਵੀਂ ਚੇਤਨਾ-ਸ਼ਕਤੀ ਅਤੇ ਨਵੇਂ ਵਸੀਲਿਆਂ ਨੂੰ ਅਪਨਾਉਣ ਦੀ ਪ੍ਰਵਿਰਤੀ ਨੂੰ ਜਨਮ ਦਿੱਤਾ ਹੈ। ਇਥੇ ਕਹਾਣੀਕਾਰ ਦੀ ਕਹਾਣੀ-ਸਿਰਜਣਾ ਦਾ ਇਹ ਵੀ ਅਨੁਭਵ ਹੁੰਦਾ ਹੈ ਕਿ ਉਹ ਪੇਂਡੂ ਸਮਾਜ ਵਿੱਚ ਔਰਤਾਂ ਦੀ ਤ੍ਰਾਸਦੀ 'ਦਸ਼ਾ' ਨੂੰ ਹੀ ਬਿਆਨ ਨਹੀਂ ਕਰਦਾ ਬਲਕਿ ਉਸ ਵਿਚੋਂ ਨਿਕਲਣ ਦੀ 'ਦਿਸ਼ਾ' ਵੀ ਪ੍ਰਦਾਨ ਕਰਦਾ ਹੈ। ਜਦੋਂ ਪਿੰਡ ਦੇ ਕੁਝ ਸ਼ਰਾਰਤੀ ਮੁੰਡੇ 'ਕੁੜੀਆਂ ਦਾ ਪਿੱਛਾ ਕਰਦੇ ਹੋਏ, ਉਹਨਾਂ ਨੂੰ ਤੰਗ ਕਰਦੇ ਹਨ ਤਾਂ ਕਮਲ ਉਹਨਾਂ ਮੁੰਡਿਆਂ ਨਾਲ ਇੱਕਲੀ ਲੜਨ ਤੋਂ ਵੀ ਗੁਰੇਜ਼ ਨਹੀਂ ਕਰਦੀ ਬਲਕਿ ਪੁਲਿਸ ਦੀ ਕਾਰਵਾਈ ਕਰਨ ਦੀ ਥਾਂ ਉਹਨਾਂ ਨੂੰ ਚੌਂਕ ਵਿਚ ਖੜ੍ਹ ਕੇ ਸਿੱਧਾ ਵੰਗਾਰਦੀ ਹੈ,

ਕਹਾਣੀਕਾਰ ਦੀ ਇਹ ਵੀ ਵਿਲੱਖਣਤਾ ਦੇਖਣ ਨੂੰ ਮਿਲਦੀ ਹੈ ਕਿ ਉਹ 'ਭਾਨੋ'' ਦੇ ਕਿਰਦਾਰ ਰਾਹੀਂ ਪੁਰਾਣੇ ਸਮੇਂ ਵਿੱਚ ਔਰਤ ਉੱਪਰ ਹੁੰਦੇ ਜ਼ੁਲਮਾਂ ਅਤੇ ਅਤਿੱਆਚਾਰਾਂ ਦੀ ਤਸਵੀਰ ਨੂੰ ਹੀ ਨਹੀਂ ਉਸਾਰਦਾ ਬਲਕਿ ਬੀਤ ਚੁੱਕੀਆਂ ਘਟਨਾਵਾਂ ਦਾ ਵਰਣਨ ਕਹਾਣੀ ਵਿਚ ਤੁਲਨਾਤਮਿਕ ਵਿਧਾ ਰਾਹੀਂ ਕਹਾਣੀ ਦੇ ਕਥਾਨਕ ਅਨੁਸਾਰ ਕਰਦਾ ਹੈ। ਜਿਸ ਵਿਚ ਪਾਠਕ-

ਵਰਗ ਸਾਹਮਣੇ ਵਰਤਮਾਨ ਅਤੇ ਬੀਤ ਚੁੱਕੇ ਸਮੇਂ ਦੀ ਤਸਵੀਰ ਸਾਹਮਣੇ ਆ ਖੜ੍ਹੀ ਹੁੰਦੀ ਹੈ ਅਤੇ ਉਸ ਵਿਚ ਸਮਾਜਿਕ ਚੇਤਨਾ ਪੈਦਾ ਕਰਦੀ ਹੈ। ਅਜਿਹੀ ਹੀ ਘਟਨਾ ਦਾ ਉਲੇਖ 'ਭਾਨੋਂ' ਨਾਲ ਉਸ ਰਾਤ ਦਾ ਮਿਲਦਾ ਹੈ ਜਦੋਂ ਉਹ "ਕੈਲੇ ਸਰਦਾਰ" ਦੇ ਘਰ ਉਨ੍ਹਾਂ ਦੀ ਧੀ ਦੇ ਜਣੇਪੇ ਸਮੇਂ ਜਾਂਦੀ ਹੈ ਰਾਤ ਦੇ ਸਮੇਂ 'ਭਾਨੋਂ' ਨੂੰ ਘਰ ਛੱਡਣ ਸਮੇਂ 'ਕੈਲਾ' ਅਤੇ ਉਸਦਾ ਭਣੋਈਆ ਉਹਨਾਂ ਦੇ ਘਰ ਕੁੜੀ ਪੈਦਾ ਹੋਣ ਦੇ ਗੁੱਸੇ ਕਾਰਨ ਖੇਤਾਂ ਵਿੱਚ ਉਸ ਨਾਲ ਦੁਸ਼ਕਰਮ ਕਰਦੇ ਹਨ। 'ਭਾਨੋਂ' ਸਮਾਜ ਵਿਚ ਆਪਣੀ ਬੇਇਜ਼ਤੀ ਦੇ ਡਰ ਕਾਰਣ ਇਸ ਵਿਰੁੱਧ ਖਾਮੋਸ਼ ਰਹਿੰਦੀ ਹੈ ਅਤੇ ਸਾਰੀ ਜ਼ਿੰਦਗੀ ਇਸ ਬੋਝ ਨੂੰ ਅੰਦਰੋ-ਅੰਦਰੀ ਭੋਗਦੀ ਹੈ। ਪਰੰਤੂ 'ਕਮਲ' 'ਕੈਲੇ ਸਰਦਾਰ' ਦੇ ਘਰ ਉਹਨਾਂ ਦੀ ਧੀ ਦੇ ਵਿਆਹ ਸਮੇਂ ਬਿਨਾਂ ਕਿਸੇ ਖੌਫ਼ ਦੇ ਕੰਮ ਕਰਨ ਜਾਂਦੀ ਹੈ। ਇਥੇ ਕਹਾਣੀ ਵਿਚ ਅਜਿਹੀ ਘਟਨਾ ਦਾ ਉਲੇਖ ਕਹਾਣੀ ਵਿਚ ਔਰਤਾਂ ਵਿਚ ਆਈ 'ਅਜੋਕੀ ਚੇਤਨਾ' ਦੇ ਪਰਿਪੇਖ ਨੂੰ ਉਸਾਰਦਾ ਹੈ।

ਕਹਾਣੀ ਉਸ ਸਮੇਂ ਵਿਸ਼ੇ ਦੀ ਪੂਰਤੀ ਕਰਦੀ ਹੈ ਜਦੋਂ 'ਕਮਲ' ਕੈਲੇ ਸਰਦਾਰ ਦੇ ਘਰ ਤੋਂ ਸੁੱਖੀ-ਸਾਂਦੀ ਵਾਪਸ ਆਉਣ ਤੇ ਭਾਨੋਂ 'ਸ਼ੁਕਰ' ਮਨਾਉਂਦੀ ਹੈ। ਕਿਸੇ ਅਣਹੋਣੀ ਦੇ ਭੈ ਕਾਰਣ ਭਾਨੋਂ ਦੀ ਮਾਨਸਿਕਤਾ 'ਕਮਲ' ਨੂੰ ਬੜੀ ਸੂਖਮਤਾ ਦੇਖਦੀ ਹੈ ਕਿਉਂਕਿ ਉਸ ਨੂੰ ਆਪਣੀ ਨੂੰਹ 'ਕਮਲ' ਨਾਲ ਕਿਸੇ ਦੁਸ਼ਕਰਮ ਦਾ ਭੈ ਸਤਾਉਂਦਾ ਹੈ ਜੋ ਕੁਝ ਵ੍ਹਰੇ ਪਹਿਲਾਂ ਉਸ ਨਾਲ 'ਕੈਲੇ ਸਰਦਾਰ' ਵੱਲੋ ਰਾਤ ਦੇ ਹਨੇਰੇ ਵਿਚ ਕੀਤਾ ਗਿਆ ਸੀ। ਭਾਨੋ ਦੀ ਮਾਨਸਿਕਤਾ ਨੂੰ ਕਹਾਣੀਕਾਰ ਵਰਣਨ ਕਰਦਾ ਲਿਖਦਾ ਹੈ ਕਿ, ਇਸ ਤਰ੍ਹਾਂ ਕਹਾਣੀ ਦਾ ਸਿਰਲੇਖ ਸਪੱਸ਼ਟ ਹੁੰਦਾ ਨਜ਼ਰ ਆਉਂਦਾ ਹੈ ਜਦੋਂ ਭਾਨੋਂ ਦੇ 'ਸ਼ੁਕਰ ਐ' ਕਹਿਣ ਤੇ ਕਹਾਣੀ ਦਾ ਅੰਤ ਹੋ ਜਾਂਦਾ ਹੈ। ਕਹਾਣੀਕਾਰ ਕਹਾਣੀ ਦਾ ਅੰਤ ਨਹੀਂ ਕਰਦਾ ਬਲਕਿ ਸਮਾਜ ਦੇ ਸਾਹਮਣੇ ਅਜੋਕੀ ਔਰਤ ਦੀ ਚੇਤਨ-ਸਮਰੱਥਾ ਨੂੰ ਵੀ ਬਿਆਨ ਕਰਦਾ ਹੈ। ਅਜੋਕੇ ਸਮੇਂ ਦੀ ਔਰਤ ਅੱਜ ਸਮਾਜ ਦੇ ਸਾਹਮਣੇ ਆਪਣੀ ਰੱਖਿਆ ਖੁਦ ਕਰ ਸਕਦੀ ਹੈ ਜੋ ਸਮਾਜਿਕ ਬੰਧਨਾਂ ਦੇ ਡਰ ਤੋਂ ਇੱਕਲੀ ਘਰ ਤੋਂ ਨਿਕਲਣ ਦਾ ਗੁਰੇਜ਼ ਨਹੀ ਕਰਦੀ ਬਲਕਿ ਦਲੇਰੀ ਨਾਲ ਸਮਾਜ ਦੇ ਮਰਦ-ਪ੍ਰਧਾਨ ਵਰਗ ਨਾਲ ਟੱਕਰ ਲੈਣ ਨੂੰ ਹਰ ਸਮੇਂ ਤਿਆਰ ਰਹਿੰਦੀ ਹੈ। ਭਾਰਤੀ ਸਮਾਜ ਵਿਚ ਉਹਨਾਂ ਔਰਤਾਂ ਲਈ ਇਹ ਕਹਾਣੀ ਸ਼ੁਭ ਸੰਕੇਤ ਹੈ ਜੋ ਲੰਮੇ ਸਮੇਂ ਤੋਂ ਸਮਾਜਿਕ ਨੀਚ ਬੰਧਨਾਂ ਵਿਚ ਆਪਣਾ ਜੀਵਨ ਬਸਰ ਕਰ ਰਹੀਆਂ ਹਨ।

ਪ੍ਰਗਟ ਬਰਾੜ: ਦਰਸ਼ਨ ਜੋਗਾ ਦੀ ਕਹਾਣੀ ਬਾਬਤ ਮੈਂ ਤੁਹਾਡੇ ਨਾਲ ਤਿੰਨ ਚਾਰ ਨੁਕਤੇ ਸਾਂਝੇ ਕਰਨਾ ਚਾਹੁੰਦਾ ਹਾਂ। ਸਭ ਤੋਂ ਪਹਿਲਾਂ ਹੋ ਸਕਦੈ ਮੈਂ ਘਟ ਪੜ੍ਹਿਆ ਹੋਵੇ... ਮਹਿਰਾ ਬਗਦਰੀ ਬਾਰੇ ਕਹਾਣੀ ਪੰਜਾਬੀ ਜਗਤ ਵਿਚ ਨਹੀਂ ਮਿਲਦੀ। ਇਹ ਨਿਵੇਕਲੀ ਗੱਲ ਹੈ। ਦੂਜੀ ਅਸੀਂ ਜਦੋਂ ਗੁਰਬਖਸ਼ ਸਿੰਘ ਪ੍ਰਤੀ ਲੜੀ ਦੀ ਵਾਰਤਕ ਪੜ੍ਹਦੇ ਹਾਂ ਤਾਂ ਬੜੇ ਛੋਟੇ-ਛੋਟੇ ਤੇ ਚੁਸਤ ਫਿਕਰੇ ਹੁੰਦੇ ਐ। ਜੋਗਾ ਨੇ ਵੀ ਛੋਟੇ-ਛੋਟੇ ਫਿਕਰੇ ਵਰਤੇ ਐ। ਵਿਆਕਰਣ ਲੈਅ ਬੱਧਤਾ ਕਰਤਾ, ਕਰਮ, ਕਿਰਿਆ ਨੂੰ ਆਪਣੇ ਸੁਹਜ ਮੁਤਾਬਿਕ ਵਰਤਦੇ ਆ। ਜੋ ਅੱਖੜ ਦਾ ਨਹੀਂ ਮੈਨੂੰ ਥੋੜਾ ਜਿਹਾ ਇਹ ਲੱਗਿਆ ਦੋ ਮੁੰਡਿਆਂ ਦੇ ਨਾਮ ਸਤਿਗੁਰ ਤੇ ਹਾਕਮ....ਸਤਿਗੁਰ ਧਰਮ ਨਾ ਜੋੜਦੈ, ਉਨੂੰ ਸਹੀ ਦਿਸ਼ਾ ਵਿਚ ਚੱਲਣਾ ਚਾਹੀਦਾ ਸੀ ਪਰ ਕਹਾਣੀ ਵਿਚ ਐਕੋਰੇਟ ਨਹੀਂ ਚੱਲਦਾ। ਦੂਜਾ ਬੇਟਾ ਹਾਕਮ ਜਿਆਦੇ ਤੇ ਐਕੋਰੇਟ ਐ। ਹੋ ਸਕਦੇ ਇਨ੍ਹਾਂ ਨੇ ਵਿਅੰਗ ਸਿਰਜਣ ਦੀ ਕੋਸ਼ਿਸ਼ ਕੀਤੀ ਹੋਵੇ... ਇਹਦੇ ਤੋਂ ਇਲਾਵਾ... ਸ਼ੁਰੂ 'ਚ ਆਉਂਦੇ ਨੂੰਹ ਦੇ ਮੋਢੇ ਤੇ



ਵੇਲ ਖਣੀ ਹੋਈ ਐ... ਉਹ ਅੱਜ ਮੁਤਾਬਕ ਵੱਖਰੀ ਗੱਲ ਤਾਂ ਨਹੀ... ਪਰ ਪਿੰਡ'ਚ ਗਰੀਬ ਘਰ'ਚ ਅਜਿਹਾ ਰੜਕਦੈ ਸਮੱਸਿਆ ਕਹਾਣੀ ਦੇ ਅੱਧ ਤੋਂ ਬਾਅਦ ਸਾਹਮਣੇ ਆਉਂਦੀ ਹੈ। ਪਿਛਲੇ ਦੋ ਤਿੰਨ ਪੰਨਿਆ'ਚ... । ਜਦੋਂ ਭਾਨੋ ਨਾਲ ਦੁਸ਼ਕਰਮ ਹੁੰਦਾ ਹੈ... ਉਸ ਘਟਨਾਂਕ੍ਰਮ ਨੂੰ ਲੈ ਕੇ ਉਹਦੇ ਮਨ ਵਿੱਚ ਡਰ ਐ.. ਜੋ ਪਿਛੋਂ ਜਾ ਕੇ ਸਾਹਮਣੇ ਆਉਂਦੈ...।

ਡਾ. ਜਗਮੇਲ ਸਿੰਘ: ਕਹਾਣੀ ਦੀ ਬੋਲੀ ਸਾਦ ਮੁਰਾਦੀ ਹੈ। ਮਸਲੇ ਨਵੇਂ ਛੋਹੇ ਹਨ... ਜਿਵੇਂ ਬਿਊਟੀ ਪਾਰਲਰ। ਕਹਾਣੀਕਾਰ ਨੇ ਕਾਰਖਾਨੇ ਵਿਚ ਜਮੀਨ ਆਉਣ ਤੇ ਮਾਲਾਮਾਲ ਹੋਏ ਪਰਿਵਾਰ ਬਾਰੇ ਗੱਲ ਹੁਣ ਦੀ ਹੈ।

ਖੁਸ਼ਵੰਤ ਬਰਗਾੜੀ: ਜੋਗਾ ਸੀਨੀਅਰ ਕਹਾਣੀਕਾਰ ਹੈ। ਕਹਾਣੀ ਦੀ ਬਣਤਰ ਬਹੁਤ ਵਧੀਆ ਹੈ ਲੇਖਕ ਆਲੇ-ਦੁਆਲੇ ਦੇ ਚੋਂ ਘਟਨਾਵਾਂ ਲੈ ਲੈਂਦਾ। ਕੁੱਝ ਚੀਜਾਂ ਉਹਦੀ ਕਲਪਨਾ'ਚ ਹੁੰਦੀਆਂ ਹਨ। ਉਨ੍ਹਾਂ ਨੂੰ ਕਹਾਣੀ 'ਚ ਪਰੋਣਾ ਹੁੰਦੈ। ਕਈ ਵਾਰ ਉਹ ਘਟਨਾਵਾਂ ਅਸਹਿਜ ਹੋ ਜਾਂਦੀਆਂ ਹਨ, ਪੇਸ਼ਕਾਰੀ ਵਿਚ ਅਸਹਿਜਤਾ ਆ ਜਾਂਦੀ ਹੈ। ਜੱਦ ਪਾਠਕ ਪੜ੍ਹਦੈ ਤਾਂ ਕਿਤੇ ਨਾ ਕਿਤੇ ਉਹਨੂੰ ਲੱਗਦੈ ਐ ਕਿ ਇਉਂ ਨਹੀਂ ਹੁੰਦਾ। ਇਸ ਕਹਾਣੀ ਦਾ ਗੁਣ ਐ ਜਿਹੜੀਆਂ ਚੀਜਾਂ ਪਾਤਰ ਦੀ ਮਾਨਸਿਕਤਾ ਵਿਚ ਚੱਲਦੀਆਂ ਰਹਿੰਦੀਆਂ, ਸਹਿਜ ਲੱਗਦੀਆਂ, ਛੋਟੇ-ਛੋਟੇ ਫਿਕਰਿਆਂ ਵਿਚ ਜਿੰਨੀ ਖੂਬਸੂਰਤੀ ਨਾਲ ਉਸ ਮਾਨਸਿਕਤਾ ਨੂੰ ਫੜਿਐ, ਉਹ ਪੜ੍ਹਨ ਵਾਲੇ ਨੂੰ ਨਾਲ ਤੋਰੀ ਜਾਂਦੀ ਐ। ਇਹ ਜਿਸ ਇਲਾਕੇ ਦੇ ਰਹਿਣ ਵਾਲੇ ਹਨ ਉਸ ਖਿੱਤੇ ਦੀ ਉਪ ਭਾਸ਼ਾ ਖੂਬਸੂਰਤੀ ਇਸ ਕਹਾਣੀ ਦੀ ਪ੍ਰਾਪਤੀ ਹੈ। ਜਦੋਂ ਕਿਸੇ ਖਿੱਤੇ ਦੀ ਭਾਸ਼ਾ ਨੂੰ ਸਾਹਿਤ'ਚ ਲਿਆਉਂਦੇ ਹਾਂ ਤਾਂ ਇਕ ਰੂਪ ਵਿਚ ਉਸਨੂੰ ਸੰਭਾਲ ਲੈਂਦੇ ਹਾਂ। ਜਿਵੇਂ ਪੁਰਾਣੇ ਬਣ ਦੇ ਡਾਹਣਿਆਂ ਵਾਂਗ ਵਿੰਗੀਆਂ ਹੋਈਆ ਲੱਤਾਂ..ਮੀਂਹ ਮੰਗਣ ਵਾਲਾ ਖੜ੍ਹਾ ਹੋਇਆ ਬੰਦਾ...। ਦੋ ਪੀੜੀਆਂ ਦੇ ਅੱਡ-ਅੱਡ ਪ੍ਰਤੀਕਰਮ ਖੂਬ ਨਿਭਾਏ ਹਨ। ਕਹਾਣੀ ਦਾ ਸਿਖਰ ਉਸਦੇ ਅਖੀਰਲੇ ਦੋ ਵਾਕਾਂ ਵਿਚ ਹੁੰਦੈ... ਜੇ ਲੇਖਕ ਇਹ ਨਹੀਂ ਉਸਾਰ ਸਕਦਾ.... ਕਹਾਣੀ ਝਟਕੇ ਨਾਲ ਖਤਮ ਨਹੀਂ ਹੁੰਦੀ...ਬਿਰਤਾਂਤ ਤਾਂ ਹੋ ਨਿਬੜਦੈ...ਪਰ ਕਹਾਣੀ ਪਾਠਕ ਦੀ ਮਾਨਸਿਕਤਾ ਨੂੰ ਜੋ ਝਟਕਾ ਦੇਣਾ ਹੁੰਦੇ ਜੇ ਉਹ ਨਹੀਂ ਦਿੰਦੀ ਤਾਂ ਕਹਾਣੀ ਬਣਦੀ ਨਹੀਂ। ਪਰ ਇਸ ਕਹਾਣੀ ਦੀ ਇਹ ਵੱਡੀ ਖੂਬਸੂਰਤੀ ਹੈ। ਇਸ ਕਹਾਣੀ ਦੀਆਂ ਅੰਤਲੀਆ, ਦੋ ਲਾਈਨਾ....ਇਨ੍ਹਾਂ ਨੂੰ ਕੀ ਦੱਸਾਂ ਕਿ ਇਹ ਵੀ ਉਸੇ ਕੰਜਰ ਕੈਲੇ ਦੀ ਪੋਤੀ ਹੈ... ਤਾਂ ਇਥੇ ਕਹਾਣੀ ਦਾ ਸਿਖਰ ਬਣ ਜਾਂਦੈ ...। ਇਹ ਘਟਨਾ...ਜਿਥੇ ਕੈਲੇ ਨੂੰ ਅਤਵਾਦੀ ਮਾਰ ਦਿੰਦੇ ਹਨ ਦੂਜੇ ਦਾ ਭਾਖਾੜਾ ਵਿਚ ਟਰੈਕਟਰ ਡਿੱਗ ਪੈਂਦੇ ਜੇ ਇਹ ਨਾ ਵੀ ਹੋਣ ਤਾਂ ਵੀ ਕਹਾਣੀ 'ਤੇ ਕੋਈ ਫਰਕ ਨਹੀਂ ਪੈਂਦਾ। ਇਹ ਅੱਤਕਥਨੀ ਹੈ। ਇਹ ਇਕ ਪਹਿਰਾ ਨਿਕਲ ਕੇ ਕਹਾਣੀ ਹੋਰ ਵੀ ਮਜ਼ਬੂਤ ਹੋਜੂ।

ਪਰਮਜੀਤ ਮਾਨ: ਇਸ ਕਹਾਣੀ 'ਚ ਔਰਤ ਦੀ ਮਾਨਸਿਕਤਾ ਨੂੰ ਬਹੁਤ ਵਧੀਆ ਢੰਗ ਨਾਲ ਪਕੜਿਐ। ਦੋ ਪੀੜ੍ਹੀਆਂ ਦਾ ਪਾੜੈ... ਭਾਨੋ ਪੁਰਾਣੀ ਸੰਸਕ੍ਰਿਤੀ ਦੇ ਹਿਸਾਬ ਨਾਲ ਖੜ੍ਹੀ ਹੈ ਉਸਦੀ ਨੂੰਹ ਕਮਲ ਨਵੇਂ ਯੁਗ'ਚ ਆਰਥਿਕਤਾ ਨੂੰ ਮੂਹਰੇ ਰੱਖ ਕੇ ਚੱਲ ਰਹੀ ਹੈ। ਕਹਾਣੀਕਾਰ ਨੇ ਦੋਵਾਂ ਕਰੈਕਟਰਾਂ ਨੂੰ ਬਾਖੂਬੀ ਚਿਤਰਿਆ ਹੈ। ਕਮਲ ਦੀ ਇਹ ਗੱਲ ਕਿ ਉਹ ਆਪ ਹੀ ਚੌਕ ਵਿਚ ਜਾ ਕੇ ਪਿਛਾ ਕਰਨ ਵਾਲਿਆਂ ਦੀ ਐਸੀ ਤੈਸੀ ਕਰ ਦਿੰਦੀ ਹੈ। ਅੱਜ ਕਿਸਾਨ ਅੰਦੋਲਨ, ਯੂਨਵਰਸਿਟੀ ਅੰਦਲੋਨਾਂ ਵਿਚ ਕੁੜੀਆਂ ਮੁੰਡਿਆਂ ਦੇ ਬਰਾਬਰ ਲੜ ਰਹੀਆਂ ਹਨ। ਪੰਜਾਬ ਤੇ ਬਾਹਰਲੀਆਂ ਕੁੜੀਆਂ ਲੜ ਰਹੀਆਂ ਹਨ। ਕਮਲ ਨਿੱਡਰ ਹੈ ਪਰ

ਭਾਨੋ ਦਾ ਆਪਣਾ ਡਰ ਹੈ ਕਿਉਂਕਿ ਉਹ ਤਾਂ ਸੰਤਾਪ ਭੋਗ ਚੁੱਕੀ ਹੈ। ਭਾਨੋ ਡਰਦੀ ਤੇ ਭੋਗਦੀ ਤਾਂ ਮਹਿਸੂਸਦੀ ਸਾਰਾ ਕੁਝ ਹੈ ਪਰ ਨੂੰਹ ਨਾਲ ਕਿਤੇ ਲੜਦੀ ਨਹੀਂ ਹੈ, ਅੰਤਰਮੁੱਖੀ ਹੈ ਅਖੀਰ ਤੇ ਨੂੰਹ ਨੂੰ ਗ਼ਲ ਨਾਲ ਵੀ ਲਾ ਲੈਂਦੀ ਹੈ। ਵੱਡੇ ਮੁੰਡੇ ਨੂੰ ਛੱਡ ਵੀ ਸਕਦੇ ਸੀ ਮੁੱਖ ਤੌਰ ਤੇ ਮਾਂ ਤੇ ਕਮਲ ਦਾ ਪਾਤਰ ਉਭਾਰ ਰਹੇ ਹਾਂ। ਜੋ ਖੁਸ਼ਵੰਤ ਬਰਗਾੜੀ ਨੇ ਕਿਹੋ ਕਿ ਜੇ ਉਹ ਕੱਢ ਵੀ ਦਿਤਾ ਜਾਵੇ ਤਾ ਵੀ ਠੀਕ ਹੈ।

ਡਾ. ਲਾਭ ਸਿੰਘ ਖੀਵਾ: ਸਾਨੂੰ ਕਹਾਣੀ ਪੜ੍ਹਦਿਆਂ ਦੋ ਤਿੰਨ ਗੱਲਾਂ ਸਿੱਖਣ ਦੀ ਲੋੜ ਹੈ। ਇਕ ਜਦੋਂ ਉਤਮ ਪੁਰਖ ਕਹਾਣੀ ਪੜ੍ਹਦਿਆਂ ਬਿਰਤਾਂਤ ਚੋਂ ਗੱਲ ਉਭਰਦੀ ਹੈ। ਕਮਲ ਦੇ ਕਾਰਜ ਤੋਂ ਹੀ ਪਤਾ ਲੱਗਦਾ ਹੈ ਕਿ ਉਹ ਮਹਿਰਾ ਜਾਤੀ ਨਾਲ ਸਬੰਧ ਰੱਖਦੀ ਹੈ। ਕਹਾਣੀ ਪੜ੍ਹਨ ਦਾ ਗੁਣ ਵੀ ਸਿੱਖਣ ਦੀ ਲੋੜ ਹੈ। ਤੀਜੀ ਗੱਲ ਇਹ ਹੈ ਕਿ ਕਹਾਣੀ ਵਿਚੋਂ ਲੇਖਕ ਨਾ ਬੋਲਦਾ ਹੋਵੇ। ਇਸ ਕਹਾਣੀ ਦੇ ਇਹ ਸਾਰੇ ਗੁਣ ਹਨ। ਇਕ ਥਾਂ ਲੇਖਕ ਝੋਲ ਖਾਂਦੈ ਕਹਿੰਦੇ ਇਥੇ ਵਪਾਰੀ ਫਿਰਦੇ ਐ... ਇਹ ਪਾਤਰ ਦੇ ਪੱਧਰ ਦਾ ਡਾਇਲਾਗ ਨਹੀਂ...। ਅਸਲੀ ਗੱਲ ਜੇ ਕਹਾਣੀ ਨੂੰ ਸਿਧਾਂਤਕ ਪੱਧਰ ਤੇ ਸਮਝਣਾ ਹੋਵੇ ਤਾਂ... ਜਦੋਂ ਪੈਦਾਵਾਰੀ ਰਿਸ਼ਤੇ ਬਦਲਦੇ ਹੈ ਤਾਂ ਸਾਡੇ ਰਿਲੇਸ਼ਨਜ ਵੀ ਬਦਲਦੇ ਹਨ। ਸੀਨਜ ਆਫ ਪਰਡਕਸ਼ਨ ਬਦਲਣ ਨਾਲ ਕਿੱਤੇ ਜਾਤ ਨਾਲ ਸਬੰਧਤ ਨਹੀਂ ਰਹਿੰਦੇ...ਜਿਵੇ ਨਾਈਪਣਾ ਤੇ ਬਿਊਟੀ ਪਾਰਲਰ... ਕਹਾਣੀ ਦੇ ਪਿਛੇ ਖੜ੍ਹਾ ਇਹ ਸਿਧਾਂਤ ਜੋਗਾ ਜੀ ਨੇ ਬਹੁਤ ਵਧੀਆ ਢੰਗ ਨਾਲ ਪੇਸ਼ ਕੀਤਾ ਹੈ। ਉਪ ਬਿਰਤਾਂਤ....ਕੋਠੇ ਵਿਚ ਲੈ ਜਾਣਾ.... ਵੱਖਰਾ ਵੱਖਰਾ ਜਿਹਾ ਪਿਆ ਹੈ। ਇਸ ਕਹਾਣੀ ਵਿਚ ਇਹ ਉਪ ਬਿਰਤਾਂਤ ਪੇਸ਼ ਕਰਨਾਂ ਕਹਾਣੀਕਾਰ ਦੀ ਇਹ ਮਜਬੂਰੀ ਹੈ ਕਿ ਜਦੋਂ ਕਹਾਣੀ ਖਤਮ ਹੁੰਦੀ ਹੈ... ਸ਼ੁਕਰ ਐ ਕਿ ਇਹ ਉਨ੍ਹਾਂ ਦੇ ਘਰੋਂ ਬਚ ਕੇ ਆ ਗਈ... ਤਾਂ ਲੋੜ ਸੀ ਇਸ ਉਪ ਬਿਰਤਾਂਤ ਦੀ...ਉਹਨੇ ਜਿਹੜੇ ਦੁੱਖ ਭੋਗੇ ਸੀ ਉਸੇ 'ਚੋਂ ਉਹ ਕਹਿੰਦੀ ਐ....ਸ਼ੁਕਰ ਐ ਇਹ ਬਚ ਕੇ ਆ ਗਈ... ਇਹ ਗੱਲ ਠੀਕ ਐ ਕਿ ਅਖੀਰਲੇ ਦੋ ਵਾਕ ਹੀ ਕਹਾਣੀ ਨੂੰ ਬਣਾਉਂਦੇ ਹਨ...ਇਹ ਪ੍ਰੰਪਰਾ ਕਲਵੰਡ ਸਿੰਘ ਵਿਰਕ, ਸੁਜਾਨ ਸਿੰਘ ਤੋਂ ਚੱਲੀ ਹੈ, ਅਜੇ ਟੁੱਟ ਨਹੀਂ ਸਕੀ...ਉਹ ਸਾਰੀ ਕਹਾਣੀ ਲਿਖਣ ਤੋਂ ਬਾਅਦ ਆਖਰੀ ਲਾਈਨਾਂ ਵਿਚ ਵਿਸਫੋਟ ਪੈਦਾ ਕਰਦੇ ਹਨ। ਇਹ ਸਾਰਥਕ ਰਵਾਇਤ ਹੈ। ਇਸ ਕਹਾਣੀ ਵਿਚ ਸਹਿਜਤਾ ਤੇ ਵਾਸਤਵਿਕਤਾ ਹੈ। ਹਰ ਕਹਾਣੀ ਆਪਣੈਂ ਆਂਚਲ ਨਾਲ ਵੀ ਸਬੰਧ ਰਖਦੀ ਹੈ। ਇਹ ਕਹਾਣੀ ਚੰਡੀਗੜ੍ਹ ਦਾ ਪਾਠਕ ਉਵੇਂ ਨਹੀਂ ਸਮਝੇਗਾ ਜਿਵੇਂ ਸਬੰਧਤ ਇਲਾਕੇ ਦਾ ਪਾਠਕ...।

ਸੱਚਪ੍ਰੀਤ: ਜਿਵੇਂ ਖੀਵਾ ਜੀ ਨੇ ਕਿਹਾ ਚੰਡੀਗੜ੍ਹ ਦਾ ਪਾਠਕ ਨਹੀਂ ਸਮਝੇਗਾ...ਮੈਂ ਚੰਡੀਗੜ੍ਹ ਦੀ ਹਾਂ ਮੈਨੂੰ ਕਹਾਣੀ ਵਧੀਆ ਲੱਗੀ। ਕਹਾਣੀ ਦੇ ਕਸ਼ੀਦਗੀ ਤੇ ਪੇਸ਼ਕਾਰੀ ਕਮਾਲ ਦੀ ਸੀ। ਮੈਂ ਸੁਣ ਦੀ ਹਾਂ ਮੇਰੀਆਂ ਅੱਖਾਂ ਅੱਗੇ ਦਰਿਸ਼ ਸਿਰਜੇ ਜਾ ਰਹੇ ਸਨ।

ਜਸਪਾਲ ਮਾਨਖੇੜ: ਰਾਮ ਸਰੂਪ ਅਣਖੀ ਵੀ ਆਪਣੀ ਕਹਾਣੀ ਵਿਚ ਅਜਿਹੀ ਸ਼ਬਦਾਵਲੀ ਵਰਤਕੇ ਸਨ, ਅਲੌਖ ਆਪਣੇ ਨਾਟਕਾਂ ਵਿਚ ਤੇ ਮਲਵਈ ਲੇਖਕ ਬਹੁਤ ਵੱਡੇ ਪੱਧਰ ਤੇ ਆਂਚਲਕ ਸ਼ਬਦ ਵਰਤਦਾ ਹੈ।

ਦਰਸ਼ਨ ਸਿੰਘ: ਸਾਡੇ ਸਮਾਜ ਵਿਚ ਇਹ ਪ੍ਰਚੱਲਤ ਹੈ ਕਿ ਫਲਾਨੇ ਡਾਕਟਰ ਜਾਂ ਦਾਈ ਕੋਲ ਗਏ ਤਾਂ ਮੁੰਡਾ ਹੀ ਪੈਦਾ ਹੋਊਗਾ... ਇਸ ਨੂੰ ਵੀ ਜੋਗਾ ਜੀ ਨੇ ਵਧੀਆ ਪੇਸ਼ ਕੀਤੇ।



ਲਾਭ ਸਿੰਘ ਖੀਵਾ: ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਇਸ ਕਹਾਣੀ ਵਿਚ ਜੋ ਕਿਹਾ ਜਾ ਰਿਹੈ....ਭਾਨੋ ਬੋਲਦੀ ਨਹੀਂ ਇਸ ਕਹਾਣੀ ਵਿਚ ਜਗੀਰਦਾਰੀ ਲਗਾਤਾਰ ਹਾਰ ਰਹੀ ਹੈ, ਭਾਨੋ ਉਸ ਦੀ ਪ੍ਰਤੀਨਿਧਤਾ ਕਰ ਰਹੀ ਹੈ। ਇਸ ਕਰਕੇ ਭਾਨੋ ਵਿਰੋਧ ਨਹੀਂ ਕਰਦੀ, ਐਡਜਸਟ ਕਰਨ ਦੀ ਕੋਸ਼ਿਸ਼ ਕਰਦੀ ਹੈ।

ਹਰਦੀਪ ਢਿਲੋਂ: ਸ਼ੁਰੂ ਵਿਚ ਤਾਂ ਐਂ ਲਗਦਾਂ ਸੀ ਕਿ ਸੰਦੀਪ ਤੇ ਦਰਸ਼ਨ ਜੋਗਾ ਦੀਆਂ ਕਹਾਣੀ ਇਕੋ ਜਿਹੀਆਂ ਲੱਗਦੀਆਂ ਸਨ। ਦੋਵੇਂ ਲਗਦੀਆਂ ਭਾਵੇ ਇਕੋ ਹਨ ਪਰ ਹਨ ਭਿੰਨ-ਭਿੰਨ...।

ਜਸਤਪਾਲ ਮਾਨਖੇੜਾ: ਪ੍ਰਗੜ ਬਰਾੜ ਨੇ ਕਿਹੈ ਕਿ ਮਹਿਰਾ ਬਰਦਾਰੀ ਬਾਰੇ ਕਹਾਣੀਆਂ ਘੱਟ ਆਈਆ ਹਨ... ਅਜਿਹੀ ਗੱਲ ਨਹੀਂ ਸਰਵਮੀਤ ਦੀ ਕਹਾਣੀ ਕਲਾਨ, ਜਸਵੰਤ ਸਿੰਘ ਕੰਵਲ ਦੀ ਨਾਵਲ ਹਾਣੀ, ਅਤਰਜੀਤ ਦੀ ਕਹਾਣੀ ਸਬੂਤੇ ਕਦਮ ਇਸ ਬਰਦਾਰੀ ਦੀ ਤ੍ਰਾਸਦੀ ਤੇ ਕਥਾਨਕ ਪੇਸ਼ ਕਰਦੀਆਂ ਖੂਬਸੂਰਤ ਰਚਨਾਵਾਂ ਹਨ।

ਹਰਦੀਪ ਢਿਲੋਂ: ਭਾਨੋ ਵੀਹਵੀਂ ਸਦੀ ਦੇ ਆਖਰੀ ਦਹਾਕੇ ਦੀ ਔਰਤ ਹੈ ਉਸਨੇ ਆਪਣੇ ਨਾਲ ਹੋਇਆ ਕੁਕਰਮ ਅੰਦਰ ਹੀ ਦੱਬ ਲਿਆ। ਇਵੇਂ ਰਾਮ ਸਰੂਪ ਅਣਖੀ ਦੇ ਨਾਵਲ ਪਰਤਾਪੀ ਵਿਚ ਪਰਤਾਪੀ ਆਪਣੇ ਨਾਲ ਹੋਏ ਬਲਾਤਕਾਰ ਬਾਰੇ ਕਲਪਦੀ ਤਾਂ ਹੈ ਪਰ ਨਸ਼ਰ ਨਹੀਂ ਕਰਦੀ, ਵੀਹਵੀਂ ਸਦੀ ਦੀ ਔਰਤ ਇਜਤ ਤੇ ਜੋਰ ਦਿੰਦੀ ਹੈ ਪਰ ਇਕਵੀਂ ਸਦੀ ਦੀ ਔਰਤ ਕਹਿੰਦੀ ਹੈ ਕਿ-..... ਜੇ ਪੇਟੋਂ ਭੁੱਖੀ ਜਿੰਦਗੀ ਕੀ ਕਰਾਂਗੇ ਰਾਖ ਦੇ ਇਸ ਢੇਰ ਨੂੰ... ਇਹ ਦੋਵੇ ਔਰਤਾਂ ਆਪਣੇ - ਆਪਣੇ ਥਾਂ ਤੇ ਜੂਝਦੀਆਂ ਹਨ। ਜੋਗਾ ਦੀ ਕਹਾਣੀ ਵਿਚ ਸੋਹਜ ਹੈ।

ਰਾਜਪਾਲ ਸਿੰਘ: ਕਹਾਣੀ ਦਾ ਨਾਮ ਸ਼ੁਕਰ ਐ...ਮੈਂ ਵੀ ਇਹ ਕਹੂੰ... ਸ਼ੁਕਰ ਐ ਕਿ ਸੱਚੀਓਂ ਇਕ ਪ੍ਰਗਤੀਵਾਦੀ ਕਹਾਣੀ ਸੁਣਨ ਨੂੰ ਮਿਲੀ। ਤੁਸੀਂ ਕਹੋਗੇ ਸੱਚੀਓ ਕਿਓ... ਕਿਉਂਕਿ ਬਹੁਤੇ ਲੇਖਕ ਸਰਮਾਏਦਾਰੀ ਦੌਰ ਦੇ ਮਾੜੇ ਪੱਖਾਂ ਨੂੰ ਉਭਾਰਦੇ ਐ, ਪਰ ਬਦਲ ਵਿਚ ਜਗੀਰੂ ਦੌਰ ਨੂੰ ਸਲਾਹੁਦੇ ਲੱਗਦੇ ਹਨ। ਇਸ ਕਹਾਣੀ ਵਿਚ ਅੱਜ ਦੇ ਦੌਰ ਦੀ ਔਰਤ ਨੂੰ ਵੱਧ ਪ੍ਰੋਗਰੈਸਿਵ ਵਖਾਇਆ ਗਿਐ। ਇਹ 'ਸ਼ੇਰਨੀਆਂ' ਕਹਾਣੀਆਂ ਵਰਗੀ ਹੈ... ਕਮਲ ਵੀ ਚੌਂਕੀ ਵਿਚ ਜਾਣ ਦੀ ਬਜਾਏ ਚੌਂਕ ਵਿਚ ਖੜ੍ਹਦੀ ਹੈ। ਕੈਲੇ ਤੇ ਉਸ ਦੇ ਭਣੋਈਏ ਦੇ ਮਰਨ ਵਾਲੀ ਗੱਲ ਨਾਲ ਮੈਂ ਵੀ ਸਹਿਮਤ ਹਾਂ...।

ਸਾਵਲਧਾਮੀ: ਮੇਰਾ ਸਵਾਲ ਹੈ ਕਿ ਜਦੋਂ ਉਹ ਕੁੜੀ ਨੂੰ ਤਿਆਰ ਕਰਨ ਜਾਂਦੀ ਹੈ ਕੀ ਉਸਦੀ ਸੱਸ ਨੂੰ ਪਤਾ ਹੈ ਕਿ ਉਹ ਉਨ੍ਹਾਂ ਦੇ ਜਾ ਰਹੀ ਹੈ। ਇਹ ਕਲੀਅਰ ਨਹੀਂ। ਭਾਨੋ ਦਾ ਫਿਕਰ ਕੈਲੇ ਦੇ ਘਰ ਜਾਣ ਦਾ ਨਹੀਂ ਸਗੋਂ ਕਮਲ ਦੇ ਕੰਮ ਕਰਨ ਦਾ ਫਿਕਰ ਹੈ।

## ਜੜ੍ਹ

ਹਰਬੰਸ ਬਰਾੜ: ਭਾਵੇਂ ਮੈਨੂੰ ਥੋੜ੍ਹੇ ਬਹੁਤੇ ਕਿੰਤੂ ਪਰੰਤੂ ਹਨ ਪਰ ਸਮੁੱਚੇ ਤੌਰ ਤੇ ਮੈਨੂੰ ਕਹਾਣੀ ਅੱਛੀ ਲੱਗੀ ਹੈ। ਮੈਨੂੰ ਇਸ ਕਹਾਣੀ ਦਾ ਵਿਸਥਾਰ ਵੀ ਨਹੀਂ ਮਾੜਾ ਲੱਗਿਆ। ਭਾਵੇਂ ਵਿਸਥਾਰ ਤਾਂ ਹੈ ਕਹਾਣੀ ਛੋਟੀ ਕੀਤੀ ਜਾ ਸਕਦੀ ਸੀ ਪਰ ਵਿਸਥਾਰ ਰੋਚਿਕ ਬਹੁਤ ਹੈ। ਪਾਠਕ ਅੱਕਦਾ ਨਹੀਂ । ਦੂਜੀ ਗੱਲ ਜੇ ਮਾਰਕਸਵਾਦ ਦੇ ਸਿੱਧੇ ਰੁਪਈਏ ਦੇ ਲੈਣ ਦੇਣ ਨੂੰ, ਲੁੱਟ ਖਸੁੱਟ

ਨੂੰ, ਇਉਂ ਗਿਣਤੀ ਮਿਣਤੀ ਕਰਨੀ ਹੋਵੇ ਫੇਰ ਤਾਂ ਭਾਵੇਂ ਇਹ ਕਹਾਣੀ ਸ਼ਾਇਦ ਬਹੁਤ ਹੀ ਨਿਕੰਮੀ ਹੋਵੇ ਪਰ ਜੇ ਬੰਦਾ ਭਾਵੇਂ ਕਿਸੇ ਵੀ ਸਥਿਤੀ 'ਚ ਹੋਵੇ ਕੁੱਝ ਗੱਲਾਂ ਮਨੁੱਖ ਦੀਆਂ ਬੁਨਿਆਦੀ ਹਨ, ਤਰੱਕੀ ਕਰਨ ਦੀ ਚਾਹਨਾ, ਗੌਰਵਮਈ ਹੋਣਾ, ਆਪਣੇ ਆਪ 'ਤੇ ਹੰਕਾਰ ਰੱਖਣਾ, ਉਹ ਭੈੜੀ ਤੋਂ ਭੈੜੀ ਹਾਲਤ ਵਿੱਚ ਵੀ ਇਨਸਾਨ ਵਿੱਚ ਇਹ ਗੱਲ ਜਿਉਂਦੀ ਰਹਿੰਦੀ ਹੈ। ਉਸ ਗਰੀਬ, ਭੈੜੀ ਹਾਲਤ 'ਚ ਰਹਿੰਦੇ ਲਾਲੂ ਨੂੰ ਵੀ ਲੱਗਦਾ ਹੈ ਕਿ ਮੇਰੀ ਜੜ੍ਹ ਲੱਗਣੀ ਚਾਹੀਦੀ ਹੈ, ਇਹ ਕੋਈ ਅਤਿਕਥਨੀ ਨਹੀ। ਇਹ ਇਸ ਇੱਛਾ ਦਾ ਸਹੀ ਪ੍ਰਗਟਾਵਾ ਹੈ। ਅਗਲੀ ਗੱਲ ਰੌਚਿਕਤਾ ਬਹੁਤ ਜਿਆਦਾ ਹੈ। ਵਾਕ ਕਵਿਤਾ ਵਾਂਗ ਟੁਣਕਦੇ ਹਨ। ਵਾਕਾਂ ਦੀ ਬਹੁਤ ਸੁੰਦਰਤਾ ਹੈ। ਜਿਸ ਨੁਕਤੇ 'ਤੇ ਕਹਾਣੀ ਖਤਮ ਕੀਤੀ ਹੈ ਉਹ ਬਹੁਤ ਹੀ ਕਲਾਮਈ ਹੈ ਤੇ ਅਰਥ ਭਰਪੂਰ ਹੈ।

ਅਤਰਜੀਤ : ਜੜ੍ਹ ਕਹਾਣੀ ਆਪਣੇ ਸਿਰਲੇਖ ਤੋਂ ਹੀ ਸਪੱਸ਼ਟ ਕਰਦੀ ਹੈ ਕਿ ਹਰ ਆਦਮੀ ਚਾਹੁੰਦੈ ਕਿ ਉਸਦੇ ਘਰ ਔਲਾਦ ਹੋਵੇ। ਕਹਾਣੀ ਦੀ ਪੇਸ਼ਕਾਰੀ ਭਾਸ਼ਾਂ, ਸ਼ਬਦ ਜੜਤ ਬਹੁਤ ਕਮਾਲ ਹੈ। ਜਿਥੋਂ ਤੱਕ ਵਿਸ਼ੇ ਦਾ ਸੁਆਲ ਹੈ ਮੈਨੂੰ ਲੱਗਦੈ ਕਿ ਇਕੋ ਥਾਂ ਉਤੇ ਕਹਾਣੀ ਖੜੀ ਹੈ। ਵਿਸਥਾਰ 'ਚ ਜਾਂਦੀ ਹੈ ਪਰ ਖੜ੍ਹੀ ਇਕੋ ਥਾਂ ਜੜ੍ਹ 'ਤੇ ਹੈ। ਭਾਵੇ ਪਰਵਾਸੀ ਔਰਤਾਂ ਹਨ। ਜੋ ਉਹ ਨਾਨੀ ਦਾ ਪਾਤਰ ਹੈ, ਜਿਵੇਂ ਉਹ ਮੁੰਡੇ ਨੂੰ ਬਾਤ ਸੁਣਾਉਂਦੀ ਹੈ ਉਸ ਤੋਂ ਉਹ ਸਧਾਰਨ ਮੰਗਤੇ ਨਹੀਂ ਲੱਗਦੇ। ਗੱਡੀਆਂ ਵਾਲੇ ਰਾਜਪੂਤ ਲੱਗਦੇ ਹਨ। ਉਹ ਐਂ ਨਹੀਂ ਹੁੰਦੇ ਮੰਗਤੇ, ਦਰ ਦਰ ਰੁਲਣ ਵਾਲੇ... ਉਹ ਗੁਜਾਰੇ ਵਾਲੇ ਹੁੰਦੇ ਹਨ। ਲੋਹੇ ਦਾ ਕੰਮ ਕਰਦੇ ਹਨ। ਉਹ ਗੱਲ ਕਿ ਮੁੰਡਾ ਵਿਆਹ ਦੇ ਯੋਗ ਨਹੀਂ, ਬਾਪ ਵੀ ਪਰਿਵਾਰ ਰੱਖਣ ਦੇ ਯੋਗ ਨਹੀਂ ਸੀ, ਉਹਦੀ ਘਰਵਾਲੀ ਨਿਕਲ ਗਈ। ਇਹ ਗੱਲ ਆਰਥਿਕਤਾ ਆਧਾਰਤ ਨਹੀਂ। ਮੌਤਾਂ ਬਹੁਤ ਵਖਾਈਆਂ ਹਨ ਇਸ ਕਹਾਣੀ ਵਿੱਚ ਮੌਤ ਦਰ ਮੌਤ, ਮੌਤਾਂ ਦਾ ਤਾਂ ਖਿਲਾਰਾ ਪਾਇਆ ਪਿਐ। ਗੁਰਬਚਨ ਸਿੰਘ ਭੁੱਲਰ ਕਹਿੰਦੇ ਹੁੰਦੇ ਨੇ... ਕਹਾਣੀ ਆਪਣੀ ਸਿੱਧੀ ਡੰਡੀ ਉਪਰ ਨਹੀਂ ਜਾਂਦੀ ਕਦੀ ਐਧਰ ਕਦੀ ਉਧਰ ਘੁੰਮਦੀ ਹੈ.... ਪਰ ਇੱਕ ਝਟਕੇ ਨਾਲ ਮੁੜਕੇ ਉਸੇ ਡੰਡੀ ਤੇ ਆਉਂਦੀ ਹੈ... ਝਟਕੇ ਨਾਲ ਆਉਂਦੀ ਹੈ... ਹਿਲਾ ਦਿੰਦੀ ਹੈ ਪਾਠਕ ਨੂੰ....। ਇਸ ਤਰ੍ਹਾਂ ਨਹੀਂ ਲੱਗਿਆ ਝਟਕਾ ਜਿਹਾ। ਮੈਨੂੰ ਐਂ ਈ ਲੱਗੀ ਗੱਲ ਜਿਵੇਂ ਨਾਵਲ ਸ਼ੁਰੂ ਹੋ ਗਿਆ। ਨਾਵਲੀ ਬਿਰਤਾਂਤ ਜਿਆਦਾ ਲੱਗਿਆ। ਬਹੁਤ ਸਾਰੀਆਂ ਘਟਨਾਵਾਂ ਪਾਈਆਂ ਹਨ, ਉਨ੍ਹਾਂ ਦੀ ਪਿਛੱਲਝਾਤ ਜਾ ਕੇ ਵਾਲੀ ਗੱਲ ਨਹੀਂ ਲੱਗੀ । ਬਿਰਤਾਂਤ ਟੋਟਿਆਂ 'ਚ ਹੈ। ਮੈਨੂੰ ਐਂ ਵੀ ਲੱਗਦਾ ਰਿਹਾ ਹੈ ਕਿ ਇਹ ਮਨੋਕਲਪਿਤ ਹੈ, ਇੰਜ ਹੁੰਦਾ ਨਹੀਂ ਹੋਵੇਗਾ। ਐਂ ਮੈਂ ਨ੍ਹੀਂ ਵੇਖਿਆ। ਮੁੱਲ ਦੀਆਂ ਔਰਤਾਂ ਮੈ ਸਮਾਜ ਵਿੱਚ ਰਚਦੀਆਂ ਵੇਖੀਆਂ ਹਨ। ਆਰਥਿਕਤਾ ਨੂੰ ਤਾਂ ਛੂਹਿਆ ਹੀ ਨਹੀਂ। ਅੰਤ ਖਾਸ ਨਹੀਂ ਲੱਗੀ। ਕਲਾਤਮਕ ਪੱਖ ਕਮਜੋਰ ਹੈ। ਪੇਸ਼ਕਾਰੀ ਵਧੀਆ ਹੈ, ਭਾਸ਼ਾ ਬਾਕਮਾਲ ਹੈ ਪਰ ਵਰਤਾਲਾਪ ਪਾਤਰਾਂ ਦੇ ਪੱਧਰ ਦੀ ਨਹੀਂ। ਜਿਵੇਂ ਰੁਖਸਤ ਸ਼ਬਦ ਅਨਪੜ੍ਹ ਬੰਦਾ ਨਹੀਂ ਬੋਲਦਾ।

ਹਰਦੀਪ ਢਿਲੋਂ : ਜੋ ਅਤਰਜੀਤ ਨੇ ਕਿਹੈ, ਮੈਂ ਸਾਹਿਮਤ ਹਾਂ। ਪਲਾਟ ਨਾਵਲ ਦਾ ਹੈ, ਕਹਾਣੀ ਲੰਮੀ ਹੈ, ਪਾਤਰਾਂ ਦੀ ਭਰਮਾਰ ਹੈ। ਸੰਵਾਦ ਪਾਤਰਾਂ ਦੇ ਲੈਵਲ ਦੇ ਨਹੀਂ । ਅੱਜ ਦੇ ਇਸ ਪੂੰਜੀਵਾਦੀ ਦੌਰ ਵਿੱਚ, ਜਿਨ੍ਹਾਂ ਕੋਲ ਜਿਉਣ ਦੇ ਸਾਧਨ ਨਹੀਂ ਉਨ੍ਹਾਂ ਨੂੰ ਜੜ੍ਹ ਲਾਉਣ ਦਾ ਯਤਨ ਕਰਨਾ ਚਾਹੀਦਾ ਹੈ ਕਿ ਨਹੀਂ ? ਇਨ੍ਹਾਂ ਨੇ ਪ੍ਰਿਥਵੀ ਰਾਜ ਚੋਹਾਨ ਦਾ ਜਿਕਰ ਕੀਤਾ।



ਇਸ ਤੋਂ ਲਗਦੈ ਕਿ ਇਹ ਲੋਕ ਬੇਸੀਕਲੀ ਕੰਗਾਲ ਨਹੀਂ ਸਨ। ਰਾਜ ਘਰਾਣਿਆਂ ਨਾਲ ਸਬੰਧ ਸਨ। ਕਿਲਿਆਂ ਦੇ ਮਾਲਕ ਸਨ। ਉਨ੍ਹਾਂ ਅੰਦਰ ਅਣਖ ਤਾਂ ਹੈਗੀ ਪਰ ਆਰਥਿਕ ਮਜਬੂਰੀਆਂ ਕਰਕੇ ਉਹ ਅਣਖ ਦਬ ਕੇ ਰਹਿ ਜਾਂਦੀ ਹੈ।

ਡਾ. ਜਗਮੇਲ : ਇਸ ਕਹਾਣੀ ਦਾ ਪਾਤਰ ਅੰਤ ਵਿੱਚ ਜੜ੍ਹ ਲੱਗਣ ਤੋਂ ਤਾਂ ਖੁਸ਼ ਐ ਪਰ ਠੱਗੀ ਵੱਜਣ ਤੋਂ ਸੁਚੇਤ ਹੈ। ਜਿਵੇਂ ਅੱਜ ਕਾਰਪੋਰੇਟ ਕੰਪਨੀਆਂ ਕਿਸਾਨਾਂ ਦੀ ਜਮੀਨ ਠੇਕੇ ਤੇ ਲੈ ਕੇ ਅੰਨ੍ਹੇਵਾਹ ਕਾਗਜਾਂ 'ਤੇ ਸਾਈਨ ਕਰਵਾ ਲੈਂਦੀਆਂ ਹਨ, ਕਿਸਾਨਾਂ ਨਾਲ ਠੱਗੀ ਮਾਰ ਲੈਂਦੇ ਹਨ। ਪਰ ਸਾਂਵਲ ਧਾਮੀ ਦਾ ਪਾਤਰ ਸੁਚੇਤ ਐ ਉਹ ਕਹਿੰਦੈ ਜੇ ਮਣਸੋ ਪੈਰੋਂ ਭਾਰੀ ਨਾ ਹੋਈ ਤਾਂ ਮੈਂ ਪੈਸੇ ਮੁੜਵਾਂ ਲਵੂ ....।

ਦਰਸ਼ਨ ਜੋਗਾ : ਸਾਂਵਲ ਧਾਮੀ ਦੀਆਂ ਕਹਾਣੀਆਂ ਦਾ ਮੈਂ ਕਾਇਲ ਹਾਂ। ਸਾਂਵਲ ਧਾਮੀ ਦੀਆਂ ਕਹਾਣੀਆਂ ਦੀਆਂ ਜੁਗਤਾਂ ਬਹੁਤ ਕਮਾਲ ਦੀਆਂ ਹੁੰਦੀਆਂ ਹਨ। ਇਸ ਕਹਾਣੀ ਵਿੱਚ ਵੀ ਹਨ । ਪਰ ਜਦੋਂ ਕਹਾਣੀ ਪੂਰੀ ਤਰ੍ਹਾਂ ਮੇਰੇ ਮਨ ਵਿੱਚ ਉਤਰੀ ਕਹਾਣੀ ਜਦੋਂ ਖਤਮ ਹੁੰਦੀ ਹੈ ਕੜਕ ਦੇਣੇ ਵੱਜੀ ਹੈ। ਕਹਾਣੀ ਸ਼ੁਰੂ ਤੇ ਅਖੀਰ 'ਤੇ ਜੁੜਦੀ ਹੈ ਪਰ ਕਹਾਣੀ ਦਾ ਵਿਚਲਾ ਤਾਣਾ ਪੇਟਾ ਵਿੱਚ ਅਥਾਹ ਵਿਸਥਾਰ ਹੈ। ਵਿਸਥਾਰ ਦੀ ਐਨੀ ਜਰੂਰਤ ਨਹੀਂ ਸੀ। ਪਾਤਰਾਂ ਦੀ ਬੋਲੀ ਤੇ ਚਾਲ ਲੇਖਕ ਬਦਲ ਲੈਂਦੈ। ਪਾਤਰ ਆਪ ਮੁਹਾਰੇ ਨਹੀਂ ਤੁਰਦੇ । ਕਹਾਣੀ 'ਚ ਪਾਤਰ ਮਰਜੀ ਨਾਲ ਮੋੜੇ ਨਹੀਂ ਜਾਂਦੇ।

ਜਸਪਾਲ ਮਾਨਖੇੜਾ : ਸਾਂਵਲ ਧਾਮੀ ਸਾਡਾ ਮਾਣਮੱਤਾ ਕਹਾਣੀਕਾਰ ਹੈ। ਸੰਤਾਲੀ ਦੇ ਉਜਾੜੇ 'ਤੇ ਉਹ ਕਹਾਣੀਰਸ ਵਾਲੀ ਵਾਰਤਕ ਹਰ ਹਫਤੇ ਲਿਖਦਾ ਹੈ। ਤੂੰ ਨਿਹਾਲਾ ਨਾ ਬਣੀ, ਮੱਲ੍ਹਮ ਵਰਗੀਆਂ ਉਸਦੀਆਂ ਕਮਾਲ ਦੀਆਂ ਕਹਾਣੀਆਂ ਹਨ। ਪਰ ਇਹ ਕਹਾਣੀ ਜਿਥੇ ਬਹੁਤ ਜਿਆਦਾ ਵਿਸਥਾਰ ਵਿੱਚ ਜਾਂਦੀ ਹੈ ਉਥੇ ਪਾਤਰਾਂ ਦੀ ਭਰਮਾਰ ਹੈ, ਪਾਤਰ ਸੁਭਾਵਿਕ ਭਾਸ਼ਾ ਨਹੀਂ ਬੋਲਦੇ । ਕਹਾਣੀ 'ਚ ਇਸ਼ਾਰੇ ਕਰਕੇ ਵੀ ਗੱਲ ਕੀਤੀ ਜਾ ਸਕਦੀ ਸੀ। ਜਦੋਂ ਕਹਾਣੀਕਾਰ ਕਹਾਣੀ ਦੇ ਵਹਿਣ ਵਿੱਚ ਬਹਿ ਜਾਦੈ ਫਿਰ ਕਹਾਣੀ ਵਿੱਚ ਆਪ ਸ਼ਾਮਲ ਹੋ ਜਾਦੈ। ਕਲਪਨਾ ਬਹੁਤ ਹੈ। ਪਾਤਰ ਕਹਾਣੀਕਾਰ ਵੱਲੋਂ ਕੰਟਰੌਲਡ ਹਨ।

ਦਰਸ਼ਨ ਜੋਗਾ : ਇਕ ਗੱਲ ਹੋਰ ਜੇ ਅਸੀਂ ਕਬੀਲਿਆਂ ਦੀ ਕਹਾਣੀ ਲਿਖਦੇ ਹਾਂ ਤਾਂ ਸਮਕਾਲ ਭੁਲਣਾਂ ਨਹੀਂ ਚਾਹੀਦਾ। ਇਸ ਕਹਾਣੀ ਵਿੱਚ ਸਮਕਾਲ ਨਹੀਂ। ਇਹ ਕਹਾਣੀ ਪੰਜਾਬੀ ਭਾਸ਼ਾ ਦੀ ਨਹੀਂ ਲੱਗਦੀ, ਐ ਲੱਗਦੈ ਜਿਵੇਂ ਕਿਸੇ ਹੋਰ ਭਾਸ਼ਾ ਦੀ ਅਨੁਵਾਦ ਕੀਤੀ ਹੋਈ ਹੈ। ਇਨ੍ਹਾਂ ਦੇ ਖੋਜ ਕਾਰਜ ਸੰਤਾਲੀ ਦੇ ਉਜਾੜੇ ਵਾਲੇ ਕੰਮ ਦਾ ਵੀ ਅਸਰ ਇਸ ਕਹਾਣੀ 'ਤੇ ਹੈ।

ਪ੍ਰੋ. ਸੁਖਜਿੰਦਰ : ਇਸ ਕਹਾਣੀ ਵਿੱਚ ਹਰੇਕ ਪੱਖ... ਭਾਵੇਂ ਉਹ ਆਰਥਿਕ ਪੱਖ ਹੈ, ਜਗੀਰਦਾਰੀ ਪ੍ਰਬੰਧ ਹੈ ਹਰੇਕ ਪੱਖ ਤੇ ਚਰਚਾ ਕਰਦੀ ਹੈ। ਇਸ ਵਿੱਚ ਤਿੰਨ ਚਾਰ ਗੱਲਾਂ ਬੜੀਆਂ ਸੋਹਣੀਆਂ ਹਨ। ਪਹਿਲੀ ਗੱਲ ਬਹੁਪਰਤੀ ਕਹਾਣੀ ਹੈ। ਕਹਾਣੀ ਵਿੱਚੋਂ ਅਗਲੀ ਕਹਾਣੀ ਨਿਕਲੀ ਜਾਂਦੀ ਹੈ। ਸਮਾਜ ਦੇ ਕਈ ਬੰਦਿਆਂ ਦੀ ਗੱਲ ਹੈ। ਇਸ ਕਹਾਣੀ ਵਿੱਚ ਔਰਤ ਦਾ ਪੱਖ ਸਿਰਫ ਕਾਮੁਕਤਾ ਲਈ ਪੇਸ਼ ਕੀਤੈ। ਔਰਤ ਲਈ ਝੋਟੀ ਦਾ ਬਿੰਬ, ਮੱਝ ਦਾ ਬਿੰਬ ਵਰਤਿਐ। ਮੱਝ ਦੇ ਰੱਸਾ ਚੱਬਣ ਵਾਲੀ ਗੱਲ... ਅਸੀਂ ਅਜੇ ਵੀ ਔਰਤ ਨੂੰ ਕਿਸ ਰੂਪ 'ਚ ਵੇਖ ਰਹੇ ਹਾਂ ? ਔਰਤ ਨੂੰ ਜੜ੍ਹ ਲਾਉਣ ਦਾ ਸਾਧਨ ਸਮਝਦੇ ਹਾਂ। ਪਰ ਇਨਸਾਨ ਵਾਲਾ ਪੱਖ ਗਾਇਬ ਹੈ। ਕਹਾਣੀ ਦਾ ਸਿਰਲੇਖ ... ਔਲਾਦ ਦੀ ਪ੍ਰਾਪਤੀ ਇਕ ਪਾਤਰ ਲਾਲੂ ਵਿੱਚ ਮਿਲਦੈ। ਪਿਆਰੂ ਦੀ

ਰੂੜੇ ਦੀ ਜੜ੍ਹ ਦੀ ਤਮੰਨਾ ਨਹੀਂ ? ਇੰਦਰ ਨੂੰ ਭੁੱਖ ਨਹੀਂ ? ਪਿਆਰੂ ਅਦਰਸ਼ਵਾਦੀ ਹੈ। ਬੜਾ ਸਹਿਜ ਆਪਣੀ ਘਰਵਾਲੀ ਇੰਦਰ ਨੂੰ ਦੇ ਦਿੰਦੈ ? ਇਕ ਪੱਖ ਬੜਾ ਸੋਹਣੈ..... ਇੰਦਰ ਤਾਂ ਉਹੀ ਹੁੰਦੈ ਜੋ ਵਰ੍ਹਦੈ... ! ਅੰਤ ਬਹੁਤ ਵਧੀਐ।

ਪਰਮਜੀਤ ਮਾਨ : ਕਹਾਣੀ ਚਾਹੇ ਲੰਬੀ ਸੀ ਪਰ ਬਹੁਤ ਵਧੀਆ ਸੀ। ਜਿਸ ਤਰ੍ਹਾਂ ਦੇ ਪਾਤਰ ਰੂੜਾ, ਲਾਲੂ, ਇੰਦਰ, ਪਿਆਰੂ, ਹਨ। ਉਹ ਇਸੇ ਤਰ੍ਹਾਂ ਹੀ ਵਿਵਹਾਰ ਕਰਨਗੇ, ਉਨ੍ਹਾਂ ਤੋਂ ਇਨਸਾਨੀ ਵਿਵਹਾਰ ਦੀ ਆਸ ਨਹੀਂ ਕਰ ਸਕਦੇ। ਇਕ ਦੋ ਗੱਲਾਂ ਇਹ ਸੋਚਣ... ਝੁਗੀਆਂ ਵਿੱਚ ਦੋ ਬੰਦੇ ਆਉਂਦੇ ਹਨ। ਉਹ ਬੋਲਦੇ ਨਹੀਂ ਜਾਂ ਤਾਂ ਆਉਂਦੇ ਨਾ ਜਾਂ ਕੁਝ ਐਕਟ ਕਰਦੇ। ਇਕ ਇੰਦਰ ਦਾ ਪਾਤਰ ਐਂਡ ਵਿੱਚ ਨੈਗਟਿਵ ਹੋ ਗਿਆ । ਜਿਵੇਂ ਉਹ ਰਾਜਪੂਤ ਘੜਿਐ ਉਵੇਂ ਦਾ ਅੰਤ ਵਿੱਚ ਰਿਹਾ ਨਹੀਂ ।

ਡਾ. ਲਾਭ ਸਿੰਘ ਖੀਵਾ: ਸਾਵਲੀ ਧਾਮੀ ਨੇ ਵਰਨਣਕਾਰ ਦੇ ਤੌਰ ਤੇ ਕਹਾਣੀ ਪੇਸ਼ ਕੀਤੀ ਹੈ। ਆਪ ਮੁਹਾਰੇ ਪਾਤਰ ਲੇਖਕ ਵੱਲੋਂ ਸਿਰਜੇ ਗਏ ਹਨ। ਜਿਵੇਂ ਅਤਰਜੀਤ ਨੇ ਕਿਹਾ ਲੇਖਕ ਹੀ ਪਾਤਰ ਘੜਦੈ ਸਥਿਤੀਆਂ ਨੂੰ ਮੋੜਾ ਦਿੰਦੈ। ਭਾਸ਼ਾ ਵੀ ਲੇਖਕ ਦੀ ਭਾਸ਼ਾ ਹੈ ਪਾਤਰਾਂ ਦੀ ਭਾਸ਼ਾ ਨਹੀਂ। ਇਹ ਕਹਾਣੀ ਸਾਡੇ ਮੌਡਰਨ ਚਿੰਤਨ ਦੀ ਕਹਾਣੀ ਨਹੀਂ ਜਿਹੜਾ ਅਸੀਂ ਕਹਿੰਦੇ ਹਾਂ ਕਿ ਔਰਤਾਂ ਮਰਦ ਦੇ ਬਰਾਬਰ ਹਨ...। ਔਰਤ ਨੂੰ ਕਾਮ ਦੀ ਵਸਤੂ ਅੱਜ ਦੇ ਚਿੰਤਨ ਵਿੱਚ ਬਣਾਉਣਾ ਉਚਿਤ ਨਹੀਂ । ਇਤਿਹਾਸਕ ਤੌਰ ਤੇ ਕਬੀਲਦਾਰੀ ਤੇ ਜਗੀਰਦਾਰ ਦਾ ਦਵੰਦ ਵਿੱਚ ਦੀ ਵੇਖੀਏ ਤਾਂ ਕਬੀਲਿਆਂ ਦੇ ਉਖੜਨ ਵਿੱਚੋਂ ਜਗੀਰਦਾਰ ਸਥਾਈ ਦੌਰ ਹੈ। ਇਕ ਥਾਂ ਬਹਿ ਕੇ ਖੇਤੀ ਕਰਨੀ ਉਨਾਂ ਨੂੰ ਏਧਰ ਉਧਰ ਹਿੱਲਣ ਦੀ ਲੋੜ ਨਹੀਂ ਪੈ । ਇਹ ਦੌਰ ਸਰਮਾਏਦਾਰੀ ਦੌਰ ਨਾਲੋਂ ਵੀ ਲੰਬਾ ਸਮਾਂ ਰਿਹੈ। ਇਸ ਕਹਾਣੀ ਵਿੱਚ ਕੰਟਰਾਸਟ ਤੇ ਕੰਟਰਾਡਕਸ਼ਨ ਵੀ ਉਖੜੇ ਹੋਏ ਕਬੀਲੇ ਤੇ ਜਗੀਰਦਾਰ ਸੋਚ ਕਾਰਜ ਵਿਹਾਰ ਦੀ ਹੈ। ਜਿਵੇਂ ਰੂੜਾਂ ਵਰਤਦੈ, ਸਰਪੰਚ ਵਰਤਦੈ, ਲਾਲੂ ਵਰਤਦੈ ਜੜ੍ਹਾਂ ਲਾਉਣ ਲਈ। ਜੜ੍ਹਾਂ ਲਾਉਣ ਦਾ ਕੰਸੈਪਟ ਵੀ ਜੰਗੀਰਦਾਰੀ ਦੌਰ ਵਿੱਚ ਬਹੁਤਾ ਰਹਿੰਦੈ। ਜਾਇਦਾਦ ਕਰਕੇ....। ਮਨਸੋ ਦੇ ਇੰਦਰ ਨਾਲ ਸਬੰਧਾਂ ’ਤੇ ਆ ਕੇ ਵੀ ਕਹਾਣੀ ਖਤਮ ਹੋ ਸਕਦੀ ਸੀ। ਰਹੀ ਗੱਲ ਵਿਸਥਾਰ ਦੀ ਉਹ ਤਾਂ ਹੈ ਹੀ ... ਇਕ ਕਹਾਣੀ ਵਿੱਚ ਸਾਰੇ ਪਿੰਡ ਕਲੇਵਰ ’ਚ ਲੈ ਕੇ ਕਥਾਨਕ ਆ ਹੀ ਨਹੀਂ ਸਕਦਾ। ਕਹਾਣੀ ਵਿੱਚ ਇਕ ਗਲੀ ਦਾ ਕਥਾਨਕ ਹੀ ਸਮਾ ਸਕਦਾ ਹੈ ਉਸ ਤੋਂ ਵੀ ਅੱਗੇ ਇਕ ਘਰ ਜਾਂ ਘਰ ਦੇ ਇਕ ਜੀਅ ਦਾ ਚਿਤਰਨ ਨਾਲ ਵੀ ਕਹਾਣੀ ਬਣ ਸਕਦੀ ਹੈ। ਇਸ ਕਹਾਣੀ ਨੂੰ ਸੋਧ ਕੇ ਭਾਸ਼ਾ ਬਦਲੀ ਜਾ ਸਕਦੀ ਹੈ ਤੇ ਕਾਫੀ ਕੁਝ ਕੱਢਿਆਂ ਜਾ ਸਕਦਾ ਹੈ। ਸਾਨੂੰ ਲੋੜ ਹੈ, ਸਮਕਾਲ ਦੀਆਂ ਬਹੁਤ ਸਮੱਸਿਆਵਾਂ ਹਨ ਸਾਨੂੰ ਸਾਡੀ ਪ੍ਰਤਿਭਾ ਸਮਕਾਲ ਦੀਆਂ ਅੱਜ ਦੇ ਦੌਰ ਦੀਆਂ ਕਹਾਣੀਆਂ ਲਿਖਣ ਤੇ ਲਾਉਣੀ ਚਾਹੀਦੀ ਹੈ।

ਪ੍ਰਗਟ ਬਰਾੜ : ਕਹਾਣੀ ਦੀ ਖੂਬਸੂਰਤੀ ਬਾਰੇ ਤੇ ਊਣਤਾਈਆਂ ਬਾਰੇ ਕਾਫੀ ਗੱਲਬਾਤ ਹੋਗੀ। ਸਾਇਦ ਅਸੀਂ ਆਲੋਚਕ ਚਾਹੁੰਦੇ ਹਾਂ ਕਿ ਹਰ ਕਹਾਣੀ ਵਿੱਚੋਂ ਮਾਰਕਸਵਾਦ ਹੀ ਨਿਕਲੇ। ਪ੍ਰੋ. ਕਿਸ਼ਨ ਸਿੰਘ ਦਾ ਕਥਨ ਹੈ ਕਿ ਨਾਹਰਾ ਦੇਣਾ ਸਾਹਿਤ ਨਹੀਂ ਹੁੰਦਾ...। ਜਿਹੋ ਜਿਹੇ ਲੇਖਕ ਦੇ ਅਨੁਭਵ ਹੁੰਦੇ ਹਨ ਉਸੇ ਚੋਂ ਰਚਨਾ ਕਰਦੈ। ਸਾਵਲ ਧਾਮੀ ਦੇ ਅਨੁਭਵ ਸੰਤਾਲੀ ਦੇ ਉਜਾੜੇ ਨਾਲ ਜੁੜਿਆ ਹੋਣ ਕਾਰਨ ਇਹ ਕਹਾਣੀ ਲਿਖੀ ਗਈ ਹੈ ਕਹਾਣੀ ਦਾ ਕਾਲ ਖੰਡ ਕਬੀਲੇ ਟੁੱਟਣ ਤੇ ਜਗੀਰਦਾਰ ਦਾ ਹੈ। ਸਾਨੂੰ ਉਸੇ ਕਾਲਖੰਡ ਵਿੱਚ ਦੀ ਵੇਖਣਾ



ਚਾਹੀਦਾ ਹੈ। ਕਾਮੁਕਤਾ ਵਾਲੀ ਗੱਲ ਗੁਰਦੇਵ ਸਿੰਘ ਰੁਪਾਣਾ ਦੀ ਕਹਾਣੀ ਰੋਟੀ ਜਾਂ ਅਵਤਾਰ ਸਿੰਘ ਬਲਿੰਗ ਦੇ ਨਾਵਲ ਦੀਵੇ ਜਗਦੇ ਰਹਿਣਗੇ ਵਿੱਚ ਵੀ ਵੇਖੀ ਜਾ ਸਕਦੀ ਹੈ। ਇਹਦੇ ਵਿੱਚ ਵੀ ਆਉਂਦੈ ਕਿ ਪਿੰਡ ਵਿੱਚ ਪਤਾ ਨਹੀਂ ਕੀਹਦੇ ਕੀਹਦੇ ਘਰਾਂ ਵਿੱਚ ਕੀਹਦੇ ਕੀਹਦੇ ਜਵਾਕ ਖੇਡਦੇ ਫਿਰਦੇ ਐ। ਇਹ ਹਜਮ ਹੋਣ ਵਾਲੀਆਂ ਗੱਲਾਂ ਹਨ। ਆਧੁਨਿਕ ਸਮੇਂ ਦਾ ਟੈਸਟ ਟਿਊਬ ਬੇਬੀ ਵੀ ਬਿਲਕੁੱਲ ਉਹੀ ਚੀਜ਼ ਹੈ।

## ਓਪਰੀ ਸ਼ੈਅ

ਅਰਵਿੰਦਰ ਕੌਰ ਕਾਕੜਾ: ਦੀਪਤੀ ਬਬੂਟਾ ਦੀ ਲੰਬੀ ਕਹਾਣੀ ਹੈ ਜਦੋਂ ਇਸ ਕਹਾਣੀ ਵਿੱਚ ਗੁਜ਼ਰਦੇ ਹਾਂ ਤਾਂ ਅਸਾਵੇਂ ਵਿਕਾਸ ਦੀ ਤਸਵੀਰ ਆਪਮੁਹਾਰੇ ਸਾਹਮਣੇ ਆਉਂਦੀ ਹੈ।ਕਾਣੀ ਵੰਡ ਵਾਲੇ ਸਮਾਜ ਵਿੱਚ ਆਰਥਿਕ ਸਮਾਜਿਕ ਵਿਤਕਰੇ ਦੇ ਅਨੇਕਾਂ ਰੂਪ ਵੇਖੇ ਜਾ ਸਕਦੇ ਹਨ ।ਇਸ ਕਹਾਣੀ ਦਾ ਕੇਂਦਰ ਬਿੰਦੂ ਵੀ ਜਮਾਤੀ ਸਮਾਜ ਤੇ ਟਿਕਿਆ ਹੋਇਆ ਜਿਸ ਵਿੱਚ ਦੋ ਪਰਿਵਾਰ ਸਮਾਨੰਤਰ ਤੁਰਦੇ ਨਜ਼ਰ ਆਉਂਦੇ ਹਨ।ਮਜ਼ਦੂਰ ਪਰਿਵਾਰ ਦੀ ਤ੍ਰਾਸਦੀ ਕਈ ਕੋਣਾਂ ਤੋਂ ਦੇਖੀ ਜਾ ਸਕਦੀ ਹੈ ਇਸ ਕਹਾਣੀ ਵਿਚਲੇ ਵਸਤੂਗਤ ਪਸਾਰਾਂ ’ਚ ਜਿੱਥੇ ਆਪਣੀਆਂ ਬੁਨਿਆਦੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਸਮਕਸ਼ ਹੁੰਦੇ ਆਰਥਿਕ ਪੱਖੋ ਕੰਮਜੋਰ ਪਰਿਵਾਰ ਦੀ ਸਥਿਤੀ ਉੱਘੜਦੀ ਹੈ ਉੱਥੇ ਇਸੇ ਪਰਿਵਾਰ ਦੀ ਮਾਨਸਿਕ ਦਸ਼ਾ ਦਾ ਉਲੇਖ ਵੀ ਨਾਰੀ ਦ੍ਰਿਸ਼ਟੀ ਤੋਂ ਬਾਖੂਬੀ ਕੀਤਾ ਗਿਆ ਹੈ ।ਬਾਹਰੀ ਤੌਰ ਤੇ ਹੁੰਦੀ ਕਿਰਤ ਦੀ ਲੁੱਟ ਮਾਨਸਿਕਤਾ ਅੰਦਰ ਕਿਸ ਕਿਸ ਤਰ੍ਹਾਂ ਦੀਆਂ ਵਿਰੋਧਤਾਈਆਂ ਪੈਦਾ ਕਰਦੀ ਹੈ। ਇਹ ਕਹਾਣੀ ਮਜਬੂਰੀਆਂ, ਬੇਵਸੀ ਤੇ ਲਾਚਾਰੀ, ਮਨੁੱਖੀ ਹੋਂਦ ਉਪਰ ਕਈ ਸਵਾਲ ਖੜ੍ਹੇ ਕਰਦੀ ਹੈ। ਚੇਤਨਾ ਦਾ ਪੱਧਰ ਨੀਵਾਂ ਹੋਣ ਕਰਕੇ ਲੋਕਾਂ ਅੰਦਰ ਸਮੱਸਿਆ ਦੀ ਜੜ੍ਹ ਵਿੱਚ ਜਾਣ ਦੀ ਬਜਾਏ ਸਮੱਸਿਆ ਨਾਲ ਸਮਝੌਤਾ ਕਰਦਿਆਂ ਅੰਧਵਿਸਵਾਸ਼ ਵਰਗੇ ਰਾਹਾਂ ਤੇ ਅਸਵਾਰ ਹੋਣਾ ਵੀ ਇਸ ਕਹਾਣੀ ਦੇ ਬਿਰਤਾਂਤ ’ਚ ਕਈ ਵਾਰੀ ਉਜਾਗਰ ਹੋਇਆ ਹੈ। ਦੂਜੇ ਪਾਸੇ ਮਹਾਂਨਗਰ ਵਿਚ ਰਹਿੰਦਾ ਮੱਧਵਰਗੀ ਪਰਿਵਾਰ ਆਪਣੀਆਂ ਸਾਰੀਆਂ ਸੁੱਖ ਸਹੂਲਤਾਂ ਨੂੰ ਮਾਣਦਿਆਂ ਕਿਸੇ ਦੀ ਬੇਵੱਸੀ ਦਾ ਨਾਜਾਇਜ਼ ਫ਼ਾਇਦਾ ਉਠਾਉਂਦਾ ਹੈ।ਇਸ ਪਰਿਵਾਰ ਦੀ ਨਾਰੀ ਪਾਤਰ ਜਸਵਿੰਦਰ ਜਿੱਥੇ ਨੌਕਰ ਅਤੇ ਮਾਲਕਾਂ ਵਿਚਕਾਰ ਡੂੰਘੀ ਖਾਈ ਖਿੱਚ ਕੇ ਚਲਦੀ ਹੈ ਉੱਥੇ ਕਿਰਨਾਂ ਦਾ ਮਾਨਸਿਕ ਸ਼ੋਸ਼ਣ ਕਈ ਪੱਖਾਂ ਤੋਂ ਸਾਹਮਣੇ ਆਉਂਦਾ ਹੈ। ਮੱਧ ਵਰਗ ਦੀ ਮੌਕਾਪ੍ਰਸਤੀ ਤੇ ਨਿੱਜਵਾਦ ਪ੍ਰਵਿੱਰਤੀ ਨੂੰ ਚਿੱਤਰਮਾਨ ਕਰਦੀ ਇਹ ਕਹਾਣੀ ਮਜ਼ਦੂਰ ਵਰਗ ਦੀ ਪੈਰਵੀ ਕਰਦੀ ਨਜ਼ਰ ਆਉਂਦੀ ਹੈ । ਛਿੰਦਰ ਤੇ ਦੀਪੇ ਦਾ ਪਰਿਵਾਰ ਬਹੁਤ ਹੀ ਮਿਹਨਤ ਮੁਸ਼ੱਕਤ ਨਾਲ ਗੁਜ਼ਾਰਾ ਕਰਦਾ ਹੈ ਜੋ ਆਪਣੀਆਂ ਬੁਨਿਆਦੀ ਜ਼ਰੂਰਤਾਂ ਦੀ ਪੂਰਤੀ ਦੇ ਲਈ ਜਦੋਂ ਜਹਿਦ ਕਰਦੇ ਹੋਏ ਆਪਣੀ ਬੇਟੀ ਕਿਰਨਾਂ ਨੂੰ ਜਸਵਿੰਦਰ ਦੇ ਘਰ ਕੰਮ ਕਰਨ ਲਈ ਦਿੱਲੀ ਭੇਜ ਦਿੰਦੇ ਹਨ। ਇਕ ਪਾਸੇ ਇਸ ਪਰਿਵਾਰ ਸਾਹਵੇਂ ਤਾਰੀ ਦੇ ਵਿਆਹ ਦਾ ਸਵਾਲ ਹੈ ਤੇ ਦੂਜੇ ਪਾਸੇ ਰੱਜੀ ਦੇ ਬੀਮਾਰ ਹੋਣ ਦੀ ਫ਼ਿਕਰਮੰਦੀ ਵੀ ਵਾਰ ਵਾਰ ਸਤਾਉਂਦੀ ਹੈ।ਕਦੇ ਖੇਤ ਮਜ਼ਦੂਰ ਤੇ ਕਦੇ ਪੱਲੇਦਾਰੀ ਦਾ ਕੰਮ ਕਰਦਾ ਦੀਪਾ ਸੱਟ ਲੱਗਣ ਕਾਰਨ ਹੁਣ ਕੰਮ ਕਰਨ ਤੋਂ ਅਸਮਰੱਥ ਹੈ । ਤ੍ਰਾਸਦੀ ਹੰਢਾਉਂਦਾ ਇਹ ਪਰਿਵਾਰ ਘਰ ਦੀਆਂ ਜ਼ਰੂਰਤਾਂ ਲਈ ਕਰਜ਼ਾ ਚੁੱਕਣ ਲਈ ਮਜਬੂਰ

ਹੁੰਦਾ ਹੈ ।ਉਹ ਆਪਣੀ ਧੀ ਨੂੰ ਬੇਗਾਨੀ ਬਰੂਹ ਤੇ ਬੱਚੇ ਸਾਂਭਣ ਲਈ ਭੇਜਦੇ ਹਨ ।ਕਹਾਣੀ ਵਿਚ ਸਥਿਤੀ ਉਸ ਵੇਲੇ ਕਰਵਟ ਲੈਂਦੀ ਹੈ ਜਦੋਂ ਕਿਰਨਾਂ ਨੂੰ ਉਨਾਂ ਦੇ ਬੱਚੇ ਸਾਂਭਣ ਨਾਲ ਉਸ ਘਰ ਦੇ ਸਾਰੇ ਕੰਮ ਦਾ ਵੀ ਬੋਝ ਜਰਨਾ ਪੈਂਦਾ ਹੈ । ਜਸਵਿੰਦਰ ਦੇ ਘਰ ਵਿਚ ਕੰਮ ਕਰਦਿਆਂ ਜੋ ਉਸ ਨੂੰ ਮਾਨਸਿਕ ਸ਼ੋਸ਼ਣ ਹੰਡਾਉਣਾ ਪੈਂਦਾ ਹੈ ਇਸ ਬਾਰੇ ਕਹਾਣੀ ਵਿੱਚ ਪੇਸ਼ ਵਾਰਤਾਲਾਪ ਤੇ ਦ੍ਰਿਸ਼ ਬਹੁਤ ਵਿਉਂਤਬੰਦੀ ਦੇ ਨਾਲ ਪੇਸ਼ ਕੀਤੇ ਗਏ ਹਨ ।ਜਿੱਥੇ ਇਹ ਗੱਲ ਸਾਫ਼ ਪ੍ਰਤੱਖ ਸਾਹਮਣੇ ਆਉਂਦੀ ਹੈ ਕਿ ਸਮਾਜ ਦੇ ਵਿੱਚ ਹੇਠਲੇ ਵਰਗ ਦੀਆਂ ਔਰਤਾਂ ਨੂੰ ਤਿੰਨ ਤਰ੍ਹਾਂ ਦੀ ਗੁਲਾਮੀ ਸਹਿਣੀ ਪੈਂਦੀ ਹੈ ਆਰਥਿਕ,ਮਾਨਸਿਕ ਤੇ ਸਰੀਰਕ ।ਇਸ ਕਹਾਣੀ ਦਾ ਕੋਈ ਸ਼ਿਖਰ ਬਿੰਦੂ ਨਹੀਂ ਹੈ ਪਰ ਚਾਰ ਵੱਖੋ ਵੱਖਰੇ ਪੜਾਅ ਆਉਂਦੇ ਹਨ ਜਿਸ ਵਿਚ ਕਿਰਨਾਂ ਦੀ ਮਨੋ ਦਸ਼ਾ ਘਟਨਾਵੀਂ ਕ੍ਰਮ ਮੁਤਾਬਕ ਬਦਲਦੀ ਹੈ । ਇਸ ਕਹਾਣੀ ਵਿਚਲਾ ਬਿਰਤਾਂਤ ਮੁੱਖ ਧਰਾਤਲ ਵਿਚ ਕਾਰਜ ਦੇ ਕਾਰਨ ਦੋਹਾਂ ਵਿਚ ਅੰਤਰ ਸਹਿ ਸਬੰਧ ਕਾਇਮ ਕਰਦਾ ਹੈ ।ਇਸ ਕਹਾਣੀ ਵਿਚਲਾ ਪ੍ਰਯੋਜਨ ਕਥਾ ਵਿੱਚੋ ਯਥਾਰਥ ਨੂੰ ਉਲੀਕਦਾ ਹੋਇਆ ਕਿਤੇ ਕਿਤੇ ਕਲਪਨਾ ਦੀ ਪਰਤ ਵੀ ਚਾੜ ਦਿੰਦਾ ਹੈ ।ਇਸ ਕਹਾਣੀ ਦੀ ਚਾਲ ਕਿਤੇ ਮੱਠੀ ਹੋ ਜਾਂਦੀ ਹੈ ਤੇ ਕਿਤੇ ਕਹਾਣੀ ਵਿਚ ਇਕ ਸਥਿਤੀ ਤੋਂ ਬਾਅਦ ਦੂਜੀ ਸਥਿਤੀ ਛੜੱਪਾ ਮਾਰ ਕੇ ਵੀ ਆਉਂਦੀ ਹੈ ।ਇਸ ਕਹਾਣੀ ਦੀ ਤਕਨੀਕੀ ਕਮਜ਼ੋਰੀ ਹੋ ਸਕਦੀ ਹੈ ਕਿ ਪਾਠਕ ਅਜੇ ਪਹਿਲੀ ਸਥਿਤੀ 'ਚ ਫਿਰ ਰਿਹਾ ਹੁੰਦਾ ਹੈ ਕਿ ਪਤਾ ਨਹੀਂ ਲੱਗਦਾ ਕਿ ਦੂਜੀ ਸਥਿਤੀ ਪੈਦਾ ਹੋ ਗਈ ਹੈ ।ਪਰ ਕਹਾਣੀ ਵਿਚਲੀ ਸੰਵਾਦਕ ਬਿਰਤਾਂਤਿਕ ਵਿਧੀ ਆਪਣੀ ਅਹਿਮ ਸਪੇਸ ਪ੍ਰਾਪਤ ਕਰਦੀ ਹੋਈ ਘਟਨਾਵਾਂ ਤਹਿਤ ਪੈਦਾ ਹੋਏ ਤਣਾਓ ਦੀ ਸਥਿਤੀ ਨੂੰ ਪਾਤਰਾਂ ਦੀਆਂ ਮਨੋ ਗੁੰਝਲਾਂ ਵਿੱਚੋਂ ਵੇਖਦੀ ਹੈ ।ਪਿਛਲ ਝਾਤ ਤੇ ਵਿਸ਼ਲੇਸ਼ਣ ਵਿਧੀ ਇਸ ਕਹਾਣੀ ਦੀ ਕਾਰਜ ਵਿਧਾ ਬਣਦੀ ਹੈ ।ਇਹ ਕਹਾਣੀ ਘਰਾਂ ਵਿਚ ਕੰਮ ਕਰਦੀਆਂ ਔਰਤਾਂ ਨੂੰ ਕੇਂਦਰ ਬਿੰਦੂ ਵਿਚ ਲਿਆ ਕੇ ਲਿਖੀ ਗਈ ਹੈ। ਕਿਰਨਾਂ ਆਪ ਤਾਂ ਇਸ ਵਿਤਕਰੇ ਤੇ ਸ਼ੋਸ਼ਣ ਦੀ ਸ਼ਿਕਾਰ ਬਣਦੀ ਹੈ ਪਰ ਆਪਣੀ ਭੈਣ ਸੀਤੂ ਨੂੰ ਇਸ ਤੋਂ ਬਚਾ ਲੈਂਦੀ ਹੈ ।ਕਿਰਨਾਂ ਨੂੰ ਸੁਣਨੀਆਂ ਪਈਆਂ ਜਸਵਿੰਦਰ ਦੀਆਂ ਲਾਈਆਂ ਝੂਠੀਆਂ ਤੋਹਮਤਾਂ ਅੰਦਰੋ ਅੰਦਰੀ ਦੁਖੀ ਕਰਦੀਆਂ ਹਨ।ਉਸ ਸਾਹਮਣੇ ਦੋ ਰਾਹ ਹਨ ਜਾਂ ਤਾਂ ਉਹ ਚੁੱਪ ਰਹੇ ਤੇ ਜਾਂ ਫਿਰ ਬੋਲੇ ਉਹ ਇਨ੍ਹਾਂ ਰਾਹਾਂ ਉੱਤੇ ਵਾਰੋ ਵਾਰੀ ਤੁਰਦੀ ਹੈ। ਉਸ ਅੰਦਰ ਪੈਦਾ ਹੋਈ ਪ੍ਰਤੀਰੋਧੀ ਆਵਾਜ ਉਸ ਦੇ ਬਦਲਦੇ ਵਿਵਹਾਰ ਤੇ ਕਾਰਜ ਵਿੱਚੋਂ ਝਲਕਦੀ ਹੈ ।ਕਈ ਤਰ੍ਹਾਂ ਦੇ ਸਵਾਲ ਪੈਦਾ ਕਰਦੀ ਏ ਕਹਾਣੀ ਪਾਠਕਾਂ ਨੂੰ ਸੋਚਣ ਲਈ ਵੀ ਮਜਬੂਰ ਕਰਦੀ ਹੈ ਜਿਵੇਂ ਰੋਟੀ ਬਾਰੇ ਕਿਹਾ ਗਿਆ ਹੈ " ਦੱਸ ਤੂੰ ਸਾਨੂੰ ਖਾਂਦੀ ਏਂ ਕਿ ਅਸੀਂ ਤੈਨੂੰ ਖਾਂਦੇ ਆਂ "।ਸਮਾਜ ਵਿਚ ਅਜਿਹੇ ਲੋਕ ਵੀ ਹਨ ਜਿੰਨਾਂ ਅੰਦਰ ਚੇਤਨਾ ਦੀ ਘਾਟ ਹੋਣ ਕਾਰਨ ਕਿਸੇ ਮਾਨਸਿਕਤਾ ਨੂੰ ਸਮਝਣ ਦੀ ਬਜਾਏ ਓਪਰੀ ਸ਼ੈਅ ਦਾ ਦਾਬਾ ਕਹਿ ਕੇ ਪੱਲਾ ਝਾੜਦੇ ਹਨ ।ਅਜਿਹੀ ਹੀ ਬਿਰਤੀ ਕਿਰਨਾਂ ਦੇ ਪਰਿਵਾਰ ਵਿੱਚੋਂ ਝਲਕਦੀ ਹੈ ।ਕਹਾਣੀਕਾਰਾ ਨੇ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਕਹਾਣੀ ਦਾ ਅੰਤ ਕਰਦੇ ਹੋਏ ਅਸਿੱਧੇ ਰੂਪ ਦੇ ਵਿੱਚ ਲੁਟੇਰੇ ਵਰਗ ਨੂੰ ਓਪਰੀ ਸ਼ੈਅ ਦਾ ਨਾਮ ਦਿੱਤਾ ਹੈ । ਕਿਰਨਾਂ ਦੇ ਘਰਦੇ ਜਦੋਂ ਕਿਰਨਾਂ ਦੀ ਥਾਂ ਤੇ ਸੀਤੂ ਨੂੰ ਜਸਵਿੰਦਰ ਨਾਲ ਉਹਦੇ ਘਰ ਭੇਜਣ ਲਈ ਤਿਆਰ ਹੋ ਜਾਂਦੇ ਹਨ ਤਾਂ ਕਹਾਣੀਕਾਰਾ ਨੇ ਕਹਾਣੀ 'ਚ ਕਿਰਨਾਂ ਦੇ ਮੂੰਹੋਂ ਬਗ਼ਾਵਤੀ ਰੋਹ 'ਚ ਅਖਵਾ ਕੇ ਅਸਲ ਓਪਰੀ ਸ਼ੈਅ ਤੇ ਉਂਗਲ ਰੱਖੀ ਹੈ ਜੋ ਇਸ ਕਹਾਣੀ ਦਾ ਹਾਸਲ ਹੈ ।



ਦਰਸ਼ਨ ਜੋਗਾ: ਦੀਪਤੀ ਬਬੂਟਾ ਦੀ ਕਹਾਣੀ ਓਪਰੀ ਸ਼ੈਅ ਸੁਣੀ। ਮੈਂ ਇਨ੍ਹਾਂ ਦੀ ਕਹਾਣੀ ਤੋਂ ਸਿੱਖਦਾ ਬਹੁਤ ਹਾਂ। ਇਨ੍ਹਾਂ ਦੀ ਕਹਾਣੀ ਦੀ ਬੁਣਤੀ 'ਚ ਬਹੁਤ ਬਰੀਕ ਲੇਅਰਜ ਹੁੰਦੀਆਂ ਹਨ। ਇਸ ਕਹਾਣੀ ਬਾਰੇ ਡਾ. ਕਾਕੜਾ ਨੇ ਸਿਧਾਂਤਕ ਤੇ ਕਲਾ ਬਾਰੇ ਗੱਲਾਂ ਕੀਤੀਆਂ ਹਨ। ਮੈਂ ਇਨ੍ਹਾਂ ਦੀ ਕਹਾਣੀ ਨਾਲ ਅੰਤ ਤੱਕ ਜੁੜਿਆ ਰਿਹਾਂ। ਇਸ ਕਹਾਣੀ ਵਿਚ ਕਈ ਜਗ੍ਹਾਂ 'ਤੇ ਝੋਲ ਬਹੁਤ ਪੈਂਦੀ ਹੈ। ਕਹਾਣੀ ਵਿਚ ਉਨੇ ਵੇਰਵਿਆਂ ਦੀ ਜਰੂਰਤ ਨਹੀਂ ਜਿਨੇ ਇਹ ਲੈ ਗਏ ਹਨ। ਇਸ ਕਹਾਣੀ ਵਿਚ ਨਾਵਲ ਦੇ ਅੰਸ਼ ਹਨ। ਵੇਰਵੇ ਨਾਵਲ ਜਿੰਨੇ ਹਨ।

ਪਰਗਟ ਬਰਾੜ: ਵਿਸ਼ੇ ਪੱਖ ਤੋਂ ਕਹਾਣੀ ਕਮਾਲ ਦੀ ਏ। ਪਰ ਬੁਣਤਰੀ ਪੱਖ ਤੋਂ ਮੈਨੂੰ ਕਈ ਥਾਵਾਂ ਤੇ ਵਿਸਤਾਰ ਬਹੁਤ ਜ਼ਿਆਦਾ ਲੱਗਿਐ। ਮੈਨੂੰ ਐਂ ਲੱਗਦੈ ਕਿ ਕਹਾਣੀ ਵਿਚ ਕਹਾਣੀਕਾਰ ਨੇ ਬਹੁਤਾ ਜੋਰ ਨਹੀਂ ਦੇਣਾ ਹੁੰਦਾ। ਕਈ ਸ਼ਬਦ ਜਿਵੇਂ ਅਕਲ ਦੀ ਅੰਨ੍ਹੀ ਕਈ ਵਾਰ ਆਏ ਹਨ। ਮੈਨੂੰ ਕੁਝ ਥਾਵਾਂ 'ਤੇ ਕਹਾਣੀਕਾਰ ਖੁਦ ਦਖਲ ਦਿੰਦਾ ਲਗਦੈ। ਲੇਖਕ ਤ੍ਰਾਸਦੀ ਨੂੰ ਉਭਾਰਨ ਦਾ ਯਤਨ ਕਰਦੈ। ਤ੍ਰਾਸਦੀ ਨੂੰ ਵਿਸਤਾਰ ਦੀ ਬਜਾਏ ਘਟਨਾਂ ਨਾਲ ਉਭਾਰਨਾ ਚਾਹੀਦੈ। ਜਿਵੇਂ ਚੋਰੀ ਦਾ ਇਲਜਾਮ, ਇੱਜਤ 'ਤੇ ਦੋਸ਼... ਇਹੀ ਤ੍ਰਸਾਦੀ ਬਹੁਤ ਵੱਡੀ ਹੈ। ਹੋਰ ਬਹੁਤ ਵਿਸਥਾਰ ਤੇ ਜੋਰ ਦੇਣ ਦੀ ਲੋੜ ਨਹੀਂ। ਸਾਰੀ ਕਹਾਣੀ ਕਿਰਨਾਂ ਦੇ ਐਂਗਲ ਤੋਂ ਰਚੀ ਗਈ ਹੈ। ਮੈਨੂੰ ਨੁਕਤਾ ਲਗਦੈ... ਜਦੋਂ ਕਿਰਨਾਂ ਦਿੱਲੀ ਤੋਂ ਆ ਕੇ ਆਪਣੇ ਛੋਟੇ ਭੈਣ ਭਰਾਵਾਂ ਨੂੰ ਦਿੱਲੀ ਦਾ ਵਿਸਥਾਰ ਸੁਣਾ ਰਹੀ ਹੈ।... ਜੀਹਨੂੰ ਕਹਿੰਦੇ ਇਹ ਪਰੀ ਦੇਸ਼ ਦੀਆਂ ਕਹਾਣੀਆਂ ਲੱਗਦੀਐਂ...ਮੈਨੂੰ ਲੱਗਦੈ ਕਿ ਬੱਚਿਆਂ ਵਿਚ ਜਗਿਆਸਾ ਬਹੁਤ ਹੁੰਦੀ ਹੈ... ਬੱਚੇ ਸਵਾਲ ਬਹੁਤ ਕਰਦੇ ਹਨ ਪਰ ਉੱਥੇ ਬੱਚੇ ਚੁੱਪ ਹਨ... ਸਵਾਲ ਨਹੀਂ ਕਰਦੇ, ਜਾਂ ਉਨੇ ਵਰਨਣ ਦੀ ਲੋੜ ਨਹੀਂ.... ਜੇ ਵਰਨਣ ਸੀ ਤਾਂ ਸਵਾਲ ਹੋ ਸਕਦੇ ਸਨ। ਦੋ ਜਗ੍ਹਾਂ ਸ਼ਬਦ ਠੀਕ ਨਹੀਂ ਜਿਵੇਂ ਟੱਟੀ ਪਸ਼ਾਬ...। ਇਸ ਸ਼ਬਦ ਤੋਂ ਬਚਿਆ ਜਾ ਸਕਦਾ। ਕੁੱਝ ਥਾਵਾਂ 'ਤੇ ਕਿਰਨਾਂ ਦੇ ਸੰਵਾਦ ਵਿਚ ਕਹਾਣੀਕਾਰ ਇੰਟਰ ਕਰ ਜਾਂਦੈ। ਸੰਵਾਦ ਪਾਤਰ ਦੇ ਧਰਾਤਲ ਤੋਂ ਉਪਰ ਉ ਜਾਂਦੇ ਹਨ। ਇਕ ਹੋਰ ਜਗ੍ਹਾਂ ਕਿਰਨਾਂ ਆਪਣੀ ਮਾਂ ਦੀ ਜਵਾਨੀ ਬਿਆਨ ਕਰ ਰਹੀ ਹੈ। ਇਹ ਕਲਪਨਾ ਹੈ। ਇਕ ਬੱਚੀ ਨੂੰ ਨਹੀਂ ਪਤਾ ਹੋ ਸਕਦਾ ਕਿ ਮੇਰੀ ਮਾਂ ਜਵਾਨੀ ਵੇਲੇ ਕਿਦਾਂ ਸੀ। ਇਕ ਗੱਲ ਹੋਰ ਸੱਸ ਵਲੋਂ ਕਾਲਾ ਟਿੱਕਾ ਲਾਇਆ ਜਾਂਦਾ ਸੀ ਕਿਰਨਾਂ ਦੀ ਮਾਂ ਦੇ... ਮੈਨੂੰ ਨਹੀਂ ਲੱਗਦਾ ਕਿ ਸਾਡੇ ਸਮਾਜ ਵਿਚ ਕੋਈ ਸੱਸ ਐਦਾਂ ਦੀ ਹੋਊਗੀ। ਸੱਸ ਆਵਦੀ ਧੀ ਦੇ ਪੋਤੀ ਦੇ ਕਾਲਾ ਟਿੱਕਾ ਲਾਉਂਦੀ ਹੋ ਸਕਦੀ ਹੈ ਪਰ ਨੂੰਹ ਦੇ ਨਹੀਂ। ਤਕਨੀਕੀ ਪੱਖ ਤੋਂ ਇਨ੍ਹਾਂ ਗੱਲਾਂ ਵੱਲ ਧਿਆਨ ਦੀ ਲੋੜ ਹੈ।

ਜਸਪਾਲ ਮਾਨਖੇੜਾ: ਕਹਾਣੀ ਦਾ ਵਿਸ਼ਾ ਕਮਾਲ ਦਾ ਹੈ। ਭਾਵੇਂ ਪੁਰਾਣਾ ਹੈ ਪਰ ਜਿਵੇਂ ਵਿਸ਼ੇ ਦਾ ਨਿਭਾ ਕੀਤਾ ਹੈ ਉਹ ਖੂਬਸੂਰਤ ਹੈ। ਕਹਾਣੀ ਲੰਬੀ ਹੈ। ਇਸ ਕਰਕੇ ਇਕਾਗਰਤਾ ਭੰਗ ਹੁੰਦੀ ਹੈ। ਵਿਸਤਾਰ ਦੇ ਨਾਲ ਦੁਹਰਾਅ ਵੀ ਆ ਗਿਆ ਹੈ। ਇਕ ਕਾਮਾ ਕੁੜੀ ਤੇ ਮਾਲਕ ਔਰਤ ਦਾ ਦਵੰਦ ਵਿਖਾਇਆ ਹੈ। ਮਾਲਕ ਵਰਗ ਪਿਆਰ ਪ੍ਰਚਾਕਾਰ ਤੇ ਅਧਿਕਾਰ ਦੇ ਫਾਰਮੂਲੇ ਵਰਤਦਾ ਹੈ। ਜਸਵਿੰਦਰ ਦੇ ਮੋਹ ਪਿਆਰ ਦਾ ਮਲੱਮਾ ਲਹਿੰਦਾ ਹੈ ਪਰ ਉਸ ਦੀ ਲੋੜ ਦੀ ਪੂਰਤੀ ਵੀ ਹੁੰਦੀ ਹੈ। ਕਿਰਨਾ ਹਨੁਰੀ ਕਾਮਾ ਨਹੀਂ ਤੇ ਬੰਧੂਆ ਮਜ਼ਦੂਰ ਦੀ ਸ੍ਰੇਣੀ ਦੇ ਵੱਧ ਨੇੜੇ ਹੈ। ਭਾਵੇਂ ਬਗਾਵਤ ਕਰਕੇ ਉਹ ਸਥਿਤੀਆਂ ਬਦਲਣ ਦੀ ਕੋਸ਼ਿਸ਼ ਤਾਂ

ਕਰਦੀ ਹੈ ਪਰ ਸਥਿਤੀਆਂ ਉਹੀ ਰਹਿੰਦੀਆਂ ਹਨ। ਜਿਨ੍ਹਾਂ ਵਿਚ ਅਗੇਤ ਪਛੇਤ ਉਸ ਦੇ ਪਰਿਵਾਰ ਨੂੰ ਡਿੱਗਣਾ ਹੀ ਡਿੱਗਣਾ ਪਵੇਗਾ।

ਸਾਵਲ ਧਾਮੀ: ਜਸਵਿੰਦਰ ਤੇ ਕਿਰਨਾਂ ਦੀ ਮਾਨਸਿਕਤਾ ਬਦਲਣ ਦਾ ਬਿਰਤਾਂਤ ਖੂਬਸੂਰਤ ਹੈ। ਸਮੇਂ ਅਤੇ ਲੋੜਾਂ ਦੇ ਬਦਲਣ ਨਾਲ ਉਨ੍ਹਾਂ ਦਾ ਰਿਸ਼ਤਾ ਜੋ ਰੰਗ ਵਟਾਉਂਦਾ ਹੈ ਬਹੁਤ ਵਧੀਆ ਬਿਆਨ ਕੀਤਾ ਹੈ। ਕਹਾਣੀਕਾਰ ਨੇ ਜਦੋਂ ਪਿਛੋਕੜ ਦੱਸਣਾ ਹੁੰਦਾ ਹੈ ਉਹ ਕਈ ਥਾਂ 'ਤੇ ਕਾਹਲਾ ਵੀ ਪੈ ਜਾਂਦਾ ਹੈ। ਪਹਿਲੀ ਵਾਰ ਦਿੱਲੀ ਜਾਂਦੀ ਕੁੜੀ ਐਨੀ ਛੇਤੀ ਇਹ ਨਹੀਂ ਕਰੂਗੀ ਕਿ ਸਾਡਾ ਆਹ ਪਿਛੋਕੜ ਹੈ। ਕਹਾਣੀਕਾਰ ਨੇ ਕਾਹਲਾ ਪੈ ਕੇ ਕਿਰਨਾਂ ਦਾ ਪਿਛੋਕੜ ਬਿਆਨ ਕੀਤਾ ਹੈ। ਡਾਇਲਾਗ ਵਿਚ ਪੰਜ-ਛੇ ਗੱਲਾਂ ਕਹਿਣਾ ਯਥਾਰਥਕ ਨਹੀਂ ਲੱਗਦਾ, ਪਾਤਰ ਇਉਂ ਨਹੀਂ ਕਹਿੰਦਾ, ਬਿਰਤਾਂਤਕਾਰ ਕਹਿ ਸਕਦੈ। ਇਹ ਦੋ ਥਾਂ ਹੈ। ਸ਼ਹਿਰੀ ਜਿੰਦਗੀ ਦੀ ਵਧੀਆ ਕਹਾਣੀ ਹੈ।

ਹਰਦੀਪ ਢਿਲੋਂ: ਕਹਾਣੀ ਲੰਬੀ ਤਾਂ ਹੈ ਕਹਾਣੀ ਪਹਾੜੀ ਨਦੀ ਵਾਂਗ ਚੱਲਦੀ ਹੈ। ਜਦੋਂ ਰੁਜ਼ਗਾਰ ਦਾਤਾ ਦੀ ਮਾਨਸਿਕਤਾ ਬਦਲਦੀ ਹੈ ਤਾਂ ਮਜ਼ਦੂਰ ਨਾਲ ਜਾਤੀ ਵਿਤਕਰੇ ਦੀ ਥਾਂ ਜਮਾਤੀ ਵਿਤਕਰਾ ਵੀ ਹੁੰਦਾ ਹੈ। ਇਹ ਦੋਵੇ ਪੇਸ਼ ਕੀਤੇ ਹਨ। ਜਸਵਿੰਦਰ ਦੀ ਮਾਂ ਜਸਵਿੰਦਰ ਦੀ ਮਾਨਸਿਕਤਾ ਬਦਲ ਦਿੰਦੀ ਹੈ। ਇਹ ਠੀਕ ਨਹੀਂ ਲੱਗਦਾ ਜਸਵਿੰਦਰ ਦਾ ਪਤੀ ਮਹੀਨੇ ਬਾਅਦ ਆਉਂਦਾ ਹੋਵੇ, ਉਸ ਵਿਚ ਕੋਈ ਭੈੜ ਵੀ ਨਾ ਹੋਵੇ। ਇਕ ਪਾਇਲਟ ਨੂੰ ਦਿੱਲੀ ਵਿਚ ਐਡੀ ਵੱਡੀ ਕੋਠੀ ਨਹੀਂ ਮਿਲਦੀ, ਫਲੈਟ ਮਿਲਦੇ ਹਨ। ਕਹਾਣੀ ਦੀ ਵਾਰਤਾਲਾਪ ਪਾਤਰਾਂ ਦੇ ਦਿਲਾਂ ਵਿਚ ਬੈਠ ਕੇ ਬੋਲਣ ਦੀ ਲੋੜ ਹੈ। ਯਥਾਰਥ ਦੇ ਬਹੁਤਾ ਨੇੜੇ ਨਹੀਂ ਜਾਂਦੀ ਇਹ ਕਹਾਣੀ...। ਜਦੋਂ ਮਾਲਕ ਤੇ ਕਾਮਾ ਸ਼੍ਰੇਣੀ ਦੇ ਹਿਤਾਂ ਵਿਚ ਟਕਰਾਉ ਆਉਂਦਾ ਹੈ ਤਾਂ ਇਹ ਇਕ ਦੂਜੇ ਨੂੰ ਉਪਰੀ ਸ਼ੈਅ ਸਮਝਣ ਲੱਗ ਜਾਂਦੇ ਹਨ। ਕਹਾਣੀ ਦਾ ਸਿਰਲੇਖ ਉਪਰੀ ਸ਼ੈਅ ਦੀ ਥਾਂ ਉਪਰੀ ਬਲਾਅ ਠੀਕ ਹੈ। ਸ਼ੈਅ ਇਕ ਵਸਤੂ ਹੈ ਬਲਾਅ ਇਕ ਵਸਤੂ ਨਹੀਂ। ਬਲਾਅ ਇਕ ਕਰੈਕਟਰ ਹੈ।

ਹਰਬੰਸ ਬਰਾੜ: ਤਸੱਲੀ ਹੋਈ ਕਹਾਣੀ ਸੁਣਕੇ। ਕਹਾਣੀ ਵਿਚ ਲੋਟੂ ਤੇ ਲੁੱਟੀ ਜਾਂਦੀ ਕਲਾਸ ਦਾ ਟਕਰਾਅ ਹੈ, ਦੋਹਾਂ ਜਮਾਤਾਂ ਦੇ ਆਪਣੇ ਸੁਭਾਅ ਹਨ। ਰੂਲਿੰਗ ਕਲਾਸ ਦਾ ਸੁਭਾਅ ਕਿਰਤ ਨੂੰ ਲੁੱਟਣਾ ਹੈ। ਉਨ੍ਹਾਂ ਪਹਿਲਾਂ ਮਿੱਠੇ ਪਿਆਰੇ ਹੋਣਾ ਹੁੰਦਾ ਹੈ। ਜਿਵੇਂ-ਜਿਵੇਂ ਉਨ੍ਹਾਂ ਦਾ ਗਲਬਾ ਵਧਦਾ ਹੈ ਤਾਂ ਉਹਨਾਂ ਆਪਣਾ ਅਸਲ ਰੂਪ ਵੀ ਵਿਖਾਉਣਾ ਹੁੰਦਾ ਹੈ। ਲੁੱਟੀ ਜਾਂਦੀ ਕਲਾਸ ਨਾਲ ਮੁਹੱਬਤ ਨਹੀਂ ਹੁੰਦੀ। ਜਿਵੇਂ ਕਿਰਨਾਂ ਦੇ ਪਰਿਵਾਰ ਸਿਰ ਕਰਜਾ ਵਧਦਾ ਜਾਂਦਾ ਹੈ ਉਵੇਂ-ਉਵੇਂ ਜਸਵਿੰਦਰ ਦਾ ਰਵਈਆ ਕਠੋਰ ਹੁੰਦਾ ਜਾਂਦਾ ਹੈ। ਇਹ ਬਹੁਤ ਯਥਾਰਥਕ ਗੱਲ ਹੈ। ਜਦੋਂ ਕਿਰਨਾਂ ਨੇ ਮਹਿਸੂਸ ਕਰ ਲਿਆ ਤਾਂ ਉਸਦਾ ਵਿਦਰੋਹ ਵੀ ਆਪਣੇ ਆਪ ਮੁਕੰਮਲ ਹੋ। ਮੈਨੂੰ ਇਹ ਬਹੁਤ ਚੰਗਾ ਲੱਗਾ।

ਸੰਦੀਪ ਸਮਰਾਲਾ: ਅੱਗ ਨਾਲੋ ਝਾੜ ਕੇ ਰੱਖੀ ਸਵਾਹ ਦੀ ਢੇਰੀ....ਕਿਰਨਾਂ ਨੇ ਢਿੱਡ ਵਿਚੋਂ ਪੂਰਾ ਜੋਰ ਲਾ ਕੇ ਫੂਕ ਮਾਰੀ... ਮੈਨੂੰ ਠੀਕ ਨਹੀਂ ਲੱਗੀਆ। ਡਾਈਪਰ ਵਾਲੀ ਗੱਲ ਇਕ ਫਿਕਰੇ ਵਿਚ ਹੋ ਸਕਦੀ ਸੀ। ਜੰਗਲ ਪਾਣੀ ਵਾਲਾ ਪਹਿਰਾ ਜੇ ਨਾ ਵੀ ਹੁੰਦਾ ਤਾਂ ਵੀ ਕਹਾਣੀ ਮੁਕੰਮਲ ਸੀ।



ਪਰਮਜੀਤ ਮਾਨ: ਦੋ ਪਰਿਵਾਰਾਂ... ਮੱਧਵਰਗੀ ਤੇ ਮਜਦੂਰ ਪਰਿਵਾਰ ਦਾ ਟਕਰਾਓ ਹੈ। ਕਿਰਨਾਂ ਦੇ ਕਿਰਦਾਰ ਵਿਚ ਲਿਆਂਦੀ ਤਬਦੀਲੀ ਬਹੁਤ ਵਧੀਆ ਹੈ।

ਅਤਰਜੀਤ: ਇਹ ਕਹਾਣੀ ਵਿਸ਼ੇ ਤੇ ਮਾਨਵੀ ਦ੍ਰਿਸ਼ਟੀਕੋਣ ਤੋਂ ਬਹੁਤ ਕਮਾਲ ਦੀ ਹੈ, ਬਹੁਤ ਸਾਰੀਆ ਗੱਲਾਂ ਆ ਗਈਆਂ ਹਨ। ਕਿਰਨਾਂ ਨੂੰ ਕੰਮ ਵਿਖਾਉਣ ਤੇ ਘੂਰਨ ਵਾਲੀਆਂ ਗੱਲਾਂ ਦਾ ਦੁਹਰਾਅ ਜ਼ਿਆਦਾ ਹੈ। ਇਹ ਇਕ ਥਾਂ ਨਾਲ ਵੀ ਸਰ ਸਕਦਾ ਹੈ। ਇਸ ਕਹਾਣੀ ਵਿਚੋਂ ਸੁਤੇਸਿਧ ਇੱਛਤ ਯਥਾਰਥ ਨਿੱਕਲ ਰਿਹਾ ਹੈ। ਕਿਉਂਕਿ ਸੋਸ਼ਿਤ ਤੇ ਸੋਸ਼ਿਕ ਜਮਾਤਾਂ ਦਾ ਜੋ ਪਾੜਾ ਕਹਾਣੀ ਵਿਚ ਵਿਖਾਇਆ ਹੈ, ਸੋਸ਼ਕ ਦਾ ਰਵਈਆ ਤੇ ਸੋਸ਼ਿਤ ਦਾ ਮਨੋਵਿਗਿਆਨ ਬਹੁਤ ਖੂਬਸੂਰਤੀ ਨਾਲ ਬਿਆਨ ਕੀਤੈ। ਦੁਹਰਾਅ ਘਟਾਓ। ਅਖੀਰ ਵਿਚ ਉਪਰੀ ਸ਼ੈਅ ਹੈਡਿੰਗ ਠੀਕ ਹੈ। ਵਿਸ਼ੇ ਪੱਖੋ ਕਹਾਣੀ ਵਧੀਆ ਹੈ। ਲੇਖਕ ਦੀ ਹਮਦਰਦੀ ਕਿਰਨਾਂ ਤੇ ਉਸ ਦੇ ਪਰਿਵਾਰ ਨਾਲ ਹੈ। ਮਾਲਕ ਵਰਗ ਦਾ ਕਿਰਦਾਰ ਆਪਣੇ ਆਪ ਨੰਗਾ ਹੋਇਆ ਹੈ।

ਲਾਭ ਸਿੰਘ ਖੀਵਾ: ਕਹਾਣੀ ਵਿਚ ਬਤੌਰ ਵਿਧਾ ਯਥਾਰਥ ਬਹੁਤ ਜਰੂਰੀ ਹੈ। ਕਥਾਨਕ ਤੇ ਉਸਦੀ ਪੇਸ਼ਕਾਰੀ ਵਿਚ ਸਹਿਜਤਾ ਹੋਣਾ ਵੀ ਬਹੁਤ ਜਰੂਰੀ ਹੈ। ਇਸ ਕਹਾਣੀ ਵਿਚ ਦੋਨਾਂ ਪਰਿਵਾਰਾਂ ਦੇ ਮੁੱਖ ਪਾਤਰਾਂ ਵਿਚ ਮਾਨਸਿਕ ਤਬਦੀਲੀ ਸਹਿਜ ਰੂਪ ਵਿਚ ਆਉਂਦੀ ਹੈ। ਕਿਰਨਾਂ ਤੇ ਜਸਵਿੰਦਰ ਫਲੈਟ ਪਾਤਰ ਨਹੀਂ ਹਨ। ਜਿਵੇਂ ਪਹਿਲਾਂ ਸੀ ਅੰਤ ਤੱਕ ਉਵੇਂ ਨਹੀਂ ਰਹੇ। ਉਨ੍ਹਾਂ ਵਿਚ ਵਿਖਾਈ ਤਬਦੀਲੀ ਬਹੁਤ ਸਹਿਜ ਹੈ। ਕਥਾਨਕ ਦਾ ਖਿਲਾਰਾ ਬਹੁਤ ਪਿਆ ਹੈ। ਉਸ ਵਿਚ ਸਹਿਜਤਾ ਨਹੀਂ ਹੈ। ਪਲਾਟ ਗੁੰਦਵਾਂ ਨਹੀਂ। ਆਪਣੇ ਘਰੇ ਦੋ ਤਿੰਨ ਵਾਰ ਕਿਉਂ ਜਾਵੇ, ਇਹ ਨਾਵਲ ਥੋੜਾ ਹੈ। ਕਥਾਨਕ ਹੋਰ ਗੁੰਦਵਾਂ ਬਣਾਉਣ ਤੇ ਦਹਰਾਓ ਤੋਂ ਬਚਣ ਦੀ ਲੋੜ ਹੈ। ਇਸ ਦਾ ਅੰਤ ਹੋਰ ਵੀ ਜੇ ਕਲਾਤਮਕ ਬਣਾਉਣਾ ਹੈ ਜਦੋ ਕਿਰਨਾਂ ਆਪਣੀ ਭੈਣ ਨੂੰ ਲੈ ਕੇ ਨਿਕਲ ਜਾਂਦੀ ਹੈ, ਛਿੰਦਰ ਦੋ ਕੁੜੀਆਂ ਨੂੰ ਵੇਖਦੀ ਹੈ ਦਾਤੀ ਪੱਲੀ ਚੱਕ ਕੇ ਜਾ ਚੁੱਕੀਆਂ ਹਨ, ਮਾਂ ਵੇਂਹਦੀ ਰਹਿ ਗਈ। ਜਿਹੜੀ ਗੱਲ ਡਾ. ਕਾਕੜਾ ਨੇ ਕਹੀ ਹੈ ਕਿ ਹੋਰ ਅੱਗੇ ਵੱਧਣ ਦੀ ਲੋੜ ਹੈ ਤਾਂ ਕਹਾਣੀ ਦੀ ਯਥਾਰਕਤਾ ਨਹੀਂ ਰਹਿਣੀ। ਅੱਜ ਦੀ ਪੰਜਾਬੀ ਕਹਾਣੀ ਜੇ ਅੱਜ ਇਕ ਨੰਬਰ 'ਤੇ ਜਾ ਰਹੀ ਹੈ ਤਾਂ ਉਹ ਇਸੇ ਕਰਕੇ ਜਾ ਰਹੀ ਹੈ ਕਿ ਉਸ ਵਿੱਚ ਸਹਿਜਤਾ ਤੇ ਵਾਸਵਿਕਤਾ ਬਹੁਤ ਹੈ। ਲੇਖਕ ਕਹਾਣੀ ਵਿੱਚ ਬਿਲਕੁੱਲ ਨਾ ਬੋਲੇ। ਬਿਰਤਾਂਤਕਾਰ ਬਣ ਕੇ ਬਿਰਤਾਂਤ ਸਿਰਜੇ। ਲੇਖਕ ਰਚਨਾ ਵਿੱਚ ਆਪ ਨਾ ਵੜੇ ਨਾ ਆਪਣੀ ਸੋਚ ਵਾੜੇ। ਨਾ ਹੀ ਪਾਤਰਾਂ ਦੇ ਕੰਨ ਮਰੋੜੇ। ਕਹਾਣੀ ਨੂੰ ਸੁਧਾਰ ਦੀ ਲੋੜ ਹੈ ਪਰ ਕਹਾਣੀ ਵਿਸ਼ੇ ਪੱਖੋਂ ਬਹੁਤ ਵਧੀਆ ਹੈ। ਸਟੇਜ ਤੇ ਬੋਲਣ ਵੇਲੇ ਤਾਂ ਚੇਤੰਨਤਾ ਦਿਤੀ ਜਾ ਸਕਦੀ ਹੈ ਪਰ ਸਿਰਜਕ ਨੂੰ ਅਜਿਹਾ ਨਹੀਂ ਕਰਨਾ ਚਾਹੀਦਾ।

## ਨੁਕਸ

ਪ੍ਰਗਟ ਸਿੰਘ ਬਰਾੜ : ਅਸੀਂ ਸੰਦੀਪ ਦੀ 'ਨੁਕਸ' ਕਹਾਣੀ 'ਤੇ ਵਿਚਾਰ ਕਰਾਂਗੇ। ਕਹਾਣੀ ਦਾ ਸਿਰਲੇਖ ਆਪਣੇ ਆਪ ਵਿਚ ਬਹੁਪਰਤੀ ਤੇ ਬਹੁਦਿਸ਼ਾਵੀ ਸੰਕਟ ਜਾਂ ਘਾਟ (ਨੁਕਸ) ਦੀ ਪ੍ਰਤੀਤੀ ਕਰਵਾਉਂਦਾ ਹੈ। ਅੱਜ ਦੇ ਉੱਤਰ ਆਧੁਨਿਕੀ ਸਮਾਜ ਵਿਚ ਮਨੁੱਖ ਦੀਆਂ ਲੋੜਾਂ, ਪ੍ਰਾਪਤੀਆਂ, ਇੱਛਾਵਾਂ, ਅਕਾਂਖਿਆਵਾਂ, ਕਾਮਨਾਵਾਂ ਤੇ ਲਾਲਸਾਵਾਂ ਦਾ ਸਰੂਪ

ਪਰਿਵਰਤਿਤ ਹੋਇਆ ਹੈ, ਉੱਥੇ ਮਨੁੱਖ ਦੀਆਂ ਸਮੱਸਿਆਵਾਂ, ਦੁਸ਼ਵਾਰੀਆਂ ਤੇ ਸੰਕਟ ਵੀ ਬਹੁਪਰਤੀ, ਬਹੁਦਿਸ਼ਾਵੀ ਤੇ ਬਹੁਰੂਪੀ ਹੋ ਗਏ ਹਨ। ਵਾਸਤਵ ਵਿਚ ਵਿਸ਼ਵੀਕਰਣ ਦੇ ਵਰਤਾਰੇ ਨੇ ਸਮਾਜ ਦੇ ਕੇਂਦਰ ਵਿਚ ਮਨੁੱਖ, ਮਾਨਵੀ ਰਿਸ਼ਤਿਆਂ ਤੇ ਮਾਨਵੀ ਸੰਵੇਦਨਾ ਦੀ ਥਾਂ ਬਾਜ਼ਾਰ, ਪਦਾਰਥ ਤੇ ਪੂੰਜੀ ਨੂੰ ਲਿਆ ਖੜ੍ਹਾ ਕੀਤਾ ਹੈ। ਬਾਜ਼ਾਰ ਤੇ ਪੂੰਜੀ ਨੇ ਸਮਾਜ ਨੂੰ ਇਸ ਕਦਰ ਆਪਣੇ ਗਲਬੇ ਵਿਚ ਲਿਆ ਹੈ ਕਿ ਰਿਸ਼ਤਿਆਂ ਦੀਆਂ ਤੰਦਾਂ ਨੂੰ ਗੁੰਝਲਦਾਰ ਤੇ ਕੰਮਜੋਰ ਕਰ ਦਿੱਤਾ ਹੈ। ਅਜੋਕੇ ਉਤਰ ਆਧੁਨਿਕੀ ਸਮਾਜ ਵਿਚ ਮਾਨਵੀ ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਪੂੰਜੀ ਨੇ ਗੰਧਲਾ ਕਰ ਦਿੱਤਾ ਹੈ। ਹਰ ਵਿਅਕਤੀ ਬਾਜ਼ਾਰ ਦੇ ਨੇਮ ਅਨੁਸਾਰ ਆਪਣੇ ਪਰਿਵਾਰਕ ਤੇ ਸਮਾਜਕ ਰਿਸ਼ਤਿਆਂ ਨੂੰ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਹਿਤ ਵਰਤਣ ਤੇ ਨਿੱਜੀ ਮੁਫ਼ਾਦ ਲਈ ਨਵੇਂ ਰਿਸ਼ਤੇ ਉਸਾਰਣ ਵਲ ਅਗਰਸਰ ਹੈ। ਇਹੀ ਕਾਰਨ ਹੈ ਕਿ ਪੰਜਾਬੀ ਸਭਿਆਚਾਰਕ ਕਦਰਾਂ ਤੇ ਸਮਾਜਕ ਕੀਮਤ ਪ੍ਰਬੰਧ ਦਾ ਰਵਾਇਤੀ ਖਾਕਾ ਭੁਰ ਰਿਹਾ ਹੈ ਅਤੇ ਉਤਰ ਆਧੁਨਿਕੀ ਪਰਿਪੇਖ ਵਿਚ ਮਾਨਵੀ ਰਿਸ਼ਤਿਆਂ ਦੀ ਬਾਜ਼ਾਰ ਅਧਾਰਤ ਨਵੀਂ ਵਿਆਕਰਣ ਘੜੀ ਜਾ ਰਹੀ ਹੈ। ਵਿਚਾਰ ਅਧੀਨ ਕਹਾਣੀ 'ਨੁਕਸ' ਵਿਚ ਅਜੋਕੇ ਉਤਰ ਆਧੁਨਿਕੀ ਸਮਾਜ ਵਿਚਲੇ ਪੂੰਜੀਵਾਦ ਦੀ ਨੀਂਹ ਉਪਰ ਉਸਾਰਧੀਨ ਮਾਨਵੀ ਰਿਸ਼ਤਿਆਂ ਦੀ ਵਿਆਕਰਣ ਨੂੰ ਪੇਸ਼ ਕੀਤਾ ਗਿਆ ਹੈ। ਕਹਾਣੀ ਵਿਚ ਸਭਿਆਚਾਰਕ ਬਦਲਾਅ ਨੂੰ ਰੂਪਮਾਨ ਕੀਤਾ ਗਿਆ ਹੈ। ਕਿਸ਼ਨ ਪਰੰਪਰਾਵਾਂ ਦੇ ਪ੍ਰਤੀਨਿਧ ਵਜੋਂ ਅਤੇ ਨੁਕਲ ਤੇ ਸੰਸਕ੍ਰਿਤੀ ਸਭਿਆਚਾਰ 'ਚ ਆ ਰਹੇ ਪਰਿਵਰਤਨਾਂ ਦੇ ਪ੍ਰਤੀਨਿਧ ਵਜੋਂ ਪੇਸ਼ ਹੁੰਦੇ ਹਨ। ਪਰੰਪਰਾ ਦਾ ਨਵੀਨਤਾ ਨਾਲ ਟਕਰਾਅ ਹੋਣਾ ਸੁਭਾਵਿਕ ਹੈ ਕਿਉਂਕਿ ਕੋਈ ਵੀ ਸਮਾਜ ਦੀਆਂ ਸਥਾਪਤ ਕਦਰਾਂ ਤੇ ਕੀਮਤ ਪ੍ਰਬੰਧ ਕਦੇ ਵੀ ਨਵੀਨਤਾ ਨੂੰ ਸਹਿਜੇ ਸਵੀਕਾਰ ਨਹੀਂ ਕਰਦਾ। ਸ਼ੁਰੂਆਤ ਵਿਚ ਪਰੰਪਰਾ ਤੇ ਨਵੀਨਤਾ ਵਿਚ ਟਕਰਾਅ ਪੈਦਾ ਹੁੰਦਾ ਹੈ ਅਤੇ ਫਿਰ ਦੋਨਾਂ ਧਿਰਾਂ ਦੀ ਪਰਸਪਰ ਭੁਰਣ ਤੇ ਜੁੜਨ ਦੀ ਪ੍ਰਕਿਰਿਆ ਵਾਪਰਦੀ ਹੈ ਅਤੇ ਥੋੜ੍ਹੇ ਬਹੁਤੇ ਬਦਲਾਅ ਨਾਲ ਨਵੀਨਤਾ ਨੂੰ ਅਪਣਾ ਲਿਆ ਜਾਂਦਾ ਹੈ ਅਤੇ ਸਮਾਂ ਪਾ ਕੇ ਉਹ ਸਥਾਪਤੀ ਦਾ ਹਿੱਸਾ ਬਣ ਜਾਂਦੀ ਹੈ। ਇਸੇ ਤਰ੍ਹਾਂ ਕਹਾਣੀ ਵਿਚ ਕਿਸ਼ਨ ਵੀ ਘਰ ਛੱਡ ਕੇ ਜਾਂਦਾ ਹੈ ਤਾਂ ਨੁਕਲ ਦੇ ਘਰ ਛੱਡ ਕੇ ਬੰਗਲੌਰ ਨੌਕਰੀ ਕਰਨ ਨੂੰ ਸਹਿਜਤਾ ਨਾਲ ਪ੍ਰਵਾਨ ਕਰ ਲਿਆ ਜਾਂਦਾ ਹੈ। ਪਰ ਉਸ ਦੁਆਰਾ ਆਪਣੀ ਮਰਜ਼ੀ ਮੁਤਾਬਕ ਸੰਸਕ੍ਰਿਤੀ ਨਾਲ ਪਿਆਰ ਵਿਆਹ ਕਰਵਾਉਣਾ, ਕਿਸ਼ਨ ਲਈ ਕਸ਼ਟਦਾਇਕ ਹੈ ਕਿਉਂਕਿ ਇਸ ਨਾਲ ਉਸਦਾ ਸਮਾਜਕ ਨੱਕ ਨਮੂਜ਼ ਤੇ ਹਊਂ ਨੂੰ ਚੋਟ ਪਹੁੰਚਦੀ ਹੈ।

ਹਾਲਾਂਕਿ ਅਜੋਕੇ ਸਮਾਜ ਵਿਚ ਹੁਣ ਪਿਆਰ ਵਿਆਹ ਕੋਈ ਵੱਡੀ ਸਮੱਸਿਆ ਨਹੀਂ ਰਿਹਾ। ਸਿੱਖਿਆ ਤੇ ਆਧੁਨਿਕੀਕਰਨ ਦੇ ਕਾਰਨ ਹੁਣ ਪਿਆਰ ਵਿਆਹ ਪ੍ਰਵਾਨਯੋਗ ਹੋ ਗਿਆ ਹੈ। ਕਹਾਣੀ ਵਿਚ ਵੀ ਕਿਸ਼ਨ ਨੁਕਲ ਦੇ ਪਿਆਰ ਵਿਆਹ ਨੂੰ ਸਮਾਜਕ ਪੱਧਰ 'ਤੇ ਪ੍ਰਵਾਨ ਕਰਦਾ ਹੈ ਪਰ ਆਤਮਿਕ ਪੱਧਰ 'ਤੇ ਉਸ ਅੰਦਰ ਅੰਤਰ ਵਿਰੋਧ ਪਣਪਦਾ ਹੈ ਜੋ ਉਸਦੇ ਸਿਰ ਵਿਚ ਠਕ-ਠਕ ਦਾ ਹਥੌੜੇ ਵਾਂਗ ਵੱਜਣ ਦੇ ਬਿਰਤਾਂਤ ਤੋਂ ਪ੍ਰਤੀਤ ਹੁੰਦਾ ਹੈ। ਕਹਾਣੀ ਵਿਚ ਕਿਸ਼ਨ ਦੇ ਹਵਾਲੇ ਨਾਲ ਅਜੋਕੇ ਸਮਾਜ ਵਿਚ ਪਣਪ ਰਹੀ ਇਕੱਲਤਾ ਤੇ ਉਦਾਸੀ ਦੀ ਗੰਭੀਰ ਸਮੱਸਿਆ ਨੂੰ ਪ੍ਰਸਤੁਤ ਕੀਤਾ ਗਿਆ ਹੈ। ਕਿਸ਼ਨ ਲਾਲ ਲਈ ਆਪਣੇ ਪੁੱਤ ਦਾ ਸਭਿਆਚਾਰਕ ਕਦਰਾਂ ਤੋਂ ਮੁਨਕਰ ਹੋਣਾ ਕਸ਼ਟਦਾਇਕ ਹੈ ਪਰ ਉਸਦੀ ਮਾਨਸਿਕ ਪ੍ਰੇਸ਼ਾਨੀ ਨੂੰ ਇਕੱਲਤਾ ਤੇ ਉਦਾਸੀ ਹੋਰ ਵਡੇਰਾ ਕਰਦੀ ਹੈ। ਉਹ ਡਾਕਟਰ ਨਾਲ ਆਪਣੇ ਮਨ ਦੀ ਗੰਢ ਖੋਲਣਾ ਚਾਹੁੰਦਾ



ਹੈ ਪਰ ਆਪਣੇ ਆਪ ਨੂੰ ਪਾਗਲ ਸਮਝੇ ਜਾਣ ਤੋਂ ਵੀ ਡਰਦਾ ਹੈ। ਭਾਵੇਂ ਸੰਚਾਰ ਸਾਧਨਾਂ ਤੇ ਤਕਨੀਕੀ ਵਿਕਾਸ ਨਾਲ ਸੰਸਾਰ ਗਲੋਬਲੀ ਪਿੰਡ ਬਣ ਗਿਆ ਹੈ ਪਰ ਵਾਸਤਵ ਵਿਚ ਅਜੋਕੇ ਸਮਾਜ ਵਿਚ ਮਨੁੱਖ ਬਿਲਕੁਲ ਇਕੱਲਾ ਰਹਿ ਗਿਆ ਹੈ। ਅਸਲ ਵਿਚ ਮਨੁੱਖ ਦੀ ਮਨੁੱਖ ਤੋਂ ਦੂਰੀ ਵੱਧ ਗਈ ਹੈ। ਇਹੀ ਕਾਰਨ ਹੈ ਕਿ ਕਿਸ਼ਨ ਲਾਲ ਪਹਿਲਾਂ ਆਪਣੀ ਪਤਨੀ ਨੂੰ ਆਢਾ ਲਾਉਣ ਵਾਲੀ ਸਮਝਦਾ ਹੈ ਪਰ ਉਸਨੂੰ ਬਾਅਦ ਵਿਚ ਅਹਿਸਾਸ ਹੁੰਦਾ ਹੈ ਕਿ ਆਪਣੇ ਪੁੱਤ ਤੋਂ ਦੂਰੀ ਦਾ ਦੁੱਖ ਉਹ ਵੀ ਹੰਢਾ ਰਹੀ ਹੈ। ਸਗੋਂ ਉਸਦਾ ਦੁੱਖ ਕਿਸ਼ਨ ਦੇ ਮੁਕਾਬਲੇ ਬਹੁਕੋਣੀ ਹੋਣ ਕਾਰਨ ਵਡੇਰਾ ਹੈ। ਹੱਥਲੀ ਕਹਾਣੀ ਵਿਚ ਉਤਰ ਆਧੁਨਿਕੀ ਸਮਾਜ ਵਿਚ ਬੱਚਾ ਨਾ ਲੈਣ ਦਾ ਰੁਝਾਨ, ਮਾਂ ਵਲੋਂ ਆਪਣੇ ਬੱਚੇ ਨੂੰ ਦੁੱਧ ਨਾ ਚੰਘਾਉਣਾ, ਕੰਮਕਾਜੀ ਔਰਤ ਦੀ ਸਮਾਜਕ, ਸਭਿਆਚਾਰਕ ਅਤੇ ਪਰਿਵਾਰਕ ਸਥਿਤੀ ਨੂੰ ਉਘਾੜਿਆ ਗਿਆ ਹੈ। ਗਾਇਤਰੀ ਤੇ ਨੁਕਲ ਦੁਆਰਾ ਪੰਜ ਸਾਲ ਬਾਅਦ ਬੱਚਾ ਲੈਣਾ ਤੇ ਛੁੱਟੀਆਂ ਦੀ ਮਜ਼ਬੂਰੀ ਕਾਰਨ ਬੱਚੀ ਨੂੰ ਪਾਲਣ ਲਈ ਆਪਣੀ ਮਾਂ ਕੋਲ ਛੱਡਣਾ ਆਦਿ ਬਿਰਤਾਂਤ ਕੰਮਕਾਜੀ ਔਰਤ ਦੇ ਦੁਖਾਂਤ ਨੂੰ ਅਭਿਵਿਅਕਤ ਕਰਦਾ ਹੈ। ਨੁਕਲ ਦਾ ਪਹਿਲਾਂ ਸੰਸਕ੍ਰਿਤੀ, ਫਿਰ ਮ੍ਰਿਦੁਲਾ ਤੇ ਫਿਰ ਗਾਇਤਰੀ ਨਾਲ ਵਿਆਹ ਕਰਵਾਉਣਾ, ਪੂੰਜੀਵਾਦੀ ਸਮਾਜ ਵਿਚ ਸਮਾਜਕ ਤੇ ਪਰਿਵਾਰਕ ਰਿਸ਼ਤਿਆਂ ਦੀ ਘੱਟ ਰਹੀ ਉਮਰ ਤੇ ਘੱਟ ਰਹੀ ਪਾਕੀਜ਼ਗੀ ਵਲ ਸੰਕੇਤ ਕਰਦਾ ਹੈ। ਉਤਰ ਆਧੁਨਿਕੀ ਸਮਾਜ ਵਿਚ ਮਾਪਿਆਂ ਸਾਹਵੇਂ ਪਿਆਰ ਵਿਆਹ ਦੇ ਥਾਂਵੇਂ ਬਦਲਵੇਂ ਰੂਪ ਵਿਚ ਸਮਲਿੰਗੀ ਰਿਸ਼ਤਿਆਂ ਤੇ ਲਿਵਿੰਗ ਰਿਲੇਸ਼ਨ ਵਰਗੀਆਂ ਸਮੱਸਿਆਵਾਂ ਆ ਖੜ੍ਹੀਆਂ ਹੋਈਆਂ ਹਨ। ਇਸੇ ਲਈ ਗਾਇਤਰੀ ਦੇ ਮਾਪੇ ਨੁਕਲ ਦੇ ਮਾਪਿਆਂ ਨਾਲ ਵੀਡਿਓ ਕਾਲ ਕਰਕੇ ਅਤੇ ਪੰਜ ਸਾਲਾਂ ਬਾਅਦ ਬੱਚਾ ਲੈਣ 'ਤੇ ਭਾਵੇਂ ਕੁੜੀ ਹੀ ਹੈ, ਤਸੱਲੀ ਮਹਿਸੂਸ ਕਰਦੇ ਹਨ। ਨੁਕਲ ਦੇ ਤਿੰਨ ਵਿਆਹ ਕਰਵਾਉਣ ਦੇ ਬਿਰਤਾਂਤ ਜ਼ਰੀਏ ਕਹਾਣੀਕਾਰ ਅਜੋਕੇ ਸਮਾਜ ਵਿਆਹ ਪ੍ਰਬੰਧ ਦੇ ਖੋਖਲੇਪਣ ਨੂੰ ਉਭਾਰਦਾ ਹੈ ਅਤੇ ਕਹਾਣੀ ਤੇ ਅੰਤ ਵਿਚ "ਅੰਕਲ ਇਹ ਤਾਂ ਗਾਇਤਰੀ ਆ, ਸੰਸਕ੍ਰਿਤੀ ਤਾਂ ਪਿੱਛੇ ਕਿਸੇ ਹੋਰ ਨਾਲ ਲੱਗੀ ਹੋਈ ਆ", ਵਰਗਾ ਸੰਵਾਦ ਰਚ ਕੇ ਟੁੱਟ ਰਹੇ ਸਭਿਆਚਾਰਕ ਕੀਮਤ ਪ੍ਰਬੰਧ ਤੇ ਮੁੱਲ ਵਿਧਾਨ ਵਲ ਵਿਅੰਗਮਈ ਇਸ਼ਾਰਾ ਕਰਦਾ ਹੈ। ਕਹਾਣੀ ਵਿਚ ਕਿਸ਼ਨ ਲਾਲ ਦੁਆਰਾ ਆਪਣੀ ਤੇ ਕਾਂਤਾ ਦੀ ਫੋਟੋ 'ਤੇ ਆਪ ਹੀ ਹਾਰ ਪਾਉਣਾ, ਸਮਕਾਲੀ ਸਮਾਜ ਦੇ ਸੰਕਟਾਂ ਨੂੰ ਹੋਰ ਗਹਿਰਾ ਬਣਾਉਂਦਾ ਹੈ ਅਤੇ ਪੂੰਜੀਵਾਦ ਦੇ ਖੋਖਲੇ ਪੰਪ੍ਰਚਾਂ ਨੂੰ ਨੰਗਾ ਕਰਦਾ ਹੈ। ਹੁਣ ਜੇ ਅਸੀਂ ਕਹਾਣੀ ਦੇ ਰੂਪਕ ਪੱਖ ਨੂੰ ਵਾਚੀਏ ਤਾਂ ਕਹਾਣੀ ਸਰਬਗਿਆਤਾ ਬਿਰਤਾਂਤਕਾਰ ਦੀ ਜੁਗਤ ਨਾਲ ਰਚੀ ਗਈ ਹੈ। ਬਿਰਤਾਂਤਕਾਰ ਇਕ ਰੱਬ ਵਾਂਗ ਕਿਸ਼ਨ ਤੇ ਕਾਂਤਾ ਦੇ ਮਨ ਦੀਆਂ ਗੁੰਝਲਾਂ ਨੂੰ ਵੀ ਪਕੜਦਾ ਹੈ ਤੇ ਆਵਾਜ਼ ਦਿੰਦਾ ਹੈ। ਕਹਾਣੀਕਾਰ ਸਾਰੀ ਕਹਾਣੀ ਨੂੰ ਕਿਸ਼ਨ ਲਾਲ ਦੇ ਪੱਖ ਤੋਂ ਭਾਵ ਸਭਿਆਚਾਰਕ ਸਥਾਪਤੀ ਤੇ ਪੱਖ ਤੋਂ ਬਿਆਨਦਾ ਹੈ। ਸਾਰੀ ਕਹਾਣੀ ਵਿਚ ਨੌਜਵਾਨ ਪੀੜ੍ਹੀ ਨੁਕਲ, ਸੰਸਕ੍ਰਿਤੀ, ਮ੍ਰਿਦੁਲਾ ਤੇ ਗਾਇਤਰੀ ਦਾ ਪੱਖ ਗੈਰ ਹਾਜ਼ਰ ਹੈ। ਪਾਤਰਾਂ ਦੇ ਸੰਵਾਦ ਚੁਸਤ ਹਨ। ਕਹਾਣੀਕਾਰ ਕਹਾਣੀ ਨੂੰ ਰਸੀਲਾ ਬਣਾਉਣ ਲਈ ਬੇਲੋੜੀ ਖੁੱਲ ਨਹੀਂ ਲੈਂਦਾ ਬਲਕਿ ਉਹ ਚੁਬਾਰੇ ਦੇ ਘਟਨਾਕ੍ਰਮ ਨੂੰ ਕਿਸ਼ਨ ਦੇ ਰਾਹੀਂ ਕੰਜ਼ਰਖਾਨਾ ਅਖਵਾ ਕੇ ਛੁਟਿਆਉਂਦਾ ਹੈ। ਹਾਲਾਂਕਿ ਕਹਾਣੀ ਕਿਸ਼ਨ ਦੇ ਮਨੋਵਿਗਿਆਨਕ ਪੱਖ ਨੂੰ ਉਘਾੜਨ ਵਲ ਅਰਗਸਰ ਹੈ ਪਰ ਫਿਰ ਵੀ ਉਹ ਇਸ ਨੂੰ ਗੁੰਝਲਦਾਰ

ਨਹੀਂ ਬਣਾਉਂਦਾ ਜੋ ਕਹਾਣੀਕਾਰ ਦੀ ਪ੍ਰਾਪਤੀ ਹੈ। ਕਹਾਣੀ ਵਿਚ ਲੋੜ ਮੁਤਾਬਕ ਅਖਾਣ ਵਰਤੇ ਗਏ ਹਨ ਜੋ ਕਹਾਣੀ ਦੀ ਬੁਣਤ ਨੂੰ ਸੰਘਣਾ ਤੇ ਅਰਥਾਂ ਦਾ ਘੇਰਾ ਵਿਸ਼ਾਲ ਕਰਦੇ ਹਨ।

ਰਾਜਪਾਲ ਸਿੰਘ: ਜੇ ਕਹਾਣੀ ਦੀ ਗੱਲ ਕਰੀਏ ਤਾਂ ਮੈਨੂੰ ਮ੍ਰਿਦੁਲਾ ਦਾ ਪਾਤਰ ਵਾਧੂ ਲੱਗਿਆ। ਕਹਾਣੀਕਾਰ ਤਾਂ ਸ਼ਾਇਦ ਇਸ ਗੱਲ 'ਤੇ ਜ਼ੋਰ ਦੇਣਾ ਚਾਹੁੰਦੈ ਕਿ ਅੱਜ ਦੇ ਸਮਿਆਂ ਵਿਚ ਇਕ ਵਿਆਹ ਕਰਾ ਲਿਆ, ਛੱਡ'ਤਾਂ, ਦੂਜੀ ਲੈ ਆਂਦੀ, ਪਰ ਇਥੇ ਇਹ ਹੈਗਾ ਕਿ ਉਹ ਮ੍ਰਿਦੁਲਾ ਦੇ ਨਾਲ ਉਹ ਕੋਰਟ ਮੈਰਿਜ ਕਰਾਉਂਦੈਂ, ਕੋਰਟ ਮੈਰਿਜ ਨਾਲ ਇਕ ਕਨੂੰਨੀ ਅਧਿਕਾਰ ਮਿਲ ਜਾਂਦੈ, ਉਸ ਤੋਂ ਬਾਅਦ ਉਹ ਗਾਇਤਰੀ ਨਾਲ ਵਿਆਹ ਕਰਾਉਂਦੈ ਤਾਂ ਪਹਿਲੀ ਮ੍ਰਿਦੁਲਾ ਦਾ ਕੀ ਬਣਿਆ, ਇਹ ਪਤਾ ਨਹੀਂ ਲਗਦਾ। ਮੈਨੂੰ ਲਗਦੈ ਕਿ ਜਾਂ ਤਾਂ ਉਹ ਪਾਤਰ ਹੀ ਨਹੀਂ ਹੋਣਾ ਚਾਹੀਦਾ, ਜਾਂ ਸਪੱਸ਼ਟ ਹੋਣਾ ਚਾਹੀਦੈ ਕਿ ਇਹ ਕੀ ਹੋਇਆ। ਦੂਜਾ ਵਧੀਆ ਪੱਖ ਹੈ ਕਿ ਕਾਂਤਾ ਦਾ ਪਾਤਰ ਨਵੀਆਂ ਸਥਿਤੀਆਂ ਨੂੰ ਕਿਸ਼ਨ ਦੇ ਮੁਕਾਬਲੇ ਵਧੀਆ ਢੰਗ ਨਾਲ ਅਡਜੈਸਟ ਕਰਦੈ। ਆਮ ਤੌਰ ਤੇ ਸਾਡੇ ਸਮਾਜ 'ਚ ਕਿਹਾ ਜਾਂਦਾ ਹੈ ਕਿ ਔਰਤਾਂ ਪ੍ਰੰਪਰਾਵਾਂ ਨਾਲ ਜਿਆਦਾ ਬੱਝੀਆਂ ਹੁੰਦੀਐ, ਇਨ੍ਹਾਂ ਵਿਸ਼ਿਆ 'ਤੇ ਜਿਆਦਾ ਕਲੇਸ਼ ਕਰਦੀਆਂ ਹਨ। ਪਰ ਕਾਂਤਾ ਹਰ ਗੱਲ ਦਾ ਇਕ ਤਰਕ ਸਿਰਜ ਲੈਂਦੀ ਹੈ, ਹੁੰਦਾ ਉਹ ਉਸਦੀ ਆਪਣੀ ਮਨੋਵਿਗਿਆਨਕ ਤਸੱਲੀ ਵਾਸਤੇ ਹੀ ਹੈ, ਜਿਸ ਕਰ ਕੇ ਉਹ ਓਡੇ ਸੰਕਟ ਵਿਚ ਨਹੀਂ ਫਸਦੀ। ਜਿਵੇਂ ਕਿ ਕਿਸ਼ਨ ਫਸਦੈ...। ਬਾਕੀ ਜਿਹੜਾ ਐਂਡ ਤੇ ਫੋਟੂਆਂ ਆਪ ਲਾ ਕੇ ਹਾਰ ਪਾਉਣਾ... ਵੇਖੋ ਪਹਿਲੇ ਸਮਿਆਂ ਵਿਚ ਵੀ ਇਸ ਤਰ੍ਹਾਂ ਦੀ ਗੱਲ ਹੁੰਦੀ ਸੀ ਕਹਿੰਦੇ ਸੀ ਕਿ ਆਵਦਾ ਜਿਉਣ ਮਰਨਾ ਕਰ ਲਿਆ ਸੋ ਅਜਿਹੀ ਗੱਲ ਨਹੀਂ ਕਿ ਇਹ ਗੱਲਾਂ ਆਧੁਨਿਕ ਦੌਰ 'ਚ ਆਈਆ ਹਨ ਇਸਦੇ ਅੰਸ਼ ਪਹਿਲਾਂ ਵੀ ਮਨੁੱਖ 'ਚ ਪਏ ਸੀ। ਹੁਣ ਕਈ ਗੱਲਾਂ ਦਾ ਰੂਪ ਬਦਲ ਗਿਆ। ਬਦਲੇ ਰੂਪ ਕਰਕੇ ਵੱਧ ਚੁਭਦੀਆਂ ਹਨ। ਸੋ ਸਾਰੇ ਈਸ਼ੂ ਕਹਾਣੀ ਵਿਚ ਬਹੁਤ ਵਧੀਆ ਢੰਗ ਨਾਲ ਬੀੜੇ ਹਨ।

ਸੁਖਜਿੰਦਰ: ਮੈਂ ਕਹਾਣੀ ਤੇ ਪਰਚਾ ਸੁਣੇ। ਮੈਨੂੰ ਲੱਗਿਆ ਕਿ ਕਹਾਣੀ ਵਿਚ ਬੜੇ ਵਧੀਆ ਪੱਖ ਵੀ ਹਨ। ਕਹਾਣੀ ਭਾਸ਼ਾ ਤੇ ਬੋਲੀ ਪੇਂਡੂ ਜੀਵਨ ਨਾਲ ਜੁੜੀ ਹੋਈ ਹੈ। ਸ਼ੁੱਧ ਪੰਜਾਬੀ ਦੇ ਤੌਰ ਤੇ ਲਈ ਹੈ। ਜਦੋਂ ਅਸੀਂ ਕਹਾਣੀ ਦੀ ਸੰਰਚਨਾ ਨੂੰ ਵੇਖਦੇ ਹਾਂ, ਕਹਾਣੀ ਦੀ ਭਾਸ਼ਾ, ਬੋਲੀ, ਕਹਾਣੀ ਦਾ ਵਿਸ਼ਾ ਕੀ ਦੱਸ ਰਿਹਾ ਹੈ ਤਾਂ ਕੁਝ ਵਿਚਾਰਧਾਰਵਾਂ ਆਪਣਾ ਪੱਖ ਗਵਾ ਬੈਠਾਦੀਆਂ ਹਨ। ਪਰ ਇਸ ਕਹਾਣੀ ਵਿਚ ਵਧੀਆ ਗੱਲ ਹੈ ਕਿ ਰਿਸ਼ਤਿਆਂ ਦੀ ਹੋ ਰਹੀ ਗਿਰਾਵਟ ਬਾਰੇ ਵਧੀਆ ਬਿਆਨਿਆ ਹੈ। ਮਨੁੱਖ ਦੀ ਅਜੋਕੀ ਮਾਨਸਿਕਤਾ ਕਹਾਣੀ 'ਚ ਵਧੀਆ ਲਈ ਹੈ। ਭਾਵੇ ਉਹ ਪਿਓ ਦੀ ਹੋ, ਪੁੱਤਰ ਦੀ ਹੋ ਜਾਂ ਮਾਂ ਦੀ ਹੋ ਉਸ ਵਿੱਚ ਆ ਰਹੀ ਗਿਰਾਵਟ ਤੇ ਰਿਸ਼ਤਿਆਂ ਦੀ ਤੋੜ ਭੰਨ ਦਾ ਪੱਖ ਕਹਾਣੀ ਵਿਚ ਬੜਾ ਵਧੀਆ ਉਭਰਦਾ ਹੈ। ਇਹਦੇ ਵਿਚ ਇਕ ਹੋਰ ਪੱਖ ਵੀ ਮੈਨੂੰ ਵਧੀਆ ਲੱਗਦਾ ਹੈ ਕਿ ਪੀੜ੍ਹੀਆਂ, ਪਿਓ ਵਾਲੀ ਪੀੜ੍ਹੀ ਤੇ ਪੁੱਤ ਵਾਲੀ ਪੀੜ੍ਹੀ ਦਾ ਪਾੜਾ ਬੜਾ ਸਪੱਸ਼ਟ ਰੂਪ ਵਿੱਚ ਵੇਖਣ ਨੂੰ ਮਿਲਦਾ ਹੈ। ਪਰ ਕਹਾਣੀ ਵਿਚ ਲਮਕਾਅ ਵੀ ਹੈ, ਕੁਝ ਪਾਤਰ ਬੇਲੋੜੇ ਵੀ ਹਨ, ਇਸ ਵਿਚ ਸੁਧਾਰ ਹੋ ਸਕਦਾ ਸੀ।

ਹਰਦੀਪ ਢਿਲੋਂ: ਕਹਾਣੀ ਸਿਫਤਯੋਗ ਹੈ। ਸਭ ਤੋਂ ਵੱਡੀ ਗੱਲ ਹੈ ਕਿ ਕਹਾਣੀ ਸਾਰੀ ਸਥਿਤੀ ਨੂੰ ਸਿਰਲੇਖ ਦੇ ਦੁਆਲੇ ਘਮਾਉਂਦੀ ਹੈ। ਨੁਕਸ ਨਾ ਬੜਾ ਵਧੀਆ ਹੈ... ਨੁਕਸ ਕਿਥੇ ਹੈ... ਜਦੋਂ ਦੂਸਰਾ ਬੰਦਾ ਸਾਡੇ ਮੁਤਾਬਿਕ ਨਹੀਂ ਚੱਲਦਾ... ਭਾਵੇਂ ਘਰ ਤੇ ਘਰੋ ਬਾਹਰ ਐ ਤਾਂ ਉਹ ਸਾਨੂੰ ਨੁਕਸਦਾਰ ਲਗਦੈ... ਦੂਸਰੀ ਗੱਲ ਐ ਕਿ ਜਿਹੜੇ ਲੋਕ ਆਰਥਿਕ ਤੌਰ ਤੇ ਆਤਮ



ਨਿਰਭਰ ਨਹੀਂ ਹੁੰਦੇ, ਉਨ੍ਹਾਂ ਦਾ ਫਾਲਤੂ ਬੰਦਿਆਂ ਨਾਲ ਵਾਹ ਪੈਣਾ ਕੁਦਰਤੀ ਐ... ਜਿਵੇਂ ਇਹਦੇ 'ਚ ਮ੍ਰਿਦੁਲ ਨਾਂ ਦਾ ਪਾਤਰ ਐ। ਪਰ ਸਭ ਤੋਂ ਵੱਡਾ ਨੁਕਸ ਕਿਥੇ ਐ, ਇਹਨਾਂ ਨੇ ਉਹਦੇ ਵੱਲ ਇਸ਼ਾਰਾ ਕੀਤੈ ਕਿ ਪ੍ਰਾਈਵੇਟ ਕੰਪਨੀਆਂ ਬੱਚਿਆਂ ਦੀ ਪਰਵਰਿਸ਼ ਵਾਸਤੇ ਕੋਈ ਸਹੂਲਤਾਂ ਨਹੀਂ ਦਿੰਦੀਆਂ। ਨਵਪੂੰਜੀਵਾਦ ਕੰਮ ਲੈਂਦੇ। ਆਉਣ ਵਾਲੇ ਸਮੇਂ ਵਿਚ ਨਵੇਂ ਫੈਕਟਰੀ ਐਕਟ ਆ ਰਹੇ ਹਨ। ਤਿੰਨ ਸ਼ਿਫਟਾਂ ਦੀ ਥਾਂ ਦੋ ਸ਼ਿਫਟਾਂ ਹੋ ਰਹੀਆਂ ਹਨ। ਅੱਠ ਘੰਟਿਆਂ ਦੀ ਥਾਂ ਤੇ ਬਾਰਾਂ ਘੰਟੇ ਡਿਊਟੀ ਹੋਜੂਗੀ। ਸਾਡਾ ਸਮਾਜਿਕ ਤਾਣਾ ਬਾਣਾ ਹੋਰ ਵੀ ਗੁੰਝਲਦਾਰ ਹੋ ਜਾਣੈ। ਸੋਵੀਅਤ ਰੂਸ ਵਿਚ ਔਰਤਾਂ ਨੂੰ ਬੱਚਾ ਪੈਦਾ ਹੋਣ ਵੇਲੇ ਬਹੁਤ ਸਹੂਲਤਾਂ ਸਨ। ਸਾਡੇ ਦੇਸ਼ ਵਿਚ ਨਹੀਂ। ਆਉਣ ਵਾਲੇ ਸਮੇਂ ਵਿਚ ਇਹ ਮੁਸਕਲਾਂ ਹੋਰ ਵਧਣਗੀਆਂ। ਕਹਾਣੀ ਵਿਚ ਨੁਕਸ ਇਕ ਦੂਜੇ ਵਿਚ ਲਗਦੇ ਹਨ ਅਸਲ ਵਿਚ ਨੁਕਸ ਪੂੰਜੀਵਾਦੀ ਪ੍ਰਬੰਧ ਦਾ ਹੈ।

ਸਾਂਵਲ ਧਾਮੀ: ਮੈਂ ਇਨ੍ਹਾਂ ਦੀ ਭਾਸ਼ਾ 'ਤੇ ਬਲਿਹਾਰੇ ਜਾਨਾਂ। ਕਹਾਣੀ ਦਾ ਪੱਖ ਇਹ ਹੈ ਕਿ ਬਜੁਰਗ ਵਲੋਂ ਕਹੀ ਗਈ ਹੈ... ਜਿਹੜੇ ਜਦੋਂ ਜਵਾਨ ਸੀ ਉਨ੍ਹਾਂ ਨੇ ਵੀ ਉਹੋ ਗਲਤੀ ਕੀਤੀ ਸੀ, ਉਸਦਾ ਅਹਿਸਾਸ ਕਰਾਉਣ ਲਈ ਵਿਰੋਧਾਭਾਸ ਵਜੋਂ ਇਹ ਪਾਤਰ ਲਿਆਉਣੇ ਪੈਣੇ ਸੀ। ਭਾਸ਼ਾਂ ਪੇਂਡੂ ਮੁਹਾਵਰਾ ਵਰਤਿਐ... ਕਹਾਣੀ ਆਧੁਨਿਕ ਸਮੇਂ ਦੀ ਹੈ। ਉਤਰ ਆਧੁਨਿਕਤਾ, ਨਵਪੂੰਜੀਵਾਦ ਨੂੰ ਪੇਸ਼ ਕਰਨ ਲਈ ਲੇਖਕ ਨੇ ਪੰਜਾਬੀ ਮੁਹਾਵਰਾ ਵਰਤਿਐ। ਅਖੌਤਾਂ ਦੀ ਬੜੀ ਢੁਕਵੀਂ ਵਰਤੋਂ ਕੀਤੀ ਐ।

ਜਸਪਾਲ ਮਾਨਖੇੜਾ: ਕਹਾਣੀ ਬਹੁਤ ਵਧੀਆ ਹੈ ਕਿਤੇ ਵੀ ਝੋਲ ਨਹੀਂ। ਕਹਾਣੀ ਗੁੰਦਵੀ ਹੋਈ ਇਕ ਚਾਲ ਚੱਲਦੀ ਹੋਈ ਜਾ ਰਹੀ ਹੈ। ਇਹ ਜਿਹੜਾ ਨੁਕਸ ਹੈ ਅਸਲ ਵਿੱਚ ਇਹ ਪੂੰਜੀਵਾਦੀ ਸਿਸਟਮ ਦਾ ਨੁਕਸ ਹੈ। ਜਿਉਂ-ਜਿਉਂ ਅਗਲੇ ਦੌਰ ਨੇ ਆਉਣੈ ਇਸ ਕਿਸਮ ਦੀਆਂ ਸਮੱਸਿਆਵਾਂ ਆਉਂਣਗੀਆਂ ਹੀ...। ਦੋ ਪੀੜੀਆਂ ਦਾ ਪਾੜਾ ਹੋਰ ਵਧੇਗਾ। ਇਕ ਥਾਂ ਕਿਸ਼ਨ ਪਤਨੀ ਨੂੰ ਕਹਿੰਦਾ ਹੈ ਕਿ 'ਗੁੜ੍ਹਤੀ ਤੂੰ ਨਾ ਦੇਵੀਂ, ਨੁਕਲ ਨੂੰ ਵੀ ਤਾਂ ਤੂੰ ਹੀ ਦਿੱਤੀ ਸੀ...।' ਯਥਾਰਥ ਇਹ ਕਿ ਜੱਚਾ ਜੋ ਮਾਂ ਹੁੰਦੀ ਹੈ ਉਹ ਗੁੜ੍ਹਤੀ ਨਹੀਂ ਦਿੰਦੀ, ਗੁੜ੍ਹਤੀ ਦਾਈ ਜਾਂ ਘਰ ਦਾ ਕੋਈ ਹੋਰ ਜੀਵ ਦਿੰਦੈ। ਇਹ ਗੱਲ ਠੀਕ ਕਰਨ ਵਾਲੀ ਹੈ।

ਪਰਮਜੀਤ ਮਾਨ: ਜਿਸ ਟੌਪਿਕ ਨੂੰ ਲੈ ਕੇ ਕਹਾਣੀ ਲਿਖੀ ਗਈ ਹੈ, ਉਸ ਟੌਪਿਕ ਨਾਲ ਕਹਾਣੀਕਾਰ ਨੇ ਵਧੀਆ ਨਿਭਾ ਕੀਤੈ। ਇਸ ਕਹਾਣੀ ਵਿਚ ਜ਼ਿਆਦੇ ਗੱਲ ਉਘੜੀ ਹੈ ਕਿ ਬਾਪ ਕਿਸ਼ਨ ਦੀ ਇਕ ਤੜਪ ਹੈ। ਬੇਟਾ ਬੜਾ ਬੇਪ੍ਰਵਾਹ ਹੈ। ਕਹਾਣੀ ਵਿਚ ਉਹਦਾ ਕੁਝ ਆਇਆ ਨਹੀਂ। ਬੇਟੇ ਨੁਕਲ ਦੇ ਸੰਵਾਦ ਆਦਿ ਪਾ ਕੇ ਉਭਾਰਨਾ ਚਾਹੀਦਾ ਸੀ। ਪੜ੍ਹਿਆ ਲਿਖਿਆ ਮੁੰਡੈ, ਬੰਗਲੌਰ ਗਿਆ ਹੋਇਆ, ਐਨਾ ਬੇਪ੍ਰਵਾਹ ਤੇ ਅਲੱਥ ਨਹੀਂ ਹੋ ਸਕਦਾ, ਉਸਨੂੰ ਬੈਲੈਂਸ ਕਰਨਾ ਚਾਹੀਦਾ ਸੀ। ਸੰਸਕ੍ਰਿਤੀ ਭਾਵੇਂ ਬਦਲ ਰਹੀ ਹੈ, ਉਹਨੇ ਘਰ ਵਾਲੀ ਦਾ ਵੀ ਖਿਆਲ ਰੱਖਣੇ, ਮਾਂ-ਬਾਪ ਦੇ ਵੀ ਫਰਜ਼ ਨਿਭਾਉਣ ਨੇ....ਬੇਟੇ ਦਾ ਰੋਲ ਠੀਕ ਨਹੀਂ ਲੱਗਾ।

ਲਾਭ ਸਿੰਘ ਖੀਵਾ: ਵਾਕਿਆ ਹੀ ਕਹਾਣੀ ਜਿਹੜੇ ਪੱਧਰ 'ਤੇ ਸਾਡਾ ਪੰਜਾਬੀ ਸਮਾਜ ਪੁੱਜ ਚੁੱਕਿਆ ਹੈ ਉਸਦਾ ਦਰਪਣ ਹੈ। ਉਹ ਦਰਪਣ ਕਿੰਨਾ ਕੁ ਸਾਫ-ਸਫਾਫ ਹੈ, ਇਹ ਵੱਖਰੀ ਗੱਲ ਹੈ। ਪਰ ਅਜਿਹੇ ਵਿਸ਼ਿਆ ਉੱਤੇ ਅਜਿਹੀਆਂ ਕਹਾਣੀਆਂ ਲਿਖੀਆਂ ਜਾਣੀਆਂ ਚਾਹੀਦੀਆਂ ਹਨ। ਇਸ ਕਹਾਣੀ ਦੀ ਇਸ ਪੱਖੋ ਵੀ ਮਹੱਤਤਾ ਹੈ ਕਿ ਘੱਟ ਗਿਣਤੀ ਹਿੰਦੂ ਸੰਸਕ੍ਰਿਤੀ ਨੂੰ ਕਥਾਨਕ ਬਣਾ ਕੇ ਲਿਖੀ ਹੈ। ਕਹਾਣੀ ਬਾਰੇ ਲਿਖਦੇ ਵੇਲੇ ਇਸ ਗੱਲ ਦਾ ਧਿਆਨ

ਰੱਖਣ ਦੀ ਲੋੜ ਹੈ ਕਿ ਵਾਸਤਵਿਕਤਾ... ਪਲਾਟ ਜਾਂ ਵਿਸ਼ੇ ਵਿਚ ਪੇਸ਼ ਹੋ ਰਹੀਆਂ ਸਥਿਤੀਆਂ ਦੀ ਕਿੰਨੀ ਵਾਸਤਵਿਕਤਾ ਹੈ। ਕਿਤੇ ਤੁਸੀਂ ਅਤਕਥਨੀ ਦੇ ਪੱਧਰ 'ਤੇ ਗੱਲ ਤਾਂ ਨਹੀਂ ਕਰ ਰਹੇ। ਇਹ ਕਵਿਤਾ 'ਚ ਹੋ ਸਕਦੀ ਹੈ... ਮੇਰੀ ਬੱਕੀ ਤੋਂ ਡਰਨ ਫਰਿਸ਼ਤੇ ਤੇ ਮੈਥੋਂ ਡਰੇ ਖੁਦਾ...। ਪਰ ਕਹਾਣੀ ਵਿਧਾ ਦੇ ਤੌਰ 'ਤੇ ਇਜਾਜਤ ਨਹੀਂ ਦਿੰਦੀ ਕਿ ਤੁਸੀਂ ਅਤਿਕਥਨੀਆਂ ਨਾਲ ਕਹਾਣੀ ਦੀ ਉਸਾਰੀ ਕਰੋਂ। ਵਾਸਤਵਿਕਤਾ ਕਥਾਨਕ ਤੇ ਪਾਤਰਾਂ ਵਿਚ ਹੋਣੀ ਲਾਜਮੀ ਹੈ। ਜਦੋਂ ਅਸੀਂ ਕਹਾਣੀ ਤੇ ਪੇਪਰ ਲਿਖਦੇ ਹਾਂ ਜਾਂ ਬੋਲਦੇ ਹਾਂ ਥਿਊਰੀ ਨਹੀਂ ਪ੍ਰੈਕਟੀਕਲ ਪੱਖ ਹੋਣਾ ਚਾਹੀਦਾ ਹੈ। ਕਹਾਣੀ ਦਾ ਕਥਾਨਕ ਕੀ ਹੈ? ਪਾਤਰ ਉਸਾਰੀ ਕੀ ਹੈ ?ਵੱਲ ਵੱਧ ਧਿਆਨ ਰੱਖਣਾ ਚਾਹੀਦਾ ਹੈ। ਕਹਾਣੀ ਦਾ ਸਿਰਲੇਖ ਕਹਾਣੀ ਦੇ ਥੀਮ ਨੂੰ ਵਿਅਕਤ ਕਰਨ ਵਾਲਾ ਹੋਵੇ ਸਿਰਲੇਖ ਨੁਕਸ਼ ਦੋ ਪੱਧਰ 'ਤੇ ਇਸ਼ਾਰਾ ਕਰਦਾ ਹੈ। ਇਕ ਜੇ ਪੰਜ ਸਾਲ ਬੱਚਾ ਨਹੀਂ ਹੋਇਆ। ਕਿਤੇ ਕੁੜੀ ਵਿਚ ਨੁਕਸ਼ ਤਾਂ ਨਹੀਂ ਪਰ ਜਦੋਂ ਗਾਇਤਰੀ ਬੱਚੀ ਪੈਦਾ ਕਰ ਦਿੰਦੀ ਹੈ ਤਾਂ ਇਹ ਸਿਰਲੇਖ ਸਾਰਥਕ ਨਹੀਂ ਰਹਿੰਦਾ। ਇਸਦਾ ਅਰਥ ਹੈ ਕਿ ਹੋਰ ਅਰਥਾਂ ਲਈ ਸਿਰਲੇਖ ਰੱਖਿਆ ਹੈ। ਸਿਰਲੇਖ ਦਾ ਅਰਥ ਅਖੀਰ 'ਤੇ ਜਾ ਕੇ ਉਘੜਦਾ ਹੈ...ਜਦੋਂ ਕਿਸ਼ਨ ਹੱਸੀਂ ਜਾਂਦੈ, ਹੱਸੀਂ ਜਾਂਦੈ.... ਤਾਂ ਨਾਲ ਦੇ ਕਹਿੰਦੇ ਐ ਕਿ ਕਿਤੇ ਇਹਦੇ ਦਿਮਾਗ ਵਿਚ ਨੁਕਸ ਤਾਂ ਨਹੀਂ ਪੈ ਗਿਆ। ਜਦੋਂ ਨੁਕਲ ਦਾ ਸਮਾਜਿਕ ਤੇ ਕਨੂੰਨੀ ਤੌਰ ਤੇ ਸਥਾਈ ਰਿਸ਼ਤਾ ਗਾਇਤਰੀ ਨਾਲ ਬੱਝ ਜਾਂਦੈ ਤਾਂ ਫਿਰ ਕਹਾਣੀ ਦਾ ਉਸਰਿਆ ਕਥਾਨਕ ਕਰਕੇ ਸਿਰਲੇਖ ਦੀ ਵਾਜਬੀਅਤ ਨਹੀਂ ਰਹਿੰਦੀ। ਕੀ ਇਹ ਪੂੰਜੀਵਾਦ ਸਿਸਟਮ ਵਾਲਾ ਨੁਕਸ਼ ਹੈ? ਜਿਹੜਾ ਜੰਮਦੀ ਕੁੜੀ ਨੂੰ ਨਾਨਕੇ ਲੈ ਜਾਂਦੇ ਹਨ... ਹੁਣ ਦੀਆਂ ਪ੍ਰਸਥਿਤੀਆਂ ਮੁਤਾਬਿਕ ਵਧੀਆ ਇਸ਼ਾਰਾ ਹੈ। ਮੇਰਾ ਜੋਰ ਹੈ ਕਿ ਨੁਕਸ ਦੀ ਵਾਜਬੀਅਤਾ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਕਾਹਦਾ ਨੁਕਸ ਹੈ? ਜੇ ਨੁਕਲ ਨੇ ਤਿੰਨ ਵਿਆਹ ਕਰਾ ਲਏ, ਬੱਚਾ ਹੋ ਗਿਆ, ਸਮਾਜ ਨੇ ਮੰਨ ਲਿਆ... ਤਾਂ ਫਿਰ ਕਿਸ਼ਨ ਦੇ ਦਿਮਾਗ ਵਿਚ ਕਿਉਂ ਨੁਕਸ ਹੈ, ਕਹਾਣੀ ਮੁਤਾਬਕ ਨੁਕਲ ਦੇ ਘਰ ਵਸਾ ਲੈਣ ਤੇ ਵੀ ਕਿਸ਼ਨ ਦੇ ਦਿਮਾਗ ਵਿਚ ਨੁਕਲ ਰਹਿਣਾ ਵਾਸਤਵਿਕਤਾ ਨਹੀਂ ਰਹਿੰਦੀ। ਲੇਖਕ ਨੇ ਗਾਇਤਰੀ ਤੇ ਸੰਸਕ੍ਰਿਤੀ ਦੇ ਪ੍ਰਤੀਕ ਬਹੁਤ ਵਧੀਆ ਵਰਤੇ ਹਨ।

***


**ਨਵਯੁਗ ਪਬਲਿਸ਼ਰਜ਼, ਦਿੱਲੀ**
**ਦੀਆਂ ਨਵੀਂਆਂ ਛਪੀਆਂ ਪੁਸਤਕਾਂ**
**ਇੱਕ ਦਿਨ ਰਾਤੀਂ/ਸੁਰਿੰਦਰ ਸਿੰਘ ਓਬਰਾਏ**
**ਰੋਹ ਵਿਦਰੋਹ/ਰਘਬੀਰ ਸਿੰਘ ਮਾਨ**
**ਵਲਾਇਤੋਂ ਨਿਕ-ਸੁਕ/ਰਣਜੀਤ ਧੀਰ**
**ਹਨ੍ਹੇਰੇ ਦਾ ਚੀਰਹਰਨ/ਸੋਮਾ ਸਬਲੋਕ**
**ਹਵਾਵਾਂ ਦੇ ਖ਼ਿਲਾਫ਼/ਰੂਪ ਸਿੰਘ**




**ਕਹਾਣੀਆਂ**

## ਜਸ਼ਨ-ਏ-ਰਾਤ/ਜਿੰਦਰ

ਜ਼ਸਨ-ਏ-ਰਾਤ ਨੂੰ ਸ਼ੁਰੂ ਹੋਇਆਂ ਸਵਾ ਕੁ ਘੰਟਾ ਹੋ ਗਿਆ।

ਮੈਨੂੰ ਅਖ਼ਬਾਰ ਦੀ ਕਟਿੰਗ ਨਹੀਂ ਲੱਭ ਰਹੀ। ਮੈਨੂੰ ਪੱਕਾ ਯਾਦ ਹੈ ਕਿ ਮੈਂ ਇਹ ਕਟਿੰਗ ਸਿਰਹਾਣੇ ਦੇ ਖੱਬੇ ਪਾਸੇ ਰੱਖੀ ਸੀ। ਪਤਾ ਨਹੀਂ ਪ੍ਰਤਾਪ ਨੇ ਅੱਗੇ-ਪਿੱਛੇ ਨਾ ਕਰ ਦਿੱਤੀ ਹੋਵੇ।

ਮੈਂ ਤਾਂ ਅਜੇ ਇਹ ਕਹਾਣੀ ਪ੍ਰਤਾਪ ਨੂੰ ਸੁਣਾਉਣੀ ਸੀ। ਮੈਂ ਐਦਾਂ ਦੀਆਂ ਕਹਾਣੀਆਂ ਕਿਤਾਬਾਂ, ਮੈਗਜ਼ੀਨਾਂ ਤੇ ਅਖ਼ਬਾਰਾਂ ਵਿਚੋਂ ਲੱਭਦਾ। ਫੇਰ ਪ੍ਰਤਾਪ ਨੂੰ ਆਪ ਪੜ੍ਹ ਕੇ ਸੁਣਾਉਂਦਾ। ਇਹ ਸੋਚ ਕੇ ਕੁਝ ਤਾਂ ਅਸਰ ਹੋਵੇਗਾ ਹੀ। ਅਕਸਰ ਉਸ ਦਾ ਹੋਰ ਹੀ ਪਾਸੇ ਧਿਆਨ ਹੁੰਦਾ। ਉਹ ਆਪਣਾ ਹੋਮ ਵਰਕ ਕਰਨ ਲਈ ਬੈਗ ਬੈੱਡ 'ਤੇ ਵਗਾਹ ਕੇ ਮਾਰਦਾ। ਉਸ ਦੀਆਂ ਕਾਪੀਆਂ ਕਿਤੇ ਪਈਆਂ ਹੁੰਦੀਆਂ, ਕਿਤਾਬਾਂ ਕਿਤੇ। ਜਦੋਂ ਦੇਖੋ ਉਸ ਦੇ ਕੰਨਾਂ 'ਚ ਈਅਰ ਫੋਨ ਦੀਆਂ ਟੂਟੀਆਂ ਜਿਹੀਆਂ ਧੱਕੀਆਂ ਹੁੰਦੀਆਂ।

ਮੈਂ ਪੁੱਛਦਾ, "ਮੇਰੀ ਗੱਲ ਸੁਣ ਰਿਹਾਂ?" ਉਸ ਦਾ ਜਵਾਬ ਹੁੰਦਾ, "ਹਾਂ, ਦਾਦੂ।" ਮੇਰੀ ਗੱਲ ਪੂਰੀ ਨਾ ਹੁੰਦੀ, ਉਹ ਮੋਬਾਇਲ ਮੇਰੇ ਅੱਗੇ ਕਰਕੇ ਕਹਿੰਦਾ, "ਆਹ ਮੂਵੀ ਦੇਖੋ। ਧਿਆਨ ਨਾਲ। ਤੁਹਾਡੀ ਕਹਾਣੀ ਨਾਲੋਂ ਕਿਤੇ ਵਧੀਆ।" ਮੇਰੀ ਗੱਲ ਵਿਚ ਹੀ ਰਹਿ ਜਾਂਦੀ। ਅਸੀਂ ਬਾਬਾ-ਪੋਤਾ ਮੂਵੀ ਦੇਖਣ ਲੱਗਦੇ।

ਆਹ ਕਟਿੰਗ ਸਿਰਹਾਣੇ ਵਾਲੇ ਪਾਸਿਓਂ ਪੈਰਾਂ ਵਾਲੇ ਪਾਸੇ ਕਿੱਦਾਂ ਚਲੇ ਗਈ? ਪਤਾ ਨਹੀਂ ਕੰਮ ਵਾਲੀ ਨੇ ਚਾਦਰ ਬਦਲਣ ਲੱਗਿਆਂ ਹੀ ਚੀਜ਼ਾਂ ਅਗਾਂਹ-ਪਿਛਾਂਹ ਕਰ ਦਿੱਤੀਆਂ ਹੋਣ। ਮੈਂ ਐਨਕਾਂ ਲਾ ਕੇ ਤੀਜੀ ਵਾਰ ਫੇਰ ਪੜ੍ਹਨ ਲੱਗਾ। ਜੈਸਲਮੇਰ 'ਚ ਇੱਕ ਰਾਜਾ ਰਹਿੰਦਾ ਸੀ। ਬੜਾ ਕਰਮੀ-ਧਰਮੀ ਸੀ। ਜਿੰਨਾ ਚਿਰ ਪੰਜ ਮਣ ਸੋਨਾ ਦਾਨ ਨਾ ਕਰ ਲੈਂਦਾ, ਅੰਨ-ਜਲ ਨੂੰ ਮੂੰਹ ਨਾ ਲਾਉਂਦਾ। ਅੱਧੀ ਰਾਤ ਤੋਂ ਬਾਅਦ ਉੱਠਦਾ। ਛੁਰਾ ਲੈਂਦਾ। ਸਾਰੇ ਜਿਸਮ 'ਤੇ ਪੱਛ ਲਾਉਂਦਾ। ਪੱਛਾਂ 'ਚ ਮਿਰਚ-ਮਸਾਲੇ ਭਰਦਾ। ਤੇਜ਼ ਮਸਾਲੇ। ਵੱਡੇ ਤੜਕੇ ਦੈਂਤ ਦੀ ਕੁਟੀਆ ਜਾਂਦਾ। ਉਬਲਦੇ ਤੇਲ ਦੇ ਕੜਾਹੇ 'ਚ ਛਾਲ ਮਾਰਦਾ। ਮੱਛੀ ਵਾਂਗੂੰ ਤਲਿਆ ਜਾਂਦਾ। ਦੈਂਤ ਉਹਨੂੰ ਡੰਡੇ ਨਾਲ ਬਾਹਰ ਕੱਢਦਾ। ਚਟਕਾਰੇ ਲੈ ਲੈ ਕੇ ਖਾਂਦਾ। ਜਦੋਂ ਉਸਦਾ ਢਿੱਡ ਭਰ ਜਾਂਦਾ, ਹੱਡੀਆਂ ਨੂੰ ਇੱਕ ਥਾਂ ਇਕੱਠਾ ਕਰਦਾ। ਪਾਣੀ ਦਾ ਛਿੱਟਾ ਦਿੰਦਾ। ਹੱਡੀਆਂ 'ਚ ਜਾਨ ਪੈ ਜਾਂਦੀ। ਰਾਜਾ ਹੱਥ ਜੋੜ ਕੇ ਖੜ੍ਹ ਜਾਂਦਾ। ਫੇਰ ਆਪਣੀ ਝੋਲੀ ਫੈਲਾ ਦਿੰਦਾ। ਦੈਂਤ ਗੁਥਲੀ ਝਾੜਦਾ। ਰਾਜੇ ਦੀ ਝੋਲੀ ਸੋਨੇ ਨਾਲ ਭਰ ਜਾਂਦੀ। ਉਹ ਆਪਣੇ ਮਹੱਲ 'ਚ ਵਾਪਸ ਆਉਂਦਾ। ਪੰਜ ਇਸ਼ਨਾਨੇ ਕਰਦਾ। ਗਰੀਬਾਂ ਨੂੰ ਦਾਨ ਦਿੰਦਾ। ਚਹੁੰ ਕੁੰਟਾਂ 'ਚ ਰਾਜੇ ਦੀ ਜੈ-ਜੈ ਹੁੰਦੀ। ਰਾਜਾ ਸਖ਼ਤ ਵੀ ਬੜਾ ਸੀ। ਨਾ ਆਪ ਝੂਠ ਬੋਲਦਾ। ਨਾ ਝੂਠ ਬੋਲਣ ਵਾਲੇ ਨੂੰ ਬਖਸ਼ਦਾ। ਜੇ ਕੋਈ ਰਿਸ਼ਵਤ ਲੈਂਦਾ ਤਾਂ ਜਿਸ ਹੱਥ ਨਾਲ ਰਿਸ਼ਵਤ ਲਈ ਹੁੰਦੀ ਉਹ ਹੱਥ ਵੱਢਣ ਦਾ ਹੁਕਮ ਸੁਣਾਉਂਦਾ। ਇੱਕ ਵਾਰੀ ਇੱਕ ਮਾਲ ਕਰਮਚਾਰੀ ਨੇ ਕਿਸੇ ਕਿਸਾਨ ਕੋਲੋਂ ਰਿਸ਼ਵਤ ਲੈ ਲਈ। ਕਿਸਾਨ ਨੇ ਰਾਜੇ ਕੋਲ ਸ਼ਿਕਾਇਤ ਕੀਤੀ। ਰਾਜੇ ਨੇ ਦੋਹਾਂ ਧਿਰਾਂ ਨੂੰ ਬੁਲਾ ਲਿਆ। ਮੰਤਰੀ ਨੇ ਰਾਜੇ ਨੂੰ ਕਿਹਾ, "ਮੈਨੂੰ ਕਿਸਾਨ ਝੂਠਾ ਲੱਗਦਾ। ਤੁਹਾਡਾ ਰਾਜ ਤੇ ਰਿਸ਼ਵਤ- ਇਹ ਹੋ ਹੀ ਨ੍ਹੀਂ ਸਕਦਾ। ਭਾਵੇਂ ਮੇਰੇ ਨਾਲ ਸ਼ਰਤ ਲਾ ਲਓ। ਤੁਹਾਡੇ ਰਾਜ 'ਚ

ਪਿਛਲੇ ਪੰਦਰ੍ਹਾਂ ਸਾਲਾਂ 'ਚ ਅਜਿਹਾ ਕਦੇ ਹੋਇਆ ਹੀ ਨ੍ਹੀਂ।" ਰਾਜੇ ਨੇ ਮਾਲ ਕਰਮਚਾਰੀ ਕੋਲੋਂ ਪੁੱਛਿਆ, "ਹਾਂ ਬਈ ਸੱਜਣਾ ਸੱਚੋ ਸੱਚ ਦੱਸ ਦੇ ਨ੍ਹੀਂ ਤਾਂ ਤੇਰਾ ਘਾਣੀ-ਬੱਚਾ ਘਾਣ ਕਰਾ ਦਊਂਗਾ....?" ਮਾਲ ਕਰਮਚਾਰੀ ਨੇ ਦੱਸਿਆ, "ਮੈਂ ਆਪਣੇ ਲਈ ਨ੍ਹੀਂ ਆਪਣੇ ਬੀਮਾਰ ਮੁੰਡੇ ਲਈ ਰਿਸ਼ਵਤ ਲਈ ਸੀ।" ਮੰਤਰੀ ਕਦੇ ਕਿਸਾਨ ਵੱਲ ਦੇਖੀ ਜਾਵੇ। ਕਦੇ ਮਾਲ ਕਰਮਚਾਰੀ ਵੱਲ। ਰਾਜੇ ਨੇ ਮਾਲ ਕਰਮਚਾਰੀ ਨੂੰ ਪੁੱਛਿਆ, "ਹੁਣ ਤੂੰ ਹੀ ਦੱਸ ਤੈਨੂੰ ਕੀ ਸਜ਼ਾ ਦਿੱਤੀ ਜਾਵੇ?" ਮਾਲ ਕਰਮਚਾਰੀ ਨੇ ਦੋ ਦਿਨਾਂ ਦਾ ਸਮਾਂ ਮੰਗ ਲਿਆ। ਪ੍ਰੇਸ਼ਾਨ ਹੋਏ ਨੂੰ ਨੀਂਦ ਕਿੱਥੋਂ ਆਉਣੀ ਸੀ। ਦੂਜੇ ਦਿਨ ਹੀ ਰਾਜੇ ਦੀ ਕਚਹਿਰੀ 'ਚ ਜਾ ਪੇਸ਼ ਹੋਇਆ। ਦੋਵੇਂ ਹੱਥ ਅਗਾਂਹ ਕਰਕੇ ਬੋਲਿਆ, "ਇਹ ਮੇਰੇ ਦੋਵੇਂ ਹੱਥ ਵੱਢ ਦਿਓ। ਮੈਂ ਇਸ ਸਜ਼ਾ ਦਾ ਹੱਕਦਾਰ ਹਾਂ.....।"

ਡਰਾਇੰਗ ਰੂਮ 'ਚੋਂ ਥਪ-ਥਪ ਦੀ ਆਵਾਜ਼ ਪਹਿਲਾਂ ਨਾਲੋਂ ਵੀ ਉੱਚੀ ਹੋ ਗਈ।

ਇਹ ਪ੍ਰਤਾਪ ਹੀ ਹੈ ਜਿਸ ਨੇ ਮੈਨੂੰ ਇਸ ਘਰ ਨਾਲ ਬੰਨ੍ਹੀ ਰੱਖਿਆ ਹੈ। ਉਹ ਮੇਰਾ ਜੀ ਲਾਈ ਰੱਖਦਾ ਹੈ। ਆਪਣਾ ਮੋਬਾਇਲ ਦੇਖਦਾ ਹੋਇਆ, ਮੇਰੇ ਪੱਟਾਂ 'ਤੇ ਸਿਰ ਰੱਖ ਕੇ ਪੈ ਜਾਂਦਾ ਹੈ। ਫੇਸਬੁਕ ਖੋਲ੍ਹਦਾ ਹੈ। ਕਦੇ ਗੀਤ ਤੇ ਕਦੇ ਪਾਕਿਸਤਾਨੀ ਡਰਾਮੇ ਦਿਖਾਉਂਦਾ ਹੈ। ਦੇਖਦੇ-ਦੇਖਦੇ ਅਸੀਂ ਦੋਵੇਂ ਹੱਸ-ਹੱਸ ਕੇ ਲੋਟ-ਪੋਟ ਹੋ ਜਾਂਦੇ ਹਾਂ। ਪਰਸੋਂ ਉਹਨੇ ਇੱਕ ਪਾਕਿਸਤਾਨ ਡਰਾਮਾ ਦਿਖਾਇਆ ਸੀ। ਇੱਕ ਬਹੁਤ ਹੀ ਖੂਬਸੂਰਤ ਮੁਟਿਆਰ ਤੇ ਇੱਕ ਭੰਡ ਹੈ। ਮੁਟਿਆਰ ਕਹਿੰਦੀ ਹੈ, "ਪਾਕਿਸਤਾਨ ਨੇ ਬਹੁਤ ਤਰੱਕੀ ਕੀਤੀ। ਆਹ ਦੰਦਾਂ ਵਾਲਾ ਬਰੁਸ਼ ਏ। ਛੇ ਮਹੀਨੇ ਦੰਦਾਂ 'ਤੇ ਘਿਸਾਉਂਦੇ ਨੇ। ਅਗਲੇ ਛੇ ਮਹੀਨੇ ਇਸ ਨਾਲ ਸਿਰ ਦੇ ਵਾਲ ਰੰਗਦੇ ਨੇ। ਫੇਰ ਛੇ ਮਹੀਨੇ ਇਸ ਤੋਂ ਨਾਲਾ ਪਾਉਣੀ ਦਾ ਕੰਮ ਲੈਂਦੇ ਨੇ।" ਮੈਂ ਉਹਨੂੰ ਕਿਹਾ ਸੀ, "ਇਨ੍ਹਾਂ ਦੇ ਨਾਲ ਜੋੜ ਦੇ। ਸਾਡੇ ਪਿੰਡ ਦੀ ਇੱਕ ਬੁੜੀ ਨੇ ਵੀਹ ਨਾਲਾ ਪਾਉਣੀਆਂ ਦੇ ਕੇ ਇੱਕ ਕਬਾੜੀਏ ਤੋਂ ਚਾਹ ਵਾਲਾ ਕੱਪ ਲਿਆ।" ਉਹ ਬੋਲਿਆ ਸੀ, "ਦਾਦੂ, ਗੱਲ ਤੁਹਾਡੀ ਮੰਨਣ ਵਾਲੀ ਆ। ਮੈਂ ਆਪਣੇ ਵੱਲੋਂ ਇਹ ਕੁਮੈਂਟਸ ਦੇ ਦਿੰਨਾ।"

ਮੈਂ ਵੀ ਘਰ 'ਚ ਹੀ ਹਾਂ। ਪਰ ਨਾ ਹੋਇਆਂ ਬਰਾਬਰ। ਕਦੇ 'ਹੈੱਡ ਆਫ ਦੀ ਫੈਮਿਲੀ' ਹੁੰਦਾ ਸੀ। ਹੁਣ ਸਿਰਫ ਇਸ ਕਮਰੇ ਤੱਕ ਸੀਮਤ ਹੋ ਕੇ ਰਹਿ ਗਿਆ ਹਾਂ। ਮੈਨੂੰ ਇਹ ਖਿਤਾਬ ਮੇਰੇ ਬਾਪੂ ਨੇ ਦਿੱਤਾ ਸੀ। ਇਸ ਦੁਨੀਆ ਤੋਂ ਰੁਖਸਤ ਹੋਣ ਤੋਂ ਸਾਲ ਕੁ ਪਹਿਲਾਂ ਉਹਨੂੰ ਅਧਰੰਗ ਹੋ ਗਿਆ ਸੀ। ਸੱਜਾ ਪਾਸਾ ਮਾਰਿਆ ਗਿਆ। ਪਹਿਲਾਂ ਕਈ ਦਿਨ ਥੋੜ੍ਹਾ-ਥੋੜ੍ਹਾ ਦਰਦ ਹੋਇਆ। ਇੱਕ ਦਿਨ ਬਹੁਤ ਹੀ ਜ਼ਿਆਦਾ। ਮੈਂ ਉਸ ਦਾ ਸਿਰ ਘੁਟ ਰਿਹਾ ਸੀ। ਉਸ ਸਮਝਾਉਣ ਦੇ ਲਹਿਜ਼ੇ 'ਚ ਕਿਹਾ ਸੀ, "ਪੁੱਤ ਮੇਰਿਆ, ਹੁਣ ਮੈਂ ਬਹੁਤਾ ਚਿਰ ਨ੍ਹੀਂ ਜੀਊਣਾ। ਹੁਣ ਤੂੰ 'ਹੈੱਡ ਆਫ ਦੀ ਫੈਮਿਲੀ' ਹੋ ਗਿਆਂ। ਤੂੰ ਆਪਣੇ ਟੱਬਰ-ਟੀਰ ਦਾ ਖਿਆਲ ਤਾਂ ਰੱਖਣਾ ਹੀ ਆ, ਛੋਟੇ ਦੇ ਬੱਚਿਆਂ ਨਾਲ ਕਦੇ ਫਰਕ ਨਾ ਕਰੀਂ। ਭੈਣਾਂ ਦੀਆਂ ਜ਼ੁੰਮੇਵਾਰੀਆਂ ਤੋਂ ਨਾ ਭੱਜੀਂ। ਇੱਕ ਗੱਲ ਹੋਰ ਯਾਦ ਰੱਖੀਂ। ਭਰਤਹਰੀ ਨੇ ਆਪਣੇ ਕਿੱਸੇ 'ਚ ਲਿਖਿਆ ਆਦਮੀ ਦਾ ਬੁਢਾਪਾ ਕਿੰਨਾ ਦੁਖਦਾਈ ਹੁੰਦਾ ਕਿ ਉਸ ਦਾ ਆਪਣਾ ਮੁੰਡਾ ਦੁਸ਼ਮਣ ਵਰਗਾ ਵਰਤਾਓ ਕਰਦਾ।" ਮੇਰੇ ਮੁੰਡੇ ਨੇ ਨੌਕਰੀ ਲੱਗਦਿਆਂ ਸਾਰ ਹੀ ਮੈਨੂੰ ਅੰਗੂਠਾ ਦਿਖਾਉਣਾ ਸ਼ੁਰੂ ਕਰ ਦਿੱਤਾ ਸੀ, "ਤੁਹਾਡੀ ਸੋਚ 'ਚ ਕਾਣ ਆਂ। ਜੇ ਮੈਂ ਤੁਹਾਡੇ ਮਗਰ ਲੱਗ ਗਿਆ ਤਾਂ ਪੈ ਗਈਆਂ ਪੂਰੀਆਂ। ਮੈਨੂੰ ਤੁਹਾਡੇ ਵਰਗਾ ਐਟਲਸ ਦਾ ਸਾਈਕਲ ਨ੍ਹੀਂ ਚਾਹੀਦਾ। ਮੈਂ ਕਾਰ ਖਰੀਦਾਂਗਾ। ਆਪਣੇ ਮੁੰਡੇ ਨੂੰ ਰਾਇਲ ਇਨਫੀਲਡ ਲੈ ਕੇ ਦੇਵਾਂਗਾ। ਮੈਂ ਆਪਣੇ ਪਰਿਵਾਰ ਦੀਆਂ ਖੁਸ਼ੀਆਂ ਲਈ ਕੋਈ ਵੀ ਕੰਮ ਕਰਨ ਨੂੰ ਤਿਆਰ ਹਾਂ। ਆਪਣੇ ਅਸੂਲ ਤੁਸੀਂ ਆਪਣੇ ਕੋਲ ਰੱਖੋ।"

ਸ਼ੀਲਾ ਨੂੰ ਮੰਜੂ ਨੇ ਦੋ ਸਾਲਾਂ 'ਚ ਹੀ ਕੱਖੋਂ ਹੌਲਾ ਕਰ ਦਿੱਤਾ। ਪਹਿਲਾਂ ਉਸ ਨੂੰ ਬਲੱਡ ਸੂਗਰ ਹੋਈ। ਫੇਰ ਇਕ ਤੋਂ ਬਾਅਦ ਇਕ ਬੀਮਾਰੀਆਂ ਨੇ ਜੱਫੇ ਮਾਰ ਲਏ। ਜਦੋਂ ਮੰਜੂ ਇਸ ਘਰ 'ਚ ਆਈ ਤਾਂ ਸੁੱਤੀ ਉੱਠਦੀ ਆਪਣੀ ਸੱਸ ਦੇ ਪੈਰੀਂ ਹੱਥ ਲਾਉਂਦੀ। ਕੋਈ ਵੀ ਕੰਮ ਕਰਨ ਤੋਂ ਪਹਿਲਾਂ ਪੁੱਛਦੀ। ਜਦੋਂ ਉਸ ਦਾ ਵੱਡਾ ਭਰਾ ਅਮਰੀਕਾ ਚਲੇ ਗਿਆ ਤਾਂ ਉਸ ਦੇ ਪੈਰ ਚੁੱਕੇ ਗਏ। ਝਗੜਾ ਰਸੋਈ ਤੋਂ ਸ਼ੁਰੂ ਹੋਇਆ। ਗੱਲ ਇੱਥੋਂ ਤੀਕ ਪਹੁੰਚ ਗਈ ਕਿ ਮੰਜੂ ਆਪਣੀ ਸੱਸ ਦੇ ਮੱਥੇ ਲੱਗਣੋਂ ਹਟਣ ਲੱਗੀ। ਮੈਂ ਸ਼ੀਲਾ ਨੂੰ ਕਈ ਵਾਰ ਕਿਹਾ, "ਤੂੰ ਮੁੰਡੇ ਨੂੰ ਜੁਦਾ ਕਰ ਦੇ।" ਅੱਗੋਂ ਉਹ ਹੁਬਕੀਂ-ਹੁਬਕੀਂ ਰੋਂਦੀ ਕਹਿੰਦੀ, "ਇੱਕੋ ਇੱਕ ਪੁੱਤ ਆ। ਇਸ ਨੂੰ ਜੁਦਾ ਕਰਕੇ ਮੈਂ ਕਿਸ ਦੇ ਆਸਰੇ ਜਿਊਣਾ।" ਮੈਂ ਉਸ ਨੂੰ ਸਮਝਾਉਂਦਾ, "ਤੂੰ ਉਸ ਤੋਂ ਕਾਸ ਦੀ ਆਸ ਕਰਦੀ ਆਂ। ਦੱਸ ਕਦੇ ਨੂੰਹ-ਸੱਸ ਦੀ ਬਣੀ ਆਂ। ਇੰਦਰਾ ਗਾਂਧੀ ਦੇ ਘਰ ਕਿਸ ਚੀਜ਼ ਦਾ ਘਾਟਾ ਸੀ। ਉਸ ਦੀ ਮੇਨਕਾ ਗਾਂਧੀ ਨਾਲ ਨ੍ਹੀਂ ਬਣੀ।" ਉਹ ਕਹਿੰਦੀ, "ਉਹ ਤਾਂ ਵੱਡੇ ਲੋਕ ਨੇ। ਜੈਸਿਕਾ ਨਾਲ ਮੇਰਾ ਦਿਲ ਲੱਗਾ ਰਹਿੰਦਾ। ਅਸੀਂ ਦਾਦੀ-ਪੋਤੀ ਖੇਡਦੀਆਂ ਰਹਿੰਦੀਆਂ। ਨ੍ਹੀਂ ਤਾਂ ਦਿਲ ਕਰਦਾ ਕੁਸ਼ ਖਾ ਕੇ ਮਰ ਜਾਵਾਂ।" ਮੈਂ ਕਹਿੰਦਾ, "ਜਿਨ੍ਹਾਂ ਕੁੜੀਆਂ ਨੂੰ ਪੇਕਿਆਂ ਵੱਲੋਂ ਸਪੋਰਟ ਮਿਲਦੀ ਆ, ਉਹ ਇਹੋ ਕੁਸ਼ ਹੀ ਕਰਦੀਆਂ ਹੁੰਦੀਆਂ।" ਉਹ ਦੱਸਦੀ, "ਮੈਂ ਵੀ ਤਾਂ ਹਾਂ।" ਮੈਂ ਕਹਿੰਦਾ, "ਇਹ ਨਸਲਾਂ ਦੀ ਗੱਲ ਹੁੰਦੀ ਆ। ਜਿੱਦਾਂ ਦੀ ਨਸਲ ਉੱਦਾਂ ਦਾ ਹੀ ਸੁਭਾਅ।" ਉਹ ਕਹਿੰਦੀ, "ਸਭ ਕਰਮਾਂ ਦੀ ਖੇਡ ਆ। ਸ਼ਾਇਦ ਪਿਛਲੇ ਜਨਮ 'ਚ ਕੋਈ ਮਾੜਾ ਕੰਮ ਕੀਤਾ ਹੋਣਾ ਜਿਸ ਦੀ ਸਜ਼ਾ ਇਸ ਜਨਮ 'ਚ ਮਿਲ ਰਹੀ।" ਮੈਂ ਕਹਿੰਦਾ, "ਕਰਮ, ਕੁਰਮ ਕੁਸ਼ ਨ੍ਹੀਂ ਹੁੰਦਾ। ਸਾਰੀ ਖੇਡ ਜੀਨਸ ਦੀ ਆ। ਕੋਈ ਬੱਚਾ ਦਾਦਕਿਆਂ 'ਤੇ ਚਲਾ ਜਾਂਦਾ। ਕੋਈ ਨਾਨਕਿਆਂ 'ਤੇ। ਜਿੱਦਾਂ ਦੀ ਨਸਲ, ਉੱਦਾਂ ਦਾ ਸੁਭਾਅ।" ਫੇਰ ਉਹ ਚੁੱਪ ਕਰ ਜਾਂਦੀ।

ਮੈਂ ਹੰਭਲਾ ਮਾਰ ਕੇ ਪੈਰਾਂ ਭਾਰ ਬੈਠ ਗਿਆ। ਡਰਾਇੰਗ ਰੂਮ 'ਚ ਲੱਗੇ ਡੈਕ ਦੇ ਕੰਨ ਪਾੜਵੇਂ ਸ਼ੋਰ ਨੂੰ ਇਸ ਗੱਲ ਨਾਲ ਕੋਈ ਮਤਲਬ ਨਹੀਂ ਕਿ ਮੈਨੂੰ ਉੱਚੀ ਆਵਾਜ਼ ਨਾਲ ਘਬਰਾਹਟ ਹੋਣ ਲੱਗਦੀ ਹੈ। ਜਿੰਨਾ ਚਿਰ ਮੇਰਾ ਦਬਦਬਾ ਰਿਹਾ, ਮੈਂ ਟੀ ਵੀ ਦੀ ਆਵਾਜ਼ ਕਮਰੇ ਤੋਂ ਬਾਹਰ ਨਹੀਂ ਜਾਣ ਦਿੱਤੀ।

ਮੇਰੀਆਂ ਨਜ਼ਰਾਂ ਸਾਹਮਣੇ ਲੱਗੀ ਫਲੈਕਸ 'ਤੇ ਇੱਕ ਵਾਰ ਫੇਰ ਤੋਂ ਕੇਂਦਰਤ ਹੋ ਗਈਆਂ। ਵੱਡੇ-ਵੱਡੇ ਅੱਖਰਾਂ 'ਚ ਛਪਿਆ ਸੀ ਜਸਵਿੰਦਰ ਦੀ ਬਹਾਲੀ ਤੇ ਕੁਲਵੰਤ ਧਵਨ ਦੇ ਤਲਾਕ ਦੀ ਖੁਸ਼ੀ 'ਚ। ਇੰਨੀ ਛੇਤੀ? ਕੀ ਇਨ੍ਹਾਂ ਦੋਹਾਂ ਨੂੰ ਪਤਾ ਸੀ ਕਿ ਇਹ ਕੰਮ ਸੰਪੂਰਨ ਹੋ ਹੀ ਜਾਣੇ ਹਨ। ਇਹ ਫਲੈਕਸ ਕਦੋਂ ਛਪਵਾ ਲਿਆਇਆ? ਕਿਸ ਕੋਲੋਂ ਪਤਾ ਲੱਗੂ? ਮੇਰੇ ਕਮਰੇ 'ਚ ਤਾਂ ਸਵੇਰ ਤੋਂ ਬਾਅਦ ਕੋਈ ਆਇਆ ਹੀ ਨਹੀਂ। ਦੁਪਹਿਰ ਦੀ ਰੋਟੀ ਪਤਾ ਨਹੀਂ ਕੌਣ ਰੱਖ ਗਿਆ ਸੀ ਮੇਰੇ ਸੁੱਤਿਆਂ-ਸੁੱਤਿਆਂ ਹੀ। ਸ਼ਾਮ ਦੀ ਚਾਹ ਕਿਸੇ ਨੇ ਦਿੱਤੀ ਹੀ ਨਹੀਂ। ਨਾ ਮੈਂ ਮੰਗੀ। ਨਾ ਕੋਈ ਦੇਣ ਆਇਆ। ਪਤਾ ਨਹੀਂ ਸਾਰਾ ਟੱਬਰ ਕਿੱਥੇ ਗਿਆ ਸੀ? ਨਾ ਕੋਈ ਮੈਨੂੰ ਪੁੱਛੇ। ਨਾ ਕੋਈ ਦੱਸੇ। ਮੈਨੂੰ ਤਾਂ ਉਦੋਂ ਹੀ ਪਤਾ ਲੱਗਾ ਸੀ ਕਿ ਜਦੋਂ ਹਰਲ-ਹਰਲ ਕਰਕੇ ਇੱਕ ਤੋਂ ਮਗਰੋਂ ਇੱਕ ਜਣੇ ਆਉਣ ਲੱਗੇ ਸਨ।

ਜੇ ਮੈਂ ਬਾਪੂ ਦਾ ਕਿਹਾ ਮੰਨਿਆ ਹੁੰਦਾ ਤਾਂ ਸ਼ਾਇਦ ਮੈਨੂੰ ਆਹ ਦਿਨ ਨਾ ਦੇਖਣੇ ਪੈਂਦੇ। ਮੈਂ ਆਪਣੇ ਹੱਥ ਆਪ ਵੱਢ ਲਏ ਜਾਂ ਜਸਵਿੰਦਰ ਨੇ ਵੱਢਾ ਕੇ ਸਾਹ ਲਿਆ। ਕਿੰਨੇ ਦਿਨ ਮੇਰੇ

ਖਹਿੜੇ ਪਿਆ ਰਿਹਾ ਕਿ ਮੈਂ ਘਰ ਉਸ ਦੇ ਨਾਂ ਲਵਾ ਦਵਾਂ। ਉਹ ਕੋਠੀ ਬਣਾਉਣ ਲਈ ਕਿਸੇ ਬੈਂਕ ਤੋਂ 'ਲੋਨ' ਲੈ ਲਵੇਗਾ। ਕੋਠੀ ਬਣਾਉਣੀ ਸ਼ੁਰੂ ਕੀਤੀ ਤਾਂ ਪਲਸਤਰ ਤੋਂ ਬਾਅਦ ਉਹਨੂੰ ਹੱਥਾਂ-ਪੈਰਾਂ ਦੀ ਪੈ ਗਈ। ਦੋਸਤਾਂ ਤੇ ਰਿਸ਼ਤੇਦਾਰਾਂ ਕੋਲੋਂ ਉਧਾਰ ਪੈਸੇ ਫੜੇ। ਮਾਰਬਲ, ਟਾਇਲਾਂ ਤੇ ਦਰਵਾਜ਼ੇ ਲਵਾਉਣ ਵੇਲੇ ਮੇਰੇ ਖਹਿੜੇ ਹੀ ਪੈ ਗਿਆ। ਮੂੰ-ਮੂੰ ਕਰਦਾ ਮੈਥੋਂ ਦੇਖਿਆ ਨਾ ਗਿਆ। ਇਹੀ ਸੋਚਿਆ- ਜੇ ਮੇਰੇ ਕੋਲ ਚਾਰ ਛਿੱਲੜ ਹਨ ਤਾਂ ਇਨ੍ਹਾਂ ਦੇ ਹੀ ਕੰਮ ਆਉਣੇ ਹਨ। ਕਿਉਂ ਨਾ ਆਪਣੇ ਹੱਥੀਂ ਦੇ ਦਵਾਂ। ਫੇਰ ਮੇਰੇ ਅਕਾਊਂਟ 'ਚ ਸਿਰਫ ਪੰਜ ਹਜ਼ਾਰ ਬਚੇ ਸਨ।

ਆਹ ਕੁਲਵੰਤ ਦਾ ਤਲਾਕ ਹੋ ਗਿਆ? ਅਗਲੇ ਦੀ ਕੁੜੀ ਘਰ ਬੈਠ ਗਈ। ਇਹ ਖੁਸ਼ੀਆਂ ਮਨਾ ਰਹੇ ਹਨ। ਕਾਹਦਾ ਜ਼ਸਨ! ਹੈ ਕੋਈ ਸ਼ਰਮ ਹਿਆ। ਸਹੁਰਿਆਂ ਨੇ ਵਿਆਹ ਦੇ ਆਧਾਰ 'ਤੇ ਆਸਟ੍ਰੇਲੀਆ ਬੁਲਾਇਆ। ਪੀ. ਆਰ. ਲਈ। ਉਥੋਂ ਦਾ ਸਿਟੀਜਨ ਬਣ ਗਿਆ। ਫੇਰ ਤਲਾਕ ਦਾ ਕੇਸ ਕਰ ਦਿੱਤਾ। ਜਿਨ੍ਹਾਂ ਦੀ ਕੁੜੀ ਛੱਡੀ ਹੈ, ਉਨ੍ਹਾਂ ਦੇ ਮਨ 'ਤੇ ਕੀ ਬੀਤਦੀ ਹੋਈ। ਇਹ ਤਾਂ ਕੋਈ ਉਨ੍ਹਾਂ ਨੂੰ ਪੁੱਛ ਕੇ ਦੇਖੇ। ਇਹ ਕਲਯੁੱਗ ਹੈ। ਘੋਰ ਕਲਯੁੱਗ। ਕਿਸੇ ਨੂੰ ਚੜ੍ਹੀ-ਲੱਥੀ ਦੀ ਹੈ ਹੀ ਨਹੀਂ। ਸਾਰੇ ਆਪਣਾ ਉਲੂ ਸਿੱਧਾ ਕਰਨ 'ਤੇ ਲੱਗੇ ਹੋਏ ਹਨ। ਆਵਾ ਊਤਿਆ ਪਿਆ।

ਕੱਲ੍ਹ ਦਾ ਪ੍ਰਤਾਪ ਵੀ ਮੇਰੇ ਕੋਲ ਨਹੀਂ ਆਇਆ। ਸ਼ਾਇਦ ਉਹਨੂੰ ਮੇਰੀ ਲੋੜ ਹੀ ਨਹੀਂ ਪਈ ਹੋਣੀ। ਜੇ ਪੈਸੇ ਲੈਣੇ ਹੁੰਦੇ ਤਾਂ ਅਵੱਸ਼ ਆ ਜਾਂਦਾ। ਘਰ 'ਚ ਕੀ ਕੀ ਹੁੰਦਾ ਹੈ, ਉਹ ਮੈਨੂੰ ਸਾਰੀ ਖ਼ਬਰ ਦਿੰਦਾ। ਪਿਛਲੇ ਹਫਤੇ ਦੱਸਦਾ ਸੀ, "ਮੰਮੀ ਦੀ ਤੁਹਾਡੇ ਬਾਰੇ ਗਲਤ ਸੋਚ ਹੁੰਦੀ ਆ।" ਮੈਂ ਪੁੱਛਿਆ, "ਉਹ ਕਿੱਦਾਂ?" ਉਸ ਦੱਸਿਆ, "ਕਹਿੰਦੇ ਸੀ ਕਿ ਇਸ ਬੁੜ੍ਹੇ ਦੀ ਹਮੇਸ਼ਾ ਨੈਗਟਿਵ ਥੀਕਿੰਗ ਹੁੰਦੀ ਆ। ਕਿਸੇ ਕੰਮ ਲਈ ਕਹਿ ਦਿਓ ਅੱਗੋਂ ਨਾਂਹ 'ਚ ਜੁਆਬ ਮਿਲਦਾ।" ਮੈਂ ਪੁੱਛਿਆ, "ਤੇਰੇ ਡੈਡੀ ਨੇ ਨ੍ਹੀਂ ਕੁਸ਼ ਕਿਹਾ।" ਉਹ ਨੇ ਦੱਸਿਆ, "ਉਹ ਕਹਿੰਦੇ ਭਾਪੇ ਨੇ ਸਾਰੀ ਉਮਰ ਕਿਸੇ ਦਾ ਅਹਿਸਾਨ ਨ੍ਹੀਂ ਲਿਆ।" "ਅੱਛਾ, ਫੇਰ ਤੂੰ ਨ੍ਹੀਂ ਕੁਸ਼ ਕਿਹਾ?" ਮੈਂ ਪੁੱਛਿਆ। ਉਹਨੇ ਮੈਨੂੰ ਪਿੱਛੋਂ ਦੀ ਜੱਫੀ ਪਾ ਲਈ ਸੀ। "ਮੈਂ ਕਿਹਾ ਕਿ ਮੈਂ ਦਾਦੂ ਨੂੰ ਕਿਹਾ ਕਿ ਮੈਨੂੰ ਸੈਮਸੰਗ ਦਾ ਮੋਬਾਇਲ ਲੈ ਦਿਓ। ਕਹਿੰਦੇ ਛੇ ਮਹੀਨਿਆਂ ਦੀ ਪੈਨਸ਼ਨ ਕੱਠੀ ਹੋ ਲੈਣ ਦੇ ਫੇਰ ਤੈਨੂੰ ਮੋਬਾਇਲ ਲੈ ਦਵਾਂਗਾ।" ਮੈਂ ਉਹਨੂੰ ਪਿੱਛਿਉਂ ਖਿੱਚ ਕੇ ਗੋਦੀ ਵਿੱਚ ਬੈਠਾ ਲਿਆ, "ਦੇਖ, ਜੁਆਨਾ। ਗੱਲ ਐਨੀ ਆਂ ਕਿ ਜੇ ਮੈਂ ਤੈਨੂੰ ਮੋਬਾਇਲ ਲੈ ਦਵਾਂ ਤਾਂ ਤੇਰੀ ਮੰਮੀ ਨੇ ਕਹਿਣਾ, ਮੁੰਡਾ ਵਿਗਾੜ ਦੇਣਾ। ਜੇ ਨਾ ਲੈ ਕੇ ਦਵਾਂ ਤਾਂ ਉਹਨੇ ਗੁੱਸੇ ਨਾਲ ਕਹਿਣਾ, 'ਅਸੀਂ ਇਹਦੇ ਪੈਸਿਆਂ ਨੂੰ ਫੋੜੇ 'ਤੇ ਰਗੜ ਕੇ ਲਾਉਣਾ। ਕੀ ਬੱਚੇ ਨੇ ਨਕਾਰਾ ਜਿਹੀ ਚੀਜ਼ ਮੰਗੀ ਕੀ ਸੀ, ਉਹ ਵੀ ਲੈ ਕੇ ਨ੍ਹੀਂ ਦਿੱਤੀ।' ਉਹ ਮੇਰੇ ਪੱਟ 'ਤੇ ਸਿਰ ਰੱਖ ਕੇ ਪੈ ਗਿਆ। "ਮੈਨੂੰ ਨ੍ਹੀਂ ਪਤਾ ਲੱਗਦਾ ਮੰਮੀ ਤੇ ਡੈਡੀ ਤੁਹਾਨੂੰ ਕਿਉਂ ਨ੍ਹੀਂ ਲਾਈਕ ਕਰਦੇ। ਇੱਕ ਦਿਨ ਕਹਿੰਦੇ ਸੀ ਤੁਹਾਨੂੰ ਕਿਤੇ ਛੱਡ ਆਈਏ। ਮੈਂ ਪੁੱਛਿਆ ਤਾਂ ਗੱਲ ਨੂੰ ਟਾਲ ਗਏ।" ਮੈਂ ਗੱਲ ਨੂੰ ਸਮੇਟਣ ਲਈ ਕਹਿ ਦਿੱਤਾ, "ਆਪਾਂ ਪਹਿਲੀ ਤਰੀਕ ਨੂੰ ਤੇਰੀ ਵਾਈਕ 'ਤੇ ਚੱਲਾਂਗੇ। ਕਿਸ਼ਤਾਂ 'ਤੇ ਮੋਬਾਇਲ ਲੈ ਕੇ ਹੀ ਘਰ ਨੂੰ ਆਵਾਂਗੇ।" ਉਹ ਉਤਾਂਹ ਨੂੰ ਉਛਲ ਪਿਆ ਸੀ, "ਮੇਰੇ ਦਾਦੂ-ਜਿੰਦਾਬਾਦ। ਜਿੰਦਾਬਾਦ ਬਈ ਜਿੰਦਾਬਾਦ।"

ਮੈਂ ਉਸ ਨੂੰ ਹਾਂ ਤਾਂ ਕਰ ਦਿੱਤੀ ਪਰ ਸੋਚੀ ਪੈ ਗਿਆ ਕਿ ਪੰਦਰ੍ਹਾਂ ਹਜ਼ਾਰ ਕਿੱਥੋਂ ਆਉਣਗੇ। ਮੈਂ ਆਪਣੀ ਪੈਨਸ਼ਨ ਕਮਊਟ ਕਰਵਾਈ ਹੋਈ। ਪਹਿਲਾਂ ਦਸ ਹਜ਼ਾਰ ਮਿਲਦੇ ਸੀ। ਜਸਵਿੰਦਰ ਨੇ ਮੇਰੇ ਨਾਂ 'ਤੇ ਕਾਰ ਕਢਵਾਈ। ਸੱਤ ਹਜ਼ਾਰ ਕਾਰ ਦੀ ਕਿਸ਼ਤ। ਦੋ ਕੁ ਹਜ਼ਾਰ ਦੀ ਮੇਰੀ ਦਵਾਈ। ਮੇਰੇ ਕੋਲ ਤਾਂ ਪੰਜ ਸੌ ਮਸਾਂ ਬਚਦਾ। ਉਹ ਵੀ ਪ੍ਰਤਾਪ ਲੈ ਜਾਂਦਾ। ਮੇਰੀ ਤਾਂ ਇਹ ਹਾਲਤ ਹੈ ਕਿ ਨੰਗੀ



ਕੀ ਨਹਾਊ ਤੇ ਕੀ ਨਚੋੜੂ!

ਕਿਸ ਨੂੰ ਆਵਾਜ਼ ਮਾਰਾਂ? ਜਸਵਿੰਦਰ ਨੇ ਇੱਕ ਵਾਰ ਵੀ ਇੱਧਰ ਨੂੰ ਮੂੰਹ ਨਹੀਂ ਕੀਤਾ। ਪਤਾ ਨਹੀਂ ਕਿਹੜੇ ਸਿੰਙਾਂ 'ਤੇ ਅਸਵਾਰ ਹੋਇਆ ਫਿਰਦਾ। ਉਹ ਕੀ, ਮੈਨੂੰ ਸਾਰਾ ਟੱਬਰ ਹੀ ਭੁੱਲਿਆ ਫਿਰਦਾ। ਕੀ ਇਨ੍ਹਾਂ ਇੱਥੋਂ ਤੱਕ ਸੋਚ ਲਿਆ ਕਿ ਮੈਂ ਉਨ੍ਹਾਂ ਦੀ ਇਸ ਖੁਸ਼ੀ 'ਚ ਸ਼ਾਮਿਲ ਨਹੀਂ ਹੋ ਸਕਦਾ? ਮੇਰੇ ਆਪਣੇ ਅਸੂਲ ਹਨ, ਜਿਨ੍ਹਾਂ 'ਤੇ ਮੈਂ ਤਮਾਮ ਉਮਰ ਪਹਿਰਾ ਦਿੱਤਾ। ਦੁਨੀਆ ਇੱਧਰ ਦੀ ਉੱਧਰ ਹੋ ਜਾਵੇ, ਮੈਂ ਮੂੰਹੋਂ ਜੋ ਬੋਲਿਆ, ਉਨ੍ਹਾਂ ਨੂੰ ਨਿਭਾਇਆ। ਪੈਂਤੀ ਸਾਲ ਪੰਜ ਸਕੂਲਾਂ 'ਚ ਪੜ੍ਹਾਇਆ। ਬੱਚਿਆਂ ਨੂੰ ਆਪਣੇ ਬੱਚੇ ਸਮਝਿਆ। ਗਰੀਬ ਘਰ ਦੇ ਬੱਚਿਆਂ ਨੂੰ ਮੁਫਤ ਟਿਊਸ਼ਨ ਪੜ੍ਹਾਈ। ਅਜੇ ਵੀ, ਜਦੋਂ ਬਾਜ਼ਾਰ ਵਿੱਚ ਦੀ ਲੰਘਾਂ, ਦੋ ਚਾਰ ਮੇਰੇ ਪੜ੍ਹਾਏ ਵਿਦਿਆਰਥੀ ਮਿਲ ਹੀ ਜਾਂਦੇ ਹਨ। ਜਦੋਂ ਮੇਰੇ ਗੋਡੇ ਹੱਥ ਲਾਉਣ ਤਾਂ ਮਾਣ ਨਾਲ ਮੇਰੀ ਛਾਤੀ ਫੁੱਲ ਜਾਂਦੀ ਹੈ। ਕੋਈ ਕਹਿ ਨਹੀਂ ਸਕਦਾ ਕਿ ਮੈਂ ਕਿਸੇ ਦੇ ਦੋ ਰੁਪਈਆਂ ਦਾ ਵੀ ਰਵਾਂਦਾਰ ਹੋਇਆ ਹੋਵਾਂ। ਜਦੋਂ ਮੈਂ ਇਹੀ ਗੱਲ ਜਸਵਿੰਦਰ ਨੂੰ ਦੱਸਦਾ ਤਾਂ ਉਹ ਕਹਿ ਦਿੰਦਾ, "ਕਾਹਦੀ ਇਮਾਨਦਾਰੀ! ਤੁਸੀਂ ਘਰ ਦਾ ਕੀ ਸੰਵਾਰਿਆ। ਲੈ ਦੇ ਕੇ ਦੋ ਕਮਰੇ। ਆਪ ਭੁੱਖੇ ਰਹੇ। ਨਾਲ ਸਾਨੂੰ ਭੁੱਖਿਆਂ ਰੱਖਿਆ। ਜੇ ਕੋਈ ਪਿਉ ਆਪਣੇ ਬੱਚਿਆਂ ਨੂੰ ਚੰਗੀ ਪੜ੍ਹਾਈ, ਚੰਗਾ ਘਰ ਤੇ ਕੱਪੜੇ ਨ੍ਹੀਂ ਦੇ ਸਕਦਾ ਤਾਂ ਅਜਿਹੇ ਈਮਾਨਦਾਰ ਹੋਣ ਦਾ ਕੀ ਫਾਇਦਾ।" ਮੈਂ ਉਸਨੂੰ ਉਸ ਦੀ ਪਸੰਦ ਦਾ ਘਰ ਤੇ ਫੈਸ਼ਨੇਬਲ ਕੱਪੜੇ ਨਹੀਂ ਦੇ ਸਕਿਆ ਪਰ ਪੜ੍ਹਾਇਆ। ਪਟਵਾਰੀ ਲਗਵਾਇਆ। ਹੁਣ ਬੜੀ ਸ਼ਾਨ ਨਾਲ ਕੋਠੀ ਦੇ ਬਾਹਰ ਉਸੇ ਦੀ ਨੇਮ ਪਲੇਟ ਲੱਗੀ ਹੈ: ਜਸਵਿੰਦਰ ਸਿੰਘ । ਜੇ ਕੋਈ ਪੁੱਛ ਲਵੇ ਤਾਂ ਉਹ ਕਹਿ ਦਿੰਦਾ, "ਆਗੇ ਆਗੇ ਦੇਖੋ ਹੋਤਾ ਹੈ ਕਯਾ।" ਉਹ ਪਟਵਾਰੀ ਕੀ ਬਣਿਆ, ਮੇਰੀ ਬਣੀ ਬਣਾਈ ਖੂਹ 'ਚ ਪਾ ਦਿੱਤੀ। ਇਸ ਦਾ ਨਜ਼ਾਰਾ ਮੈਂ ਆਪ ਅੱਖੀਂ ਦੇਖਿਆ। ਮੈਂ ਨੋਟਰੀ ਕੋਲੋਂ ਸਰਟੀਫਿਕੇਟ ਅਟੈਸਟਡ ਕਰਵਾਉਣ ਗਿਆ, ਉਸ ਦੇ ਕਮਰੇ 'ਚ ਚਲਾ ਗਿਆ। ਪਹਿਲਾਂ ਤਾਂ ਉਹ ਇਸ ਗੱਲ 'ਤੇ ਔਖਾ ਹੋਇਆ ਕਿ ਮੈਂ ਇੱਥੇ ਆਇਆ ਹੀ ਕਿਉਂ। ਉਸ ਆਪੇ ਹੀ ਸਰਟੀਫਿਕੇਟ ਅਟੈਸਟਡ ਕਰਵਾ ਕੇ ਘਰੇ ਭੇਜ ਦੇਣੇ ਸੀ। ਮੇਰੇ ਬੈਠੇ ਬੈਠੇ ਇੱਕ ਬਾਬੂ ਆਇਆ। ਉਸ ਨੇ ਆਪਣੇ ਪਲਾਟ ਦੀ ਨਿਸ਼ਾਨਦੇਹੀ ਲੈਣੀ ਸੀ। ਜਸਵਿੰਦਰ ਨੇ ਕਿਹਾ, "ਸਿੱਧੀ ਜਿਹੀ ਗੱਲ ਆ। ਜੇ ਤਾਂ ਤੁਸੀਂ ਸਰਕਾਰੀ ਕਾਰਵਾਈ ਮੁਤਾਬਕ ਕੰਮ ਕਰਾਉਣਾ ਤਾਂ ਪੰਜਾਹ ਰੁਪਈਏ ਲੱਗਣਗੇ। ਹੇਠਾਂ ਜਾ ਕੇ ਫੀਸ ਜਮਾਂ ਕਰਾਓ। ਮਹੀਨਾ ਲੱਗ ਜਾਣਾ। ਦੋ ਮਹੀਨੇ ਵੀ ਲੱਗ ਸਕਦੇ। ਜੇ ਮੈਥੋਂ ਕੰਮ ਕਰਾਉਣਾ ਤਾਂ ਪੰਜ ਮਿੰਟ ਲੱਗਣਗੇ। ਪੰਜ ਹਜ਼ਾਰ ਲੱਗੂ। ਮੈਂ ਤੁਹਾਡੇ ਨਾਲ ਜਾ ਕੇ ਨਿਸ਼ਾਨਦੇਹੀ ਦੇ ਆਵਾਂਗਾ। ਹੁਣ ਤੁਸੀਂ ਦੇਖ ਲਉ, ਕਿੱਦਾਂ ਕੰਮ ਕਰਵਾਉਣਾ।" ਬਾਬੂ ਸੋਚੀਂ ਪੈ ਗਿਆ। ਉਸ ਕਿਹਾ ਕਿ ਦੋ ਹਜ਼ਾਰ ਲੈ ਲਉ। ਦੱਸੋ ਕਦੋਂ ਆਉਗੇ। ਜਸਵਿੰਦਰ ਬੋਲਿਆ, "ਚਲੋ ਨਾ ਤੁਹਾਡੀ, ਨਾ ਮੇਰੀ, ਚਾਰ ਹਜ਼ਾਰ ਦੇ ਦਿਓ।" ਗੱਲ ਸਾਢੇ ਤਿੰਨ ਹਜ਼ਾਰ 'ਚ ਮੁੱਕੀ। ਬਾਬੂ ਚਲਿਆ ਗਿਆ ਤਾਂ ਮੈਂ ਕਿਹਾ, "ਪੁੱਤ ਮੈਂ ਤੈਨੂੰ ਆਹ ਕੁਸ਼ ਨ੍ਹੀਂ ਸੀ ਸਿਖਾਇਆ।" ਅੱਗੋਂ ਜੁਆਬ ਮਿਲਿਆ, "ਤੁਸੀਂ ਤਾਂ ਨ੍ਹੀਂ-ਸਿਸਟਮ ਨੇ ਮੈਨੂੰ ਸਿਖਾਇਆ। ਤੁਹਾਨੂੰ ਕਦੇ ਕਿਸੇ ਅਫਸਰ ਦੀ ਵਗਾਰ ਪਈ ਹੁੰਦੀ ਤਾਂ ਪਤਾ ਲੱਗਦਾ ਕਿ ਕੀ ਭਾਅ ਵਿਕਦੀ ਆ। ਜੇ ਮੈਂ ਉਨ੍ਹਾਂ ਦੀਆਂ ਵਗਾਰਾਂ ਆਪਣੀ ਤਨਖਾਹ 'ਚੋਂ ਪੂਰੀਆਂ ਕਰਾਂ ਤਾਂ ਮੰਜੂ ਤੇ ਬੱਚਿਆਂ ਨੂੰ ਗੁਰਦੁਆਰੇ ਜਾ ਕੇ ਲੰਗਰ ਛੱਕਣਾ ਪੈਣਾ। ਤੁਸੀਂ ਘਰ ਨੂੰ ਜਾਉ। ਮੇਰੇ ਦਫਤਰ 'ਚ ਕਦੇ ਨ੍ਹੀਂ ਆਉਣਾ। ਤੁਹਾਡੇ ਕੋਲੋਂ ਸਾਡੇ ਸਿਸਟਮ ਨੂੰ ਸਮਝਿਆ ਨ੍ਹੀਂ ਜਾਣਾ। ਤੁਸੀਂ ਵਾਹਿਗੁਰੂ ਵਾਹਿਗੁਰੂ ਕਰ ਛੱਡਿਆ ਕਰੋ। ਮੈਂ ਤਾਂ ਇਹੀ ਸਿੱਖਿਆ ਕਿ ਪੈਸੇ ਕਮਾਓ। ਅਫਸਰਾਂ ਨੂੰ

ਖੁਸ਼ ਕਰੋ। ਆਪ ਖੁਸ਼ ਰਹੋ।" ਮੈਂ ਘਰ ਨੂੰ ਜਾਂਦਾ ਹੋਇਆ ਇਹੀ ਸੋਚੀ ਗਿਆ ਸੀ ਕਿ ਇਹ ਕਿਹੜਾ ਸਿਸਟਮ ਹੈ ਜਿਸ ਨੂੰ ਮੇਰੇ ਵਰਗਾ ਬੀ. ਏ. ਪਾਸ ਨਹੀਂ ਸਮਝ ਸਕਦਾ। ਉਨ੍ਹੀਂ ਦਿਨੀ ਮੈਂ ਗੋਹੀਰਾਂ ਪੜ੍ਹਾ ਰਿਹਾ ਸੀ। ਸਰਪੰਚ ਨੇ ਮੈਨੂੰ ਆਪਣੇ ਘਰ ਬੁਲਾਇਆ। ਛੁੱਟੀ ਹੋਣ ਮਗਰੋਂ ਮੈਂ ਗਿਆ ਤਾਂ ਉਸ ਆਪਣੇ ਮੁੰਡੇ ਨੂੰ ਘਰੇ ਆ ਕੇ ਪੜ੍ਹਾਉਣ ਲਈ ਕਿਹਾ। ਮੈਂ ਇਕਦਮ ਕਹਿ ਦਿੱਤਾ, "ਮੈਂ ਕਦੇ ਕਿਸੇ ਦੇ ਘਰ ਜਾ ਕੇ ਨ੍ਹੀਂ ਪੜ੍ਹਾਇਆ। ਮੁੰਡੇ ਨੂੰ ਸਾਰੀ ਛੁੱਟੀ ਮਗਰੋਂ ਸਕੂਲੇ ਹੀ ਪੜ੍ਹਾ ਦਿਆ ਕਰਾਂਗਾ।" ਸਰਪੰਚ ਨੇ ਲੋਰ ਜਿਹੀ 'ਚ ਕਿਹਾ, "ਮਾਸਟਰ ਜੀ, ਪੈਸਿਆਂ ਦੀ ਮੈਂ ਕਦੇ ਪ੍ਰਵਾਹ ਨ੍ਹੀਂ ਕੀਤੀ। ਵਾਹਿਗੁਰੂ ਨੇ ਬਹੁਤ ਕੁਸ਼ ਦਿੱਤਾ। ਮੁੰਡੇ ਦੇ ਮਾਮੇ ਬਾਹਰ ਗਏ। ਮੈਂ ਮੁੰਡੇ ਨੂੰ ਉਨ੍ਹਾਂ ਕੋਲ ਅਮਰੀਕਾ ਭੇਜਣਾ। ਇਹਦੀ ਅੰਗਰੇਜ਼ੀ ਕਮਜ਼ੋਰ ਆ। ਇਹਨੂੰ ਤੋਤੇ ਵਾਂਗੂੰ ਅੰਗਰੇਜ਼ੀ ਰਟਾ ਦਿਓ। ਐਵੇਂ ਕਿਉਂ ਟੁੱਟੇ ਜਿਹੇ ਸਾਈਕਲ 'ਤੇ ਲੱਤਾਂ ਤੁੜਾਉਂਦੇ ਸ਼ਹਿਰੋਂ ਆਉਂਦੇ ਹੋ, ਜਾਂਦੇ ਹੋ। ਆਪਣਾ ਡੰਡਾ ਡੋਰਾ ਚੁੱਕ ਲਿਆਉ। ਮੇਰੀ ਹਵੇਲੀ 'ਚ ਬਥੇਰੇ ਕਮਰੇ ਖਾਲੀ ਪਏ ਨੇ। ਪੱਕਿਆ ਪਕਾਇਆ ਪ੍ਰਸ਼ਾਦਾ ਮਿਲੂ। ਇੱਕ ਨਿੱਕੇ ਪੈਸੇ ਦਾ ਖਰਚ ਨ੍ਹੀਂ।" ਮੈਂ ਪੁੱਛਿਆ, "ਸਰਪੰਚ ਸਾਹਿਬ, ਕੁਸ਼ ਹੋਰ ਕਹਿਣਾ ?" ਸਰਪੰਚ ਨੇ ਕਿਹਾ, "ਹੋਰ ਕੀ ਕਹਿਣਾ।" ਮੈਂ ਕਿਹਾ, "ਮੈਂ ਪੜ੍ਹਾ ਦਊਂਗਾ। ਆਪਣੀ ਪੂਰੀ ਵਾਹ ਲਾ ਦਊਂਗਾ। ਮੁੰਡਾ ਪੜ੍ਹਨ ਵਾਲਾ ਬਣੇ। ਪਰ ਮੈਂ ਤੁਹਾਡੇ ਘਰ ਆ ਕੇ ਨ੍ਹੀਂ ਪੜ੍ਹਾਉਣਾ।" ਸਰਪੰਚ ਅੱਗੋਂ ਤੱਤਾ ਬੋਲਿਆ, "ਦੇਖ ਲੈ ਮਾਸਟਰਾ ਕੀ ਕਹਿ ਰਿਹਾਂ। ਦੋ ਦਿਨਾਂ 'ਚ ਤੇਰੀ ਬਦਲੀ ਕਰਵਾ ਕੇ ਦਰਿਆ ਪਾਰ ਨਾ ਭੇਜ ਦਿੱਤਾ ਤਾਂ ਮੈਨੂੰ ਨਛੱਤਰ ਸਿੰਘ ਸਿੱਧੂ ਨਾ ਕਹੀਂ।" ਮੈਂ ਉਸੇ ਦੀ ਟੋਨ 'ਚ ਜੁਆਬ ਦਿੱਤਾ, "ਦੋ ਦਿਨ ਕੀ, ਅੱਜ ਹੀ ਆਰਡਰ ਕਰਵਾ ਦਿਓ।"

ਚਲ ਮਨਾ ਟੀ ਵੀ ਲਾ ਲੈ। ਸ਼ੀਲਾ ਦੇ ਜਾਣ ਪਿੱਛੋਂ ਇਹੀ ਮੇਰਾ ਪੱਕਾ ਸਾਥੀ ਹੈ। ਮੈਂ ਇੱਕ ਸੌ ਛਿਆਸੀ 'ਤੇ 'ਐਨ ਡੀ ਟੀ ਵੀ' ਲਾਉਂਦਾ ਹਾਂ। ਉਹੀ ਸਵੇਰ ਵਾਲੀ ਦੀਨਾਨਗਰ ਵਾਲੀ ਖ਼ਬਰ ਆ ਰਹੀ ਹੈ। ਤਿੰਨ ਪਾਕਿਸਤਾਨੀ ਅੱਤਵਾਦੀਆਂ ਨੇ ਥਾਣੇ 'ਚ ਵੜ੍ਹ ਕੇ ਗੋਲੀਆਂ ਚਲਾਉਣੀਆਂ ਸ਼ੁਰੂ ਕੀਤੀਆਂ। ਅੱਤਵਾਦੀ ਮੁਕਾਬਲੇ 'ਚ ਮਾਰੇ ਜਾ ਚੁੱਕੇ ਹਨ। ਵੱਖ-ਵੱਖ ਵਿਦਵਾਨ ਬਹਿਸ ਕਰ ਰਹੇ ਹਨ ਕਿ ਕੀ ਇਸ ਹਮਲੇ ਨੂੰ ਖਾਲਿਸਤਾਨੀਆਂ ਨਾਲ ਜੋੜ ਕੇ ਦੇਖਿਆ ਜਾ ਸਕਦਾ ਹੈ। ਮੈਂ 'ਆਜ ਤੱਕ' ਲਾਉਂਦਾ ਹਾਂ। ਉਹੀ ਖ਼ਬਰ ਹੈ। 'ਆਈ ਵੀ ਐਨ' ਮੁੜ ਪੁਰਾਣੀਆਂ ਰਿਕਾਰਡਿੰਗਾਂ ਦਿਖਾ ਰਿਹਾ ਹੈ। 'ਇੰਡੀਆ ਟੀਵੀ' 'ਤੇ ਵੀ ਇਹੀ ਹਾਲ ਹੈ। ਮੈਨੂੰ ਇਨ੍ਹਾਂ ਚੈਨਲਾਂ 'ਤੇ ਯਕੀਨ ਨਹੀਂ ਰਿਹਾ। ਪਤਾ ਨਹੀਂ ਲੱਗਦਾ ਕਿਹੜੀ ਖ਼ਬਰ ਸੱਚੀ ਹੈ ਕਿਹੜੀ ਝੂਠੀ। ਮੈਂ ਪਚਵੰਜਾ ਨੰ: ਲਾਉਂਦਾ ਹਾਂ। ਗੀਤ ਆ ਰਿਹਾ ਹੈ : ਪੱਲੇ ਜੱਟ ਦੇ ਸਤ ਕਨਾਲਾਂ। ਛਪੰਜਾ ਤੇ ਬੱਬੂ ਮਾਨ ਨੱਚ-ਨੱਚ ਕੇ ਗਾ ਰਿਹਾ ਹੈ : ਜੇ ਬਦਲਾ ਲੈਣਾ ਹੈ। ਸਤਵੰਜਾ 'ਤੇ ਦਲਜੀਤ ਕੁੜੀਆਂ ਵਾਂਗੂੰ ਲੱਕ ਹਿਲਾ ਕੇ ਵੀਰਵਾਰ ਦਿਨ ਦਾ ਪ੍ਰਹੇਜ ਕਰਦਾ ਗਾ ਰਿਹਾ ਹੈ। ਮੈਂ ਆਪਣਾ ਮਨਪਸੰਦ ਚੈਨਲ 'ਕਲਾਸਿਕ ਫਿਲਮਾਂ' ਲਾ ਦਿੰਦਾ ਹਾਂ। ਗੁਰੂਦੱਤ ਦੀ ਫਿਲਮ 'ਪਿਆਸਾ' ਚੱਲ ਰਹੀ ਹੈ। ਗੁਰੂਦੱਤ ਗਾ ਰਿਹਾ ਹੈ : ਜਿਨੇਹੇ ਹਿੰਦ ਪਰ ਨਾਜ਼ ਹੈ ਵੋਹ ਕਹਾਂ ਹੈ.... ਕਹਾਂ ਹੈ।

ਮੇਰਾ ਧਿਆਨ ਐਵੇਂ ਹੀ ਮੁੜ ਡਰਾਇੰਗ-ਰੂਮ 'ਚ ਚਲੇ ਗਿਆ।

ਮੈਂ ਟੀ ਵੀ ਦੀ ਆਵਾਜ਼ ਬਿਲਕੁਲ ਘਟਾ ਦਿੱਤੀ।

ਲੱਗਦਾ ਹੈ ਕਿ ਮੰਜੂ ਦਾ ਡੈਡੀ ਆ ਰਿਹਾ ਹੈ। ਸਿਆਣਿਆਂ ਨੂੰ ਫੇਰ ਵੀ ਸ਼ਰਮ ਮਾਰ ਜਾਂਦੀ ਹੈ। ਉਸ ਦੇ ਦੋਹਾਂ ਹੱਥਾਂ 'ਚ ਗਲਾਸ ਫੜੇ ਹਨ।

ਪੈਰ ਨਾਲ ਦਰਵਾਜ਼ਾ ਧੱਕ ਕੇ ਉਹ ਮੇਰੇ ਕੋਲ ਆ ਖੜ੍ਹਿਆ। ਇੱਕ ਗਲਾਸ ਮੇਰੇ ਹੱਥਾਂ 'ਚ



ਫੜਾ ਕੇ ਬੋਲਿਆ, "ਭਾਈ ਸਾਹਿਬ ਕਮਾਲ ਆ ਤੁਸੀਂ ਇੱਥੇ ਕੱਲੇ ਬੈਠੇ ਹੋਂ। ਜਸਵਿੰਦਰ ਦੇ ਦੋਸਤਾਂ ਤੇ ਰਿਸ਼ਤੇਦਾਰਾਂ ਨੇ ਨੱਚ-ਨੱਚ ਕੇ ਧਰਤੀ ਪੁੱਟ ਸੁੱਟੀ।" ਮੈਂ ਉਸ ਦੀ ਗੱਲ ਦਾ ਜੁਆਬ ਨਾ ਦਿੱਤਾ।

"ਲਾਲਾ ਜੀ, ਕਦੋਂ ਆਏ ਹੋ ?" ਮੈਂ ਪੁੱਛਿਆ।

"ਸਾਨੂੰ ਆਇਆਂ ਤਾਂ ਚਾਰ ਘੰਟੇ ਹੋ ਗਏ।"

"ਪਰਿਵਾਰ ਠੀਕ-ਠਾਕ ਆ ?"

"ਤੁਹਾਡੀਆਂ ਮਿਹਰਾਂ ਨੇ। ਸਾਰੇ ਜਣੇ ਆਏ ਨੇ ਨੋਵਾ ਕਾਰ 'ਚ। ਕੁਲਵੰਤ ਨੇ ਵੈਸਟਨ ਯੂਨੀਅਨ ਰਾਹੀਂ ਲੱਖ ਰੁਪਈਆ ਭੇਜਿਆ ਜਸਵਿੰਦਰ ਨੂੰ। ਕਹਿੰਦਾ ਅੱਜ ਖੂਬ ਜਸ਼ਨ ਮਨਾਓ। ਜਸਵਿੰਦਰ ਨੇ ਸਾਡੇ ਆਉਣ ਤੋਂ ਪਹਿਲਾਂ ਸਾਰਾ ਪ੍ਰਬੰਧ ਕਰ ਲਿਆ। ਹੁਣ ਤੁਹਾਡੇ ਸਾਡੇ ਵਾਲੇ ਸਮੇਂ ਤਾਂ ਰਹੇ ਨ੍ਹੀਂ ਕਿ ਸੋਚੀ ਜਾਓ। ਬਲੱਡ ਪਰੈਸ਼ਰ ਵਧਾਈ ਜਾਓ। ਅੱਜ ਕੱਲ੍ਹ ਦੀ ਪੀੜ੍ਹੀ ਤਾਂ ਹਰ ਪਲ ਨੂੰ ਜਿਊਣਾ ਚਾਹੁੰਦੀ ਆਂ। ਇਹ ਕੱਲ੍ਹ ਬਾਰੇ ਫਿਕਰ ਨ੍ਹੀਂ ਕਰਦੀ।"

ਮੈਂ ਉਸ ਨੂੰ ਟੋਕ ਕੇ ਪੁੱਛਿਆ, "ਸਿਹਤ ਠੀਕ ਰਹਿੰਦੀ ਆ ?"

"ਗੱਡੀ ਰੁੜ੍ਹੀ ਜਾਂਦੀ ਆ। ਦੋ ਵੇਲਿਆਂ ਦੀ ਸੈਰ ਤੇ ਸਾਈਕਲ ਨੇ ਬਚਾ ਰੱਖਿਆ। ਨ੍ਹੀਂ ਤਾਂ ਹੁਣ ਤੱਕ ਭੋਗ ਪੈ ਜਾਣਾ ਸੀ। ਤੁਸੀਂ ਆਪਣੀ ਸੁਣਾਓ।"

"ਮੇਰਾ ਬਲੱਡ ਪ੍ਰੈਸਰ ਕੰਟਰੋਲ 'ਚ ਨ੍ਹੀਂ ਆ ਰਿਹਾ।"

"ਗੋਲੀ ਖਾਂਦੇ ਹੁੰਦੇ ਆਂ ਕਿ ਨ੍ਹੀਂ ?"

"ਕੀ ਗੱਲ ਕਰਦੇ ਹੋ। ਗੋਲੀਆਂ ਨਾਲ ਤਾਂ ਸਾਹ ਚਲਦਾ।"

"ਔਹ ਦੇਖੋ ਪ੍ਰਤਾਪ ਵੱਲ। ਆਪਣੇ ਮੋਬਾਇਲ ਤੋਂ ਆਪਣੇ ਮਾਮੇ ਨੂੰ ਪ੍ਰੋਗਰਾਮ ਦੀ ਲਾਈਵ ਰਿਕਾਰਡਿੰਗ ਨਾਲੋਂ ਨਾਲ ਦਿਖਾ ਰਿਹਾ।"

"ਇਹ ਕੰਪਿਊਟਰ ਯੁਗ ਦੇ ਬੱਚੇ ਨੇ।"

"ਪੰਦਰ੍ਹਾਂ ਵੀਹਾਂ ਸਾਲਾਂ 'ਚ ਦੁਨੀਆ ਕਿੰਨੀ ਬਦਲ ਗਈ।"

"ਬਦਲੀ ਨ੍ਹੀਂ ਗਰਕ ਗਈ।"

ਮੈਂ ਦੇਖਿਆ ਕਿ ਜੈਸੀਕਾ ਨੂੰ ਨੱਚਦਿਆਂ ਹੋਇਆਂ ਘੰਟਾ ਹੋ ਗਿਆ। ਉਹ ਥੱਕਦੀ ਹੀ ਨਹੀਂ। ਪ੍ਰਤਾਪ ਵੀ ਕਿੱਦਾਂ ਆਪਣੀ ਭੈਣ ਨਾਲ ਠੁਮਕੇ ਲਾ ਰਿਹਾ। ਜੇ ਕਿਸੇ ਕੰਮ ਲਈ ਆਵਾਜ਼ ਮਾਰ ਲਵਾਂ ਤਾਂ ਉਹ ਕੰਨਣਘੇਸੀ ਮਾਰ ਜਾਂਦੀ।

"ਭਾਈ ਸਾਹਿਬ, ਮੈਂ ਹੋਰ ਪੈੱਗ ਪਾ ਲਿਆਵਾਂ ?" ਉਹਨੇ ਸੁਲਾਹ ਮਾਰੀ। ਮੈਂ ਅੱਗੋਂ ਚੁੱਪ ਰਿਹਾ। ਉਸ ਨੇ ਇਸ ਨੂੰ ਮੇਰੀ ਹਾਂ ਮੰਨ ਲਿਆ। ਦੋਵੇਂ ਗਲਾਸ ਚੁੱਕ ਕੇ ਡਰਾਇੰਗ ਰੂਮ ਵੱਲ ਚਲੇ ਗਿਆ। ਮੈਂ ਥੋੜ੍ਹੀ ਕੁ ਖਿੜਕੀ ਖੋਲ੍ਹ ਕੇ ਦੇਖਿਆ। ਹੁਣ ਤੀਹ ਕੁ ਬੰਦੇ ਤੇ ਇੰਨੀਆਂ ਕੁ ਔਰਤਾਂ ਸਨ। ਅੱਡ-ਅੱਡ ਟੋਲੀਆਂ 'ਚ ਖੜ੍ਹੀਆਂ। ਬੈਠੀਆਂ। ਕੁਝ ਕੁ ਨੂੰ ਮੈਂ ਪਛਾਣ ਸਕਿਆ। ਬਾਕੀ ਦੇ ਪਤਾ ਨਹੀਂ ਕੌਣ ਸਨ। ਜਸਵਿੰਦਰ ਦੇ ਦੋਸਤ ਜਾਂ ਮੰਜੂ ਦੇ ਰਿਸ਼ਤੇਦਾਰ। ਮੇਰੇ ਵੱਲ ਦਾ ਕੋਈ ਰਿਸ਼ਤੇਦਾਰ ਨਹੀਂ ਹੈ। ਡੈਕ ਦੀ ਕੰਨ ਪਾੜਵੀਂ ਆਵਾਜ਼ 'ਚ ਭਲਾ ਕੋਈ ਆਵਾਜ਼ ਸੁਣਦੀ ਹੈ। ਮੈਨੂੰ ਤਾਂ ਉਨ੍ਹਾਂ ਦੇ ਬੁੱਲ੍ਹ ਹਿਲਦੇ ਦਿੱਸਦੇ। ਹੱਥ 'ਤੇ ਹੱਥ ਮਾਰ ਕੇ ਖਿੜਖਿੜਾਉਂਦੇ ਚਿਹਰੇ। ਮੰਜੂ ਕਿਹੜੀ ਔਰਤ ਨਾਲ ਨੱਚ ਰਹੀ ਹੈ ? ਜਸਵਿੰਦਰ ਨੇ ਇੱਕੋ ਵਾਰ 'ਚ ਆਪਣੀ ਸਾਲੀ 'ਤੋਂ ਪੰਜਾਹ-ਪੰਜਾਹ ਦੇ ਨੋਟ ਸੁੱਟੇ। ਕੰਮ ਵਾਲੀ ਨੂੰ ਪਤਾ ਨਹੀਂ ਲੱਗ ਰਿਹਾ ਕਿ ਕਿਹੜੇ ਪਾਸਿਉਂ ਪਹਿਲਾਂ ਨੋਟ ਚੁੱਕੇ।

ਮੇਰੀ ਆਪਣੀ ਨੂੰਹ ਹੀ ਮੇਰੇ ਲਈ ਬੇਗਾਨੀ ਹੋ ਗਈ।

ਮੰਜੂ ਦੇ ਮੈਂ ਮੱਥੇ ਲੱਗ ਜਾਵਾਂ ਸਈਂ, ਉਸ ਦੇ ਮੱਥੇ 'ਤੇ ਸੌ ਤਿਊੜੀਆਂ ਪੈ ਜਾਂਦੀਆਂ। ਐਦਾਂ ਜਿੱਦਾਂ ਮੈਂ ਉਹਦਾ ਸਹੁਰਾ ਨਹੀਂ ਦੁਸ਼ਮਣ ਹੋਵਾਂ। ਪਤਾ ਨਹੀਂ ਕਿੰਨਾ ਚਿਰ ਹੋ ਗਿਆ। ਉਸ ਨੂੰ ਮੇਰੇ ਕਮਰੇ ਵੱਲ ਮੂੰਹ ਕੀਤਿਆਂ। ਉਸ ਦੀ ਕਹੀ ਹੋਈ ਗੱਲ ਮੇਰੇ ਮੱਥੇ 'ਤੇ ਠਾਹ ਕਰਕੇ ਵੱਜੀ : "ਸਿਫਾਰਸ਼ਾਂ ਤਾਂ ਸਤ ਬਗਾਨੇ ਕਰ ਦਿੰਦੇ ਨੇ, ਇਸ ਬੁਢੜੇ ਕੋਲੋਂ ਮੇਰੇ ਭਰਾ ਦੀ ਸਿਫਾਰਸ਼ ਨ੍ਹੀਂ ਹੋਈ।" ਮੰਜੂ ਦੇ ਭਰਾ ਕੁਲਵੰਤ ਦੇ ਵਿਆਹ ਦਾ ਕੇਸ ਐਸ. ਐਸ. ਪੀ. ਨਵਾਂ ਸ਼ਹਿਰ ਕੋਲ ਸੀ। ਐਸ. ਐਸ. ਪੀ. ਮੇਰੇ ਕੁਲੀਗ ਰਾਮ ਗੋਪਾਲ ਦਾ ਮੁੰਡਾ ਹੈ। ਕੁਲਵੰਤ ਦੇ ਸਹੁਰਿਆਂ ਨੇ ਦਾਜ ਦਾ ਕੇਸ ਕੀਤਾ। ਇਹਦੀ ਇੰਨਕੁਆਰੀ ਵੋਮੈਨ ਸੈਲ, ਨਵਾਂ ਸ਼ਹਿਰ ਚੱਲ ਰਹੀ ਸੀ। ਫਾਈਨਲ ਕੇਸ ਐਸ. ਐਸ. ਪੀ. ਕੋਲ ਜਾਣਾ ਸੀ। ਮੰਜੂ ਨੇ ਮੈਨੂੰ ਵਾਰ ਵਾਰ ਕਿਹਾ ਕਿ ਮੈਂ ਉਨ੍ਹਾਂ ਦੇ ਨਾਲ ਚੱਲਾਂ। ਇਹ ਰਿਸ਼ਤਾ ਮੈਂ ਕਰਾਇਆ ਸੀ। ਮੈਂ ਕੁਲਵੰਤ ਦੇ ਸਹੁਰੇ ਜਸਬੀਰ ਦੇ ਮੱਥੇ ਕਿੱਦਾਂ ਲੱਗਦਾ। ਕਿਹੜੇ ਮੂੰਹ ਨਾਲ ਕਹਿੰਦਾ ਕਿ ਮੁੰਡਾ-ਕੁੜੀ ਬਾਹਰ ਹਨ। ਕੇਸ ਕਰਕੇ ਕੀ ਲੈਣਾ। ਐਸ. ਐਸ. ਪੀ. ਕੋਲ ਕਿੱਦਾਂ ਝੂਠ ਬੋਲਾਂ। ਮੈਂ ਨਾ ਗਿਆ। ਜਸਵਿੰਦਰ ਆਪਣੇ ਪੱਧਰ 'ਤੇ ਐਸ. ਐਸ. ਪੀ. ਦੇ ਰੀਡਰ ਨੂੰ ਜਾ ਮਿਲਿਆ। ਕੇਸ ਫਾਇਲ ਕਰਵਾ ਲਿਆ। ਜਸਬੀਰ ਹੋਰਾਂ ਨੇ ਉਹੀ ਅਰਜੀ ਐਸ. ਪੀ. (ਇਨਵੈਸਟੀਗੇਸ਼ਨ) ਕੋਲੋਂ ਮਾਰਕ ਕਰਵਾ ਕੇ, ਐਸ. ਐਚ. ਓ., ਬੰਗਿਆਂ ਤੋਂ ਇਨਕੁਆਰੀ ਕਰਵਾਈ। ਐਸ. ਐਚ. ਓ ਨੇ ਕੁਲਵੰਤ, ਉਸ ਦੇ ਪਿਓ ਤੇ ਮਾਂ ਖਿਲਾਫ ਧਾਰਾ 498 ਏ ਤਹਿਤ ਧੋਖਾਧੜੀ ਦਾ ਕੇਸ ਰਜਿਸਟਰ ਕਰਨ ਲਈ ਫਾਇਲ ਐਸ. ਐਸ. ਪੀ. ਦਫਤਰ ਭੇਜ ਦਿੱਤੀ। ਮੰਜੂ ਮੇਰੇ ਕੋਲ ਆ ਕੇ ਰੋਈ-ਪਿੱਟੀ। ਮੈਂ ਸਿੱਧੀ ਨਾਂਹ ਤਾਂ ਨਾ ਕੀਤੀ। ਕੱਲ੍ਹ ਨੂੰ ਚਲਦੇ ਹਾਂ। ਲਾਰਾ ਲਾਇਆ। ਉਹ ਤਾਂ ਚਾਹੁੰਦੀ ਸੀ ਕਿ ਮੈਂ ਕੱਪੜੇ ਬਦਲਾਂ। ਕਾਰ 'ਚ ਬੈਠਾਂ। ਐਸ. ਐਸ. ਪੀ. ਨੂੰ ਜਾ ਮਿਲਾਂ। ਉਸ ਕੋਲੋਂ ਹਾਂ ਕਰਵਾ ਕੇ ਉੱਠਾਂ। ਮੰਜੂ 'ਚ ਧੀਰਜ ਨਹੀਂ। ਕਾਹਲ ਹੈ। ਚਾਹੁੰਦੀ ਹੈ ਕਿ ਝਟਪਟ ਕੰਮ ਹੋ ਜਾਵੇ। ਛੋਟੇ-ਵੱਡੇ ਦਾ ਕੋਈ ਲਿਹਾਜ ਨਹੀਂ ਕਰਦੀ। ਪੰਜਵੇਂ ਦਿਨ ਮੰਜੂ ਨੇ ਮੇਰੇ ਕਮਰੇ ਦੀ ਚੁਗਾਠ 'ਤੇ ਦੋਵੇਂ ਹੱਥ ਰੱਖ ਕੇ ਲਲਕਾਰ ਕੇ ਕਿਹਾ ਸੀ, "ਤੂੰ ਐਥੇ ਚੌੜਾ ਹੋ ਕੇ ਬੈਠਾ ਰਹੀਂ। ਅਸੀਂ ਪੰਜ ਲੱਖ ਖਰਚ ਕੇ ਕੇਸ ਫਾਇਲ ਕਰਵਾ ਲਿਆ.... ਤੂੰ ਸਾਡਾ ਕਾਅਦਾ ਪਿਓ ਆਂ। ਆ ਗਿਆ ਵੱਡਾ ਧਰਮਾਤਮਾ.... ਗਾਂਧੀ ਦਾ ਜੇਠਾ ਪੁੱਤ......।"

"ਲਓ ਭਾਈ ਸਾਹਿਬ, ਮੈਂ ਤਾਂ ਇੱਕੋ ਵਾਰ ਗਲਾਸ ਭਰ ਲਿਆਇਆਂ। ਨੂੰਹਾਂ-ਧੀਆਂ 'ਚ ਬੰਦਾ ਵਾਰ-ਵਾਰ ਜਾਂਦਾ ਚੰਗਾ ਨ੍ਹੀਂ ਲੱਗਦਾ। ਹੌਲੀ-ਹੌਲੀ ਪੀ ਲਾਂਗੇ। ਮੀਟ ਆਪਾਂ ਦੋਹਾਂ ਤੋਂ ਨ੍ਹੀਂ ਖਾਇਆ ਜਾਣਾ।" ਉਸ ਨੇ ਬੈੱਡ ਦੇ ਢੋਅ 'ਤੇ ਗਲਾਸ ਰੱਖਦਿਆਂ ਹੋਇਆਂ ਕਿਹਾ।

"ਔਹ ਕਿਹੜੀ ਕੁੜੀ ਨੱਚ ਰਹੀ ਆ ? ਮੇਰੇ ਪਛਾਣ 'ਚ ਨ੍ਹੀਂ ਆ ਰਹੀ ?"

"ਪਤਾ ਨ੍ਹੀਂ ਜੀ। ਅੱਜ ਕੱਲ੍ਹ ਦੀਆਂ ਪਾਰਟੀਆਂ 'ਚ ਆਪਣੀਆਂ ਧੀਆਂ-ਭੈਣਾਂ ਨੂੰ ਪਛਾਣਨਾ ਔਖਾ ਹੋ ਜਾਂਦਾ। ਬਿਊਟੀ ਪਾਰਲਰ ਵਾਲੀਆਂ ਹੋਰ ਹੀ ਚਿਹਰੇ ਬਣਾ ਦਿੰਦੀਆਂ। ਫੇਰ ਆਹ ਘੱਗਰੇ ਜਿਹੇ। ਚਲੋ ਸਾਨੂੰ ਕੀ। ਆਪਣਾ ਰਾਂਝਾ ਰਾਜੀ ਕਰੀ ਜਾਣ। ਸਾਨੂੰ ਕੌਣ ਪੁੱਛਦਾ....।"

"ਹੁਣ ਤਾਂ ਕੁੜੀਆਂ-ਬਹੂਆਂ ਬਿਲਕੁਲ ਹੀ ਨ੍ਹੀਂ ਸੰਗਦੀਆਂ। ਮੇਰੇ ਵਰਗਾ ਬੰਦਾ ਸੰਗ ਜਾਂਦਾ।"

"ਕੀ ਕਹੀਏ। ਸਮੇਂ ਹੀ ਐਦਾਂ ਦੇ ਆ ਗਏ। ਹੁਣ ਆਪਾਂ ਨੂੰ ਬੱਚਿਆਂ ਦੀ ਮਰਜ਼ੀ ਨਾਲ ਚਲਣਾ ਪੈਣਾ।"

ਮੰਜੂ ਦਾ ਸਾਰਿਆਂ ਨਾਲੋਂ ਛੋਟਾ ਭਰਾ ਪ੍ਰਿੰਸ ਆਪਣੇ ਭਾਪੇ ਨੂੰ ਲੱਭਦਾ-ਲੱਭਦਾ ਇੱਧਰ



ਨੂੰ ਆ ਗਿਆ। ਉਸ ਦੇ ਕੰਨਾਂ ਨੂੰ ਫੋਨ ਦੀਆਂ ਟੂਟੀਆਂ ਲੱਗੀਆਂ। ਇੱਕ ਕੰਨ 'ਤੇ ਹੱਥ ਰੱਖ ਕੇ ਉੱਚੀ-ਉੱਚੀ ਗੱਲਾਂ ਕਰ ਰਿਹਾ। ਫੇਰ ਉਸ ਕਿਹਾ, "ਲਓ ਭਾਜੀ, ਭਾਪਾ ਜੀ ਨਾਲ ਗੱਲ ਕਰੋ।"

"ਹਾਂ ਕੁਲਵੰਤ ਤੈਨੂੰ ਵਧਾਈਆਂ। ਵਾਹਿਗੁਰੂ ਨੇ ਵੇਲੇ ਸਿਰ ਆਪਣੀ ਸੁਣ ਲਈ। ਆਪਾਂ ਕਰਮਾਂ ਵਾਲੇ ਆਂ। ਸਾਲੇ-ਭਣੋਈਏ ਦੀ ਕਿਸਮਤ ਦਾ ਫੈਸਲਾ ਇੱਕੋ ਦਿਨ ਹੋ ਗਿਆ। ਹੁਣ ਤੂੰ ਕੁੜੀ ਲੱਭ ਕੇ ਵਿਆਹ ਕਰਵਾ ਲੈ। ਜੇ ਇੱਧਰ ਕਰਵਾਉਣਾ ਤਾਂ ਜਦੋਂ ਮਰਜ਼ੀ ਆ ਜਾ। ਜੇ ਕੋਈ ਉੱਧਰ ਦੇਖੀ ਤਾਂ ਅਸੀਂ ਆ ਜਾਵਾਂਗੇ। ਕੀ-ਕੀ ਇੱਕ ਸਾਲ ਬਾਅਦ.... ਸਾਲੇ ਗੋਰਿਆਂ ਦੇ ਕਾਨੂੰਨ ਵੀ ਪੁੱਠੇ। ਜਦੋਂ ਤਲਾਕ ਹੋ ਗਿਆ ਤਾਂ ਅਗਲਾ ਭਾਵੇਂ ਦੂਜੇ ਦਿਨ ਵਿਆਹ ਕਰਵਾ ਲਵੇ... ਇਨ੍ਹਾਂ ਦਾ ਕਿਉਂ ਢਿੱਡ ਦੁੱਖਦਾ। ਅੱਛਾ-ਅੱਛਾ ਤੂੰ ਉਸੇ ਕੁੜੀ ਨਾਲ ਵਿਆਹ ਕਰਵਾਉਣਾ। ਤੇਰੀ ਮਰਜ਼ੀ..... ਹੁਣ ਉਸ ਦੇ ਘਰ ਵਾਲੇ ਮੰਨ ਗਏ.... ਲੈ ਆਪਣੇ ਮਾਸੜ ਜੀ ਨਾਲ ਵੀ ਗੱਲ ਕਰ ਲੈ....। ਮਾਸੜ ਜੀ, ਪੈਰੀ ਪੈਨਾਂ.....। ਮੈਨੂੰ ਵੱਡੇ ਤੜਕੇ ਸੁਪਨਾ ਆਇਆ ਸੀ ਕਿ ਅਸੀਂ ਲੜਾਈ ਜਿੱਤ ਲੈਣੀ ਆ... ਬਸ ਵੱਡਿਆਂ ਦਾ ਅਸ਼ੀਰਵਾਦ ਚਾਹੀਦਾ...... ਮੇਰਾ ਤਾਂ ਕੋਈ ਨਾ। ਵੱਡਾ ਫਿਕਰ ਭਾਜੀ ਦਾ ਸੀ। ਨੌਕਰੀ ਵੀ ਮਿਲ ਗਈ। ਅਗਲੇ ਪਿਛਲੇ ਏਰੀਅਰ ਵੀ ਮਿਲ ਜਾਣੇ। ਜੈਸਿਕਾ ਦੀ ਪੜ੍ਹਾਈ ਦੇ ਕੰਮ ਆਉਣਗੇ.... ਮੈਂ ਉਸ ਨੂੰ ਆਪਣੇ ਕੋਲ ਬੁਲਾ ਲੈਣਾ। ਸਟੱਡੀ ਬੇਸ 'ਤੇ....।" ਮੈਂ ਅੱਗੋਂ ਹੂੰ... ਹਾਂ.... ਅੱਛਾ ਕਹੀ ਗਿਆ। ਉਹ ਇੱਕੋ ਸਾਹੇ ਬੋਲੀ ਗਿਆ। ਉਸ ਨੇ ਕਿਹੜਾ ਬੰਦ ਹੋਣਾ ਸੀ। ਇਹ ਤਾਂ ਡਰਾਇੰਗ ਰੂਮ ਵੱਲੋਂ ਜਸਵਿੰਦਰ ਨੇ ਬੁੱਲ੍ਹਾਂ 'ਤੇ ਪੁੱਠਾ ਹੱਥ ਰੱਖ ਕੇ ਭੁੱਬ ਮਾਰੀ। ਮੇਰਾ ਧਿਆਨ ਉਸ ਵੱਲ ਚਲੇ ਗਿਆ ਕਿ ਕਿਤੇ ਇਹ ਹੋਰ ਹੀ ਪੰਗਾ ਨਾ ਖੜ੍ਹਾ ਕਰ ਦੇਵੇ। ਸਾਲਾ ਖੁਸ਼ੀਆਂ ਦਾ। ਮਹਾ-ਕੁਰੱਪਟ ਬੰਦਾ। ਪਲਾਟ ਦਾ ਫਰਜ਼ੀ ਵਸੀਕਾ ਤਿਆਰ ਕਰਕੇ ਇੰਤਕਾਲ ਕੀਤਾ। ਅਗਲਿਆਂ ਨੇ ਵੀ ਪੱਕੇ ਪੈਰੀਂ ਫੜਾਇਆ। ਧੋਖਾਧੜੀ 'ਤੇ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਬਸਤੀ ਕੈਂਪ 'ਚ ਵਿਜੀਲੈਂਸ ਨੇ ਕੇਸ ਦਰਜ ਕਰਵਾਇਆ। ਦੋ ਮਹੀਨੇ ਜਮਾਨਤ ਨਾ ਹੋਣ ਦਿੱਤੀ। ਪਹਿਲਾਂ ਸਸਪੈਂਡ ਹੋਇਆ। ਫੇਰ ਟਰਮੀਨੇਟ। ਡਿਸਟ੍ਰਿਕ ਕੋਰਟ ਤੋਂ ਕੇਸ ਹਾਰ ਗਿਆ। ਮੈਂ ਇਹ ਨੂੰ ਬੜਾ ਸਮਝਾਇਆ ਕਿ ਆਪਣੀ ਗਲਤੀ ਮੰਨ ਲੈ। ਇਹ ਯੂਨੀਅਨਬਾਜ਼ੀ ਦੇ ਸਬਜ਼ਬਾਗ 'ਚ ਫਸ ਗਿਆ। ਵੱਡਿਆਂ ਨਾਲ ਪੰਗਾ ਲੈਣਾ ਕਿਹੜੀ ਛੋਟੀ ਜਿਹੀ ਗੱਲ ਹੁੰਦੀ ਹੈ। ਇਹਨੇ ਚੰਡੀਗੜ੍ਹ ਹਾਈਕੋਰਟ 'ਚ ਅਪੀਲ ਕੀਤੀ। ਸਮਝ ਨਹੀਂ ਲੱਗਦੀ ਇੰਨਾ ਖਰਚਾ ਕਿੱਥੋਂ ਕਰੀ ਗਿਆ। ਘਰ ਵੀ ਸ਼ਾਹੀ ਠਾਠ-ਬਾਠ ਨਾਲ ਚਲਾਈ ਰੱਖਿਆ। ਮੰਜੂ ਵੀ ਆਏ ਮਹੀਨੇ ਕਿਟੀ-ਪਾਰਟੀਆਂ ਕਰਦੀ ਰਹੀ। ਬੱਚੇ ਵੀ ਸ਼ਹਿਰ ਦੇ ਮਹਿੰਗੇ ਸਕੂਲ 'ਚ ਪੜ੍ਹ ਰਹੇ ਹਨ। ਮੇਰੇ ਵੱਲ ਤਾਂ ਉਨ੍ਹਾਂ ਕੁੱਤੇ-ਝਾਕ ਰੱਖੀ ਹੀ ਨਹੀਂ। ਮੈਂ ਨੰਗ ਨੇ ਉਨ੍ਹਾਂ ਨੂੰ ਕੀ ਦੇਣਾ ਸੀ।

"ਭਾਈ ਸਾਹਿਬ, ਕਿਹੜੀਆਂ ਗਿਣਤੀਆਂ-ਮਿਣਤੀਆਂ 'ਚ ਪੈ ਗਏ। ਆਪਣੇ ਵਾਲਾ ਪੈੱਗ ਚੁੱਕੋ। ਮੈਂ ਤਾਂ ਆਪਣਾ ਖਤਮ ਕਰ ਲਿਆ। ਇੱਕ-ਇੱਕ ਹੋਰ ਪੈਗ ਪੀ ਕੇ ਰੋਟੀ-ਪਾਣੀ ਛੱਕ ਕੇ ਸੌਣ ਵਾਲੇ ਬਣਾਂਗੇ।"

ਮੈਂ ਦੋ ਕੁ ਘੁੱਟਾਂ ਭਰ ਕੇ ਗਲਾਸ ਰੱਖ ਦਿੱਤਾ। ਪੁੱਛਿਆ, "ਤੁਹਾਨੂੰ ਆਪਣੇ ਮੁੰਡੇ ਦੇ ਤਲਾਕ ਦੀ ਕਿੰਨੀ ਕੁ ਖੁਸ਼ੀ ਹੋਈ ਆ ?"

ਉਸ ਦੋਵੇਂ ਬਾਹਾਂ ਫੈਲਾ ਕੇ ਕਿਹਾ, "ਐਨੀ।"

ਮੇਰੇ ਅੰਦਰੋਂ ਹੌਕਾ ਨਿਕਲਿਆ।

"ਬੱਚਿਆਂ ਦੀ ਖੁਸ਼ੀ 'ਚ ਆਪਾਂ ਨੂੰ ਖੁਸ਼ ਹੋਣਾ ਚਾਹੀਦਾ। ਜਦੋਂ ਪੁੱਤ ਮਰਦ ਬਣ ਜਾਂਦਾ,

ਉਹ ਆਪਣੇ ਫੈਸਲੇ ਆਪ ਕਰਨੇ ਚਾਹੁੰਦਾ। ਜੇ ਪਿਉ ਅੜਿਕਾ ਡਾਹੇ ਤਾਂ ਉਹ ਉਸ ਨੂੰ ਆਪਣਾ ਦੁਸ਼ਮਣ ਸਮਝਣ ਲੱਗ ਜਾਂਦਾ।”

“ਕਾਹਦੀ ਖੁਸ਼ੀ ?”

“ਚਲੋ ਕੁਲਵੰਤ ਦੇ ਤਲਾਕ ਦੀ ਖੁਸ਼ੀ ਤਾਂ ਨਾ ਮੰਨਿਓ ਪਰ ਆਪਣੇ ਮੁੰਡੇ ਦੇ ਬਹਾਲ ਹੋਣ ਦੀ ਖੁਸ਼ੀ ਤਾਂ ਹਰ ਪਿਓ ਮੰਨਾਉਂਦਾ।”

“ਮੈਨੂੰ ਤਾਂ ਭੋਰਾ ਭਰ ਵੀ ਖੁਸ਼ੀ ਨ੍ਹੀਂ ਹੋਈ।”

“ਕੀ.......।”

“ਇਸ ਮੁਲਕ ਦਾ ਬੇੜਾ ਗਰਕ ਹੋ ਗਿਆ। ਜੱਜ ਤੱਕ ਵਿਕਣ ਲੱਗ ਪਏ। ਇਸਬਗੋਲ ਤੇ ਕੁਸ਼ ਨਾ ਫੋਲ। ਇਹ ਕਾਹਦਾ ਜਸ਼ਨ ਆ। ਇੱਕ ਬੇਈਮਾਨ ਬੰਦੇ ਨੂੰ ਕਿਸ ਆਧਾਰ ’ਤੇ ਬਹਾਲ ਕੀਤਾ। ਮੈਨੂੰ ਪਤਾ ਤੁਹਾਡੇ ਸਿਰ ’ਤੇ ਜਸਵਿੰਦਰ ਨੇ ਪਾਣੀ ਵਾਂਗੂੰ ਪੈਸਾ ਰੋੜ੍ਹਿਆ। ਜਿੱਤ ਤਾਂ ਧਰਮ-ਕਰਮ ਦੇ ਨਾਂ ਦੀ ਹੁੰਦੀ ਆ। ਜਸ਼ਨ ਵੀ ਉਸੇ ਦਾ ਮਨਾਇਆ ਜਾਂਦਾ। ਮੈਂ ਕੌੜਾ ਸੱਚ ਬੋਲ ਗਿਆਂ। ਪੁੱਛ ਲਓ ਭਾਵੇਂ ਆਪਣੀ ਧੀ ਜੁਆਈ ਨੂੰ।”

“ਲੱਗਦਾ, ਤੁਹਾਨੂੰ ਜ਼ਿਆਦਾ ਚੜ੍ਹ ਗਈ। ਕੋਈ ਨਾ। ਕੋਈ ਨਾ। ਹੁਣ ਤੁਸੀਂ ਸੌਂ ਜਾਓ। ਬਾਕੀ ਗੱਲਾਂ ਸਵੇਰ ਨੂੰ ਕਰ ਲਾਂਗੇ, ” ਉਸ ਨੇ ਉੱਠਦਿਆਂ ਹੋਇਆਂ ਕਿਹਾ।

ਉਹਦੇ ਜਾਣ ਪਿੱਛੋਂ ਮੈਂ ਖੂੰਡੀ ਨਾਲ ਦਰਵਾਜ਼ਾ ਢੋਅ ਦਿੱਤਾ। ਸ਼ੀਲਾ ਦੀ ਫੋਟੋ ਵੱਲ ਦੇਖਿਆ, “ਦੇਖ ਲੈ ਆਪਣੇ ਪੁੱਤ ਦਾ ਜਸ਼ਨ। ਸ਼ੁਕਰ ਆ ਕੱਲਾ ਪੁੱਤ ਆ। ਜੇ ਦੋ ਚਾਰ ਹੁੰਦੇ ਤਾਂ ਮੈਨੂੰ ਇਨ੍ਹਾਂ ਰਲ-ਮਿਲ ਕੇ ਬਿਰਧ ਆਸ਼ਰਮ ’ਚ ਛੱਡ ਆਉਣਾ ਸੀ।”

ਜਸ਼ਨ-ਏ-ਰਾਤ ਸਿਖਰਾਂ ’ਤੇ ਹੈ।

ਮੈਂ ਗਲਾਸ ਚੁੱਕ ਕੇ ਕੰਧ ’ਚ ਮਾਰਿਆ।

ਜਸਵਿੰਦਰ ਆਈਸਕ੍ਰੀਮ ਚੁੱਕੀ ਆਇਆ। ਦੂਰੋਂ ਹੀ ਕਹਿਣ ਲੱਗਾ, “ਉਏ ਭਾਪਾ, ਉਏ ਮੇਰਿਆ ਭਾਪਾ, ਮੈਨੂੰ ਜਿੱਤਣਾ ਆਉਂਦਾ। ਮੈਂ ਜਿੱਤਣਾ ਸਿੱਖ ਲਿਆ। ਆ ਲੈ ਖਾ, ਤੇਰੇ ਮਨਪਸੰਦ ਦੀ ਆਈਸਕ੍ਰੀਮ ਆ। ਢਿੱਡ ਭਰ ਕੇ ਖਾ। ਆਪਣੇ ਪੁੱਤ ਦੇ ਰਾਜ ’ਚ ਮੌਜਾਂ ਕਰ। ਆਪਣੇ ਪੁੱਤ ਦੇ ਰਾਜ ’ਚ.....।”

‘ਮੈਂ ਨ੍ਹੀਂ ਹਾਰ ਮੰਨਣ ਵਾਲਾ,’ ਪਤਾ ਨਹੀਂ ਇੰਨੇ ਰੌਲੇ ’ਚ ਉਸ ਨੂੰ ਮੇਰੇ ਇਹ ਸ਼ਬਦ ਸੁਣੇ ਸਨ ਕਿ ਨਹੀਂ। ਮੈਂ ਕੌਲੀ ਫੜ ਕੇ ਬੈੱਡ ਦੇ ਢੋਅ ’ਤੇ ਰੱਖ ਦਿੱਤੀ। ਉਹ ਫੇਰ ਉੱਚੀ-ਉੱਚੀ ਬੋਲਿਆ, “ਮੇਰਿਆ ਕਮਲਿਆ ਭਾਪਿਆ, ਜੇ ਮੈਂ ਤੇਰੇ ਮਗਰ ਲੱਗ ਜਾਂਦਾ ਤਾਂ ਇਨ੍ਹਾਂ ਗਲੀਆਂ ’ਚ ਮੰਗਦਾ ਫਿਰਦਾ। ਹੁਣ ਮੈਂ ਜਿੱਤਣਾ ਸਿੱਖ ਲਿਆ। ਇਹ ਤੂੰ ਨ੍ਹੀਂ ਸਿਖਾਇਆ, ਮੈਂ ਆਪ ਸਿੱਖਿਆ। ਮੈਨੂੰ ਜਿੱਤਣਾ ਆਉਂਦਾ.... ਮੈਨੂੰ ਪੈਸੇ ਨਾਲ ਜਿੱਤਣਾ ਆਉਂਦਾ....।”

ਕਮਰੇ ’ਚ ਇਹੀ ਸ਼ਬਦ ਗੂੰਜ ਰਹੇ ਹਨ।

**ਇਲੀਅਡ** ਦੁਨੀਆਂ ਦੀ ਮਹਾਨ ਕਲਾਸਕੀ ਰਚਨਾ
**ਹੋਮਰ**
**ਅਨੁਵਾਦ : ਪ੍ਰੋ. ਗੁਰਬਖਸ਼ ਸਿੰਘ ਸੋਚ**
**ਲੋਕਗੀਤ ਪ੍ਰਕਾਸ਼ਨ, ਮੋਹਾਲੀ**



## ਮਾਂ ਵਰਗੀ / ਜਤਿੰਦਰ ਸਿੰਘ ਹਾਂਸ

ਮੈਂ ਰਾਣੋ ਆਂ।

ਇਹ ਕਹਾਣੀ ਮੇਰੀ ਆ।

ਮੰਮੀ ਜੇਲ੍ਹ ‘ਚੋਂ ਆ ਗਏ ਨੇ। ਮੇਰੇ ਪਤੀ ਕੁਲਦੀਪ ਨੇ ਉਹਨਾਂ ਨੂੰ ਘਰ ਲੈ ਆਂਦਾ ਹੈ। ਉਹਨੇ ਮੰਮੀ ‘ਤੇ ਜਾਂ ਮੇਰੇ ‘ਤੇ ਕੋਈ ਉਪਕਾਰ ਨਹੀਂ ਕੀਤਾ। ਸਭ ਕੁਝ ਆਪਣੇ ਗੌਂਅ ਨੂੰ ਕੀਤਾ। ਇੱਕ ਤਾਂ ਉਹਦੀ ਮੰਮੀ ਦੇ ਪਲਾਟ ‘ਤੇ ਨਜ਼ਰ ਸੀ। ਜੀਹਦੀ ਕੀਮਤ ਲੱਖਾਂ ਰੁਪਈਏ ਆ। ਦੂਜਾ ਉਹਨੇ ਲੋਕਾਂ ਦੀਆਂ ਨਜ਼ਰਾਂ ’ਚ ਚੰਗਾ ਬਣਨ ਨੂੰ ਕੀਤਾ। ਉਂਝ ਵੀ ਮੰਮੀ ਨੂੰ ਕਿਸੇ ਨਾ ਕਿਸੇ ਛੁਡਾ ਹੀ ਲੈਣਾ ਸੀ।

ਆਉਂਦੀ ਦਾ ਹੀ ਮੰਮੀ ਦਾ ਪਲਾਟ ਹੜੱਪ ਲਿਆ। ਹੁਣ ਮੇਰੇ ਨਾਲ ਕਲੇਸ਼ ਪਾਈ ਰੱਖਦਾ, ਕਹਿੰਦਾ, “ਬੁੜੀ ਨੂੰ ਆਸ਼ਰਮ ’ਚ ਛੱਡਣਾ। ਜਾਂ ਇਹ ਕਿਰਾਏ ‘ਤੇ ਮਕਾਨ ਲੈ ਕੇ ਰਹੇ। ਆਪਣੇ ਘਰ ਨੀ ਮੈਂ ਰੱਖਣੀ। ਕੱਲ੍ਹ-ਕੱਲ੍ਹਾਂ ਨੂੰ ਕੋਈ ਹੋਰ ਕਾਰਾ ਕਰਦੂ। ਮੇਰੇ ਜੁਆਕ ਨੀ ਵਿਆਹ ਹੋਣੇ।”

ਮੈਂ ਮੰਨਦੀ ਆਂ ਮੇਰੀ ਮਾਂ ਮਾੜੀ ਆ ਪਰ ਇਹਦੇ ਵਰਗਾ ਕਮੀਨਾ ਤਾਂ ਕੋਈ ਜੱਗ ‘ਤੇ ਵੀ ਨਹੀਂ। ਉਹ ਇਹਦੇ ਵਾਂਗ ਚੰਗਾ ਲੱਗਣ ਦੇ ਪਖੰਡ ਨੀ ਕਰਦੀ।

ਡਾਇਣ

ਲੋਕ ਕਹਿੰਦੇ ਨੇ ਮਾਂ ਰੱਬ ਦਾ ਰੂਪ ਹੁੰਦੀ ਆ, ਮੈਨੂੰ ਤਾਂ ਹਮੇਸ਼ਾਂ ਡਾਇਣ ਲੱਗੀ ਆ। ਚਿੱਟੇ ਝਾਟੇ ਆਲੀ, ਸਾਊ ਜਿਹੀ ਬੁੜੀ ਜਿਹੜੀ ਸਾਡੇ ਘਰ ਦੇ ਇੱਕ ਕੋਨੇ ’ਚ ਬੈਠੀ ਮਾਲਾ ਫੇਰਦੀ ਰਹਿੰਦੀ ਆ, ਉਹ ਮੇਰੀ ਮਾਂ ਆ। ਇਹਨੇ ਸਾਡਾ ਘਰ ਉਜਾੜਤਾ। ਕੁਲਦੀਪ ਨੇ ਤਾਂ ਇਹਦਾ ਭਿਆਨਕ ਰੂਪ ਸੁਣਿਆ ਹੀ ਹੈ, ਮੈਂ ਤਾਂ ਦੇਖਿਆ।

ਮਾਂ ਪਤਾ ਨਹੀਂ ਕਿਹੜੀ ਗੱਲੋਂ ਚੁੱਪ ਆ। ਅਰਾਮ ਨਾਲ ਕੁਲਦੀਪ ਦੇ ਕਹਿਣ ਤੇ ਪਲਾਟ ਵੇਚ ਦਿੱਤਾ। ਉਹਨੂੰ ਘਰ ’ਚ ਫਿਰਦੀ ਨੂੰ, ਆਸ਼ਰਮ ਛੱਡ ਆਉਣ ਦੀ ਕੁਲਦੀਪ ਦੀ ਘੁਸਰ-ਮੁਸਰ ਸੁਣੀ ਤਾਂ ਹੋਵੇਗੀ। ਪਰ ਸ਼ਾਂਤ ਹੈ। ਕਈ ਵਾਰ ਮੈਨੂੰ ਲੱਗਦਾ ਇਹ ਸਮੁੰਦਰ ਵਿੱਚ ਤੁਫ਼ਾਨ ਆਉਣ ਤੋਂ ਪਹਿਲਾਂ ਦੀ ਸ਼ਾਂਤੀ ਆ।

ਮੇਰੇ ਯਾਦ ਆ ਜਦੋਂ ਮੈਂ ਦਸਾਂ ਕੁ ਸਾਲਾਂ ਦੀ ਸਾਂ, ਮੰਮੀ ਨੇ ਘਰਦਾ ਸਾਰਾ ਕੰਮ ਮੇਰੇ ਸਿਰ ਪਾ ਦਿੱਤਾ ਸੀ। ਸਕੂਲੋਂ ਆ ਕੇ, ਪਹਿਲਾਂ ਘਰ ਰਸੋਈ ਦਾ ਸਾਰਾ ਕੰਮ ਕਰਨਾ, ਛੋਟੀਆਂ ਦੋ ਭੈਣਾਂ ਨੂੰ ਸਾਂਭਣਾ। ਰਾਤ ਨੂੰ ਸਕੂਲ ਦਾ ਦੱਸਿਆ ਕੰਮ ਕਰਨਾ। ਫਿਰ ਸਵੇਰੇ-ਸਾਜਰੇ ਉਠਦੇ, ਰੋਟੀ-ਪਾਣੀ ਦਾ ਕੰਮ ਨਿਬੇੜ, ਦੋਵਾਂ ਭੈਣਾਂ ਨੂੰ ਸਕੂਲ ਲਈ ਤਿਆਰ ਕਰਨਾ। ਫਿਰ ਆਪ ਤਿਆਰ ਹੋ ਕੇ ਸਕੂਲ ਜਾਣਾ। ਮੰਮੀ ਆਸ-ਗੁਆਂਢ ਦੇ ਘਰਾਂ ਵਿੱਚ ਫਿਰਦੀ ਰਹਿੰਦੀ ਜਾਂ ਸੁੱਤੀ ਰਹਿੰਦੀ। ਉਹ ਕੰਮ ਕਰਕੇ ਰਾਜੀ ਨਹੀਂ ਸੀ।

ਪਾਪਾ ਗੁਰਦੁਆਰੇ ਨੌਕਰੀ ਕਰਦੇ ਸੀ। ਕਹਿੰਦੇ ਸੀ ਗੁਰੂ ਘਰ ਦੀ ਸੇਵਾ ਕਰਦਾ। ਸਵੇਰੇ-ਸ਼ਾਮ ਗੁਰਦੁਆਰੇ ਪਾਠ ਕਰਦੇ, ਪਿੰਡ ’ਚ ਕਿਸੇ ਦੇ ਪਾਠ ਰੱਖਿਆ ਹੁੰਦਾ ਉਥੇ ਸੇਵਾ ਨਿਭਾਉਂਦੇ। ਮਰਨੇ-ਪਰਨੇ, ਵਿਆਹ-ਸ਼ਾਦੀ ਗੱਲ ਕੀ ਹਰ ਪਾਸੇ ਗਿਆਨੀ ਹਰਚੰਦ ਸਿੰਘ ਸੇਵਾ ਨਿਭਾਅ ਰਹੇ ਹੁੰਦੇ। ਪਿੰਡ ਦੇ ਲੋਕ ਉਹਨਾਂ ਦੀ ਬਹੁਤ ਇੱਜ਼ਤ ਕਰਦੇ। ਜਦੋਂ ਉਹ ਘਰ ਆਉਂਦੇ

ਪਾਸਾ ਪੁੱਠਾ ਪਿਆ ਹੁੰਦਾ। ਮੰਮੀ ਪਾਪਾ ਦੀ 'ਮਹਾਭਾਰਤ' ਸ਼ੁਰੂ ਹੋ ਜਾਂਦੀ। ਅਸੀਂ ਚਾਰੇ ਭੈਣ ਭਾਈ ਡਰ ਕੇ ਸਹਿਮ ਜਾਂਦੇ। ਮੰਮੀ ਲੜਦੀ ਤਾਂ ਬਹੁਤ ਗਰਮੀ ਨਾਲ ਫਿਰ ਰਾਤ ਨੂੰ ਰੋਈ ਜਾਂਦੀ। ਸਵੇਰੇ ਉਦੋਂ ਉੱਠਦੀ ਜਦੋਂ ਅਸੀਂ ਸਕੂਲ ਚਲੇ ਜਾਂਦੇ। ਵੀਰਾ ਮੈਥੋਂ ਪੰਜ ਸਾਲ ਵੱਡਾ ਸੀ। ਕਲੇਸ਼ ਤੋਂ ਡਰਦਾ ਉਹ ਬਹੁਤਾ ਗੁਰਦੁਆਰੇ ਹੀ ਰਹਿੰਦਾ, ਜਾਂ ਆਪਣੇ ਦੋਸਤਾਂ ਨਾਲ ਫਿਰੀ ਜਾਂਦਾ, ਘਰੇ ਘੱਟ ਹੀ ਆਉਂਦਾ।

ਸਾਡੇ ਘਰ ਬਹੁਤ ਲੋਕ ਆਉਂਦੇ। ਬਹੁਤੇ ਪਾਪਾ ਦੇ ਦੋਸਤ ਸੀ। ਸਾਨੂੰ ਪਿਆਰ ਕਰਦੇ। ਉਹਨਾਂ ਵਿੱਚੋਂ ਦੋ ਜਾਣੇ ਮੈਨੂੰ ਪਸੰਦ ਨਹੀਂ ਸੀ। ਉਨ੍ਹਾਂ ਨੂੰ ਦੇਖ ਗੁੱਸਾ ਚੜਦਾ। ਉਹ ਸਾਡੇ ਘਰ ਆਉਂਦੇ ਜਦੋਂ ਪਾਪਾ ਘਰ ਨਾ ਹੁੰਦੇ। ਉਹਨਾਂ ਲਈ ਚਾਹ ਬਣਾਉਣ ਲਈ ਮੰਮੀ ਮੈਨੂੰ ਹੁਕਮ ਲਾ ਦਿੰਦੀ। ਉਹ ਬਹੁਤ ਸਮਾਂ ਮੰਮੀ ਨਾਲ ਹਾ-ਹਾ, ਹੀ-ਹੀ ਕਰਦੇ ਰਹਿੰਦੇ। ਮੈਂ ਸੋਚਦੀ ਮੰਮੀ ਜਿਵੇਂ ਇਹਨਾਂ ਲੋਕਾਂ ਨਾਲ ਹੱਸਦੀ ਆ, ਪਾਪਾ ਨਾਲ ਜਾਂ ਸਾਡੇ ਨਾਲ ਕਿਉਂ ਨਹੀਂ ਹੱਸਦੀ।

ਪਾਪਾ ਹਮੇਸ਼ਾਂ ਗੁਰਬਾਣੀ ਦੀਆਂ ਗੱਲਾਂ ਕਰਦੇ। ਪਰ ਮੰਮੀ ਨਾਲ ਗੱਲਾਂ ਕਰਨ ਵੇਲੇ ਉਹਨਾਂ ਦੀ ਜ਼ੁਬਾਨ ਕੌੜੀ ਹੋ ਜਾਂਦੀ।

***

ਓਦਣ ਆਥਣੇ ਮੈਂ ਰੋਟੀ-ਟੁੱਕ ਦਾ ਕੰਮ ਨਿਬੇੜ ਲਿਆ। ਪਾਪਾ ਗੁਰਦੁਆਰਿਓਂ ਘਰ ਆਏ। ਉਹਨਾਂ ਨੂੰ ਖਾਣਾ ਪਰੋਸ ਦਿੱਤਾ।

ਪਾਪਾ ਕਹਿੰਦੇ, "ਪੁੱਤ ਰਣਵੀਰ ਕੌਰ ਤਿਆਰੀ ਕਰ। ਸਵੇਰੇ ਤੈਨੂੰ ਤੇਰੀ ਤਾਈ ਕੋਲ ਜਲੰਧਰ ਛੱਡ ਆਉਣਾ।"

ਸਾਡਾ ਪਿੱਛਾ ਜਲੰਧਰ ਦਾ ਹੈ। ਪਾਪਾ ਨੇ ਰਾਜਗੜ ਗੁਰਦੁਆਰੇ ਦੀ 'ਸੇਵਾ' ਸਾਂਭੀ ਤਾਂ ਅਸੀਂ ਏਥੇ ਆ ਗਏ। ਮੇਰਾ ਚਾਚਾ ਵੀ ਨਾਲ ਹੀ ਆਇਆ। ਉਹ ਲਾਗਲੇ ਪਿੰਡ ਗੁਰਦੁਆਰੇ ਦੀ 'ਸੇਵਾ' ਕਰਦਾ ਹੈ। ਸਾਡੇ ਘਰ ਨਾਲ-ਨਾਲ ਸੀ।

ਮੰਮੀ ਪਾਪਾ ਨਾਲ ਲੜਨ ਲੱਗੀ, "ਹਾਂਅ, ਹਾਂਅ ਮੈਂ ਹੀ ਮਾੜੀ ਆ, ਇਹੀ ਰਕਾਨ ਕੰਮ ਕਰਦੀ ਆ.... ਦੇਖ ਤਾਂ ਕਿਵੇਂ ਜੁਆਕਾਂ ਨੂੰ ਸਿਰ ਚਾੜਨ ਲੱਗਿਆ। ਜਦ ਤੇਰੇ ਸਿਰ 'ਚ ਗਲੀਆਂ ਕਰਨਗੇ, ਫਿਰ ਮੱਥੇ ਤੇ ਹੱਥ ਮਾਰ-ਮਾਰ ਕਿਸਮਤ ਨੂੰ ਰੋਈਂ.... ਪੜ੍ਹ ਕੇ ਇਹਨੇ ਅਫ਼ਸਰਨੀ ਲੱਗਣਾ...।"

"ਤੂੰ ਪੜ੍ਹਨ ਦਿੰਨੀ ਆਂ ? ਕਦੇ ਨਿਆਣੇ ਸੰਭਾਲ, ਕਦੇ ਘਰ ਦਾ ਕੰਮ.... ਆਪ ਸਾਰਾ ਦਿਨ ਬਣਨ-ਸੰਵਰਨ ਤੇ ਲਾ ਦਿੰਨੀ ਆ। ਤੇਰੇ ਆਸ਼ਨੇ-ਮਸ਼ਨੇ ਨੀ ਮੁੱਕਦੇ....।" ਪਾਪਾ ਬੋਲਦੇ ਘਰੋਂ ਨਿੱਕਲ ਗਏ।

ਦੂਜੇ ਦਿਨ ਪਾਪਾ ਮੈਨੂੰ ਜਲੰਧਰ ਛੱਡ ਆਏ। ਉਥੇ ਮੇਰੀ ਵਿਧਵਾ ਤਾਈ ਦੋ ਧੀਆਂ ਨਾਲ ਰਹਿੰਦੀ ਸੀ। ਭੈਣਾਂ ਮੈਥੋਂ ਵੱਡੀਆਂ ਸੀ। ਮੈਨੂੰ ਬਹੁਤ ਪਿਆਰ ਕਰਦੀਆਂ। ਘਰ 'ਚ ਪੜ੍ਹਾਈ ਵਾਲਾ ਮਹੌਲ ਸੀ। ਭੈਣਾਂ ਮੈਨੂੰ ਪੜ੍ਹਾ ਦਿੰਦੀਆਂ। ਤਾਈ ਜੀ ਹਸਪਤਾਲ ਵਿੱਚ ਨੌਕਰੀ ਕਰਦੇ ਸੀ।

ਪਾਪਾ ਵਾਅਦਾ ਕਰਕੇ ਗਏ ਸੀ ਹਰ ਮਹੀਨੇ ਮਿਲਣ ਆਇਆ ਕਰੂਗਾ ਪਰ ਕਦੇ ਆਏ ਨਹੀਂ। ਫੋਨ 'ਤੇ ਹੀ ਹਾਲ-ਚਾਲ ਪੁੱਛ ਲੈਂਦੇ। ਮੰਮੀ ਮੇਰੇ ਨਾਲ ਗੁੱਸੇ ਹੀ ਰਹੀ, ਉਹਨੇ ਕਦੇ ਫੋਨ ਨਹੀਂ ਕੀਤਾ। ਵੀਰਾ ਕਦੇ-ਕਦੇ ਫੋਨ ਕਰਕੇ ਕਹਿੰਦਾ, "ਫਿਕਰ ਨਾ ਕਰੀਂ ਏਥੇ ਸਭ ਠੀਕ ਆ।" ਮੈਂ ਜਾਣਦੀ ਸੀ ਠੀਕ ਕਿੱਥੇ ਸੀ, ਘਰ ਕਲੇਸ਼ ਹੀ ਕਲੇਸ਼ ਸੀ। ਮੈਨੂੰ ਪਾਪਾ, ਵੀਰਾ ਤੇ ਛੋਟੀਆਂ ਭੈਣਾਂ ਬਹੁਤ ਯਾਦ ਆਉਂਦੀਆਂ।



***

ਓਦਣ ਤਾਈ ਜੀ ਹਸਪਤਾਲੋਂ ਛੇਤੀ ਆਗੇ। ਉਹ ਰੋ ਰਹੇ ਸੀ। ਮੇਰੇ ਸਿਰ 'ਤੇ ਪਿਆਰ ਦੇਈ ਜਾਣ। ਸਾਡੇ ਮੁਹੱਲੇ ਦੇ ਕਈ ਬੰਦੇ ਸਾਡੇ ਘਰ ਆਏ, ਗੱਡੀ ਭਰਕੇ 'ਰਾਜਗੜ' ਨੂੰ ਚਲੇ ਗਏ।

ਮੈਂ ਭੈਣਾਂ ਤੋਂ ਪੁੱਛਦੀ, "ਕੀ ਹੋ ਗਿਆ ?" ਉਹ ਦੱਸਣ ਨਾ। ਨਾ ਹੀ ਟੀ.ਵੀ. ਚਲਾਉਣ ਦੇਣ।

ਸ਼ਾਮ ਨੂੰ ਤਾਈ ਜੀ ਘਰ ਆਏ। ਮੈਂ ਕਿਹਾ, "ਪਾਪਾ ਨੂੰ ਨਾਲ ਲਿਆਉਂਦੇ।"

ਰੋਂਦੇ ਕਹਿੰਦੇ, "ਪੁੱਤ ਕਿੱਥੋਂ ਲਿਆਵਾਂ ਤੇਰੇ ਪਾਪਾ ਨੂੰ ? ਪੁੱਤ, ਤੇਰੇ ਪਾਪਾ ਤੇ ਬੰਟੀ ਵੀਰੇ ਦਾ ਐਕਸੀਡੈਂਟ ਹੋ ਗਿਆ।"

"ਮੈਨੂੰ ਉਹਨਾਂ ਨੂੰ ਮਿਲਾ ਦੋ।" ਮੈਂ ਰੋਂਦਿਆਂ ਤਾਈ ਜੀ ਨੂੰ ਕਿਹਾ।

ਦੂਜੇ ਦਿਨ ਉਹ ਮੈਨੂੰ ਛੱਡਣ ਚਲੇ ਗਏ।

ਰਾਹ ਵਿੱਚ ਸੋਚਦੀ ਗਈ, ਪਾਪਾ ਨਾਲ ਝੂਠੀ-ਮਿੱਚੀ ਦਾ ਲੜੂੰਗੀ। ਲਾਰੇ ਲਾ ਕੇ ਮਿਲਣ ਨੀ ਆਏ। ...ਨਹੀਂ-ਨਹੀਂ, ਮੈਂ ਤਾਂ ਉਹਨਾਂ ਨੂੰ ਘੁੱਟ ਕੇ ਜੱਫੀ ਪਾ ਕੇ ਮਿਲੂੰਗੀ। ਵੀਰੇ ਨੂੰ ਵੀ। ...ਪਤਾ ਨੀ ਉਹਨਾਂ ਦੇ ਐਕਸੀਡੈਂਟ ਵਿੱਚ ਕਿੰਨੀ ਕੁ ਸੱਟ ਲੱਗੀ....।

ਘਰ ਗਏ, ਘਰ ਦਾ ਮਹੌਲ ਬਦਲਿਆ ਪਿਆ। ਸਾਡਾ ਘਰ ਲੋਕਾਂ ਨਾਲ ਭਰਿਆ ਪਿਆ। ਭੁੰਜੇ ਦਰੀਆਂ ਵਿਛੀਆਂ ਹੋਈਆ ਸੀ। ਚਾਚਾ, ਭੂਆ, ਨਾਨਕੇ ਸਭ ਆਏ ਹੋਏ। ਮੈਂ ਹੈਰਾਨ-ਪਰੇਸ਼ਾਨ ਹੋਈ ਅੰਦਰ ਨੂੰ ਤੁਰੀ ਜਾਵਾ। ਪਾਪਾ, ਮੰਮੀ, ਵੀਰਾ, ਮੇਰੀਆਂ ਛੋਟੀਆਂ ਭੈਣਾਂ ਕੋਈ ਨਜ਼ਰ ਨਾ ਆਵੇ। ਕਿਤੇ ਪਾਪਾ ਦੇ ਜ਼ਿਆਦਾ ਸੱਟ ਤਾਂ ਨਹੀਂ ? ...ਉਹ ਹਸਪਤਾਲ ਹੋਣਗੇ।

ਚਾਚੀ ਜੀ ਕੋਲ ਜਾ ਬੈਠੀ। ਉਹ ਮੈਨੂੰ ਬੁੱਕਲ 'ਚ ਲੈ ਕੇ ਰੋਣ ਲੱਗੀ, "ਪੁੱਤ ਖਤਮ ਹੋ ਗਿਆ ਸਭ, ...ਉਹ ਡਾਇਣ ਸਭ ਨੂੰ ਖਾ ਗੀ।"

ਮੈਨੂੰ ਫਿਰ ਵੀ ਗੱਲ ਸਮਝ ਨਾ ਆਈ।

ਪਾਪਾ ਦੇ ਕਮਰੇ 'ਚ ਜਾ ਕੇ ਦੇਖਿਆ। ਮੇਰੀਆਂ ਲੱਤਾਂ ਕੰਬਣ ਲੱਗੀਆਂ। ਘਬਰਾਹਟ ਹੋਣ ਲੱਗੀ। ਸਾਰਾ ਕਮਰਾ ਖੂਨ ਨਾਲ ਲੱਥ-ਪੱਥ। ਛੱਤ 'ਤੇ ਵੀ ਖੂਨ ਦੇ ਛਿੱਟੇ। ਮੈਂ ਲੇਰਾਂ ਮਾਰਦੀ ਬਾਹਰ ਨੂੰ ਭੱਜੀ। ਸਾਡੇ ਘਰ ਏਨਾ ਖੂਨ ਕਿੱਥੋਂ ਆ ਗਿਆ ?

ਚਾਚੀ ਨੇ ਦੱਸਿਆ, "ਡਾਇਣ ਦਾ ਕਾਰਾ... ਤੇਰੀ ਮਾਂ ਦਾ। ਆਸ਼ਕ ਨਾਲ ਰਲਕੇ ਤੇਰੇ ਪਾਪਾ ਦੀ ਸੁੱਤੇ ਪਏ ਦੀ ਗਰਦਨ ਵੱਢਤੀ। ਤੇਰਾ ਬੰਟੀ ਵੀਰ ਕਿਸੇ ਦੋਸਤ ਦੇ ਵਿਆਹ ਗਿਆ ਹੋਇਆ ਸੀ। ਰਾਤ ਨੂੰ ਬਾਰਾਂ ਕੁ ਵਜੇ ਮੁੜਿਆ, ਉਹਨੇ ਕਾਰਾ ਕਰਦੇ ਬੰਦੇ ਦੇਖਲੇ। ਜਾਲਮਾਂ ਨੇ ਉਹਦੀ ਵੀ ਕਿਰਪਾਨ ਮਾਰ-ਮਾਰ ਜਾਨ ਲੈਲੀ।"

ਮੇਰੀਆਂ ਅੱਖਾਂ ਮੂਹਰੇ ਹਨੇਰਾ ਆ ਗਿਆ। ਬਾਅਦ ਵਿੱਚ ਬਹੁਤ ਬਿਮਾਰ ਹੋਗੀ।

ਸਾਡੇ ਗੁਆਂਢ 'ਚ ਚਾਚੇ ਦਾ ਘਰ ਸੀ। ਮੇਰੀਆਂ ਦੋਵੇਂ ਭੈਣਾਂ ਉਥੇ ਫਿਰਨ। ਚੰਗੀ ਜਾ ਮਾੜੀ ਕਿਸਮਤ ਨੂੰ ਉਹ ਬਚ ਗਈਆਂ। ਉਹ ਮਾਸੂਮ ਤਾਂ ਇਹ ਵੀ ਨਹੀਂ ਜਾਣਦੀਆਂ, ਸਾਡਾ ਸਾਰਾ ਕੁੱਝ ਖਤਮ ਹੋ ਗਿਆ।

ਜੋਕਾਂ

ਜਿਹਨਾਂ ਨੂੰ ਅਸੀਂ ਆਪਣੇ ਸਮਝਦੇ ਸੀ, ਉਦੋਂ ਪਤਾ ਲੱਗਾ ਇਹ ਜੋਕਾਂ ਨੇ ਸਾਡਾ ਖ਼ੂਨ ਚੂਸਣ ਵਾਲੀਆਂ। ਮੰਮੀ ਤੇ ਉਹ ਅੰਕਲ ਜੋ ਮੰਮੀ ਕੋਲ ਘੰਟਿਆਂ ਬੱਧੀ ਬੈਠਾ ਰਹਿੰਦਾ ਸੀ, ਨੂੰ ਪੁਲਿਸ ਨੇ ਫੜ ਲਿਆ।

ਪਾਪਾ ਦੀ ਪਿੰਡ 'ਚ ਬਹੁਤ ਬਣੀ ਹੋਈ ਸੀ। ਉਹ ਸਭਦੇ ਦੁਖਦੇ-ਸੁਖਦੇ ਜਾਂਦੇ ਸੀ। ਭੋਗ 'ਤੇ ਬਹੁਤ ਇਕੱਠ ਸੀ। ਸਟੇਜ ਉੱਤੇ ਕਈ ਬੰਦੇ ਬੋਲੇ, "ਅਸੀਂ ਬੱਚਿਆਂ ਨੂੰ ਅਨਾਥ ਨਹੀਂ ਰਹਿਣ ਦਿਆਗੇ।"

ਸਟੇਜ ਉੱਤੇ ਪਾਪਾ ਦੇ ਦੋਸਤ ਸੁਰਿੰਦਰ ਅੰਕਲ ਨੇ ਸਾਡੀ ਜ਼ਿੰਮੇਵਾਰੀ ਲੈ ਲਈ। ਭੋਗ 'ਤੇ ਆਏ ਲੋਕਾਂ ਨੇ ਬਹੁਤ ਪੈਸਾ ਇਕੱਠਾ ਕਰਕੇ ਉਹਨੂੰ ਦਿੱਤਾ। ਉਹਦੇ ਪਰਉਪਕਾਰੀ ਨਰਮ ਦਿਲ ਦੀ ਪ੍ਰਸੰਸਾ ਕੀਤੀ।

ਭੋਗ ਤੋਂ ਬਾਅਦ ਸਾਡੇ ਰਿਸ਼ਤੇਦਾਰ, ਸਾਨੂੰ ਤਿੰਨਾਂ ਭੈਣਾਂ ਨੂੰ ਵੰਡਣ ਲੱਗੇ। ਚਾਚੀ ਕਹਿੰਦੀ, "ਇਕ-ਇੱਕ ਕੁੜੀ ਤਿੰਨ ਰਿਸ਼ਤੇਦਾਰ ਪਾਲ਼ ਲਵੋ।" ਜਿਵੇਂ ਚੀਜ਼ਾਂ ਵੰਡੀਦੀਆਂ ਨੇ। ਪਰ ਅਸੀਂ ਤਾਂ ਮੁਸੀਬਤਾਂ ਸਾਂ। ਸਾਰੇ ਰਿਸ਼ਤੇਦਾਰ ਨਜ਼ਰਾਂ ਚੁਰਾ ਰਹੇ ਸੀ, ਕਿਤੇ ਮੁਸੀਬਤ ਸਾਡੇ ਗਲ਼ ਨਾ ਪੈ ਜਾਵੇ। ਆਖਿਰ ਫੈਸਲਾ ਹੋਇਆ ਬੱਚੇ ਆਪਣੇ ਘਰ ਹੀ ਰਹਿਣਗੇ। ਚਾਚਾ-ਚਾਚੀ ਦੀ ਦੇਖ-ਰੇਖ ਰਹੂਗੀ। ਘਰ ਦਾ ਖ਼ਰਚ ਸੁਰਿੰਦਰ ਅੰਕਲ ਚੁੱਕੂਗਾ। ਪੈਸੇ ਲੋਕਾਂ ਨੇ ਇਕੱਠੇ ਕਰਕੇ ਦਿੱਤੇ ਸੀ। ਮੈਨੂੰ ਜਲੰਧਰੋਂ ਹਟਾ ਕੇ ਰਾਜਗੜ੍ਹ ਪੜ੍ਹਨ ਲਾ ਦਿੱਤਾ। ਸਾਂਝੀ ਕੰਧ ਢਾਹ ਕੇ ਸਾਡੇ ਵੱਲ ਦਰ ਕੱਢ ਲਿਆ। ਉਸੇ ਦਰਵਾਜ਼ੇ ਰਾਹੀਂ ਚਾਚੀ ਸਾਡੇ ਘਰ ਦਾ ਸਮਾਨ ਆਪਣੇ ਘਰ ਢੋਦੀ ਰਹਿੰਦੀ।

ਸੁਰਿੰਦਰ ਅੰਕਲ ਜੀਹਨਾਂ ਨੇ ਸਾਡੀ ਜ਼ਿੰਮੇਵਾਰੀ ਲਈ ਸੀ, ਸਭ ਤੋਂ ਪਹਿਲਾਂ ਗੁਰਦੁਆਰੇ ਤੇ ਕਬਜ਼ਾ ਕੀਤਾ। ਪਾਪਾ ਦੀ ਥਾਂ ਨੌਕਰੀ ਉਹਨੂੰ ਮਿਲ ਗਈ।

ਅਸੀਂ ਘਰੋਂ ਕਮਰੇ ਧੋ ਕੇ ਖ਼ੂਨ ਸਾਫ਼ ਕੀਤਾ। ...ਖ਼ਾਲੀ ਘਰ ਦੇਖ ਰੋਣ ਲੱਗਦੀਆਂ। ਛੇ ਕੁ ਮਹੀਨੇ ਪੜ੍ਹਾ ਕੇ ਚਾਚੀ ਨੇ ਮੈਨੂੰ ਪੜ੍ਹਨੋ ਹਟਾ ਲਿਆ। ਸਿਲਾਈ ਦਾ ਕੰਮ ਸਿੱਖਣ ਲਾ ਦਿੱਤਾ। ਬਹੁਤਾ ਉਹ ਆਪਣੇ ਘਰ ਦਾ ਕੰਮ ਕਰਾਉਂਦੀ ਰਹਿੰਦੀ। ਜਦੋਂ ਘਰੇ ਸੌਦੇ ਮੁੱਕ ਜਾਣੇ ਸੁਰਿੰਦਰ ਅੰਕਲ ਦੇ ਘਰੋਂ ਪੈਸੇ ਲੈਣ ਜਾਣਾ। ਉਹਨਾਂ ਦੀਆਂ ਨੋਹਾਂ ਨੇ ਕੱਪੜੇ, ਭਾਂਡੇ ਕੱਢ ਕੇ ਮੇਰੇ ਅੱਗੇ ਰੱਖ ਦੇਣੇ। ਮੈਂ ਸਾਰਾ ਕੰਮ ਕਰਨਾ। ਅੰਕਲ ਨੇ ਬੁੜ-ਬੁੜ ਕਰਦਿਆਂ ਪੈਸੇ ਦੇਣੇ ਤੇ ਕਹਿਣਾ, "ਕੀ ਕਰਦੇ ਓ ਪੈਸਿਆਂ ਦਾ ? ਪਿਛਲੇ ਹਫ਼ਤੇ ਤਾਂ ਦਿੱਤੇ ਸੀ।"

'ਪੈਸਿਆਂ ਦਾ ਤੇਰੀ ਅੰਮਾਂ ਦਾ ਸਿਰ ਕਰਦੇ ਆ। ਸੁੰਘ ਕੇ ਤਾਂ ਪੈਸੇ ਦਿੰਨਾ ਕਜੂੰਸਾ।' ਮੈਂ ਮਨ 'ਚ ਕਹਿਣਾ।

ਉਹਨਾਂ ਦੇ ਕੰਮ ਕਰਕੇ ਆਉਣਾ। ਚਾਚੀ ਨੇ ਕੰਮ ਗਿਣਾ ਦੇਣੇ। ਸ਼ਾਮ ਨੂੰ ਥੱਕ ਹਾਰ ਕੇ ਮੰਜੇ ਤੇ ਡਿੱਗਣਾ। ਛੋਟੀਆਂ ਨੇ ਮੇਰੇ ਆਲੇ-ਦੁਆਲੇ ਚਿੰਬੜ ਕੇ ਪੈ ਜਾਣਾ। ਮੀਹਾਂ ਦੇ ਦਿਨਾਂ 'ਚ ਬੱਦਲਾਂ ਦਾ ਲਿਛਕਣਾ, ਬੱਦਲ ਗਰਜਣੇ ਸਾਨੂੰ ਬਹੁਤ ਡਰ ਆਉਣਾ। ਬਿਜਲੀ ਚਲੀ ਜਾਣੀ ਸਾਡੇ ਅੰਦਰ ਹੌਲ ਪਈ ਜਾਣੇ। ਮੈਨੂੰ ਨੀਂਦ ਨਾ ਆਉਣੀ। ਪਹਾੜ ਜਿੱਡੀ ਰਾਤ ਨਾ ਮੁੱਕਣੀ। ਜੇ ਨੀਂਦ ਆਉਣੀ ਡਰਾਉਣਾ ਜਿਹਾ ਸੁਫ਼ਨਾ ਆਉਣਾ, ਕੋਈ ਜਲਾਦ ਪਾਪਾ ਦੀ ਗਰਦਨ ਵੱਢ ਰਿਹਾ ਹੁੰਦਾ। ਕੋਈ ਵੀਰੇ ਦੇ ਕਿਰਪਾਨਾਂ ਮਾਰ ਰਿਹਾ ਹੁੰਦਾ। ਫਿਰ ਮੇਰੀ ਗਰਦਨ ਵੱਢ



ਦਿੰਦਾ। ਸਾਰਾ ਕਮਰਾ ਖ਼ੂਨ ਨਾਲ ਲੱਥ-ਪੱਥ ਹੋ ਜਾਂਦਾ। ਮੇਰੀਆਂ ਚੀਕਾਂ ਨਿੱਕਲ ਜਾਂਦੀਆਂ। ਮਸੀਂ ਸਵੇਰ ਹੁੰਦੀ।

ਇੱਕ ਦਿਨ ਸੁਰਿੰਦਰ ਅੰਕਲ ਮੇਰੇ ਲਈ ਰਿਸ਼ਤਾ ਲੈ ਕੇ ਆਏ। ਚਾਚਾ, ਚਾਚੀ, ਭੂਆ ਨੂੰ ਬਿਠਾ ਕੇ ਸਮਝਾਉਣ ਲੱਗੇ, "ਕੁੜੀਆਂ ਤਾਂ ਰੂੜੀ ਦਾ ਕੂੜਾ ਹੁੰਦੀਆਂ। ਰੂੜੀ 'ਤੇ ਹੀ ਸਿੱਟਣਾ ਪੈਂਦਾ। ਰਾਣੋ ਦਾ ਵਿਆਹ ਕਰ ਦੇਈਏ। ਮਾਂ-ਪਿਓ ਬਾਹਰੀ ਬੱਚੀ ਆ... ਰਿਸ਼ਤਾ ਮੇਰੇ ਹੱਥ 'ਚ ਆ। ਪਰਿਵਾਰ 'ਚ ਮੁੰਡਾ ਤੇ ਉਹਦਾ ਬਾਪ ਈ ਨੇ, ਬਹੁਤਾ ਲੰਮਾ-ਚੜਮ ਹੈ ਨੀ। ਜਾਂਦੀਓ ਕੁੜੀ ਘਰ ਦੀ ਮਾਲਕਣ ਹੋਜੂ। ਮੁੰਡਾ ਗੁਰਦੁਆਰੇ ਨੌਕਰੀ ਕਰਦਾ। ਨਸ਼ੇ-ਪੱਤੇ ਤੋਂ ਰਹਿਤ ਆ। ਉਹਨਾਂ ਨੂੰ ਰੋਟੀ ਦਾ ਔਖਾ। ਰੋਟੀ ਮੁੰਡੇ ਦਾ ਬਾਪ ਆਪ ਬਣਾਉਂਦਾ..., ਰਾਣੋ ਆਪਣੀ ਕਾਮੀ ਕੁੜੀ ਆ, ਸੁਖੀ ਰਹੂਗੀ..., ਆਪਣੀ ਵੱਡੀ ਕਬੀਲਦਾਰੀ ਆ, ਤਿੰਨ ਕੁੜੀਆਂ ਨੇ... ਜੇ ਹੁਣ ਤੋਂ ਕਾਰਜ ਕਰਨ ਲੱਗਾਂਗੇ ਤਾਂ ਹੀ ਕੰਮ ਨਿੱਬੜੂ।"

ਮੈਂ ਬਥੇਰੀਆਂ ਮਿੰਨਤਾਂ ਕੀਤੀਆਂ, "ਮੈਂ ਅਜੇ ਤੇਰਾਂ ਸਾਲ ਦੀ ਆ.... ਮੇਰੀਆਂ ਭੈਣਾਂ ਰੁਲ਼ ਜਾਣਗੀਆਂ।" ਮੇਰੀ ਕਿਸੇ ਨੇ ਇੱਕ ਨਾ ਸੁਣੀ। ਮੇਰੇ ਸੁਹਰਿਆਂ ਸੁਰਿੰਦਰ ਅੰਕਲ ਦੇ ਛਾਪ ਪਾ ਦਿੱਤੀ। ਸ਼ਾਇਦ ਪੈਸੇ ਵੀ ਦਿੱਤੇ ਹੋਣ।

ਐਤਵਾਰ ਨੂੰ ਉਹ ਆ ਕੇ ਸ਼ਗਨ ਪਾ ਗਏ।

***

ਦੋ ਮਹੀਨੇ ਬਾਅਦ ਵਿਆਹ ਹੋ ਗਿਆ। ਪਤਾ ਨਹੀਂ ਉਦੋਂ ਉਹ ਕਾਨੂੰਨ ਕਿੱਥੇ ਸੀ ਜਿਹੜਾ ਬਾਲ-ਵਿਆਹ ਤੋਂ ਰੋਕਦਾ। ਮੇਰੇ ਨਾਨਕੇ ਵਿਆਹ ਨਹੀਂ ਆਏ। ਕੋਈ ਬਹੁਤੇ ਸ਼ਗਨ ਵੀ ਨਹੀਂ ਮਨਾਏ। ਰੂੜੀ ਦਾ ਕੂੜਾ ਰੂੜੀ 'ਤੇ ਸਿੱਟ ਦਿੱਤਾ।

ਜੇ ਮੇਰੇ ਪਾਪਾ ਹੁੰਦੇ, ਮੇਰੇ ਨਾਲ ਕੋਈ ਐਂ ਨਾ ਕਰ ਸਕਦਾ। ਮੈਂ ਰੋ ਰਹੀ ਸੀ। ਮੇਰੀ ਡੋਲੀ ਤੁਰਦੀ ਦੇਖ ਮੇਰੀਆਂ ਭੈਣਾਂ ਚੀਕਾਂ ਮਾਰ ਰਹੀਆਂ ਸੀ।

ਬਘਿਆੜ

ਸੁਹਰੇ ਘਰ ਓਪਰੀਆਂ ਬੁੜੀਆਂ ਮੈਨੂੰ ਅੰਦਰ ਬੈਠੀ ਨੂੰ ਦੇਖ-ਦੇਖ ਜਾ ਰਹੀਆਂ ਸੀ। ਕੁਝ ਬੰਦੇ ਡੀ. ਜੇ. ਅੱਗੇ ਨੱਚੀ ਜਾ ਰਹੇ ਸੀ। ਸ਼ਰਾਬਾਂ ਪੀ ਰਹੇ ਸੀ। ਮੈਂ ਅੰਦਰ ਬੈਠੀ ਰੋ ਰਹੀ ਸਾਂ। ਵਿਆਹ ਬਾਰੇ ਐਨਾ ਹੀ ਪਤਾ ਸੀ, ਜਿਵੇਂ ਪਾਪਾ ਦੇ ਭੋਗ ਤੋਂ ਸਾਡੇ ਰਿਸ਼ਤੇਦਾਰ ਕਹਿ ਰਹੇ ਸੀ, 'ਇੱਕ-ਇੱਕ ਵੰਡ ਲਵੋ' ਸ਼ਾਇਦ, ਮੈਂ ਇਹਨਾਂ ਦੇ ਹਿੱਸੇ ਆ ਗਈ। ਤਾਹੀਓਂ ਨਮੇਂ ਕੱਪੜੇ ਪਾ ਕੇ ਇਹਨਾਂ ਨਾਲ ਤੋਰਤਾ। ਏਵੇਂ ਹੀ ਮੇਰੀਆਂ ਭੈਣਾਂ ਨੂੰ ਨਵੇਂ ਕੱਪੜੇ ਪਾ ਕੇ ਕਿਸੇ ਹੋਰ ਨਾਲ ਤੋਰ ਦੇਣਗੇ। ਅਸੀਂ ਕਿਸੇ ਦੇ ਸਿਰ ਤੇ ਬੋਝ ਨਹੀਂ ਰਹਾਂਗੀਆਂ।

ਵੱਡੀ ਉਮਰ ਦੀਆਂ ਆਂਟੀਆਂ ਮੈਨੂੰ ਭਾਬੀ-ਭਾਬੀ ਕਹਿ ਰਹੀਆਂ ਸੀ। ਉਹਨਾਂ ਦੇ ਬੱਚੇ ਮੇਰੇ ਹਾਣਦੇ ਸੀ। ਉਹ ਖੇਡਦੇ ਫਿਰਦੇ, ਮੇਰਾ ਵੀ ਉਹਨਾਂ ਨਾਲ ਖੇਡਣ ਨੂੰ ਜੀਅ ਕਰਦਾ।

ਮੈਂ ਆਪਣੀ ਨਣਦ ਨਾਲ ਸੌਂਦੀ। ਉਹ ਮੈਨੂੰ ਸਮਝਾਉਂਦੀ, "ਕੁਲਦੀਪ ਨਾਲ ਤੇਰਾ ਵਿਆਹ ਹੋ ਗਿਆ, ਤੈਂ ਉਹਦੀ 'ਸੇਵਾ' ਕਰਨੀ ਆ।"

ਕੁਲਦੀਪ ਮੈਥੋਂ ਦਸ ਸਾਲ ਵੱਡਾ ਸੀ।

ਮੇਰੀ ਨਣਦ ਮੇਰੇ ਸੁਹਰੇ ਦੇ ਪਹਿਲੇ ਵਿਆਹ ਦੀ ਪਤਨੀ ਤੋਂ ਸੀ। ਇਹਦੇ ਜਨਮ ਸਮੇਂ ਉਹ ਮਰ ਗਈ ਸੀ। ਫਿਰ ਮੇਰੇ ਸੁਹਰੇ ਦਾ ਵਿਆਹ ਨਾ ਹੋਇਆ। ਉਹ ਬੰਬਈ ਚਲਿਆ ਗਿਆ, ਉੱਥੇ ਭਈਆ ਰਾਣੀ ਨਾਲ ਵਿਆਹ ਕਰਵਾ ਲਿਆ। ਉਹਦੇ ਕੁਲਦੀਪ ਹੋਇਆ। ਦੋਵਾਂ ਦੀ ਲੜਾਈ ਰਹਿੰਦੀ। ਇਹ ਕੁਲਦੀਪ ਨੂੰ ਲੈ ਕੇ ਪੰਜਾਬ ਆ ਗਿਆ। ਉਦੋਂ ਤੋਂ ਹੀ ਆਪ ਰੋਟੀ ਬਣਾਉਂਦਾ ਸੀ। ਕੁਲਦੀਪ ਦਾ ਰਿਸ਼ਤਾ ਕੁਦੇਸਣ ਦਾ ਮੁੰਡਾ ਕਰਕੇ ਨਹੀਂ ਹੋ ਰਿਹਾ ਸੀ। ਸੁਰਿੰਦਰ ਅੰਕਲ ਨੇ ਮੇਰਾ ਰਿਸ਼ਤਾ ਕਰਵਾ ਦਿੱਤਾ।

***

ਇੱਕ ਦਿਨ ਇੱਕ ਸੋਹਣੀ ਜਿਹੀ ਤੀਮੀ ਆਈ। ਉਹਦੇ ਨਾਲ ਉਹਦੇ ਦੋ ਬੱਚੇ ਵੀ ਸੀ। ਉਹ ਸੌ ਦਾ ਨੋਟ ਤੇ ਸੂਟ ਮੈਨੂੰ ਦੇ ਕੇ ਚਲੀ ਗਈ। ਮੈਂ ਸੋਚਾਂ, ਬੜੀ ਚੰਗੀ ਆ ਵਿਚਾਰੀ।

ਮੇਰੀ ਨਣਦ ਉਹਦੇ ਜਾਣ ਬਾਅਦ ਮੈਨੂੰ ਸਮਝਾਉਣ ਲੱਗੀ, "ਇਹ ਤੋਂ ਬਚ ਕੇ ਰਹੀਂ। ਇਹਨੂੰ ਬਹੁਤਾ ਮੂੰਹ ਨਾ ਲਾਈਂ.... ਇਹ ਠੀਕ ਨਹੀਂ।"

ਇੱਕ ਦਿਨ ਮੈਂ ਕੁਲਦੀਪ ਨੂੰ ਪੁੱਛਿਆ, "ਇਹ ਜਿਹੜੀ ਸੋਹਣੀ ਜਿਹੀ ਤੀਮੀ ਆਉਂਦੀ ਹੁੰਦੀ ਆ, ਉਹ ਕੌਣ ਆ ? ਸਾਰੇ ਉਹਨੂੰ ਬੁਰਾ ਕਿਉਂ ਮਨਾਉਂਦੇ ਨੇ।"

"ਕੌਣ ਸਾਲਾ ਬੁਰਾ ਮਨਾਉਂਦਾ ਦੱਸ ? ਉਹ ਮੇਰੀ ਭੈਣ ਆ। ਜੇ ਕੋਈ ਉਹਦੇ ਵਿਰੁੱਧ ਬੋਲਿਆ, ਜੀਭ ਖਿੱਚਲੂੰ ਸਾਲ਼ੇ ਦੀ।"

ਮੈਂ ਡਰ ਗਈ। ਮੁੜ ਕਦੇ ਉਹਦੀ ਗੱਲ ਨਾ ਕੀਤੀ।

***

ਇੱਕ ਰਾਤ ਮੈਂ ਕਮਰੇ ਵਿੱਚ ਇਕੱਲੀ ਸੀ। ਕੁਲਦੀਪ ਆਇਆ, ਦਰਵਾਜ਼ੇ ਨੂੰ ਅੰਦਰੋਂ ਕੁੰਡੀ ਮਾਰ ਲਈ। ਮੇਰੇ ਨਾਲ ਹੋਰੇ ਤਰ੍ਹਾਂ ਦੀਆਂ ਗੱਲਾਂ ਕਰੇ। ਕਹਿੰਦਾ, "ਕੱਪੜੇ ਲਾਹ।"

ਮੈਂ ਲੜ ਪਈ, "ਕਿਹੋ ਜਿਹੀਆਂ ਗੰਦੀਆਂ ਗੱਲਾਂ ਕਰਦੇ ਓ, ਸ਼ਰਮ ਨੀ ਆਉਂਦੀ ?"

ਜਦੋਂ ਹਟਿਆ ਈ ਨਾ, ਮੈਂ ਰੋਣ ਲੱਗੀ। ਚੀਕਾਂ ਮਾਰਨ ਲੱਗੀ। 'ਕੱਠ ਹੋ ਗਿਆ। ਦਰਵਾਜ਼ਾ ਖੜਕਾਉਣ ਲੱਗੇ। ਖ਼ਬਰੈ ਅੰਦਰ ਕੀ ਹੋ ਗਿਆ।

ਮੇਰੀ ਨਿਆਣੀ ਮੱਤ, ਸੁਹਰੇ ਨੂੰ ਦੱਸੀ ਜਾਵਾਂ, "ਮੇਰੇ ਨਾਲ ਗੰਦੀਆਂ ਗੱਲਾਂ ਕਰਦਾ, ਕਹਿੰਦਾ, ਕੱਪੜੇ ਲਾਹ।" ਨਣਦ ਚੁੱਪ ਕਰਾਵੇ, ਮੈਂ ਚੁੱਪ ਨਾ ਕਰਾਂ।

ਬਾਅਦ ਵਿੱਚ ਨਣਦ ਨੇ ਸਮਝਾਇਆ, "ਉਹ ਤੇਰਾ ਪਤੀ ਆ। ਉਹਨੂੰ ਖ਼ੁਸ਼ ਰੱਖ। ਉਹ ਜੋ ਚੰਗੀ ਮਾੜੀ ਚਾਹੇ ਕਰ ਸਕਦਾ।" ਕੁਲਦੀਪ ਕਈ ਦਿਨ ਮੇਰੇ ਨੇੜੇ ਨਾ ਲੱਗਿਆ।

ਨਣਦ ਦੋਵਾਂ ਬੱਚਿਆਂ ਨੂੰ ਲੈ ਕੇ ਆਪਣੇ ਪੇਕੇ ਚਲੀ ਗਈ।

***

ਕੁਲਦੀਪ ਠੰਢਾ ਲੈ ਆਇਆ। ਉਸ ਵਿੱਚ ਪਤਾ ਨਹੀਂ ਕੀ ਸੀ। ਜਦੋਂ ਮੈਂ ਪੀਤਾ ਮੇਰਾ ਸਿਰ ਭਾਰਾ ਹੋ ਗਿਆ। ਥੋੜ੍ਹੇ ਸਮੇਂ ਬਾਅਦ ਨੀਂਦ ਆਗੀ।

ਸ਼ਾਮ ਨੂੰ ਬਹੁਤ ਮੁਸ਼ਕਿਲ ਨਾਲ ਉੱਠੀ। ਅੱਖਾਂ ਭਾਰੀਆਂ ਭਾਰੀਆਂ। ਸਾਰੇ ਸਰੀਰ 'ਚੋਂ ਦਰਦ ਹੋਵੇ ਸਰੀਰ ਆਕੜਿਆ ਪਿਆ। ਲੱਤਾਂ ਵਿਚਕਾਰ ਬਹੁਤ ਦਰਦ ਹੋਵੇ। ਖ਼ੂਨ ਵਗੀ ਜਾਵੇ। ਬੁਖ਼ਾਰ ਚੜ੍ਹਿਆ ਹੋਇਆ। ਕੁਲਦੀਪ ਘਰ ਨਹੀਂ ਸੀ। ਹੌਲੀ-ਹੌਲੀ ਤੁਰਦੀ ਗੁਆਂਢਣ



ਆਂਟੀ ਕੋਲ ਗਈ। ਉੱਥੇ ਮੈਂ ਚੱਕਰ ਖਾ ਕੇ ਡਿੱਗ ਪਈ, ਉਹਨੇ ਕੁਲਦੀਪ ਨੂੰ ਸੱਦਿਆ। ਡਾਕਟਰ ਕੋਲ ਲੈ ਗਏ। ਚਾਰ ਬੋਤਲਾਂ ਖ਼ੂਨ ਦੀਆਂ ਲੱਗੀਆਂ।

ਨਣਦ ਦੀ ਸਮਝਾਈ ਗੱਲ ਮੇਰੇ ਸਮਝ ਆਉਣ ਲੱਗੀ। ਕੁਲਦੀਪ ਮੇਰਾ ਪਤੀ ਆ। ਜਦੋਂ ਇਹਦਾ ਮਨ ਕਰੇ ਮੇਰੇ ਨਾਲ ਚੰਗੀ-ਮਾੜੀ ਸਭ ਕਰ ਸਕਦਾ।

***

ਮੇਰੇ ਸਹੁਰਿਆਂ ਦਾ ਘਰ ਛੋਟਾ ਜਿਹਾ ਸੀ। ਘਰੇ ਟੀ. ਵੀ. ਵੀ ਨਹੀਂ ਸੀ। ਸੁਹਰਾ ਸ਼ਰਾਬੀ ਸੀ। ਮੱਝਾਂ ਦਾ ਵਪਾਰ ਕਰਦਾ। ਆਲੇ-ਦੁਆਲੇ ਪਿੰਡਾਂ ਵਿੱਚ ਘੁੰਮਦਾ ਰਹਿੰਦਾ।

ਮੈਨੂੰ ਪੇਕਿਆਂ ਵੱਲੋਂ ਕੋਈ ਰਿਸ਼ਤੇਦਾਰ ਮਿਲਣ ਨਾ ਆਉਂਦਾ। ਅਸੀਂ ਰਾਜਗੜ ਮਿਲਣ ਜਾਂਦੇ। ਮੈਂ ਕੁਲਦੀਪ ਤੋਂ ਚੋਰੀ ਜੋ ਮੇਰੇ ਕੋਲ ਥੋੜ੍ਹੇ-ਬਹੁਤੇ ਪੈਸੇ ਹੁੰਦੇ ਭੈਣਾਂ ਨੂੰ ਦੇ ਆਉਂਦੀ। ਪਤਾ ਲੱਗਿਆ, ਚਾਚੀ ਉਹਨਾਂ ਨੂੰ ਸਕੂਲੋਂ ਹਟਾਉਣਾ ਚਾਹੁੰਦੀ ਆ। ਉਹਨਾਂ ਨੂੰ ਉਂਝ ਵੀ ਤੰਗ ਕਰਦੀ ਰਹਿੰਦੀ। ਮੇਰਾ ਮਨ ਕੁੜੀਆਂ ਦੇ ਫ਼ਿਕਰ 'ਚ ਤੜਫਦਾ ਰਹਿੰਦਾ। ਇੱਕ ਦਿਨ ਕੁਲਦੀਪ ਅੱਗੇ ਤਰਲਾ ਕੀਤਾ, "ਮੇਰੀਆਂ ਭੈਣਾਂ ਨੇ ਰੁਲ਼ ਜਾਣਾ ਉਹਨਾਂ ਨੂੰ ਏਥੇ ਲੈ ਆਵੋ।" ਉਹਨੇ ਕੋਰਾ ਜੁਆਬ ਦੇ ਦਿੱਤਾ। ਉਹ ਗਿਣਤੀਆਂ-ਮਿਣਤੀਆਂ ਬਹੁਤ ਕਰਦਾ ਹੈ। ਫਿਰ ਉਹਨੇ ਆਪਣੇ ਫ਼ਾਇਦੇ ਸੋਚੇ, ਇੱਕ ਪਾਲਟ ਸਾਡੇ ਤਿੰਨਾਂ ਭੈਣਾਂ ਅਤੇ ਮੰਮੀ ਦੇ ਨਾਮ ਸੀ। ਦੂਜਾ ਉਹਨੇ ਸੋਚਿਆ ਲੋਕ ਚੰਗਾ-ਚੰਗਾ ਕਹਿਣਗੇ। ਉਹਨੇ ਹਾਂ ਕਰ ਦਿੱਤੀ। ਮੇਰਾ ਚਾਅ ਚੁੱਕਿਆ ਨਾ ਜਾਵੇ। ਦੋਵੇਂ ਕੁੜੀਆਂ ਲਿਆ ਕੇ ਪੜ੍ਹਨ ਲਾ ਦਿੱਤੀਆਂ। ਮੇਰੇ ਬਿਨਾਂ ਉਹਨਾਂ ਦਾ ਹੋਰ ਹੈ ਹੀ ਕੌਣ ਸੀ ?

ਅਜੇ ਇਸ ਗੱਲ ਨੂੰ ਮਹੀਨਾ ਕੁ ਹੀ ਹੋਇਆ ਸੀ। ਕੁਲਦੀਪ ਕਹਿਣ ਲੱਗਾ, "ਆਪਣੇ ਘਰ ਦੀ ਚਾਬੀ ਲੈ ਆ। ਜਦ ਕੁੜੀਆਂ ਆਪਣੇ ਕੋਲ਼ ਨੇ, ਚਾਚਾ-ਚਾਚੀ ਘਰ ਕਿਉਂ ਵਰਤਣ।"

ਮੈਂ ਮਨਾ ਕਰ ਦਿੱਤਾ। ਕੁਝ ਸਮੇਂ ਬਾਅਦ ਆਪ ਹੀ ਜਾ ਕੇ ਚਾਬੀ ਲੈ ਆਇਆ। ਫੇਰ ਮਕਾਨ ਵੇਚਣ ਲੱਗਾ। ਮੰਮੀ ਨੂੰ ਮਿਲਣ ਜੇਲ਼ ਜਾਣ ਲੱਗਾ। ਮੈਂ ਵੀ ਸੋਚਦੀ, ਮੇਰੇ ਪਰਿਵਾਰ ਨੂੰ ਸਾਂਭ ਰਿਹਾ। ਜੋ ਵੀ ਕਰਦਾ ਸਾਡੇ ਭਲੇ ਲਈ ਓ ਕਰਦਾ।

ਮਕਾਨ ਵੇਚ ਦਿੱਤਾ। ਚਾਚੀ ਜੋ ਸਾਡੇ ਨਾਲ ਮਾੜਾ-ਮੋਟਾ ਬੋਲਦੀ ਸੀ ਉਹ ਵੀ ਬੋਲਣੋਂ ਹਟ ਗਈ।

***

ਮੇਰੇ ਬਹੁਤ ਦਰਦ ਹੋ ਰਿਹਾ ਸੀ। ਡਾਕਟਰਨੀ ਕੋਲ਼ ਲੈ ਗਏ। ਉਹਨੇ ਦੱਸਿਆ, "ਤੂੰ ਮਾਂ ਬਣਨ ਵਾਲੀ ਏਂ। ਅਜੇ ਬਹੁਤ ਛੋਟੀ ਏਂ। ਪਰ ਹੁਣ ਹੋਰ ਕੁਝ ਨਹੀਂ ਹੋ ਸਕਦਾ। ਟਾਇਮ ਵਧ ਹੋ ਗਿਆ। ਹੁਣ ਤੂੰ ਆਪਣੇ ਖਾਣ-ਪੀਣ ਦਾ ਖ਼ਿਆਲ ਰੱਖ।" ਉਹਨੇ ਦਵਾਈ ਦੇ ਦਿੱਤੀ।

ਦਿਲ ਪਹਿਲਾਂ ਹੀ ਕਮਜ਼ੋਰ ਸੀ। ਮੈਂ ਡਰ ਗਈ। ਮਾੜੀ ਜਿਹੀ ਗੱਲ ਤੇ ਹੌਲ ਪੈ ਜਾਂਦਾ। ਰਾਤ ਨੂੰ ਡਰਾਉਣੇ ਸੁਪਨੇ ਆਉਂਦੇ। ਸਾਰਾ ਘਰ ਖ਼ੂਨ ਨਾਲ ਲੱਥ-ਪੱਥ ਹੁੰਦਾ।

ਮੇਰੇ ਗੁਡੀਆ ਹੋਈ। ਲਾਡੋ ਬਹੁਤ ਕਮਜ਼ੋਰ ਜਿਹੀ ਸੀ।

***

ਕੁਲਦੀਪ ਉਸ ਸੁਨੱਖੀ ਜਿਹੀ 'ਭੈਣ' ਦੇ ਘਰ ਸਾਤੋਂ ਚੋਰੀ ਜਾਂਦਾ ਰਹਿੰਦਾ। ਇੱਕ ਦਿਨ ਉਹ ਸਾਡੇ ਘਰ ਗਈ। ਮੈਂ ਉਹਤੋਂ ਖਿਝੀ-ਖਪੀ ਬੈਠੀ ਸੀ, ਮੈਂ ਕਹਿ ਦਿੱਤਾ, "ਏਥੇ ਨਾ ਆਇਆ ਕਰ, ਸਾਡਾ ਘਰ ਬਰਬਾਦ ਹੋਜੂ....।"

ਉਹ ਬੁਸ-ਬੁਸ ਕਰਦੀ ਚਲੀ ਗਈ। ਉਹਨੇ ਕੁਲਦੀਪ ਦੇ ਕੰਨ ਭਰ ਦਿੱਤੇ। ਕੁਲਦੀਪ ਅੱਗ-ਬਬੂਲਾ ਹੋਇਆ ਘਰ ਆਇਆ ਆ ਕੇ ਮੇਰੇ ਉੱਤੇ ਡੰਡਾ ਚੱਕ ਲਿਆ, "ਤੇਰੀ ਭੈਣ ਦੀ, ਮੇਰੀ ਭੈਣ ਤੇ ਸ਼ੱਕ ਕਰਦੀ ਆਂ ?" ਮੈਨੂੰ ਕੁੱਟਣ ਲੱਗਿਆ। ਮੇਰੀਆਂ ਭੈਣਾਂ ਛੁਡਾਉਣ ਆਈਆਂ ਉਹਨਾਂ ਦੇ ਵੀ ਥੱਪੜ ਮਾਰੇ।

ਮੈਨੂੰ ਕੁੱਟ-ਮਾਰ ਕਰਕੇ ਬਾਹਰ ਨਿਕਲ ਗਿਆ। ਮੈਂ ਸਾਰਾ ਦਿਨ ਭੁੱਖਣ-ਭਾਣੀ ਧੁੱਪੇ ਪਈ ਰਹੀ। '...ਉਹ ਇੱਕ ਬਘਿਆੜ ਆ। ਮੇਰੇ ਸਰੀਰ ਨੂੰ ਨੋਚ-ਨੋਚ ਖਾਂਦਾ.... ਉਹਦੇ ਲਈ ਮੇਰੇ ਮਨ 'ਚ ਕੋਈ ਥਾਂ ਨਹੀਂ। ਬਸ ਡਰ ਬੈਠ ਗਿਆ.... ਮੈਥੋਂ ਹੋਰ ਕੁੱਟ ਸਹਿ ਨਹੀਂ ਹੁੰਦੀ...।'

ਆਥਣੇ ਆਇਆ ਮੈਨੂੰ ਉੱਥੇ ਹੀ ਪਈ ਦੇਖ ਮੱਚ ਗਿਆ। ਵਾਲਾਂ ਤੋਂ ਫੜ ਕੇ ਘੜੀਸਦਾ ਅੰਦਰ ਲੈ ਗਿਆ। ਅੰਦਰ ਮੰਜੇ ਤੇ ਸਿੱਟ ਕੇ ਬਾਹਰ ਨੂੰ ਤੁਰ ਗਿਆ।

ਮੈਂ ਕੰਸ ਤੇ ਪਈ ਵੀਰੇ ਦੀ ਫੋਟੋ ਚੁੱਕਲੀ। ਫੜ ਕੇ ਰੋਣ ਲੱਗੀ। ਕੀਰਨੇ ਪਾਉਣ ਲੱਗੀ, "...ਤੁਸੀਂ ਕਿਉਂ ਸਾਨੂੰ ਛੱਡਕੇ ਚਲੇ ਗਏ ਵੀਰਿਆ.... ਇਹਨਾਂ ਲੋਕਾਂ ਨੇ ਆਪਣਾ ਸਾਰਾ ਕੁੱਛ ਲੁੱਟ ਲਿਆ ਵੇ ਵੀਰਿਆ.... ਮੰਮੀ ਤੈਂ ਕਿਉਂ ਪਾਪ ਕਮਾਇਆ, ਸਾਥੋਂ ਸਾਡੇ ਪਾਪਾ ਤੇ ਵੀਰੇ ਨੂੰ ਖੋਹ ਕੇ.... ਤੈਨੂੰ ਧੀਆਂ 'ਤੇ ਤਰਸ ਨਾ ਆਇਆ ਨੀ ਅੰਮੜੀਏ.... ਸਾਡਾ ਵੀ ਫਾਹਾ ਵਢਵਾ ਦਿੰਦੀ ਨੀ.... ਪਾਪਾ, ਅਸੀਂ ਲਾਲਚੀ ਲੋਕਾਂ ਦੇ ਵੱਸ ਪੈਗ ਵੇ... ਧਰਮੀ ਬਾਬਲਾ...."

ਮੇਰਾ ਸੁਹਰਾ ਗੁੱਸੇ ਨਾਲ ਭਰਿਆ ਅੰਦਰ ਆਇਆ। ਜਦੋਂ ਤੋਂ ਮੈਂ ਆਪਣੀਆਂ ਭੈਣਾਂ ਨੂੰ ਏਥੇ ਲਿਆਈ ਆਂ ਉਹ ਕੁੜ੍ਹਿਆ-ਕੁੜ੍ਹਿਆ ਰਹਿੰਦਾ। ਗੱਲ-ਗੱਲ ਤੇ ਲੜਨ ਲੱਗਦਾ। ਉਹਨੇ ਮੇਰੀ ਬੱਚੀ ਖੋਹ ਲਈ। ਹੱਥ 'ਚੋਂ ਛਾਂਪ ਲੁਹਾ ਲਈ। ਵੀਰੇ ਦੀ ਫੋਟੋ ਮੈਥੋਂ ਖੋਹ ਕੇ ਪਾਟ ਕੇ ਸਿੱਟ ਦਿੱਤੀ, ਕਹਿੰਦਾ, "ਜਾਓ, ਭੱਜ ਜਾਓ ਏਥੋਂ... ਨਿਕਲੋ ਏਥੋਂ. ਚੱਕੋ ਬੋਰੀ-ਬਿਸਤਰਾ.... ਹਰ ਵੇਲੇ ਰੋਣ-ਧੋਣ.... ਕਿੱਥੋਂ ਗ੍ਰਹਿਣ ਲੱਗੀਆਂ.... ਗਏ ਹੋਏ ਖਾਨਦਾਨ ਦੀਆਂ ਆ ਗਈਆਂ ਏਥੇ...।"

ਵੀਰੇ ਦੀ ਪਾਟੀ ਫੋਟੋ ਧਰਤੀ 'ਤੇ ਖਿੱਲਰੀ ਪਈ ਸੀ। ਜਿਵੇਂ ਕਿਰਪਾਨਾਂ ਨਾਲ ਟੋਟੇ-ਟੋਟੇ ਕੀਤੀ ਲਾਸ਼ ਪਈ ਹੋਵੇ। ਹੁਣ ਸੁਹਰਾ ਜੋ ਬੋਲ ਰਿਹਾ ਸੀ ਮੈਨੂੰ ਸੁਣ ਤਾਂ ਰਿਹਾ ਸੀ ਸਮਝ ਨਹੀਂ ਰਿਹਾ ਸੀ, ਮੈਂ ਗੁੰਮ ਹੋ ਕੇ ਡਿੱਗ ਪਈ। ਛੋਟੀ ਭੈਣ ਭੱਜ ਕੇ ਗੁਆਂਢਣ ਆਂਟੀ ਨੂੰ ਲੈ ਆਈ।

ਮੇਰੇ ਕੋਲ ਸਿਰਹਾਣਾ ਸੀ। ਉਸ ਵਿੱਚੋਂ ਰੂੰ ਕੱਢ-ਕੱਢ ਖਾਣ ਲੱਗੀ। ਆਂਟੀ ਨੇ ਮਸੀਂ ਸਿਰਹਾਣਾ ਖੋਹਿਆ। ਉੱਚੀ-ਉੱਚੀ ਚੀਕ ਰਹੀ ਸਾਂ। ਮੇਰੀ ਆਵਾਜ਼ ਬੱਚਿਆਂ ਵਰਗੀ ਸੀ। ਕੋਈ ਕੁਲਦੀਪ ਨੂੰ ਬੁਲਾ ਲਿਆਇਆ। ਉਹਤੋਂ ਡਰਦੀ ਭੱਜਣ ਲੱਗੀ ਹੁਣ ਫਿਰ ਕੁੱਟੇਗਾ।

ਉਹਤੋਂ ਬਾਅਦ ਮੇਰੇ ਯਾਦ ਨਹੀਂ ਕੀ ਹੋਇਆ।

ਸਾਰੇ ਦੱਸਦੇ, ਦਸ ਮਹੀਨੇ ਮੈਨੂੰ ਆਪਣੀ ਹੋਸ਼ ਨਹੀਂ ਰਹੀ ਸੀ। ਕਿਸੇ ਨੂੰ ਸਿਆਣਦੀ ਨਹੀਂ ਸਾਂ। ਬੱਚਿਆਂ ਵਾਂਗ ਬੋਲਦੀ ਸੀ। ਭੈਣਾਂ ਦੱਸਦੀਆਂ, "ਬਿਮਾਰੀ ਵੇਲੇ ਕੁਲਦੀਪ ਨੇ ਮੇਰੀ ਬਹੁਤ ਸੇਵਾ ਕੀਤੀ।"

***

ਮੇਰੀ ਮਾਨਸਿਕ ਸਿਹਤ ਠੀਕ ਹੋ ਗਈ ਸੀ।

ਮੇਰਾ ਪੈਰ ਭਾਰੀ ਸੀ।



ਜਲੰਧਰ ਵਾਲੀ ਭੈਣ (ਤਾਇਆ ਜੀ ਦਾ ਬੇਟੀ) ਜਿਹਨਾਂ ਕੋਲ ਮੈਂ ਪੜ੍ਹਨ ਗਈ ਸੀ ਦਾ ਵਿਆਹ ਸੀ। ਅਸੀਂ ਸਾਰੇ ਜਾਣਾ ਚਾਹੁੰਦੇ ਸੀ। ਕੁਲਦੀਪ ਨੂੰ ਕੋਈ ਕੰਮ ਸੀ। ਮੇਰੇ ਤੋਂ ਛੋਟੀ ਹਨੀ ਉਹਨੇ ਰੋਟੀ ਦਾ ਔਖਾ ਕਹਿ ਕੇ ਘਰ ਰੱਖ ਲਈ। ਜਦੋਂ ਵਿਆਹ ਜਾ ਕੇ ਮੁੜ ਆਈ। ਮੇਰੇ ਮਨ 'ਚ ਧੁੜਕੂ ਜਿਹਾ ਪਤਾ ਨਹੀਂ ਕਿਉਂ ਹੋਈ ਜਾਵੇ।

ਇੱਕ ਦਿਨ ਮੈਂ 'ਲਾਡੋ' ਨੂੰ ਦੁੱਧ ਚੁੰਘਾ ਰਹੀ ਸੀ। ਰਸੋਈ ਵਿੱਚ ਘੁਸਰ-ਮੁਸਰ ਸੁਣੀ, ਜਾ ਕੇ ਦੇਖਿਆ ਕੁਲਦੀਪ ਤੇ ਹਨੀ ਸੀ। ਕੁਲਦੀਪ ਦੀਆਂ ਕਮੀਨੀਆਂ ਜਾਣਦੀ ਆਂ। ਸ਼ੱਕ ਹੋਰ ਵੀ ਵਧ ਗਿਆ ਜਦੋਂ ਉਹ ਸਫ਼ਾਈ ਦੇਣ ਲੱਗਿਆ, "ਚਾਹ-ਪੱਤੀ ਮੁੱਕੀ ਹੋਈ ਆ।"

ਉਹ ਸੋਚਦਾ ਹੋਵੇਗਾ, ਘੁੱਗੀ ਕੀ ਜਾਣੇ ਸੱਤਗੁਰ ਦੀਆਂ ਬਾਤਾਂ। ਮੈਂ ਦੇਖਦੀ ਉਹ ਆਨੀ ਬਹਾਨੀ ਹਨੀ ਦੁਆਲੇ ਘੁੰਮਦਾ ਰਹਿੰਦਾ। ਪਤਾ ਨਹੀਂ ਕੀ ਘੋਲ ਕੇ ਹਨੀ ਦੇ ਸਿਰ ਪਾਤਾ ਉਹ ਵੀ ਉਸੇ ਦੀਆਂ ਗੱਲਾਂ ਮੰਨੇ। ਜਿਹੜੀ ਮੇਰੇ ਬਿਨਾਂ ਸਾਹ ਨਹੀਂ ਸੀ ਲੈਂਦੀ ਦੂਰੀਆਂ ਬਣਾ ਕੇ ਰੱਖੇ। ਮੇਰੇ ਦਿਲ ਨੂੰ ਗੋਤੇ ਪੈਣ, ਇਹਨੇ ਕੰਜਰ ਨੇ ਮੇਰੀ ਭੈਣ ਦੀ ਜ਼ਿੰਦਗੀ ਖ਼ਰਾਬ ਕਰ ਦੇਣੀ ਆ। ਮੈਨੂੰ ਲੱਗੇ ਮੇਰਾ ਕੋਈ ਨਹੀਂ। ਇੱਕ ਕਾਪੀ ਉੱਤੇ ਗੀਤ, ਕਵਿਤਾਵਾਂ ਲਿਖ ਲਿਆਂ ਕਰਾਂ। ਕੁਲਦੀਪ ਦੇਖ ਕੇ ਪਾੜਕੇ ਸਿੱਟ ਦਿਆ ਕਰੇ।

***

ਬਿਊਟੀ ਪਾਰਲਰ ਦਾ ਕੰਮ ਸਿੱਖ ਕੇ ਮੈਂ ਆਪਣੀ ਦੁਕਾਨ ਖੋਲ੍ਹ ਲਈ। ਹਨੀ ਨੂੰ ਮੈਂ ਨਾਲ ਰੱਖਣ ਲੱਗੀ। ਕੰਮ ਵਧੀਆ ਚੱਲ ਪਿਆ। ਇੱਕ ਦਿਨ ਕੰਮ ਤੋਂ ਛੇਤੀ ਮੁੜੀ ਹਨੀ ਤੇ ਕੁਲਦੀਪ ਨੂੰ ਅਜਿਹੀ ਹਾਲਤ ਵਿੱਚ ਦੇਖ ਲਿਆ, ਉਹਨਾਂ ਨੂੰ ਮਾੜਾ-ਚੰਗਾ ਬੋਲਦੀ ਨੇ, ਆਪਣੀ ਚੁੰਨੀ ਪੱਖੇ ਨਾਲ ਪਾ ਲਈ। ਮੇਜ਼ ਕੋਲ ਕਰ ਲਿਆ। ਜਦੋਂ ਲਟਕਣ ਲੱਗੀ ਕੁਲਦੀਪ ਨੇ ਫੜ ਕੇ ਬਹੁਤ ਕੁੱਟਿਆ।

ਹੁਣ ਹਨੀ ਕੁਲਦੀਪ ਤੋਂ ਦੂਰ ਰਹਿਣ ਲੱਗੀ।

ਮਾਮਾ ਜੀ ਦਾ ਬੇਟਾ ਦਿਨ-ਤਿਹਾਰ ਨੂੰ ਸਾਨੂੰ ਮਿਲਣ ਆ ਜਾਂਦਾ। ਉਹਨੂੰ ਕਹਿ ਕੇ ਹਨੀ ਦਾ ਰਿਸ਼ਤਾ ਕਰਵਾ ਦਿੱਤਾ। ਬਰਾਤ ਗੁਰਦੁਵਾਰੇ ਹੀ ਆਈ। ਮੇਰੇ ਸੁਹਰੇ ਨੇ ਘਰ ਨਹੀਂ ਆਉਣ ਦਿੱਤੀ ਕਹਿੰਦਾ, ਸਾਢੂ ਦੇ ਘਰ ਸਾਢੂ ਦਾ ਢੁੱਕਣਾ ਮਾੜਾ ਹੁੰਦਾ।

ਮੈਂ ਬਥੇਰਾ ਕਿਹਾ, "ਮੇਰੀਆਂ ਭੈਣਾਂ ਨਾਲੋਂ ਇਹ ਧੀਆਂ ਵੱਧ ਨੇ।"

ਵਿਆਹ ਸੁੱਖ-ਸਾਂਦ ਨਾਲ ਹੋ ਗਿਆ। ਮੇਰੇ ਦਿਲ 'ਚੋਂ ਧੁੜਕੂ ਮੁੱਕ ਗਿਆ।

ਦੂਜੇ ਦਿਨ ਕੁਲਦੀਪ ਕਿਤੇ ਦਿਖਾਈ ਨਾ ਦਿੱਤਾ। ਫੋਨ ਕੀਤੇ, ਫੋਨ ਨਾ ਚੁੱਕੇ। ਆਥਣੇ ਕੁਲਦੀਪ, ਉਹਦਾ ਦੋਸਤ ਤੇ ਹਨੀ ਤੁਰੇ ਆਉਣ। ਮੇਰਾ ਉਤਲਾ ਸਾਹ ਉੱਤੇ ਹੇਠਲਾ ਹੇਠਾਂ ਰਹਿ ਗਿਆ। ਹਨੀ ਨੇ ਆਉਂਦਿਆਂ ਹੀ ਚੂੜਾ ਲਾਹ ਕੇ ਵਗਾਹ ਮਾਰਿਆ। ਰੋਂਦੀ ਕਹਿਣ ਲੱਗੀ, "ਪਾਗਲ ਨਾਲ ਮੇਰਾ ਵਿਆਹ ਕਰਤਾ.... ਮੈਂ ਨੀ ਉਥੇ ਜਾਣਾ।"

ਹਨੀ ਦੇ ਸੁਹਰਿਆਂ ਬਥੇਰੀਆਂ ਮਿਨਤਾਂ ਕੀਤੀਆਂ। ਕੁਲਦੀਪ ਲੱਕੜ ਹੀ ਬਣ ਗਿਆ।

ਤਲਾਕ ਹੋ ਗਿਆ।

ਮੈਂ ਫਿਰ ਤਨਾਅ ਵਿੱਚ ਰਹਿਣ ਲੱਗੀ। ਕੁਲਦੀਪ ਨੂੰ ਕਹਿਣਾ, "ਇਹਦੇ ਲਈ ਹੋਰ ਸਾਕ ਦੇਖ ਲਵੋ। ਚੰਗਾ ਜਿਹਾ ਮੁੰਡਾ ਲੱਭਕੇ ਰਿਸ਼ਤਾ ਕਰਦੋ...।"

ਉਹਨੇ ਲੜਨ ਲੱਗਣਾ।

ਪਾਰਲਰ 'ਚ ਮੇਰਾ ਮਨ ਨਾ ਲੱਗਣਾ।

***

ਓਦਣ ਕੁਲਦੀਪ ਨੇ ਪਿਆਰ ਨਾਲ ਬਿਠਾਇਆ ਕਹਿੰਦਾ, "ਰਾਣੋ ਮੇਰੇ ਮਨ 'ਤੇ ਬੋਝ ਆ। ਤੈਨੂੰ ਦੱਸਣਾ ਚਾਹੁੰਨਾ, ਪਰ ਡਰਦਾਂ ਤੂੰ ਲੜਨ ਲੱਗੇਗੀ.... ਪਰ ਦੱਸਣਾ ਵੀ ਜ਼ਰੂਰੀ ਆ.... ਨਹੀਂ ਤਾਂ ਜਦ ਚਿੜੀਆਂ ਖੇਤ ਚੁਗ ਗਈਆਂ ਪਛਤਾਉਣਾ ਪਊ।" ਇਹ ਕਹਿ ਕੇ ਮੇਰੇ ਮੂੰਹ ਵੱਲ ਦੇਖਣ ਲੱਗਾ, "ਲੜੇਂਗੀ ਤਾਂ ਨਹੀਂ ?"

"ਦੱਸੋ ਗੱਲ ਕੀ ਆ, ਮੈਂ ਕਿਉਂ ਲੜਨਾ।"

ਉਹ ਮੈਨੂੰ ਅੰਦਰ ਲੈ ਗਿਆ। ਬਾਬੇ ਨਾਨਕ ਦੀ ਫੋਟੋ ਅੱਗੇ ਖੜ੍ਹਾ ਦਿੱਤਾ. ਸਹੁੰ ਪਵਾਈ, "ਕਿਸੇ ਹੋਰ ਕੋਲ ਗੱਲ ਨਹੀਂ ਕਰਨੀ।"

ਕੁਲਦੀਪ ਦੀਆਂ ਅੱਖਾਂ ਵਿੱਚ ਪਾਣੀ ਆ ਗਿਆ, "ਤੇਰਾ ਭਾਪਾ, ਮੇਰੇ ਸੁਫ਼ਨੇ 'ਚ ਆਇਆ। ਕਹਿੰਦਾ, 'ਕੁਲਦੀਪ ਪੁੱਤਰਾ, ਤੇਰਾ ਦੇਣ ਨੀ ਮੈਂ ਦੇ ਸਕਦਾ। ਤੂੰ ਮੇਰੀਆਂ ਯਤੀਮ ਬੱਚੀਆਂ ਨੂੰ ਸਾਂਭਿਆ। ਤੇਰੇ ਕਰਕੇ ਮੇਰਾ ਪਰਿਵਾਰ ਰੁਲਣੋਂ ਬਚ ਗਿਆ। ਸਾਰੇ ਰਿਸ਼ਤੇਦਾਰ ਮੂੰਹ ਮੋੜ ਰਹੇ ਸੀ.... ਮੇਰੀ ਗੱਲ ਵੱਡਾ ਜਿਗਰਾ ਕਰਕੇ ਸੁਣ। ਤੇਰੇ ਸਿਰ ਤੇ ਕਾਲ ਕੂਕਦਾ, ਤੇਰੇ ਦਿਨ ਨੇੜੇ ਨੇ। ਰਾਣੋਂ ਮੰਗਲੀਕ ਆ। ਮੈਂ ਤੈਨੂੰ ਬਚਾਉਣਾ ਚਾਹੁੰਨਾ। ਤੂੰ ਹਨੀ ਨਾਲ ਵਿਆਹ ਕਰਵਾਲੈ। ਉਹਦੀ ਕੁੰਡਲੀ 'ਚ ਸਦਾ-ਸੁਹਾਗਣ ਦਾ ਯੋਗ ਆ। ਸੁਫ਼ਨੇ ਵਾਲੀ ਗੱਲ ਤਾਂ ਚੱਲ ਮੈਂ ਨਾ ਮੰਨਦਾ, ਇੱਕ ਜ਼ੋਤਸ਼ੀ ਨੂੰ ਹੱਥ ਦਿਖਾਇਆ, ਉਹਨੇ ਵੀ ਇਹੀ ਗੱਲਾਂ ਦੱਸੀਆਂ।" ਕੁਲਦੀਪ ਬੋਲਦਾ ਜਾ ਰਿਹਾ ਸੀ।

ਮੇਰਾ ਸਰੀਰ ਕੰਬਣ ਲੱਗਾ। ਇਹ ਪਾਪਾ ਕੀ ਕਹਿ ਗਏ ? ਪਾਪਾ ਮੇਰੇ ਸੁਫ਼ਨੇ 'ਚ ਕਿਉਂ ਨਹੀਂ ਆਉਂਦੇ ? ਉਹਨਾਂ ਨੂੰ ਇਹ ਨਹੀਂ ਕਹਿਣਾ ਚਾਹੀਦਾ। ਉਹਨਾਂ ਨੂੰ ਆਪਣੀ ਧੀ ਦਾ ਭੋਰਾ ਵੀ ਖ਼ਿਆਲ ਨਾ ਆਇਆ। ਉਹ ਤਾਂ ਅਜਿਹੇ ਵਹਿਮਾਂ ਭਰਮਾਂ ਨੂੰ ਮੰਨਦੇ ਵੀ ਨੀ ਸੀ। ਹੁਣ ਉਹਨਾਂ ਨੂੰ ਕੀ ਹੋ ਗਿਆ।

ਕੁਲਦੀਪ ਦੱਸੀ ਜਾ ਰਿਹਾ, "ਭਾਪਾ ਕਹਿੰਦਾ, 'ਬੰਟੀ ਅਣਆਈ ਮਰਿਆ। ਉਹਦੀ ਉਮਰ ਬਚਦੀ ਸੀ.... ਮੈਂ ਚਾਹੁੰਨਾ ਉਹ ਤੈਨੂੰ ਲੱਗ ਜਾਵੇ। ਜਦ ਬੰਟੀ ਦੀ ਉਮਰ ਮੈਨੂੰ ਲੱਗਣੀ ਆ। ਮੈਂ ਤੇਰਾ ਭਰਾ ਹੀ ਬਣ ਜਾਣਾ, ਜੀਹਨੂੰ ਤੂੰ ਏਨਾ ਪਿਆਰ ਕਰਦੀ ਆ।"

"ਫਿਰ ਹਨੀ ਦੇ ਵੀ ਭਰਾ ਹੀ ਲੱਗੇ.।" ਮੈਨੂੰ ਕੁਲਦੀਪ ਦੀਆਂ ਗੱਲਾਂ ਤੇ ਵਿਸ਼ਵਾਸ ਨਾ ਆਵੇ।

ਕੁਲਦੀਪ ਪੰਜਾਹ ਹਜ਼ਾਰ ਨੋਟਾਂ ਦੀ ਗੁੱਛੀ ਮੈਨੂੰ ਦਿਖਾ ਕੇ ਕਹਿੰਦਾ, "ਪਾਪਾ ਨੇ ਦੱਸਿਆ, 'ਗੁਰਦੁਆਰੇ ਜਿਹੜੇ ਕਮਰੇ 'ਚ ਉਹ ਰਹਿੰਦੇ ਸੀ ਉਹਦੇ ਰੌਸ਼ਨਦਾਨ ਰੱਖੇ ਨੇ।' ਕਹਿੰਦਾ, ਰੱਖਲਾ ਲੋੜ ਪਊਗੀ। ਤੂੰ ਮੇਰੇ ਟੱਬਰ ਨੂੰ ਪਾਲਦੈ।"

"ਪਾਪਾ ਕਿਵੇਂ ਦੇ ਸਕਦੇ ਨੇ ?"

"ਜਿਹੜਾ ਬੰਦਾ ਅਣਆਈ ਮੌਤ ਮਰਦਾ ਉਹਦੇ ਕੋਲ ਸੰਭਾਲੀ ਪਈ ਚੀਜ਼ ਆਪਣੇ ਪਿਆਰੇ ਨੂੰ ਦੇ ਜਾਂਦਾ।" ਕੁਲਦੀਪ ਅੱਖਾਂ ਭਰਕੇ ਮੇਰੇ ਦੋਵੇਂ ਹੱਥ ਫੜਕੇ ਕਹਿੰਦੇ, "ਬਚਾ ਲੈ ਮੈਨੂੰ।"



ਮੇਰੇ ਉੱਤੇ ਕੀ ਬੀਤਦੀ ਸੀ ਮੈਂ ਹੀ ਜਾਣਦੀ ਆ। ਸਮਝ ਨਾ ਲੱਗੇ ਕੀ ਕਰਾਂ, ਕੀ ਨਾ ਕਰਾਂ.... ਨਾ ਪਾਪਾ ਦੀ ਗੱਲ ਮੋੜ ਸਕਦੀ ਸਾਂ.... ਨਾ ਕੁਲਦੀਪ ਨੂੰ ਮਰਦਾ ਦੇਖ ਸਕਦੀ ਆਂ.... ਨਾ ਹੀ ਉਹਦਾ ਹਨੀ ਨਾਲ ਵਿਆਹ ਹੁੰਦਾ ਦੇਖ ਸਕਦੀ ਆਂ।

ਕੁਲਦੀਪ ਮੈਨੂੰ ਮਹਿੰਗੇ, ਮਹਿੰਗੇ ਸੂਟ ਲਿਆਉਂਦਾ। ਮੇਰੀਆਂ ਭੈਣਾਂ ਨੂੰ ਵੀ ਮੇਰੇ ਨਾਲ ਦੇ ਲਿਆਉਂਦਾ। ਮੈਨੂੰ ਖ਼ੁਸ਼ ਰੱਖਣ ਦੀ ਹਰ ਕੋਸ਼ਿਸ਼ ਕਰਦਾ। ਜਿਵੇਂ ਸਾਡਾ ਮਕਾਨ ਵੇਚਣ ਤੋਂ ਪਹਿਲਾਂ ਕਰਦਾ ਸੀ।

ਮੈਂ ਗੁਰੂ ਨਾਨਕ ਜੀ ਦੀ ਫੋਟੋ ਅੱਗੇ ਜੋਤ ਜਗਾ ਕੇ ਅਰਦਾਸ ਕਰਨੀ, "ਮਾਰਾਜ, ਮੇਰੀ ਜਾਨ ਲੈ ਲਵੋ, ਇਹਨਾਂ ਨੂੰ ਬਖ਼ਸ਼ ਦੇਵੋ। ਮੇਰੇ ਮਰਨ ਨਾਲ ਕਿਸੇ ਨੂੰ ਫਰਕ ਨਹੀਂ ਪੈਣਾ। ਇਹਦੀ ਸਭਨੂੰ ਲੋੜ ਆ...।"

ਬਹੁਤ ਵਰਤ ਰੱਖੇ। ਕਈ ਥਾਂ ਮੱਥੇ ਰਗੜੇ।

ਕੁਲਦੀਪ ਨੂੰ ਕਿਹਾ, "ਲੋਕ ਕੀ ਕਹਿਣਗੇ ? ਜੇ ਮੇਰੇ ਬੱਚੇ ਨਾ ਹੁੰਦੇ, ਜਾਂ ਮੈਂ ਪਾਗਲ ਈ ਰਹਿੰਦੀ, ਤਾਂ ਹੋਰ ਗੱਲ ਸੀ।"

ਕਹਿੰਦਾ, "ਭੈਣ ਮਰਾਉਣ ਲੋਕ, ਲੋਕਾਂ ਸਾਲ਼ਿਆਂ ਨੂੰ ਕੀ ਪਤਾ ਲੱਗਣਾ ਕਿ ਡੱਡਾਂ ਕਿਹੜੇ ਵੇਲੇ ਪਾਣੀ ਪੀਂਦੀਆਂ ਨੇ ! ਰਿਸ਼ਤੇਦਾਰ ਸਾਲ਼ੇ ਹੁਣ ਆਪਣੇ ਹਾਰ ਪਾਉਂਦੇ ਨੇ ? ... ਮੈਂ ਦੂਰ ਕਿਤੇ ਗੁਰਦੁਆਰੇ ਡਿਊਟੀ ਲਗਵਾ ਲਊਂਗਾ। ਉੱਥੇ ਹਨੀ ਨੂੰ ਲੈ ਕੇ ਚਲਿਆ ਜਊਂ। ਤੁਸੀਂ ਸਾਰਾ ਟੱਬਰ ਮੌਜ ਨਾਲ ਏਥੇ ਰਹੀ ਜਾਇਓ। ਮਕਾਨ ਥੋਡੇ ਨਾਮ ਕਰਵਾ ਦਊਗਾ.... ਮੇਰੀ ਗੱਲ ਮੰਨ ਲਾ... ਬਚਾ ਲੈ ਮੈਨੂੰ...।"

ਫੋਕੀ ਜਿਹੀ ਖੰਘ, ਖੰਘ ਕੇ ਕਹਿੰਦਾ, "ਮੈਨੂੰ ਖ਼ੂਨ ਆਉਣ ਲੱਗ ਪਿਆ। ਹੁਣ ਦੋ-ਚਾਰ ਦਿਨਾਂ ਦਾ ਪ੍ਰਹੁਣਾ.... ਬਚਾ ਲੈ ਮੈਨੂੰ।"

ਹਾਰ ਕੇ ਫਾਰਮਾਂ ਜਿਹਿਆਂ 'ਤੇ ਦਸਖ਼ਤ ਕਰਤੇ। ਉਹ ਪੜ੍ਹ ਕੇ ਦੱਸਣ ਲੱਗਾ, "ਇਹਨਾਂ 'ਚ ਲਿਖਿਆ ਹੋਇਆ- ਹਨੀ ਅਤੇ ਕੁਲਦੀਪ ਦੇ ਰਿਸ਼ਤੇ ਉੱਤੇ ਮੈਨੂੰ ਕੋਈ ਇਤਰਾਜ ਨਹੀਂ।"

"ਕੀ ਐਂ ਲਿਖਣ ਨਾਲ ਤੇਰਾ, ਹਨੀ ਨਾਲ ਵਿਆਹ ਹੋ ਗਿਆ ? ਮੇਰੇ ਨਾਲ ਗੁਰੂ ਮਾਰਾਜ ਦੀ ਹਜ਼ੂਰੀ 'ਚ ਹੋਇਆ ਵਿਆਹ ਟੁੱਟ ਗਿਆ ?" ਮੈਂ ਪੁੱਛਿਆ।

"ਗੁਰਦੁਆਰੇ ਅਰਦਾਸ ਈ ਕਰਨੀ ਆਂ। ਏਨੇ ਲੋਕਾਂ ਦੇ ਵਿਆਹਾਂ ਦੀ ਕੀਤੀ ਆ, ਅਬਦੇ ਦੀ ਵੀ ਕਰਲੂੰਗਾ।"

ਦਸਖਤ ਕਰਵਾ ਕੇ ਉਹ ਚਲਿਆ ਗਿਆ। ਘਰ ਕੋਈ ਨਹੀਂ ਸੀ। ਟੀ. ਵੀ. ਦੀ ਆਵਾਜ਼ ਉੱਚੀ ਕਰਕੇ ਉੱਚੀ-ਉੱਚੀ ਰੋਈ।

ਮੈਂ ਬਹੁਤ ਸੰਤਾਪ ਹੰਢਾਇਆ। ਪਤਾ ਨਹੀਂ ਕੁਲਦੀਪ ਨੇ ਹਨੀ ਦੀ ਮਰਜ਼ੀ ਨਾਲ ਜਾਂ ਉਹਨੂੰ ਡਰਾ ਧਮਕਾ ਕੇ, ਕੀ-ਕੀ ਕੀਤਾ। ਫਿਰ ਰੱਬ ਦੀ ਕਰਨੀ, ਹਨੀ ਹੀ ਉਹਨੂੰ ਨਫ਼ਰਤ ਕਰਨ ਲੱਗਪੀ।

ਮਾਮੇ ਦੇ ਮੁੰਡੇ ਨੇ ਇੱਕ ਹੋਰ ਥਾਂ ਹਨੀ ਦਾ ਰਿਸ਼ਤਾ ਕਰਵਾ ਦਿੱਤਾ। ਮੁੰਡਾ ਚੰਗਾ ਸੀ। ਮੈਂ ਸੁੱਖ ਦਾ ਸਾਹ ਲਿਆ।

***

ਬਿਊਟੀ ਪਾਰਲਰ ਤੋਂ ਮੈਨੂੰ ਵਿਹਲ ਨਹੀਂ ਸੀ। ਕੰਮ ਚੰਗਾ ਤੁਰ ਪਿਆ। ਕੁਲਦੀਪ ਨੂੰ ਗੁਰਦੁਆਰੇ ਦੀ ਨੌਕਰੀ ਤੋਂ ਜੁਆਬ ਮਿਲ ਗਿਆ। ਉਹ ਬਾਹਰ ਗਿਆ ਕਈ-ਕਈ ਦਿਨ ਨਾ ਮੁੜਦਾ।

***

ਮਾਂ ਵਰਗੀ

ਅਸੀਂ ਘਰੇ ਪਾਠ ਰਖਾਇਆ। ਭੋਗ ਉੱਤੇ ਕੁਲਦੀਪ ਦਾ ਇੱਕ ਦੋਸਤ ਆਇਆ। ਉਹਨੂੰ ਦੇਖ ਮੈਨੂੰ ਪਤਾ ਨਹੀਂ ਕੀ ਹੋਇਆ। ਜਦੋਂ ਉਹ ਕੋਲੋਂ ਲੰਘਦਾ ਦਿਲ ਦੀ ਧੜਕਣ ਤੇਜ਼ ਹੋ ਜਾਂਦੀ। ਲੱਤਾਂ ਕੰਬਣ ਲੱਗ ਜਾਂਦੀਆਂ। ਉਹਦੇ ਵੱਲ ਦੇਖਦੀ, ਦੇਖਦੀ ਹੀ ਰਹਿ ਜਾਂਦੀ।

ਭੋਗ ਤੋਂ ਬਾਅਦ ਬੈਠੇ ਪ੍ਰਸ਼ਾਦੇ ਛੱਕ ਰਹੇ ਸੀ। ਮੈਂ ਆਪਣੀ ਸਹੇਲੀ ਭੋਲੀ ਨੂੰ ਕਿਹਾ, "ਔਹ ਜਿਹੜਾ ਟਮਾਟਰੀ ਪੱਗ ਵਾਲਾ ਕੁਰਸੀ 'ਤੇ ਬੈਠਾ, ਉਹਦਾ ਰੰਗ ਵੀ ਪੱਗ ਵਰਗਾ ਈ ਆ। ਜਦੋਂ ਕਦੇ ਕਿਸੇ ਮੁੰਡੇ ਦਾ ਸੁਫ਼ਨਾ ਲੈਂਦੀ, ਉਹ ਇਹੋ ਜਿਹਾ ਹੀ ਹੁੰਦਾ।"

ਭੋਲੀ ਮਜ਼ਾਕ ਕਰਨ ਲੱਗੀ, "ਤੈਨੂੰ ਪਿਆਰ ਹੋ ਗਿਆ।"

"ਬਕਵਾਸ ਬੰਦ ਕਰ। ਮੇਰਾ ਵਿਆਹ ਹੋਇਆ, ਹੋਇਆ। ਦੋ ਬੱਚੇ ਨੇ.... ਪਰ ਅੜੀਏ ਫਿਰ ਵੀ ਪਤਾ ਨਹੀਂ ਦਿਲ ਨੂੰ ਕੀ ਹੋਈ ਜਾਂਦਾ।"

"ਫਿਰ ਕੀ ਹੋਇਆ ? ਤੂੰ ਮੇਰੇ ਨਾਲੋਂ ਇੱਕ ਸਾਲ ਵੱਡੀ ਏ। ਮੈਂ ਵੀਹਾਂ ਦੀ ਆ। ਕੁਆਰੀ ਆਂ, ਤੇਰਾ ਕੀ ਕਸੂਰ ਤੇਰਾ ਨਿਆਣੀ ਹੁੰਦੀ ਦਾ ਵਿਆਹ ਹੋ ਗਿਆ।"

"ਪਰਾਏ ਬੰਦੇ ਬਾਰੇ ਸੋਚਣਾ ਪਾਪ ਆ ਪਾਗਲ।"

"ਪਿਆਰ ਕਰਨਾ ਪੁੰਨ ਆ, ਪਾਗਲ।" ਉਹ ਹੱਸ ਪਈ।

ਜਦੋਂ ਉਹ ਹਟੀ ਹੀ ਨਾ ਮੈਂ ਉਸ ਕੋਲੋਂ ਉੱਠ ਕੇ ਅੰਦਰ ਚਲੀ ਗਈ। ਮਨ 'ਤੇ ਕਿੱਥੇ ਕਾਬੂ ਸੀ। ਤਾਕੀ ਵਿੱਚੀਂ ਉਸ ਮੁੰਡੇ ਨੂੰ ਦੇਖਦੀ ਰਹੀ। ਉਹ ਸਾਹਮਣੇ ਕੁਰਸੀ 'ਤੇ ਬੈਠਾ ਸੀ। ਉਹਨੂੰ ਦੇਖ ਕੇ ਰੱਜ ਨਹੀਂ ਆ ਰਿਹਾ.... ਮੈਂ ਕਰਦੀ ਕੁਝ ਹੋਰ, ਹੋ ਕੁਝ ਹੋਰ ਜਾਂਦਾ। ਰੋਟੀ ਵਰਤਾਉਂਦਿਆਂ ਜੀਹਨੂੰ ਜਲੇਬੀਆਂ ਵਰਤਾਉਣੀਆਂ ਹੁੰਦੀਆਂ, ਦਾਲ ਪਾ ਦਿੰਦੀ। ਕੋਈ ਸਬਜ਼ੀ ਮੰਗਦਾ ਉਹਨੂੰ ਰੋਟੀ ਪਰੋਸ ਦਿੰਦੀ।

ਭੋਲੀ ਬਹੁਤ ਚਲਾਕ ਆ। ਪਤਾ ਨਹੀਂ ਕਿਹੜੇ ਵੇਲੇ ਉਹਦਾ ਨਾਮ ਪੁੱਛ ਆਈ ਤੇ ਮੁਬਾਈਲ ਦਾ ਨੰਬਰ ਲੈ ਆਈ। ਦੂਜੇ ਦਿਨ ਪਾਰਲਰ 'ਚੋਂ ਆ ਕੇ ਕਹਿਣ ਲੱਗੀ, "ਜੇ ਪਸੰਦ ਆ ਤਾਂ ਗੱਲ ਕਰਨ 'ਚ ਕੀ ਹਰਜ ਆ। ਰਵੀ ਨਾ ਆ ਉਹਦਾ।"

"ਪਾਗਲਪਣ ਨਾ ਕਰ, ਮੈਂ ਐਨੇ ਜੋਗੀ ਨਹੀਂ।"

"ਮੈਂ ਰਵੀ ਨੂੰ ਵੀ ਤੇਰਾ ਨੰਬਰ ਦੇ ਦਿੱਤਾ। ਫੋਨ ਕਰੂਗਾ।" ਭੋਲੀ ਦੱਸ ਕੇ ਚਲੀ ਗਈ। ਮੇਰੇ 'ਤੇ ਕੀ ਬੀਤੀ ਮੈਂ ਹੀ ਜਾਣਦੀ ਆ।

ਰਵੀ ਦਾ ਫੋਨ ਆਇਆ, ਮੈਂ ਘਬਰਾਅ ਕੇ ਫੋਨ ਕੱਟ ਦਿੱਤਾ। ਫਿਰ ਆਇਆ ਤਾਂ ਕਿਹਾ, "ਜੀ... ਜੀ ਭੋਲੀ ਤਾਂ ਪਾਗਲ ਆ। ਐਵੇਂ ਝੂਠ ਮਾਰਦੀ ਆ।"

"ਪਰ ਥੋਡੀਆਂ ਅੱਖਾਂ ਤਾਂ ਨੀਂ ਝੂਠ ਮਾਰਦੀਆਂ। ਮੈਂ ਦੇਖੀਆਂ ਨੇ।" ਉਹ ਹੱਸਣ ਲੱਗਾ। ਉਹਦੇ ਹਾਸੇ, ਗੱਲਾਂ ਵਿੱਚ ਯਾਦੂ ਸੀ। ਉਹ ਆਪਣੇ ਵਰਗੀਆਂ ਸਿਆਣੀਆਂ ਗੱਲਾਂ ਕਰਦਾ। ਕਹਿੰਦਾ, "ਆਪਾਂ ਦੋਸਤਾਂ ਵਾਂਗ ਰਹਾਂਗੇ।"



ਕੁਲਦੀਪ ਬਾਹਰ ਗਿਆ ਹੋਇਆ ਸੀ। ਕਈ ਦਿਨ ਨਾ ਮੁੜਿਆ। ਉਨੇ ਦਿਨ ਮੇਰੀ ਰਵੀ ਨਾਲ ਗੱਲਬਾਤ ਹੁੰਦੀ ਰਹੀ। ਉਹਦਾ ਬਾਪੂ ਵੀ ਛੋਟੀ ਉਮਰੇ ਚੱਲ ਵੱਸਿਆ ਸੀ। ਉਹਦੇ ਕੋਲ ਹਰ ਮੁਸੀਬਤ ਦਾ ਹੱਲ ਸੀ। ਹਰ ਗੱਲ ਲਈ ਦਲੀਲ ਸੀ।

ਇੱਕ ਪਾਸੇ ਕੁਲਦੀਪ ਸੀ ਜਿਸ ਲਈ ਮੇਰੇ ਮਨ 'ਚ ਭੋਰਾ ਵੀ ਪਿਆਰ ਨਹੀਂ ਸੀ। ਉਹ ਮੇਰੇ ਮਨ ਤਨ ਨਾਲ ਬਲਾਤਕਾਰ ਕਰਦਾ। ਮੇਰੇ ਨਾਲ ਬੇਵਫਾਈ ਕਰਦਾ। ਮੇਰਾ ਪੈਸਾ ਇੱਜ਼ਤ ਸਭ ਲੁੱਟਿਆ, ਮਾਰਿਆ ਕੁੱਟਿਆ। ਦੂਜੇ ਪਾਸੇ ਰਵੀ ਸੀ ਜਿਸ ਨੂੰ ਕੋਈ ਲਾਲਚ ਨਹੀਂ ਸੀ। ਦੋਸਤ ਹੋਣ ਦੇ ਨਾਤੇ ਜ਼ਖ਼ਮਾਂ ਤੇ ਫੈਹੇ ਧਰਦਾ।

ਕੁਲਦੀਪ ਘਰ ਮੁੜ ਆਇਆ। ਜਿਵੇਂ ਉਹਦੀ ਆਦਤ ਆ ਉਹਨੇ ਮੇਰਾ ਮੁਬਾਈਲ ਚੈੱਕ ਕੀਤਾ। ਪੁੱਛਦਾ, "ਆਹ ਕੀਹਦਾ ਨੰਬਰ ਆ ? ਕਿਉਂ ਫੋਨ ਕਰਦਾ ? ਰਾਤ ਨੂੰ ਵੀ ਫੋਨ ਆਏ ਨੇ।"

ਹਾਏ ਰੱਬਾ! ਮੇਰੀ ਚੋਰੀ ਫੜੀ ਗਈ। ਮੈਂ ਨੰਬਰ ਡਲੀਟ ਕਰਨਾ ਭੁੱਲ ਗਈ ਸੀ। ਪਹਿਲੀ ਚੋਰੀ, ਪਹਿਲਾ ਈ ਫਾਹਾ!

ਮੈਂ ਸੱਚ ਦੱਸ ਦਿੱਤਾ, "ਦੋਸਤ ਆ ਮੇਰਾ।"

ਮੈਨੂੰ ਕੁਲਦੀਪ ਨੇ ਬਹੁਤ ਕੁੱਟਿਆ। ਸਵੇਰੇ ਹੀ ਮੇਰੇ ਤੇ 'ਕੱਠ ਕਰ ਲਿਆ, ਮੇਰਾ ਮਾਮਾ, ਚਾਚਾ ਅਤੇ ਵਿਚੋਲਾ ਬੁਲਾ ਲਏ। ਮੈਨੂੰ ਉਹਨਾਂ ਅੱਗੇ ਖੜ੍ਹੀ ਕਰ ਦਿੱਤਾ ਕਹਿੰਦਾ, "ਪੁੱਛੋ, ਇਹਨੂੰ ਕੀਹਦੇ ਨਾਲ ਫੋਨ ਤੇ ਗੱਲ ਕਰਦੀ ਆ, ਉਹ ਇਹਦਾ ਕੀ ਲੱਗਦਾ ?"

ਸਭ ਦੇ ਸਾਹਮਣੇ ਰਵੀ ਨੂੰ ਫੋਨ ਲਾ ਲਿਆ। ਉਹਨੇ ਸਾਰਾ ਇਲਜ਼ਾਮ ਆਪਣੇ ਸਿਰ ਲੈ ਲਿਆ, ਕਹਿੰਦਾ, "ਇਹਨੇ ਮੈਨੂੰ ਕਦੇ ਫੋਨ ਨਹੀਂ ਕੀਤਾ ਮੈਂ ਹੀ ਕਰਦਾ ਸੀ।"

ਮੇਰੀ ਨਜ਼ਰ 'ਚ ਉਹਦੀ ਇੱਜ਼ਤ ਹੋਰ ਵਧ ਗਈ।

ਕੁਲਦੀਪ ਨੂੰ ਮਸੀਂ ਮੌਕਾ ਮਿਲਿਆ। ਆਪਣੀਆਂ ਮੇਰੇ ਨਾਲ ਕੀਤੀਆਂ ਭੁੱਲ ਗਿਆ, ਕਹਿੰਦਾ, "ਇਹ ਮਾਂ ਵਰਗੀ ਆ, ਜਿਵੇਂ ਉਹਨੇ ਘਰ ਬਰਬਾਦ ਕੀਤਾ ਸੀ, ਇਹ ਵੀ ਕਰੂ। ਸਾਰੇ ਟੱਬਰ ਨੂੰ ਮਰਵਾਊ।"

ਰਿਸ਼ਤੇਦਾਰਾਂ ਨੇ ਮੈਨੂੰ ਘੂਰਿਆ।

ਘਰ ਬਚਾਉਣ ਲਈ, ਮੈਂ ਦਿਲ ਤੇ ਪੱਥਰ ਰੱਖ ਲਿਆ। ਰਵੀ ਪਤਾ ਨਹੀਂ ਕਿੱਥੇ ਚਲਿਆ ਗਿਆ।

***

ਕਈ ਦਿਨ ਹੋ ਗਏ ਮੰਮੀ ਨੂੰ ਜੇਲ਼ ਤੋਂ ਆਈ ਨੂੰ। ਇੱਕ ਕੋਨੇ 'ਚ ਬੈਠੀ ਮਾਲਾ ਫੇਰਦੀ ਰਹਿੰਦੀ ਆ। ਜਿਵੇਂ ਪਾਪ ਬਖ਼ਸ਼ਾ ਰਹੀ ਹੋਵੇ।

ਕੁਲਦੀਪ ਜ਼ੋਰ ਪਾ ਰਿਹਾ, ਮੰਮੀ ਨੂੰ ਬੇਸਹਾਰਾ ਦੱਸ ਕੇ ਕਿਸੇ ਬੁੱਢਿਆਂ ਦੇ ਆਸ਼ਰਮ 'ਚ ਛੱਡ ਆਈਏ। ਕਹਿੰਦਾ, "ਇਹਤੋਂ ਡਰ ਈ ਲੱਗਦਾ ਰਹਿੰਦਾ, ਪਤਾ ਨਹੀਂ ਕਿਹੜੇ ਵੇਲੇ ਗਾਟਾ ਲਾਹ ਦੇਵੇ ?"

ਮੈਂ ਪਾਰਲਰ ਤੋਂ ਘਰ ਆਈ, ਮੰਮੀ ਮੇਰੇ ਬੱਚਿਆਂ ਨਾਲ ਖੇਡ ਰਹੀ ਸੀ। ਇਹ ਕਦੇ ਸਾਡੇ ਨਾਲ ਕਿਉਂ ਨਹੀਂ ਖੇਡੀ। ?ਮੈਨੂੰ ਕਹਿਣ ਲੱਗੀ, "ਮੈਂ ਸਮਾਨ ਬੰਨ੍ਹ ਲਿਆ.... ਕਿਤੇ ਹੋਰ ਰਹਿ ਲਊਂਗੀ।"

"ਨਹੀਂ ਮੰਮੀ, ਤੁਸੀਂ ਕਿਤੇ ਨੀ ਜਾਣਾ। ਇਹ ਘਰ ਤੇਰੀ ਧੀ ਦੀ ਕਮਾਈ ਨਾਲ ਚੱਲਦਾ। ਤੂੰ ਕਿੱਥੇ ਰੁਲ਼ਦੀ ਫਿਰੇਗੀ!"

"ਜਦ ਕੁਲਦੀਪ ਤੇਰੇ ਨਾਲ ਮੈਥੋਂ ਉਰੇ-ਪਰੇ ਲੜਦਾ, ਮੇਰੇ ਦਿਮਾਗ਼ ਨੂੰ ਪਤਾ ਨਹੀਂ ਕੀ ਹੋ ਜਾਂਦਾ, ਡਰਦੀ ਆਂ ਕਿਤੇ ਮੈਥੋਂ ਹੋਰ 'ਜਾਹ-ਜਾਂਦੀ' ਨਾ ਹੋ ਜੇ। ਮੇਰੀ ਸਜ਼ਾ ਅਜੇ ਪੂਰੀ ਨੀ ਹੋਈ....।"

'ਤੂੰ ਤਾਂ ਕਿਹੜੀ ਸਜ਼ਾ ਭੁਗਤੀ ਆ ਮੰਮੀ? ਤੇਰੇ ਬੱਚਿਆਂ ਬਿਨਾਂ ਜ਼ੁਰਮ ਤੋਂ ਤੇਰੇ ਨਾਲੋਂ ਵੱਧ ਸਜ਼ਾ ਭੁਗਤ ਲਈ।' ਮੈਂ ਮਨ 'ਚ ਕਿਹਾ, "ਤੂੰ ਸਾਡੇ ਕੋਲ ਹੀ ਰਹੇਂਗੀ।" ਕਹਿ ਕੇ ਮੈਂ ਅੰਦਰ ਨੂੰ ਤੁਰ ਪਈ।

***

ਇਕੱਲਾਪਣ ਦੂਰ ਕਰਨ ਲਈ ਮਨ ਨੂੰ ਠੀਕ ਰੱਖਣ ਨੂੰ ਮੈਂ ਗੀਤ, ਕਵਿਤਾਵਾਂ ਲਿਖਦੀ। ਕੁਲਦੀਪ ਉਹਨੂੰ ਪਾੜ ਕੇ ਸਿੱਟ ਦਿੰਦਾ। ਇਹ ਪਹਿਲੀ ਕਹਾਣੀ ਆ। ਮੈਂ ਆਪਣੀ ਜ਼ਿੰਦਗੀ ਦਾ ਇੱਕ ਹਿੱਸਾ ਦੱਸਿਆ। ਦਿਲ ਥੋੜ੍ਹਾ ਜਿਹਾ ਹਲਕਾ ਹੋਇਆ..., ਫਿਰ ਮੈਂ ਆਪਣੀ ਜ਼ਿੰਦਗੀ ਦੀਆਂ ਹੋਰ ਗੱਲਾਂ ਵੀ ਦੱਸੂਗੀ।

***

ਮੁਬਾਇਲ— 94633-52107

**ਡਾ. ਧਰਮਪਾਲ ਸਾਹਿਲ ਦਾ**
**ਨਵਾਂ ਨਾਵਲ**
**ਮਣ੍ਹੇ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**



## ਹਿੰਦੀ ਕਹਾਣੀ

## ਦੂਜਾ ਵਿਸ਼ਵ ਯੁੱਧ / ਓਮ ਸ਼ਰਮਾ

(ਹੌਲੀ ਹੌਲੀ ਮੈਨੂੰ ਇਹ ਅਹਿਸਾਸ ਹੋ ਗਿਆ ਕਿ ਚੰਗਿਆਈ ਤੇ ਬੁਰਿਆਈ ਨੂੰ ਵੰਡਣ ਵਾਲੀ ਲਕੀਰ ਨਾ ਕਿਸੇ ਰਾਜ, ਨਾ ਕਿਸੇ ਵਰਗ ਤੇ ਨਾ ਕਿਸੇ ਰਾਜਨੀਤਕ ਕਬੀਲਿਆਂ ਵਿੱਚ ਦੀ ਗੁਜ਼ਰਦੀ ਹੈ। ਇਹ ਤਾਂ ਹਰ ਦਿਲ ਵਿੱਚ ਦੀ ਹੋ ਕੇ ਲੰਘਦੀ ਹੈ.., ਸਾਰਿਆਂ ਇਨਸਾਨਾਂ ਦੇ ਦਿਲ ਵਿੱਚ ਦੀ: ਸੋਲਜ਼ੇਨਿਤਸਿਨ)

"ਕੀ ਹੋਇਆ? ਕਦੋਂ?" ਵਿਵੇਕ ਨੇ ਫੋਨ ਉਪਰ ਦੱਸਿਆ ਤਾਂ ਮੈਂ ਦਿਲੋਂ ਹੈਰਾਨ ਹੁੰਦੇ ਪੁੱਛਿਆ।

"ਕੱਲ ਸਵੇਰੇ, ਗਿਆਰਾਂ ਵਜੇ।" ਤੇ ਮੇਰੇ ਕਿਵੇਂ ਕਹਿੰਦਿਆਂ ਹੀ ਉਸ ਨੇ ਭਰੇ ਗਲ਼ੇ ਨਾਲ ਕਿਹਾ, "ਹਾਰਟ ਅਟੈਕ ਨਾਲ।"

ਮੈਂ ਜਿਵੇਂ ਠੱਗਿਆ ਗਿਆ ਹੋਵਾਂ। ਇਕ ਹਫਤੇ ਪਹਿਲਾਂ ਹੀ ਤਾਂ ਉਹਨੇ ਪੁਰਾਣਾ ਘਰ ਛੱਡਿਆ ਸੀ। ਮੇਰੇ ਸਾਹਮਣੇ ਵਾਲਾ ਫਲੈਟ ਜਿਸ ਵਿੱਚ ਵਿਵੇਕ ਪਰਮਾਰ ਤੇ ਉਹਦਾ ਟੱਬਰ ਜਾਣੀ ਕਿ ਉਹਦੀ ਪਤਨੀ, ਬੇਟੀ ਤੇ ਉਹਦੇ ਬਿਜ਼ੁਰਗ ਪਿਤਾ ਰਹਿੰਦੇ ਸਨ। ਵਿਵੇਕ ਆਪਣੇ ਪਿਤਾ ਜਾਣੀ ਸ਼੍ਰੀ ਪੰਚਮ ਪਰਮਾਰ ਦੀ ਗੱਲ ਕਰ ਰਿਹਾ ਸੀ।

ਮੈਂ ਅਚੰਭਿਤ ਹੋਏ ਨੇ ਏਨਾ ਹੀ ਕਿਹਾ, "ਭਰਾਵਾ, ਕੱਲ ਦੱਸ ਦੇਣਾ ਚਾਹੀਦਾ ਸੀ।" ਉਹਨੇ 'ਜੀ' ਵਰਗਾ ਕੁਝ ਕਿਹਾ ਜ਼ਰੂਰ ਪਰ ਉਹਦੇ ਵਿੱਚ ਅਫਸੋਸ ਵਰਗਾ ਕੁਝ ਵੀ ਨਹੀਂ ਸੀ। ਆਦਮੀ ਦੇ ਚਲੇ ਜਾਣ ਬਾਅਦ ਹੋਰ ਕੀਤਾ ਵੀ ਕੀ ਜਾ ਸਕਦਾ ਹੈ!

ਪਰ ਪੰਚਮ ਪਰਮਾਰ ਨੇ ਮੈਨੂੰ ਹਾਲੇ ਛੱਡਿਆ ਨਹੀਂ ਸੀ। ਪਿਛਲੇ ਕਈ ਮਹੀਨਿਆਂ ਤੋਂ ਉਹ ਇਕ ਤਰੀਕੇ ਨਾਲ ਮੇਰੇ ਹਮਜੋਲੀ ਹੋ ਗਏ ਸਨ। ਉਹਨਾਂ ਦੀ ਜੁਬਾਨੀ ਕਹਾਂ ਤਾਂ ਇੱਥੇ ਜ਼ਿੰਦਗੀ ਕਹਾਣੀ ਨਾਲੋਂ ਜ਼ਿਆਦਾ ਦਿਲਚਸਪ ਤੇ ਫਰਾਟੇਦਾਰ ਦਿਸਦੀ ਹੈ। ਇਕ ਅਜਿਹੀ ਕਹਾਣੀ ਜਾਂ ਕਹਿ ਲਓ ਅਜਿਹੀ ਜ਼ਿੰਦਗੀ ਜੋ ਬਹੁਤ ਆਸਾਨੀ ਨਾਲ ਦਰਜ ਨਹੀਂ ਹੋ ਪਾਉਂਦੀ। ਮੇਰੇ ਕੋਲ ਯਾਦਾਂ ਤੋਂ ਇਲਾਵਾ ਸੰਯੋਗ ਨਾਲ ਇਕ ਡਿਮਾਈ ਸਾਈਜ਼ ਦੀ ਡਾਇਰੀ ਹੈ ਜਿਸ ਉਪਰ ਉਹਨਾਂ ਦੀ ਟੇਡੀ-ਮੇਡੀ ਲਿਖਾਈ ਦੇ ਹਜ਼ਾਰਾਂ ਸ਼ਬਦ ਹਨ। ਉਹਨਾਂ ਦੇ ਸਹਾਰੇ ਮੈਂ ਉਹਨਾਂ ਦੀ ਜ਼ਿੰਦਗੀ ਜਾਂ ਉਹਨਾਂ ਦੀ ਕਹਾਣੀ, ਬਸ ਅੱਧੀ ਅਧੂਰੀ ਤੋਂ ਵੱਧ ਨਹੀਂ ਦੱਸ ਸਕਦਾ।

ਹੋਇਆ ਇਵੇਂ ਕਿ ਕਿਸੇ ਪਤ੍ਰਿਕਾ ਵਿੱਚ ਮੇਰੀ ਇਕ ਕਹਾਣੀ ਛਪੀ ਸੀ। ਮੇਰੇ ਘਰ ਵਿੱਚ ਕੋਈ ਵੀ ਨਹੀਂ ਸੀ ਇਸ ਲਈ ਡਾਕੀਆ ਉਸ ਪਤ੍ਰਿਕਾ ਨੂੰ ਸਾਹਮਣੇ ਵਾਲੇ ਘਰ ਦੇ ਗਿਆ। ਪੰਚਮ ਪਰਮਾਰ ਜਾਂ ਉਹਨਾਂ ਦੇ ਮੁੰਡੇ ਵਿਵੇਕ ਪਰਮਾਰ ਦਾ ਪਰਿਵਾਰ ਥੋੜੇ ਦਿਨ ਪਹਿਲਾਂ ਹੀ ਉਸ ਸਾਹਮਣੇ ਵਾਲੇ ਤਿੰਨ ਬੈਡਰੂਮ ਅਪਾਰਟਮੈਂਟ ਵਿੱਚ ਰਹਿਣ ਆਇਆ ਸੀ। ਮੈਂ ਤ੍ਰਿਕਾਲਾਂ ਨੂੰ ਆਪਣੇ ਕੰਮ ਤੋਂ ਮੁੜਿਆ ਤਾਂ ਪੰਚਮ ਪਰਮਾਰ ਸਾਹਬ ਆਪਣੇ ਦਰਵਾਜ਼ੇ ਵਿੱਚ ਖੜੇ ਹੋ ਕੇ ਮੇਰੇ ਆਉਣ ਦੀ ਉਡੀਕ ਕਰਦੇ ਮਿਲੇ। ਇਸ ਤੋਂ ਪਹਿਲਾਂ ਸਾਡੇ ਵਿਚਕਾਰ ਕਦੇ ਕੋਈ ਗੱਲਬਾਤ ਨਹੀਂ ਹੋਈ ਸੀ। ਇਸ ਦੀ ਵਜਾਹ ਇਹ ਵੀ ਸੀ ਕਿ ਮੈਂ ਆਪਣੀ ਕੰਪਨੀ ਦੇ ਕੰਮ ਕਾਰਨ ਪਿਛਲੇ ਦਸ ਦਿਨਾਂ ਤੋਂ ਵਿਦੇਸ਼ੀ ਦੌਰੇ 'ਤੇ ਸਾਂ ਤੇ ਮੁੰਬਈ ਵਾਲਿਆਂ ਨੂੰ ਅਕਸਰ ਇਹੋ ਜਿਹਾ ਕੋਈ ਕਾਰਨ ਨਹੀਂ ਮਿਲਦਾ ਕਿ ਸਾਹਮਣੇ ਵਾਲੇ ਦੀ ਘੰਟੀ ਵਜਾ ਕੇ ਤੁਆਰਫ ਕੀਤਾ-ਕਰਾਇਆ ਜਾਵੇ ਪਰ ਉਸ

ਬਿਜ਼ੁਰਗ ਸੱਜਣ ਨੇ ਜਦ ਪਤ੍ਰਿਕਾ ਨੂੰ ਦਿਖਾਉਂਦੇ ਹੋਏ ਇਕ ਖ਼ੁਸ਼ੀ ਦਾ ਇਵੇਂ ਇਜ਼ਹਾਰ ਕੀਤਾ ਕਿ ਮੈਂ ਉਹਨਾਂ ਨੂੰ ਆਪਣੇ ਘਰ ਅੰਦਰ ਆਉਣ ਦਾ ਸੱਦਾ ਦੇ ਦਿੱਤਾ ਤਾਂ ਕਿ ਉਹਨਾਂ ਨਾਲ ਚਾਹ ਦਾ ਇਕ ਕੱਪ ਪੀਤਾ ਜਾ ਸਕੇ। ਮੈਨੂੰ ਹੈਰਾਨੀ ਹੋਈ ਕਿ ਹਸਮੁੱਖ ਤੇ ਚੰਗੇ ਭਲੇ ਦਿਸਦੇ ਜਨਾਬ ਆਪਣੀ ਭਾਸ਼ਾ ਵੀ ਬੋਲ ਨਹੀਂ ਸਨ ਸਕਦੇ, ਸਿਵਾਏ ਸਿੱਧੇ ਜਿਹੇ 'ਆ-ਓ-ਊਂ-ਨਾ' ਵਰਗੇ ਦੋ-ਚਾਰ ਸ਼ਬਦਾਂ ਦੇ। ਹਾਂ, ਲਿਖ ਕੇ ਉਹ ਆਪਣੀ ਗੱਲ ਕਹਿ ਸਕਦੇ ਸਨ ਤੇ ਜੋ ਬੋਲਿਆ ਜਾਵੇ ਉਸ ਨੂੰ ਸੁਣ-ਸਮਝ ਕੇ ਉਸ ਉਪਰ ਲਿਖ ਕੇ ਆਪਣੀ ਰਾਏ ਦੇ ਦਿੰਦੇ ਸਨ। ਅਸੀਂ ਦੋਨਾਂ ਵਿਚਕਾਰ ਉਮਰ ਦਾ ਕਾਫੀ ਫਰਕ ਸੀ। ਮੈਨੂੰ ਮਿਲ ਕੇ ਯਕੀਨਨ ਉਹਨਾਂ ਨੂੰ ਖ਼ੁਸ਼ੀ ਹੋ ਰਹੀ ਹੋਵੇਗੀ ਕਿਉਂਕਿ ਉਹਨਾਂ ਦੇ ਹਾਵ-ਭਾਵ ਬਹੁਤ ਉਤਸ਼ਾਹ ਵਾਲੇ ਦਿਸ ਰਹੇ ਸਨ। ਇਹ ਗੱਲ ਕਿ ਉਹ ਬੋਲ ਨਹੀਂ ਸਕਦੇ, ਉਹਨਾਂ ਨੇ ਮੇਰੇ ਟੈਲੀਫੋਨ ਦੇ ਕੋਲ ਰੱਖੇ ਨੋਟ-ਪੈਡ 'ਤੇ ਲਿਖ ਕੇ ਮੈਨੂੰ ਦੱਸੀ ਸੀ। ਇਵੇਂ ਸਾਡੇ ਵਿਚਕਾਰ ਗਲਬਾਤ ਦਾ ਸਿਲਸਿਲਾ ਸ਼ੁਰੂ ਹੋਇਆ। ਜਾਣੀ ਉਹ ਉਸੇ ਉਪਰ ਆਪਣੇ ਸਵਾਲ ਲਿਖਦੇ ਤੇ ਮੈਂ ਬੋਲ ਕੇ ਜਵਾਬ ਦਿੰਦਾ। ਥੋੜਾ ਵਕਤ ਜ਼ਰੂਰ ਲੱਗਦਾ ਪਰ ਇਸ ਵਿੱਚ ਕੋਈ ਨੁਕਸਾਨ ਨਹੀਂ ਸੀ। ਉਹਨਾਂ ਨੂੰ ਜਦ ਪਤਾ ਲੱਗਾ ਕਿ ਕਾਰਪੋਰੇਟ ਦੀ ਦੁਨੀਆ ਵਿੱਚ ਕੰਮ ਕਰਨ ਵਾਲਾ ਆਦਮੀ ਅਦਬ ਜਾਂ ਕਹਾਣੀ ਦੀ ਦੁਨੀਆ ਵਿੱਚ ਵੀ ਵਿਚਰ ਸਕਦਾ ਹੈ ਤਾਂ ਮੈਂ ਉਹਨਾਂ ਦੇ ਅੰਦਰ ਕੋਈ ਸਕੂਨ ਭਰਦਾ ਦੇਖ ਸਕਦਾ ਸਾਂ। ਇਹੋ ਜਿਹਾ ਸਕੂਨ ਅਕਸਰ ਕਿਸੇ ਅਜਿਹੇ ਵਿਅਕਤੀ ਨੂੰ ਹੀ ਮਿਲ ਸਕਦਾ ਹੈ ਜੋ ਜਾਂ ਤਾਂ ਉਸ ਦਾ ਨਿੱਜੀ ਹੋਵੇ ਜਾਂ ਸਹਿਤ ਦੀ ਦੁਨੀਆ ਨਾਲ ਵਾਸਤਾ ਰਿਹਾ ਹੋਵੇ। ਇਸ ਤੋਂ ਪਹਿਲਾਂ ਕਿ ਮੈਂ ਕੁਝ ਹਰ ਪੁੱਛਦਾ, ਉਹਨਾਂ ਨੇ ਪਤ੍ਰਿਕਾ ਵਿੱਚ ਪ੍ਰਕਾਸ਼ਤ ਕਹਾਣੀ ਬਾਰੇ ਜਾਨਣਾ ਚਾਹਿਆ ਕਿ ਕਿਹਦੇ ਬਾਰੇ ਹੈ। ਮੈਂ ਕਿਹਾ ਕਿ ਇਹ ਦੱਸਣਾ ਸ਼ਾਇਦ ਮੁਸ਼ਕਲ ਹੋਵੇ, ਤੁਸੀਂ ਇਸ ਪਤ੍ਰਿਕਾ ਨੂੰ ਤਸੱਲੀ ਨਾਲ ਪੜ ਲਵੋ ਤੇ ਖੁਦ ਹੀ ਅੰਦਜ਼ਾ ਲਗਾਓ ਕਿ ਇਹ ਕਿਹਦੇ ਬਾਰੇ ਹੈ। ਮੈਂ ਜਦ ਉਹਨਾਂ ਨੂੰ ਪੁੱਛਿਆ ਕਿ ਤੁਸੀਂ ਵੀ ਪਹਿਲਾਂ ਕੁਝ ਲਿਖਦੇ ਸਾਓ ਤਾਂ ਉਸ ਹਸਮੁੱਖ ਚਿਹਰੇ 'ਤੇ ਇਕ ਲਾਲੀ ਜਿਹੀ ਆ ਕੇ ਗਾਇਬ ਹੋ ਗਈ। ਉਹਨਾਂ ਨੇ ਹੌਲ਼ੇ ਜਿਹੇ ਕਈ ਵਾਰ ਹਾਮੀ ਵਿੱਚ ਗਰਦਨ ਹਿਲਾਈ ਤੇ ਇਕ ਨੋਟ-ਪੈਡ ਚੁੱਕ ਲਿਆ ਤੇ ਲਿਖਿਆ, "ਥੋੜਾ ਬਹੁਤ.., ਕੁਝ ਕਵਿਤਾਵਾਂ।" ਲਿਖ ਕੇ ਬਹੁਤ ਰਹੱਸਮਈ ਢੰਗ ਨਾਲ ਮੁਸਕਰਾਉਂਦੇ ਹੋਏ ਮੈਨੂੰ ਦੇਖਣ ਲੱਗੇ।

"ਕਿਹੋ ਜਿਹੀਆਂ ਕਵਿਤਾਵਾਂ ?" ਮੈਂ ਪੁੱਛਿਆ ਤਾਂ ਉਹਨਾਂ ਨੇ ਜਿਵੇਂ ਬਦਲਾ ਲੈਂਦੇ ਹੋਏ ਸ਼ਰਾਰਤਨ ਕਿਹਾ,

"ਕੱਲ ਮੈਂ ਤੁਹਾਨੂੰ ਕੁਝ ਕਵਿਤਾਵਾਂ ਦੇਵਾਂਗਾ, ਖੁਦ ਹੀ ਅੰਦਾਜ਼ਾ ਲਗਾ ਲੈਣਾ ਕਿ ਉਹ ਕਿਹੋ ਜਿਹੀਆਂ ਨੇ।"

ਮੈਨੂੰ ਉਹਨਾਂ ਦੀ ਗੱਲ ਜਚੀ। ਕੁਝ ਦੇਰ ਵਿੱਚ ਅਸੀਂ ਚਾਹ ਪੀ ਚੁੱਕੇ ਸਾਂ। ਉਹਨਾਂ ਨੇ ਜਾਣ ਦੀ ਇਜਾਜ਼ਤ ਲਈ ਤੇ ਕੱਲ ਮਿਲਣ ਦਾ ਵਾਅਦਾ ਕਰਕੇ ਵਾਪਸ ਆਪਣੇ ਘਰ ਚਲੇ ਗਏ।

ਮੇਰਾ ਅਗਲਾ ਦਿਨ ਬੇਹੱਦ ਵਿਅਸਤ ਰਿਹਾ। ਅਸੀਂ ਕੁਝ ਟੈਲੀਕੌਮ ਕੰਪਨੀਆਂ ਨੂੰ ਡਿਜੀਟਲ ਕੰਟੈਂਟ ਦੇਣ ਦੇ ਇਕ ਵੱਡੇ ਪ੍ਰੋਜੈਕਟ 'ਤੇ ਕੰਮ ਕਰ ਰਹੇ ਸਾਂ। ਉਸ ਕੰਪਨੀ ਦੇ ਨਾਲ ਕਈ ਮਹੀਨਿਆਂ ਦੀ ਮੁਸ਼ਕੱਤ ਬਾਅਦ ਸਾਡਾ ਕਰਾਰ ਹੋ ਚੁੱਕਾ ਸੀ। ਉਸ ਕਰਾਰ ਦੇ ਤਹਿਤ ਅਸੀਂ ਆਪਣੀਆਂ ਕੁਝ ਜ਼ਿੰਮੇਵਾਰੀਆਂ ਨਿਭਾ ਵੀ ਚੁੱਕੇ ਸਾਂ ਕਿ ਪਤਾ ਲੱਗ ਕਿ ਉਹ ਕੰਪਨੀ ਦੀਵਾਲੀਆ ਹੋ ਚੁੱਕੀ ਹੈ ਤੇ ਉਸ ਨਾਲ ਅੱਗੇ ਧੰਦਾ ਕਰਨਾ ਸਾਡੇ ਵਰਗੀ ਕੰਪਨੀ ਲਈ ਬਹੁਤ ਘਾਟੇ ਦਾ ਸੌਦਾ



ਹੋਵੇਗਾ। ਇਸ ਲਈ ਸਾਨੂੰ ਤੁਰੰਤ ਕਿਸੇ ਦੂਜੀ ਟੈਲੀਕੌਮ ਕੰਪਨੀ ਨੂੰ ਲੱਭਣਾ ਪੈਣਾ ਸੀ। ਪਰ ਲੱਭਦੇ ਕਿਵੇਂ ? ਸਾਡੀਆਂ ਪ੍ਰਤੀਦਵੰਦੀ ਕੰਪਨੀਆਂ ਨੇ ਸਾਡੇ ਲਈ ਬਹੁਤੀ ਗੁੰਜਾਇਜ਼ ਹੀ ਨਹੀਂ ਸੀ ਛੱਡੀ। ਪਹਿਲਾਂ ਅਸੀਂ ਕਾਲਰ-ਟਿਊਨ ਨੂੰ ਲੈ ਕੇ ਆਪਣੀ ਜਗਾਹ ਬਣਾ ਚੁੱਕੇ ਸਾਂ। ਬਾਅਦ ਵਿੱਚ ਅਸੀਂ ਹਿੰਦੀ ਗਾਣੇ, ਗਜ਼ਲਾਂ ਤੇ ਇਥੋਂ ਤੱਕ ਕਿ ਭਜਨ ਤੇ ਪੱਛਮੀ ਸੰਗੀਤ ਨੂੰ ਲੈ ਕੇ ਚੰਗਾ ਕੰਮ ਕੀਤਾ ਸੀ। ਪਰ ਜਿਸ ਕੰਮ ਨੂੰ ਕਰਨ ਲਈ ਸਾਡੀ ਟੈੱਕ-ਟੀਮ ਨੂੰ ਦੋ ਤੋਂ ਤਿੰਨ ਸਾਲ ਲੱਗੇ ਸਨ ਉਹ ਸਾਰਾ ਕੰਮ.., 'ਤੇ ਜਿਵੇਂ ਸੁਣਨ ਵਿੱਚ ਆਇਆ ਤੇ ਦੱਸਿਆ ਗਿਆ.., ਸਾਡੀ ਪ੍ਰਤੀਦਵੰਦੀ ਫਰਮ, ਜੋ ਮੁਸ਼ਕਿਲ ਨਾਲ ਛੇ ਮਹੀਨੇ ਪਹਿਲਾਂ ਹੀ ਵਜੂਦ ਵਿੱਚ ਆਈ ਸੀ, ਰਾਤੋ-ਰਾਤ ਸਾਡੇ ਨਾਲੋਂ ਕਿਤੇ ਅੱਗੇ ਨਿਕਲ ਗਈ ਸੀ। ਉਸ ਦੇ ਕੋਲ ਵੈਂਚਰ ਕੈਪੀਟਲ ਹੀ ਨਹੀਂ ਬਲਕਿ ਫੌਰਨ ਫੰਡਿੰਗ ਦੀ ਏਨੀ ਸਹੂਲਤ ਸੀ ਕਿ ਕਾਇਦੇ ਨਾਲ ਅਸੀਂ ਉਹਨਾਂ ਮੁਹਰੇ ਟਿਕ ਹੀ ਨਹੀਂ ਸਕਦੇ ਸੀ। ਅਸੀਂ ਕਿਸੇ ਹੱਦ ਤੱਕ ਆਪਣੀ ਬ੍ਰਾਂਡ ਵੈਲਯੂ ਤੇ ਕਾਰਪੋਰੇਟ ਦੁਨੀਆ ਅੰਦਰ ਆਪਣੀ ਇਮਾਨਦਾਰੀ ਤੇ ਵਧੀਆ ਜੱਸ ਕਾਰਨ ਬਣੇ ਰਹਿਣ ਦਾ ਦਾਅਵਾ ਕਰ ਸਕਦੇ ਸਾਂ ਪਰ ਸਿਰਫ ਦਾਅਵਾ। ਅਸਲ ਵਿੱਚ ਕੀ ਹੋ ਸਕਦਾ ਸੀ, ਇਸ ਬਾਰੇ ਕੁਝ ਪੱਕਾ ਨਹੀਂ ਸੀ। ਇਸ ਲਈ ਪੂਰਾ ਦਿਨ ਮੀਡੀਆ, ਟੈਕਨੌਲੌਜੀ ਤੇ ਮਾਰਕਟਿੰਗ ਦੀਆਂ ਟੀਮਾਂ ਦੇ ਨਾਲ ਇਕ ਤੋਂ ਬਾਅਦ ਇਕ ਅੰਤਹੀਣ ਮੀਟਿੰਗਾਂ-ਮਸ਼ਵਰੇ ਕਰਨ ਵਿੱਚ ਬੀਤਦਾ। ਘਰ ਆਉਣ ਵਿੱਚ ਮੈਨੂੰ ਇਸ ਲਈ ਦੇਰ ਹੋਈ। ਦੇਰ ਦਾ ਮਤਲਬ ਰਾਤ ਦੇ ਸਾਢੇ ਗਿਆਰਾਂ ਵਜੇ।

ਪਰ ਘੰਟੀ ਵੱਜਣ ਕਾਰਨ ਮੇਰੇ ਘਰ ਦਾ ਦਰਵਾਜ਼ਾ ਖੁਲ੍ਹਣ ਤੋਂ ਪਹਿਲਾਂ, ਪੰਜ ਫੁੱਟ ਦੂਰ ਸਾਹਮਣੇ ਵਾਲੇ ਘਰ ਦਾ ਦਰਵਾਜ਼ਾ ਖੁੱਲ੍ਹਿਆ ਤੇ ਪੰਚਮ ਜੀ ਸਾਹਮਣੇ ਆ ਗਏ। ਇਹ ਵਕਤ ਉਹਨਾਂ ਨੂੰ ਅੰਦਰ ਬੁਲਾਉਣ ਦਾ ਨਹੀਂ ਸੀ ਇਸ ਲਈ ਮੈਂ ਉਹਨਾਂ ਤੋਂ ਮੁਆਫੀ ਮੰਗੀ ਤੇ ਕਿਹਾ ਕਿ ਮੈਂ ਤੁਹਾਡੇ ਨਾਲ ਕੱਲ ਜਾਂ ਜਦ ਵੀ ਸੰਭਵ ਹੋ ਸਕਿਆ ਤਦ ਮਿਲਾਂਗਾ ਤੇ ਗੱਲਾਂ ਕਰਾਂਗਾ। ਉਹਨਾਂ ਨੇ ਉਥੇ ਖੜੇ ਹੋ ਕੇ 'ਆ-ਓ-ਊਂ' ਦੇ ਸਹਾਰੇ ਗਰਦਨ ਤੇ ਹੱਥ ਨੂੰ ਇਕ ਲੈਅ ਵਿੱਚ ਹਿਲਾਉਂਦੇ ਹੋਏ ਹਾਮੀ ਭਰੀ ਤੇ ਆਪਣੇ ਘਰ ਦਾ ਦਰਵਾਜ਼ਾ ਤਦ ਤਕ ਬੰਦ ਨਾ ਕੀਤਾ ਜਦ ਤੱਕ ਮੈਂ ਆਪਣੇ ਘਰ ਅੰਦਰ ਜਾ ਕੇ ਆਪਣਾ ਬੂਹਾ ਨਾ ਬੰਦ ਕਰ ਲਿਆ। ਅੰਦਰ ਵੜਨ ਤੋਂ ਬਾਅਦ ਮੈਨੂੰ ਇਸ ਗੱਲ ਦਾ ਖਿਆਲ ਨਹੀਂ ਆਇਆ ਕਿ ਉਹ ਮੇਰੀ ਉਡੀਕ ਕਿਉਂ ਕਰ ਰਹੇ ਸਨ ਜਾਂ ਮੇਰੇ ਫੈਸਲੇ ਤੋਂ ਬਾਅਦ ਤੋਂ ਬਾਅਦ ਉਹਨਾਂ ਦਾ ਚਿਹਰਾ ਮੁਰਝਾਇਆ ਜਿਹਾ ਕਿਉਂ ਹੋ ਗਿਆ ਸੀ। ਜਿਵੇਂ ਮੈਂ ਹੁਣੇ ਕਿਹਾ, ਆਪਣੀ ਕੰਪਨੀ ਦੇ ਕਾਰੋਬਾਰ ਦੇ ਹਾਲਾਤ ਨੂੰ ਲੈ ਕੇ ਏਨੀ ਗੜਬੜ ਹੋ ਰਹੀ ਸੀ ਕਿ ਮੈਨੂੰ ਵਾਕਿਆ ਹੀ ਆਪਣੀ ਸੁੱਧ ਨਹੀਂ ਸੀ, ਕਿਸੇ ਹੋਰ ਦੀ ਕੀ ਹੁੰਦੀ।

ਇਵੇਂ ਕਈ ਹਫਤੇ ਲੰਘ ਚੁੱਕੇ ਸਨ ਕਿ ਇਕ ਦਿਨ, ਮੁੱਦਤ ਬਾਅਦ, ਜਦ ਪਹਿਲੇ ਐਤਵਾਰ ਨੂੰ ਦਫਤਰ ਨਹੀਂ ਗਿਆ, ਉਹਨਾਂ ਨੂੰ ਮਿਲ ਸਕਿਆ। ਮੈਂ ਐਤਵਾਰ ਦੇ ਦਿਨ ਦਫਤਰ ਨਹੀਂ ਗਿਆ ਸਾਂ ਇਸ ਦੀ ਖ਼ਬਰ ਉਹਨਾਂ ਨੂੰ ਸੀ ਕਿਉਂਕਿ ਘੰਟੀ ਵਜਾ ਕੇ ਅੰਦਰ ਆਉਣ ਲਈ ਜਿਵੇਂ ਆਪਣੇ ਆਪ ਨੂੰ ਪੇਸ਼ ਕੀਤਾ ਹੋਵੇ। ਸਵੇਰ ਦੇ ਗਿਆਰਾਂ ਵੱਜੇ ਹੋਣਗੇ। ਉਹਨਾਂ ਦੇ ਇਕ ਹੱਥ ਵਿੱਚ ਇਕ ਛੋਟਾ ਤੌਲੀਆ ਸੀ ਜਿਸ ਦੀ ਉਹ ਭਰਪੂਰ ਵਰਤੋਂ ਆਪਣੀ ਲਾਰ ਪੂੰਝਣ ਵੇਲੇ ਕਰਦੇ ਸਨ। ਦੂਜੇ ਹੱਥ ਵਿੱਚ ਕਿਤਾਬੀ ਸਾਈਜ਼ ਦੀ ਨੀਲੀ ਡਾਇਰੀ ਸੀ।

ਮੈਂ ਉਸ ਦਿਨ ਨਾਲ ਤਾਰ ਜੋੜਦੇ ਹੋਏ ਉਹਨਾਂ ਨੂੰ ਪੁੱਛਿਆ ਕਿ ਉਹ ਕਿਹੋ ਜਿਹੀਆਂ

ਕਵਿਤਾਵਾਂ ਲਿਖਦੇ ਹਨ ਤਾਂ ਉਹਨਾਂ ਨੇ ਉਂਗਲੀ ਨਾਲ ਉਸ ਨੀਲੀ ਡਾਇਰੀ ਵੱਲ ਇਸ਼ਾਰਾ ਕੀਤਾ ਤੇ ਦੱਸਿਆ ਕਿ ਦੋ ਕਵਿਤਾਵਾਂ ਦੇ ਅੰਸ਼, ਆਪਣੀ ਯਾਦਾਸ਼ਤ ਦੇ ਸਹਾਰੇ, ਇਸ ਡਾਇਰੀ ਵਿੱਚ ਲਿਖੇ ਹਨ ਜਿਹਨਾਂ ਨੂੰ ਪੜ੍ਹ ਕੇ ਮੈਂ ਅੰਦਾਜ਼ਾ ਲਗਾ ਸਕਦਾ ਹਾਂ ਕਿ ਜਦ ਉਹ ਲਿਖਦੇ ਹਨ ਤਾਂ ਕਿਹੋ ਜਿਹੀਆਂ ਕਵਿਤਾਵਾਂ ਲਿਖਦੇ ਹਨ। ਕੱਚੀ-ਪੱਕੀ ਲਿਖਾਈ ਵਿੱਚ ਉਹਨਾਂ ਨੇ ਮੇਰੀ ਕਹਾਣੀ ਦੀ ਖੁਲ੍ਹ ਕੇ ਤਰੀਫ ਕੀਤੀ ਹੋਈ ਸੀ, ਹਾਲਾਂਕਿ ਕਹਾਣੀ ਦੇ ਅੰਤ ਨੂੰ ਲੈ ਕੇ ਕੁਝ ਸੰਦੇਹ ਜਤਾਇਆ ਹੋਇਆ ਸੀ ਕਿ ਉਹ ਧੂਮਿਲ ਕਿਥੋਂ ਆ ਗਿਆ ਹੈ। ਮੈਂ ਜਦ ਉਹਨਾਂ ਨੂੰ ਕਿਹਾ ਕਿ ਕਹਾਣੀ ਕਿਸੀ ਅੰਤ ਦੇ ਹੋਣ ਨਾਲ ਜਾਂ ਨਾ ਹੋਣ ਨਾਲ ਨਹੀਂ, ਆਪਣੀ ਪੂਰੀ ਬੁਨਾਵਟ ਕਾਰਨ ਸਮਝੀ ਜਾਣੀ ਚਾਹੀਦੀ ਹੈ, ਤਾਂ ਉਹਨਾਂ ਨੇ ਅੱਧੇ ਮਨ ਨਾਲ ਹੀ ਹਾਮੀ ਭਰੀ ਸੀ।

ਉਹਨਾਂ ਦੀਆਂ ਕਵਿਤਾਵਾਂ

੧

ਡਾਇਰੀ ਦੇ ਸਫੇ ਉਸ ਦੇ
ਲੱਗਦੇ ਨੇ ਕਿੰਨੇ ਸੰਘਣੇ
ਸਮਾਏ ਨੇ ਉਹਨਾਂ ਵਿੱਚ ਜਿੰਦਗੀ ਦੇ ਅਸੀਮ ਮਹਿਨੇ
ਉਠਦੇ-ਡਿਗਦੇ ਤੇ ਡਿਗਕੇ ਉਠਦੇ ਹੋਈ ਏ ਉਹ ਕਾਬਲ
ਸਘੰਰਸ਼ ਵਿੱਚ, ਸੋਚ ਵਿੱਚ,
ਹਾਸਿਲ ਵਿੱਚ, ਲੋਚ ਵਿੱਚ
ਕਾਗਜ਼ ਦੇ ਇਹੀ ਸਫੇ
ਲੱਗਦੇ ਨੇ ਪ੍ਰਤੀਬਿੰਬ ਆਪਣੇ
ਡਾਇਰੀ ਦੇ ਅਧਿਆਏ ਉਸ ਦੇ..

੨

ਉਸ ਦੇ ਹੋਠਾਂ ਦੀ ਮੁਲਾਇਮੀਅਤ
ਉਸ ਦੀ ਜ਼ੁਬਾਨ ਨਾਲ ਜੁੜੀ ਹੋਈ ਏ,
ਅੱਖਾਂ ਦੀ ਗਹਿਰਾਈ
ਮਨ ਦੀ ਕਿਸੇ ਪਰਤ ਨਾਲ
ਤੇ ਸੋਚ ਦੀ ਉਲਝਣ
ਸਖਸ਼ੀਅਤ ਤੇ ਮਾਸੂਮੀਅਤ ਨਾਲ।
ਲੇਕਿਨ ਇਵੇਂ ਉਪਰੋਂ
ਦੇਖਦੇ ਹੋਏ ਤੁਸੀਂ ਕਦੇ
ਉਸ ਦੇ ਦਿਨ ਦੀ ਥਾਹ ਨਹੀਂ ਪਾ ਸਕੋਂਗੇ
ਇਸ ਦੀ ਕੋਈ ਚਾਬੀ ਨਹੀਂ ਬਣੀ।
ਹਾਂ,
ਇਬਾਦਤ ਵਿੱਚ ਸ਼ਾਮਲ ਹੁੰਦੇ ਹੀ



ਉਹ ਦੁਆ ਬਣ ਕੇ ਵਰਦ੍ਹੀ ਏ,
ਉਹਨੂੰ ਮਿਲ ਕੇ ਜਾਣਾ
ਨਹੀਂ
ਮਹਿਸੂਸ ਕੀਤਾ ਕਿ
ਧਰਤੀ ਵੀ ਇਕ ਔਰਤ ਏ।

ਅਗਲੀ ਵਾਰ ਜਦ ਉਹਨਾਂ ਨਾਲ ਮੁਲਾਕਾਤ ਹੋਈ ਤੇ ਮੈਂ ਜ਼ਰਾ ਛੇੜਦੇ ਹੋਏ ਕਿਹਾ ਕਿ ਪਰਮਾਰ ਸਾਬ, ਤੁਸੀਂ ਬਹੁਤ ਹੀ ਰੁਮਾਂਟਿਕ ਆਦਮੀ ਹੋ ਤਾਂ ਉਹਨਾਂ ਨੇ ਹੌਲ਼ੇ ਜਿਹੇ ਮੁਸਕ੍ਰਾ ਦਿੱਤਾ ਤੇ ਇਕ ਦਮ ਟੈਲੀਫੋਨ ਕੋਲ ਪਈ ਨੋਟਪੈਡ 'ਤੇ ਲਿਖਿਆ, "ਸਾਂ!"

'ਹੋ' ਤੇ 'ਸਾਂ' ਦੇ ਵਿਚਕਾਰ ਦੀ ਖਾਈ ਜਿਵੇਂ ਅਬੁੱਝ ਦਹਿਸ਼ਤ ਵਿੱਚ ਟੁੱਟੇ ਤਾਰੇ ਜਿਹੀ ਕੁਝ ਪਲ ਲਈ ਚਮਕ ਕੇ ਗੁੰਮ ਹੋ ਗਈ ਹੋਵੇ।

"ਨਹੀਂ ਪਰਮਾਰ ਸਾਬ, ਵਨਸ ਏ ਰੁਮਾਂਟਿਕ, ਆਲਵੇਜ਼ ਰੁਮਾਂਟਿਕ!" ਮੈਂ ਚਟਕਾਰਾ ਲਿਆ।

ਸ਼ਾਇਦ ਉਹਨਾਂ ਦੇ ਮੂੰਹ ਦੀ ਲਾਰ ਬਾਹਰ ਨਿਕਲਣ ਵਾਲੀ ਸੀ, ਉਹਨਾਂ ਨੇ ਆਪਣੇ ਹੈਂਡ-ਟਾਵਲ ਨਾਲ ਆਪਣੇ ਮੂੰਹ ਨੂੰ ਪੂੰਝਿਆ ਤੇ ਗੱਲ ਨੂੰ ਰਫਾ-ਦਫਾ ਕਰਦੇ ਹੋਏ ਨੋਟ-ਪੈਡ 'ਤੇ ਹੀ ਲਿਖ ਕੇ ਸਪਸ਼ਟੀਕਰਨ ਮੰਗਿਆ ਕਿ ਮੈਂ ਕਹਾਣੀ ਵਿੱਚ ਆਪਣੇ ਸਾਮਾਜ ਵਿੱਚ ਇਹਨਾਂ ਦਿਨਾਂ ਵਿੱਚ ਉਭਰਦੀ ਫਾਸਿਸਟ ਤਾਕਤਾਂ ਦਾ ਜ਼ਿਕਰ ਕੀਤਾ ਹੈ, ਕੀ ਉਹ ਕੋਈ ਸੱਚਾਈ ਹੈ? ਕੀ ਉਸ ਕਾਰਨ ਮੈਂ ਫਿਕਰਮੰਦ ਹਾਂ? ਮੈਂ ਕਿਹਾ ਕਿ ਇਕ ਲੇਖਕ ਨੂੰ ਅੰਦਰੋਂ ਜੋ ਮਹਿਸੂਸ ਹੁੰਦਾ ਹੈ ਜ਼ਰੂਰੀ ਨਹੀਂ ਕਿ ਉਹ ਆਖਰੀ ਸੱਚ ਹੋਵੇ, ਜੋ ਥੋੜਾ ਬਹੁਤ ਹੁੰਦਾ ਵੀ ਹੋਵੇ ਪਰ ਲੇਖਕ ਨੂੰ ਆਮ ਤੌਰ 'ਤੇ ਆਜ਼ਾਦੀ ਹੁੰਦੀ ਹੈ, ਜਾਂ ਹੋਣੀ ਚਾਹੀਦੀ ਹੈ ਕਿ ਯਥਾਰਥ ਦੇ ਜਿਹਨਾਂ ਟੁਕੜਿਆਂ ਨੂੰ ਉਹ ਜਿਸ ਨਜ਼ਰੀਏ ਨਾਲ ਦੇਖ ਜਾਂ ਮਹਿਸੂਸ ਕਰ ਰਿਹਾ ਹੁੰਦਾ ਹੈ, ਉਹਦੇ ਨਾਲ ਉਸ ਦੇ ਸਰੋਕਾਰ ਜੁੜੇ ਹੋਣ..।

ਮੈਂ ਸੋਚਿਆ ਸੀ ਕਿ ਸ਼ਾਇਦ ਉਹ ਮੇਰੀ ਗੱਲ ਸਮਝ ਜਾਣਗੇ ਜਾਂ ਉਹਦੇ ਨਾਲ ਉਹਨਾਂ ਦੀ ਤਸੱਲੀ ਹੋ ਜਾਵੇਗੀ ਪਰ ਮੈਨੂੰ ਲੱਗਿਆ ਕਿ ਇਵੇਂ ਨਹੀਂ ਹੋਇਆ। ਮੈਂ ਗੱਲ ਬਦਲ ਲਈ।

ਵੈਸੇ ਗੱਲ ਵੀ ਏਦਾਂ ਦੀ ਸੀ ਕਿ ਸ਼ਾਇਦ ਮੈਨੂੰ ਪਹਿਲੇ ਦਿਨ ਹੀ ਕਰ ਲੈਣੀ ਚਾਹੀਦੀ ਸੀ: ਉਹਨਾਂ ਦੇ ਗੂੰਗੇ ਹੋ ਜਾਣ ਦਾ ਕਾਰਣ, ਜਾਣੀ ਕਿ ਇਹ ਹਾਦਸਾ ਕਦੋਂ ਹੋਇਆ ਤੇ ਕਿਵੇਂ ਹੋਇਆ ਕਿ ਭਾਸ਼ਾ ਨਾਲ ਏਨਾ ਵਧੀਆ ਵਾਸਤਾ ਰੱਖਣ ਦੇ ਬਾਵਜੂਦ ਉਹ ਉਸ ਭਾਸ਼ਾ ਦੇ ਸ਼ਬਦਾਂ ਨੂੰ ਬੋਲ ਕਿਉਂ ਨਹੀਂ ਸਨ ਸਕਦੇ?

ਜਵਾਬ ਵਿੱਚ ਇਸ ਵਾਰ ਉਹਨਾਂ ਨੇ ਲਿਖਿਆ ਨਹੀਂ ਸਿਰਫ ਆਪਣੇ ਹੱਥ ਨੂੰ ਗੋਲ ਜਿਹਾ ਘੁੰਮਾ ਕੇ ਇਸ਼ਾਰਾ ਕੀਤਾ, ਜਿਸ ਦਾ ਮਤਲਬ ਸੀ ਕਿ ਅਗਲੀ ਵਾਰ।

ਮੈਨੂੰ ਚੰਗਾ ਲੱਗਾ ਕਿ ਇਸ ਉਮਰ ਵਿੱਚ ( ਭਾਵ ਕਿ ਸੱਤਰ ਸਾਲ ਤੋਂ ਉਪਰ ਤਾਂ ਹੋਣਗੇ ਹੀ) ਵੀ ਉਹਨਾਂ ਨੂੰ ਦੁਨੀਆਂਦਾਰੀ ਦੇ ਤੇ ਦੂਜਿਆਂ ਦੀਆਂ ਗਤੀਵਿਧੀਆਂ ਬਾਰੇ ਜਾਨਣ ਦੀ ਜਗਿਆਸਾ ਸੀ। ਅਗਲੀ ਵਾਰ ਜਦ ਸਾਡੀ ਮੁਲਾਕਾਤ ਹੋਈ ਤਾਂ ਉਸ ਨੀਲੀ ਡਾਇਰੀ ਵਿੱਚ ਆਪਣੇ ਜੀਵਨ ਬਾਰੇ ਜਾਣਕਾਰੀ ਲਿਖੀ ਹੋਈ ਸੀ। ਉਹਨਾਂ ਦਾ ਜਨਮ ਉਣੱਤੀ ਅਪ੍ਰੈਲ ਸੰਨ ਚੁਤਾਲੀ ਨੂੰ ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲੇ ਦੇ ਇਕ ਪਿੰਡ ਵਿੱਚ ਹੋਇਆ। ਉਹ ਆਪਣੇ

ਘਰ ਵਿੱਚ ਸਭ ਤੋਂ ਵੱਡੇ ਸਨ। ਉਹਨਾਂ ਦੀਆਂ ਦੋ ਛੋਟੀਆਂ ਭੈਣਾਂ ਸਨ ਜੋ ਹਿਮਾਚਲ ਪ੍ਰਦੇਸ਼ ਵਿੱਚ ਹੀ ਰਹਿੰਦੀਆਂ ਸਨ। ਸੰਨ ਛਿਆਹਠ ਤੋਂ ਲੈ ਕੇ ਚੌਰਨਵੇਂ ਤੱਕ ਉਹਨਾਂ ਨੇ ਭਾਰਤੀ ਸੈਨਾ ਲਈ ਆਪਣੀਆਂ ਸੇਵਾਵਾਂ ਦਿੱਤੀਆਂ। ਉਹ ਛੋਟੇ ਜਿਹੇ ਇਲੈਕਟਰਿਕ ਵਿਭਾਗ ਵਿੱਚ ਸਨ। ਨਾਗਾਲੈਂਡ, ਜੰਮੂ-ਕਸ਼ਮੀਰ, ਅਸਾਮ, ਉੜੀਸਾ ਤੇ ਦਿੱਲੀ ਤੱਕ ਉਹਨਾਂ ਦੀ ਤੈਅਨਾਤੀ ਰਹੀ। ਸੰਨ ਦੋ ਹਜ਼ਾਰ ਦਸ ਵਿੱਚ ਉਹਨਾਂ ਦੀ ਪਤਨੀ ਗੁਜ਼ਰ ਗਈ। ਹਾਰਟ ਅਟੈਕ ਨਾਲ। ਉਹਨਾਂ ਦੇ ਦੋ ਬੱਚੇ, ਇਕ ਵਿਵੇਕ ਜਾਣੀ ਕਿ ਜਿਸ ਨਾਲ ਉਹ ਮੇਰੇ ਗਵਾਂਢੀ ਦੇ ਤੌਰ 'ਤੇ ਰਹਿੰਦੇ ਹਨ, ਤੇ ਇਕ ਵਿਵੇਕ ਦੀ ਛੋਟੀ ਭੈਣ, ਰੇਵਤੀ ਜੋ ਸੋਲਨ ਵਿੱਚ ਰਹਿੰਦੀ ਹੈ.., ਜਿਸ ਨੂੰ ਮਿਲੇ ਇਕ ਅਰਸਾ ਹੋ ਗਿਆ। ਉਹਨਾਂ ਦੀ ਜ਼ੁਬਾਨ ਗੁਆਚਣ ਦਾ ਕਾਰਨ ਇਕ ਮੋਟਰ ਹਾਦਸਾ ਸੀ ਜਿਸ ਵਿੱਚ ਉਹਨਾਂ ਦੇ ਸਿਰ ਵਿੱਚ ਸੱਟ ਲੱਗ ਗਈ ਸੀ। ਡਾਕਟਰੀ ਭਾਸ਼ਾ ਵਿੱਚ ਇਹਨੂੰ ਅਫੇਸੀਆ ਕਿਹਾ ਜਾਂਦਾ ਹੈ। ਅਫੇਸੀਆ ਜਾਣੀ ਕਿ ਜਦ ਤੁਸੀਂ ਭਾਸ਼ਾ ਨੂੰ ਸੋਚ ਸਕਦੇ ਹੋ, ਲਿਖ ਕੇ ਆਪਣਾ ਆਪ ਦੱਸ ਸਕਦੇ ਹੋ ਪਰ ਬੋਲ ਕੇ ਇਜ਼ਹਾਰ ਨਹੀਂ ਕਰ ਸਕਦੇ, ਮੋਟੇ ਤੌਰ 'ਤੇ ਏਨਾ ਹੀ ਦਿਮਾਗ ਵਿੱਚ ਬਣਦੇ—ਜੁੜਦੇ ਸ਼ਬਦਾਂ ਨੂੰ ਜ਼ੁਬਾਨ ਤੱਕ ਪੁੱਜਦੇ ਕਰਨ ਵਾਲੀ ਪ੍ਰਕਿਰਿਆ ਨੂੰ ਲਕਵਾ ਹੋ ਗਿਆ ਹੈ। ਅਫੇਸੀਆ ਦੀਆਂ ਵੀ ਕਈ ਕਿਸਮਾਂ ਹੁੰਦੀਆਂ ਹਨ ਪਰ ਉਹਨਾਂ ਨੂੰ ਆਮ ਕਿਸਮ ਦਾ ਅਫੇਸੀਆ ਹੈ। ਦਿੱਲੀ ਸਮੇਤ ਕਈ ਵੱਡੇ ਹਸਪਤਾਲਾਂ ਵਿੱਚ ਉਹਨਾਂ ਨੇ ਇਲਾਜ ਕਰਵਾਇਆ ਪਰ ਕੋਈ ਫਰਕ ਨਹੀਂ ਪਿਆ।

ਖੈਰ ਹੁਣ ਤਾਂ ਮੈਨੂੰ ਉਹਨਾਂ ਦੀ ਆਦਤ ਪੈ ਗਈ ਹੈ।

ਮੈਂ ਜਦ ਥੋੜੀ ਜਿਹੀ ਅਸਹਿਮਤੀ ਦਿਖਾਉਂਦੇ ਕਿਹਾ ਕਿ ਕੀ ਕਿਸੇ ਨੂੰ ਨਾ ਬੋਲਣ ਦੀ ਆਦਤ ਵੀ ਪੈ ਸਕਦੀ ਹੈ ਤਾਂ ਨਾ ਜਾਣੇ ਕਿਉਂ ਉਹ ਇਕਦਮ ਗੁਮਸੁਮ ਹੋ ਗਏ ਪਰ ਫਿਰ ਛੇਤੀ ਹੀ ਉਹਨਾਂ ਦੇ ਡਾਇਰੀ ਦਾ ਇਕ ਸਫਾ ਖੋਲ੍ਹ ਕੇ ਮੇਰੇ ਮੂਹਰੇ ਰੱਖ ਦਿੱਤਾ ਜਿਥੇ ਉਹਨਾਂ ਨੇ ਇਕ ਸਾਦਾ ਜਿਹਾ ਸਵਾਲ ਲਿਖਿਆ ਹੋਇਆ ਸੀ, "ਕੀ ਤੁਸੀਂ ਹਿਟਲਰ ਨੂੰ ਜਾਣਦੇ ਹੋ ?"

ਮੈਂ ਜ਼ਰਾ ਕੁ ਹੈਰਾਨ ਹੋਇਆ। ਸਵਾਲ ਜ਼ਰਾ ਅਜੀਬ ਵੀ ਲੱਗਾ। ਮੇਰੀ ਉਸ ਕਹਾਣੀ ਵਿੱਚ ਆਪਣੇ ਸਮਾਜ ਵਿੱਚ ਉਭਰਦੀ ਫਾਸਿਸਟ ਮਾਨਸਿਕਤਾ ਵੱਲ ਇਸ਼ਾਰਾ ਤਾਂ ਢੁਕਵਾਂ ਸੀ ਪਰ ਇਵੇਂ ਵੀ ਨਹੀਂ ਕਿ ਸਭ ਕੁਝ ਲੁੱਟ-ਪੁੱਟ ਹੋ ਜਾਣ ਦਾ ਰੋਣਾ ਹੋਵੇ।

ਹਿਟਲਰ ਮੇਰੇ ਲਈ ਕਦੇ ਬਹੁਤਾ ਦਿਲਚਸਪ ਜਾਂ ਮਹੱਤਵਪੂਰਨ ਕਿਰਦਾਰ ਨਹੀਂ ਰਿਹਾ ਪਰ ਉਸ 'ਮੌਂਸਟਰ ਵਿਦ ਨੋ ਬੈਡ ਹੈਬਿਟਸ' ਦੇ ਬਾਰੇ ਕੁਝ ਬੁਨਿਆਦੀ ਗੱਲਾਂ ਤੋਂ ਮੈਂ ਵਾਕਿਫ ਸਾਂ। ਪੇਂਗਿੰਟ ਦੀ ਦੁਨੀਆਂ ਵਿੱਚ ਨਾਕਾਮਯਾਬ ਹੋ ਕੇ ਔਸਤ ਜਿਹਾ ਨੌਜਵਾਨ ਕਿਵੇਂ ਇਕ ਖੂੰਖਾਰ ਤਾਨਾਸ਼ਾਹ ਬਣਿਆਂ.., ਕਿ ਕਿਵੇਂ ਪਹਿਲੇ ਵਿਸ਼ਵ ਯੁੱਧ ਵਿੱਚ ਜਰਮਨੀ ਦੀ ਹਾਰ ਦਾ ਫਾਇਦਾ ਉਠਾ ਕੇ ਉਸ ਨੇ ਆਪਣੇ ਲੋਕਾਂ ਦੇ ਵਿੱਚ ਹਮਦਰਦੀ ਹਾਸਿਲ ਕਰਕੇ, ਦੇਸ਼-ਭਗਤੀ ਦੀਆਂ ਭਾਵਨਾਵਾਂ ਨੂੰ ਉਕਸਾਉਣ ਦੀ ਆੜ ਵਿੱਚ ਕਿਵੇਂ ਉਹਨਾਂ ਨੂੰ ਬਰਗਲਾਉਣ ਦੀ ਮੁਹਿੰਮ ਚਲਾਈ। ਇਕ-ਇਕ ਕਰਕੇ ਯੂਰਪ ਦੇ ਲਗਭਗ ਸਾਰੇ ਦੇਸ਼ ਆਪਣੇ ਕਬਜ਼ੇ ਵਿੱਚ ਕਰਦੇ ਹੋਏ ਕਰੋੜਾਂ ਲੋਕਾਂ ਤੇ ਕਰੀਬ ਸੱਠ ਲੱਖ ਯਹੂਦੀਆਂ ਨੂੰ ਮਾਰ ਮੁਕਾਇਆ ਤੇ ਅਖੀਰ ਪੂਰੀ ਦੁਨੀਆ ਨੂੰ ਤਬਾਹ ਕਰਦੇ ਹੋਏ ਆਤਮਹਤਿਆ ਕਰ ਲਈ..।

ਮੈਂ ਗੱਲ ਦੇ ਨਿਚੋੜ ਵਿੱਚ ਅਜਿਹਾ ਹੀ ਕੁਝ ਕਿਹਾ ਸੀ।

"ਮੇਰੇ ਕੋਲ ਹਿਟਲਰ ਨਾਲ ਜੁੜੀਆਂ ਦੂਜੇ ਵਿਸ਼ਵ ਯੁੱਧ ਦੀਆਂ ਤੇ ਇਹਦੇ ਬਿਨਾਂ ਹੋਰ ਵੀ ਬਹੁਤ ਸਾਰੀਆਂ ਕਹਾਣੀਆਂ ਨੇ। ਕੀ ਤੁਸੀਂ ਸੁਣਨਾ, ਮੁਆਫ ਕਰਨਾ ਪੜ੍ਹਨਾ-ਜਾਨਣਾ ਪਸੰਦ



ਕਰੋਂਗੇ' ?" ਉਹਨਾਂ ਨੇ ਨੋਟਪੈਡ 'ਤੇ ਲਿਖਿਆ ਤੇ ਮੇਰੇ ਵੱਲ ਦੇਖਣ ਲੱਗੇ।

"ਖੁਸ਼ੀ ਨਾਲ, ਤੁਸੀਂ ਜੋ ਵੀ ਸੁਣਾਓ, ਮੈਨੂੰ ਚੰਗਾ ਲੱਗੇਗਾ।"

ਉਸ ਦਿਨ ਉਹਨਾਂ ਨੇ ਚਾਹ ਨਹੀਂ ਪੀਤੀ ਤੇ ਕਿਹਾ ਕਿ ਅੱਗੇ ਤੋਂ ਮੈਂ ਉਹਨਾਂ ਨੂੰ ਚਾਹ ਦੀ ਦਾਅਵਤ ਨਾ ਦਿਆ ਕਰਾਂ ਕਿਉਂਕਿ ਇਸ ਉਮਰ ਵਿੱਚ ਉਹਨਾਂ ਦੀ ਸਰੀਰਕ ਬਣਤਰ ਵਿੱਚ ਚਾਹ ਕੁਝ ਤਕਲੀਫ ਦੇਣ ਲੱਗਦੀ ਹੈ।

ਮੈਂ ਚੁਸਕੀ ਲੈਂਦਿਆਂ ਕਿਹਾ ਕਿ ਇਕ ਰੁਮਾਂਟਿਕ ਪੋਇਟ ਨੂੰ ਤਾਂ ਚਾਹ-ਕਾਫੀ ਪੀਂਦੇ ਰਹਿਣਾ ਚਾਹੀਦਾ ਹੈ ਤਾਂ ਉਹਨਾਂ ਨੇ ਲਿਖ ਕੇ ਟੋਕਿਆ ਕਿ ਹੁਣ ਨਾ ਉਹ ਰੁਮਾਂਟਿਕ ਹਨ ਤੇ ਨਾ ਪੋਇਟ।

ਮੈਂ ਕੁਝ ਡਰ ਗਿਆ। ਇਸ ਲਈ ਉਸ ਬਾਰੇ ਹੋਰ ਗੱਲ ਨਹੀਂ ਕਰਨੀ ਚਾਹੁੰਦਾ ਸਾਂ। ਉਹ ਉਠੇ ਤੇ ਖੜੇ ਹੁੰਦੇ ਹੱਥ ਹਿਲਾ ਕੇ ਅ-ਓ-ਊਂ ਦੇ ਜ਼ਰੀਏ ਮੈਨੂੰ ਗੁੱਡ ਨਾਈਟ ਕਹਿੰਦੇ ਚਲੇ ਗਏ।

ਸਾਰਾ ਸਿਲਸਿਲਾ ਅਗਲੇ ਦਿਨ ਸ਼ੁਰੂ ਹੋ ਗਿਆ।

ਉਹਨਾਂ ਨੂੰ ਜਿਵੇਂ ਇਕ ਮਕਸਦ ਮਿਲ ਗਿਆ ਸੀਃ ਮੈਨੂੰ ਹਿਟਲਰ ਦੀ ਦੁਨੀਆ ਦੇ ਬਾਰੇ ਦੱਸਣ ਤੇ ਸਮਝਾਉਣ ਦਾ। ਉਹ ਨੀਲੇ ਰੰਗ ਦੀ ਡਾਇਰੀ ਲਗਭਗ ਪੂਰੀ ਖਾਲੀ ਸੀ, ਹੌਲੀ-ਹੌਲੀ ਨੀਲੀ ਲਿਖਾਵਟ ਨਾਲ ਭਰਨ ਲੱਗੀ। ਮੇਰੇ ਮੂਹਰੇ ਉਸ ਲਿਖਾਵਟ ਦੇ ਕੁਝ ਬੇਤਰਤੀਬ ਕਹਾਣੀ-ਕਿੱਸੇ ਆਈ ਜਾ ਰਹੇ ਹਨ।

..ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਜਰਮਨੀ ਨੂੰ ਮਿਲੀ ਕਰਾਰੀ ਹਾਰ ਤੋਂ ਮਗਰੋਂ ਹਿਟਲਰ ਕਰਾਂਤੀ ਕਰਨ ਚੱਲਿਆ ਸੀ। ਕਰਾਂਤੀ ਤਾਂ ਉਸ ਦਾ ਬਹਾਨਾ ਸੀ। ਪਹਿਲਾ ਵਿਸ਼ਵ ਯੁੱਧ ਉਸ ਲਈ ਰੋਜ਼ਗਾਰ ਦਾ ਮੌਕਾ ਦੇ ਗਿਆ ਸੀ ਨਹੀਂ ਤਾਂ ਉਨੀ ਸੌ ਚੌਦਾਂ ਤੋਂ ਪਹਿਲੇ ਪੰਜ-ਸੱਤ ਸਾਲ ਉਹ ਵਿਆਨਾ ਦੀਆਂ ਗਲੀਆਂ-ਕੂਚਿਆਂ ਵਿੱਚ ਭਿਖਾਰੀਆਂ ਜਿਹਾ ਜੀਵਨ ਜੀ ਰਿਹਾ ਸੀ। ਪਰ ਇਹ ਤਾਂ ਮੰਨਣਾ ਪਵੇਗਾ ਕਿ ਉਹ ਫਿਰ ਵੀ ਜ਼ਿਦ 'ਤੇ ਅੜਿਆ ਰਿਹਾ ਤੇ ਪੇਟ ਪਾਲਣ ਲਈ ਕੋਈ ਨੌਕਰੀ ਨਹੀਂ ਕੀਤੀ। ਪਹਿਲੇ ਵਿਸ਼ਵ ਯੁੱਧ ਵਿੱਚ ਜਰਮਨੀ ਦੀ ਹਾਰ ਜਿਵੇਂ ਉਸ ਲਈ ਇਕ ਮੌਕਾ ਸੀ। ਆਪਣੇ ਸੰਘਰਸ਼ ਸਮੇਂ ਉਸ ਨੇ ਇਤਿਹਾਸ ਦੀਆਂ ਕਿਤਾਬਾਂ ਪੜ੍ਹੀਆਂ ਸਨ। ਉਹ ਮੰਨਦਾ ਸੀ ਕਿ ਹਰ ਕਰਾਂਤੀ ਕਿਸੇ ਨਾ ਕਿਸੇ ਵਰਗ ਜਾਂ ਜਾਤੀ ਦੀ ਬਲੀ ਲੈਂਦੀ ਹੈ। ਜਿਵੇਂ ਫਰਾਂਸ ਦੀ ਕਰਾਂਤੀ ਵਿੱਚ ਕੁਲੀਨ ਵਰਗ ਤੇ ਰੂਸੀ ਕਰਾਂਤੀ ਵਿੱਚ ਬੁਰਜਵਾ ਵਰਗ ਬਲੀ ਚੜ੍ਹਿਆ। ਹਿਟਲਰ ਨੂੰ ਲੱਗਿਆ ਕਿ ਉਸ ਦੀ ਕਰਾਂਤੀ ਵਿੱਚ ਯਹੂਦੀਆਂ ਨੂੰ ਬਲੀ ਚੜ੍ਹਨਾ ਚਾਹੀਦਾ ਹੈ ਕਿਉਂਕਿ ਉਹਨਾਂ ਨੇ ਸਮਾਜ ਨੂੰ ਦੂਸ਼ਿਤ ਕੀਤਾ ਹੋਇਆ ਹੈ। ਇਸ ਸੋਚ ਦੀ ਇਕ ਨਿੱਜੀ ਵਜਾਹ ਵੀ ਸੀ। ਪਹਿਲੇ ਵਿਸ਼ਵ ਯੁੱਧ ਵਿੱਚ ਆਪਣੀ ਸੈਨਿਕ ਸੇਵਾ ਦੌਰਾਨ ਉਸ ਨੂੰ ਰੂਸੀ ਸਰਹੱਦ 'ਤੇ ਲੜਨਾ ਪਿਆ ਸੀ। ਉਥੇ ਉਸ ਦੇ ਸੱਟ ਲੱਗ ਗਈ ਤੇ ਇਲਾਜ ਲਈ ਉਸ ਨੂੰ ਬਰਲਿਨ ਭੇਜ ਦਿੱਤਾ ਗਿਆ। ਬਰਲਿਨ ਵਿੱਚ ਦੋ-ਚਾਰ ਦਿਨ ਦੇ ਇਲਾਜ ਤੋਂ ਬਾਅਦ ਉਹ ਹਸਪਤਾਲ ਵਿੱਚੋਂ ਨਿਕਲਿਆ ਤਾਂ ਇਕ ਡਾਂਸ ਬਾਰ ਦੇਖੀ। ਹੈਰਾਨੀ ਜਿਹੀ ਨਾਲ ਬਾਰ ਦੇ ਬਾਹਰ ਖੜ ਆਉਂਦੇ ਜਾਂਦੇ ਲੋਕਾਂ ਨੂੰ ਦੇਖਣ ਲੱਗਾ। ਆਪਣੀ ਚਾਲ ਢਾਲ ਤੇ ਪਹਿਰਾਵੇ ਤੋਂ ਉਹ ਸਾਰੇ ਯਹੂਦੀ ਜਾਪਦੇ ਸਨ। ਤੇ ਇਹ ਸਭ ਉਸ ਨੇ ਪਹਿਲੀ ਵਾਰ ਨਹੀਂ ਸੀ ਦੇਖਿਆ। ਵਿਆਨਾ ਦੇ ਜਿਸ ਸਕੂਲ ਵਿੱਚ ਉਹ ਆਰਟ ਦਾ ਵਿਦਿਆਰਥੀ ਬਣੇ ਕੇ ਆਇਆ ਸੀ ਉਥੇ ਜ਼ਿਆਦਾਤਰ ਅਧਿਆਪਕ ਯਹੂਦੀ ਸਨ। ਸੱਚ-ਝੂਠ ਰੱਬ ਜਾਣੇ ਪਰ ਕਹਿੰਦੇ ਹਨ ਕਿ ਉਸ ਦਾ ਪਿਤਾ ਕਿਸੇ ਯਹੂਦੀ ਦੀ ਨਜਾਇਜ਼ ਔਲਾਦ ਸੀ। ਵਿਆਨਾ ਸ਼ਹਿਰ

ਵਿੱਚ ਬੈਂਕਿੰਗ-ਕਾਰੋਬਾਰੀ, ਡਾਕਟਰ, ਵਕੀਲ ਤੇ ਹੋਰ ਪੜ੍ਹਨ-ਪੜ੍ਹਾਉਣ ਵਾਲੇ ਯਹੂਦੀ ਸਨ। ਸ਼ੁਰੂ ਵਿੱਚ ਉਸ ਦਾ ਮਕਸਦ ਯਹੂਦੀਆ ਦਾ ਸਫਾਇਆ ਕਰਨਾ ਨਹੀਂ ਸੀ ਕਿਉਂਕਿ ਉਹ ਏਨੀ ਗਿਣਤੀ ਵਿੱਚ ਸਨ ਕਿ ਇਹ ਸੋਚਣਾ ਵੀ ਅਸੰਭਵ ਸੀ। ਪਰ ਜਿਹੜੀ ਗੱਲ ਉਸ ਦੇ ਅੰਦਰ ਇਕ ਗ੍ਰੰਥੀ ਵਾਂਗ ਬਣੀ ਹੋਈ ਸੀ ਉਹ ਸੀ: ਯਹੂਦੀਆਂ ਪ੍ਰਤੀ ਨਫਰਤ। ਇਸ ਨਫਰਤ ਨੂੰ ਉਸ ਦੇ ਸੰਗੀ-ਸਾਥੀ ਜਿਵੇਂ ਹਿਮਲਰ, ਹੈਂਡ੍ਰਿਕ, ਗੋਰਿੰਗ ਤੇ ਸਭ ਤੋਂ ਵੱਧ ਗੋਇਬਲਸ ਵਰਗਿਆਂ ਨੇ ਖੂਬ ਹਵਾ ਦਿੱਤੀ। ਯਹੂਦੀਆਂ ਨੂੰ ਗੱਲ-ਗੱਲ 'ਤੇ ਤੰਗ ਕਰਨਾ, ਯਾਤਨਾ ਕੈਂਪਾਂ ਵਿੱਚ ਫੜ-ਫੜ ਕੇ ਸੁੱਟਣਾ ਤੇ ਫਿਰ ਬੇਰਹਿਮੀ ਨਾਲ ਮਾਰ ਦੇਣਾ, ਇਹ ਸਭ ਹਿਟਲਰ ਦੇ ਜਰਮਨੀ ਦੀ ਕੁਰਸੀ ਸੰਭਾਲਦੇ ਹੀ ਸ਼ੁਰੂ ਹੋ ਗਿਆ ਸੀ। ਜੋ ਯਹੂਦੀ ਸਿਹਤਵੰਦ ਹੁੰਦੇ ਉਹਨਾਂ ਤੋਂ ਨਿਚੋੜਨ ਲਈ ਫੈਕਟਰੀਆਂ ਵਿੱਚ ਕੰਮ ਕਰਵਾਇਆ ਜਾਂਦਾ ਤੇ ਜੋ ਜ਼ਰਾ ਬੁੱਢੇ ਹੋ ਗਏ ਸਨ ਉਹਨਾਂ ਨੂੰ ਕੀੜੇ-ਮਕੌੜੇ ਸਮਝ ਕੇ ਤਸੀਹਾ ਕੇਂਦਰਾਂ ਵਿੱਚ ਪਾ ਦਿੱਤਾ ਜਾਂਦਾ। ਸ਼ੁਰੂ ਵਿੱਚ ਤਾਂ ਉਹਨਾਂ ਨੂੰ ਸਿੱਧੇ ਗਲ਼ਾ ਘੁੱਟ ਕੇ ਜਾਂ ਤੋਪਾਂ-ਬੰਦੂਕਾਂ ਨਾਲ ਮਾਰਿਆ ਜਾਂਦਾ ਪਰ ਜਦ ਉਹਨਾਂ ਦੀ ਗਿਣਤੀ ਏਨੀ ਜ਼ਿਆਦਾ ਸੀ ਕਿ ਤਰੀਕੇ ਨਾਕਾਫੀ ਸਿੱਧ ਹੋ ਰਹੇ ਸਨ, ਇਸੇ ਕਰਕੇ ਉਹਨਾਂ ਨੂੰ ਗੈਸ ਸੁੰਘਾ ਕੇ (ਜੋ ਸ਼ੁਰੂ ਵਿੱਚ ਕਾਰਬਨ ਮੋਨੋਕਸਾਈਡ ਸੀ ਤੇ ਬਾਅਦ ਵਿੱਚ ਸਾਈਕਲੋਨ ਬੀ) ਮਾਰ ਦਿੱਤਾ ਜਾਂਦਾ। ਬਿਲਕੁਲ ਉਵੇਂ ਹੀ ਜਿਵੇਂ ਅਸੀਂ-ਤੁਸੀਂ ਘਰਾਂ ਵਿੱਚ ਕਾਕਰੋਚ ਮਾਰਨ ਲਈ ਅੱਜਕੱਲ 'ਹਿੱਟ' ਜਾਂ ਕੋਈ ਦੂਜਾ ਸਪਰੇ ਇਸਤੇਮਾਲ ਕਰਦੇ ਹਾਂ..।

..ਤੁਹਾਨੂੰ ਇਕ ਗੱਲ ਦੱਸਾਂ ਕਿ ਉਹਨਾਂ ਤਸੀਹਾ-ਕੇਂਦਰਾਂ ਵਿੱਚ ਇਕ ਤੋਂ ਇਕ ਵੱਧ ਜ਼ਾਲਮ ਤਾਇਨਾਤ ਸਨ ਕਿ ਰੇਲਗੱਡੀਆਂ ਭਰ-ਭਰ ਕੇ ਲਿਆਂਦੇ ਜਾ ਰਹੇ ਯਹੂਦੀਆਂ ਨੂੰ ਬਿਨਾਂ ਭੇਦ-ਭਾਵ ਦੇ ਖਤਮ ਕੀਤਾ ਜਾ ਸਕੇ। ਪਰ ਜਲਾਦ ਸਾਰੇ ਇਕੋ ਜਿਹੇ ਨਹੀਂ ਹੁੰਦੇ। ਜਾਂ ਹੋ ਸਕਦਾ ਹੈ, ਬੇਕਸੂਰ-ਮਾਸੂਮਾਂ ਨੂੰ ਦੇਖ ਕੇ ਉਹਨਾਂ ਵਿੱਚੋਂ ਕੁਝ ਦਾ ਦਿਲ ਪਸੀਜ ਜਾਂਦਾ ਹੋਵੇ। ਕਿਉਂਕਿ ਉਹਨਾਂ ਵਿੱਚੋਂ ਕਈ ਇਸ ਕੋਸ਼ਿਸ਼ ਵਿੱਚ ਰਹਿੰਦੇ ਕਿ ਜਰਮਨੀ ਵਲੋਂ ਕਿਸੇ ਹੋਰ ਕਿਤੇ ਹੋਰ ਸੇਵਾ ਨਿਭਾ ਸਕਣ ਬਜਾਏ ਇਹਨਾਂ ਤਸੀਹਾ-ਕੇਂਦਰਾਂ ਵਿੱਚ ਦਿਨ-ਰਾਤ ਮਨੁੱਖੀ ਘਾਣ ਕਰਨ ਦੇ। ਇਕ ਕਿੱਸਾ ਇਵੇਂ ਹੋਇਆ ਕਿ ਹਿਮਲਰ ਜੋ ਇਸ ਸਾਰੇ ਤੰਤਰ ਦਾ ਖਲੀਫਾ ਸੀ ਜਦ ਉਸ ਤੀਕ ਇਹ ਗੱਲ ਪੁੱਜੀ ਤਾਂ ਉਹਨੇ ਉਹਨਾਂ 'ਮਾਸੂਮ-ਜਲਾਦਾਂ' ਨੂੰ ਉਹਨਾਂ ਦੇ ਮਹਾਨ ਮਕਸਦਾਂ ਦੀ ਪੂਰਤੀ ਲਈ ਉਹਨਾਂ ਦੇ ਫਰਜ਼ਾਂ ਬਾਰੇ ਚੇਤੇ ਕਰਾਉਂਦਿਆਂ ਸਮਝਾਇਆ ਕਿ ਮੋਰਚੇ 'ਤੇ ਲੜਨਾ ਸੌਖਾ ਹੈ, ਕੋਈ ਵੀ ਦੁਸ਼ਮਣ ਨੂੰ ਮਾਰ ਸਕਦਾ ਹੈ, ਗੋਲੀ ਚਲਾ ਸਕਦਾ ਹੈ ਪਰ ਬਿਮਾਰੀ ਦੇ ਵਿੱਚਕਾਰ ਰਹਿ ਕੇ ਬਿਮਾਰੀ ਨੂੰ ਦੂਰ ਕਰਨਾ ਮੁਸ਼ਕਲ ਹੁੰਦਾ ਹੈ, ਜਰਮਨ ਰਾਸ਼ਟਰ ਦਾ ਖਿਆਲ ਰਕੋ ਜੋ ਕੁਰਬਾਨੀ ਮੰਗ ਰਿਹਾ ਹੈ, ਇਹ ਇਤਿਹਾਸ ਦੀ ਪੁਕਾਰ ਹੈ, ਇਹੋ ਜਿਹਾ ਮੌਕਾ ਬਾਰ-ਬਾਰ ਕਿਸੇ ਨੂੰ ਨਹੀਂ ਮਿਲਦਾ, ਕੀ ਤੁਹਾਨੂੰ ਫਿਊਰਰ ਵਿੱਚ ਭਰੋਸਾ ਨਹੀਂ ਹੈ, ਉਹ ਪੂਰੀ ਕੌਮ ਤੇ ਤੁਹਾਡੇ ਬਾਰੇ ਕਿੰਨਾ ਸੋਚਦੇ ਹਨ, ਆਪਣੀ ਕੌਮ ਲਈ ਲੋਕ ਕੀ ਕੁਝ ਨਹੀਂ ਕਰ ਜਾਂਦੇ, ਤੁਹਾਡੀ ਕੌਮ ਨੇ ਪਿਛਲੇ ਦਿਨੀ ਮੂੰਹ ਦੀ ਖਾਧੀ ਹੈ, ਕਿੰਨੀ ਬੇਇਜ਼ਤੀ ਸਹੀ ਹੈ, ਕੀ ਤੁਸੀਂ ਭੁੱਲ ਗਏ ਹੋ ?...

ਏਨਾ ਸੁਣਦੇ ਹੀ ਇਹ ਲੋਕ ਆਪਣੀ ਕੌਮ ਪ੍ਰਤੀ ਜਜ਼ਬੇ ਤੇ ਜਿੰਮੇਵਾਰੀ ਨਾਲ ਭਰੇ ਗਏ ਤੇ ਤਸੀਹਾ ਕੇਂਦਰਾਂ ਦੇ ਇਹਨਾਂ ਖਲੀਫਿਆਂ ਨੇ ਆਪਣੇ ਪਵਿੱਤਰ ਉਦੇਸ਼ ਦੀ ਪੂਰਤੀ ਵਿੱਚ ਜੀ-ਜਾਨ ਨਾਲ ਜੁੱਟ ਗਏ। ਕਈ ਵਾਰ ਤਾਂ ਉਹ ਆਪਣੇ ਟਾਰਗੈੱਟ ਤੋਂ ਵੀ ਅਗਾਂਹ ਨਿਕਲ ਜਾਂਦੇ। ਉਸ ਜ਼ਿੰਦਗੀ ਦੀਆਂ ਕਹਾਣੀਆਂ ਇਕਹੀਆਂ ਨਹੀਂ ਹਨ। ਉਹਨਾਂ ਤਸੀਹਾ ਕੇਂਦਰਾਂ ਦੇ



ਕਿੰਨੇ ਅਧਿਕਾਰੀ ਸਨ ਕਿ ਆਪਣੇ ਦਿਨ ਭਰ 'ਪਵਿਤਰ ਮਕਸਦ' ਵਿੱਚ ਸੇਵਾ ਕਰਦੇ ਰਹਿੰਦੇ ਤੇ ਸ਼ਾਮ ਨੂੰ ਬਾਖ ਜਾਂ ਬਾਗਨਰ ਦੀਆਂ ਸੰਗੀਤ ਦੀਆਂ ਪੇਸ਼ਕਾਰੀਆਂ ਦਾ ਅਨੰਦ ਮਾਣਦੇ ਮਾਨਸਿਕ ਸੰਤੁਸ਼ਟੀ ਪ੍ਰਾਪਤ ਕਰਦੇ। ਪਰ ਉਹਨਾਂ ਵਿੱਚੋਂ ਕੁਝ ਅਜਿਹੇ ਵੀ ਸਨ ਜਿਹਨਾਂ ਨੇ ਖੁਦਕਸ਼ੀਆਂ ਵੀ ਕੀਤੀਆਂ।

ਤਾਨਾਸ਼ਾਹਾਂ ਦੀ ਜਮਾਤ ਵਿੱਚ ਮੁਸੋਲੀਨੀ ਦਾ ਨਾਂ ਵੀ ਅਕਸਰ ਹਿਟਲਰ ਦੇ ਨਾਲ ਲਿਆ ਜਾਂਦਾ ਹੈ। ਪਰ ਮੈਂ ਦੱਸਾਂ, ਮੁਸੋਲੀਨੀ ਤੇ ਹਿਟਲਰ ਦਾ ਕੋਈ ਮੁਕਾਬਲਾ ਨਹੀਂ ਸੀ। ਦੋਨਾਂ ਵਿੱਚ ਬਹੁਤ ਫਰਕ ਸੀ। ਨਾ ਤਾਂ ਮੁਸੋਲੀਨੀ ਜਰਮਨ ਸੀ ਤੇ ਨਾ ਹੀ ਹਿਟਲਰ ਮੁਸੋਲੀਨੀ। ਇਕ ਲੜਾਕੂ ਦੇਸ਼ ਦੇ ਤੌਰ 'ਤੇ ਜਰਮਨੀ ਆਪਣੀ ਤਾਕਤ ਲਗਾਤਾਰ ਵਧਾ ਲਈ ਸੀ। ਉਸ ਕੋਲ ਹੁਣ ਲੜਾਕੂ ਫੌਜ ਤੇ ਸੈਂਕੜੇ ਕਾਬਲ ਜਰਨੈਲ ਸਨ। ਇਸ ਤੋਂ ਬਿਨਾਂ ਸਟਲਿਨ ਵਾਂਗ ਹਿਟਲਰ ਦਾ ਤੰਤਰ ਉਹਨਾਂ ਨੂੰ ਕਮਜ਼ੋਰ ਹੋਣ ਦੀ ਛੋਟ ਨਹੀਂ ਦਿੰਦਾ ਸੀ। ਜਰਮਨ ਸੈਨਾ ਦਾ ਜ਼ਰਾ ਢਿੱਲਾਪਨ ਜਾਂ ਕੋਈ ਗਲਤੀ ਹਿਟਲਰ ਨੂੰ ਅੱਗ ਬਬੂਲਾ ਬਣਾ ਦਿੰਦੀ ਸੀ। ਹਿਟਲਰ ਸਮੇਂ ਕੋਈ ਚੁਰਾਸੀ ਜਰਨੈਲ ਇਸ ਲਈ ਭੁੰਨ ਦਿੱਤੇ ਗਏ ਕਿਉਂਕਿ ਹਿਟਲਰ ਦੇ ਹੁਕਮ ਨੂੰ ਜਾਂ ਤਾਂ ਪੂਰੀ ਤਰ੍ਹਾਂ ਮੰਨਿਆਂ ਨਹੀਂ ਸੀ ਜਾਂ ਫਿਰ ਆਨਾਕਾਨੀ ਕੀਤੀ ਸੀ। ਹਿਟਲਰ ਨੇ ਗੈਸਟੈਪੋ ਤੇ ਐਸ-ਐਸ ਦੇ ਰੂਪ ਵਿੱਚ ਜੋ ਸ਼ੁਰੂ ਤੋਂ ਹੀ ਜੋ ਆਪਣਾ ਤਕੜਾ ਖੁਫੀਆ ਤੰਤਰ ਖੜਾ ਕੀਤਾ ਸੀ, ਉਹ ਉਸਦੀ ਤਾਕਤ ਨੂੰ ਕਈ ਗੁਣਾ ਮਜਬੂਤ ਬਣਾ ਦਿੰਦਾ ਸੀ। ਮੁਸੋਲੀਨੀ ਦੇ ਕੋਲ ਅਜਿਹਾ ਕੁਝ ਨਹੀਂ ਸੀ। ਨਾ ਇਟਲੀ ਵਿੱਚ ਜਰਮਨੀ ਵਰਗਾ ਉਦਯੋਗ ਸੀ ਤੇ ਨਾ ਹੀ ਉਹੋ ਜਿਹੀ ਸੈਨਾ-ਸ਼ਕਤੀ ਤੇ ਹੀ ਉਹੋ ਜਿਹੇ ਮਨਸੂਬੇ। ਮੁਸੋਲੀਨੀ ਦੀ ਸਭ ਤੋਂ ਵੱਡੀ ਸ਼ਕਤੀ ਹਿਟਲਰ ਹੀ ਸੀ ਜਿਸ ਦੇ ਬਲਬੂਤੇ ਉਪਰ ਉਹ ਵਿਰੋਧੀਆਂ ਨੂੰ ਦਬਾ ਕੇ ਰੱਖ ਸਕਦਾ ਸੀ। ਪਰ ਇਟਲੀ ਦੀ ਭੂਗੋਲਿਕ ਸਥਿਤੀ ਦੇ ਕਾਰਨ ਤੇ ਪੂਰੇ ਯੂਰਪ ਦੀ ਰਾਜਨੀਤੀ ਦੇ ਚਲਦਿਆਂ ਹਿਟਲਰ ਨੂੰ ਮੁਸੋਲੀਨੀ ਦੀ ਜ਼ਰੂਰਤ ਸੀ। ਪਰ ਜਿਸ ਤਰ੍ਹਾਂ ਹਿਟਲਰ ਨੇ ਲੁਕਵੇਂ ਢੰਗ ਨਾਲ ਮੁਸੋਲੀਨੀ ਨੂੰ ਇਟਲੀ ਵਿੱਚੋਂ ਖਦੇੜ ਦਿੱਤਾ ਗਿਆ ਉਹ ਇਤਿਹਾਸ ਦਾ ਇਕ ਬਹੁਤ ਵੱਡਾ ਸਬਕ ਹੈ ਕਿ ਤਾਨਾਸ਼ਾਹੀ ਦਾ ਵਜੂਦ ਸਿਰਫ ਹਵਾਈ ਹੁੰਦਾ ਹੈ। ਵੀਹਵੀਂ ਸਦੀ ਵਿੱਚ ਕਿੰਨੀਆਂ ਹੋਰ ਉਦਾਹਰਣਾਂ ਵੀ ਮਿਲ ਜਾਣਗੀਆਂ ਜੋ ਤਾਨਸ਼ਾਹਾਂ ਨੂੰ ਰੌਲ਼ਾ ਪਾ-ਪਾ ਕੇ ਸਮਝਾ ਰਹੀਆਂ ਹੁੰਦੀਆਂ ਹਨ ਕਿ ਤੁਸੀਂ ਹੋਸ਼ ਵਿੱਚ ਆ ਜਾਓ! ਪਰ ਇਤਿਹਾਸ ਤੋਂ ਸਬਕ ਦੂਜਾ ਕੋਈ ਹੋਰ ਤਾਂ ਲੈ ਲਵੇ ਪਰ ਤਾਨਾਸ਼ਾਹ ਨਹੀਂ ਲੈਂਦੇ ਕਿਉਂ ਕਿ ਉਹ ਜਾਣਦੇ ਹਨ ਕਿ ਸੱਤਾ ਦੀ ਚਾਂਦਨੀ ਚਾਰ ਦਿਨ ਦੀ ਹੀ ਹੁੰਦੀ ਹੈ।

ਮੁਸੋਲੀਨੀ ਇਕ ਠੀਕ-ਠਾਕ ਪੜ੍ਹਿਆ-ਲਿਖਿਆ ਤੇ ਗੰਭੀਰ ਨੇਤਾ ਸੀ। ਉਹ ਇਕ ਬਹੁਤ ਦਿਲਚਸਪ ਕਿਸਮ ਦਾ ਤੇ ਔਰਤਬਾਜ਼ ਸੀ ਜਿਸ ਤੋਂ ਉਸ ਦੇ ਜੀਵਨ-ਜੀਉਣ ਦੇ ਢੰਗ ਦਾ ਪਤਾ ਚਲਦਾ ਹੈ। ਉਸ ਨੂੰ ਜੇ ਕਿਸੇ ਨੇ ਵਿਗਾੜਿਆ ਤਾਂ ਤਾਕਤ ਦੇ ਨਸ਼ੇ ਨੇ.. ਜਾਂ ਫਿਰ ਹਿਟਲਰ ਦੇ ਪਰਛਾਵੇਂ ਨੇ..।

..ਤੁਹਾਨੂੰ ਪਤਾ ਹੈ ਕਿ ਹਿਟਲਰ ਨੂੰ ਜੋਤਿਸ਼ ਵਿੱਚ ਬਹੁਤ ਯਕੀਨ ਸੀ। ਦੂਜੇ ਤਾਨਾਸ਼ਾਹਾਂ ਵਾਂਗ ਉਹ ਆਪਣੇ ਆਪ ਨੂੰ ਮਨੁੱਖਤਾ ਦੀ ਭਲਾਈ ਲਈ ਭੇਜਿਆ ਰੱਬ ਦਾ ਦੂਤ ਸਮਝਦਾ ਸੀ। 'ਫਰੈਡਰਿਕ ਮਹਾਨ' ਹਿਟਲਰ ਦੀ ਪਰੇਰਣਾ ਵਿੱਚ ਸ਼ਾਮਿਲ ਸੀ ਇਸ ਲਈ ਸੋਚਦਾ ਸੀ ਕਿ ਅੰਤ ਤੀਕ ਉਮੀਦ ਨਹੀਂ ਛੱਡਣੀ ਚਾਹੀਦੀ। ਰੱਬ ਕੋਈ ਨਾ ਕੋਈ ਰਾਹ ਕੱਢ ਦਿੰਦਾ ਹੈ। ਸੰਨ ਚੁਤਾਲੀ ਦੇ ਮੱਧ ਵਿੱਚ ਜਦ ਜਰਮਨੀ ਸਾਰਿਆਂ ਮੋਰਚਿਆਂ ਤੋਂ ਹਾਰ ਚੁੱਕਾ ਸੀ, ਉਹਨਾਂ ਦਿਨਾਂ ਵਿੱਚ ਕੁਝ

ਜਾਂਬਾਜ਼ ਜਰਨੈਲਾਂ ਨੇ ਹਿਟਲਰ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਪਰ ਬਦਕਿਸਮਤੀ, ਨਿੱਕੀ ਜਿਹੀ ਗਲਤੀ ਕਾਰਨ ਕਾਮਯਾਬ ਨਹੀਂ ਸਨ ਹੋਏ। ਸਜ਼ਿਸ਼ ਵਿੱਚ ਸ਼ਾਮਿਲ ਪੰਜ-ਦਸ ਲੋਕਾਂ ਦੇ ਕਾਰਨ ਹਿਟਲਰ ਦੇ ਤੰਤਰ ਨੇ ਪੰਜ ਹਜ਼ਾਰ ਤੋਂ ਵੱਧ ਲੋਕਾਂ ਨੂੰ ਲੱਭ-ਲੱਭ ਕੇ ਜ਼ਿਬਾਹ ਕਰ ਦਿੱਤਾ.. ਤੇ ਇਵੇਂ ਇਸ ਲਈ ਕੀਤਾ ਗਿਆ ਸੀ ਕਿ ਹਰ ਕੋਈ ਜਾਣ-ਸਮਝ ਲਵੇ ਕਿ ਹਿਟਲਰ ਖਿਲਾਫ ਵਿਦਰੋਹ ਕਰਨ ਵਾਲਿਆਂ ਦਾ ਕੀ ਹਾਲ ਕੀਤਾ ਜਾਂਦਾ ਹੈ। ਪਰ ਮੈਂ ਗੱਲ ਕਰ ਰਿਹਾ ਸੀ ਕਿ ਕਿਸ ਤਰ੍ਹਾਂ ਅਜਿਹੇ ਵੇਲੇ ਵੀ ਹਿਟਲਰ ਆਪਣੇ ਆਪ ਨੂੰ ਜਾਇਜ਼ ਹੋ ਕੇ ਦੇਖਦਾ ਸੀ। ਉਸ ਦੀ ਹੱਤਿਆ ਦੀ ਇਸ ਗੰਭੀਰ ਸਾਜ਼ਿਸ਼ ਨੂੰ ਨਾਕਾਮ ਹੋਣ ਵਿੱਚ ਉਹ ਕੁਦਰਤ ਦੀ ਚਾਲ ਸਮਝਦਾ ਸੀ ਜੋ ਇਕ ਵੱਡੇ ਮਕਸਦ ਲਈ ਉਸ ਨੂੰ ਬਚਾਈ ਰੱਖਦੀ ਹੈ। ਇਸੇ ਤਰ੍ਹਾਂ ਪਰਲ-ਹਾਰਬਰ ਉਪਰ ਜਪਾਨੀ ਹਮਲੇ ਤੋਂ ਬਾਅਦ ਜਦ ਅਮਰੀਕਾ ਵੀ ਯੁੱਧ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੋ ਗਿਆ ਤੇ ਜਰਮਨੀ ਦੇ ਬਹੁਤੇ ਸ਼ਹਿਰ-ਕਸਬੇ ਢਾਹ ਦਿੱਤੇ ਗਏ, ਫੌਜੀ ਤਾਕਤ ਲਗਭਗ ਖਤਮ ਹੋ ਗਈ, ਤਦ ਬਾਰਾਂ ਅਪਰੈਲ ਸੰਨ ਪੰਜਤਾਲੀ ਨੂੰ ਅਮਰੀਕਾ ਦੇ ਰਾਸ਼ਟਰਪਤੀ ਫ੍ਰੈਂਕਲਿਨ ਰੂਜ਼ਵੈਲਟ ਦੀ ਮੌਤ ਦੀ ਖ਼ਬਰ ਨੇ ਉਸ ਦੇ ਅੰਦਰ ਫ੍ਰੈਡਰਿਕ ਮਹਾਨ ਦੀ ਰੂਹ ਨੂੰ ਇਕ ਵਾਰ ਫਿਰ ਤੋਂ ਜਿਉਂਦਿਆਂ ਕਰ ਦਿੱਤਾ।

ਮੈਂ ਸੋਚਦਾ ਹਾਂ ਤੇ ਤੁਸੀਂ ਵੀ ਮੈਨੂੰ ਕਦੇ ਦੱਸਿਓ ਕਿ ਉਮੀਦ ਰੱਖਣ ਦਾ ਹਕੀਕਤ ਨਾਲ ਕੋਈ ਤਾਲਮੇਲ ਹੋਣ ਚਾਹੀਦਾ ਹੈ ਜਾਂ ਨਹੀਂ ? ਜੇ 'ਹਾਂ' ਤਾਂ ਕਿਵੇਂ ?

..ਸੰਜੀਵ ਜੀ, ਤੁਸੀਂ ਇਕ ਗੱਲ ਦੱਸਣੀ ਹੈ ਮੈਨੂੰ, ਹਿਟਲਰ ਬਾਰੇ ਹੀ। ਹਿਟਲਰ ਨੇ ਬਹੁਤ ਕੁਝ ਕੀਤਾ। ਲੋਕਾਂ ਨੂੰ ਮਾਰਿਆ-ਮਰਵਾਇਆ, ਪਰ ਜਾਣਦੇ ਹੋ, ਮੈਨੂੰ ਸਭ ਤੋਂ ਜ਼ਿਆਦਾ ਕੀ ਅੱਖਰਦਾ ਹੈ ? ਹਿਟਲਰ ਨੇ ਜੋ ਆਪਣਾ ਨਿਆਂ-ਤੰਤਰ ਬਣਾਇਆ.. ਉਹ, ਸੱਤਾ ਕੋਈ ਵੀ ਹੋਵੇ, ਉਸ ਕੋਲ ਕਿੰਨੀ ਵੀ ਤਾਕਤ ਹੋਵੇ, ਉਹ ਜੋ ਮਰਜ਼ੀ ਕਰੇ ਪਰ ਉਸ ਨੂੰ ਸਮਾਜ ਦੀ ਨਿਆਂ ਵਿਵਸਥਾ ਦੇ ਨਾਲ ਛੇੜ-ਛਾੜ ਨਹੀਂ ਕਰਨੀ ਚਾਹੀਦੀ ਕਿਉਂਕਿ ਨਿਆਂ ਦੀ ਹਾਜ਼ਰੀ ਹੀ ਤਾਂ ਸਭਿਅਤਾ ਤੇ ਬਰਬਰਤਾ ਦਾ ਫਰਕ ਕਰਦੀ ਹੈ। ਤੁਹਾਨੂੰ ਪਤਾ ਹੈ, ਰੂਸ ਦੀ ਤਰਜ਼ 'ਤੇ ਹੀ ਉਹਨਾਂ ਕਚਿਹਰੀਆਂ ਨੂੰ ਕੀ ਕਹਿੰਦੇ ਸਨ, ਜਿਥੇ ਕਾਨੂੰਨ ਤੇ ਨਿਆਂ ਦੀ ਸੁਣਵਾਈ ਹੁੰਦੀ ਸੀ ?: 'ਪੀਪਲਜ਼ ਕੋਰਟ' ਜਾਣੀ ਆਮ ਲੋਕਾਂ ਦੀਆਂ ਅਦਾਲਤਾਂ। ਤੇ ਉਥੇ ਹੁੰਦਾ ਕੀ ਹੈ ? ਉਸ ਦੇ ਵਕੀਲ ਨਾਜ਼ੀ ਹੁੰਦੇ ਤੇ ਜੱਜ ਵੀ ਨਾਜ਼ੀ। ਹੋਰ ਤਾਂ ਹੋਰ ਬਚਾਅ ਕਰਨ ਵਾਲਾ ਵੀ ਨਾਜ਼ੀ। ਅਦਾਲਤੀ ਕਾਰਵਾਈ ਨੂੰ ਦੇਖਣ ਆਏ ਲੋਕ ਵੀ ਨਾਜ਼ੀ। ਮੁਦਈ ਵਕੀਲ ਇਲਜ਼ਾਮ ਲਗਾਉਂਦਾ ਤਾਂ ਵਿਰੋਧੀ ਵਕੀਲ ਉਸ ਇਲਜ਼ਾਮ ਨੂੰ ਥੋੜਾ ਮਜ਼ਬੂਤ ਕਰਦਾ। ਚਾਰੇ ਪਾਸੇ ਬੈਠੇ ਨਾਜ਼ੀ ਉਹਨਾਂ ਦੋਨਾਂ ਦੇ ਨਾਲ ਖ਼ੂਬ ਹਾਸਾ-ਮਜ਼ਾਕ ਕਰ ਰਹੇ ਹੁੰਦੇ। ਹੋਰ ਤਾਂ ਹੋਰ ਜਦ ਜੱਜ ਸ੍ਰੀਮਾਨ ਆਪ ਮੁਦਈ ਦੇ ਨਾਲ ਜਾ ਮਿਲਦੇ ਤਾਂ ਵਿਰੋਧੀ ਧਿਰ ਨੂੰ ਪੁੱਛਦੇ.. "ਉਹ ਸਭ ਤਾਂ ਠੀਕ ਹੈ ਪਰ ਇਹ ਦੱਸੋ ਕਿ ਤੁਸੀਂ ਨਾਜ਼ੀ ਪਾਰਟੀ ਦੇ ਮੈਂਬਰ ਕਿਉਂ ਨਹੀਂ ਬਣੇ ?" ਜਾਂ ਫਿਰ ਇਹ ਕਿ, "ਤੁਹਾਨੂੰ ਲੱਗਦਾ ਕਿ ਹਿਟਲਰ ਵਰਗਾ ਨੇਤਾ ਜਰਮਨੀ ਨੂੰ ਕਿੰਨੇ ਨਸੀਬਾਂ ਨਾਲ ਮਿਲਿਆ ਹੈ।" ਜ਼ਾਹਿਰ ਸੀ ਕਿ ਹਿਟਲਰ ਕੋਲ ਇਸ ਕਾਰਵਾਈ ਦੀਆਂ ਫਿਲਮਾਂ ਬਣਾ ਕੇ ਪਹੁੰਚਾਈਆਂ ਜਾਂਦੀਆਂ ਤਾਂ ਕਿ ਜੱਜ-ਵਕੀਲ ਸਭਨਾਂ ਦੀ ਪਿੱਠ ਥੱਪ-ਥਪਾਈ ਜਾ ਸਕੇ ਤੇ ਹਿਟਲਰ ਦੀ ਕਿਤਾਬ ਵਿੱਚ ਉਹ ਆਪਣੇ ਨੰਬਰ ਵਧਾ ਸਕਣ। ਤੇ ਯਾਦ ਰਹੇ ਕਿ ਇਹਨਾਂ ਮੁਰਜਮਾਂ ਵਿੱਚ ਸਭ ਤਰ੍ਹਾਂ ਦੇ ਬਿਜ਼ੁਰਗ ਤੇ ਸ਼ਰੀਫ ਪੜੇ-ਲਿਖੇ ਵੀ ਹੁੰਦੇ ਜਿਹਨਾਂ ਨੂੰ ਕਈ ਦਿਨ ਭੁੱਖੇ ਪੇਟ ਤੇ ਨਾਜ਼ਕ ਹਾਲਤ ਵਿੱਚ ਰੱਖਣ ਤੋਂ ਬਾਅਦ ਘੜੀਸ ਕੇ ਉਥੇ ਲਿਆਂਦਾ ਜਾਂਦਾ ਤੇ ਕਾਹਲੀ ਵਿੱਚ ਉਹਨਾਂ ਨੂੰ ਫਾਂਸੀ 'ਤੇ ਲਟਕਾ ਦੇਣ ਦੀ ਸਜ਼ਾ ਸੁਣਾ ਦਿੱਤੀ ਜਾਂਦੀ। ਫਾਂਸੀ



ਵੀ ਤੁਰੰਤ ਦੇ ਦਿੱਤੀ ਜਾਂਦੀ ਜਿਸ ਦੀ ਬਕਾਇਦਾ ਰੀਲ ਬਣਦੀ ਤੇ ਜਿਸ ਨੂੰ ਸਿਨਮੇਘਰਾਂ ਵਿੱਚ ਦਿਖਾਇਆ ਜਾਂਦਾ ਤਾਂ ਕਿ ਖਿਲਾਫਤ ਕਰਨ ਵਾਲਿਆਂ ਦੀ ਰੂਹ ਕੰਬ ਜਾਵੇ। 'ਪੀਪਲਜ਼ ਕੋਰਟ' ਤੋਂ ਬਚਣ ਲਈ ਹੀ ਰੋਮੇਲ ਨੇ ਜ਼ਹਿਰ ਖਾ ਕੇ ਖ਼ੁਦਕੁਸ਼ੀ ਕੀਤੀ ਸੀ।

..ਓ, ਤੁਸੀਂ ਰੋਮੇਲ ਨੂੰ ਨਹੀਂ ਜਾਣਦੇ ? ਉਹੀ ਰੋਮੇਲ ਜਿਹਨੂੰ ਹਿਟਲਰ ਨੇ ਫੀਲਜ਼ ਮਾਰਸ਼ਲ ਬਣਾਇਆ ਸੀ, ਉਹੀ ਰੋਮੇਲ ਜਿਹਨੂੰ ਅੱਜ ਵੀ ਦੁਨੀਆ 'ਡੈਜ਼ੂਟ ਫੌਕਸ' ਦੇ ਨਾਂ ਨਾਲ ਚੇਤੇ ਕਰਦੀ ਹੈ ਕਿਉਂਕਿ ਉਸ ਨੇ ਅਫਰੀਕੀ ਮਹਾਂਦੀਪ ਵਿੱਚ ਏਨੇ ਮੁਸ਼ਕਲ ਹਾਲਾਤ ਵਿੱਚ, ਏਨੀ ਘੱਟ ਫੌਜ ਦੇ ਸਹਾਰੇ ਜਰਮਨੀ ਨੂੰ ਅਜਿਹੀ ਜਿੱਤ ਦਵਾਈ ਸੀ ਕਿ ਜਰਮਨੀ ਹੀ ਨਹੀਂ, ਜਰਮਨੀ ਦੇ ਦੁਸ਼ਮਣ ਦੀ ਉਸ ਦਾ ਲੋਹਾ ਮੰਨਦੇ ਸਨ। ਰੋਮੇਲ ਦੀ ਕਹਾਣੀ ਸੁਣਾਉਂਦੇ ਹੋਏ ਹੋ ਸਕਦਾ ਹੈ ਕਿ ਮੈਂ ਕੁਝ ਜ਼ਿਆਦਾ ਹੀ ਬੋਲ ਜਾਵਾਂ ਪਰ ਉਹ ਫੌਜੀ ਇਤਿਹਾਸ ਦਾ ਮੇਰਾ ਬਹੁਤ ਪਸੰਦੀਦਾ ਕਿਰਦਾਰ ਹੈ। ਸ਼ਾਇਦ ਇਸ ਲਈ ਵੀ ਕਿ ਮੈਂ ਖ਼ੁਦ ਛੋਟਾ-ਮੋਟਾ ਫੌਜੀ ਰਿਹਾ ਹਾਂ। ਉਸ ਦਾ ਜਨਮ ਪੰਦਰਾਂ ਨਵੰਬਰ, ਅਠਾਰਾਂ ਸੌ ਇਕਿਆਸੀ ਨੂੰ ਹੋਇਆ ਸੀ। ਉਸ ਦੇ ਪਿਤਾ ਸਕੂਲ ਅਧਿਆਪਕ ਸਨ ਜਿਹਨਾਂ ਦੀ ਬਹੁਤ ਜਲਦੀ ਮੌਤ ਹੋ ਗਈ ਸੀ। ਉਸ ਦੀ ਵਿਧਵਾ ਮਾਂ ਉਸੇ ਨਾਲ ਰਹਿੰਦੀ ਸੀ ਜਿਸ ਦਾ ਉਹ ਇਕ ਬੱਚੀ ਵਾਂਗ ਖਿਆਲ ਰੱਖਦਾ ਸੀ। ਬਹੁਤ ਘੱਟ ਤੇ ਸੋਚ ਕੇ ਬੋਲਣ ਵਾਲਾ। ਆਪਣੇ ਖਾਨਦਾਨ ਵਿੱਚੋਂ ਫੌਜ ਵਿੱਚ ਸ਼ਾਮਲ ਹੋਣ ਵਾਲਾ ਪਹਿਲਾ ਮੁੰਡਾ ਸੀ। ਬਹੁਤ ਛੋਟੇ ਕੱਦ ਦਾ। ਨਾ ਸਿਗਰਟ-ਸ਼ਰਾਬ ਪੀਂਦਾ ਸੀ, ਨਾ ਹੀ ਹੋਰ ਗਲਤ ਗੱਲਾਂ ਕਰਦਾ ਸੀ। 'ਡੇਜ਼ੂਟ ਫੌਕਸ' ਦੇ ਨਾਂ ਨਾਲ ਉਹ ਮਸ਼ਹੂਰ ਜ਼ਰੂਰ ਹੋਇਆ ਪਰ ਚਲਾਕੀ ਉਸ ਦੇ ਨਿੱਜੀ ਜੀਵਨ ਵਿੱਚ ਦੂਰ-ਦੂਰ ਤੱਕ ਵੀ ਨਹੀਂ ਸੀ। ਪਰ ਉਹ ਜਾਂਬਾਜ਼ ਸੀ, ਖਤਰਿਆਂ ਨਾਲ ਖੇਡਣ ਵਾਲਾ। ਮੋਰਚਿਆਂ ਉਪਰ ਕਈ ਵਾਰ ਉਹ ਜਵਾਨਾਂ ਵਿੱਚ ਸ਼ਾਮਲ ਹੋ ਜਾਂਦਾ। ਇਕ ਵਾਰ ਮੋਰਚੇ ਉਪਰ ਨਿਗਰਾਨੀ ਕਰਦੇ ਹੋਏ ਉਹਨੂੰ ਦਸਤ ਲੱਗ ਗਏ। ਘੋੜੇ ਉਪਰ ਚੜ੍ਹਨ ਦੀ ਹਾਲਤ ਵਿੱਚ ਨਹੀਂ ਸੀ ਤੇ ਉਪਰੋਂ ਹੁਕਮ ਆਇਆ ਕਿ ਦੁਸ਼ਮਣ ਦੀਆਂ ਹਰਕਤਾਂ ਉਪਰ ਨਜ਼ਰ ਰੱਖੋ। ਮੈਂ ਇਹ ਪਹਿਲੇ ਵਿਸ਼ਵ ਯੁੱਧ ਦੀ ਗੱਲ ਕਰ ਰਿਹਾ ਹਾਂ। ਉਹ ਉਸ ਪਿੰਡ ਵਿੱਚ ਜਾ ਵੜਿਆ ਜਿਥੇ ਦੁਸ਼ਮਣਾਂ ਦਾ ਆਉਣਾ-ਜਾਣਾ ਸੀ। ਉਸ ਦੇ ਨਾਲ ਕੇਵਲ ਦੋ ਰੰਗਰੂਟ ਸਨ। ਪਿੰਡ ਲੰਘ ਕੇ ਜਿਵੇਂ ਹੀ ਉਹ ਦੂਜੇ ਪਾਸੇ ਪੁੱਜਾ ਤਾਂ ਦੁਸ਼ਮਣ ਦੇ ਪੰਦਰਾਂ-ਵੀਹ ਸੈਨਿਕਾਂ ਨਾਲ ਟਾਕਰਾ ਹੋ ਗਿਆ। ਸਾਰੇ ਹਥਿਆਰਾਂ ਨਾਲ ਲੈਸ ਤੇ ਇਧਰ ਰੋਮੇਲ ਨਾਲ ਸਿਰਫ ਦੋ ਰੰਗਰੂਟ। ਉਹ ਪਿੱਛੇ ਨਹੀਂ ਹਟ ਸਕਦੇ ਸਨ ਤੇ ਨਾ ਹੀ ਵਾਰ ਕਰ ਸਕਦੇ ਸਨ। ਪਰ ਰੋਮੇਲ ਨੇ ਉਹੀ ਕੀਤਾ ਜੋ ਇਕ ਬਹਾਦਰ ਕਰ ਸਕਦਾ ਸੀ, ਜਾਣੀ ਕਿ ਹਮਲਾ। ਉਸ ਦੇ ਗੋਲ਼ੀ ਚਲਾਉਂਦੇ ਹੀ ਦੁਸ਼ਮਣ ਫੌਜੀ ਤਿੱਤਰ-ਬਿਤਰ ਹੋ ਗਏ ਕਿਉਂਕਿ ਉਹਨਾਂ ਨੇ ਸਮਝਿਆ ਕਿ ਰੋਮੇਲ ਕਮਜ਼ੋਰ ਹਾਲਤ ਵਿੱਚ ਗੋਲ਼ੀ ਚਲਾ ਹੀ ਨਹੀਂ ਸਕਦਾ। ਕੋਈ ਟੁਕੜੀ ਜ਼ਰੂਰ ਘਾਤ ਲਾਈ ਪਿੱਛੇ ਲੁਕੀ ਹੋਵੇਗੀ, ਤਾਂਹੀ ਉਹਨੇ ਗੋਲ਼ੀਆਂ ਚਲਾਈਆਂ ਹਨ। ਇਹ ਸੀ ਉਸ ਦੀ ਸ਼ੋਹਰਤ।

ਫੌਜ ਵਿੱਚ ਹੁੰਦੇ ਹੋਏ ਉਸ ਦੀਆਂ ਕੰਮਾਂ ਤੇ ਸੋਚ ਦੇ ਇੰਨੇ ਕਿੱਸੇ ਬਣ ਗਏ ਕਿ ਹਿਟਲਰ ਨੂੰ ਵੀ ਇਹਨਾਂ ਦੀ ਖ਼ਬਰ ਹੋ ਗਈ। ਹਿਟਲਰ ਨੇ ਉਸ ਨੂੰ ਪੰਜਾਹ ਸਾਲ ਦੀ ਉਮਰ ਤੋਂ ਪਹਿਲਾਂ ਹੀ ਫੀਲਡ ਮਾਰਸ਼ਲ ਬਣਾ ਦਿੱਤਾ ਸੀ। ਪਰ ਜਾਣਦੇ ਹੋ, ਹਿਟਲਰ ਨੇ ਉਹਦੇ ਨਾਲ ਕੀ ਸਲੂਕ ਕੀਤਾ ? ਕਿਸੇ ਫੌਜੀ ਦੀ ਮੌਤ ਉਪਰ ਕਿਸੇ ਨੂੰ ਕੋਈ ਗਿਲਾ ਨਹੀਂ ਹੋਣਾ ਚਾਹੀਦਾ ਪਰ ਜਦ ਇਹ ਮੌਤ ਮੋਰਚੇ 'ਤੇ ਦੁਸ਼ਮਣ ਨਾਲ ਹੱਥ ਕਰਨ ਦੀ ਬਜਾਏ ਆਪਣਿਆਂ ਹੀ ਅਫਸਰਾਂ ਦੀਆਂ ਗਫਲਤਾਂ ਦਾ ਨਤੀਜਾ ਹੋਵੇ ਤਾਂ ਤੁਸੀਂ ਸੋਚ ਸਕਦੇ ਹੋ ਕਿ ਕੋਈ ਕਿਵੇਂ ਮਹਿਸੂਸ ਕਰ ਸਕਦਾ ਹੈ !

ਮੈਂ ਤੁਹਾਨੂੰ ਦੱਸਿਆ ਨਾ ਕਿ ਜਦ ਸੰਨ ਚੁਤਾਲੀ ਵਿੱਚ ਹਿਟਲਰ ਦੀ ਹੱਤਿਆ ਦੀ ਸਜ਼ਿਸ਼ ਨਾਕਾਮ ਹੋਈ ਤਾਂ ਬਹੁਤ ਸਾਰੇ ਲੋਕਾਂ ਦੀ ਪਕੜ-ਧਕੜ ਹੋਈ ਤੇ ਬਹੁਤਿਆਂ ਨੂੰ ਭੁੰਨ ਦਿੱਤਾ ਗਿਆ। ਉਸ ਪਕੜ-ਧਕੜ ਵਿੱਚ, ਸੱਚ ਜਾਂ ਝੂਠ, ਕਿਸੇ ਨੇ ਰੋਮੇਲ ਦਾ ਨਾਂ ਵੀ ਉਛਾਲ ਦਿੱਤਾ।

ਖ਼ੈਰ, ਰੋਮੇਲ ਨੂੰ ਬਰਲਿਨ ਆਉਣ ਲਈ ਕਿਹਾ ਗਿਆ ਪਰ ਉਹ ਬੁਰੀ ਤਰ੍ਹਾਂ ਜਖ਼ਮੀ ਸੀ ਇਸ ਲਈ ਸਫਰ ਨਹੀਂ ਕਰ ਸਕਦਾ ਸੀ। ਦੋ ਦਿਨ ਬਾਅਦ ਰੋਮੇਲ ਦੇ ਘਰ ਹਿਟਲਰ ਦੇ ਦੋ ਜਰਨੈਲਾਂ ਨੇ ਦਸਤਕ ਦਿੱਤੀ। ਜਨਰਲ ਬਰਗਡੌਫ ਤੇ ਜਨਰਲ ਮਾਈਸਲ ਨੇ। ਥੋੜ੍ਹੀ ਦੇਰ ਸਭ ਨੇ ਮਿਲ ਕੇ ਚਾਹ ਪੀਤੀ। ਉਸ ਤੋਂ ਬਾਅਦ ਉਹਨਾਂ ਨੇ ਰੋਮੇਲ ਨੂੰ ਇਕੱਲਿਆਂ ਪੰਦਰਾਂ ਮਿੰਟ ਗੱਲ ਕਰਨ ਲਈ ਕਿਹਾ। ਰੋਮੇਲ ਦਾ ਪੁੱਤ ਦੂਜੇ ਕਮਰੇ ਵਿੱਚ ਚਲੇ ਗਿਆ। ਉਸ ਦੀ ਪਤਨੀ ਤੇ ਸਹਾਇਕ ਵੀ ਉਠ ਗਏ। ਰੋਮੇਲ ਨੇ ਆਪਣੇ ਸਹਾਇਕ ਨੂੰ ਯੁੱਧ ਸੰਬੰਧੀ ਕੁਝ ਕਾਗਜ਼ਾਤ ਤਿਆਰ ਕਰਨ ਦਾ ਹੁਕਮ ਦਿੱਤਾ। ਦੋਨਾਂ ਜਰਨੈਲਾਂ ਤੇ ਰੋਮੇਲ ਦੀ ਗੁਪਤ ਵਾਰਤਾ ਹੋਈ ਜੋ ਕਈ ਘੰਟੇ ਚੱਲੀ। ਘੰਟੇ ਬਾਅਦ ਜਦ ਰੋਮੇਲ ਬਾਹਰ ਆਇਆ ਤਾਂ ਉਸ ਦੀਆਂ ਹਵਾਈਆਂ ਉਡੀਆਂ ਹੋਈਆਂ ਸਨ।

"ਕੀ ਗੱਲ ਏ ?" ਪਤਨੀ ਨੇ ਪੁੱਛਿਆ ਤਾਂ ਰੋਮੇਲ ਨੇ ਕਿਹਾ ਕਿ ਅਗਲੇ ਪੱਚੀ ਮਿੰਟਾਂ ਦੇ ਅੰਦਰ-ਅੰਦਰ ਉਸ ਨੂੰ ਮਰ ਜਾਣਾ ਹੋਵੇਗਾ ਕਿਉਂਕਿ ਹਿਟਲਰ ਦੇ ਹੱਤਿਆ ਦੀ ਸਾਜ਼ਿਸ਼ ਨਾਲ ਕਿਸੇ ਨੇ ਉਸ ਦਾ ਨਾਂ ਵੀ ਜੋੜ ਦਿੱਤਾ ਹੈ। ਹੁਣ ਦੋ ਹੀ ਰਾਹ ਹਨ: ਜਾਂ ਤਾਂ ਜ਼ਹਿਰ ਖਾ ਕੇ ਸ਼ਹੀਦ ਹੋ ਜਾਵਾਂ ਜਾਂ 'ਪੀਪਲਜ਼ ਕੋਰਟ' ਦੇ ਮੁਕੱਦਮੇ ਦਾ ਸਾਹਮਣਾ ਕਰਾਂ। ਮੈਂ ਮੁਕੱਦਮੇ ਤੋਂ ਨਹੀਂ ਡਰਦਾ ਤੇ ਨਾ ਹੀ ਮਰਨ ਤੋਂ ਪਰ ਮੈਂ ਉਥੇ ਆਪਣੇ ਤੇ ਪਰਿਵਾਰ ਦੀ ਦੁਰਦਿਸ਼ਾ ਹੁੰਦੀ ਨਹੀਂ ਦੇਖ ਸਕਦਾ। ਬਰੀ ਤਾਂ ਹੋਣ ਤੋਂ ਰਿਹਾ।

ਉਸ ਨੇ ਆਪਣੇ ਸਹਾਇਕ ਅਲਿੰਡਗਰ ਨਾਲ ਗੱਲ ਕੀਤੀ ਜਿਸ ਦੀ ਸਲਾਹ ਸੀ ਕਿ ਘਰ ਆਏ ਇਹਨਾਂ ਦੋਨਾਂ ਜਰਨੈਲਾਂ ਨੂੰ ਭੁੰਨ ਦਿੰਦੇ ਹਾਂ ਤੇ ਭੱਜ ਜਾਂਦੇ ਹਾਂ।

"ਕੋਈ ਫਾਇਦਾ ਨਹੀਂ। ਘਰ ਦੇ ਚਾਰੇ ਪਾਸੇ ਗੈਸਟੈਪੋ ਦੇ ਲੋਕ ਨੇ। ਤੇ ਫਿਰ ਇਹ ਵਿਚਾਰੇ ਤਾਂ ਹਿਟਲਰ ਦੇ ਹੁਕਮ ਦੀ ਤਾਮੀਲ ਕਰ ਰਹੇ ਨੇ। ਮੇਰੇ ਪਿੱਛੇ ਮੇਰਾ ਪੁੱਤ ਤੇ ਪਤਨੀ ਵੀ ਨੇ। ਉਹਨਾਂ ਦਾ ਇਹ ਲੋਕ ਕੀ ਹਾਲ ਕਰਨਗੇ ?"

ਅਲਿੰਡਗਰ ਦੀ ਸਮਝ ਵਿੱਚ ਗੱਲ ਆ ਗਈ। ਨਾਲ ਵਾਲੇ ਕਮਰੇ ਵਿੱਚ ਪਤਨੀ ਦੀਆਂ ਸਿਸਕੀਆਂ ਫੁੱਟ ਰਹੀਆਂ ਸਨ।

ਉਹ ਰੋਮੇਲ ਨੂੰ ਲੈ ਗਏ ਤੇ ਠੀਕ ਪੱਚੀ ਮਿੰਟ ਬਾਅਦ ਉਹਨਾਂ ਦੇ ਘਰ ਫੋਨ ਆਇਆ ਕਿ ਫੀਲਡ ਮਾਰਸ਼ਲ ਰੋਮੇਲ ਦਾ ਮਗਜ਼ ਫਟ ਗਿਆ ਹੈ ਤੇ ਉਹ ਉਸ ਨੂੰ ਘਰ ਲਿਆ ਰਹੇ ਹਨ। ਜਾਣੀ ਕਿ ਜ਼ਹਿਰ ਦੇ ਕੇ ਕੀਤੀ ਗਈ ਹੱਤਿਆ ਨੂੰ ਹਿਟਲਰ ਦੇ ਤੰਤਰ ਦੀ ਨੀਤੀ ਦੇ ਹਵਾਲੇ ਕਰ ਦਿੱਤਾ। ਜਿਹੜੀ ਨੀਤੀ ਜਾਂ ਵਿਵਸਥਾ ਆਪਣੇ ਨਾਇਕਾਂ ਨਾਲ ਅਜਿਹਾ ਸਲੂਕ ਕਰਦੀ ਹੈ, ਉਸ ਬਾਰੇ ਕੀ ਕਹੋਂਗੇ ?

..ਤੇ ਨਾਇਕਾਂ ਨੂੰ ਛੱਡੀਏ, ਜੋ ਆਦਮੀ ਆਪਣੇ ਸਹਿਯੋਗੀਆਂ ਨੂੰ ਮਰਵਾ ਦੇਵੇ ਤੇ ਕੋਈ ਉਸ ਦਾ ਵਾਲ਼ ਵੀ ਵਿੰਗਾ ਨਾ ਕਰ ਸਕੇ ! ਕਰੇ ਵੀ ਤਾਂ ਕਿਵੇਂ ਜਦ ਜੁਡੀਅਸ਼ਰੀ ਵੀ ਉਸ ਨੂੰ ਖ਼ੁਸ਼ ਕਰਨ ਬਾਰੇ ਸੋਚੇ।

ਪਤਾ ਨਹੀਂ ਅਨਸਰਟ ਰੋਹਮ ਬਾਰੇ ਤੁਸੀਂ ਸੁਣਿਆ ਜਾਂ ਨਹੀਂ ਜਾਂ ਫਿਰ ਗਰੈਗਰੀ ਸਟਰਾਸਰ ਬਾਰੇ। ਦੋਨੋਂ ਪਹਿਲੇ ਵਿਸ਼ਵ ਯੁੱਧ ਵਿੱਚ ਜਰਮਨੀ ਵਲੋਂ ਮੋਰਚੇ 'ਤੇ ਲੜੇ ਸਨ। ਨਾਜ਼ੀ



ਪਾਰਟੀ ਦੀ ਸਥਾਪਨਾ ਦੇ ਦੌਰ ਦੇ ਹਿਟਲਰ ਦੇ ਪੁਰਾਣੇ ਸਾਥੀ ਸਨ, ਜਦ ਉਸ ਕੁਝ ਨਹੀਂ ਸੀ, ਸੰਘਰਸ਼ ਦੇ ਦਿਨਾਂ ਦੇ। ਇਕੱਠੇ ਜੇਲ ਵੀ ਗਏ। ਆਪਣੇ ਆਂਢ-ਗੁਆਂਢ ਨੂੰ ਧੌਂਸ ਤੇ ਚਲਾਕੀ ਵਾਲੀ ਨੀਤੀ ਨਾਲ ਧਰ-ਦਬੋਚਣ ਜਾਂ ਤਬਾਹ ਕਰਨ ਵਾਲੇ ਜਰਮਨੀ ਦੇ ਵਿਸਥਾਰਵਾਦੀ ਫਲਸਫੇ 'ਲਿਬੇਨਸਰੋਮ' (ਲਿਵਿੰਗ ਸਪੇਸ) ਦੇ ਬਰਾਬਰ ਦੇ ਹਿਮਾਇਤੀ ਸਨ। ਪਰ ਜਦ ਹਿਟਲਰ ਨੂੰ ਲੱਗਾ ਕਿ ਅੱਗੇ ਜਾ ਕੇ ਸੱਤਾ ਦੇ ਰਾਹ ਵਿੱਚ ਉਹ ਅੜਚਨ ਬਣ ਸਕਦੇ ਹਨ ਤਾਂ ਉਹਨੇ ਉਹਨਾਂ ਦਾ ਰਾਤੋ-ਰਾਤ ਕਤਲ ਕਰਵਾ ਦਿੱਤਾ।

..ਤੁਸੀਂ ਹਿਟਲਰ ਦੀਆਂ ਗੱਲਾਂ ਨਾਲ ਬੋਰ ਹੋ ਹੋਵੋਂ ਤਾਂ ਮੈਂ ਤੁਹਾਨੂੰ ਆਪਣੇ ਜੀਵਨ ਦਾ ਇਕ ਅਨੁਭਵ ਸੁਣਾਉਂਦਾ ਹਾਂ। ਫੌਜ ਵਿੱਚ ਮੇਰੀ ਨੌਕਰੀ ਮਾਮੂਲੀ ਜਿਹੀ ਸੀ। ਪਿੰਡ ਦੇ ਲਿਹਾਜ ਨਾਲ ਇਹ ਵੱਡੀ ਗੱਲ ਸੀ। ਮੈਨੂੰ ਪਤਨੀ-ਬੱਚਿਆਂ ਤੋਂ ਕਈ ਵਾਰ ਦੂਰ ਰਹਿਣਾ ਪੈਂਦਾ ਸੀ। ਮੇਰਾ ਇਕ ਸਾਥੀ ਸੀ ਨਵਲ ਕਿਸ਼ੋਰ ਕੁਲਵੀ। ਅਸੀਂ ਲੋਕ ਖ਼ੂਬ ਮਿਲਦੇ-ਗਿਲਦੇ। ਪਰ ਇਕ ਦਿਨ ਬਹੁਤ ਅਜੀਬ ਗੱਲ ਹੋਈ। ਕੁਲਵੀ ਨੇ ਦੱਸਿਆ ਕਿ ਉਸ ਦੇ ਪੁੱਤ ਦੀ ਊਧਮ ਪੁਰ ਤੋਂ ਸ਼ਿਲੌਂਗ ਦੀ ਬਦਲੀ ਹੋ ਗਈ। ਮੈਂ ਉਥੇ ਕੰਮ ਕਰ ਚੁੱਕਾ ਸਾਂ ਸੋ ਉਸ ਨੇ ਉਥੇ ਜਾਣ ਦਾ ਰਸਤਾ ਪੁੱਛਿਆ। ਮੈਂ ਦੱਸਿਆ ਕਿ ਦੋ ਰਸਤੇ ਹਨ: ਇਕ ਉਹ ਜੋ ਸਿਆਲਦਾ ਐਕਸਪਰੈੱਸ ਫੜ ਕੇ ਜੰਮੂ ਤੋਂ ਲਖਨਊ ਚਲੇ ਜਾਵੇ ਤੇ ਉਥੋਂ ਕਾਮਰੂਪ ਐਕਸਪਰੈੱਸ ਲੈ ਕੇ ਗੋਹਾਟੀ। ਗੋਹਾਟੀ ਤੋਂ ਸ਼ਿਲੌਂਗ ਲਈ ਬੱਸ ਰਾਹੀਂ ਜਾਇਆ ਜਾ ਸਕਦਾ ਹੈ। ਦੂਜਾ ਰਸਤਾ ਦਿੱਲ ਤੋਂ ਹੋ ਕੇ ਜਾਂਦਾ ਹੈ। ਜਾਣੀ ਕਿ ਅਸਾਮ ਮੇਲ ਫੜ ਕੇ ਪਹਿਲਾਂ ਬਰੌਨੀ ਤੇ ਬਰੌਨੀ ਤੋਂ ਮੀਟਰ-ਗੇਜ ਟਰੇਨ ਲੈ ਕੇ ਗੋਹਾਟੀ। ਅਗਲੇ ਦਿਨ ਫਿਰ ਉਸ ਨੇ ਉਹੀ ਸਵਾਲ ਕੀਤਾ। ਮੈਂ ਬੀਤੇ ਦਿਨ ਵਾਲੇ ਜੋਸ਼ ਨਾਲ ਫਿਰ ਦੱਸ ਦਿੱਤਾ। ਪਰ ਤੀਜੇ ਦਿਨ ਨਵਲ ਨੇ ਫਿਰ ਉਹੀ ਸਵਾਲ ਕੀਤਾ ਤਾਂ ਮੈਨੂੰ ਖਿੱਝ ਆ ਗਈ ਕਿ ਇਹ ਕੀ ਤਮਾਸ਼ਾ ਹੈ। ਨਵਲ ਨੇ ਕੁਝ ਨਹੀਂ ਕਿਹਾ ਪਰ ਇਕ ਪਾਸੇ ਲੈ ਜਾ ਕੇ ਦੱਸਿਆ ਕਿ ਉਸ ਦੇ ਇਕ ਧੀ ਤੇ ਤਿੰਨ ਪੁੱਤ ਹਨ। ਤੀਜਾ ਪੁੱਤ ਦੋ ਸਾਲ ਦਾ ਸੀ ਜਦ ਉਸ ਦੀ ਮਾਂ ਦੀ ਮੌਤ ਹੋ ਗਈ ਸੀ। ਇਸ ਲਈ ਆਪਣੇ ਬੱਚੇ ਦੇ ਏਨੀ ਦੂਰ ਜਾਣ ਦੇ ਰਾਹ ਨੂੰ ਕਦੇ ਉਹ ਮਾਂ ਬਣ ਕੇ ਪੁੱਛ ਰਿਹਾ ਸੀ ਤੇ ਕਦੇ ਬਾਪ ਬਣ ਕੇ। ਪਿਛਲੇ ਪੱਚੀ ਸਾਲਾਂ ਤੋਂ ਉਹ ਬੱਚਿਆਂ ਦੀ ਮਾਂ ਤੇ ਬਾਪ ਦੋਨਾਂ ਦਾ ਫਰਜ਼ ਨਿਭਾ ਰਿਹਾ ਸੀ। ਤਿੰਨੇ ਪੁੱਤ ਚੰਗੀ ਤਰ੍ਹਾਂ ਸੈੱਟਲ ਸਨ। ਬੇਟੀ ਇਕ ਬਿਜਨਸ ਘਰਾਣੇ ਵਿੱਚ ਵਿਆਹ ਦਿੱਤੀ।

ਮੈਂ ਸੋਚਣ ਲੱਗਾ ਕਿ ਨਵਲ ਨੇ ਕਿੰਨਾ ਸੰਗਰਸ਼, ਕਿੰਨੀ ਕੁਰਬਾਨੀ ਦਿੱਤੀ ਹੋਵੇਗੀ !

..ਵਿਵੇਕ ਨੂੰ ਲੈ ਕੇ ਇਕ ਵਾਰ ਮੈਂ ਵੀ ਉਸ ਦੇ ਸਕੂਲ ਵਿੱਚ ਗੁੱਸਾ ਖਾ ਗਿਆ ਸਾਂ। ਉਸ ਦੇ ਸਕੂਲ ਤੋਂ ਸ਼ਿਕਾਇਤ ਆਈ ਸੀ। ਮੈਨੂੰ ਬੁਲਾਇਆ ਗਿਆ। ਮੈਂ ਗਿਆ। ਉਹਨਾਂ ਨੇ ਮੈਨੂੰ ਬਹੁਤ ਕੁਝ ਸੁਣਾਇਆ.., ਮੁੰਡਾ ਐਸਾ ਹੈ, ਵੈਸਾ ਹੈ, ਹੋਮ ਵਰਕ ਨਹੀਂ ਕਰਦਾ, ਕੁੱਟ-ਮਾਰ ਕਰਦਾ ਹੈ। ਮੈਂ ਸਭ ਸੁਣਿਆਂ। ਮੁੰਡਾ ਪੜ੍ਹ-ਲਿਖ ਜਾਵੇ, ਇਸ ਤੋਂ ਜ਼ਿਆਦਾ ਮੈਨੂੰ ਹੋਰ ਕੀ ਚਾਹੀਦਾ ਸੀ। ਬਾਕੀ ਚੀਜ਼ਾਂ ਤਾਂ 'ਇੰਮੀਟੀਰੀਅਲ' ਸਨ (ਇਹ ਸ਼ਬਦ ਮੈਂ ਆਪਣੇ ਇਕ ਸੀਨੀਅਰ ਆਤਮਾਰਾਮ ਮੁੱਲਾ ਤੋਂ ਗ੍ਰਹਿਣ ਕੀਤਾ)। ਪਰ ਮਹੀਨੇ ਭਰ ਮਗਰੋਂ ਵਿਵੇਕ ਨੇ ਰੋਂਦੇ ਹੋਏ ਕਲਾਸ-ਟੀਚਰ ਦੀਆਂ ਗੱਲਾਂ ਦੱਸੀਆਂ ਕਿ ਉਹ ਕਿਵੇਂ ਗੱਲ-ਗੱਲ 'ਤੇ ਉਹਨੂੰ ਕਿਵੇਂ ਹਿਊਮੀਲੀਏਟ ਕਰਦੀ ਹੈ, ਕਲਾਸ ਵਿੱਚੋਂ ਬਾਹਰ ਕੱਢ ਦਿੰਦੀ ਹੈ ਤੇ ਹੱਥ ਵੀ ਚੁੱਕਦੀ ਹੈ। ਤਦ ਮੈਂ ਪਹਿਲੀ ਵਾਰ 'ਇੰਮੀਟੀਰੀਅਲ' ਨੂੰ ਮੁਹਰੇ ਰੱਖਦਿਆਂ ਟੀਚਰ ਦੀ ਖ਼ੂਬ ਖ਼ਬਰ ਲਈ। ਉਸ ਦਾ ਨਾਂ ਸੀ ਮਿਸ ਨਾਇਰ। ਉਸ ਦੇ ਰਵੱਈਏ ਨੂੰ ਦੇਖ ਕੇ ਮੈਂ ਸਮਝ ਗਿਆ ਕਿ ਅੱਗੇ ਵੀ ਵਿਵੇਕ ਨੂੰ ਉਥੇ ਪਰੇਸ਼ਾਨੀ ਰਹੇਗੀ। ਹਾਲਾਂ ਕਿ ਸਕੂਲ

ਚੰਗਾ ਸੀ ਫਿਰ ਵੀ ਮੈਂ ਉਹਨੂੰ ਉਥੋਂ ਹਟਾ ਲਿਆ।

..ਸੰਜੀਵ ਜੀ, ਦੁਨੀਆ ਜਾਣਦੀ ਹੈ ਕਿ ਦੂਜਾ ਵਿਸ਼ਵ ਯੁੱਧ ਜੇ ਖਤਮ ਹੋਇਆ ਤਾਂ ਇਸ ਦੇ ਪਿੱਛੇ ਜਪਾਨ ਦੇ ਹੀਰੋਸ਼ੀਮਾ ਤੇ ਨਾਗਾਸਾਕੀ ਦੇ ਸ਼ਹਿਰਾਂ ਉਪਰ ਅਮਰੀਕਾ ਵਲੋਂ ਸੁੱਟੇ ਪ੍ਰਮਾਣੂ ਬੰਬਾਂ ਦਾ ਵੱਡਾ ਹੱਥ ਸੀ। ਅਸਲ ਵਿੱਚ ਇਹ ਗੱਲ ਪੂਰੀ ਤਰ੍ਹਾਂ ਸੱਚ ਨਹੀਂ ਹੈ। ਅਮਰੀਕਾ ਨੇ ਜਪਾਨ ਦੇ ਇਹਨਾਂ ਦੋ ਵੱਡੇ ਸ਼ਹਿਰਾਂ ਉਪਰ ਪ੍ਰਮਾਣੂ ਬੰਬ ਛੇ ਅਗਸਤ, ਉਨੀ ਸੌ ਪੰਜਤਾਲੀ ਨੂੰ ਸੁੱਟੇ ਸਨ ਜਦ ਕਿ ਤੀਹ ਅਪਰੈਲ ਨੂੰ ਹਿਟਲਰ ਨੇ ਜਰਮਨੀ ਦੀ ਕਰਾਰੀ ਹਾਰ ਦੇ ਮੱਦੇਨਜ਼ਰ ਖੁਦਕੁਸ਼ੀ ਕਰ ਲਈ ਸੀ। ਪੰਜ ਮਈ ਨੂੰ ਬਰਲਿਨ ਉਪਰ ਲਾਲ ਫੌਜ ਦਾ ਕਬਜ਼ਾ ਪੂਰਾ ਹੋ ਗਿਆ ਸੀ। ਤਦ ਤਕ ਬਾਗੀਆਂ ਨੇ ਮੁਸੋਲੀਨੀ ਨੂੰ ਫਾਂਸੀ 'ਤੇ ਲਟਕਾ ਦਿੱਤਾ ਸੀ। ਇਸ ਤਿਕੜੀ ਦਾ ਦੂਜਾ ਸਿਤੰਬ ਜਪਾਨ ਬਚਿਆ ਸੀ ਜਿਸ ਤੋਂ ਅਮਰੀਕੀ ਬੰਬਾਰੀ ਨੇ ਆਪਣੀ ਈਨ ਮੰਨਵਾ ਲਈ ਸੀ। ਪਰ ਜਿਹੜੀ ਗੱਲ ਮੈਂ ਦੱਸਣੀ ਚਾਹ ਰਿਹਾ ਹਾਂ ਉਹ ਇਹ ਕਿ ਜੇ ਹਿਟਲਰ ਆਪਣੀ ਯਹੂਦੀ ਗ੍ਰੰਥੀ ਦਾ ਸ਼ਿਕਾਰ ਨਾ ਹੋਇਆ ਹੁੰਦਾ ਤਾਂ ਉਸ ਦੇ ਕੋਲ ਪ੍ਰਮਾਣੂ ਬੰਬ ਬਣਾਉਣ ਦੀ ਸੰਭਾਵਨਾ ਸੀ ਕਿਉਂ ਜਰਮਨੀ ਕੋਲ ਅਜਿਹੀ ਵਿਗਿਆਨ ਸਮਰਥਾ ਤਾਂ ਸੀ। ਇਕ ਜਰਮਨ ਵਿਗਿਆਨਕ ਸਨ ਫਿਲਿਪ ਲੈਨਾਰਡ। ਤੁਸੀਂ ਚੌਂਕ ਕਰਨਾ, ਸ਼ਾਇਦ ਉਸ ਨੂੰ ਉਨੀ ਸੌ ਪੰਜ ਦਾ ਨੋਬਲ ਪੁਰਸਕਾਰ ਵੀ ਮਿਲਿਆ ਹੈ। ਆਪਣੀ ਜਮਾਤ ਤੋਂ ਨਾਜ਼ੀ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਪਹਿਲੇ ਵਿਗਿਅਨਾਕ ਸਨ। ਹਿਟਲਰ ਉਸ ਦਾ ਮੁਰੀਦ ਸੀ। ਤਦ ਤਕ ਆਈਨਸਟਾਈਨ ਦੀ ਥਿਊਰੀ ਔਫ ਰਿਲੈਟਿਵਟੀ ਪ੍ਰਕਾਸ਼ ਵਿੱਚ ਆ ਚੁੱਕੀ ਸੀ ਜਿਸ ਨੇ ਇਸ ਸੰਭਾਵਨਾ ਨੂੰ ਵਿਗਿਆਨਕ ਸੱਚਾਈ ਵਿੱਚ ਬਦਲ ਦਿੱਤਾ ਸੀ ਕਿ ਪ੍ਰਮਾਣੂ ਦੇ ਵਿਸਫੋਟ ਦੇ ਜ਼ਰੀਏ ਮੈਟਰ ਨੂੰ ਉਰਜਾ ਵਿੱਚ ਬਦਲਿਆ ਜਾ ਸਕਦਾ ਹੈ। ਆਖ਼ਰ ਪ੍ਰਮਾਣੂ ਬੰਬ ਉਸੇ ਅਥਾਹ ਉਰਜਾ ਦਾ ਹੀ ਤਾਂ ਇਕ ਰੂਪ ਹੈ। ਆਈਨਸਟਾਈਨ ਕਿਉਂਕਿ ਇਕ ਯਹੂਦੀ ਸੀ ਇਸ ਲਈ ਲੇਨਾਰਡ ਮੁਤਾਬਿਕ ਪ੍ਰਮਾਣੂ ਉਰਜਾ ਦਾ ਸੰਕਲਪ ਯਹੂਦੀਅਤ ਦਾ ਹੀ ਦੂਜਾ ਰੂਪ ਸੀ। ਤੇ ਕੋਈ ਚੀਜ਼ ਯਹੂਦੀਆਂ ਨਾਲ ਜੁੜੀ ਹੋਵੇ ਤਾਂ ਉਸ ਨੂੰ ਹਿਟਲਰ ਕਿਵੇਂ ਬੜ੍ਹਾਵਾ ਦੇ ਸਕਦਾ ਸੀ। ਇਸ ਲਈ ਸਮਰਥਾ ਹੁੰਦੇ ਹੋਏ ਵੀ ਜਰਮਨੀ ਪ੍ਰਮਾਣੂ ਉਰਜਾ ਵੱਲ ਬਹੁਤ ਖੁੰਝ ਕੇ ਅੱਗੇ ਵਧ ਸਕਿਆ।

ਕੋਈ ਯਕੀਨ ਕਰੇਗਾ ਕਿ ਇਕ ਨੋਬਲ ਪੁਰਸਕਾਰ ਨਾਲ ਸਨਮਾਨਿਤ ਵਿਗਿਆਨਕ ਅਜਿਹੀ ਸੋਚ ਰੱਖ ਸਕਦਾ ਹੈ? ਸੋਚੋ, ਕਿਸਮਤ ਆਪਣੇ ਤਰੀਕੇ ਨਾਲ ਕੀ-ਕੀ ਸਾਜ਼ਿਸ਼ਾਂ ਦੋਨੋ ਪਾਸੀਂ ਰਚਦੀ ਹੈ..।

..ਅੱਜ ਮੈਂ ਤੁਹਾਨੂੰ ਇਕ ਜੋਕ ਸੁਣਾਉਂਦਾ ਹਾਂ। ਇਹ ਵੀ ਉਹਨਾਂ ਦਿਨਾਂ ਦਾ ਹੈ ਹਾਲਾਂਕਿ ਉਹਨਾਂ ਦਿਨਾਂ ਵਿੱਚ ਅਜਿਹੇ ਜੋਕਸ ਕਹਿਣਾ ਬਹੁਤ ਖਤਰੇ ਦਾ ਸੌਦਾ ਹੋਇਆ ਕਰਦਾ ਸੀ। ਕਰੂਰ ਸ਼ਾਸਕ ਆਪਣੇ ਉਪਰ ਲੋਕਾਂ ਨੂੰ ਹੱਸਦਿਆਂ ਜਾਂ ਫਿਰ ਲਤੀਫਿਆ ਨੂੰ ਕਿਥੇ ਝੱਲ ਸਕਦਾ ਹੈ।

—ਕਿਸੇ ਯਾਤਨਾ ਕੇਂਦਰ ਵਿੱਚ ਐਸ-ਐਸ ਦੇ ਅਧਿਕਾਰੀ ਨੇ ਇਕ ਕੈਦੀ (ਯਹੂਦੀ) ਨੂੰ ਕਿਹਾ, "ਤੂੰ ਤਾਂ ਅੱਜ ਮਰਨ ਵਾਲਾ ਹੀ ਏਂ ਪਰ ਮੈਂ ਤੈਨੂੰ ਇਕ ਆਖਰੀ ਮੌਕਾ ਦਿੰਦਾਂ ਹਾਂ, ਮੇਰੀ ਇਕ ਅੱਖ ਸ਼ੀਸ਼ੇ ਦੀ ਹੈ, ਤੂੰ ਜੇ ਇਹ ਦੱਸ ਦੇਵੇਂ ਕਿ ਕਿਹੜੀ ਅੱਖ ਹੈ ਤਾਂ ਮੈਂ ਤੈਨੂੰ ਛੱਡ ਸਕਦਾਂ।

ਯਹੂਦੀ ਨੇ ਐਸ-ਐਸ ਅਧਿਕਾਰੀ ਦੀਆਂ ਅੱਖਾਂ ਵਿੱਚ ਦੇਖਿਆ ਤੇ ਕਿਹਾ, "ਸਰ, ਸੱਜੀ।"



"ਸਹੀ ਹੈ, ਤੂੰ ਕਿਵੇਂ ਅੰਦਾਜ਼ਾ ਲਾਇਆ?"

"ਇਸ ਵਾਲੀ ਵਿੱਚ ਥੋੜੀ ਇਨਸਾਨੀਅਤ ਦਿਸਦੀ ਹੈ।" ਉਹਨੇ ਜਵਾਬ ਦਿੱਤਾ।

ਲਤੀਫੇ ਦੀ ਗੱਲ ਜਾਣ ਦਿਓ। ਪਰ ਹਰ ਤਾਨਾਸ਼ਾਹ ਨੂੰ ਕੋਈ ਮਹਿੰਗੀ ਸਨਕ ਜ਼ਰੂਰ ਹੁੰਦੀ ਹੈ ਜਿਸ ਦੀਆਂ ਕਈ ਹਰੱਸਮਈ ਪਰਤਾਂ ਹੁੰਦੀਆਂ ਹਨ ਤੇ ਉਹ ਉਸ ਉਪਰ ਸਖੱਤ ਰਹੱਸਮਈ ਪਰਦੇ ਪਾਈ ਰੱਖਦਾ ਹੈ। ਹਿਟਲਰ ਦੀਆਂ ਵੀ ਕਈ ਸਨ। ਜਿਵੇਂ ਮਰਸਡੀਜ਼ ਗੱਡੀਆਂ ਦਾ ਬਹੁਤ ਸ਼ੌਕੀਨ ਸੀ। ਉਹ ਖੁਦ ਉਹਨਾਂ ਤਾਂ ਅਫੋਰਡ ਨਹੀਂ ਕਰ ਸਕਦਾ ਸੀ ਤਾਂ ਕਾਰੋਬਾਰੀਆਂ ਜਾਂ ਪਰਸੰਸਕਾਂ ਦੇ ਜ਼ਰੀਏ ਭੇਂਟ ਦੇ ਰੂਪ ਵਿੱਚ ਹਾਸਿਲ ਕਰਦਾ ਸੀ। ਸੰਨ ਉਨੀ ਸੌ ਬੀਹ ਦੇ ਦਸ਼ਕ ਵਿੱਚ ਕੁਝ ਹੈਸੀਅਤ ਤਾਂ ਸੀ ਨਹੀਂ। ਬਾਪ-ਦਾਦਾ ਦੀ ਛੱਡੀ ਕੋਈ ਮਲਕੀਅਤ ਸੀ ਨਹੀਂ। ਨੌਕਰੀ ਉਹ ਕਰਦਾ ਨਹੀਂ ਸੀ ਪਰ ਫਿਰ ਵੀ ਸ਼ਾਸ਼ਕ ਬਣਨ ਤੋਂ ਬਹੁਤ ਪਹਿਲਾਂ, ਮਿਊਨਿਖ ਵਿੱਚ ਉਹ ਨੌਂ ਕਮਰਿਆਂ ਦੇ ਘਰ ਵਿੱਚ ਰਹਿੰਦਾ ਸੀ। ਨਿੱਜੀ ਸਚਿਵ ਤੇ ਬਾਡੀ ਗਾਰਡ ਵੀ ਰੱਖਣ ਲੱਗਾ ਸੀ। ਤੇ ਆਮਦਨੀ? ਜ਼ੀਰੋ! ਉਸ ਕੋਲ ਟੈਕਸ ਦਾ ਨੋਟਿਸ ਵੀ ਆਇਆ ਜਿਸ ਦਾ ਉਹ ਕੋਈ ਸਹੀ ਜਵਾਬ ਨਾ ਦੇ ਸਕਿਆ। ਮਰਸਡੀਜ਼ ਦੇ ਬਾਰੇ ਵਿੱਚ ਪੁਛਣ 'ਤੇ ਕਿਹਾ ਕਿ ਉਹ ਬੈਂਕ ਤੋਂ ਕਰਜ਼ਾ ਲੈ ਕੇ ਲਈ ਹੈ ਜਦ ਕਿ ਕਰਜ਼ੇ ਦਾ ਕੋਈ ਪੇਪਰ ਉਸ ਦੀ ਫਾਈਲ ਵਿੱਚ ਨਹੀਂ ਸੀ। ਪਤਾ ਨਹੀਂ ਬਾਅਦ ਵਿੱਚ ਉਸ ਵਿਚਾਰੇ ਇਨਸਪੈਕਟਰ ਦਾ ਕੀ ਹੋਇਆ ਹੋਵੇਗਾ ਜਿਸ ਨੇ ਉਸ ਨੂੰ ਤਲਬ ਕੀਤਾ ਸੀ!

ਹਰ ਤਾਨਾਸ਼ਾਹ ਦੀ ਨਾ ਸਿਰਫ ਯਾਦਾਸ਼ਤ ਚੰਗੀ ਹੁੰਦੀ ਹੈ ਬਲਕਿ ਉਸ ਦਾ ਭਰਪੂਰ ਇਸਤੇਮਾਲ ਦੇ ਤਰੀਕੇ ਵੀ ਜਾਣਦਾ ਹੁੰਦਾ ਹੈ। ਉਹ ਰਾਹ ਵਿੱਚ ਠੋਕਰ ਦੇਣੇ ਵਾਲੇ ਪੱਥਰਾਂ ਨੂੰ ਚੁਣ-ਚੁਣ ਕੇ ਟਿਕਾਣੇ ਲਾਉਂਦਾ ਹੈ। ਉਸ ਦਾ ਬਦਲਾ ਲੈਣ ਦਾ ਸੁਭਾਅ ਸ਼ਾਇਦ ਉਸ ਦੀ ਵਧੀਆ ਯਾਦਾਸ਼ਤ ਕਾਰਨ ਹੀ ਹੈ। ਤੁਹਾਨੂੰ ਕੀ ਲੱਗਦਾ ਹੈ?

..ਓ ਯਾਰ, ਮੈਂ ਰੋਮੇਲ ਦਾ ਇਕ ਕਿੱਸਾ ਤਾਂ ਦੱਸਣਾ ਤਾਂ ਭੁੱਲ ਹੀ ਗਿਆ। ਤੁਹਾਨੂੰ ਪਤਾ ਹੋਏਗਾ ਕਿ ਐਸ-ਐਸ ਦੇ ਗੁਰਗਿਆਂ ਦੀ ਆਪਣੀ ਗੁੰਡਾਗਰਦੀ ਚੱਲਦੀ ਸੀ ਕਿਉਂਕਿ ਉਹਨਾਂ ਦੀ ਪਹੁੰਚ ਸਿੱਧੀ ਹਿਟਲਰ ਤੱਕ ਸੀ। ਕਿਸੇ ਰਿਸ਼ਤੇਦਾਰ ਨੂੰ ਛੱਡਣ ਰੋਮੇਲ ਇਕ ਵਾਰ ਰੇਲਵੇ ਸਟੇਸ਼ਨ ਗਿਆ ਹੋਇਆ ਸੀ। ਓਥੇ ਉਸ ਨੇ ਦੇਖਿਆ ਕਿ ਐਸ-ਐਸ ਦੇ ਲੋਕ ਲੈ ਜਾ ਰਹੇ ਰੂਸੀ ਕੈਦੀਆਂ ਦੀ ਕੁੱਟ-ਮਾਰ ਕਰ ਰਹੇ ਹਨ। ਰੋਮੇਲ ਉਹਨਾਂ ਕੋਲ ਗਿਆ ਤੇ ਉਹਨਾਂ ਨੂੰ ਕੁਟ-ਮਾਰ ਰੋਕਣ ਲਈ ਕਹਿਣ ਲੱਗਾ। ਉਹ ਉਸ ਨੂੰ ਦੇਖ ਕੇ ਬੋਲੇ,

"ਤੁਸੀਂ ਕੌਣ ਹੋ?"

"ਮੈਂ ਇਕ ਜਨਰਲ ਹਾਂ॥"

"ਹੋਵੋਂਗੇ, ਸਾਡਾ ਬੌਸ ਤਾਂ ਹਿਮਲਰ ਹੈ, ਅਸੀਂ ਬਸ ਉਸੇ ਦਾ ਹੁਕਮ ਮੰਨਦੇ ਹਾਂ।"

"ਚੰਗੀ ਗੱਲ ਐ ਪਰ ਤਿੰਨ ਮਿੰਟ ਵਿੱਚ ਤੁਸੀਂ ਲੋਕ ਇਥੋਂ ਦਫਾ ਨਹੀਂ ਹੋਏ ਤਾਂ ਮੈਂ ਤੁਹਾਨੂੰ ਸਾਹਮਣੇ ਵਾਲੇ ਉਸ ਪੇੜ 'ਤੇ ਟੰਗ ਕੇ ਭੁੰਨ ਦੇਵਾਂਗਾ।"

ਐਸ-ਐਸ ਦੇ ਗੁਰਗਿਆਂ ਨੂੰ ਅਜਿਹਾ ਸੁਣਨ ਦੀ ਆਦਤ ਨਹੀਂ ਸੀ ਪਰ ਜਦ ਉਹਨਾਂ ਨੇ ਰੋਮੇਲ ਦੇ ਤੇਵਰ ਦੇਖੇ ਤਾਂ ਹਵਾ ਨਿਕਲ ਗਈ ਤੇ ਉਹ ਸਾਰੇ ਵਾਕਿਆ ਹੀ ਮੈਦਾਨ ਛੱਡ ਗਏ।

ਮੈਨੂੰ ਲੱਗਦਾ ਹੈ ਕਿ ਸਾਡੇ ਇਥੇ ਦੇ ਮੁੰਡੇ ਵੀ ਇਹੋ ਜਿਹੇ ਹੀ ਹੁੰਦੇ ਹਨ, ਅੰਦਰੋਂ ਬੁਜ਼ਦਿਲ। ਕੋਈ ਉਹਨਾਂ ਨੂੰ ਜ਼ਰਾ ਡਰਾ-ਧਮਕਾ ਦੇਵੇ ਤਾਂ ਇਹ ਗਿੱਦੜ ਬਣ ਜਾਂਦੇ ਹਨ, ਗਿੱਦੜ।

ਤੁਹਾਨੂੰ ਕੀ ਲੱਗਦਾ ਹੈ?

..ਸੰਜੀਵ ਜੀ, ਮੈਂ ਦੂਜੇ ਵਿਸ਼ਵ ਯੁੱਧ ਦੀਆਂ ਬਹੁਤ ਸਾਰੀਆਂ ਚੀਜ਼ਾਂ ਪੜ੍ਹੀਆਂ। ਅੱਜ ਵੀ ਮੈਂ ਨਹੀਂ ਸਮਝ ਸਕਦਾ ਤਾਂ ਕਿ ਉਹ ਕਿਉਂ ਹੋਇਆ ਜਾਂ ਕੀ ਉਹ ਰੋਕਿਆ ਜਾ ਸਕਦਾ ਸੀ। ਹਿਟਲਰ ਦੀ ਸਨਕ, ਯਹੂਦੀਆਂ ਪ੍ਰਤੀ ਘਿਰਣਾ ਤੇ ਜਰਮਨੀ ਦੇ ਖੋਲ ਵਿੱਚ ਦੁਨੀਆਂ 'ਤੇ ਆਪਣੀ ਸੱਤਾ ਕਾਇਮ ਕਰਨ ਦੀ ਉਸ ਦੀ ਲਲਕ। ਜੇ ਇਹ ਲੜਾਈ ਏਨੀ ਕੋਹਝੀ ਤੇ ਇਕ ਤਰਫਾ ਨਾ ਹੁੰਦੀ ਤਾਂ ਉਹ ਯੁੱਧ ਜਿੱਤ ਵੀ ਸਕਦਾ ਸੀ। ਪ੍ਰਮਾਣੂ ਬੰਬ ਦਾ ਮੈਂ ਤੁਹਾਨੂੰ ਦੱਸਿਆ ਹੀ ਹੈ। ਇੰਗਲੈਂਡ ਦੇ ਖਿਲਾਫ ਜਰਮਨੀ ਦੀ ਲੜਾਈ ਨੂੰ ਜੇ ਉਹ ਮਹੀਨਾ ਭਰ ਚਲਾਈ ਰਖਦਾ ਤਾਂ ਵੀ ਨਤੀਜਾ ਕੁਝ ਹੋਰ ਹੋ ਸਕਦਾ ਸੀ। ਰੂਸ ਉਪਰ ਹਮਲਾ ਕਰਨ ਵਿੱਚ ਜੇ ਉਸ ਨੇ ਮਹੀਨਾ ਭਰ ਦੀ ਦੇਰੀ ਨਾ ਹੁੰਦੀ ਤੇ ਜੂਨ ਦੀ ਬਜਾਏ ਮਈ ਦੇ ਮਹੀਨੇ ਵਿੱਚ ਹਮਲਾ ਕਰ ਦਿੱਤਾ ਹੁੰਦਾ ਤਾਂ.., ਤਾਂ ਵੀ ਨਤੀਜਾ ਕੁਝ ਹੋਰ ਹੋ ਸਕਦਾ ਸੀ। ਪਰ ਇਹ ਇਤਿਹਾਸ ਦੀਆਂ ਗੱਲਾਂ ਹਨ। ਇਹ ਹੁੰਦਾ ਤਾਂ ਉਹ ਹੁੰਦਾ। ਮੈਂ ਤਾਂ ਇਹ ਦੇਖਿਆ ਕਿ ਹਿਟਲਰ ਦੀ ਤਾਨਾਸ਼ਾਹੀ ਦਾ ਕਾਲ, ਦੁਨੀਆ ਦੇ ਤਾਨਾਸ਼ਾਹਾਂ ਦੇ ਬਾਰੇ ਵਿੱਚ, ਉਹ ਚਾਹੇ ਕਿਤੇ ਵੀ ਹੋਣ ਤੇ ਕਦੇ ਵੀ ਹੋਣ, ਬਹੁਤ ਸਬਕ ਦੇ ਜਾਂਦਾ ਹੈ। ਜਿਵੇਂ ਹਰ ਤਾਨਾਸ਼ਾਹ ਵਿਵਸਥਾ ਨੂੰ ਬਦਲਣ ਦਾ ਸੁਫਨਾ ਮਾਸੂਮ ਜੰਤਾ ਨੂੰ ਦੇਣਾ ਸ਼ੁਰੂ ਕਰਦਾ ਹੈ ਕਿਉਂਕਿ ਉਹ ਹੈਰਾਨ-ਪਰੇਸ਼ਾਨ ਰਹਿੰਦੀ ਹੀ ਹੈ.., ਆਪਣੀਆਂ ਮਾਸੂਮ ਉਮੀਦਾਂ ਦੇ ਚੱਕਰ ਵਿੱਚ ਉਹ ਕਿੰਨਾ ਪਿਸਦੀ-ਕੁੜਦੀ ਹੈ.., ਇਸ ਦੇ ਲਈ ਇਤਿਹਾਸ, ਖਾਸਕਰ ਕੇ ਨਿਕਿਟ-ਇਤਿਹਾਸ, ਨੂੰ ਆਪਣੇ ਤਰੀਕੇ ਨਾਲ ਇਸਤੇਮਾਲ ਕਰਦਾ ਹੈ.., ਸਾਰੀਆਂ ਗਲਤੀਆਂ ਤਾਂ ਜਾ ਚੁੱਕੇ ਲੋਕਾਂ ਨੇ ਕੀਤੀਆਂ। ਉਹ ਜੰਗਲ ਵਿੱਚ ਸ਼ਿਕਾਰ ਕਰਦੇ ਚੀਤੇ ਵਾਂਗ ਆਪਣੀ ਨਿਗਾਹ ਕਿਸੇ ਇਕ ਦੁਸ਼ਮਣ ਉਪਰ ਕੇਂਦਰਿਤ ਕਰਦਾ ਹੈ ਜਿਸ ਨਾਲ ਮਹੌਲ ਬਣਾਉਣ ਵਿੱਚ ਮੱਦਦ ਰਹੇ। ਉਹ ਘੜੇ ਹੋਏ ਤੱਥਾਂ ਦੀ ਆੜ ਵਿੱਚ ਫਰੇਬ ਬੁਣਦਾ ਹੈ ਜਿਸ ਨੂੰ ਉਸ ਦੀ ਲੱਛੇਦਾਰ ਜੁਬਾਨ ਤੇ ਜੋਸ਼ੋ-ਖਰੋਸ਼ ਨਾਲ ਯਕੀਨ ਵਿੱਚ ਲੈ ਲੈਂਦਾ ਹੈ.., ਉਹ ਲਗਾਤਾਰ ਝੂਠ ਬੋਲਦਾ ਹੈ ਤੇ ਝੂਠ ਨੂੰ ਵੱਡੀ ਪੱਧਰ 'ਤੇ ਸੱਚ ਵਾਂਗ ਬੇਸ਼ਰਮੀ ਨਾਲ ਲਗਾਤਾਰ ਪਰੋਸਦਾ ਹੈ ਤੇ ਉਸ ਦੇ ਇਕ ਤਰਫਾ ਸਮਰਥਨ ਦੇ ਲਈ ਉਹ ਪੂਰੀ ਰਾਜਸੀ ਮਸ਼ੀਨਰੀ ਤੇ ਪਰੌਪੋਗੰਡੇ ਦਾ ਇਸਤੇਮਾਲ ਕਰਦਾ ਹੈ.., ਉਹ ਖੁਫੀਆ ਤੰਤਰ ਨੂੰ ਖ਼ੂਬ ਬੜ੍ਹਾਵਾ ਦਿੰਦਾ ਹੈ ਜਿਸ ਨਾਲ ਦੁਸ਼ਮਣਾਂ ਤੇ ਸੰਭਾਵਿਤ ਦੁਸ਼ਮਣਾਂ ਉਪਰ ਨਜ਼ਰ ਰੱਖ ਸਕੇ ਤੇ ਵਕਤ ਆਉਣ 'ਤੇ ਪੂਰੇ ਸੂਚਨਾ-ਜਾਲ ਦਾ ਲੋੜੀਂਦਾ ਇਸਤੇਮਾਲ ਕਰ ਸਕੇ, ਅੰਦਰੋਂ ਕਿਤੇ ਉਹ ਡਰਿਆ ਹੋਇਆ ਵੀ ਹੁੰਦਾ ਹੈ ਕਿ ਕੱਲ ਕਿਤੇ ਲੋਕ ਉਸ ਤੋਂ ਡਰਨਾ ਬੰਦ ਨਾ ਕਰ ਦੇਣ ਇਸ ਲਈ ਉਹ ਹੱਥਠੋਕੇ ਪਾਲਦਾ ਹੈ ਜਿਹਨਾਂ ਨੂੰ ਉਹ ਲਗਾਤਾਰ ਅਡੰਬਰਾਂ ਵਿੱਚ ਲਟਕਾਈ ਉਲਝਾਈ ਰੱਖਦਾ ਹੈ ਜਿਹੜੇ ਆਪਣੀ ਆਤਮਾ ਨੂੰ ਬਹੁਤ ਪਹਿਲਾਂ ਉਸ ਦੇ ਹਵਾਲੇ ਕਰ ਚੁੱਕੇ ਹੁੰਦੇ ਹਨ ਤੇ ਉਹ ਉਸ ਨੂੰ ਹਰ ਵੇਲੇ ਸਰਵ ਸਰੇਸ਼ਠ ਹੋਣ ਦਾ ਦਮ ਭਰਦੇ ਰਹਿੰਦੇ ਹਨ। ਉਸ ਨੂੰ ਯਕੀਨ ਹੁੰਦਾ ਹੈ ਕਿ ਹੇਰਾਫੇਰੀ ਨਾਲ ਅਰਥਵਿਵਸਥਾ ਅੱਗੇ ਵਧਦੀ ਹੈ। ਉਸ ਨੂੰ ਬੁੱਧੀਜੀਵੀਆਂ ਸਮੇਤ ਕਿਤਾਬਾਂ ਤੇ ਗਿਆਨ ਦੇ ਤਮਾਮ ਹਾਸਿਲ ਤੋਂ ਪ੍ਰਹੇਜ਼ ਹੁੰਦਾ ਹੈ.., ਉਹ ਕਿਸੇ 'ਤੇ ਭਰੋਸਾ ਨਹੀਂ ਕਰਦਾ.., ਉਹ ਕਦੇ ਆਪਣੀ ਗਲਤੀ ਸਵੀਕਾਰ ਨਹੀਂ ਕਰਦਾ.., ਆਪਣੀ ਆਤਮਾ ਦੇ ਨਾਲ ਸਭ ਤੋਂ ਵੱਡਾ ਗੁਨਾਹ ਉਹ ਕਰਦਾ ਹੈ ਕਿ ਸੱਤਾ ਦੇ ਨਸ਼ੇ ਵਿੱਚ ਆਪਣੇ ਆਪ ਨੂੰ ਇਕ 'ਆਰਟਿਸਟ' ਕਹਾਉਣਾ ਚਾਹੁੰਦਾ ਹੈ..।

ਤੇ ਹਾਂ, ਉਹ ਵਾਅਦਾ-ਸ਼ਿਕਨ ਹੁੰਦਾ ਹੈ। ਹਿਟਲਰ ਦਾ 'ਓਪਰੇਸ਼ਨ ਬਾਰਬਰੋਸਾ' ਇਸ ਦੀ ਮਿਸਾਲ ਹੈ। ਵਾਅਦਾ ਨਿਭਾਉਣਾ ਕੀ ਹੁੰਦਾ ਹੈ ਇਸ ਬਾਰੇ ਸਾਡੇ ਹਿਮਾਚਲ ਵਿੱਚ ਇਕ ਲੋਕ



ਕਥਾ ਹੈ;

ਇਕ ਸੇਠ ਦੀ ਕੁੜੀ ਨੂੰ ਗੁਰੂ ਜੀ ਪੜ੍ਹਾਇਆ ਕਰਦੇ ਸਨ। ਕੁਝ ਸਮੇਂ ਬਾਅਦ ਲੜਕੀ ਦਾ ਰਿਸ਼ਤਾ ਤੈਅ ਹੋ ਗਿਆ। ਓਧਰ ਉਸ ਦੀ ਸਿਖਿਆ ਪੂਰੀ ਹੋਣ ਨੂੰ ਆਈ ਤਾਂ ਉਸਨੇ ਆਪਣੇ ਗੁਰੂ ਜੀ ਤੋਂ ਗੁਰੂ-ਦੱਖਣਾ ਦੇ ਲਈ ਪੁੱਛਿਆ। ਗੁਰੂ ਜੀ ਨੇ ਕਿਹਾ ਕਿ ਜੇ ਉਹ ਵਾਕਿਆ ਹੀ ਕੁਝ ਦੇਣਾ ਚਾਹੁੰਦੀ ਹੈ ਤਾਂ ਵਿਆਹ ਤੋਂ ਬਾਅਦ ਪਹਿਲੀ ਰਾਤ ਉਸ ਦੇ ਨਾਲ਼ ਗੁਜ਼ਾਰੇ। ਕੁੜੀ ਬਹੁਤ ਚੰਗੀ ਸ਼ਾਗਿਰਦ ਸੀ। ਉਹ ਜ਼ਰਾ ਝਿਜਕੀ ਪਰ ਬੋਲੀ ਕੁਝ ਨਹੀਂ। ਜਦ ਉਸ ਦੀ ਸ਼ਾਦੀ ਹੋ ਗਈ ਤੇ ਪਤੀ ਦੇ ਘਰ ਪੁੱਜੀ ਤਾਂ ਉਸ ਨੇ ਗੁਰੂ-ਦੱਖਣਾ ਵਾਲੀ ਗੱਲ ਆਪਣੇ ਪਤੀ ਨੂੰ ਦੱਸੀ। ਪਤੀ ਨੇ ਕਿਹਾ ਕਿ ਗੁਰੂ ਨੇ ਤੈਨੂੰ ਏਨਾ ਗਿਆਨ ਦਿੱਤਾ ਹੈ ਤਾਂ ਤੈਨੂੰ ਉਸ ਦੀ ਮੰਗੀ ਗੁਰੂ-ਦੱਖਣਾ ਜ਼ਰੂਰੀ ਦੇਣੀ ਚਾਹੀਦੀ ਹੈ। ਕੁੜੀ ਉਸੇ ਰਾਤ ਗੁਰੂ ਜੀ ਦੇ ਘਰ ਜਾਣ ਲਈ ਤੁਰ ਪਈ। ਰਾਹ ਵਿੱਚ ਉਸ ਨੂੰ ਇਕ ਚੀਤਾ ਮਿਲਿਆ ਜੋ ਉਸ ਨੂੰ ਖਾ ਜਾਣਾ ਚਾਹੁੰਦਾ ਸੀ। ਕੁੜੀ ਨੇ ਚੀਤੇ ਨੂੰ ਕਿਹਾ ਕਿ ਉਹ ਆਪਣੇ ਗੁਰੂ ਜੀ ਕੋਲ ਜਾ ਰਹੀ ਹੈ, ਥੋੜ੍ਹੀ ਦੇਰ ਵਿੱਚ ਮੁੜ ਆਵੇਗੀ, ਤੱਦ ਖਾ ਲੈਣਾ। ਚੀਤਾ ਮੰਨ ਗਿਆ। ਉਸ ਤੋਂ ਬਾਅਦ ਅੱਗੇ ਸ਼ੇਰ ਮਿਲਿਆ। ਸ਼ੇਰ ਨੇ ਵੀ ਉਹਨੂੰ ਖਾ ਜਾਣ ਦੀ ਗੱਲ ਕੀਤੀ। ਕੁੜੀ ਨੇ ਉਸ ਨੂੰ ਵੀ ਗੁਰੂ ਜੀ ਕੋਲ ਜਾਣ ਤੋਂ ਬਾਅਦ ਮੁੜਦੇ ਵਕਤ ਖਾ ਜਾਣ ਦੀ ਗੱਲ ਕੀਤੀ। ਸ਼ੇਰ ਮੰਨ ਗਿਆ। ਅੰਤ ਵਿੱਚ ਉਸ ਨੂੰ ਸੱਪ ਮਿਲਿਆ। ਉਹਨੂੰ ਵੀ ਕੁੜੀ ਨੇ ਉਹੀ ਗੱਲ ਕਹੀ। ਅਖੀਰ ਵਿੱਚ ਉਹ ਗੁਰੂ ਜੀ ਦੇ ਘਰ ਪੁੱਜ ਗਈ। ਤੇ ਕਿਹਾ ਕਿ ਅੱਜ ਉਸ ਦੇ ਵਿਆਹ ਦੀ ਪਹਿਲੀ ਰਾਤ ਹੈ ਜਿਸ ਨੂੰ ਉਹ ਗੁਰੂ-ਦੱਖਣਾ ਦੇ ਰੂਪ ਵਿੱਚ ਜਿਵੇਂ ਉਹਨਾਂ ਨੇ ਚਾਹਿਆ ਸੀ, ਉਹਨਾਂ ਦੇ ਕੋਲ ਆਈ ਹੈ। ਗੁਰੂ ਜੀ ਨੇ ਉਹਨੂੰ ਗਲ਼ ਨਾਲ ਲਾ ਲਿਆ ਤੇ ਅਸ਼ੀਰਵਾਦ ਦਿੱਤਾ ਤੇ ਕਿਹਾ ਕਿ ਉਹ ਸਿਰਫ ਉਸ ਦਾ ਇਮਤਿਹਾਨ ਲੈ ਰਹੇ ਸਨ। ਆਪਣੀ ਸ਼ਾਗਿਰਦ ਨਾਲ ਉਹ ਇਵੇਂ ਕਿਵੇਂ ਕਰ ਸਕਦੇ ਸਨ ? ਉਹਨਾਂ ਨੇ ਤੋਹਫੇ ਦੇ ਕੇ ਕੁੜੀ ਨੂੰ ਵਿਦਾ ਕੀਤਾ। ਕੁੜੀ ਤੁਰ ਪਈ। ਮੁੜਦੇ ਵਕਤ ਰਾਹ ਵਿੱਚ ਪਹਿਲਾਂ ਉਹਨੂੰ ਸੱਪ ਮਿਲਿਆ। ਵਾਅਦੇ ਮੁਤਾਬਿਕ ਕੁੜੀ ਨੇ ਉਹਨੂੰ ਡੰਗ ਮਾਰਨ ਲਈ ਕਿਹਾ। ਸੱਪ ਨੇ ਕਿਹਾ ਕਿ ਉਸ ਦੇ ਜਾਣ ਤੋਂ ਬਾਅਦ ਉਸ ਨੂੰ ਇਕ ਵੱਡਾ ਆਂਡਾ ਲੱਭ ਗਿਆ ਸੀ ਜਿਸ ਨਾਲ ਉਸ ਦਾ ਪੇਟ ਭਰ ਗਿਆ। ਹੁਣ ਉਹ ਉਸ ਨੂੰ ਨਹੀਂ ਡੰਗੇਗਾ। ਇਵੇਂ ਹੀ ਸ਼ੇਰ ਨੂੰ ਹਿਰਨ ਮਿਲ ਗਿਆ ਸੀ ਤੇ ਚੀਤੇ ਨੂੰ ਬਕਰਾ। ਕਿਸੇ ਜਾਨਵਰ ਨੇ ਉਹਨੂੰ ਹੱਥ ਨਹੀਂ ਲਾਇਆ ਤੇ ਉਹ ਸੁਰੱਖਿਅਤ ਆਪਣੇ ਪਤੀ ਕੋਲ ਪੁੱਜ ਗਈ।

ਹੁਣ ਸਵਾਲ ਹੈ ਕਿ ਉਹਨਾਂ ਵਿੱਚੋ ਸਭ ਤੋਂ ਵੱਡਾ ਕੌਣ ?

ਮੇਰੇ ਖਿਆਲ ਵਿੱਚ ਤਾਂ ਸਭ ਤੋਂ ਜ਼ਿਆਦਾ ਬੜੱਪਨ ਉਹਦੇ ਪਤੀ ਦਾ ਸੀ ਜਿਸ ਨੇ ਗੁਰੂ ਜੀ ਨੂੰ ਦਿੱਤੇ ਵਾਅਦਾ ਦਾ ਏਨਾ ਸਨਮਾਨ ਕੀਤਾ।

ਕਿੱਥੇ ਇਸ ਲੋਕ-ਕਥਾ ਦੀ ਕੁੜੀ ਦਾ ਵਾਅਦਾ ਤੇ ਕਿੱਥੇ ਹਿਟਲਰ ਦੇ ਵਾਅਦੇ ? ਪਹਿਲਾਂ ਕਰਕੇ ਕੀਤੇ ਇਕਰਾਰਨਾਮੇ ਦੇ ਬਾਵਜੂਦ ਦੋ ਸਾਲ ਵਿੱਚ ਉਸ ਨੇ ਸੰਨ ਇਕਤਾਲੀ ਵਿੱਚ ਰੂਸ ਉਪਰ ਹਮਲਾ ਕਰ ਦਿੱਤਾ। ਉਸ ਨੇ ਸੋਚਿਆ ਸੀ ਜਿਵੇਂ ਹਾਥੀ ਕੀੜੀਆਂ ਦੇ ਢੇਰ ਨੂੰ ਲਤਾੜਦਾ ਹੋਇਆ ਚਲੇ ਜਾਂਦਾ ਹੈ ਉਵੇਂ ਹੀ ਉਹ ਰੂਸ ਨੂੰ ਲਤਾੜ ਦੇਵੇਗਾ। ਪਰ ਉਹ ਭੁੱਲ ਗਿਆ ਕਿ ਆਖਰੀ ਕੀੜੀਆਂ ਦੀ ਪਲਟਨ ਹਾਥੀ ਨੂੰ ਖਾ ਜਾਂਦੀ ਹੈ।

***

ਵਿਵੇਕ ਦੇ ਫੋਨ ਤੋਂ ਬਾਅਦ ਇਹੋ ਸਭ ਸੀ ਜੋ ਮੈਂ ਦੇਰ ਤਕ ਯਾਦ ਕਰਦਾ ਰਿਹਾ। ਮੈਨੂੰ

ਸੱਚਮੁਚ ਕਦੇ ਏਨੀ ਫੁਰਸਤ ਨਹੀਂ ਮਿਲੀ ਕਿ ਦੂਜੇ ਵਿਸ਼ਵ ਯੁੱਧ ਨੂੰ ਲੈ ਕੇ ਉਸ ਦੀਆਂ ਪਰਤਾਂ ਖੋਜਾਂ, ਉਸ ਦੇ ਹੋਣ ਜਾਂ ਨਾ ਹੋਣ ਦੀਆਂ ਸੰਭਾਵਨਾਵਾਂ ਨੂੰ ਲੈ ਕੇ ਚਿੰਤਨ ਕਰਾਂ। ਮੈਨੂੰ ਆਪਣੀ ਕੰਪਨੀ, ਜੋ ਗਲੋਬਲਾਈਜੇਸ਼ਨ ਦੀ ਆੜ ਵਿੱਚ ਲਗਾਤਾਰ ਆਪਣੇ ਵਜੂਦ ਦੇ ਲਈ ਛਟਪਟਾ ਰਹੀ ਸੀ, ਜਿਸ ਵਿੱਚ ਪੰਜ ਸੌ ਤੋਂ ਜ਼ਿਆਦਾ ਲੋਕ ਕੰਮ ਕਰ ਰਹੇ ਸਨ, ਜਿਸ ਵਿੱਚ ਸੱਤ ਸੌ ਕਰੋੜ ਤੋਂ ਜ਼ਿਆਦਾ ਦਾ ਨਿਵੇਸ਼ ਫਸਿਆ ਹੋਇਆ ਸੀ, ਮੈਂ ਉਸੇ ਨੂੰ, ਤੇ ਖੁਦ ਨੂੰ ਵੀ, ਬਚਾਉਣ ਲਈ ਆਪਣੀ ਮਾਮੂਲੀ ਜਿਹੀ ਭੂਮਿਕਾ ਨਿਭਾਉਣ ਵਿੱਚ ਲੱਗਾ ਹੋਇਆ ਸੀ। ਮੈਂ ਹਰ ਤਰੀਕੇ ਨਾਲ ਕੁਝ ਨਾ ਕੁਝ ਜੁਗਾੜ ਕਰਨ ਵਿੱਚ ਰਹਿੰਦਾ। ਜੀ ਹਾਂ, ਕਾਰੋਬਾਰ ਨੂੰ ਬਚਾਉਣ ਲਈ ਤਰ੍ਹਾਂ-ਤਰ੍ਹਾਂ ਦੇ ਜੁਗਾੜ ਵੀ ਕਰਨੇ ਪੈਂਦੇ ਹਨ ਜੋ ਮੈਂ ਲਗਾਤਾਰ ਕਰਨੇ ਲਈ ਬਚਨਬੱਧ ਸਾਂ। ਪਰ ਅੱਜ, ਹੁਣ ਇਕ ਫੋਨ ਕਾਲ ਨੇ ਮੈਨੂੰ ਜਿਵੇਂ ਬਿਲਕੁਲ ਖਾਲੀ ਕਰ ਦਿੱਤਾ ਸੀ। ਮੇਰਾ ਹੋਰ ਕੁਝ ਕਰਨ ਦਾ ਮਨ ਨਹੀਂ ਸੀ। ਜਦ-ਕਦੇ 'ਅ, ਆ, ਉ" ਕਰਦੇ ਤੇ ਹੱਥ ਵਿੱਚ ਇਕ ਹੈਂਡ ਟਾਵਲ ਲਈ ਇਕ ਬੁੱਢੇ ਸੱਜਣ ਦੀ ਸੋਹਬਤ ਦੇ ਦ੍ਰਿਸ਼ ਚੇਤੇ ਆਈ ਜਾ ਰਹੇ ਸਨ ਜੋ ਸਿਰਫ ਪਤਾ ਨਹੀਂ ਕਿਸ ਸਨਕ ਦੇ ਤਹਿਤ, ਮੈਨੂੰ ਦੂਜੇ ਵਿਸ਼ਵ ਯੁਧ ਬਾਰੇ ਵਿੱਚ ਸਿਖਾਉਣ ਵਿੱਚ ਲੱਗੇ ਰਹਿੰਦੇ। ਮੇਰੀ ਉਸ ਪ੍ਰਕਾਸ਼ਿਤ ਕਹਾਣੀ ਵਿੱਚ ਫਾਸਿਜ਼ਮ ਦਾ ਜ਼ਿਕਰ ਬਹੁਤ ਪੇਤਲੇ ਕਿਸਮ ਦਾ ਹੀ ਸੀ। ਪਰ ਉਹਨਾਂ ਦੀ ਡਾਇਰੀ ਦੀਆਂ ਬੇਤਰਤੀਬ ਗੱਲਾਂ ਦੇ ਮੱਦੇਨਜ਼ਰ ਮੈਨੂੰ ਲੱਗਾ ਕਿ ਸ਼ਾਇਦ ਇਸ ਮੁਲ ਵਿੱਚ ਅਸੀਂ ਫਾਸਿਜ਼ਮ ਨੂੰ ਕੁਝ ਜ਼ਿਆਦਾ ਹੀ ਆਸਾਨੀ ਨਾਲ ਇਨਵੋਕ ਕਰ ਲੈਂਦੇ ਹਾਂ। ਅਲਬੱਤਾ ਵਿਲੀਅਮ ਸ਼ਿਰਰ ਤੇ ਅਲਰਬਟ ਸਪੀਅਰ ਦੇ ਇਲਾਵਾ ਕੋਈ ਅੱਧੀ ਦਰਜਨ ਦੂਜੀਆਂ ਕਿਤਾਬਾਂ ਨੂੰ ਫੁਰਸਤ ਮਿਲਣ 'ਤੇ ਹੁਣ ਮੈਨੂੰ ਪੜ੍ਹਨਾ ਲਾਜ਼ਮੀ ਹੋ ਗਿਆ ਸੀ ਕਿਉਂਕਿ ਪੰਚਮ ਪਰਮਾਰ ਨੇ ਕਈ ਵਾਰ ਮੈਨੂੰ ਸਲਾਹ ਦਿੱਤੀ ਸੀ ਕਿ ਮੈਂ ਏਨਾ ਤਾਂ ਜ਼ਰੂਰ ਕਰਾਂ।

ਮੈਂ ਆਪਣਾ ਕੰਪਿਊਟਰ ਸ਼ੱਟ ਡਾਊਨ ਕੀਤਾ ਤੇ ਇਕ ਤਬੀਅਤ ਠੀਕ ਨਾ ਹੋਣ ਦੇ ਮਾਮੂਲੀ ਬਹਾਨਾ ਬਣਾ ਕੇ ਘਰ ਚਲੇ ਗਿਆ।

***

ਪਰ ਘਰ ਪੁੱਜ ਕੇ ਮੈਂ ਦੇਖਿਆ ਕਿ ਇਕ ਜਾਣੀ-ਪੱਛਾਣੀ ਲਿਖਾਵਟ ਵਿੱਚ ਮੇਰੇ ਨਾਂ ਕੋਰੀਅਰ ਰਾਹੀਂ ਆਇਆ ਇਕ ਲਿਫਾਫਾ ਪਿਆ ਸੀ। ਭੇਜਣ ਵਾਲੇ ਦੇ ਨਾਂ ਬਗੈਰ, ਉਸ ਘਮੇਟੇਦਾਰ, ਜ਼ਰਾ ਕੱਚੀ-ਪੱਕੀ ਲਿਖਾਵਟ ਨੂੰ ਪੱਛਾਨਣ ਵਿੱਚ ਮੈਨੂੰ ਕੋਈ ਦਿੱਕਤ ਨਾ ਹੋਈ। ਮੈਂ ਕੰਬਦੇ ਹੋਏ ਦਿਲ ਨਾਲ ਉਸ ਨੂੰ ਖੋਲ੍ਹਿਆ ਤੇ ਦੇਖਿਆ ਕਿ ਉਹ ਉਸੇ ਨੀਲੀ ਡਾਇਰੀ ਦੇ ਵਿੱਚੋਂ ਨਿਕਲੇ ਕਾਗਜ਼ਾਂ ਦਾ ਪੁਲੰਦਾ ਸੀ। ਨੀਲੀ ਡਾਇਰੀ ਉਹਨਾਂ ਨੇ ਮਕਾਨ ਬਦਲਦੇ ਸਮੇਂ ਮੈਨੂੰ ਇਹ ਕਹਿ ਕੇ ਦੇ ਫੜਾ ਦਿੱਤੀ ਸੀ ਕਿ ਹੁਣ ਇਹ ਮੇਰੀ ਸੌਗਾਤ ਹੈ। ਸ਼ਾਇਦ ਮੈਂ ਇਸੇ ਹੁਣ ਕਦੇ ਪੜ੍ਹਨਾ ਚਾਹਾਂ। ਮੈਂ ਘਰ ਆ ਕੇ ਦੂਜਾ ਕੁਝ ਕੀਤੇ ਬਿਨਾਂ ਸੋਫੇ ਉਪਰ ਪਸਰ ਗਿਆ ਤੇ ਹੌਸਲਾ ਕਰਕੇ ਉਹਨਾਂ ਕਾਗਜ਼ਾਂ ਉਪਰ ਅੱਖਾਂ ਗੱਡ ਲਈਆਂ..।

...ਪਿਆਰੇ ਸੰਜੀਵ ਜੀ, ਜਦ ਇਹ ਚਿੱਠੀ ਮਿਲੇਗੀ ਤਾਂ ਮੈਂ ਇਸ ਦੁਨੀਆ ਤੋਂ ਜਾ ਚੁੱਕਾ ਹੋਵਾਂਗਾ। ਮੈਂ ਇਸ ਦੁਨੀਆ ਤੋਂ ਛੇ ਮਹੀਨੇ ਪਹਿਲਾਂ ਹੀ ਚਲੇ ਜਾਂਦਾ ਪਰ ਮੈਨੂੰ ਤੁਹਾਡੀ ਸੋਹਬਤ ਮਿਲ ਗਈ ਤੇ ਤੁਸੀਂ ਮੇਰੀ ਉਮਰ ਦੀ ਮੋਹਲਤ ਵਧਾ ਦਿੱਤੀ। ਇਸ ਦੇ ਲਈ ਮੈਂ ਤੁਹਾਡਾ ਰਿਣੀ ਹਾਂ। ਮੇਰੇ ਅੰਦਰ ਬਹੁਤ ਕੁਝ ਸੀ ਜਿਸ ਨੂੰ ਮੈਂ ਕਿਸੇ ਸਮਝ ਸਕਣ ਵਾਲੇ ਵਿਅਕਤੀ ਨਾਲ ਵੰਡਣਾ ਚਾਹੁੰਦਾ ਸਾਂ। ਤੁਹਾਡੇ ਤੋਂ ਵਧੀਆ ਸਮਝਦਾਰ ਕੌਣ ਹੋ ਸਕਦਾ ਹੈ ?



ਮੈਨੂੰ ਤੁਹਾਡੀ ਉਹ ਕਹਾਣੀ ਤੁਹਾਡੇ ਤੱਕ ਪੁੱਜਣ ਦਾ ਇਕ ਜ਼ਰੀਆ ਲੱਗੀ। ਸ਼ਾਇਦ ਲੇਖਣੀ ਦਾ ਹਾਸਿਲ ਵੀ ਇਹੋ ਹੁੰਦਾ ਹੈ ਕਿ ਉਹ ਅਣਗਿਣਤ ਸੰਭਾਵਨਾਵਾਂ ਨਾਲ ਲੈਸ ਹੁੰਦੀ ਹੈ। ਅਣਜਾਣ ਕੋਨਿਆਂ-ਖੂੰਜਿਆਂ ਤੱਕ ਜਾਣ ਦਾ ਦਾ ਮਾਦਾ ਰੱਖਦੀ ਹੈ। ਮੈਂ ਤੁਹਾਨੂੰ ਦੂਜੇ ਵਿਸ਼ਵ ਯੁੱਧ ਦੇ ਬਹੁਤ ਸਾਰੇ ਮਾਲੂਮਾਤ ਦੱਸੇ ਜਿਹਨਾਂ ਨੂੰ ਤੁਸੀਂ ਪਤਾ ਨਹੀਂ ਕਿੰਨਾ ਜਾਣ-ਪਰਖ ਪਾਏ। ਆਖਿਰ ਹਰ ਲੇਖ ਉਸ ਦੇ ਸਾਹਮਣੇ ਪਰੋਸੇ ਤੱਥਾਂ ਨੂੰ ਆਪਣੇ ਤਰੀਕੇ ਨਾਲ ਪਰਖਣ ਲਈ ਸੁਤੰਤਰ ਹੁੰਦਾ ਹੈ। ਹੋ ਸਕਦਾ ਹੈ ਕਿ ਮੈਂ ਭਾਵਨਾ ਦੇ ਵਹਾਅ ਵਿੱਚ ਕੁਝ ਗੈਰ-ਜ਼ਰੂਰੀ ਚੀਜ਼ਾਂ ਵੀ ਲਿਖ ਦਿੱਤੀਆਂ ਹੋਣ। ਤੁਸੀਂ ਲੋਕ ਜਿਸ ਨੂੰ ਪਹਿਲਾ ਡਰਾਫਟ ਕਹਿੰਦੇ ਹੋ, ਉਹ ਸਭ ਉਹੀ ਤਾਂ ਸੀ। ਪਰ ਇਸ ਖਤ ਦੇ ਮੈਂ ਤੁਹਾਨੂੰ ਕੁਝ ਅਜਿਹੇ ਸੱਚ ਤੇ ਕੁਝ ਥੋੜੇ ਜਿਹੇ ਝੂਠਾਂ ਬਾਰੇ ਵਿੱਚ ਦੱਸਣਾ ਚਾਹੁੰਦਾ ਹਾਂ ਜੋ ਮੈਂ ਤੁਹਾਨੂੰ ਦਿੱਤੀ ਹੋਈ ਨੀਲੀ ਡਾਇਰੀ ਵਿੱਚ ਲਿਖੇ ਸਨ। ਉਹਨਾਂ ਦੀ ਇਕ ਮਜਬੂਰੀ ਸੀ। ਪਿਛਲੇ ਹਫਤੇ ਸਾਡੇ ਮਕਾਨ ਬਦਲ ਕੇ ਤੁਹਾਡੇ ਗਵਾਂਢ ਵਿੱਚੋਂ ਚਲੇ ਜਾਣ ਤੋਂ ਬਾਅਦ ਮੈਨੂੰ ਲੱਗਾ ਕਿ ਮੈਨੂੰ ਤੁਹਾਨੂੰ ਉਹਨਾਂ ਝੂਠਾਂ ਤੇ ਕੁਝ ਦੂਜੇ ਸੱਚਾਂ, ਬਾਰੇ ਦੱਸਣਾ ਚਾਹੀਦਾ ਹੈ। ਮੈਂ ਕਿਤੇ ਪੜ੍ਹਿਆ ਸੀ, ਆਪਣੇ ਜਾਣ ਬੁੱਝ ਕੇ ਘੜੇ ਹੋਏ ਝੂਠਾਂ ਦਾ ਬੋਝ ਆਤਮਾ ਬਰਦਾਸ਼ਤ ਨਹੀਂ ਕਰਦੀ, ਇਸ ਲਈ ਉਹ ਭਟਕਦੀ ਰਹਿੰਦੀ ਹੈ। ਇਹ ਖਤ ਮੇਰਾ ਕੰਨਫੈਸ਼ਨ ਸਮਝੋ..।

ਪਹਿਲਾ ਝੂਠ ਤਾਂ ਮੇਰੀ ਜੁਬਾਨ ਕਿਵੇਂ ਚਲੇ ਗਈ। ਨਹੀਂ, ਉਹ ਕੋਈ ਮੋਟਰ ਹਾਦਸਾ ਨਹੀਂ ਸੀ ਜਿਵੇਂ ਮੈਂ ਤੁਹਾਨੂੰ ਦੱਸਿਆ ਸੀ। ਉਹ ਹਾਦਸਾ ਮੇਰੇ ਘਰ ਵਿੱਚ ਹੋਇਆ ਸੀ। ਮੇਰੀ ਪਤਨੀ ਜਾਣੀ ਕਿ ਵਿਵੇਕ ਦੀ ਮਾਂ ਦੇ ਨਾਲ। ਉਹ ਤੇਈ ਫਰਬਰੀ ਸੰਨ ਦੋ ਹਜ਼ਾਰ ਦਸ ਵਿੱਚ ਹੋਇਆ ਸੀ। ਜਾਣੀ ਕਿ ਜਦ ਮੇਰੀ ਪਤਨੀ, ਜਾਣੀ ਕਿ ਤੁਹਾਡੇ ਗਵਾਂਢੀ ਵਿਵੇਕ ਦੀ ਮਾਂ ਦੀ ਮੌਤ ਹੋਈ। ਮੌਤ ਹੋਈ ਕਹਿਣਾ ਗਲਤ ਹੋਵੇਗਾ ਕਿਉਂਕਿ ਉਹ ਹੱਤਿਆ ਸੀ ! ਤੇ ਹਤਿਆਰਾ ਕੌਣ ? ਵਿਵੇਕ ਦੀ ਪਤਨੀ। ਜੀ, ਉਹੀ ਗਾਰਗੀ ਜੋ ਸ਼ਾਲੀਨਤਾ ਨਾਲ ਕਈ ਵਾਰ ਤੁਹਾਨੂੰ ਮੁਸਕ੍ਰਾ ਕੇ ਨਮਸਕਾਰ ਕਰਦੀ ਰਹੀ ਹੈ। ਜੋ ਅੰਗਰੇਜ਼ੀ ਭਾਸ਼ਾ ਦੇ ਜ਼ਰੀਏ ਕਿਸੇ ਵੀ ਮਹਿਫਲ ਵਿੱਚ ਆਪਣਾ ਸਿੱਕਾ ਜਮਾ ਦਿੰਦੀ ਹੈ। ਜੋ ਆਡਨ, ਟੈਨੀਸਨ ਤੇ ਰਿਲਕੇ ਦੀਆਂ ਕਵਿਤਾਵਾਂ ਦੇ ਮਾਰਮਿਕ ਅੰਸ਼ਾਂ ਦੀ ਮਾਰਫਤ ਮਿਲਣ-ਗਿਲਣ ਵਾਲਿਆਂ ਦੇ ਵਿਚਕਾਰ ਬਹੁਤ ਸੰਜੀਦਾ ਮੰਨੀ ਜਾਂਦੀ ਹੈ, ਜੋ ਸਿਮੋਨਾ ਦਾ ਬਾਊਵਾ ਦੇ ਇਸਤਰੀਵਾਦੀ ਜ਼ੁਲਮਾਂ ਨੂੰ ਨੀਂਦ ਵਿੱਚੋਂ ਉਠ ਕੇ ਸੁਣ ਸਕਦੀ ਹੈ। ਜੀ ਹਾਂ, ਉਹਨੇ ਹੀ, ਉਸ ਨੂੰ ਜ਼ਹਿਰ ਦਿੱਤਾ ਸੀ। ਅੱਜਕੱਲ ਬਾਜ਼ਾਰ ਵਿੱਚ ਕਿੰਨੀ ਅਸਾਨੀ ਨਾਲ ਸਭ ਮਿਲ ਜਾਂਦਾ ਹੈ। ਕਾਕਰੋਚ ਮਾਰਨ ਲਈ, ਕੁੱਤਿਆਂ ਦੀਆਂ ਜੂੰਆਂ ਨੂੰ ਮਾਰਨ ਲਈ। ਉਹਨੇ ਮਰਨੇ ਤੋਂ ਪਹਿਲਾਂ ਤੜਫ ਤੇ ਛਪਪਟਾਹਟ ਦੇ ਉਹਨਾਂ ਪੰਜ-ਸੱਤ ਪਲਾਂ ਵਿੱਚ ਜੇ ਰੁਕ-ਰੁਕ ਕੇ ਨਾ ਦੱਸਿਆ ਹੁੰਦਾ ਤਾਂ ਬਾਕੀ ਸਭ ਵਾਂਗ ਮੈਂ ਵੀ ਉਹਨੂੰ ਦਿਲ ਦਾ ਦੌਰ ਸਮਝ ਕੇ ਹੋਣੀ ਨੂੰ ਦੋਸ਼ ਦੇ ਕੇ ਸਬਰ ਕਰ ਲੈਂਦਾ। ਪਰ ਮੈਨੂੰ ਪਤਾ ਲੱਗ ਗਿਆ ਤੇ ਉਸੇ ਦਾ ਇਹ ਨਤੀਜਾ ਹੋਇਆ ਕਿ ਮੈਨੂੰ ਉਸੇ ਵੇਲੇ ਉਹ ਬ੍ਰੇਨਸਟ੍ਰੋਕ ਹੋਇਆ ਜਿਸ ਨੂੰ ਮੈਡੀਕਲ ਦੀ ਭਾਸ਼ਾ ਵਿੱਚ ਅਫੇਸੀਆ ਕਹਿੰਦੇ ਹਨ। ਮੇਰੀ ਜੀਵਨ ਸੰਗਣੀ, ਮੇਰੀ ਜਾਨਕੀ ਚਲੀ ਗਈ, ਆਪਣੇ ਹੀ ਘਰ ਦੇ ਇਕ ਜੀਅ ਦੇ ਹੱਥੋਂ। ਹੌਲੀ-ਹੌਲੀ ਅਸੀਂ ਇਕ ਦੂਜੇ ਦਾ ਸਹਾਰਾ ਬਣਦੇ ਜਾ ਰਹੇ ਸਾਂ। ਪਰ ਜੋ ਹੋਣਾ ਸੀ ਉਹ ਹੋ ਗਿਆ ਸੀ। ਮੈਨੂੰ ਵੀ ਤੇ ਮੇਰੀ ਪਤਨੀ ਨੂੰ ਵੀ। ਵੈਸੇ ਤਾਂ ਇਸ ਲਾਇਕ ਬਚਿਆ ਨਹੀਂ ਸੀ ਪਰ ਹੁਣ ਜੇ ਇਸ ਨੂੰ ਲੈ ਕੇ ਹੰਗਾਮਾ ਵੀ ਕੀ ਖੜ੍ਹਾ ਕਰਦਾ ਤਾਂ ਕੀ ਕਰਦਾ। ਅਸੀਂ ਹਿਮਾਂਚਲ ਦੇ ਲੋਕ ਬੁਨਿਆਦੀ ਤੌਰ 'ਤੇ ਬਹੁਤ ਸ਼ਾਂਤੀ ਪੰਸਦ, ਜਿਹਨੂੰ ਕੁਝ ਲੋਕ ਯਥਾਸਿਥਤਿਵਾਦੀ ਵੀ ਕਹਿੰਦੇ ਹਨ, ਤੇ ਬੁਜ਼ਦਿਲ ਹੁੰਦੇ ਹਾਂ। ਇਹ

ਬੁਜ਼ਦਿਲੀ ਦੇਖਿਆ ਜਾਵੇ ਤਾਂ ਸਾਡੇ ਸੰਸਕਾਰਾਂ ਦਾ ਹਿੱਸਾ ਹੈ। ਤੁਸੀਂ ਹਿਮਾਂਚਲ ਦੀਆਂ ਲੋਕ ਕਥਾਵਾਂ ਪੜ੍ਹ ਲਵੋ, ਉਹਨਾਂ ਵਿੱਚ ਦੇਵੀ-ਦੇਵਤਿਆਂ ਦੀ ਏਨੀ ਭਰਮਾਰ ਹੈ ਕਿ ਲੋਕਾਂ ਦੀ ਉਮਰ ਉਹਨਾਂ ਨੂੰ ਸ਼ਾਂਤ ਤੇ ਖੁਸ਼ ਕਰਨ ਵਿੱਚ ਨਿਕਲ ਜਾਂਦੀ ਹੈ। ਤੇ ਉਹ ਵੀ ਜਾਣਦੇ ਹਨ। ਇਸੇ ਵਿੱਚ ਦੋਨਾਂ ਦੀ ਮਜ਼ੇ ਨਾਲ ਨਿਭ ਜਾਂਦੀ ਹੈ। ਤੁਸੀਂ ਹਿਡੰਬਾ ਦੇ ਬਾਰੇ ਵਿੱਚ ਸੁਣਿਆਂ ਹੋਏਗਾ, ਸਾਡੇ ਉਥੇ ਦੇ ਰਾਖਸ਼ ਵੀ ਬਹੁਤ ਨਰਮ ਦਿਲ ਮਿਲਣਗੇ।

ਪਰ ਕੋਈ ਤਾਂ ਵਜਾਹ ਹੋਣੀ ਚਾਹੀਦੀ ਹੈ ਜਾਂ ਹੋਏਗੀ ਕਿ ਘਰ ਦੀ ਬਹੂ ਆਪਣੀ ਸੱਸ ਦੀ ਜਾਨ ਲੈ ਲਵੇ ? ਮੈਂ ਬਹੁਤ ਸੋਚਿਆ, ਆਪਣੀਆਂ ਯਾਦਾਂ ਦੇ ਘੋੜੇ ਵੀ ਦੁੜਾਏ ਕਿ ਅਜਿਹਾ ਕੀ ਕਿਹਾ ਜਾਂ ਕੀਤਾ ਹੋਏਗਾ ਕਿ ਮੇਰੀ ਜਾਨਕੀ ਨੇ ਕਿ ਉਸ ਨੂੰ ਜ਼ਹਿਰ ਨਾਲ ਮਰਨਾ ਪਿਆ। ਮੈਨੂੰ ਕੋਈ ਖਾਸ ਕਾਰਨ ਯਾਦ ਨਹੀਂ ਆਇਆ। ਜਾਨਕੀ ਨੇ ਇਕ ਵਾਰ ਵੈਸੇ ਮੇਰੇ ਕੋਲ ਜ਼ਿਕਰ ਕੀਤਾ ਸੀ ਕਿ ਗਾਰਗੀ ਨੂੰ ਪੁੱਛੇ ਬਿਨਾਂ ਜਦ ਉਸ ਨੇ ਫਰਿੱਜ ਵਿੱਚੋਂ ਦਹੀਂ ਜਾਂ ਅਜਿਹਾ ਹੀ ਕੁਝ ਆਪਣੇ ਖਾਣੇ ਲਈ ਕੱਢ ਲਿਆ ਸੀ ਤਾਂ ਉਹਨੇ ਜਾਨਕੀ ਨੂੰ ਘੰਡੀ ਫੜ ਲਿਆ ਸੀ। ਤੁਹਾਨੂੰ ਸ਼ਾਇਦ ਨਾ ਪਤਾ ਹੋਵੇ ਕਿ ਗਾਰਗੀ ਦੇ ਮਾਤਾ-ਪਿਤਾ ਉਸ ਦੇ ਬਚਪਨ ਵਿੱਚ ਹੀ ਇਸ ਦੁਨੀਆ ਤੋਂ ਚਲੇ ਗਏ ਸਨ ਜਿਵੇਂ ਹਿਟਲਰ ਦੇ ਚਲੇ ਗਏ ਸਨ। ਗਾਰਗੀ ਦੀ ਦੇਖਭਾਲ ਉਸ ਦੇ ਮਾਮੇ ਦੇ ਘਰ ਹੋਈ ਸੀ ਜੋ ਕਿ ਇਕ ਸੇਬਾਂ ਦੇ ਬਾਗ ਵਿੱਚ ਕੰਮ ਕਰਦਾ ਸੀ। ਇਹ ਬਗੀਚਾ ਬਹੁਤ ਪਹਿਲਾਂ ਇਕ ਇਸਾਈ ਮਿਸ਼ਨਰੀ, ਸਿਸਟਰ ਸਟੋਕ ਨੇ ਲੁਆਇਆ ਸੀ ਜਿਹਨੂੰ ਉਹਦੀ ਪੋਤੀ ਸੰਭਾਲ ਰਹੀ ਸੀ। ਆਪਣੇ ਮਾਮੇ ਦੇ ਘਰ ਹੀ ਅਸੀਂ ਗਾਰਗੀ ਨੂੰ ਦੇਖਿਆਂ ਸੀ, ਵਿਵੇਕ ਨੂੰ ਵੀ ਕੁੜੀ ਪਸੰਦ ਆਈ। ਪਰ ਵਿਵੇਕ ਦੀ ਮਾਂ ਨੂੰ ਉਹ ਓਨਾ ਨਹੀਂ ਸੀ ਜਚੀ। ਹੋ ਸਕਦਾ ਹੈ ਆਪਣੇ ਆਈ.ਆਈ.ਟੀ. ਪੜ੍ਹੇ ਇਨਜੀਨੀਅਰ ਪੁੱਤ ਨੂੰ ਲੈ ਕੇ ਉਸ ਦੀਆਂ ਉਮੀਦਾਂ ਜ਼ਿਆਦਾ ਹੋਣਗੀਆਂ। ਮੈਂ ਸਮਝਾਇਆ ਕਿ ਆਪਣੇ ਇਕਲੌਤੇ ਪੁੱਤ ਦਾ ਮਾਮਲਾ ਹੈ, ਉਹਦੀ ਪਸੰਦ, ਸਾਡੀ ਪਸੰਦ ਹੈ। ਖ਼ੈਰ, ਵਿਆਹ ਹੋ ਗਿਆ ਤੇ ਵਿਵੇਕ ਆਪਣੀ ਪਤਨੀ ਨੂੰ ਲੈ ਕੇ ਗਾਜ਼ੀਆਬਾਦ ਚਲੇ ਗਿਆ, ਜਿਥੇ ਉਹਨਾਂ ਦਿਨਾਂ ਵਿੱਚ ਇਕ ਵੱਡੀ ਫਰਮ ਵਿੱਚ ਉਸ ਦੀ ਨੌਕਰੀ ਸੀ। ਤੁਹਾਨੂੰ ਯਕੀਨ ਨਹੀਂ ਹੋਵੇਗਾ ਕਿ ਅਗਲੇ ਦਸ ਸਾਲਾਂ ਵਿੱਚ ਵਿਵੇਕ ਕੇਵਲ ਦੋ ਵਾਰ ਸਾਨੂੰ ਮਿਲਣ ਹਿਮਾਂਚਲ ਆਇਆ। ਪਹਿਲਾਂ ਤਾਂ ਖ਼ੈਰ ਮੇਰੀ ਨੌਕਰੀ ਸੀ ਪਰ ਬਾਅਦ ਵਿੱਚ ਮੈਂ ਰਿਟਇਰਮੈਂਟ ਤੋਂ ਬਾਅਦ ਵੀ ਮੈਨੂੰ ਚਾਰ ਸਾਲ ਹੋ ਗਏ ਤੇ ਮੈਂ ਆਪਣੇ ਇਕਲੌਤੇ ਪੁੱਤ ਨੂੰ ਨਹੀਂ ਮਿਲ ਸਕਿਆ। ਮੈਂ ਇਕ ਵਾਰ ਥੋੜਾ ਡਾਂਟ-ਡਪਟ ਕੇ ਕਹਿ ਦਿੱਤਾ ਕਿ ਅਸੀਂ ਬੁੱਢੇ ਹੋ ਰਹੇ ਹਾਂ, ਕਈ ਪਰੇਸ਼ਾਨੀਆਂ ਦਸਤਕ ਦੇਣ ਲੱਗੀਆਂ ਹਨ ਤਾਂ ਉਹ ਤਿੰਨ ਸਾਲ ਬਾਅਦ ਇਕ ਦਿਨ ਲਈ ਆਇਆ। ਉਹਨੇ ਸਾਫ ਕਹਿ ਦਿੱਤਾ ਕਿ ਗਾਰਗੀ ਸਾਨੂੰ ਮਿਲਣ ਸਾਡੇ ਪਿੰਡ ਕੋਟਗੜ ਨਹੀਂ ਆਵੇਗੀ। ਜਦ ਮੈਂ ਵਜਾਹ ਪੁੱਛੀ ਤਾਂ ਕਾਫੀ ਨਾਂਹ-ਨੁੱਕਰ ਤੋਂ ਬਾਅਦ ਉਹਨੇ ਆਪਣੀ ਮਾਂ ਜਾਣੀ ਕਿ ਜਾਨਕੀ ਨੂੰ ਇਸ ਦਾ ਕਾਰਨ ਦੱਸਿਆ।

"ਤੇਰੀ ਮਾਂ ? ਉਹਨੇ ਕੀ ਕੀਤਾ ?" ਮੈਂ ਪੁੱਛਿਆ।

ਉਹਨੇ ਹਿੰਮਤ ਕਰਕੇ ਦੱਸਿਆ ਕਿ ਇਹ ਤਾਂ ਵਿਆਹ ਤੋਂ ਪਹਿਲਾਂ ਹੀ ਜ਼ਾਹਿਰ ਹੋ ਗਿਆ ਸੀ। ਮੈਂ ਕੁਝ ਨਾ ਬੋਲਿਆ। ਕੀ ਬੋਲਿਆ ਜਾ ਸਕਦਾ ਸੀ ? ਕਿੰਨੀ ਪੁਰਾਣੀ ਤੇ ਮਾਮੂਲੀ ਗੱਲ ਜਿਹਨੂੰ ਯਾਦ ਕਰਨ ਲਈ ਵੀ ਮੈਨੂੰ ਜ਼ੋਰ ਲਾਉਣਾ ਪਿਆ।

ਪਰ ਇਕ ਵਕਤ ਆਇਆ ਜਦ ਮੇਰੀ ਪਤਨੀ ਨੂੰ ਇਲਾਜ ਲਈ ਮੁੰਬਈ ਲਿਆਉਣਾ ਪਿਆ, ਇਥੇ ਵਿਵੇਕ ਇਕ ਮਲਟੀ-ਨੈਸ਼ਨਲ ਵਿੱਚ ਸੀਨੀਅਰ ਪੋਜੀਸ਼ਨ ਜੁਆਇਨ ਕਰ ਚੁੱਕਾ



ਸੀ। ਮੇਰੀ ਪਤਨੀ ਦੀਆਂ ਅੱਖਾਂ ਲਗਭਗ ਚਲੇ ਗਈਆਂ ਸਨ ਜਿਸ ਦਾ ਕਾਰਨ ਸਾਨੂੰ ਪਤਾ ਚਲਿਆ ਕਿ ਜੁਨੈਟਿਕ-ਡਿਸਔਰਡਰ ਸੀ। ਦੇਰ ਹੋ ਚੁੱਕੀ ਸੀ ਪਰ ਮੁੰਬਈ ਰਹਿ ਕੇ ਉਸ ਦੀਆਂ ਅੱਖਾਂ ਦੀ ਰੌਸ਼ਨੀ ਵਾਪਸ ਆਉਣ ਦੀ ਇਕ ਸੰਭਾਵਨਾ ਸੀ। ਮੈਂ ਤਾਂ ਆਪਣੀ ਪੈਨਸ਼ਨ ਦੇ ਸਹਾਰੇ ਹਿਮਾਂਚਲ ਵਿੱਚ ਆਪਣੇ ਕੁਝ ਦੋਸਤਾਂ ਨਾਲ ਰਹਿਣ ਲਈ ਤਿਆਰ ਸੀ ਪਰ ਇਹ ਗੱਲ ਵਿਵੇਕ ਨੂੰ ਮਨਜ਼ੂਰ ਨਹੀਂ ਸੀ। ਸ਼ਾਇਦ ਇਸ ਲਈ ਕਿ ਮੁੰਬਈ ਵਿੱਚ ਹਿਮਾਂਚਲੀ ਲੋਕਾਂ ਦੀ ਇਕ ਵੱਖਰੀ ਸਮੁਦਾਏ ਹੈ। ਉਸ ਨੂੰ ਫਜ਼ੂਲ ਬਦਨਾਮੀ ਦਾ ਡਰ ਸੀ। ਪਰ ਇਹ ਸਿਲਸਿਲਾ ਡੇਢ ਸਾਲ ਤੋਂ ਵੱਧ ਨਹੀਂ ਚੱਲਿਆ। ਬਾਕੀ ਤਾਂ ਮੈਂ ਤੁਹਾਨੂੰ ਦੱਸ ਹੀ ਦਿੱਤਾ।

ਮੈਂ ਆਪਣੇ ਬਾਰੇ ਸੋਚਿਆ ਕਿ ਖੁਦਕੁਸ਼ੀ ਕਰ ਲਵਾਂ ਪਰ ਮੈਂ ਦੱਸਿਆ ਨਾ, ਅਸੀਂ ਹਿਮਾਂਚਲੀ ਲੋਕ ਬੁਜ਼ਦਿਲ ਹੁੰਦੇ ਹਾਂ। ਜਾਂ ਸ਼ਾਇਦ ਇਸਦੀ ਵਜਾਹ ਇਹ ਵੀ ਹੋ ਸਕਦੀ ਹੈ ਕਿ ਵਿਵੇਕ ਦੇ ਘਰ ਸਾਲ ਪਹਿਲਾਂ ਇਕ ਧੀ ਨੇ ਜਨਮ ਲਿਆ ਸੀ, ਜਿਸ ਨੂੰ ਮੈਂ ਵਿਵੇਕ ਦੀ ਮਾਂ ਦੇ ਪੁਨਰ-ਜਨਮ ਦੇ ਰੂਪ ਵਿੱਚ ਦੇਖਣ ਲੱਗਾ ਸੀ। ਇਹਨਾਂ ਦਿਨਾਂ ਵਿੱਚ ਮੈਂ ਖੁਦ ਨਾਲ ਰਹਿ-ਰਹਿ ਕੇ ਇਹ ਸਵਾਲ ਕਰਦਾ ਰਹਿੰਦਾ ਕਿ ਕੀ ਇਕ ਮਾਮੂਲੀ ਵਜਾਹ ਕਾਰਨ ਕੋਈ ਕਿਸੇ ਨਾਲ ਇੰਨੀ ਨਫਰਤ ਕਰ ਸਕਦਾ ਹੈ ਕਿ ਜ਼ਹਿਰ ਦੇ ਦੇਵੇ ? ਮੈਨੂੰ ਕੁਝ ਸਮਝ ਨਹੀਂ ਆਉਂਦਾ ਸੀ। ਹਿਮਾਂਚਲ ਦੇ ਇਕ ਮੇਰੇ ਪੁਰਾਣੇ ਸਾਥੀ ਨਵਲ ਕਿਸ਼ੋਰ ਕੁਲਵੀ ਦਾ ਸ਼ਾਇਦ ਤੁਹਾਨੂੰ ਦਿੱਤੀ ਹੋਈ ਡਾਇਰੀ ਵਿੱਚ ਜ਼ਿਕਰ ਕੀਤਾ ਸੀ। ਉਹਦੇ ਨਾਲ ਮੈਂ ਫੋਨ 'ਤੇ ਗੱਲ ਕੀਤੀ। ਉਸ ਨੇ ਮੈਨੂੰ ਕੁਝ ਕਿਤਾਬਾਂ ਵਿੱਚ ਮਨ ਲਗਾਉਣ ਲਈ ਕਿਹਾ ਤੇ ਕੁਝ ਕਿਤਾਬਾਂ ਵੀ ਲਿਖਵਾ ਦਿੱਤੀਆਂ। ਜਦ ਮੈਂ ਨੌਕਰੀ ਵਿੱਚ ਸਾਂ ਤਾਂ ਬਹੁਤਾ ਪੜ੍ਹਦਾ ਨਹੀਂ ਸੀ। ਮੈਂ ਬਹੁਤ ਪੜ੍ਹਾਈ ਨਹੀਂ ਸੀ ਕੀਤੀ। ਇਲੈਕਟ੍ਰੀਕਲ ਵਿੱਚ ਡਿਪਲੋਮਾ ਕਰਨ ਤੋਂ ਬਾਅਦ ਜਦ ਮੈਂ ਫੌਜ ਵਿੱਚ ਨੌਕਰੀ ਮਿਲ ਗਈ ਤਦ ਤਾਂ ਪੜ੍ਹਨਾ ਬਿਲਕੁਲ ਹੀ ਬੰਦ ਹੋ ਗਿਆ। ਪਰ ਜਦ ਮੈਂ ਨਵਲ ਕਿਸ਼ੋਰ ਦੀਆਂ ਦੱਸੀਆਂ ਤੇ ਬਾਅਦ ਵਿੱਚ ਕੁਝ ਹੋਰ ਕਿਤਾਬਾਂ ਨੂੰ ਪੜ੍ਹਨਾ ਸ਼ੁਰੂ ਕੀਤਾ ਤਾ ਪਤਾ ਲੱਗਾ ਕਿ ਕਿਤਾਬਾਂ ਦਾ ਕਿੰਨਾ ਵੱਡਾ ਦਾਇਰਾ ਹੁੰਦਾ ਹੈ, ਜਾਂ ਉਹ ਕਿਸੇ ਨੂੰ ਕਿੰਨਾ ਮਜਬੂਤ ਸਹਾਰਾ ਦੇ ਸਕਦੀਆਂ ਹਨ। ਮੈਂ ਜਿਥੇ ਆਪਣੇ ਨਿੱਜੀ ਦੁੱਖ ਦੀ ਪੱਛਾਣ ਕਰ ਰਿਹਾ ਸਾਂ ਓਥੇ ਮੈਨੂੰ ਲੱਖਾਂ ਲੋਕਾਂ ਦੇ ਅਥਾਹ ਤੇ ਬਿਖਰੇ ਹੋਏ ਦਰਦ ਨੇ ਮੈਨੂੰ ਦਿਲਾਸਾ ਦਿੱਤਾ। ਮੈਂ ਹਿਟਲਰ ਦੀ ਆਤਮਕਥਾ ਵੀ ਪੜ੍ਹੀ। ਪਰ ਉਸ ਦੀ ਨਫਰਤ ਦੀ ਤਾਂ ਇਕ ਵਜਾਹ ਸੀ ਚਾਹੇ ਸਹੀ ਜਾਂ ਗਲਤ ਹੋ ਸਕਦੀ ਸੀ ਪਰ ਨਫਰਤ ਕਰਨ ਵਾਲੇ ਨੂੰ ਤਾਂ ਉਸ ਵਿੱਚ ਯਕੀਨ ਸੀ।

" 'ਮੇਰਾ ਸੰਘਰਸ਼' ਤਾਂ ਉਸ ਦੀ ਨਸਲੀ ਨਫਰਤ ਦਾ ਫਲਸਫਾ ਹੈ, ਇਹ ਆਤਮਕਥਾ ਤਾਂ ਹੈ ਹੀ ਨਹੀਂ।" ਮੈਂ ਇਕ ਵਾਰ ਨਵਲ ਕਿਸ਼ੋਰ ਤੋਂ ਜਾਨਣਾ ਚਾਹਿਆ ਤਾਂ ਉਹਨੇ, ਜਿਵੇਂ ਅਸੀਂ ਹਿਮਾਂਚਲੀ ਲੋਕਾਂ ਵਿੱਚ ਹੁੰਦਾ ਹੈ, ਮੈਨੂੰ ਇਕ ਕਥਾ ਸੁਣਾ ਦਿੱਤੀ। ਉਸ ਨੇ ਕਿਹਾ ਕਿ ਇਹ ਕਲਯੁੱਗ ਦਾ ਅਸਰ ਹੈ।

'ਬਣਵਾਸ ਵੇਲੇ ਇਕ ਵਾਰ ਕੁੰਤੀ ਨੂੰ ਪਿਆਸ ਲੱਗੀ ਤਾਂ ਯੁਧਿਸ਼ਟਰ ਨੇ ਸਹਿਦੇਵ ਨੂੰ ਪਾਣੀ ਲਿਆਉਣ ਭੇਜਿਆ। ਉਹ ਪਨਘਟ 'ਤੇ ਪੁੱਜਾ ਤਾਂ ਉਥੇ ਤਿੰਨ ਬਾਉਲ਼ੀਆਂ ਸਨ। ਪਹਿਲੀ ਬਾਉਲ਼ੀ ਵਿੱਚੋ ਪਾਣੀ ਉਛਲ ਕੇ ਤੀਜੀ ਬਾਉਲ਼ੀ ਵਿੱਚ ਜਾ ਵੜਿਆ ਤੇ ਫਿਰ ਤੀਜੀ ਬਾਉਲ਼ੀ ਵਿੱਚੋਂ ਉਛਲ ਕੇ ਪਹਿਲੀ ਬਾਉਲ਼ੀ ਵਿੱਚ ਚਲੇ ਗਿਆ। ਵਿਚਕਾਰਲੀ ਬਾਉਲ਼ੀ ਖਾਲੀ ਸੀ। ਉਹ ਪਾਣੀ ਭਰਨ ਲੱਗਾ ਤਾਂ ਵਿਚਕਾਰਲੀ ਬਾਉਲ਼ੀ ਨੇ ਸਹਿਦੇਵ ਤੋਂ ਸਵਾਲ ਪੁੱਛਿਆ,

"ਦੱਸੋ, ਮੈਂ ਵਿਚਕਾਰ ਰਹਿ ਕੇ ਕਿਉਂ ਸੁਖੀ ਹਾਂ ?" ਸਹਿਦੇਵ ਨੂੰ ਕੋਈ ਜਵਾਬ ਨਹੀ

ਆਇਆ ਤੇ ਉਹ ਉਥੇ ਖੜ੍ਹਾ ਹੋ ਗਿਆ।

ਕਾਫੀ ਦੇਰ ਤਕ ਜਦ ਸਹਿਦੇਵ ਨਹੀਂ ਮੁੜਿਆ ਤਾਂ ਯੁਧਿਸ਼ਟਰ ਨੇ ਨਕੁਲ ਨੂੰ ਪਾਣੀ ਲੈਣ ਭੇਜਿਆ। ਨਕੁਲ ਨੂੰ ਰਾਹ ਵਿੱਚ ਇਕ ਗਾਂ ਦਿਸੀ ਜੋ ਆਪਣੀ ਹੀ ਜਨਮੀ ਬੱਛੜੀ ਦਾ ਦੁੱਧ ਪੀ ਰਹੀ ਸੀ। ਨਕੁਲ ਉਥੇ ਹੀ ਖੜ੍ਹਾ ਹੋ ਗਿਆ ਤਾਂ ਬੱਛੜੀ ਨੇ ਉਸ ਤੋਂ ਸਵਾਲ ਪੁੱਛਿਆ, "ਮੈਂ ਇਸ ਗਾਂ ਦੀ ਜਨਮੀ ਬੱਛੜੀ ਹਾਂ ਤਾਂ ਮੈਨੂੰ ਇਹਦਾ ਦੁੱਧ ਪੀਣਾ ਚਾਹੀਦਾ ਜਾਂ ਇਹਨੂੰ ਮੇਰਾ?" ਨਕੁਲ ਕੋਈ ਜਵਾਬ ਨਾ ਦੇ ਸਕਿਆ ਤੇ ਉਹ ਵੀ ਉਥੇ ਹੀ ਖੜ੍ਹਾ ਹੋ ਗਿਆ।

ਜਦ ਦੇਰ ਤਕ ਨਕੁਲ ਨਹੀਂ ਮੁੜਿਆ ਤਾਂ ਇਸ ਵਾਰ ਅਰਜੁਨ ਨੂੰ ਭੇਜਿਆ। ਅਰਜੁਨ ਨੇ ਰਾਹ ਵਿੱਚ ਦੇਖਿਆ ਇਕ ਘਾਹੀ ਘਾਹ ਦੀ ਗੱਠ ਬੰਨ ਰਿਹਾ ਸੀ। ਉਸ ਤੋਂ ਉਹ ਗੱਠ ਉਠਾਈ ਨਹੀਂ ਸੀ ਜਾ ਰਹੀ। ਘਾਹੀ ਨੇ ਕੁਝ ਹੋਰ ਘਾਹ ਖੋਤਿਆ ਤੇ ਉਹ ਵੀ ਗੱਠ ਵਿੱਚ ਬੰਨ ਲਿਆ। ਘਾਹ ਨੇ ਅਰਜੁਨ ਨੂੰ ਸਵਾਲ ਕੀਤਾ, "ਦੱਸੋ, ਜਦ ਪਹਿਲਾਂ ਹੀ ਗੱਠ ਭਾਰੀ ਸੀ ਤਾਂ ਘਾਹੀ ਨੂੰ ਗੱਠ ਵਿੱਚੋਂ ਘਾਹ ਕੱਢ ਦੇਣੀ ਚਾਹੀਦੀ ਸੀ ਪਰ ਉਹਨੇ ਉਹਦੇ ਵਿੱਚ ਹੋਰ ਬੰਨ ਲਈ, ਕਿਉਂ?" ਅਰਜੁਨ ਨੂੰ ਕੋਈ ਜਵਾਬ ਨਹੀਂ ਆਇਆ ਤੇ ਉਹ ਉਥੇ ਹੀ ਖੜ੍ਹਾ ਹੋ ਗਿਆ।

ਇਸ ਵਾਰ ਭੀਮ ਪਾਣੀ ਲੈਣ ਭੇਜਿਆ ਗਿਆ ਤਾਂ ਰਾਹ ਵਿੱਚ ਉਹਨੇ ਦੇਖਿਆ ਕਿ ਇਕ ਖੇਤ ਦੇ ਚਾਰੇ ਪਾਸੇ ਲੱਗੀ ਬਾੜ ਖੇਤ ਦੀ ਫਸਲ ਖਾ ਰਹੀ ਸੀ। ਭੀਮ ਉਥੇ ਰੁਕਿਆ ਤਾਂ ਫਸਲ ਨੇ ਸਵਾਲ ਕੀਤਾ, "ਦੱਸੋ, ਜਦ ਬਾੜ ਨੂੰ ਫਸਲ ਬਚਾਉਣ ਲਈ ਲਾਇਆ ਗਿਆ ਸੀ ਤਾਂ ਖੁਦ ਹੀ ਫਸਲ ਨੂੰ ਕਿਉਂ ਖਾਈ ਜਾ ਰਹੀ ਹੈ?" ਭੀਮ ਨੂੰ ਕੋਈ ਜਵਾਬ ਨਹੀਂ ਆਇਆ ਤੇ ਉਹ ਉਥੇ ਖੜ੍ਹਾ ਹੋ ਗਿਆ।

ਜਦ ਕੋਈ ਵੀ ਭਰਾ ਪਾਣੀ ਲੈ ਕੇ ਨਹੀਂ ਮੁੜਿਆ ਤਾਂ ਯੁਧਿਸ਼ਟਰ ਖੁਦ ਚਲ ਪਿਆ। ਪਹਿਲਾਂ ਭੀਮ ਮਿਲਿਆ। ਉਹਨੇ ਯੁਧਿਸ਼ਟਰ ਤੋਂ ਫਸਲ ਦੇ ਸਵਾਲ ਦਾ ਜਵਾਬ ਜਾਨਣਾ ਚਾਹਿਆ। ਯੁਧਿਸ਼ਟਰ ਨੇ ਕਿਹਾ ਕਿਹਾ ਕਿ 'ਇਹ ਕਲਯੁੱਗ ਦੀ ਸ਼ੁਰੂਆਤ ਹੈ, ਬਾੜ ਦੇ ਫਸਲ ਨੂੰ ਖਾਣ ਦਾ ਮਤਲਬ ਹੈ ਦੇਸ਼ ਦੇ ਰਖਿਅੱਕ ਹੀ ਲੋਕਾਂ ਦੇ ਖੂਨ-ਪਸੀਨਾ ਦੀ ਕਮਾਈ ਰਿਸ਼ਵਤ ਦੇ ਰੂਪ ਵਿੱਚ ਖਾਣਗੇ।' ਜਦ ਉਹ ਅਰਜੁਨ ਦੇ ਕੋਲ ਗਿਆ ਤਾਂ ਉਸ ਦੇ ਸਵਾਲ ਦਾ ਯੁਧਿਸ਼ਟਰ ਨੇ ਉੱਤਰ ਦਿੱਤਾ ਕਿ 'ਇਹ ਕਲਯੁੱਗ ਦੀ ਸ਼ੁਰੂਆਤ ਹੈ। ਲੋਕ ਲਾਲਚ ਵਿੱਚ ਆਪਣੀਆਂ ਜ਼ਰੂਰਤਾ ਨੂੰ ਘੱਟ ਕਰਨ ਦੀ ਬਜਾਏ ਕਰਜ਼ ਲੈ ਕੇ ਉਹਨਾਂ ਨੂੰ ਵਧਾਉਣਗੇ।' ਨਕੁਲ ਦੇ ਸਵਾਲ ਦਾ ਉਸ ਨੇ ਜਵਾਬ ਦਿੱਤਾ ਕਿ 'ਕਲਯੁੱਗ ਵਿੱਚ ਮਾਂ ਆਪਣੀ ਧੀ ਦੀ ਕਮਾਈ ਉਪਰ ਜਿਉਂਦੀ ਰਹਿਣ ਬਾਰੇ ਸੋਚੇਗੀ।' ਸਹਿਦੇਵ ਦੇ ਸਵਾਲ ਦੇ ਜਵਾਬ ਤੇ ਯੁਧਿਸ਼ਟਰ ਨੇ ਸਮਝਾਇਆ ਕਿ 'ਕਲਯੁੱਗ ਵਿੱਚ ਲੋਕ ਆਪਣੇ ਰਿਸ਼ਤੇ-ਨਾਤਿਆਂ ਨੂੰ ਛੱਡ ਕੇ, ਦੂਜੇ ਪਰਾਇਆਂ ਦੇ ਨਾਲ ਮੇਲ-ਜੋਲ ਕਰਨਗੇ।'

..ਸੰਜੀਵ ਸੀ, ਮੈਨੂੰ ਇਹ ਕੱਚੀਆਂ-ਪੱਕੀਆਂ ਕਹਾਣੀਆਂ ਗਰੀਬਾਂ-ਅਨਪੜ੍ਹਾਂ ਦੇ ਮਨ ਬਹਿਲਾਉਣ ਦਾ ਜ਼ਰੀਆ ਲਗਦੀਆਂ ਸਨ ਪਰ ਮੁੰਬਈ ਵਿੱਚ ਆਪਣੇ ਮੁੰਡੇ ਦੇ ਪਰਿਵਾਰ ਨਾਲ ਰਹਿੰਦਿਆਂ ਮੈਂ ਦੇਖਿਆ ਕਿ ਇਹ ਕਿੰਨੀ ਵੱਡੀ ਗੱਲ ਕਹਿ ਗਈਆਂ ਹੁੰਦੀਆਂ ਹਨ। ਇਕ ਹੋਰ ਹਾਦਸਾ ਵੀ ਹੋਇਆ, ਹਾਲਾਂਕਿ ਕੁਝ ਨਾ ਕੁਝ ਤਾਂ ਰੋਜ਼ਾਨਾ ਹੁੰਦਾ ਹੀ ਰਹਿੰਦਾ ਸੀ।

ਮੈਂ ਤੁਹਾਨੂੰ ਦੱਸਿਆ ਸੀ ਕਿ ਵਿਵੇਕ ਦੀ ਇਕ ਵੱਡੀ ਭੈਣ ਵੀ ਹੈ, ਰੇਵਤੀ। ਮੈਂ ਉਸ ਨੂੰ ਸਾਲਾਂ ਤੋਂ ਨਹੀਂ ਮਿਲਿਆ। ਮਿਲਣ ਨੂੰ ਮਨ ਤਾਂ ਕਰਦਾ ਹੈ ਪਰ ਕਿਸੇ ਦੁੱਖ ਨੂੰ ਘਟਾ ਨਹੀਂ ਸਕੇਗਾ। ਫਿਰ ਆਉਣ ਜਾਣ ਦੀ ਪਰੇਸ਼ਾਨੀ। ਪਰ ਤਿੰਨ ਸਾਲ ਪਹਿਲਾਂ ਮਜਬੂਰੀ ਪੈ ਗਈ। ਬਾਰਾਂ



ਸਾਲ ਦੇ ਉਸ ਦੇ ਇਕਲੌਤੇ ਪੁੱਤ ਦੀ ਡੈੱਥ ਹੋ ਗਈ। ਬ੍ਰੇਨ ਟਿਊਮਰ ਸੀ। ਮਹੀਨੇ ਭਰ ਤੋਂ ਜ਼ਿਆਦਾ ਉਹ ਹਸਪਤਾਲ ਵਿੱਚ ਵੀ ਰਿਹਾ। ਅਸੀਂ ਸਾਰੇ ਮੁੰਬਈ ਤੋਂ ਸੋਲਨ ਲਈ ਭੱਜੇ। ਮੈਂ ਵਿਵੇਕ ਨੂੰ ਕਿਹਾ ਕਿ ਮੈਂ ਕੁਝ ਰਕਮ ਅਲੱਗ ਰੱਖ ਲੈਂਦਾ ਹਾਂ, ਸ਼ਾਇਦ ਕੰਮ ਆਉਣਗੇ। ਰੇਵਤੀ ਦਾ ਹਸਬੈਂਡ ਇਕ ਟੂਰਿਸਟ ਕੰਪਨੀ ਵਿੱਚ ਮਾਮੂਲੀ ਜਿਹਾ ਮੁਲਾਜ਼ਿਮ ਹੈ। ਉਸ ਨੇ ਮੈਨੂੰ ਕਿਹਾ ਕਿ ਰੇਵਤੀ ਉਸ ਦੀ ਵੀ ਭੈਣ ਹੈ। ਉਹਨੇ ਪੰਜਾਹ ਹਜ਼ਾਰ ਜੁਦੇ ਕੱਢ ਲਏ। ਖ਼ੈਰ ਜੀ, ਅਸੀਂ ਉਥੇ ਪੁੱਜੇ। ਰੇਵਤੀ ਦਾ ਬੁਰਾ ਹਾਲ ਸੀ। ਰੋ-ਰੋ ਕੇ ਉਸ ਦਾ ਗਲ਼ਾ ਬਹਿ ਗਿਆ ਸੀ, ਅੱਖਾਂ ਕਿਸੇ ਮਰੀ ਮੱਛੀ ਵਾਂਗ ਫਟੀਆਂ-ਫਟੀਆਂ ਸਨ। ਤੇ ਚਿਹਰਾ, ਆਤੰਕੀ ਜਾਂ ਨੈਕਸਲੀਆਂ ਦੀਆਂ ਗੋਲ਼ੀਆ ਦੇ ਸ਼ਿਕਾਰ ਪੁਲਸੀਆਂ ਦੀ ਰੋਂਦੀਆਂ-ਕੁਰਲਾਂਦੀਆਂ ਵਿਧਵਾਵਾਂ ਤੇ ਧੀਆਂ ਵਾਂਗ ਬਦਹਵਾਸ ਉਜੜੀਆਂ ਸ਼ਕਲਾਂ ਸ਼ਾਇਦ ਤੁਸੀਂ ਅਖ਼ਬਾਰਾਂ ਵਿੱਚ ਸ਼ਾਇਦ ਦੇਖੀਆਂ ਹੋਣਗੀਆਂ.., ਜ਼ਿੰਗਦੀ ਵਿੱਚ ਸਭ ਕੁਝ ਜਿਵੇਂ ਸ਼ੂਨਯ ਤੇ ਬਰਬਾਦ ਹੋ ਜਾਣ ਨਾਲ ਆਤਮਾ ਅਸਹਿ ਵੀਰਾਨਾਪਨ ਚਿਪਕ ਜਾਂਦਾ ਹੈ, ਇਸ ਸਭ ਵਿੱਚੋਂ ਨਿਕਲਿਆ ਦਰਦ, ਘੁੱਪ-ਹਨੇਰੇ ਵਿੱਚਕਾਰ ਮਜਬੂਰੀ ਟਰੈਪ ਹੋ ਜਾਣ ਦਾ ਅਜਿਹਾ ਖੌਫ ਜਿਥੇ ਜ਼ਿੰਗਦੀ ਦਾ ਸਭ ਕੁਝ ਬੇਮਤਲਬ ਤੇ ਬੇਮਾਇਨੇ ਹੋ ਜਾਂਦਾ ਹੈ, ਕਗਾਰ 'ਤੇ ਬੇਵਜਾਹ ਧੱਕ ਦਿੱਤੇ ਜਾਣ 'ਤੇ ਜਦ ਤੁਸੀਂ ਰੱਬ ਤੱਕ ਨੂੰ ਗਲੋਂ ਫੜਨ ਨੂੰ ਜਾਂਦੇ ਹੋ। ਡਿਪਰੈਸ਼ਨ ਤੇ ਪੀੜਾ ਨਾਲ ਜੜੇ ਚਿਹਰੇ ਦਾ ਡਰਾਉਣਾਪਨ ਹਰ ਦੇਸ਼ ਤੇ ਦੁਨੀਆ ਦਾ ਕਿੰਨਾ ਇਕੋ ਜਿਹਾ ਤੇ ਮਿਲਦਾ ਜੁਲਦਾ ਹੁੰਦਾ ਹੈ। ਉਹ ਅਜਿਹਾ ਹੀ ਸੀ। ਉਸ ਦਾ ਪੂਰਾ ਮੁਹੱਲਾ ਹੀ ਸੋਗ ਵਿੱਚ ਡੁਬਾ ਹੋਇਆ ਸੀ। ਸੋਗ ਵਿੱਚ ਡੁੱਬੇ ਘਰ-ਬਾਹਰ ਦੇ ਲੋਕ ਇਕ ਦੂਜੇ ਨੂੰ ਹੌਂਸਲਾ ਦੇ ਰਹੇ ਸਨ। ਮੈਂ ਤਾਂ ਜਾਨਕੀ ਦੀ ਮੌਤ ਦੇ ਬੋਝ ਤੋਂ ਹੀ ਹਾਲੇ ਨਹੀਂ ਉਭਰਿਆ ਸੀ ਤੇ ਇਧਰ ਰੇਵਤੀ 'ਤੇ ਇਹ ਕਹਿਰ ਆ ਟੁੱਟਿਆ।

ਅਗਲੇ ਦਿਨ ਵੱਡਾ ਹਾਦਸਾ ਹੋ ਗਿਆ। ਉਸ ਹਾਦਸੇ ਦੇ ਹੋਣ ਬਾਰੇ ਸੋਚਦੇ ਹੋਏ ਵੀ ਮੇਰੀ ਆਤਮਾ ਕਰਾਹੁਣ ਲੱਗਦੀ ਹੈ। ਮੈਂ ਬਾਹਰ ਬਰਾਮਦੇ ਵਿੱਚ ਲੋਕਾਂ ਦੇ ਵਿਚਕਾਰ ਬੋਝਿਲ ਤੇ ਗੁੰਮਸੁੰਮ ਬੈਠਾ ਸਾਂ। ਕਰੀਬ ਸਾਢੇ ਪੰਜ ਵਜੇ ਰੇਵਤੀ ਮੈਨੂੰ ਬੁਲਾ ਕੇ ਆਪਣੇ ਕਮਰੇ ਵਿੱਚ ਲੈ ਗਈ। ਉਸ ਦਾ ਚਿਹਰਾ ਇਵੇਂ ਸੀ ਜਿਵੇਂ ਸਾਰਾ ਖੂਨ ਨਿੱਚੜ ਚੁੱਕਾ ਹੋਵੇ। ਕੋਈ ਕੀ ਜਾਣੇ ਕਿ ਧੀ ਦੇ ਦੁੱਖ ਵਿੱਚ ਹਰ ਬਾਪ ਕਿੰਨਾ ਦੁੱਖੀ ਤੇ ਬੇਵੱਸ ਮਹਿਸੂਸ ਕਰਦਾ ਹੈ। ਸਵੇਰੇ ਹੀ ਉਸ ਦੇ ਜਿਗਰ ਦੇ ਟੁਕੜੇ ਦੇ ਫੁੱਲਾਂ ਨੂੰ ਸਤਲੁਜ ਵਿੱਚ ਵਹਾਇਆ ਗਿਆ ਸੀ। ਵਿਧੀ-ਵਿਧਾਨਾਂ ਦਾ ਫੇਰ ਵੀ ਜਿਵੇਂ ਇਕ ਬੇਜਾਨ ਕਾਇਆ ਵਿੱਚ ਖੂਨ ਦਾ ਵਹਾਅ ਨੂੰ ਤੋਰੀ ਰੱਖਦਾ ਹੈ।

"ਪਾਪਾ ਜੀ, ਭਾਜੀ ਨੇ ਕੱਲ ਸ਼ਾਮ ਮੈਨੂੰ ਪੰਜਾਹ ਹਜ਼ਾਰ ਦਾ ਬੰਡਲ ਦਿੱਤਾ ਸੀ। ਮੈ ਇਥੇ ਕਬ੍ਰਡ ਵਿੱਚ ਰੱਖ ਦਿੱਤੇ ਸਨ। ਹੁਣ ਉਹ ਇਥੇ ਹੈ ਨਹੀਂ। ਕਮਰਾ-ਘਰ ਖੁਲ੍ਹੇ ਹੀ ਰਹਿੰਦੇ ਨੇ। ਸਮਝ ਨਹੀਂ ਆ ਰਹੀ ਕਿ ਕਿੱਥੇ ਚਲੇ ਗਏ, ਵੈਸੇ ਕਮਰੇ ਵਿੱਚ ਦੇਰ ਤੱਕ ਗਾਰਗੀ ਭਾਬੀ ਹੀ ਸੀ..।"

ਰੁਕ-ਰੁਕ ਕੇ ਨਿਕਲਦੀਆਂ ਥੱਕੀਆ ਸਿਸਕੀਆ ਨੇ ਮੈਨੂੰ ਮਰੀਅਲ ਬੁੱਢੇ ਨੂੰ ਜੋ ਨਸ਼ਤਰ ਵੱਜਾ ਉਸ ਸਾਹਮਣੇ ਕੁਝ ਕਹਿਣ-ਕਰਨ ਲਈ ਕੁਝ ਬਚਿਆ ਹੀ ਨਹੀਂ ਸੀ। ਫਿਰ ਵੀ ਸੰਭਾਲਿਆ,

"ਮੇਰੀ ਧੀ, ਤੇਰੇ ਜਾ ਚੁੱਕੇ ਬੱਚੇ ਮੁਹਰੇ ਇਸ ਸਭ ਦਾ ਕੀ ਮੁੱਲ ਏ! ਜਾਣ ਦੇ.., ਤੂੰ ਇਹਦਾ ਜ਼ਿਕਰ ਵਿਵੇਕ ਕੋਲ ਵੀ ਨਾ ਕਰੀਂ, ਦੁਖੀ ਹੋਵੇਗਾ, ਉਹ ਕਰ ਤਾਂ ਕੁਝ ਸਕਦਾ ਨਹੀਂ..।"

ਹਨੇਰਾ ਜ਼ਰਾ ਡੂੰਘਾ ਹੋਇਆ ਤਾਂ ਮੈਂ ਬਹਾਨੇ ਨਾਲ ਘਰ ਤੋਂ ਬਾਹਰ ਨਿਕਲਿਆ ਤੇ ਮੋੜ ਤੇ ਬਣੇ ਬੈਂਕ ਦੇ ਏਟੀਐਮ ਤੋਂ ਪੰਦਰਾਂ ਹਜ਼ਾਰ ਕੱਢਵਾ ਲਿਆਇਆ। ਇਕ ਚੱਕਰ ਅਗਲੇ ਦਿਨ ਵੀ ਲਾਇਆ। ਕਿੰਨਾ ਚੰਗਾ ਹੋਇਆ ਕਿ ਏਟੀਐਮ ਕਸਬਿਆਂ ਵਿੱਚ ਵੀ ਖੁੱਲ੍ਹ ਗਏ ਹਨ।

ਪਤਾ ਨਹੀਂ ਕਿਹੜਾ ਦੁੱਖ ਵੱਡਾ ਸੀ ! ਹਿਮਾਂਚਲ ਵਿੱਚ ਇਕ ਕਹਾਵਤ ਮਸ਼ਹੂਰ ਹੈ: 'ਹਾਂਡਾ ਬਾਝੀਅਤ ਠੀਕਰੁ, ਮਾਹਨੂ ਨੀ ਮਰਿਆ ਕਿਛੇ !' ਭਾਵ ਕਿ ਹਾਂਡੀ ਟੁੱਟ ਜਾਵੇ ਤਾਂ ਠੀਕਰਾ ਬਚ ਹੀ ਜਾਂਦਾ ਹੈ, ਆਦਮੀ ਮਰ ਜਾਵੇ ਤਾਂ ਕੁਝ ਨਹੀਂ ਬਚਦਾ। ਉਸ ਦਿਨ ਮੈਂ ਬਚਿਆ-ਕੁਚਿਆ ਵੀ ਮਰ ਗਿਆ। ਉਹਨਾਂ ਮੁਸ਼ਕਿਲ ਦਿਨਾਂ ਵਿੱਚ ਮੁੰਬਈ ਤੁਹਾਡੇ ਸਹਾਮਣੇ ਵਾਲੇ ਫਲੈਟ ਵਿੱਚ ਰਹਿਣ ਆਏ ਸਾਂ।

ਗਾਰਗੀ ਦੀ ਨਾ ਜਾਣੇ ਕਿੰਨੇ ਲੋਕਾਂ ਨਾਲ ਯਾਰੀ-ਦੋਸਤੀ ਸੀ। ਕਦੇ ਉਹ ਦੋਨੋਂਨ ਆਪਣੇ ਦਾਇਰੇ ਦੇ ਲੋਕਾਂ ਦੇ ਘਰ ਜਾਂਦੇ ਤੇ ਕਦੇ ਵੱਖ-ਵੱਖ ਲੋਕਾਂ ਨੂੰ ਘਰ ਬੁਲਾ ਕੇ ਦਾਅਵਤ ਕਰਦੇ। ਖੂਬ ਹਾਸਾ-ਮਜ਼ਾਕ ਹੁੰਦਾ। ਮੈਂ ਫੌਜੀ ਆਦਮੀ ਰਿਹਾਂ ਇਸ ਲਈ ਪੀਣ-ਪਿਲਾਉਣ ਵਿੱਚ ਮੈਨੂੰ ਕੋਈ ਸ਼ਿਕਾਇਤ ਨਹੀਂ ਸੀ ਪਰ ਕਮਰੇ ਵਿੱਚ ਕੈਦ ਹੋ ਕੇ ਵੀ ਸਮਝ ਸਕਦਾ ਸਾਂ ਕਿ ਗਾਰਗੀ ਦਾ ਲੋਕਾਂ ਨਾਲ ਮਿਲਣਾ-ਜੁਲਣਾ ਤੇ ਖਾਣਾ-ਪੀਣਾ ਕਿੰਨਾ ਨਕਲੀ ਹੁੰਦਾ ਹੈ ਜਾਂ ਇਹ ਪੈਟ੍ਰਸ, ਮੈਡ੍ਰਸ ਤੇ ਫੌਰੇਨ ਹੌਲੀਡੇਜ਼ ਕਿੰਨੇ ਵੱਡੇ ਮਸਲੇ ਬਣ ਚੁੱਕੇ ਹਨ। ਪਰ ਮੈਂ ਕੋਈ ਸਲਾਹ-ਮਸ਼ਵਰਾ ਵੀ ਨਹੀਂ ਦੇ ਸਕਦਾ। ਮੈਂ ਲਗਾਤਾਰ ਕੁੜਦਾ ਤੇ ਸੋਚਦਾ ਰਹਿੰਦਾ ਕਿ ਮੇਰੇ ਨਾਲ ਜਾਣੀਕਿ ਜਾਨਕੀ ਨਾਲ ਜਾਂ ਫਿਰ ਸੋਲਨ ਵਿੱਚ ਜੋ ਹੋਇਆ, ਉਹ ਕਿਉਂ ਹੋਇਆ ? ਬਹੁਤ ਪਹਿਲਾਂ ਮੈਂ ਇਕ ਫਿਲਮ ਦੇਖੀ ਸੀ, 'ਨਿਊਮਬ੍ਰਗ'। ਦੂਜੇ ਵਿਸ਼ਵ ਯੁੱਧ ਵਿੱਚ ਫੜੇ ਗਏ ਨਾਜ਼ੀਆਂ ਉਪਰ ਮੁਕੱਦਮਿਆਂ ਬਾਰੇ। ਬੁੱਢੇ, ਬੱਚੇ ਤੇ ਔਰਤਾਂ ਸਮੇਤ ਸੱਠ ਲੱਖ ਤੋਂ ਵੱਧ ਯਹੂਦੀਆਂ ਨੂੰ ਜਿਸ ਬੇਰਹਿਮੀ ਨਾਲ ਮਾਰਿਆ-ਸਤਾਇਆ ਗਿਆ, ਉਹ ਹਰ ਸੰਭਵ ਸੋਚ ਤੋਂ ਬਾਹਰ ਸੀ। ਦੋਸ਼ੀਆਂ ਦੀ ਮਾਨਸਿਕਤਾ ਦੀ ਤਹਿ ਤੱਕ ਜਾਣ ਲਈ, ਟਨਾਂ ਦੇ ਟਨ ਦਸਤਾਵੇਜ਼ਾਂ ਤੋਂ ਇਲਾਵਾ, ਮਨੋਚਿਕਿਤਸਕ ਵੀ ਉਹਨਾਂ ਨਾਲ ਗੱਲ-ਬਾਤ ਕਰਦੇ ਸਨ ਜਿਸ ਨਾਲ ਉਸ ਅਸਧਾਰਣ ਬਰਬਰ ਸੋਚ ਦੇ ਸੰਭਾਵਿਤ ਸੂਤਰ ਹੱਥ ਲੱਗ ਸਕਣ। ਉਸ ਵਿੱਚ ਨਾਇਕ ਸਵਾਲ ਕਰਦਾ ਹੈ: ਇਹ ਸਭ ਕਿਵੇਂ ਮੁਮਕਿਨ ਹੋ ਸਕਦਾ ਹੈ ? ਇਸ ਸਾਰੀ ਬੁਰਾਈ ਦਾ ਸਰੋਤ ਕੀ ਹੈ ? ਤੇ ਉਹ ਖੁਦ ਹੀ ਜਵਾਬ ਦਿੰਦਾ ਹੈ: ਜਦ ਕਰੁਣਾ ਮਰ ਜਾਂਦੀ ਹੈ, ਦੂਜਿਆਂ ਪ੍ਰਤੀ ਜਦ ਸਾਡੇ ਅੰਦਰ ਦਇਆ-ਭਾਵ ਨਹੀਂ ਬਚਦਾ ਤਦ ਬੁਰਾਈ ਵਧਣ-ਫੁੱਲਣ ਲੱਗਦੀ ਹੈ ਜੋ ਬਾਅਦ ਵਿਚ ਘਿਨਾਉਣਾ ਰੂਪ ਵੀ ਧਾਰਨ ਕਰ ਲੈਂਦੀ ਹੈ। ਤੁਸੀਂ ਲੇਖਕ ਲੋਕ ਆਪਣੇ ਵਲੋਂ ਮਹਾਨ ਰਚਨਾਵਾਂ ਵਿੱਚ ਉਸ ਦਾ ਪ੍ਰਤੀਕਰਮ ਦਿੰਦੇ ਹੋ। ਆਤਮਿਕ-ਬੱਲ ਦੀ ਮਹੱਤਤਾ ਰਚਦੇ ਹੋ। ਹਿਟਲਰ ਤੋਂ ਬਹੁਤ ਪਹਿਲਾਂ ਕਿਸੇ ਉਸਤਾਦ ਲੇਖਕ ਨੇ ਲਿਖਿਆ ਸੀ, "ਹਾਂ, ਹੈ ! ਇਕ ਅਤਿਆਚਾਰੀ ਨੂੰ ਵੀ ਇਕ ਦਿਨ ਮੂੰਹ ਦੀ ਖਾਣੀ ਪੈਂਦੀ ਹੈ ! ਜਦ ਇਕ ਦੱਬੇ-ਕੁਚਲੇ ਇਨਸਾਨ ਦੀ ਇਨਸਾਫ ਲਈ ਗੁਹਾਰ ਫਜ਼ੂਲ ਹੋ ਜਾਂਦੀ ਹੈ ਤਾਂ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਹੁਣ ਉਸ ਤੋਂ ਇਹ ਬੋਝ ਹੋਰ ਸਹਿਣ ਨਹੀਂ ਹੋਵੇਗਾ, ਤਾਂ ਉਹ ਉਪਰ ਵਾਲੇ ਦੀ ਸ਼ਰਣ ਲੈ ਕੇ ਉਹਨਾਂ ਸਭ ਤਾਕਤਾਂ ਨੂੰ ਹਥਿਆ ਲੈਂਦਾ ਹੈ ਜੋ ਸਦਾ ਉਸ ਦੀਆਂ ਹੁੰਦੀਆਂ ਹਨ..।"

ਜਾਣੀ ਰੱਬ ਦੇ ਹਵਾਲੇ ਨਾਲ ਬੁਰਿਆਈ ਦਾ ਖਾਤਮਾ !

ਅਤਿਆਚਾਰ ਤੇ ਬੁਰਿਆਈ ਦੇ ਕਿਸ ਖਾਤਮੇ ਦੀ ਗੱਲ ਕਰਦੇ ਹੋ ਤੁਸੀਂ ਲੋਕ ? ਤੁਹਾਡੇ ਵਿਗਿਆਨਕ ਸਥਾਪਿਤ ਕਰ ਚੁੱਕੇ ਹਨ ਕਿ ਬ੍ਰਹਿਮੰਡ ਵਿੱਚ ਛਿਅਨਵੇਂ ਪ੍ਰਤੀਸ਼ਤ ਡਾਰਕ ਮੈਟਰ ਤੇ ਡਾਰਕ ਊਰਜਾ ਹੈ ! ਪਤਾ ਨਹੀਂ ਇਸ ਦੇ ਕੀ ਮਾਹਿਨੇ ਹਨ ਪਰ ਮੈਂ ਥੋੜੀਆਂ-ਬਹੁਤ ਕਿਤਾਬਾਂ ਪੜ੍ਹਦਾ ਹਾਂ ਤੇ ਰੋਜ਼ ਦੀ ਅਖ਼ਬਾਰ ਵੀ। ਕੀ ਕਹੋਂਗੇ ਇਸ ਨੂੰ ਕਿ ਇਕ ਨੌਜਵਾਨ ਇਕ ਕੱਟਾ (ਦੇਸੀ ਪਸਤੌਲ) ਲੈ ਕੇ ਕਿਸੇ ਬਿਊਟੀ ਪਾਰਲਰ ਵਿੱਚ ਵੜ ਕੇ ਪੰਜ ਬਿਲਕੁਲ ਅਣਜਾਣ ਤੇ ਬੇਕਸੂਰ ਔਰਤਾਂ ਨੂੰ ਭੁੰਨ ਦਿੰਦਾ ਹੈ, ਸਿਰਫ ਇਸ ਲਈ ਕਿ ਪੇਪਰ ਵਿੱਚ ਉਸ ਦਾ ਨਾਮ ਛਪ ਜਾਵੇ.., ਇਕ ਔਰਤ ਨਜਾਇਜ਼ ਬੱਚਿਆਂ ਦੀ ਦੇਖਭਾਲ ਦਾ ਅੱਡਾ ਖੋਲ੍ਹਦੀ ਹੈ ਤੇ ਰੋਜ਼ ਦੇ ਹਿਸਾਬ ਨਾਲ ਉਹਨਾਂ ਦਾ ਗਲ਼ਾ ਘੁੱਟਦੀ ਹੈ.., ਕੋਈ ਕਿਸੇ ਦੇ ਕਪੜੇ ਚੰਗੇ ਨਾ ਲੱਗਣ ਦੇ ਕਾਰਨ ਮਾਰ ਦਿੰਦਾ ਹੈ ਤੇ ਕੋਈ ਕਿਸੇ ਦੇ ਬੁਲ੍ਹਾਂ ਦੇ ਕਾਰਨ। ਇਕ ਅਧਖੜ ਉਮਰ ਦਾ ਬੰਦਾ ਦੋ ਸਾਲ ਦੀ ਬੱਚੀ ਨਾਲ ਕੁਕਰਮ ਕਰਕੇ ਉਸ ਨੂੰ ਗਟਰ ਵਿੱਚ ਸੁੱਟ ਦਿੰਦਾ ਹੈ.., ਮਾਰਸ਼ਲ ਪੈਸ਼ਿਓ ਵਰਗੇ ਡਾਕਟਰ ਨਾਜ਼ੀ ਦੌਰ ਵਿੱਚ ਹੀ ਨਹੀਂ ਸਨ ਜੋ ਗੈਰ-ਕਾਨੂੰਨੀ ਢੰਗ ਨਾਲ ਗਰਭਪਾਤ ਕਰਾਉਣ ਦਾ ਧੰਦਾ ਕਰਦੇ ਹੋਏ ਰੋਗੀਆਂ ਨੂੰ ਜ਼ਹਿਰ ਦਾ ਟੀਕਾ ਵੀ ਸ਼ੌਕ ਨਾਲ ਲਗਾ ਦਿੰਦੇ ਸਨ..। ਜ਼ਰ, ਜ਼ੋਰੂ, ਜ਼ਮੀਨ ਤੇ ਜਾਤੀ-ਧਰਮ ਨਾਲ ਜੁੜੇ ਇਕ ਤੋਂ ਇਕ ਹੌਲਨਾਕ ਹਾਦਸਿਆਂ ਦਾ ਤਾਂ ਜ਼ਿਕਰ ਕਹਿਣਾ ਹੀ ਕੀ..।

ਸੱਤਾ ਤੇ ਬੇਰਹਿਮੀ ਸਿਰਫ ਅਤਿਆਚਾਰੀਆਂ ਜਾਂ ਫਿਰ ਰਾਜਨਤਾਵਾਂ ਦੀਆਂ ਰਖੇਲਾਂ ਨਹੀਂ ਹਨ। ਨਿਗਰਾਨੀਆਂ-ਤਲਾਸ਼ੀਆਂ, ਧੌਂਸ, ਫਰੇਬ, ਹਿੰਸਾ, ਨਫਰਤ, ਦੁਸ਼ਟਤਾ, ਸ਼ੋਸ਼ਣ, ਉਤਪੀੜਨ ਤੇ ਪਰਪੀੜਨ ਪਤਾ ਨਹੀਂ ਕਿੰਨੀ-ਕਿੰਨੀ ਗਿਣਤੀ ਵਿੱਚ ਜੜੇ-ਜਮਾਏ ਪਏ ਹਨ। ਸਾਫ-ਸੁਥਰੇ ਦਿਸਦੇ ਘਰ-ਘਰ ਵਿੱਚ ਤਾਂ 'ਲਿਬੇਨਸਰੋਮ' ਵੜਿਆ ਹੋਇਆ ਹੈ ! ਬੁੱਢੇ, ਕਮਜ਼ੋਰ ਤੇ ਨਿਹੱਥਿਆਂ ਪ੍ਰਤੀ ਬੇਵਜਹਾ ਕਰੂਰਤਾ ਤੇ ਦੁਸ਼ਟਤ ਕਦੋਂ ਘਟੀ ਹੈ ? ਆਪਣੇ ਜਿਸ ਪਿਆਰੇ ਪੁੱਤ ਦੀ ਖਾਤਿਰ ਤਿੰਨ-ਤਿੰਨ ਵਾਰੀ ਸ਼ਿਲੌਂਗ ਦਾ ਰਾਹ ਪੁੱਛਣ ਵਾਲਾ ਨਵਲ ਕਿਸ਼ੋਰ ਅੱਜ ਇਕੱਲਾ ਬਿਮਾਰ ਗੁਜ਼ਾਰਾ ਕਰ ਰਿਹਾ ਹੈ। ਤਿੰਨੋਂ ਖੁਸ਼ਹਾਲ ਪੁੱਤਾਂ ਤੇ ਧੀ ਲਈ ਵੀ ਉਹ ਹੁਣ ਫਿਜ਼ੂਲ ਹੋ ਗਿਆ ਹੈ।

..ਸੰਜੀਵ ਜੀ, ਮੇਰੇ ਲੇਖਕ ਦੋਸਤ, ਦੂਜਾ ਵਿਸ਼ਵ ਯੁੱਧ ਹਾਲੇ ਖਤਮ ਕਿਥੇ ਹੋਇਆ ਹੈ ? ਘਰ ਸਮਾਜ ਤੇ ਪੂਰੇ ਮੁਲਕ ਵਿੱਚ ਉਸ ਦਾ ਤਾਂਡਵ ਨਵੀਂ-ਨਵੀਂ ਸ਼ਕਲਾਂ ਵਿੱਚ ਚਲ ਰਿਹਾ ਹੈ।

ਪੋਸਟ ਸਕ੍ਰਿਪਟ

ਤੁਸੀਂ ਮੇਰੇ 'ਰੁਮਾਂਟਿਕ' ਹੋਣ ਨੂੰ ਖੂਬ ਫੜਿਆ ਸੀ। ਮੈਂ ਉਸ 'ਕਹਾਣੀ' ਬਾਰੇ ਨੀਲੀ ਡਾਇਰੀ ਵਿੱਚ ਲਿਖ ਵੀ ਦਿੱਤਾ ਸੀ ਪਰ ਅਗਲੇ ਦਿਨ ਤੁਹਾਨੂੰ ਦੇਣ ਤੋਂ ਪਹਿਲਾਂ ਮੈਂ ਦੇਖਿਆ ਕਿ ਉਸ ਦੇ ਉਹ ਪੇਜ ਪਾੜ ਦਿੱਤੇ ਗਏ ਸਨ। ਤੁਸੀਂ ਵੀ ਚੈੱਕ ਕਰ ਲੈਣਾ।

ਜ਼ਿੰਦਗੀ ਵਾਂਗ ਕਹਾਣੀ ਕਿਤੇ ਦੋਬਾਰਾ ਕਿਥੇ ਲਿਖੀ ਜਾ ਸਕਦੀ ਹੈ ?

ਪੰਚਮ।

***

ਚਿੱਠੀ ਦੇ ਕਾਗਜ਼ਾਂ ਨੂੰ ਆਪਣੇ ਸੁੰਨ ਹੱਥਾਂ ਵਿੱਚ ਵਾਪਸ ਲਿਫਾਫੇ ਵਿੱਚ ਸਰਕਾਉਂਦੇ ਹੋਏ ਕਿਸੇ ਨਾਵਲ ਦੀ ਗੱਲ ਯਾਦ ਆਉਣ ਲੱਗੀ: ਜੀਵਨ ਖਤਮ ਹੋਣ 'ਤੇ ਇਕ ਹੀ ਗੱਲ ਬਚੀ ਰਹਿੰਦੀ ਹੈ- ਉਸਦੀ ਕਹਾਣੀ।

**ਮੋਬਾਇਲ : 94087-90051**

# ਇੱਕੀਵੀਂ ਸਦੀ ਦੀ ਪੰਜਾਬੀ ਕਹਾਣੀ : ਦਿੱਖ ਤੇ ਦ੍ਰਿਸ਼ਟੀ

**-ਡਾ ਮੇਘਾ ਸਲਵਾਨ**

ਕਹਾਣੀ ਕਹਿਣ ਦਾ ਭਾਵ ਮਨੁੱਖੀ ਅਭਿਵਿਅੰਜਨਾ ਦੇ ਮੂਲ ਵਿਚ ਹੀ ਵਿਦਮਾਨ ਹੈ। ਇਹ ਭਾਵ ਕਲਾਤਮਕ ਅਭਿਵਿਅੰਜਨਾਵਾਂ ਵਿਚ ਆਪਣੇ ਸ੍ਰੇਸ਼ਠ ਸਰੂਪ ਵਿਚ ਨਿਹਿਤ ਹੁੰਦਾ ਹੈ। ਇਸ ਸਦਕਾ ਹੀ ਜਿੱਥੇ ਇਹ (ਮੁਖ਼ਤਲਿਫ਼ ਕਲਾਤਮਕ ਅਭਿਵਿਅੰਜਨਾਵਾਂ) ਆਪਸੀ ਸਾਂਝ ਰੱਖਦੀਆਂ ਹਨ ਉੱਥੇ ਇਹਨਾਂ ਦੀ ਆਪਸੀ ਵੱਖਰਤਾ ਦੀ ਵਜ੍ਹਾ ਇਹਨਾਂ ਨਾਲ ਸੰਬੰਧਿਤ ਮਾਧਿਅਮ ਬਣਦੇ ਹਨ। ਮਸਲਨ ਦੀਵਾਰ ਉੱਤੇ ਟੰਗੀ ਪੇਟਿੰਗ ਰੰਗਾਂ ਦੇ ਮਾਧਿਅਮ ਨਾਲ, ਸੰਗੀਤਕਾਰ ਆਪਣੇ ਸਾਜ਼ ਦੇ ਮਾਧਿਅਮ ਨਾਲ, ਅਦਾਕਾਰ ਆਪਣੇ ਹਾਵਾਂ-ਭਾਵਾਂ ਦੇ ਮਾਧਿਅਮ ਨਾਲ ਅਤੇ ਸਾਹਿਤਕਾਰ ਸ਼ਬਦਾਂ ਦੇ ਮਾਧਿਅਮ ਨਾਲ ਕਹਾਣੀ ਹੀ ਪ੍ਰਗਟਾ ਰਿਹਾ ਹੁੰਦਾ ਹੈ। ਇੰਝ ਵਿਭਿੰਨ ਕਲਾਤਮਕ ਅਭਿਵਿਅੰਜਨਾਵਾਂ ਅਤੇ ਸਾਹਿਤਕ ਵਿਧਾਵਾਂ ਵਿਚ ਕਹਾਣੀ ਵਸਤੂ-ਤੱਤ ਵਜੋਂ ਕਿਰਿਆਸ਼ੀਲ ਹੁੰਦੀ ਹੈ।

ਇੱਥੇ ਸਾਡਾ ਸੰਬੰਧ ਕਲਾਤਮਕ ਅਭਿਵਿਅੰਜਨਾ ਦੇ ਵਿਸ਼ਿਸ਼ਟ ਅਤੇ ਸ਼ਕਤੀਸ਼ਾਲੀ ਰੂਪ 'ਕਹਾਣੀ' ਨਾਲ ਹੈ। ਇਹਨਾਂ ਅਰਥਾਂ ਵਿਚ ਕਹਾਣੀ ਮਹਿਜ਼ ਵਸਤੂ-ਤੱਤ ਨਹੀਂ ਬਲਕਿ ਵਿਸ਼ੇਸ਼ ਅਤੇ ਵਿਆਪਕ ਅਰਥਾਂ ਦੀ ਧਾਰਨੀ ਹੈ। ਮੌਜੂਦਾ ਦੌਰ ਦੀ ਮਕਬੂਲ ਅਤੇ ਸਭ ਤੋਂ ਵੱਧ ਪੜ੍ਹੀ ਜਾਣ ਵਾਲੀ ਸਿਨਫ਼। ਸੰਜਮੀ ਅਤੇ ਸੰਕੇਤਕੀ ਸੁਭਾਅ ਦੀ ਧਾਰਨੀ। ਇਕਲੌਕਿਕਤਾ ਨੂੰ ਸਿਰਜਣ ਅਤੇ ਖੋਲਣ ਦੀ ਪ੍ਰਕਿਰਿਆ ਵਿਚੋਂ ਗੁਜ਼ਰਦਿਆਂ ਸਧਾਰਨ ਮਨੁੱਖ ਦੀ ਸਧਾਰਨਤਾ ਅਤੇ ਅਸਧਾਰਨਤਾ ਨੂੰ ਮਾਨਵੀ ਸੀਮਾਵਾਂ ਤਹਿਤ ਸਮਝਣ ਵੱਲ ਅਗਰਸਰ। ਮਨੁੱਖੀ ਸੰਵੇਦਨਾ ਦੀ ਇਕ ਇਕਾਈ ਦਾ ਵਹਿਨ ਕਰਨ ਵਾਲੀ। ਤੀਖਣ ਚਾਲ ਅਤੇ ਪ੍ਰਭਾਵ ਦੀ ਧਾਰਨੀ। ਹਰ ਦਿਲ ਅਜ਼ੀਜ਼ ਸਿਨਫ਼ ਜੋ ਨਿਰੰਤਰ ਮਾਨਵੀ ਸੰਵੇਦਨਾਵਾਂ ਨੂੰ ਆਤਮਸਾਤ ਕਰਦੀ ਅਤੇ ਪ੍ਰਗਟਾਉਂਦੀ ਵਿਕਾਸ ਪਥ ਉੱਤੇ ਅਗਾਂਹ ਵੱਧ ਰਹੀ ਹੈ। 'ਸ਼ਬਦ' ਦਾ ਹੱਥਲਾ ਅੰਕ ਪਿਛਲੇ ਦੋ ਦਹਾਕਿਆਂ (2001-2020) ਦੀਆਂ ਚੌਣਵੀਆਂ ਪੰਜਾਬੀ ਕਹਾਣੀਆਂ ਉੱਤੇ ਆਧਾਰਿਤ ਹੈ। ਇਹ ਕਹਾਣੀਆਂ ਹਨ : 'ਮੀਤੂ ਜ਼ਿੰਦਾਬਾਦ' (ਜਿੰਦਰ), 'ਖੋਜ' (ਹਰਮਹਿੰਦਰ ਚਹਿਲ), 'ਡਬੋਲ਼ੀਆ' (ਬਲਵਿੰਦਰ ਗਰੇਵਾਲ), 'ਪਾਤਸ਼ਾਹ' (ਸੁਖਜੀਤ), 'ਅੱਗ ਬੰਨ੍ਹਣ ਵਾਲਾ' (ਜਤਿੰਦਰ ਹਾਂਸ), 'ਦੋ ਤਲਵਾਰਾਂ ਬੱਧੀਆਂ' (ਮਨਿੰਦਰ ਕਾਂਗ), 'ਗੋਲ-ਗੋਲ ਘੁੰਮਦਿਆਂ' (ਕੁਲਵੰਤ ਗਿੱਲ), 'ਰੰਗਾਂ ਦੀ ਸਾਂਝ : ਸਮਾਜ ਵਿਗਿਆਨ' (ਭਗਵੰਤ ਰਸੂਲਪੁਰੀ), ' ਪੇਂਜੀ ਦੇ ਫੁੱਲ' (ਸਾਂਵਲ ਧਾਮੀ), 'ਜਹਾਜ ਵਾਲੀ ਟੈਂਕੀ' (ਅਜਮੇਰ ਸਿੱਧੂ)।

ਉਪਰੋਕਤ ਕਹਾਣੀਆਂ ਦੀ ਚੋਣ ਕਾਬਿਲੇ ਗੌਰ ਹੈ। ਇਹ ਚੋਣ ਇੱਕੀਵੀਂ ਸਦੀ ਦੀ ਪੰਜਾਬੀ ਕਹਾਣੀ ਦੇ ਅਮੀਰ ਦ੍ਰਿਸ਼ ਨੂੰ ਸਾਕਾਰ ਕਰਦੀ ਹੈ। ਇਸ ਪਰਚੇ ਵਿਚ ਉਪਰੋਕਤ ਚੋਣਵੀਆਂ ਕਹਾਣੀਆਂ ਦੇ ਪ੍ਰਸੰਗ ਵਿਚ ਪੰਜਾਬੀ ਕਹਾਣੀ ਦੀ ਦਿੱਖ ਅਤੇ ਦ੍ਰਿਸ਼ਟੀ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ।

ਬਲਵਿੰਦਰ ਗਰੇਵਾਲ ਦੀ ਪੁਖ਼ਤਾ ਕਲਮਕਾਰੀ ਦਾ ਪ੍ਰਮਾਣ ਹੈ ਕਹਾਣੀ 'ਡਬੋਲ਼ੀਆ'। ਇਸ ਕਹਾਣੀ ਵਿਚ ਗੋਤਾਖੋਰੀ ਦੇ ਕਿੱਤੇ ਨਾਲ ਸੰਬੰਧਿਤ ਵਸਤੂ-ਤੱਤ ਦੀ ਚੋਣ ਕੀਤੀ ਗਈ ਹੈ ਜੋ ਆਪਣੇ ਆਪ ਵਿਚ ਪੰਜਾਬੀ ਕਹਾਣੀ ਦੇ ਖੇਤਰ ਵਿਚ ਮੁੱਢਲਾ ਯਤਨ ਹੈ। ਗੋਤਾਖੋਰੀ ਦੇ



ਕਿੱਤੇ ਨੂੰ ਕੇਂਦਰ ਵਿਚ ਰੱਖ ਕੇ ਬੁਣੀ ਗਈ ਇਸ ਕਹਾਣੀ ਦੀ ਪੜ੍ਹਤ ਅਰਨੈੱਸਟ ਹੈਮਿੰਗਵੇ ਦੀ ਸ਼ਾਹਕਾਰ ਰਚਨਾ 'ਬੁੱਢਾ ਤੇ ਸਮੁੰਦਰ' ਦੀ ਯਾਦ ਤਾਜ਼ਾ ਕਰ ਦਿੰਦੀ ਹੈ। ਅਜਿਹਾ ਵਾਪਰਨ ਦੇ ਕੁਝ ਵਜੂਹਾਤ ਹਨ। ਸਰਵਪ੍ਰਥਮ ਕਹਾਣੀਕਾਰ ਦਾ ਵਿਸ਼ੇ ਨਾਲ ਸੰਬੰਧਿਤ ਗੂੜ੍ਹ ਗਿਆਨ। 'ਡਬੋਲ਼ੀਆ' ਦੀ ਪੜ੍ਹਤ ਵਿਚੋਂ ਗੁਜ਼ਰਦਿਆਂ ਨਿਰੰਤਰ ਕਹਾਣੀਕਾਰ ਦੀ ਕਹਾਣੀ ਇਸੇ ਨਾਲ ਸੰਬੰਧਿਤ ਡੂੰਘੇਰੇ ਗਿਆਨ ਦੀ ਅਨੁਭੂਤੀ ਹੁੰਦੀ ਹੈ। ਇਉਂ ਕਹਿ ਲਉ ਕਿ ਲੱਗਣ ਲੱਗਦਾ ਹੈ ਕਿ ਜਿਵੇਂ ਇਸ ਕਹਾਣੀ ਨੇ ਕਿਸੇ ਡਬੋਲ਼ੀਏ ਦੇ ਆਪਣੇ ਤਨ ਅਤੇ ਮਨ ਉੱਤੇ ਸ਼ਿੱਦਤ ਨਾਲ ਹੰਢਾਏ ਅਨੁਭਵ ਵਿਚੋਂ ਜਨਮ ਲਿਆ ਹੋਵੇ। ਅਨਯਪੁਰਖੀ ਬਿਰਤਾਂਤ ਵਿਚ ਜਨਮਦੀ ਇਹ ਕਹਾਣੀ ਗੋਤਾਖੋਰੀ ਦੇ ਕਿੱਤੇ ਤੋਂ ਸ਼ੁਰੂ ਹੋ ਕਿਸਾਨੀ ਸੰਕਟ ਅਤੇ ਇਸ ਤੋਂ ਵੀ ਅਗਾਂਹ ਮਾਨਵੀ ਜੀਵਨ ਦੀਆਂ ਵਿਸੰਗਤੀਆਂ ਨਾਲ ਜਾ ਜੁੜਦੀ ਹੈ। ਕਹਾਣੀ ਦੇ ਵਿਸ਼ੇ ਦੀ ਇਹ ਵਿਆਪਕਤਾ ਇਸਦੀ ਕਮਜ਼ੋਰੀ ਨਾ ਬਣਦੀ ਹੋਈ ਖ਼ੂਬੀ ਹੋ ਨਿਬੜੀ ਹੈ। ਇਸਦੀ ਪ੍ਰਮੁੱਖ ਵਜ੍ਹਾ ਕਹਾਣੀਕਾਰ ਦੀ ਸੂਝ ਸ਼ਕਤੀ ਅਤੇ ਕਹਾਣੀ ਦੇ ਸੰਰਚਨਾਤਮਕ ਚੌਖਟੇ ਉੱਤੇ ਕੀਤੀ ਮੁਸ਼ੱਕਤ ਹੈ। ਜਿਸ ਸਦਕਾ ਇਹ ਬੁਣਤਰ ਪੱਖੋਂ ਗੁੰਦਵੀ ਹੈ। ਨਤੀਜਨਨ ਵਿਚ ਗੁੰਦਵਾਪਨ ਕਹਾਣੀ ਵਿਚਲੇ ਪ੍ਰਭਾਵ ਦੀ ਏਕਤਾ ਨੂੰ ਆਦਿ ਤੋਂ ਅੰਤ ਤੱਕ ਬਰਕਰਾਰ ਰੱਖਦਾ ਹੈ।

ਕਲਾਕਾਰ ਨਾ ਤਾਂ ਚਿੰਨ੍ਹਾਂ ਦੀ ਵਰਤੋਂ ਕਰਦਾ ਹੈ ਅਤੇ ਨਾ ਹੀ ਦੁਅਰਥੀ ਬੋਲੀ ਲਿਖਦਾ ਹੈ . . . ਪਰ ਹਰ ਅਸਲੀ ਕਲਾਤਮਕ ਰਚਨਾ ਚਿੰਨ੍ਹਾਂ ਅਤੇ ਦੁਅਰਥੀਆਂ ਨੂੰ ਪ੍ਰਗਟ ਕਰਦੀ ਹੁੰਦੀ ਹੈ।1 'ਡਬੋਲ਼ੀਆ' ਕਹਾਣੀ ਵਿਚ 'ਪਾਣੀ' ਦੇ ਪ੍ਰਤੀਕ ਦੀ ਕਮਾਲ ਪੇਸ਼ਕਾਰੀ ਹੋਈ ਹੈ। ਇਹ ਪ੍ਰਤੀਕ (ਰਹੱਸਮਈ ਅਤੇ ਚੁਣੌਤੀਪੂਰਣ) ਦੂਰਗਾਮੀ ਹੈ। 'ਪਾਣੀ' ਉਹਨਾਂ ਰੁਕਾਵਟਾਂ ਅਤੇ ਅਵਿਵਸਥਾਵਾਂ ਦੀ ਪ੍ਰਤੀਕਾਤਮਕ ਅਭਿਵਿਅਕਤੀ ਕਰ ਰਿਹਾ ਜਿਹਨਾਂ ਦੀ ਗਹਿਰਾਈ ਚੁਣੌਤੀਪੂਰਨ ਹੈ। ਇਸਦਾ ਡੂੰਘਾ ਮਨ ਆਪਣੇ ਵਿਚ ਖਿੱਚ ਲੈਂਦਾ ਹੈ, ਸਭ ਕੁਝ ਵਹਾ ਕੇ ਲੈ ਜਾ ਸਕਦਾ ਹੈ, ਤਹਿਸ-ਨਹਿਸ ਕਰ ਸਕਦਾ ਹੈ। ਕਹਾਣੀ ਵਿਚ ਮੀਤ ਅਤੇ ਸਾਧੂ ਸਿੰਘ ਰੁਕਾਵਟਾਂ ਅਤੇ ਅਵਿਵਸਥਾਵਾਂ ਦੇ ਵਹਿਣ ਵਿਚ ਵਹਿ ਚੁੱਕੇ ਹਨ ਜਦਕਿ ਬਲਕਾਰ ਦੀ ਜੱਦੋ-ਜਹਿਦ ਜਾਰੀ ਹੈ। "ਕਹਾਣੀ ਵਿਚ ਅਰਥਾਂ ਦਾ ਸੰਚਾਰ ਉਦੋਂ ਹੁੰਦਾ ਹੈ ਜਦੋਂ ਸੱਟ ਉੱਪਰ ਇਕ ਸੱਟ ਹੋਰ ਲੱਗਦੀ ਹੈ। ਦੁੱਖ ਉੱਪਰ ਇਕ ਹੋਰ ਦੁੱਖ ਆਉਂਦਾ। . . . ਜਾਂ 'ਮੱਛੀ ਪੱਥਰ ਚੱਟ ਕੇ ਮੁੜਦੀ ਹੈ' ਦੇ ਅਖਾਣ ਵਾਂਗ ਜਦੋਂ ਬੰਦਾ ਸੰਭਲਦਾ ਤੇ ਸਮਝਦਾ ਹੈ। ਅਜਿਹੇ ਅਰਥ ਸੰਚਾਰ ਵਿਚ ਕਹਾਣੀ ਦੇ 'ਅੰਤ' ਦਾ ਬਹੁਤ ਯੋਗਦਾਨ ਹੁੰਦਾ ਹੈ।"2 ਕਹਾਣੀ ਬਿਰਤਾਂਤ (ਡਬੋਲ਼ੀਆ) ਦੇ ਸਿਖ਼ਰ ਉੱਤੇ ਬਲਰਾਜ ਦਾ ਇਨਸਾਨੀਅਤ ਦੇ ਪੱਲੇ ਨੂੰ ਘੁੱਟ ਕੇ ਫੜ੍ਹੇ ਰੱਖਣਾ ਇਸ ਲਿਖਤ ਨੂੰ ਸਮ੍ਰਿੱਧ ਬਣਾਉਂਦਾ ਹੈ।

'ਦੋ ਤਲਵਾਰਾਂ ਬੱਧੀਆਂ' ਮਨਿੰਦਰ ਕਾਂਗ ਦੁਆਰਾ ਰਚਿਤ ਪਾਏਦਾਰ ਕਹਾਣੀ। ਕਹਾਣੀ ਦਾ ਸਿਰਲੇਖ ਵਿਸੇਸ਼ ਤਵੱਜੋ ਦੀ ਮੰਗ ਕਰਦਾ ਹੈ। ਰਚਨਾ ਦੇ ਸਿਰਲੇਖ ਅਤੇ ਰਚਨਾ ਪਾਠ ਦਾ ਆਪਸੀ ਰਿਸ਼ਤਾ ਬੜਾ ਗਹਿਨ ਅਤੇ ਪੀਢਾ ਹੁੰਦਾ ਹੈ। ਵਾਸਤਵ ਵਿਚ ਰਚਨਾ ਸਿਰਲੇਖ ਉੱਤੇ ਪ੍ਰਵੇਸ਼ ਦੁਆਰ ਹੁੰਦਾ ਹੈ ਜਿਸਦੇ ਮਾਧਿਅਮ ਨਾਲ ਹੀ ਪਾਠਕ ਨੂੰ ਪਾਠ ਦੀ ਪੜ੍ਹਤ ਵਿਚ ਸ਼ਾਮਲ ਹੋਣਾ ਹੈ। ਕਿਸੇ ਵੀ ਰਚਨਾ ਦੇ ਮੱਥੇ ਉੱਤੇ ਟੰਗੇ ਸਿਰਲੇਖ ਦੀ ਚੋਣ ਲੇਖਕ ਵੱਲੋਂ ਰਚਨਾ ਰਚੇ ਜਾਣ ਉਪਰੰਤ ਸੁਚੇਤ ਰੂਪ ਵਿਚ ਕੀਤੀ ਜਾਂਦੀ ਹੈ। ਇਕ ਕੁਸ਼ਲ ਲੇਖਕ ਦੀ ਕਲਾ- ਕੌਸ਼ਲਤਾ ਦੀ ਅਨੁਭੂਤੀ ਉਸ ਦੁਆਰਾ ਕੀਤੇ ਗਏ ਸਿਰਲੇਖ ਦੀ ਚੋਣ ਦੇ ਜ਼ਰੀਏ ਸਹਿਜੇ ਹੀ ਹੋ ਜਾਂਦੀ ਹੈ।

ਵਿਚਾਰਧੀਨ ਕਹਾਣੀ ਦਾ ਸਿਰਲੇਖ ਸਿੱਖੀ ਦੇ ਗੌਰਵਸ਼ਾਲੀ ਅਤੇ ਸ਼ਾਨਦਾਰ ਅਤੀਤ ਦਾ ਸੰਕੇਤਕ ਪ੍ਰਗਟਾਅ ਹੈ। ਕਹਾਣੀ ਪਾਠ ਦੇ ਅਰਥਗਤ ਸੰਚਾਰ ਦੀ ਸ਼ੁਰੂਆਤ ਇਸਦੇ ਸਿਰਲੇਖ ਦੇ ਜ਼ਰੀਏ ਹੀ ਹੋ ਜਾਂਦੀ ਹੈ। ਪਾਠ ਦੀ ਪੜ੍ਹਤ ਵਿਚ ਗੁਜ਼ਰਨ ਤੋਂ ਪਹਿਲਾਂ ਹੀ ਕਹਾਣੀਕਾਰ ਕਹਾਣੀ ਸਿਰਲੇਖ ਦੇ ਜ਼ਰੀਏ ਪਾਠਕ ਦੀ ਬੋਧ ਸ਼ਕਤੀ ਨੂੰ ਸਕ੍ਰਿਅ ਕਰ ਦਿੰਦਾ ਹੈ। ਕਹਾਣੀ ਪਾਠ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਹੀ ਪਾਠਕ ਇਸ ਕਹਾਣੀ ਦੇ ਸਿਰਲੇਖ ਰਾਹੀਂ ਪੂਰਵ-ਪਾਠ ਵਿਚ ਦਾਖ਼ਲ ਹੋ ਜਾਂਦਾ ਹੈ। ਇਹ ਇਸ ਕਹਾਣੀ ਦੀ ਗੌਲਣਯੋਗ ਖ਼ੂਬੀ ਅਤੇ ਵਿਲੱਖਣਤਾ ਹੈ। ਇਸ ਕਹਾਣੀ ਦਾ ਸਿਰਲੇਖ ਮੀਰੀ ਪੀਰੀ ਦੇ ਸੰਕਲਪ ਦਾ ਪ੍ਰਸਤੁੱਤੀਕਰਣ ਕਰਦਾ ਹੈ। ਭਗਤੀ ਅਤੇ ਸ਼ਕਤੀ, ਧਰਮ ਅਤੇ ਰਾਜ, ਦੁਨਿਆਵੀ ਅਤੇ ਆਤਮਿਕ ਪੱਖ ਦੇ ਸੁਮੇਲ ਦਾ ਸੰਕਲਪ। ਮਨੁੱਖੀ ਸਮਾਜ ਨੂੰ ਸਿੱਖ ਧਰਮ ਦੀ ਅਹਿਮ ਅਤੇ ਵਿਲੱਖਣ ਦੇਣ। ਛੇਵੀਂ ਪਾਤਸ਼ਾਹੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੀਰੀ ਅਤੇ ਪੀਰੀ ਦੀਆਂ ਕਿਰਪਾਨਾਂ ਧਾਰਨ ਕਰ ਇਸ ਸੰਕਲਪ ਨੂੰ ਸਿੱਧਾਂਤਕ ਪ੍ਰਵਾਨਗੀ ਪ੍ਰਦਾਨ ਕੀਤੀ। ਗੁਰੂ ਸਾਹਿਬ ਮੀਰੀ ਅਤੇ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕਰ ਜਦ ਸੱਚੇ ਪਾਤਸ਼ਾਹ ਦੇ ਰੂਪ ਵਿਚ ਤਖ਼ਤ ਉੱਤੇ ਬਿਰਾਜਮਾਨ ਹੋਏ ਤਾਂ ਗੁਰੂ ਘਰ ਦੇ ਢਾਡੀ ਅਬਦੁੱਲਾ ਅਤੇ ਨੱਥ ਮੱਲ ਨੇ ਇਸਦਾ ਜ਼ਿਕਰ ਕੁਝ ਇਸ ਤਰ੍ਹਾਂ ਕੀਤਾ ਹੈ :

'ਦੋ ਤਲਵਾਰਾਂ ਬੱਧੀਆਂ, ਇਕ ਮੀਰ ਦੀ ਇਕ ਪੀਰੀ ਦੀ'

ਇੰਝ ਕਹਾਣੀ ਦਾ ਸਿਰਲੇਖ ਸਿੱਖੀ ਦੇ ਅਮੀਰ, ਗੌਰਵਸ਼ਾਲੀ ਪ੍ਰਸੰਗ ਦਾ ਸੂਚਕ ਬਣਿਆ ਹੈ। ਇਹ ਕਹਾਣੀ ਬਿਰਤਾਂਤ ਦੇ ਅਰਥਗਤ ਪਾਸਾਰ ਦਾ ਸੰਚਾਰ ਕਰਨ ਵਾਲੀ ਅਟੁੱਟ ਅਤੇ ਅਹਿਮ ਕੜੀ ਹੋ ਨਿਬੜਿਆ ਹੈ। ਜੇਕਰ ਤੁਸੀਂ ਇਸ ਕੜੀ ਨੂੰ ਨਜ਼ਰਅੰਦਾਜ਼ ਕਰਦੇ ਹੋ ਤਾਂ ਕਹਾਣੀ ਦੇ ਅਰਥਾਂ ਨੂੰ ਸਮੁੱਚਤਾ ਸਹਿਤ ਗ੍ਰਹਿਣ ਕਰਨ ਵਿਚ ਯਕੀਨਨ ਟਪਲਾ ਖਾ ਸਕਦੇ ਹੋ। ਇਹ ਕਹਾਣੀ ਕੁਝ ਸੰਖੇਪ ਖੰਡਾਂ ਵਿਚ ਵਿਭਾਜਿਤ ਹੈ ਜਿਹਨਾਂ ਨੂੰ ਆਪਸ ਵਿਚ ਜੋੜਨ ਵਾਲੀ ਸਾਂਝੀ ਤੰਦ ਕਹਾਣੀ ਦਾ ਮੁੱਖ ਪਾਤਰ 'ਢਾਡੀ ਪੂਰਨ ਸਿੰਘ ਜੋਸ਼' ਹੈ। ਕਹਾਣੀ ਅਨਯਪੁਰਖੀ ਬਿਰਤਾਂਤ ਸ਼ੈਲੀ ਵਿਚ ਸਰੂਪ ਗ੍ਰਹਿਣ ਕਰਦੀ ਹੈ। ਪੂਰਨ ਸਿੰਘ ਜੋਸ਼ ਦੀ ਬੇਚੈਨ ਮਾਨਸਿਕ ਅਵਸਥਾ ਤੋਂ ਬਿਰਤਾਂਤ ਦੀ ਸ਼ੁਰੂਆਤ ਹੁੰਦੀ ਹੈ ਅਤੇ ਫਿਰ ਕਹਾਣੀ ਦੇ ਅਗਲੇਰੇ ਖੰਡ (ਲੱਖਦਾਤੇ ਦੇ ਮੇਲੇ ਉੱਤੇ ਬਤੌਰ ਮੁੱਖ ਮਹਿਮਾਨ ਐੱਸ.ਐੱਸ.ਪੀ. ਜੀਤ ਬਿੱਲੇ ਨੂੰ ਸੱਦਾ, ਸਾਰੰਗੀ ਨਾਲ ਪੂਰਨ ਸਿੰਘ ਦਾ ਅੰਤਾਂ ਦਾ ਮੋਹ ਅਤੇ ਉਸਦੇ ਢਾਡੀ ਬਣਨ ਦਾ ਸਫ਼ਰ, ਪੁਲਿਸ ਵੱਲੋਂ ਪੂਰਨ ਸਿੰਘ ਦੀ ਗ੍ਰਿਫ਼ਤਾਰੀ ਅਤੇ ਜੀਤ ਬਿੱਲੇ ਦਾ ਉਸ ਉੱਤੇ ਕੀਤਾ ਤਸ਼ੱਦਦ, ਪੂਰਨ ਸਿੰਘ ਦਾ ਆਪਣੇ ਸਾਥੀ ਸ਼ਾਗਿਰਦਾਂ ਨੂੰ ਮੇਲੇ ਦੀ ਸਟੇਜ ਉੱਤੇ ਸ਼ਹੀਦਾਂ ਦੀ ਵਾਰ ਗਾਉਣ ਲਈ ਕਹਿਣਾ ਪਰੰਤੂ ਹਰੇਕ ਦਾ ਇਸ ਤੋਂ ਇਨਕਾਰੀ ਹੋਣਾ, ਪੂਰਨ ਸਿੰਘ ਦੀ ਬੇਚੈਨੀ ਦਾ ਵੱਧਦੇ ਜਾਣਾ ਅਤੇ ਅੰਤ ਵਿਚ ਕਿਰਪਾਲ ਦੇ ਮੂੰਹੋਂ ਸ਼ਹੀਦਾਂ ਦੀ ਵਾਰ ਸੁਣ ਪੁਰਸਕੂਨ ਹੋਣਾ) ਇਸ ਬੇਚੈਨੀ ਦੇ ਕਾਰਨ ਤੋਂ ਹੌਲੀ-ਹੌਲੀ ਪਰਦਾ ਲਾਹੁੰਦੇ ਜਾਂਦੇ ਹਨ। ਕਹਾਣੀ ਦੀ ਵਿਸ਼ੇਸ਼ਤਾ ਬਾਰੀਕਬੀਨੀ ਨਾਲ ਬਿਰਤਾਂਤ ਉਸਾਰੀ ਕਰਨ ਵਿਚ ਨਿਹਿਤ ਹੈ। ਉਪਰੋਕਤ ਘਟਨਾਵੀਂ ਕ੍ਰਮ ਦੇ ਜ਼ਰੀਏ ਕਹਾਣੀ ਬੜੇ ਸਹਿਜ ਅੰਦਾਜ਼ ਵਿਚ ਢਾਡੀ ਕਲਾ ਦੇ ਇਤਿਹਾਸ, ਪੰਜਾਬ ਵਿਚ ਖਾੜਕੂਵਾਦ/ਅੱਤਵਾਦ ਦੇ ਨਾਮ ਹੇਠ ਖੇਡੀ ਗਈ ਸਿਆਸਤ, ਭੋਲੀ-ਭਾਲੀ ਜਨਤਾ ਉੱਤੇ ਕੀਤੇ ਗਏ ਤਸ਼ੱਦਦ ਅਤੇ ਸਮਾਂ ਬੀਤਣ ਉਪਰੰਤ ਇਹਨਾਂ ਤਸ਼ੱਦਦ-ਕਾਰੀਆਂ ਦੇ ਹੁੰਦੇ ਮਾਨ-ਸਨਮਾਨ ਨੂੰ ਉਲੀਕਦੀ ਹੈ। ਇਹ ਕਹਾਣੀ ਸੱਤਾਧਾਰੀਆਂ ਦੀਆਂ ਕੋਝੀਆਂ ਚਾਲਾਂ ਉੱਤੇ ਮੀਰੀ ਪੀਰੀ ਦੇ ਸੰਕਲਪ ਦੀ ਰੌਸ਼ਨੀ ਵਿਚ ਤੀਖਣ ਚੋਣ ਕਰਦੀ ਹੈ ।



ਡੇਰੇ ਨਾਲ ਸੰਬੰਧਤ ਕਹਾਣੀ ਹੈ : 'ਪਾਤਸ਼ਾਹ'। 'ਪਾਤ' ਅਤੇ 'ਸ਼ਾਹ' ਦੇ ਮੇਲ ਤੋਂ ਬਣੇ ਸ਼ਬਦ ਪਾਤਸ਼ਾਹ ਦਾ ਅਰਥ ਹੈ- ਸਿੰਘਾਸਨ ਦਾ ਸਵਾਮੀ, ਮਾਲਕ, ਬਾਦਸ਼ਾਹ। ਧਾਰਮਿਕ ਪ੍ਰਸੰਗ ਵਿਚ ਇਸ ਸ਼ਬਦ ਦੀ ਵਰਤੋਂ ਦਾਤਾਂ ਦੇਣ ਵਾਲੇ, ਬਖ਼ਸ਼ਿਸਾਂ ਕਰਨ ਵਾਲੇ, ਭੁੱਲਾ ਬਖਸ਼ਾਉਣ ਵਾਲੇ ਮਹਾਪੁਰਖ ਲਈ ਕੀਤੀ ਜਾਂਦੀ ਹੈ। 'ਪਾਤਸ਼ਾਹ' ਕਹਾਣੀ ਧਰਮ ਦੇ ਬਾਣੇ ਹੇਠ ਹਰ ਤਰ੍ਹਾਂ ਦਾ ਕੁਕਰਮ ਕਰਨ ਤੇ ਹੰਢਾਉਣ ਵਾਲੇ, ਆਪਣੇ ਆਪ ਨੂੰ ਪਾਤਸ਼ਾਹ ਅਖਵਾਉਣ ਵਾਲੇ ਢੌਂਗੀ ਬਾਬਿਆਂ ਦਾ ਪਾਜ ਉਘਾੜਦੀ ਹੈ, ਜੋ ਝੂਠ ਤੇ ਕਪਟ ਨੂੰ ਆਧਾਰ ਬਣਾ ਜ਼ਬਰ, ਜ਼ੁਲਮ, ਘਿਣਾਉਣੇਪਨ ਦੀ ਦੁਨੀਆਂ ਨੂੰ ਉਸਾਰਦੇ ਅਤੇ ਫੇਰ ਨਿਰੰਤਰ ਇਸ ਦੁਨੀਆਂ ਨੂੰ ਬਣਾਏ ਰੱਖਣ ਲਈ ਟੇਢੀਆਂ ਚਾਲਾਂ ਚੱਲ਼ਦੇ ਹਨ। ਇਹ ਕਹਾਣੀ ਇਹਨਾਂ ਛੋਟੇ-ਵੱਡੇ ਪਾਤਸ਼ਾਹਾਂ ਦੀ ਬਾਹਰੋਂ ਉੱਜਲੀ ਜਾਪਣ ਵਾਲੀ ਮਾਇਆਵੀਂ ਦੁਨੀਆਂ ਦੀ ਝਲਕ ਪ੍ਰਸਤੁਤ ਕਰਨ ਦੇ ਨਾਲ-ਨਾਲ ਇਸਨੂੰ ਬਣਾਉਣ ਅਤੇ ਕਾਇਮ ਰੱਖਣ ਲਈ ਅਪਣਾਈਆਂ ਜਾਣ ਵਾਲੀਆਂ ਜੁਗਤਾਂ ਦੀ ਕੰਨਸੋਅ ਵੀ ਦਿੰਦੀ ਹੈ। 'ਪਾਤਸ਼ਾਹ' ਕਹਾਣੀ ਵਿਚ ਡੇਰੇ ਦੇ ਸੰਪਰਕ ਵਿਚ ਆਏ ਬਾਪੂ ਅਮਰ ਸਿੰਘ, ਮਾਸਟਰ ਅਜੈਬ ਸਿੰਘ ਅਤੇ ਸੁਖਵਿੰਦਰ ਦੀ ਸੋਚਣੀ ਅਤੇ ਵਿਵਹਾਰ ਇਸ ਕਦਰ ਪ੍ਰਭਾਵਿਤ ਹੁੰਦੇ ਹਨ ਕਿ ਇਸ ਪ੍ਰਭਾਵ ਦੀ ਪ੍ਰਕਿਰਤੀ ਤੋਂ ਹੀ ਡੇਰੇ ਦੀ ਮਾਨਸਿਕਤਾ ਸਪੱਸ਼ਟ ਹੋਣ ਲੱਗਦੀ ਹੈ। ਬਾਪੂ ਅਮਰ ਸਿੰਘ ਜਿੱਥੇ ਮਨਮਰਜ਼ੀ ਨਾਲ ਡੇਰੇ ਨਾਲ ਜੁੜ੍ਹਦਾ ਹੈ, ਉੱਥੇ ਅਜੈਬ ਸਿੰਘ ਤੇ ਸੁਖਵਿੰਦਰ ਮਜਬੂਰੀ ਵੱਸ ਇਸਦੇ ਸੰਪਰਕ ਵਿਚ ਆਉਂਦੇ ਹਨ। ਬਾਪੂ ਅਮਰ ਸਿੰਘ ਉਸ ਭੋਲੀ-ਭਾਲੀ ਜਨਤਾ ਦੀ ਸਧਾਰਨ ਮਾਨਸਿਕਤਾ ਦਾ ਪ੍ਰਗਟਾਵਾ ਕਰਦਾ ਹੈ ਜਿਸਨੂੰ ਢੌਂਗੀ ਬਾਬਿਆਂ ਵੱਲੋਂ ਬਹੁਤ ਆਸਾਨੀ ਨਾਲ ਗ਼ੁਲਾਮ ਬਣਾਇਆ ਜਾ ਸਕਦਾ ਹੈ। ਇਸ ਜਨਸਧਾਰਨ ਦੀ ਮਾਨਸਿਕਤਾ ਉੱਤੇ ਆਪਣੇ ਆਪ ਨੂੰ ਪਾਤਸ਼ਾਹ ਅਖਵਾਉਣ ਵਾਲੇ ਕਪਟੀ ਬਾਬਿਆਂ ਦੀ ਬਾਹਰੀ ਦਿੱਖ (ਪਹਿਰਾਵਾ, ਚੇਹਰੇ ਦੇ ਹਾਵ ਭਾਵ, ਅਲੰਕਾਰਕ ਸ਼ਬਦਾਵਲੀ, ਇਕ ਖ਼ਾਸ ਕਿਸਮ ਦਾ ਮਾਹੌਲ ( ਜੋ ਵਿਸ਼ੇਸ਼ ਕਿਸਮ ਦਾ ਪ੍ਰਭਾਵ ਸਿਰਜਦਾ ਹੈ) ਬੜੀ ਆਸਾਨੀ ਨਾਲ ਆਪਣਾ ਪ੍ਰਭਾਵ ਪਾ ਲੈਂਦਾ ਹੈ। ਬਾਪੂ ਅਮਰ ਸਿੰਘ ਇਸੇ ਪ੍ਰਭਾਵਅਧੀਨ ਆਪਣਾ ਪ੍ਰਲੋਕ ਸਵਾਰਨ ਲਈ ਡੇਰੇ ਵਿਚ ਪਾਤਸ਼ਾਹ ਦੇ ਚਰਨੀ ਆ ਲੱਗਾ ਸੀ। ਇਸ ਸੋਝੀ ਤੋਂ ਬਿਲਕੁਲ ਵਿਹੂਣਾ ਕਿ ਡੇਰੇ ਵਿਚ ਜਿਸ ਪਾਤਸ਼ਾਹ ਦੇ ਲੜ੍ਹ ਲੱਗ ਉਹ ਆਪਣੇ ਆਪ ਨੂੰ ਮੋਹ ਮਾਇਆ ਤੋਂ ਮੁਕਤ ਹੋ ਗਿਆ ਮੰਨਦਾ ਹੈ, ਉਹ ਪਾਤਸ਼ਾਹ ਤਾਂ ਖ਼ੁਦ ਮਾਇਆ ਦੇ ਮੋਹ ਵਿਚ ਪੂਰੀ ਤਰ੍ਹਾਂ ਵਿਲੀਨ ਹੈ। ਡੇਰੇ ਦੇ ਪ੍ਰਸੰਗ ਵਿਚ ਸੁਖਜੀਤ ਦੀਆਂ ਹੁਣ ਤੱਕ ਲਿਖੀਆਂ ਗਈਆਂ ਕਹਾਣੀਆਂ ਵਿਚੋਂ ਸਰਵੋਤਮ ਕਹਾਣੀ ਹੈ 'ਪਾਤਸ਼ਾਹ'। ਇਸਦੀ ਵਜ੍ਹਾ ਹੈ ਕਹਾਣੀ ਦਾ ਅੰਤ। ਅਜੈਬ ਸਿੰਘ ਦਾ ਪਾਤਸ਼ਾਹ ਖ਼ਿਲਾਫ਼ ਖੜ੍ਹੇ ਹੋਣਾ ਅਤੇ ਕਹਿਣਾ, "ਪਾਤਸ਼ਾਹ ਮੈਂ . . . ਜੀਹਨੇ ਆਪਣਾ ਸਭ ਕੁਝ ਦੇ ਦਿੱਤੇ ਉਹਨੂੰ . . . " ਬਦਲਾਵ ਦੀ ਚਿਣਗ ਜਗਾਉਂਦਾ ਹੈ। "ਵਾਸਤਵਿਕ ਜੀਵਨ ਵਿਚ ਕੋਈ ਵਿਰੋਧ ਕਰੇ ਜਾਂ ਨਾ ਕਰੇ ਉਂਜ ਵਾਸਤਵਿਕ ਜੀਵਨ ਵਿਚ ਵਿਰੋਧ ਦੀਆਂ ਸੰਭਾਵਨਾਵਾਂ ਕਿਸੇ ਨਾ ਕਿਸੇ ਸਤਰ ਉੱਪਰ ਅਵੱਸ਼ ਹੀ ਪਈਆਂ ਹੁੰਦੀਆਂ ਹਨ। ਪਰ ਜੇ ਸਮੱਸਿਆ ਵਧੀਕੀ ਦੀ ਹੋਵੇ ਤਾਂ ਕਹਾਣੀ ਵਿਚ ਤਨਾਉ ਦੀ ਅੱਗ ਮਘਾਉਣ ਲਈ ਕਿਸੇ ਨਾ ਕਿਸੇ ਸਤਰ ਉੱਪਰ ਵਿਰੋਧ ਸਿਰਜਣਾ ਪਵੇਗਾ।"3

ਇਸੇ ਭਾਵ ਬੋਧ ਨੂੰ ਅੱਗੇ ਵਧਾਉਂਦੀ ਹੈ ਕੁਲਵੰਤ ਗਿੱਲ ਰਚਿਤ ਕਹਾਣੀ 'ਗੋਲ ਗੋਲ ਘੁੰਮਦਿਆਂ'। ਕਹਾਣੀ ਬਿਰਤਾਂਤ ਦੇ ਆਦਿ ਤੋਂ ਅੰਤ ਤੱਕ ਅਭਿਧਾਮੂਲਕ ਅਤੇ ਲਕਸ਼ਣਾਮੂਲਕ ਸ਼ਬਦ-ਸ਼ਕਤੀਆਂ ਕਦਮ-ਕਦਮ ਇਕ ਦੂਸਰੇ ਨਾਲ ਚੱਲਦੀਆਂ ਹਨ ਜਿਸਦੇ ਨਤੀਜਨ ਕਹਾਣੀਕਾਰ,

ਕਹਾਣੀ ਪਾਠ ਨੂੰ ਇਕ ਵਿਸ਼ੇਸ਼ ਦਿਸ਼ਾ ਵੱਲ ਅਗਾਂਹ ਵਧਾ ਸਕਿਆ ਹੈ। ਕਹਾਣੀ 'ਅਮ੍ਰਿਤਾ' ਤੋਂ 'ਅਮ੍ਰਿਤਾ ਮਾਂ' ਬਣੀ ਮੁੱਖ ਪਾਤਰ ਦੀ ਸਧਾਰਨਤਾ ਨੂੰ ਰੂਪਮਾਨ ਕਰਦੀ ਹੈ ਜੋ ਆਸ਼ਰਮ ਵਿਚ ਆਉਣ ਵਾਲੇ ਸ਼ਰਧਾਲੂਆਂ ਦੇ ਲਈ ਪਥ ਪ੍ਰਦਰਸ਼ਕ ਦੀ ਭੂਮਿਕਾ ਨਿਭਾਉਂਦੀ ਹੈ। ਭਗਤਾਂ ਨੂੰ ਵਾਸਨਾਵਾਂ ਤੋਂ ਮੁਕਤ ਹੋਣ ਦੇ ਉਪਦੇਸ਼ ਦਿੰਦੀ ਹੈ ਅਤੇ ਖ਼ੁਦ ਉਸੇ ਮਾਰਗ ਉੱਤੇ ਨਿਰੰਤਰ ਅਗਾਂਹ ਵਧ ਰਹੀ ਹੈ। ਉਹ ਮਾਰਗ ਜੋ 'ਗੋਲ' ਹੈ। ਕਹਾਣੀ ਵਿਚ ਗੋਲ ਮਾਰਗ ਦਿਸ਼ਾਹੀਣਤਾ ਦਾ ਸੂਚਕ ਹੈ। ਇਸ ਪ੍ਰਸੰਗ ਵਿਚ ਅਹਿਮ ਨੁਕਤਾ ਵਿਚਾਰਨਾ ਜ਼ਰੂਰੀ ਹੈ। ਕਲਾਕਾਰ ਨੇ ਕਲਾਕ੍ਰਿਤੀ ਦੀ ਸਿਰਜਨਾ ਕਰਨੀ ਹੁੰਦੀ ਹੈ ਨਾ ਕਿ ਉਸਦੀ ਵਿਆਖਿਆ। ਫਿਰ ਚਾਹੇ ਉਹ ਕਲਾਕ੍ਰਿਤੀ ਸਾਹਿਤ ਰਚਨਾ ਦੇ ਰੂਪ ਵਿਚ ਹੋਵੇ, ਚਿੱਤਰਕਾਰੀ ਦੇ ਰੂਪ ਵਿਚ ਹੋਵੇ, ਅਦਾਕਾਰੀ ਦੇ ਰੂਪ ਵਿਚ ਹੋਵੇ, ਬੁੱਤਤਰਾਸ਼ੀ ਦੇ ਰੂਪ ਵਿਚ ਹੋਵੇ ਆਦਿ। ਜਦੋਂ ਕੋਈ ਸਾਹਿਤ ਸਿਰਜਕ ਖ਼ੁਦ ਆਪਣੀ ਸਿਰਜਨਾ ਵਿਚ ਵਰਤੇ ਗਏ ਚਿੰਨ੍ਹਾਂ, ਪ੍ਰਤੀਕਾਂ, ਸੂਖਮ ਸੰਕੇਤਾਂ ਆਦਿ ਦੀ ਵਿਆਖਿਆ ਕਰਨ ਲੱਗਦਾ ਹੈ ਤਾਂ ਅਜਿਹੀ ਰਚਨਾ ਕਦੇ ਵੀ ਉੱਚ ਮਿਆਰ ਸਥਾਪਿਤ ਨਹੀਂ ਕਰ ਸਕਦੀ। ਇਸ ਖ਼ਾਮੀ ਦਾ ਸ਼ਿਕਾਰ ਪੰਜਾਬੀ ਕਹਾਣੀ ਪਹਿਲਾਂ ਵੀ ਰਹੀ ਹੈ ਅਤੇ ਹੁਣ ਵੀ ਹੈ। 'ਗੋਲ ਗੋਲ ਘੁੰਮਦਿਆਂ' ਕਹਾਣੀ ਇਸ ਖ਼ਾਮੀ ਨਾਲ ਗ੍ਰਸਤ ਹੈ। ਨਿਰਸੰਦੇਹ ਇਹ ਇਕ ਜ਼ਿਕਰਯੋਗ ਕਹਾਣੀ ਹੈ ਪਰੰਤੂ ਉਪਰੋਕਤ ਕਮੀ ਤੋਂ ਮੁਕਤ ਹੋ ਕੇ ਹੋਰ ਪ੍ਰਭਾਵਸ਼ਾਲੀ ਸਰੂਪ ਅਖ਼ਤਿਆਰ ਕਰ ਸਕਦੀ ਸੀ। ਪੰਜਾਬੀ ਕਹਾਣੀਕਾਰਾਂ ਨੂੰ ਇਸ ਪੱਖੋਂ ਸੁਚੇਤ ਹੋਣ ਦੀ ਲੋੜ ਹੈ।

'ਮੀਤੂ ਜ਼ਿੰਦਾਬਾਦ' ਕਹਾਣੀਕਾਰ ਜਿੰਦਰ ਦੀ ਸਿਰਜਨਾ ਹੈ। ਜਿੰਦਰ ਅਤੀ ਸੂਖ਼ਮ ਭਾਵ, ਖ਼ਿਆਲ, ਜਜ਼ਬੇ ਨੂੰ ਸ਼ਬਦੀ ਜਾਮਾ ਪਹਿਨਾਉਣ ਵਾਲਾ ਅਫ਼ਸਾਨਾ ਨਿਗਾਰ। ਪਾਤਰਾਂ ਦੇ ਤਣਾਓਸ਼ੀਲ ਜੀਵਨ ਵਿਹਾਰ ਵਿਚੋਂ ਉਹਨਾਂ ਦੀ ਦੁਬਿਧਾਗ੍ਰਸਤ ਮਨੋਸੰਰਚਨਾ ਤਕ ਬਾਖ਼ੂਬੀ ਪਹੁੰਚ ਕਰਨ ਅਤੇ ਪ੍ਰਗਟਾਉਣ ਵਾਲਾ। ਜਿੰਦਰ ਦੁਆਰਾ ਰਚਿਤ ਕਹਾਣੀਆਂ ਦੀ ਲੰਮੇਰੀ ਫ਼ਿਹਰਿਸਤ ਵਿਚ ਮਿਆਰੀ ਕਹਾਣੀਆਂ ਦਾ ਬਿਰਤਾਂਤ ਉਪਰੋਕਤ ਲੱਛਣ ਨੂੰ ਆਪਣੇ ਵਿਚ ਸਮੋਈ ਬੈਠੀ ਹੈ। 'ਮੀਤੂ ਜ਼ਿੰਦਾਬਾਦ' ਕਹਾਣੀ ਇਸੇ ਫ਼ਿਹਰਿਸਤ ਵਿਚ ਵਾਧਾ ਆਖੀ ਜਾ ਸਕਦੀ ਹੈ। ਇਹ ਕਹਾਣੀ ਮਲਕੀਤ ਸਿੰਘ ਉਰਫ਼ ਮੀਤੂ ਦੀ ਹੈ। ਉਸਦੇ ਮਾਨਸਿਕ ਦਵੰਦ ਦੀ ਹੈ। ਇਕੋ ਪਾਤਰ ਲਈ ਕਹਾਣੀ ਬਿਰਤਾਂਤ ਵਿਚ ਵਰਤੋਂ ਗਏ ਦੋ ਨਾਮ (ਮਲਕੀਤ ਸਿੰਘ ਅਤੇ ਮੀਤੂ) ਮਾਨਸਿਕ ਦਵੰਦ ਨੂੰ ਹੀ ਰੂਪਮਾਨ ਕਰਨ ਦੀ ਜੁਗਤ ਹੈ। ਇਹ ਕਹਾਣੀ ਉੱਤਮਪੁਰਖੀ ਬਿਰਤਾਂਤ ਵਿਚ ਹੋਂਦ ਧਾਰਦੀ ਹੈ ਅਤੇ ਇਸਦੇ ਆਦਿ ਵਿਚ ਹੀ ਐਲਾਨ ਕਰ ਦਿੱਤਾ ਜਾਂਦਾ ਹੈ ਕਿ 'ਮੈਂ ਮੀਤੂ ਨੂੰ ਮਾਰ ਦਿੱਤਾ।' ਕਹਾਣੀ ਦੀ ਅਜਿਹੀ ਸ਼ੁਰੂਆਤ ਪਾਠਕ ਦੀ ਦਿਲਚਸਪੀ ਦਾ ਸਬੱਬ ਬਣਦੀ ਹੈ ਅਤੇ ਉਹ ਇਸਦੀ ਪੜ੍ਹਤ ਵੱਲ ਅਗਾਂਹ ਵੱਧਦਾ ਹੈ। ਮਲਕੀਤ ਸਿੰਘ ਆਪਣੇ ਨੂੰਹ ਪੁੱਤ ਤੋਂ ਵੱਖ ਇਕੱਲਾ ਰਹਿੰਦਾ ਹੈ। ਉਸਦੀ ਪਤਨੀ ਬਲਬੀਰੋ ਫ਼ੌਤ ਹੋ ਚੁੱਕੀ ਹੈ। ਬਲਬੀਰੋ ਨਾਲ ਵਿਆਹ ਦੇ ਆਧਾਰ ਉੱਤੇ ਹੀ ਮਲਕੀਤ ਸਿੰਘ ਵਿਦੇਸ਼ ਆਇਆ ਸੀ। ਬਲਬੀਰੋ ਨਾਲ ਵਿਆਹ ਅਤੇ ਪਰਵਾਸ ਮਲਕੀਤ ਦੇ ਫ਼ੈਸਲੇ ਨਹੀਂ ਸਨ ਬਲਕਿ ਉਹ ਆਪਣੇ ਪਿਉ ਦੀ ਜ਼ਿੱਦ ਅੱਗੇ ਬੌਣਾ ਬਣ ਬੈਠਾ ਸੀ। ਪਿਉ ਦਾ ਮਾਰੂ ਰਵੱਈਆ ਹੀ ਮਲਕੀਤ ਸਿੰਘ ਅੰਦਰ ਮੀਤੂ ਦੇ ਸਿਰ ਉਠਾਉਣ ਦੀ ਵਜ੍ਹਾ ਬਣਿਆ ਸੀ। ਕਹਾਣੀ ਬਿਰਤਾਂਤ ਦੇ ਆਦਿ ਵਿਚ ਮਲਕੀਤ ਸਿੰਘ ਇਸੇ ਮੀਤੂ ਨੂੰ ਮਾਰ ਮੁਕਾਉਣ ਦਾ ਐਲਾਨ ਕਰਦਾ ਹੈ। ਕਿਸੇ ਦੀ ਟੈਂ ਨਾ ਮੰਨਣ ਵਾਲਾ ਮੀਤੂ। ਆਪਣੀਆਂ ਸ਼ਰਤਾਂ ਉੱਤੇ ਜੀਣ ਵਾਲਾ ਮਰਜ਼ੀ ਦਾ ਮਾਲਕ। ਸਮਝੌਤਿਆਂ ਵਿਚ ਨਾ ਪੈਣ ਵਾਲਾ 'ਮੀਤੂ ਬਾਦਸ਼ਾਹ'। ਸਮੁੱਚਾ ਕਹਾਣੀ ਬਿਰਤਾਂਤ



ਮੀਤੂ ਅਤੇ ਮਲਕੀਤ ਸਿੰਘ ਦੀ ਆਪਸੀ ਖਿੱਚੋਤਾਣ ਵਿਚੋਂ ਹੀ ਉਸਾਰਦਾ ਹੈ। ਇਸ ਖਿੱਚੋਤਾਣ ਵਿਚੋਂ ਹੀ ਕਹਾਣੀਕਾਰ ਮਨੁੱਖੀ ਮਾਨਸਿਕ ਤੰਤਰ ਦੀ ਆਕ੍ਰਿਤੀ ਸਾਕਾਰ ਕਰਦਾ ਹੈ। ਇਡ, ਈਗੋ ਅਤੇ ਸੁਪਰਈਗੋ ਨੂੰ ਗਲਪੀ ਧਰਾਤਲ ਉੱਤੇ ਜੀਵਿਤ ਕਰਦਾ ਹੈ। ਕਹਾਣੀ ਪਾਠ ਵਿਚ ਮੀਤੂ ਦੁਆਰਾ ਰੋਜ਼ਾਨਾ ਤਿੰਨ ਪੈੱਗ ਲਾਉਣਾ ਅਤੇ ਤਿੰਨਾਂ ਨੂੰ ਕ੍ਰਮਵਾਰ ਮੰਤਰੀ, ਵਜੀਰ, ਬਾਦਸ਼ਾਹ ਆਖਣਾ ਗੁੱਝੇ ਰੂਪ ਵਿਚ ਮਾਨਸਿਕ ਅਵਸਥਾਵਾਂ ਦਾ ਹੀ ਪ੍ਰਗਟਾਓ ਹੈ। ਨਸ਼ੇ ਦੀ ਚਰਮ ਅਵਸਥਾ ਵਿਚ ਅਚੇਤਨ 'ਬਾਦਸ਼ਾਹ' ਵਜੋਂ 'ਡਿਸੀਜ਼ਨ ਮੇਕਰ' ਦੀ ਭੂਮਿਕਾ ਨਿਭਾਉਂਦਾ ਹੈ। ਕਹਾਣੀ ਦੇ ਸਿਖ਼ਰ ਉੱਤੇ ਮਲਕੀਤ ਸਿੰਘ ਉੱਪਰ ਮੀਤੂ ਹਾਵੀ ਹੁੰਦਾ ਦਰਸਾਇਆ ਗਿਆ ਹੈ। ਕਹਾਣੀ ਵਿਚ ਮਨੋਵਿਗਿਆਨ ਦਾ ਸਿਧਾਂਤਕ ਚੌਖਟਾ ਗਲਪੀ ਧਰਾਤਲ ਉੱਤੇ ਭਾਰੂ ਨਹੀਂ ਹੁੰਦਾ, ਇਹੀ 'ਮੀਤੂ ਜ਼ਿੰਦਾਬਾਦ' ਦੀ ਕਲਾਤਮਕ ਖ਼ੂਬੀ ਹੈ।

ਅਗਲੇਰੀ ਕਹਾਣੀ ਹਰਮਹਿੰਦਰ ਚਹਿਲ ਦੁਆਰਾ ਰਚਿਤ 'ਖੋਜ' ਹੈ। ਇਸ ਕਹਾਣੀ ਦੀ ਮੁੱਖ ਪਾਤਰ ਸੈਫੀ ਆਪਣੇ 'ਬਾਇਓਲੋਜੀਕਲ ਪਿਤਾ' ਨੂੰ ਖੋਜ ਰਹੀ ਹੈ। ਦਰਅਸਲ ਸੈਫੀ ਦੀ ਮਾਂ ਕੈਟਰੀਨਾ ਨੇ ਉਸਨੂੰ ਸਪੱਰਮ ਬੈਂਕਰ ਦੁਆਰਾ ਮਹੁੱਈਆ ਕਰਵਾਏ ਗਏ ਸਪੱਰਮ ਦੇ ਜ਼ਰੀਏ ਡਾਕਟਰੀ ਤਕਨੀਕ ਅਧੀਨ ਜਨਮ ਦਿੱਤਾ ਸੀ। ਉਹ ਖ਼ੁਦ ਸੈਫੀ ਦੇ ਸਪੱਰਮ ਡੋਨਰ ਨੂੰ ਨਹੀਂ ਜਾਣਦੀ ਕਿਉਂਕਿ ਕਾਨੂੰਨੀ ਕਾਰਵਾਈ ਦੇ ਅਧੀਨ ਇਹ ਸੰਭਵ ਨਹੀਂ ਸੀ। ਇੰਝ ਕੈਟਰੀਨਾ ਬਤੌਰ 'ਸਿੰਗਲ ਪੇਰੇਂਟ' ਸੈਫੀ ਦੀ ਪਰਵਰਿਸ਼ ਕਰਦੀ ਹੈ। ਜਿਉਂ-ਜਿਉਂ ਸੈਫੀ ਵੱਡੀ ਹੁੰਦੀ ਜਾਂਦੀ ਹੈ ਤਿਉਂ ਤਿਉਂ ਉਹ ਮਾਨਸਿਕ ਬਿਮਾਰੀ ਦਾ ਸ਼ਿਕਾਰ ਹੁੰਦੀ ਜਾਂਦੀ ਹੈ ਜਿਸ ਕਾਰਨ ਕਦੇ ਨਿਢਾਲ ਹੋ ਜਾਂਦੀ ਹੈ ਅਤੇ ਕਦੇ ਉੱਚੀ-ਉੱਚੀ ਰੋਣ ਲੱਗਦੀ ਹੈ। ਸੈਫੀ ਦੀ ਅਜਿਹੀ ਮਾਨਸਿਕ ਅਵਸਥਾ ਅਤੇ ਵਿਵਹਾਰ ਦੇ ਕਾਰਨਾਂ ਨੂੰ ਫਰੋਲਦਿਆਂ ਕਹਾਣੀ ਬਿਰਤਾਂਤ ਅੱਗੇ ਚੱਲਦਾ ਹੈ। ਇਸ ਕਹਾਣੀ ਵਿਚ ਮਨੁੱਖੀ ਵਿਵਹਾਰ ਦੀ ਜਟਿਲ ਪ੍ਰਕਿਰਿਆ ਕਲਾਤਮਕ ਸਾਂਚੇ ਵਿਚ ਢਾਲ ਕੇ ਪ੍ਰਸਤੁਤ ਹੋਈ ਹੈ।

ਮਨੁੱਖੀ ਸਰੀਰ ਮੁਖ਼ਤਲਿਫ਼ ਅੰਗਾਂ ਦੀ ਸੰਰਚਨਾ ਹੈ। ਇਹਨਾਂ ਅੰਗਾਂ ਵਿਚ ਅੰਤਰਨਿਰਭਰਤਾ ( ) ਹੁੰਦੀ ਹੈ। ਇਸਦੇ ਫਲਸਰੂਪ ਹੀ ਜੈਵਿਕ ਵਿਵਸਥਾ ਦਾ ਨਿਰਮਾਣ ਹੁੰਦਾ ਹੈ। ਸੰਪੂਰਨ ਜੈਵਿਕ ਵਿਵਸਥਾ ਦੇ ਅੰਤਰਗਤ ਕੁਝ ਉਪਵਿਵਸਥਾਵਾਂ ( ), ਨਸ ਪ੍ਰਬੰਧ ( ), ਪਾਚਣ ਕਿਰਿਆ ਦੀ ਵਿਵਸਥਾ ( ), ਪਿੰਜਰ ਵਿਵਸਥਾ ( ), ਮਾਸਪੇਸ਼ੀਆਂ ਦੀ ਵਿਵਸਥਾ ( ), ਖ਼ੂਨ ਸੰਚਾਰ ਦੀ ਵਿਵਸਥਾ ( ), ਦ੍ਰਵ ਵਿਵਸਥਾ ( ), ਅੰਤਰਨਿਰਮਾਣ ਵਿਵਸਥਾ ( ), ਸਾਹ ਪ੍ਰਣਾਲੀ ਵਿਵਸਥਾ ( ) ਅਤੇ ਪ੍ਰਜਨਨ ਵਿਵਸਥਾ ( ) ਕਿਰਿਆਸ਼ੀਲ ਹੁੰਦੀਆਂ ਹਨ। ਮਨੁੱਖੀ ਵਿਵਹਾਰ ਦੇ ਵਿਸ਼ਲੇਸ਼ਣ ਵਿਚ ਜੈਵਿਕ ਵਿਵਸਥਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਕ ਬੱਚੇ ਨੂੰ ਜਿਹੜੀਆਂ ਸਰੀਰਕ ਤੇ ਮਾਨਸਿਕ ਵਿਸ਼ੇਸ਼ਤਾਵਾਂ ਆਪਣੇ ਮਾਤਾ-ਪਿਤਾ ਤੋਂ ਵਰਣਸੂਤਰਾਂ ( ) ਦੁਆਰਾ ਮਿਲਦੀਆਂ ਹਨ, ਉਹ ਵੰਸ਼ ਸੰਕ੍ਰਮਣ ਅਖਵਾਉਂਦੀਆਂ ਹਨ। ਵੰਸ਼ ਸੰਕ੍ਰਮਣ ਮਨੁੱਖੀ ਜੀਵਨ ਅਤੇ ਵਿਅਕਤਿੱਤਵ ਦੇ ਵਿਕਾਸ ਵਿਚ ਲੋੜੀਂਦਾ ਕੱਚਾ ਮਾਲ ਪ੍ਰਦਾਨ ਕਰਦਾ ਹੈ।4

ਵਿਚਾਰਧੀਨ ਕਹਾਣੀ ਵਿਚ ਸੈਫੀ ਦੇ ਵਿਸ਼ੇਸ਼ ਗੁਣ, ਲੱਛਣ (ਸਰੀਰਕ ਬਨਾਵਟ ਅਤੇ ਦਿੱਖ, ਪੰਜਾਬੀਆਂ ਪ੍ਰਤੀ ਵਿਸ਼ੇਸ਼ ਖਿੱਚ, ਹਾਵ-ਭਾਵ, ਕਿਰਿਆਵਾਂ ਆਦਿ) ਅਤੇ ਮਾਨਸਿਕ ਵਿਸ਼ਾਦ ਦੀ ਪਿੱਠਭੂਮੀ ਵਿਚ ਜੈਵਿਕ ਕਾਰਕ ਕਿਰਿਆਸ਼ੀਲ ਹਨ। 'ਖੋਜ' ਕਹਾਣੀ ਵਿਸ਼ੇ ਪੱਖੋਂ ਨਵੀਨਤਾ ਦੀ ਧਾਰਨੀ ਹੈ ਪਰੰਤੂ ਕਲਾਤਮਕ ਪੱਖ ਤੋਂ ਕਹਾਣੀ ਬਿਰਤਾਂਤ ਵਿਚ ਪਰਿਪੱਕਤਾ ਦੀ ਘਾਟ ਮਹਿਸੂਸ ਹੁੰਦੀ ਹੈ। ਸਿੱਧੇ-ਸਪਾਟ ਲਕੀਰੀ ਬਿਰਤਾਂਤ ਅਤੇ ਨਾਟਕੀ ਅੰਤ ਇਸ ਕਹਾਣੀ

ਦੀਆਂ ਕਮਜ਼ੋਰ ਕੜੀਆਂ ਆਖੀਆਂ ਜਾ ਸਕਦੀਆਂ ਹਨ। ਸਿਧਾਂਤਕ ਜਾਣਕਾਰੀ ਦਾ ਗਲਪੀ ਧਰਾਤਲ ਉੱਤੇ ਪੂਰੀ ਤਰ੍ਹਾਂ ਢਲ ਨਾ ਪਾਉਣਾ ਇਸਦੀ ਘਾਟ ਹੈ। ਪਰੰਤੂ ਇਸਦੇ ਬਾਵਜੂਦ ਲੰਮੇ ਅਰਸੇ ਤੋਂ ਮਨੁੱਖੀ ਮਾਨਸਿਕਤਾ ਨੂੰ ਫ੍ਰਾਇਡ ਦੇ ਸੰਕਲਪਗਤ ਚੌਖਟਿਆਂ ਤੋਂ ਵਾਚਦੀ ਅਤੇ ਪ੍ਰਗਟਾਉਂਦੀ ਪੰਜਾਬੀ ਕਹਾਣੀ ਵਿਚ 'ਖੋਜ' ਆਪਣੀ ਵਸਤੂ ਚੋਣ ਅਤੇ ਸਮਾਜਕ ਮਨੋਵਿਗਿਆਨਕ ਦ੍ਰਿਸ਼ਟੀਕੋਣ ਸਦਕਾ ਵਿਸ਼ੇਸ਼ ਹੈ।

'ਇਕ ਦਿਨ' ਤ੍ਰਿਪਤਾ ਕੇ. ਸਿੰਘ ਦੁਆਰਾ ਲਿਖੀ ਇਕ ਉਮਦਾ ਕਹਾਣੀ। ਅਜਿਹੀ ਕਹਾਣੀ ਜਿਸਦੀ ਉਮਰ ਥੋੜ ਚਿਰੀ ਨਹੀਂ ਹੋ ਸਕਦੀ ਕਿਉਂਕਿ ਇਹ ਜਿਸ ਮਸਲੇ ਉੱਤੇ ਆਧਾਰਿਤ ਹੈ, ਉਹ ਕੱਲ ਜਾਂ ਅੱਜ ਦਾ ਨਹੀਂ ਬਲਕਿ ਜੁਗਾਂ-ਜੁਗਾਂਤਰਾਂ ਦਾ ਹੈ। ਮਰਦ ਪ੍ਰਧਾਨ ਸਮਾਜ ਵਿਚ ਔਰਤ ਦੀ ਹੋਂਦ ਅਤੇ ਹਸਤੀ ਨੂੰ ਮਹਿਜ਼ ਅੱਠ ਪੰਨਿਆਂ ਵਿਚ ਉਲੀਕਦੀ ਕਹਾਣੀ 'ਇਕ ਦਿਨ'। ਕਹਾਣੀ ਵਿਚਲੀ ਮੁੱਖ ਪਾਤਰ ਆਸ਼ੂ ਆਪਣੇ ਪਤੀ ਅਤੇ ਪਰਿਵਾਰ ਦੇ ਸਨਮੁੱਖ ਹਰ ਦਮ ਸਿਰ ਨਿਵਾਉਂਦੀ, ਸ੍ਵੈ ਨੂੰ ਹਰ ਦਮ ਮਾਰਦੀ, ਇਹਨਾਂ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੈ। ਆਸੂ ਆਪਣੇ ਜਨਮ ਦਿਨ ਉੱਤੇ ਆਪਣੇ ਪਤੀ ਨੂੰ ਮਹਿਜ਼ 'ਇਕ ਦਿਨ' ਦੀ ਮੰਗ ਕਰਦੀ ਹੈ ਜਿਸ ਵਿਚ ਉਹ ਸਿਰਫ਼ ਅਤੇ ਸਿਰਫ਼ ਆਸੂ ਹੋਵੇ। ਕਿਸੇ ਦੀ ਧੀ, ਭੈਣ, ਪਤਨੀ, ਮਾਂ ਅਤੇ ਨਾ ਕੁਝ ਹੋਰ। ਅਜਿਹਾ ਇਕ ਦਿਨ ਜਿਸਦਾ ਲੇਖਾ-ਜੋਖਾ ਉੱਪਰ ਕਦੇ ਨਾ ਮੰਗਿਆ ਜਾਵੇ। ਪਰੰਤੂ ਕਹਾਣੀ ਵਿਚ ਇਸ ਮੰਗ ਪੂਰਤੀ ਦੀ ਕੋਈ ਸੰਭਾਵਨਾ ਨਜ਼ਰੀਂ ਨਹੀਂ ਪੈਂਦੀ। ਕਹਾਣੀ 'ਇਕ ਦਿਨ' ਧੀਮੀ ਜ਼ੁਬਾਨ ਵਿਚ ਔਰਤ ਦੇ ਅਸਤਿੱਤਵ ਅਤੇ ਆਜ਼ਾਦੀ ਸੰਬੰਧੀ ਵੱਡੇ ਪ੍ਰਸ਼ਨ ਖੜ੍ਹੇ ਕਰ ਸੋਚਣ ਲਈ ਮਜਬੂਰ ਕਰ ਲੈਂਦੀ ਹੈ।

ਸਮੁੱਚੇ ਰੂਪ ਵਿਚ ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਕਹਾਣੀ ਵਿਸ਼ਾ ਪੱਖ ਤੋਂ ਨਾ ਨਿਵੇਕਲਾਪਨ ਅਖ਼ਤਿਆਰ ਕਰਦੀ ਨਜ਼ਰੀਂ ਆ ਰਹੀ ਸੀ, ਪਰੰਤੂ ਬਿਰਤਾਂਤਕ ਪ੍ਰਗਟਾਓ ਪੱਖੋਂ ਇਸ ਵਿਚ ਸੁਹਜਤਾ ਅਤੇ ਸੰਜਮਤਾ ਦੀ ਘਾਟ ਵੀ ਸਪੱਸ਼ਟ ਨਜ਼ਰੀਂ ਆਉਂਦੀ ਰਹੀ। ਪਰੰਤੂ ਉਪਰੋਕਤ ਕਹਾਣੀਆਂ ਨੂੰ ਮੱਦੇਨਜ਼ਰ ਰੱਖ ਇਹ ਆਖਿਆ ਜਾ ਸਕਦਾ ਹੈ ਕਿ ਇੱਕੀਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਦੀ ਪੰਜਾਬੀ ਕਹਾਣੀ ਜਿੱਥੇ ਵਸਤੂ ਚੋਣ ਪੱਖੋਂ ਨਿਵੇਕਲਾਪਨ ਰੱਖਦੀ ਹੈ ਉੱਥੇ ਕਲਾਤਮਕ ਮਿਆਰ ਪੱਖੋਂ ਪੁਖ਼ਤਾ ਹੋਈ ਹੈ। ਇਹਨਾਂ ਸਮੱਗਰ ਕਹਾਣੀਆਂ ਦੀ ਪੜ੍ਹਤ ਉਪਰੰਤ ਸਹਿਜੇ ਹੀ ਇਹ ਅਹਿਸਾਸ ਹੋ ਜਾਂਦਾ ਹੈ ਕਿ ਇਹ ਕਹਾਣੀਕਾਰਾਂ ਦੇ ਅਮੀਰ ਗਿਆਨ, ਪਰਿਪੱਕ ਅਨੁਭਵ ਅਤੇ ਕਥਾ ਵਸਤੂ ਨਾਲ ਸੰਬੰਧਿਤ ਡੂੰਘੀ ਖੋਜ ਉਪਰੰਤ ਗਲਪੀ ਧਰਾਤਲ ਉੱਤੇ ਸਾਕਾਰ ਹੋਈਆਂ ਹਨ। ਨਿਰਸੰਦੇਹ ਇਹ ਪੰਜਾਬੀ ਕਹਾਣੀ ਦੇ ਸ਼ਾਨਦਾਰ ਵਰਤਮਾਨ ਅਤੇ ਉੱਜਵਲ ਭਵਿੱਖ ਦੀ ਤਰਜਮਾਨੀ ਕਰਦੀਆਂ ਹਨ।

**ਹਵਾਲੇ ਅਤੇ ਟਿੱਪਣੀਆਂ**


1. ਰਘੁਬੀਰ ਢੰਡ, 'ਹੈਮਿੰਗਵੇ ਦਾ ਸ਼ਾਹਕਾਰ", ਬੁੱਢਾ ਤੇ ਸਮੁੰਦਰ (ਅਨੁ.ਨਿਰਮਲਜੀਤ ਸਿੰਘ), ਪੰਨਾ 15. 2. ਡਾ.ਗੁਰਲਾਲ ਸਿੰਘ, "ਕਹਾਣੀ ਦਾ ਅੰਤ", ਪੰਜਾਬੀ ਕਹਾਣੀ ਵਿਚਾਰ ਤੇ ਵਿਸਥਾਰ, ਪੰਨਾ 48. 3. ਡਾ.ਬਲਦੇਵ ਸਿੰਘ ਧਾਲੀਵਾਲ, ਕਹਾਣੀ ਸ਼ਾਸਤਰ ਅਤੇ ਪੰਜਾਬੀ ਕਹਾਣੀ, ਪੰਨਾ 137. 4. ਡਾ.ਮੇਘਾ ਸਲਵਾਨ, ਕਹਾਣੀ ਵਿਧਾ ਅਤੇ ਸਮਾਜਕ ਮਨੋਵਿਗਿਆਨ, ਪੰਨਾ 62.








ਸੰਗਮ ਪ੍ਰਕਾਸ਼ਨ, ਸਮਾਣਾ

## ਨਵਯੁਗ ਪਬਲਿਸ਼ਰਜ਼ ਦੀਆਂ ਨਵੀਂ ਛਪੀਆਂ ਪੁਸਤਕਾਂ






ISSN 2278-5167
www.shabaduk.co.uk

23

# ਸ਼ਬਦ

ਸਪਲੀਮੈਂਟ

ਮੁੱਲ 50 ਰੁਪਏ



## ਬਾਨੋ ਕੁਦਸੀਆ ਵਿਸ਼ੇਸ਼ ਅੰਕ

ਹਰਜੀਤ ਅਟਵਾਲ ਅਤੇ ਜਿੰਦਰ ਮਾਲਕ ਤੇ ਪ੍ਰਕਾਸ਼ਕ ਨੇ ਛਾਪੜਾ ਪ੍ਰਿਟਿੰਗ ਪ੍ਰੈਸ, ਡੰਨ ਮੁਹੱਲਾ, ਜਲੰਧਰ ਤੋਂ ਛਪਵਾ ਕੇ 984, ਮਾਡਲ ਹਾਊਸ, ਜਲੰਧਰ ਤੋਂ ਜਾਰੀ ਕੀਤਾ। ਮਿਤੀ : 1 ਮਈ 2021